# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ: ਵਿਚਾਰਧਾਰਾਈ ਪਰਿਪੇਖ

**Sri Guru Granth Sahib Vich Sanklit Salok Bani-Roop: Vichardharae Paripekh**

A

Thesis

Submitted to

LOVELY PROFESSIONAL UNIVERSITY

*Transforming Education Transforming India*

For the award of

**DOCTOR OF PHILOSOPHY (Ph.D.)**

**in**

**(PUNJABI)**

**By**

**Balvir Chand**

**(Regd. No. 4130073)**

**Supervised By:** **Dr Avtar Singh**

**LOVELY FACULTY OF BUSINESS AND ARTS**

**LOVELY PROFESSIONAL UNIVERSITY**

**PUNJAB**

**2017**

# ਘੋਸ਼ਣਾ-ਪੱਤਰ

ਮੈਂ ਬਲਵੀਰ ਚੰਦ ਇਹ ਬਿਆਨ ਕਰਦਾ ਹਾਂ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ: ਵਿਚਾਰਧਾਰਾਈ ਪਰਿਪੇਖ' ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

ਖੋਜਾਰਥੀ

ਬਲਵੀਰ ਚੰਦ

ਰਜਿ.ਨੰ. 41300073

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਬਲਵੀਰ ਚੰਦ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ: ਵਿਚਾਰਧਾਰਾਈ ਪਰਿਪੇਖ' ਵਿਸ਼ੇ ਉੱਤੇ ਪੀਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐੱਚ.ਡੀ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ, ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ, ਪੇਸ਼ ਨਹੀਂ ਕੀਤਾ ਗਿਆ।

ਮਿਤੀ:

ਨਿਗਰਾਨ

ਡਾ. ਅਵਤਾਰ ਸਿੰਘ
ਸਹਾਇਕ ਪ੍ਰੋਫ਼ੈਸਰ,
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਐਬਸਟ੍ਰੈਕਟ

ਸਬੰਧਤ ਖੋਜ-ਕਾਰਜ 'ਸ੍ਰੀ ਗੁਰੂ ਗ੍ਰੰਥ ਸਾਹਿਬ  ਵਿੱਚ ਸੰਕਲਿਤ ਸਲੋਕ ਬਾਣੀ-ਰੂਪ : ਵਿਚਾਰਧਾਰਾਈ ਪਰਿਪੇਖ' ਸ੍ਰੀ ਗੁਰੂ ਗ੍ਰੰਥ ਸਾਹਿਬ  ਵਿੱਚ ਸੰਕਲਿਤ 1822 ਸਲੋਕਾਂ, ਜਿਹੜੇ ਦਸ ਬਾਣੀਕਾਰਾਂ ਦੀ ਰਚਨਾ ਹਨ, 'ਤੇ ਆਧਾਰਿਤ ਹੈ। ਸ਼ਬਦ (ਪਦਾ) ਬਾਣੀ-ਰੂਪ ਤੋਂ ਬਾਅਦ, ਗਿਣਤੀ ਪੱਖੋਂ, ਸਲੋਕ ਬਾਣੀ-ਰੂਪ ਦਾ ਦੂਜਾ ਸਥਾਨ ਹੈ। ਇਸ ਖੋਜ-ਕਾਰਜ ਨੂੰ ਛੇ ਅਧਿਆਵਾਂ ਵਿੱਚ ਵੰਡਿਆ ਗਿਆ ਹੈ। ਪਹਿਲਾਂ ਅਧਿਆਇ ਸਲੋਕ ਬਾਣੀ-ਰੂਪ ਦੇ ਸਿਧਾਂਤਕ ਪੱਖ ਨਾਲ ਸਬੰਧਤ ਹੈ। ਦੂਜੇ ਅਧਿਆਇ ਵਿੱਚ ਸਲੋਕ ਬਾਣੀ-ਰੂਪ ਵਿੱਚੋਂ ਉੱਘੜਦੀਆਂ ਤਤਕਾਲੀ ਸਮਾਜਿਕ-ਸੱਭਿਆਚਾਰਕ ਪ੍ਰਸਥਿਤੀਆਂ ਦਾ ਵਿਵੇਚਨ ਕੀਤਾ ਗਿਆ ਹੈ ਤੇ ਉਨ੍ਹਾਂ ਪ੍ਰਸਥਿਤੀਆਂ ਦੀ ਸਮਕਾਲੀ ਪ੍ਰਸਥਿਤੀਆਂ ਨਾਲ ਤੁਲਨਾ ਕੀਤੀ ਗਈ ਹੈ। ਤੀਜੇ ਅਧਿਆਇ ਵਿੱਚ ਤਤਕਾਲੀ ਧਾਰਮਿਕ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਤੇ ਉਨ੍ਹਾਂ ਨੂੰ ਵਰਤਮਾਨ ਕਾਲੀ ਪ੍ਰਸਥਿਤੀਆਂ ਨਾਲ ਤੁਲਨਾਇਆ ਗਿਆ ਹੈ। ਚੌਥੇ ਅਧਿਆਇ ਵਿੱਚ ਤਤਕਾਲੀ ਰਾਜਨੀਤਕ ਪ੍ਰਸਥਿਤੀਆਂ ਦਾ ਮੁਲਾਂਕਣ ਕੀਤਾ ਗਿਆ ਹੈ ਤੇ ਉਨ੍ਹਾਂ ਸੇ ਸਨਮੁਖ ਵਰਤਮਾਨ ਕਾਲੀ ਰਾਜਨੀਤਕ ਪ੍ਰਸਥਿਤੀਆਂ ਦਾ ਬਿਓਰਾ ਦਿੱਤਾ ਗਿਆ ਹੈ। ਪੰਜਵੇਂ ਅਧਿਆਇ ਵਿੱਚ ਸਲੋਕ ਬਾਣੀ-ਰੂਪ ਵਿੱਚੋਂ ਪ੍ਰਾਪਤ ਹੁੰਦੀ ਵਾਤਾਵਰਨ ਚੇਤਨਾ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਛੇਵਾਂ ਅਧਿਆਇ ਸਿੱਟੇ ਅਤੇ ਸਥਾਪਨਾਵਾਂ ਨਾਲ ਸਬੰਧਤ ਹੈ। ਉਸ ਤੋਂ ਬਾਅਦ ਪੁਸਤਕ ਸੂਚੀ ਦਰਜ ਕੀਤੀ ਗਈ ਹੈ। ਇਸ ਖੋਜ-ਕਾਰਜ ਵਿੱਚ ਇਸ ਪ੍ਰਸ਼ਨ ਦਾ ਉੱਤਰ ਲੱਭਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ  ਦੀ ਕਲਿਆਣਕਾਰੀ ਵਿਚਾਰਧਾਰਾ, ਜਿਸ ਨੂੰ ਅਪਣਾਅ ਕੇ ਮਨੁੱਖ ਸੁਖੀ ਹੋ ਸਕਦਾ ਹੈ, ਤੋਂ ਅਜੋਕੇ ਮਨੁੱਖ ਨੇ ਦੂਰੀ ਕਿਉਂ ਬਣਾਈ ਹੋਈ ਹੈ। ਸਲੋਕ ਬਾਣੀ-ਰੂਪ ਵਿੱਚ ਪ੍ਰਸਤੁਤ ਵਿਚਾਰਧਾਰਾ ਦੀ ਅਜੋਕੀ ਪ੍ਰਸੰਗਿਕਤਾ ਦਾ ਅਧਿਐਨ ਵੀ ਕੀਤਾ ਗਿਆ ਹੈ। ਇਸ ਖੋਜ-ਕਾਰਜ ਲਈ MLA ਸਟਾਈਲ ਸ਼ੀਟ ਦੇ ਸੱਤਵੇਂ ਐਡੀਸ਼ਨ ਵਿੱਚ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕੀਤੀ ਗਈ ਹੈ।

ਸਲੋਕ ਜਸ ਜਾਂ ਕੀਰਤੀ ਨਾਲ ਸਬੰਧਤ ਕਾਵਿ-ਰੂਪ ਹੈ, ਜਿਹੜਾ ਮੂਲ ਰੂਪ ਵਿੱਚ ਭਾਰਤੀ ਛੰਦ ਹੈ, ਇਹ ਅਨੁਸਟਪ ਜਾਤੀ ਦਾ ਛੰਦ ਹੈ, ਜਿਸ ਵਿੱਚ 4 ਪਦ ਤੇ 32 ਮਾਤਰਾਵਾਂ ਹੁੰਦੀਆਂ ਹਨ। ਇਹ ਕਾਵਿ-ਰੂਪ ਕਿਸੇ ਖ਼ਿਆਲ ਨੂੰ ਭਾਵ-ਪੁਰਤ ਅਤੇ ਪ੍ਰਭਾਵੀ ਢੰਗ ਨਾਲ ਬਿਆਨ ਕਰਨ ਲਈ ਵਰਤਿਆ ਜਾਂਦਾ ਹੈ। ਰੂਪ ਪੱਖੋਂ ਛੋਟਾ ਹੋਣ ਦੇ ਬਾਵਜੂਦ ਇਸਦੀ ਚੋਟ ਬੜੀ ਗਹਿਰੀ ਹੁੰਦੀ ਹੈ। ਭਾਵੇਂ ਸੰਸਕ੍ਰਿਤਕ ਤੌਰ 'ਤੇ ਇਹ ਕਾਵਿ-ਰੂਪ ਕਰੜੇ ਕਾਵਿਕ-ਬੰਧਨਾਂ ਦਾ ਆਗਿਆਕਾਰ ਰਿਹਾ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ  ਦੇ ਰਚਣਹਾਰਿਆਂ ਨੇ ਇਸ ਕਾਵਿ-ਰੂਪ ਨਾਲ ਨਵੇਂ ਅਤੇ ਅਦੁੱਤੀ ਪ੍ਰਯੋਗ ਕੀਤੇ। ਸਲੋਕ ਬਾਣੀ-ਰੂਪ ਨੂੰ ਚਾਰ ਵੰਨਗੀਆਂ ਵਿੱਚ ਵੰਡਿਆ ਗਿਆ ਹੈ, ਸਲੋਕ, ਸਲੋਕ ਸਹਸਕ੍ਰਿਤੀ ਤੇ ਗਾਥਾ, ਡਖਣੇ ਅਤੇ ਸਲੋਕ ਵਾਰਾਂ ਤੇ ਵਧੀਕ। ਸ੍ਰੀ ਗੁਰੂ ਗ੍ਰੰਥ ਸਾਹਿਬ  ਵਿੱਚ ਸੰਕਲਿਤ ਕੁਝ ਸਲੋਕ ਅਜਿਹੇ ਹਨ, ਜਿਹੜੇ ਸੰਬੋਧਨੀ ਸ਼ੈਲੀ ਅਧੀਨ ਰਚੇ ਗਏ ਹਨ ਜਿਨ੍ਹਾਂ ਤੋਂ ਕਿਸੇ ਇਤਿਹਾਸਕ ਘਟਨਾ ਦਾ ਬੋਧ ਹੁੰਦਾ ਹੈ। ਸਲੋਕ ਬਾਣੀ-ਰੂਪ ਦੇ ਨਿਰੂਪਣ ਲਈ ਇਕਸਾਰਤਾ ਦੇ ਨਿਯਮਾਂ ਦੀ ਪਾਲਣਾ ਕੀਤੀ ਗਈ ਮਿਲਦੀ ਹੈ। ਸਲੋਕ ਅਤੇ ਉਸ/ ਉਨ੍ਹਾਂ ਤੋਂ ਬਾਅਦ ਆਉਣ ਵਾਲੀ ਪਉੜੀ ਦਾ ਕੇਂਦਰੀ ਨੁਕਤਾ ਸਾਂਝਾ ਹੁੰਦਾ ਹੈ, ਜਿਸ ਉੱਪਰ ਉਨ੍ਹਾਂ ਵਿੱਚ ਵਿਸਥਾਰਤ ਵਿਚਾਰ ਕੀਤੀ ਹੋਈ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ  ਵਿੱਚ ਸੰਕਲਿਤ ਕਈ ਸਲੋਕ ਦੋਹਿਰਾ ਅਤੇ ਸੋਰਠਾ ਕਾਵਿ-ਰੂਪ ਦੇ ਨਿਯਮਾਂ ਦੀ ਪਾਲਣਾ ਕਰਦੇ ਹਨ ਪਰ ਬਹੁਤੇ ਸਲੋਕ ਆਪਣੇ ਆਪ ਵਿੱਚ ਵਿਲੱਖਣ ਹਨ ਤੇ ਕਾਵਿ-ਬੰਦਿਸ਼ ਤੋਂ ਮੁਕਤ ਹੋ ਕੇ ਵਿਚਰਦੇ ਹਨ। ਆਮ ਤੌਰ 'ਤੇ ਜਿੱਥੇ ਸਲੋਕ ਦੋ ਪੰਕਤੀਆਂ ਦਾ ਹੁੰਦਾ ਹੈ, ਏਥੇ ਕੁਝ ਇੱਕ ਸਲੋਕ ਇੱਕ ਪੰਕਤੀ ਦੇ ਵੀ ਹਨ ਤੇ ਦੂਜੇ ਪਾਸੇ ਇੱਕ ਸਲੋਕ ਛੱਬੀ ਪੰਕਤੀਆਂ ਵਾਲਾ

(ਜਿਹੜਾ ਰੂਪ ਪੱਖੋਂ ਸਭ ਤੋਂ ਵੱਡਾ ਹੈ) ਵੀ ਹੈ। ਗੁਰੂ ਸਾਹਿਬ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਢੰਗ ਵੱਖਰੇ ਹੋ ਸਕਦੇ ਹਨ ਆਸ਼ਾ ਇੱਕ ਹੀ ਹੈ ਗੁਰੂ ਦੀ ਕੀਰਤੀ। ਕਈ ਥਾਈਂ ਸਲੋਕ ਬਾਣੀ-ਰੂਪ ਸਬੰਧੀ ਲਿਖਤੀ ਨਿਰਦੇਸ਼ ਵੀ ਪ੍ਰਾਪਤ ਹੁੰਦੇ ਹਨ, ਜਿਹੜੇ ਇਸ ਬਾਣੀ-ਰੂਪ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਝ ਸਲੋਕਾਂ, ਜਿਹੜੇ ਹੂ-ਬ-ਹੂ ਇੱਕੋ ਜਿਹੇ ਹਨ ਜਾਂ ਥੋੜ੍ਹੇ ਜਿਹੇ ਅੰਤਰ ਵਾਲੇ ਹਨ, ਇੱਕ ਤੋਂ ਵੱਧ ਥਾਵਾਂ 'ਤੇ ਨਿਰੂਪਤ ਹਨ, ਦੇ ਨਿਰੂਪਣ ਪਿੱਛੇ ਕਾਰਜਗਤ ਕਾਰਨਾਂ ਨੂੰ ਖੋਜਣ ਦਾ ਯਤਨ ਵੀ ਇਸ ਖੋਜ-ਕਾਰਜ ਵਿੱਚ ਕੀਤਾ ਗਿਆ ਹੈ। ਸਲੋਕ ਬਾਣੀ-ਰੂਪ ਏਨਾ ਪ੍ਰਬਲ ਰਿਹਾ ਹੈ ਕਿ ਇਸ ਬਾਣੀ-ਰੂਪ ਦੀਆਂ ਕਈ ਪੰਕਤੀਆਂ, ਤਦਭਵ ਜਾਂ ਤਤਸਮ ਰੂਪ ਵਿੱਚ, ਲੋਕ ਮੂੰਹਾਂ 'ਤੇ ਚੜ੍ਹੀਆਂ ਹੋਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਤਤਕਾਲੀ ਦੌਰ ਵਿੱਚ ਕਈ ਸਮਾਜਿਕ-ਸੱਭਿਆਚਾਰਕ ਵਿਸੰਗਤੀਆਂ ਹੋਂਦ ਵਿੱਚ ਸਨ। ਜਾਤ-ਪਾਤ ਦਾ ਜ਼ੋਰ ਸੀ। ਗੁਰੂ ਸਾਹਿਬ ਨੇ ਬਹੁਤ ਹੀ ਕਰੜੇ ਸ਼ਬਦਾਂ ਵਿੱਚ ਜਾਤ-ਪਾਤ ਦੀ ਨਿਖੇਧੀ ਕੀਤੀ ਪਰ ਅਜੋਕੇ ਦੌਰ ਵਿੱਚ ਵੀ ਜਾਤ-ਪਾਤ ਦਾ ਰੌਲ਼ਾ ਬਹੁਤਾ ਘਟਿਆ ਨਹੀਂ। ਔਰਤ ਦੀ ਹਾਲਤ ਤਰਸਯੋਗ ਸੀ। ਗੁਰੂ ਸਾਹਿਬ ਨੇ ਔਰਤ ਦੇ ਪੱਖ ਵਿੱਚ ਆਵਾਜ਼ ਬੁਲੰਦ ਕੀਤੀ। ਅਜੋਕੇ ਦੌਰ ਦੀ ਔਰਤ ਬੰਧਨਾਂ ਤੋਂ ਮੁਕਤੀ ਲਈ ਜੱਦੋ-ਜਹਿਦ ਕਰ ਰਹੀ ਹੈ। ਮ੍ਰਿਤਕ ਸਰੀਰ ਦਾ ਅਲੱਗ-ਅਲੱਗ ਵਿਸ਼ਵਾਸ ਅਨੁਸਾਰ ਅੰਤਿਮ ਸਸਕਾਰ ਕੀਤਾ ਜਾਂਦਾ ਸੀ, ਜਿਹੜਾ ਹੁਣ ਵੀ ਪ੍ਰਚਲਨ ਵਿੱਚ ਹੈ। ਤਤਕਾਲੀ ਦੌਰ ਵਿੱਚ ਵੱਖ-ਵੱਖ ਤਰ੍ਹਾਂ ਦੇ ਖਾਧ-ਪਦਾਰਥ ਪ੍ਰਚੱਲਤ ਸਨ। ਅਜੋਕੇ ਦੌਰ ਵਿੱਚ ਖਾਧ-ਪਦਾਰਥਾਂ ਦੀਆਂ ਕਈ ਵੰਨਗੀਆਂ ਹਨ। ਖੇਡਾਂ ਅਤੇ ਮਨੋਰੰਜਨ ਦੇ ਕਈ ਸਾਧਨ ਪ੍ਰਚੱਲਤ ਸਨ। ਅਜੋਕਾ ਮਨੁੱਖ ਵੀ ਵੱਖ-ਵੱਖ ਢੰਗਾਂ ਨਾਲ ਆਪਣਾ ਮਨੋਰੰਜਨ ਕਰਦਾ ਹੈ। ਪਹਿਰਾਵਾ ਮੁੱਖ ਤੌਰ 'ਤੇ ਕਪਾਹ ਅਤੇ ਰੇਸ਼ਮ ਤੋਂ ਬਣੇ ਕੱਪੜੇ ਦਾ ਸੀ, ਜਿਹੜਾ ਹੁਣ ਕਈ ਵੰਨਗੀਆਂ ਦਾ ਹੋ ਗਿਆ ਹੈ। ਮਕਾਨ, ਵਿੱਤ ਮੁਤਾਬਕ, ਵੱਡੇ-ਛੋਟੇ ਹੋਇਆ ਕਰਦੇ ਸਨ, ਅਜੋਕੇ ਦੌਰ ਵਿੱਚ ਵੀ ਇਹੀ ਆਧਾਰ ਹੈ। ਤਤਕਾਲੀ ਦੌਰ ਵਿੱਚ ਬਰਤਨ ਆਮ ਤੌਰ 'ਤੇ ਮਿੱਟੀ ਦੇ ਹੁੰਦੇ ਸਨ। ਅਜੋਕੇ ਦੌਰ ਵਿੱਚ ਕਈ ਤਰ੍ਹਾਂ ਦੀਆਂ ਧਾਤਾਂ ਤੋਂ ਬਰਤਨ ਬਣਾਏ ਜਾਂਦੇ ਸਨ। ਛੱਪੜ, ਟੋਭੇ ਅਤੇ ਖੂਹ ਹੋਂਦ ਵਿੱਚ ਸਨ, ਜਿਹੜੇ ਹੁਣ ਅਲੋਪ ਹੋਣ ਕੰਢੇ ਹਨ। ਮਿੱਟੀ ਦੀਆਂ ਕਈ ਕਿਸਮਾਂ ਦਾ ਜ਼ਿਕਰ ਸਲੋਕ ਬਾਣੀ-ਰੂਪ ਵਿੱਚ ਮਿਲਦਾ ਹੈ। ਅਜੋਕੇ ਸਮੇਂ ਵਿੱਚ ਪਾਣੀ ਸਮੇਤ ਮਿੱਟੀਆਂ ਵੀ ਜ਼ਹਿਰੀਲੀਆਂ ਹੋ ਗਈਆਂ ਹਨ। ਹਨੇਰਾ ਦੂਰ ਕਰਨ ਲਈ ਦੀਵੇ ਦੀ ਵਰਤੋਂ ਕੀਤੀ ਜਾਂਦੀ ਸੀ। ਅਜੋਕੇ ਦੌਰ ਵਿੱਚ ਕਈ ਤਰ੍ਹਾਂ ਦੇ ਬਿਜਲਈ ਉਪਕਰਨ, ਹਨੇਰਾ ਭਜਾਉਣ ਲਈ, ਉਪਯੋਗ ਵਿੱਚ ਲਿਆਂਦੇ ਜਾਂਦੇ ਹਨ। ਤਤਕਾਲੀ ਦੌਰ ਵਿੱਚ ਰਸਤੇ, ਮੁੱਖ ਤੌਰ 'ਤੇ, ਕੱਚੇ ਹੋਇਆ ਕਰਦੇ ਸਨ। ਅੱਜ-ਕੱਲ੍ਹ ਆਮ ਰਸਤੇ ਪੱਕੇ ਹਨ। ਕਈ ਕੱਚੇ ਰਸਤੇ ਹੁਣ ਵੀ ਦੇਖਣ ਵਿੱਚ ਆਉਂਦੇ ਹਨ। ਤਤਕਾਲੀ ਦੌਰ ਵਿੱਚ ਨਦੀ ਆਦਿ ਪਾਰ ਕਰਨ ਲਈ ਬੇੜੀ ਅਤੇ ਬੇੜੇ ਦੀ ਵਰਤੋਂ ਕੀਤੀ ਜਾਂਦੀ ਸੀ। ਇਕੱਲਾ-ਇਕਹਿਰਾ ਬੰਦਾ ਤੁਲਹੇ ਦੀ ਵਰਤੋਂ ਕਰ ਕੇ ਨਦੀ ਪਾਰ ਕਰ ਜਾਂਦਾ ਸੀ। ਅਜੋਕੇ ਦੌਰ ਵਿੱਚ ਵੀ ਬੇੜੀ ਅਤੇ ਸਮੁੰਦਰੀ ਜਹਾਜ਼ ਦੀ ਵਰਤੋਂ ਰਾਹੀਂ ਨਦੀ ਅਤੇ ਸਮੁੰਦਰ ਤੋਂ ਪਾਰ ਲੱਗਿਆ ਜਾਂਦਾ ਹੈ। ਤਤਕਾਲੀ ਦੌਰ ਦੀ ਵਿਭਿੰਨ ਪ੍ਰਕਾਰ ਦੀ ਬਨਸਪਤੀ ਦੇ ਉਲੇਖ ਸਲੋਕ ਬਾਣੀ-ਰੂਪ ਵਿੱਚ ਮਿਲਦੇ ਹਨ। ਅਜੋਕੇ ਦੌਰ ਵਿੱਚ ਵੀ ਉਸ ਬਨਸਪਤੀ ਦੀ ਹੋਂਦ ਤਾਂ ਹੈ ਪਰ ਹਰੀ ਕਰਾਂਤੀ ਆਦਿ ਕਾਰਕਾਂ ਕਰਕੇ ਕੁਝ ਕੁ ਫ਼ਸਲਾਂ ਨੂੰ ਹੀ ਤਰਜੀਹ ਦਿੱਤੀ ਜਾਣ ਲੱਗੀ ਹੈ। ਤਤਕਾਲੀ ਦੌਰ ਵਿੱਚ ਕਈ ਵੰਨਗੀਆਂ ਦੇ ਪੰਛੀ ਅਤੇ ਜਾਨਵਰ ਹੋਂਦ ਵਿੱਚ ਸਨ, ਜਿਹੜੇ ਹੁਣ ਇੱਕ-ਇੱਕ ਕਰਕੇ ਘਟਦੇ ਜਾ ਰਹੇ ਹਨ। ਸਲੋਕ ਬਾਣੀ-ਰੂਪ ਵਿੱਚ ਤਤਕਾਲੀ ਦੌਰ ਵਿੱਚ ਪ੍ਰਚੱਲਤ ਰੁੱਤਾਂ ਦੇ ਨਾਵਾਂ ਦੀ ਚਰਚਾ ਕੀਤੀ ਹੋਈ ਮਿਲਦੀ ਹੈ। ਤਤਕਾਲੀ ਦੌਰ ਵਿੱਚ ਵੀ ਵੱਖ-ਵੱਖ ਰੁੱਤਾਂ ਦੇ ਅਲੱਗ-ਅਲੱਗ ਨਾਮ ਪ੍ਰਚੱਲਤ ਹਨ। ਤਤਕਾਲੀ ਦੌਰ ਵਿੱਚ ਵੱਡੇ-ਛੋਟੇ ਸ਼ਹਿਰ ਅਤੇ ਪਿੰਡ ਹੋਂਦ ਵਿੱਚ ਸਨ। ਅਜੋਕੇ ਦੌਰ ਵਿੱਚ ਵੀ ਪਿੰਡ ਅਤੇ ਵੱਡੇ-ਛੋਟੇ ਸ਼ਹਿਰ ਹੋਂਦ ਵਿੱਚ ਹਨ। ਸਲੋਕ ਬਾਣੀ-ਰੂਪ ਤਤਕਾਲੀ ਦੌਰ ਵਿੱਚ

ਵਿਖਿਆਤ ਰੋਗਾਂ ਦੇ ਉਲੇਖ ਮਿਲਦੇ ਹਨ। ਅਜੋਕੇ ਦੌਰ ਵਿੱਚ ਅਨੇਕ ਤਰ੍ਹਾਂ ਦੀਆਂ ਬੀਮਾਰੀਆਂ ਦੇ ਨਾਮ ਲਏ ਜਾ ਸਕਦੇ ਹਨ। ਤਤਕਾਲੀ ਦੌਰ ਦਾ ਮਨੁੱਖ ਆਪਣੇ ਕੁਲ ਵਿਸ਼ੇਸ਼ ਨੂੰ ਹੋਰਾਂ ਨਾਲੋਂ ਵਧੇਰੇ ਤਰਜੀਹ ਦਿੰਦਾ ਸੀ। ਅਜੋਕੇ ਦੌਰ ਦੀ ਚਾਚਾ-ਭਤੀਜਾਵਾਦ ਮਾਨਸਿਕਤਾ ਉਸੇ ਪ੍ਰਵਿਰਤੀ ਦਾ ਹੀ ਪ੍ਰਯਾਯ ਹੈ। ਤਤਕਾਲੀ ਦੌਰ ਵਿੱਚ ਕੁਝ ਮਨੁੱਖ ਆਲਸੀ ਪ੍ਰਵਿਰਤੀ ਵਾਲੇ ਵੀ ਸਨ। ਅਜੋਕੇ ਦੌਰ ਵਿੱਚ ਵੀ ਇਹ ਪ੍ਰਵਿਰਤੀ ਭਾਰੂ ਹੈ। ਖ਼ੁਸ਼ਾਮਦੀ ਲੋਕ ਮਿੱਠੇ ਬਣ ਕੇ ਆਪਣਾ ਕੰਮ ਕੱਢ ਲੈਂਦੇ ਸਨ। ਹੁਣ ਵੀ ਉਹੀ ਹਾਲ ਹੈ। ਹੰਕਾਰ ਦੀ ਮਾਨਸਿਕਤਾ ਉਦੋਂ ਵੀ ਸੀ ਤੇ ਅੱਜ ਵੀ ਭਾਰੂ ਹੈ। ਤਤਕਾਲੀ ਦੌਰ ਦਾ ਮਨੁੱਖ ਆਪਣਿਆਂ ਦੇ ਮੋਹ ਦਾ ਸ਼ਿਕਾਰ ਸੀ। ਅਜੋਕਾ ਮਨੁੱਖ ਵੀ ਮੋਹ ਤੋਂ ਬਚਿਆ ਹੋਇਆ ਨਹੀਂ ਹੈ। ਚਿੰਤਾ ਉਸ ਦੌਰ ਵਿੱਚ ਵੀ ਮਨੁੱਖ 'ਤੇ ਭਾਰੂ ਸੀ, ਹੁਣ ਵੀ ਮਨੁੱਖ ਕਈ ਤਰ੍ਹਾਂ ਦੀਆਂ ਚਿੰਤਾਵਾਂ ਵਿੱਚ ਘਿਰਿਆ ਰਹਿੰਦਾ ਹੈ। ਡਰ ਉਸ ਦੌਰ ਵਿੱਚ ਵੀ ਮਨੁੱਖ ਦੇ ਮਨ ਵਿੱਚ ਸੀ ਤੇ ਹੁਣ ਵੀ ਹੈ। ਨਿੰਦਾ ਦੀ ਪ੍ਰਵਿਰਤੀ ਤਤਕਾਲੀ ਮਨੁੱਖ ਵਿੱਚ ਵੀ ਨਜ਼ਰ ਆਉਂਦੀ ਹੈ, ਜਿਹੜੀ ਹੁਣ ਵੀ ਹੈ। ਤਤਕਾਲੀ ਮਨੁੱਖ ਵੀ ਲਾਲਚ-ਗ੍ਰਸਤ ਸੀ ਤੇ ਹੁਣ ਦਾ ਮਨੁੱਖ ਵੀ ਹੋਰਾਂ ਦੇ ਮਾਲ ਨੂੰ ਆਪਣਾ ਬਣਾਉਣਾ ਚਾਹੁੰਦਾ ਹੈ। ਤਤਕਾਲੀ ਮਨੁੱਖ ਦਾ ਮਨ ਵੀ ਦੁਚਿੱਤੀ ਦਾ ਸ਼ਿਕਾਰ ਸੀ, ਜਿਹੜਾ ਅਜੋਕੇ ਮਨੁੱਖ ਦਾ ਵੀ ਹੈ। ਤਤਕਾਲੀ ਮਨੁੱਖ ਦੀ ਇੱਕ ਪ੍ਰਵਿਰਤੀ ਗੁੱਸੇ ਵਾਲੀ ਵੀ ਸੀ, ਅਜੋਕਾ ਮਨੁੱਖ ਵੀ ਗੁੱਸੇ ਨਾਲ ਭਰਿਆ ਰਹਿੰਦਾ ਹੈ। ਤਤਕਾਲੀ ਮਨੁੱਖ ਵੀ ਕਾਮੀ ਚੇਸ਼ਟਾ ਵਾਲਾ ਸੀ, ਅਜੋਕਾ ਮਨੁੱਖ ਵੀ ਹੈ। ਤਤਕਾਲੀ ਮਨੁੱਖ ਦੇ ਦੁਸ਼ਮਣ ਅਤੇ ਮਿੱਤਰ ਵੀ ਹੋਇਆ ਕਰਦੇ ਸਨ, ਅਜੋਕਾ ਮਨੁੱਖ ਵੀ ਦੁਸ਼ਮਣਾਂ ਅਤੇ ਮਿੱਤਰਾਂ ਵਿੱਚ ਘਿਰਿਆ ਰਹਿੰਦਾ ਹੈ। ਪਰ-ਪੁਰਖ/ ਪਰ-ਇਸਤਰੀ ਗਮਨ ਦਾ ਪ੍ਰਚਲਨ ਸੀ, ਹੁਣ ਵੀ ਹੈ। ਤਤਕਾਲੀ ਮਨੁੱਖ ਅੰਦਰ ਖਾਣ-ਪੀਣ ਦੀ ਲਾਲਸਾ ਰਹਿੰਦੀ ਸੀ। ਅਜੋਕਾ ਮਨੁੱਖ ਵੀ ਖਾਣ-ਪੀਣ ਦਾ ਚਾਹਵਾਨ ਦਿਖਾਈ ਦਿੰਦਾ ਹੈ। ਤਤਕਾਲੀ ਮਨੁੱਖ ਲੰਮਾ ਸਮਾਂ ਜਿਊਣਾ ਚਾਹੁੰਦਾ ਸੀ ਜਾਂ ਕਹਿ ਲਓ ਸਦਾ ਹੀ ਜਿਊਂਦਾ ਰਹਿਣਾ ਚਾਹੁੰਦਾ ਸੀ ਤੇ ਮੌਤ ਤੋਂ ਡਰਦਾ ਸੀ। ਅਜੋਕਾ ਮਨੁੱਖ ਵੀ ਇਨ੍ਹਾਂ ਪ੍ਰਵਿਰਤੀਆਂ ਵਾਲਾ ਹੀ ਹੈ। ਤਤਕਾਲੀ ਮਨੁੱਖ ਇਸਤਰੀ ਸੁੰਦਰਤਾ ਵੱਲ ਖਿੱਚਿਆ ਜਾਂਦਾ ਸੀ, ਅਜੋਕੇ ਮਨੁੱਖ ਦਾ ਹਾਲ ਵੀ ਇਹੀ ਹੈ। ਉਹ ਮਨੁੱਖ ਸੁੱਖ ਦੀ ਨੀਂਦ (ਬੇ-ਫ਼ਿਕਰੀ ਵਾਲੀ ਨੀਂਦ) ਲੈਣਾ ਚਾਹੁੰਦਾ ਸੀ। ਅਜੋਕਾ ਮਨੁੱਖ ਵੀ ਸੁੱਖ ਦੇ ਪਲ ਢੂੰਢਦਾ ਹੈ। ਤਤਕਾਲੀ ਮਨੁੱਖ ਸਾਰੀ ਉਮਰ ਅਜਿਹੀ ਚਾਹੁੰਦਾ ਸੀ, ਜਿਹੜੀ ਖ਼ੁਸ਼ੀਆਂ ਨਾਲ ਲੱਦੀ ਹੋਈ ਹੋਵੇ, ਅਜੋਕਾ ਮਨੁੱਖ ਵੀ ਇਸੇ ਭਾਵਨਾ ਵਾਲਾ ਹੈ। ਧੱਕੇਸ਼ਾਹੀ ਦੀ ਪ੍ਰਵਿਰਤੀ ਪ੍ਰਧਾਨ ਸੀ। ਹੁਣ ਵੀ 'ਤਕੜੇ ਦਾ ਸੱਤੀਂ ਵੀਹੀਂ ਸੌ' ਹੈ। ਤਤਕਾਲੀ ਦੌਰ ਵਿੱਚ ਸੱਤਾ ਸੱਭਿਆਚਾਰ ਨੂੰ ਪ੍ਰਭਾਵਿਤ ਕਰਦੀ ਸੀ, ਹੁਣ ਵੀ ਕਰਦੀ ਹੈ। ਨਸ਼ਾਖੋਰੀ ਦਾ ਪ੍ਰਚਲਨ ਸੀ, ਹੁਣ ਵੀ ਹੈ। ਕੁਝ ਲੋਕ ਦੂਜਿਆਂ ਦੇ ਕੰਮ ਵਿੱਚ ਰੋੜੇ ਅਟਕਾਉਂਦੇ ਸਨ, ਹੁਣ ਵੀ ਲੋਕ ਆਮ ਹੀ ਇਹ ਯਤਨ ਕਰਦੇ ਹਨ। ਨਕਲ ਦੀ ਪ੍ਰਵਿਰਤੀ ਪ੍ਰਚੱਲਤ ਸੀ, ਹੁਣ ਵੀ ਨਕਲ ਦਾ ਬੋਲਬਾਲਾ ਹੈ। ਸਲੋਕ ਬਾਣੀ-ਰੂਪ ਅਨੁਸਾਰ ਗੁਰਮੁਖ ਗੁਰੂ ਦੇ ਆਸ਼ੇ ਅਨੁਸਾਰ ਜੀਵਨ ਬਿਤਾਉਂਦਾ ਹੈ ਜਦਕਿ ਮਨਮੁਖ ਆਪਣੀ ਅਕਲ ਅਨੁਸਾਰ ਜੀਵਨ ਬਤੀਤ ਕਰਦਾ ਹੈ। ਆਪਣੀ ਮੱਤ ਅਨੁਸਾਰ ਚੱਲਣ ਵਾਲਿਆਂ ਦੀ ਗਿਣਤੀ ਹੁਣ ਵੀ ਬਥੇਰੀ ਹੈ। ਤਤਕਾਲੀ ਦੌਰ ਵਿੱਚ ਪਤਵੰਤੇ ਮਨੁੱਖਾਂ ਦੀ ਚੰਗੀ ਪੁੱਛ-ਪ੍ਰਤੀਤ ਹੁੰਦੀ ਸੀ। ਹੁਣ ਵੀ ਪਤਵੰਤਿਆਂ ਨੂੰ ਮਾਣ ਸਤਿਕਾਰ ਮਿਲਦਾ ਹੈ। ਵਿਸ਼ੇਸ਼ ਯੋਗਤਾਵਾਂ ਵਾਲੇ ਮਨੁੱਖਾਂ (ਅੰਗਹੀਣਾਂ) ਬਾਰੇ ਕਈ ਉਲੇਖ ਮਿਲਦੇ ਹਨ। ਖੁਸਰੇ, ਮੂਰਖ, ਵਿਹਲੜ/ ਨਿਕੰਮੇ, ਆਰਾਮ-ਪ੍ਰਸਤ, ਗ਼ਰੀਬ, ਮੰਗਤੇ, ਲੁਟੇਰੇ, ਜੁਆਰੀਏ, ਠਗ, ਚੋਰ ਅਤੇ ਸਾਧਾਰਣ ਮਨੁੱਖ ਜਿਹੇ ਚਰਿੱਤਰਾਂ ਦੇ ਉਲੇਖ ਮਿਲਦੇ ਹਨ। ਅਜੋਕੇ ਦੌਰ ਵਿੱਚ ਵੀ ਇਹ ਚਰਿੱਤਰ ਮੌਜੂਦ ਹਨ। ਸਲੋਕ ਬਾਣੀ-ਰੂਪ ਵਿੱਚ ਤਤਕਾਲੀ ਪਰਿਵਾਰਕ ਰਿਸ਼ਤਿਆਂ ਦਾ ਭਰਪੂਰ ਉਲੇਖ ਮਿਲਦਾ ਹੈ। ਪਰਿਵਾਰ ਵਿੱਚ ਮਾਂ, ਬਾਪ, ਪੁੱਤਰ, ਧੀਆਂ ਅਤੇ ਹੋਰ ਜੀਅ ਹੋਇਆ ਕਰਦੇ ਸਨ। ਮਾਤਾ-ਪਿਤਾ ਬੱਚੇ ਦੀ ਸਾਂਭ-ਸੰਭਾਲ ਕਰਦੇ ਸਨ। ਪਤੀ-ਪਤਨੀ ਦਾ ਰਿਸ਼ਤਾ ਪਿਆਰ ਵਾਲਾ ਸੀ। ਪਤੀਵਰਤਾ ਇਸਤਰੀ ਦੀ ਕਦਰ ਸੀ ਤੇ ਦੁਰਾਚਾਰੀ ਇਸਤਰੀ ਬਦਨਾਮੀ ਖੱਟਦੀ ਸੀ।

ਕੁਚੱਜੀ ਅਤੇ ਕਰੂਪ ਇਸਤਰੀ ਤਿਆਗ ਦਿੱਤੀ ਜਾਂਦੀ ਸੀ। ਅਜੋਕੇ ਸਮੇਂ ਵਿੱਚ ਵੀ ਪਰਿਵਾਰ ਸਮਾਜ ਦੀ ਇਕਾਈ ਤਾਂ ਹੈ ਪਰ ਸਾਂਝੇ ਪਰਿਵਾਰ ਟੁੱਟ ਰਹੇ ਹਨ, ਮਨਾਂ ਅੰਦਰੋਂ ਹੀ ਸਾਂਝ ਅਤੇ ਪਿਆਰ ਖਤਮ ਹੋ ਰਹੇ ਹਨ। ਸਲੋਕ ਬਾਣੀ-ਰੂਪ ਵਿੱਚ ਤਤਕਾਲੀ ਕਿੱਤਿਆਂ ਅਤੇ ਸੰਦਾਂ/ ਮਸ਼ੀਨਾਂ ਬਾਰੇ ਕਈ ਉਲੇਖ ਮਿਲਦੇ ਹਨ। ਇਹ ਕਿੱਤੇ ਥੋੜ੍ਹੇ-ਬਹੁਤੇ ਵਖਰੇਵੇਂ ਨਾਲ ਹੁਣ ਵੀ ਮੌਜੂਦ ਹਨ। ਸੰਦਾਂ ਅਤੇ ਮਸ਼ੀਨਾਂ ਦਾ ਜਿੱਥੇ ਆਧੁਨਿਕੀਕਰਨ ਹੋ ਗਿਆ ਹੈ ਉੱਥੇ ਨਾਲ ਹੀ ਮਨੁੱਖਾਂ ਦੀ ਸੋਚ ਵੀ ਮਸ਼ੀਨਾਂ ਵਰਗੀ ਹੋ ਗਈ ਹੈ, ਭਾਵਨਾਹੀਣ। ਸਲੋਕ ਬਾਣੀ-ਰੂਪ ਉਲੇਖਿਤ ਕਿੱਤਿਆਂ ਵਿੱਚ ਵਪਾਰ, ਸ਼ਾਹ, ਅਧਿਆਪਨ, ਸੁਨਿਆਰ, ਵੈਦ, ਜੌਹਰੀ, ਸਰਕਾਰੀ ਕਰਮਚਾਰੀ, ਖੇਤੀ, ਦੁਕਾਨਦਾਰੀ, ਕੱਤਣਾ-ਬੁਣਨਾ, ਕੱਪੜਾ ਰੰਗਣਾ, ਕੱਪੜੇ ਦੀ ਸਿਲਾਈ, ਲੁਹਾਰ, ਤੇਲੀ, ਰਾਸਧਾਰੀਏ, ਨਾਈ, ਮਲਾਹ, ਘੁਮਿਆਰ, ਦੂਤ, ਮਾਂਦਰੀ (ਮੰਤਰ ਜਾਨਣ ਵਾਲੇ), ਕਸਾਈ, ਸ਼ਿਕਾਰੀ, ਮਾਛੀ, ਪਰ-ਦੇਸ਼ ਗਮਨ, ਨੌਕਰ, ਮੀਨਾਕਾਰੀ ਅਤੇ ਕਾਮੇ ਪ੍ਰਮੁਖ ਹਨ। ਗੁਰੂ ਸਾਹਿਬ ਨੇ ਹਰ ਕਿੱਤੇ ਅਤੇ ਹਰ ਕਿਸਮ ਦੇ ਕਾਮਿਆਂ ਦੀਆਂ ਰੋਜ਼ਾਨਾ ਜੀਵਨ ਦੀਆਂ ਉਦਾਹਰਨਾਂ ਦੇ ਕੇ ਆਪਣਾ ਪੱਖ ਸਪੱਸ਼ਟ ਕਰ ਦਿੱਤਾ ਹੈ ਕਿ ਕੰਮ ਕੋਈ ਹੋਵੇ, ਵਰਗ ਕੋਈ ਹੋਵੇ ਜੇਕਰ ਪਰਮਾਤਮਾ ਦਾ ਨਾਮ ਜਪਣਾ ਰੋਜ਼ਾਨਾ ਜੀਵਨ ਜਾਚ ਦਾ ਹਿੱਸਾ ਨਹੀਂ ਤਾਂ ਜੀਵਨ ਵਿਅਰਥ ਹੈ ਅਤੇ ਹਰ ਮਨੁੱਖ ਦਾ ਹਰ ਕਰਮ ਵਾਸਨਾ ਗ੍ਰਸਤ ਹੈ। ਰੋਜ਼ਾਨਾ ਜੀਵਨ ਵਿੱਚ ਵਰਤੇ ਜਾਣ ਵਾਲੇ ਸੰਦਾਂ/ ਮਸ਼ੀਨਾਂ ਵਿੱਚ ਚੱਕੀ, ਵੇਲਣਾ, ਮਧਾਣੀ ਅਤੇ ਚਾਟੀ, ਹਲਟ, ਕੁਹਾੜਾ, ਮੇਖਾਂ, ਫਲ੍ਹੇ, ਰੱਸੀ, ਛੱਜ ਅਤੇ ਛੁਰੀ ਦਾ ਉਲੇਖ ਆਉਂਦਾ ਹੈ। ਗਿਣਤੀ ਅਤੇ ਮਿਣਤੀ ਦੀ ਚੰਗੀ ਵਿਵਸਥਾ ਸੀ, ਜਿਹੜੀ ਹੁਣ ਬਹੁਤ ਤਰੱਕੀ ਕਰ ਗਈ ਹੈ। ਸਮੇਂ ਦੀਆਂ ਨਿਮਖ, ਵਿਸਾ, ਚਸਾ, ਪਲ (ਖਿਨ/ ਬਿੰਦ), ਘੜੀ, ਮਹੂਰਤ, ਪਹਿਰ, ਵਾਰ ਆਦਿ ਪ੍ਰਚੱਲਤ ਸਨ। ਅਜੋਕੇ ਦੌਰ ਵਿੱਚ ਸਮੇਂ ਦੀਆਂ ਸਕਿੰਟ, ਮਿੰਟ, ਘੰਟੇ ਆਦਿ ਇਕਾਈਆਂ ਪ੍ਰਚੱਲਤ ਹਨ। ਸਲੋਕ ਬਾਣੀ-ਰੂਪ ਵਿੱਚ ਵੱਖ-ਵੱਖ ਅੰਕਾਂ ਅਤੇ ਸੰਖਿਆਵਾਂ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਪੂਰਨ ਸੰਖਿਆਵਾਂ ਦੇ ਨਾਲ-ਨਾਲ ਅੰਸ਼ਕ ਸੰਖਿਆਵਾਂ ਦੀ ਵਰਤੋਂ ਕੀਤੀ ਗਈ ਹੈ। ਅੱਧਾ, ਅੱਧੇ ਤੋਂ ਅੱਧਾ, ਸਵਾ ਆਦਿ ਦੇ ਉਲੇਖ ਮਿਲਦੇ ਹਨ। ਗੁਣਾ, ਭਾਗ ਆਦਿ ਦੀ ਚਰਚਾ ਹੈ। ਅਜੋਕੇ ਦੌਰ ਵਿੱਚ ਸੰਖਿਆਵਾਂ ਉੱਪਰ ਕਈ ਤਰ੍ਹਾਂ ਦੀਆਂ ਕਿਰਿਆਵਾਂ ਦਾ ਪ੍ਰਚਲਨ ਹੈ। ਸਲੋਕ ਬਾਣੀ-ਰੂਪ ਵਿੱਚ ਤਤਕਾਲੀ ਮਨੁੱਖ ਨੂੰ ਦੂਰੀ ਅਤੇ ਦਿਸ਼ਾਵਾਂ ਬਾਰੇ ਗਿਆਨ ਦੇ ਉਲੇਖ ਮਿਲਦੇ ਹਨ। ਚੀਜ਼ਾਂ ਦੀ ਮਿਣਤੀ, ਉਨ੍ਹਾਂ ਦਾ ਮੁੱਲ ਅਤੇ ਤੋਲ ਕੀਤਾ ਜਾਂਦਾ ਸੀ। ਕਲਮ, ਸਿਆਹੀ, ਕਾਗਜ਼ ਅਤੇ ਲਿਖ਼ਤਾਂ ਦੇ ਉਲੇਖ ਮਿਲਦੇ ਹਨ। ਅਜੋਕੇ ਦੌਰ ਵਿੱਚ ਇਨ੍ਹਾਂ ਖੇਤਰਾਂ ਵਿੱਚ ਬੇਮਿਸਾਲ ਤਰੱਕੀ ਹੋਈ ਹੈ। ਸੰਚਾਰ ਦੇ ਸਾਧਨਾਂ ਵਿੱਚ ਢੋਲ ਦਾ ਜ਼ਿਕਰ ਹੈ। ਕਿਸੇ ਗੱਲ ਦਾ ਹੋਕਾ ਦਿੱਤਾ ਜਾਂਦਾ ਸੀ। ਪੜ੍ਹਾਈ ਦੀ ਕਦਰ ਸੀ। ਪੜ੍ਹਾਈ ਦਾ ਮੁੱਖ ਮੰਤਵ ਦੂਜਿਆਂ ਉੱਪਰ ਆਪਣੀ ਵਿਦਵਤਾ ਦੀ ਧਾਂਕ ਜਮਾਉਣਾ ਸੀ। ਗੁਰੂ ਸਾਹਿਬ ਨੇ ਪੜ੍ਹਾਈ ਨੂੰ ਲੋਕ-ਹਿਤ ਵਿੱਚ ਵਰਤਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਇਨ੍ਹਾਂ ਸਾਰੀਆਂ ਸਹੂਲਤਾਂ ਹੋਣ ਦੇ ਬਾਵਜੂਦ ਮਨੁੱਖ ਆਪਣੀ ਅਤੇ ਪਰਮਾਤਮਾ ਤੋਂ ਦੂਰੀ ਨਹੀਂ ਘਟਾ ਸਕਿਆ ਤਾਂ ਉਸਦੀ ਜੀਵਨ ਜਾਚ ਵਿਚ ਕੋਈ ਕਮੀ ਹੈ, ਮੁੱਖ ਆਸ਼ਾ ਤਾਂ ਪਰਮਾਤਮਾ ਤੋਂ ਪਈ ਦੂਰੀ ਨੂੰ ਘਟਾਉਣਾ ਹੈ, ਜੇਕਰ ਇਸਦੀ ਹੀ ਸਮਝ ਨਹੀਂ ਆਈ ਤਾਂ ਜੋ ਕੁੱਝ ਵੀ ਹਾਸਿਲ ਹੈ ਉਹ ਵਿਅਰਥ ਹੈ। ਲੰਮੇ ਅਵਲੋਕਨ ਅਤੇ ਤਜਰਬੇ ਦੇ ਆਧਾਰ 'ਤੇ ਪ੍ਰਕਿਰਤੀ ਦੇ ਸਬੰਧ ਵਿੱਚ ਕਈ ਨਿਰਣੇ ਬਣਾਏ ਹੋਏ ਸਨ, ਜਿਹੜੇ ਵਿਗਿਆਨਕ ਨਿਯਮਾਂ 'ਤੇ ਆਧਾਰਿਤ ਸਨ। ਅਜੋਕੇ ਦੌਰ ਵਿੱਚ ਵਿਗਿਆਨ ਦਾ ਖੇਤਰ ਬੜਾ ਵਿਸ਼ਾਲ ਹੋ ਚੁੱਕਾ ਹੈ। ਤਤਕਾਲੀ ਜੀਵਨ ਦਾ ਸਹਿਜ ਵਰਤਾਰਾ ਕੀ ਸੀ, ਦੇ ਬਾਰੇ ਸਲੋਕ ਬਾਣੀ-ਰੂਪ ਤੋਂ ਚੋਖਾ ਗਿਆਨ ਮਿਲਦਾ ਹੈ। ਤਤਕਾਲੀ ਲੋਕ ਟੂਣਿਆਂ, ਮੰਤਰਾਂ ਅਤੇ ਧਾਗੇ-ਤਬੀਤਾਂ ਵਿੱਚ ਯਕੀਨ ਰੱਖਦੇ ਸਨ। ਬਹੁਗਿਣਤੀ ਅਜੋਕਾ ਮਨੁੱਖ ਵੀ ਇਨ੍ਹਾਂ ਗੱਲਾਂ ਤੋਂ ਅਛੂਤਾ ਨਹੀਂ। ਇਸ਼ਨਾਨ ਨੂੰ ਦੇਹ ਅਤੇ ਮਨ ਨੂੰ ਸ਼ੁੱਧ ਕਰਨ ਵਾਲਾ ਮੰਨਿਆ ਜਾਂਦਾ ਸੀ ਪਰ ਇਹ ਅੰਦਰੋਂ ਅਤੇ ਬਾਹਰੋਂ ਦੋਵਾਂ ਹੀ ਪਾਸਿਆਂ ਤੋਂ ਹੋਣਾ ਚਾਹੀਦਾ ਹੈ। ਅਜੋਕੇ ਦੌਰ

ਵਿੱਚ ਵੀ ਇਸ਼ਨਾਨ ਦੀ ਮਹੱਤਤਾ ਹੈ ਪਰ ਨਾਲ ਹੀ ਦਿਖਾਵੇ ਦੀ ਵੀ। ਗੁਣਾਂ/ਅਵਗੁਣਾਂ ਦੇ ਆਧਾਰ 'ਤੇ ਨਾਰੀ ਨੂੰ ਸਮਾਜ ਵਿੱਚ ਸੁਲੱਖਣੀ ਅਤੇ ਕੁਲੱਖਣੀ ਆਖਿਆ ਜਾਂਦਾ ਸੀ। ਸੁਲੱਖਣੀ ਦਾ ਸਤਿਕਾਰ ਸੀ ਜਦਕਿ ਕੁਲੱਖਣੀ ਦਰ-ਦਰ ਦੀਆਂ ਠੋਕਰਾਂ ਖਾਂਦੀ ਸੀ। ਅਜੋਕੇ ਦੌਰ ਵਿੱਚ ਵੀ ਗੁਣਾਂ ਵਾਲੀ ਇਸਤਰੀ ਦਾ ਸਤਿਕਾਰ ਹੈ। ਪਰਿਵਾਰ ਵਿੱਚ ਪੁੱਤਰ ਨੂੰ ਤਰਜੀਹ ਸੀ, ਜਿਹੜੀ ਹੁਣ ਵੀ ਹੈ। ਪਰਾਈ ਅਮਾਨਤ ਸਾਂਭ ਕੇ ਰੱਖਣ ਦਾ ਰਿਵਾਜ ਸੀ। ਅਜੋਕੇ ਦੌਰ ਵਿੱਚ ਮਨੁੱਖ ਨਾਲੋਂ ਬੈਂਕ ਲਾਕਰਾਂ 'ਤੇ ਵੱਧ ਯਕੀਨ ਕੀਤਾ ਜਾਂਦਾ ਹੈ। ਤਤਕਾਲੀ ਲੋਕ ਅਣਖੀਲੇ ਸੁਭਾਅ ਦੇ ਵੀ ਸਨ। ਅਜੋਕੇ ਦੌਰ ਵਿੱਚ ਅਣਖ ਨਾਲ ਸਮਝੌਤੇ ਵੀ ਕਰ ਲਏ ਜਾਂਦੇ ਹਨ। ਦਿੱਤੇ ਹੋਏ ਵਚਨ ਦੀ ਲਾਜ ਰੱਖੀ ਜਾਂਦੀ ਸੀ, ਜਿਹੜੀ ਅੱਜ-ਕੱਲ੍ਹ ਘੱਟ ਹੀ ਦੇਖਣ ਨੂੰ ਮਿਲਦੀ ਹੈ। ਕੁਝ ਗੱਲਾਂ ਭੇਤ ਦੀਆਂ ਹੋਇਆ ਕਰਦੀਆਂ ਸਨ, ਜਿਹੜੀਆਂ ਹਰ ਇੱਕ ਨੂੰ ਨਹੀਂ ਸਨ ਦੱਸੀਆਂ ਜਾ ਸਕਦੀਆਂ। ਅਜੋਕੇ ਦੌਰ ਵਿੱਚ ਵੀ ਭੇਤ ਦਾ ਆਪਣਾ ਮਹੱਤਵ ਹੈ। ਤਤਕਾਲੀ ਮਨੁੱਖ ਇਹ ਸਮਝਦਾ ਸੀ ਕਿ ਉਪਾਉ ਜਾਂ ਉੱਦਮ ਨਾਲ ਕਿਸੇ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਅਜੋਕੇ ਮਨੁੱਖ ਦਾ ਵੀ ਅਜਿਹਾ ਹੀ ਵਿਸ਼ਵਾਸ ਹੈ। ਔਪਚਾਰਿਕਤਾ (formality) ਨਿਭਾਈ ਜਾਂਦੀ ਸੀ। ਅਜੋਕੇ ਦੌਰ ਵਿੱਚ ਇਸ ਉੱਪਰ ਬੜਾ ਜ਼ੋਰ ਹੈ। ਮਨੁੱਖ ਕਿਸੇ ਕੰਮ ਦੇ ਨੇਪਰੇ ਚੜ੍ਹ ਜਾਣ ਨੂੰ ਉਸ ਕਾਰਜ ਦੀ ਸਿੱਧੀ (ਕਾਰਜ-ਸਿੱਧੀ) ਹੋ ਗਈ ਸਮਝਦਾ ਸੀ। ਅਜੋਕਾ ਮਨੁੱਖ ਵੀ ਕਾਰਜ-ਸਿੱਧੀ ਹਿਤ ਕਈ ਵਿਉਂਤਾ ਬਣਾਉਂਦਾ ਹੈ। ਤਤਕਾਲੀ ਮਨੁੱਖ ਇੱਕ ਸਮਾਜਿਕ ਜ਼ਾਬਤੇ (social code) ਦੀ ਪਾਲਣਾ ਕਰਦੇ ਸਨ। ਅਜੋਕਾ ਮਨੁੱਖ ਜੀਵਨ ਦੇ ਹਰ ਖੇਤਰ ਵਿੱਚ ਖੁੱਲ੍ਹ ਮਾਨਣਾ ਲੋਚਦਾ ਹੈ। ਤਤਕਾਲੀ ਮਨੁੱਖ ਜਿਸ ਤਰ੍ਹਾਂ ਦੇ ਕੰਮ ਕਰਦਾ ਸੀ, ਉਹੋ ਜਿਹਾ ਹੀ ਪ੍ਰਸਿੱਧ ਹੋ ਜਾਂਦਾ ਸੀ। ਹੁਣ ਵੀ ਸੱਚ, ਦੇਰ-ਸਵੇਰ ਸਾਹਮਣੇ ਆ ਹੀ ਜਾਂਦਾ ਹੈ। ਤਤਕਾਲੀ ਮਨੁੱਖ ਆਪਣੇ ਜਿਹੇ ਵਿਵਹਾਰ ਵਿਸ਼ੇਸ਼ ਵਾਲੇ ਮਨੁੱਖਾਂ ਦੀ ਸੰਗਤ ਕਰਨਾ ਲੋਚਦਾ ਸੀ। ਹੁਣ ਵੀ ਅਜਿਹੀ ਹੀ ਸਥਿਤੀ ਹੈ। ਮਨੁੱਖ ਜਿਹੋ ਜਿਹਾ ਆਪ ਹੁੰਦਾ ਸੀ, ਉਹੋ ਜਿਹਾ ਹੀ ਸੰਸਾਰ ਨੂੰ ਵੇਖਦਾ ਸੀ, ਹੁਣ ਵੀ ਅਜਿਹੀ ਹੀ ਸਥਿਤੀ ਹੈ। ਸਲੋਕ ਬਾਣੀ-ਰੂਪ ਵਿੱਚੋਂ ਤਤਕਾਲੀ ਰਚਨਾ-ਜੁਗਤਾਂ ਬਾਰੇ ਵੀ ਗਿਆਨ ਪ੍ਰਾਪਤ ਹੁੰਦਾ ਹੈ। ਉਸ ਦੌਰ ਵਿੱਚ ਰਚਨਾ ਦੇ ਸ਼ੁਰੂ ਵਿੱਚ ਮੰਗਲਾਚਰਨ ਅਤੇ ਅੰਤ 'ਤੇ ਸਿਧਾਂਤ ਨਿਰੂਪਣ (ਮਹਾਤਮ) ਕੀਤਾ ਜਾਂਦਾ ਸੀ। ਸਲੋਕ ਬਾਣੀ-ਰੂਪ ਤੋਂ ਤਤਕਾਲੀ ਭਾਸ਼ਾ ਬਾਰੇ ਵੀ ਕਈ ਨਿਰਣਾਯੋਗ ਸਿੱਟੇ ਪ੍ਰਾਪਤ ਹੁੰਦੇ ਹਨ। ਸ਼ਬਦ ਨੂੰ ਛੋਟੇ ਰੂਪ (short form) ਵਿੱਚ ਲਿਖਣ ਦਾ ਰਿਵਾਜ ਵੀ ਸੀ। ਅੱਖਰ ਦੇ ਪੈਰ ਬਿੰਦੀ ਦਾ ਪ੍ਰਚਲਨ ਤਦ ਨਹੀਂ ਸੀ। ਅੱਧਕ ਦੀ ਵਰਤੋਂ ਦਾ ਰਿਵਾਜ ਨਹੀਂ ਸੀ। ਇੱਕ ਸ਼ਬਦ ਨੂੰ ਭਿੰਨ-ਭਿੰਨ ਅਰਥਾਂ ਦੇ ਪ੍ਰਯਾਯ ਵਜੋਂ ਵਰਤ ਲਿਆ ਜਾਂਦਾ ਸੀ। 'ਹਲੰਤ' ਦੀ ਵਰਤੋਂ ਅੱਖਰ ਦੇ ਪੈਰ 'ਹ' ਵਜੋਂ ਕਰ ਲਈ ਜਾਂਦੀ ਸੀ। ਪੂਰੀ ਪੈਂਤੀ ਅੱਖਰੀ ਦਾ ਪ੍ਰਯੋਗ ਤਦ ਹੁੰਦਾ ਸੀ। ਕਿਸੇ ਸ਼ਬਦ ਵਿੱਚ ਬਿਹਾਰੀ ਤੋਂ ਪਹਿਲਾਂ ਬਿੰਦੀ (ਗਲਂੀ) ਦਾ ਪ੍ਰਚਲਨ ਵੀ ਸੀ, ਜਿਹੜਾ ਹੁਣ ਨਹੀਂ ਹੈ। ਸਲੋਕ ਬਾਣੀ-ਰੂਪ ਵਿੱਚ ਪ੍ਰਸਤੁਤ ਵਿਚਾਰਧਾਰਾ ਅੱਜ ਵੀ ਓਨੀ ਹੀ ਸਾਰਥਕ ਹੈ, ਜਿੰਨੀ ਇਹ ਸਲੋਕ ਬਾਣੀ ਦੇ ਰਚਨਾ ਕਾਲ ਵੇਲ਼ੇ ਸੀ। ਅਜੋਕਾ ਮਨੁੱਖ ਬੇਅੰਤ ਪਾਸਿਆਂ ਤੋਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਉਹ ਮਾਨਸਿਕ ਤੌਰ 'ਤੇ ਬੇਹੱਦ ਔਖਾ ਹੈ। ਗੁਰਬਾਣੀ ਦੀ ਵਿਚਾਰਧਾਰਾ ਮਨੁੱਖ ਨੂੰ ਫ਼ੋਕੀਆਂ ਚਿੰਤਾਵਾਂ ਤੋਂ ਮੁਕਤ ਕਰਦੀ ਹੈ ਤੇ ਉਸਨੂੰ ਸਾਵੇਂ-ਸਹਿਜ ਜੀਵਨ ਦਾ ਮਾਰਗ ਦੱਸਦੀ ਹੈ, ਜਿਸ ਨੂੰ ਜੀਵਨ ਵਿੱਚ ਧਾਰ ਕੇ ਮਨੁੱਖ ਆਪਣਾ ਜੀਵਨ ਸੌਖਾ, ਚਿੰਤਾ-ਮੁਕਤ ਅਤੇ ਆਨੰਦਮਈ ਬਣਾ ਸਕਦਾ ਹੈ। ਮਨੁੱਖ ਇਹ ਜਾਣਦਾ ਵੀ ਹੈ ਪਰ ਫਿਰ ਵੀ ਉਹ ਗੁਰਬਾਣੀ ਦੇ ਫ਼ਲਸਫ਼ੇ ਤੋਂ ਦੂਰ ਹੈ। ਅਸਲ ਵਿੱਚ ਇਸਦੇ ਕਈ ਕਾਰਨ ਹਨ। ਧਾਰਮਿਕ ਅਤੇ ਪ੍ਰਬੰਧਕੀ ਮੁਖੀਆਂ ਦੀ ਸੌੜੀ ਸੋਚ ਨੇ ਆਮ ਮਨੁੱਖ ਨੂੰ ਇਸ ਪਾਸੇ ਵੱਲ ਜਾਣ ਹੀ ਨਹੀਂ ਦਿੱਤਾ ਕਿਉਂਕਿ ਅਜਿਹਾ ਹੋ ਜਾਣ ਦੀ ਸੂਰਤ ਵਿਚ ਉਨ੍ਹਾਂ ਦੇ ਆਪਣੇ ਗੋਰਖ-ਧੰਦੇ ਬੰਦ ਹੋ ਜਾਣੇ ਸਨ। ਗੁਰਬਾਣੀ ਦੀ ਅਜੋਕੀ ਪ੍ਰਸੰਗਿਕਤਾ ਉੱਪਰ ਵੀ ਲਪੜ ਅਨੁਸਾਰ ਕੰਮ ਨਹੀਂ ਕੀਤਾ ਗਿਆ। ਕਿਸੇ ਵੀ ਦੌਰ ਦੇ ਧਾਰਮਿਕ ਅਤੇ ਪ੍ਰਬੰਧਕੀ ਮੁਖੀਆਂ ਦਾ ਨਿੱਜੀ ਜੀਵਨ ਵੀ ਏਨਾ ਆਦਰਸ਼ਮਈ

ਨਹੀਂ ਬਣ ਸਕਿਆ ਕਿ ਜਿਸ ਨੂੰ ਤੱਕ ਕੇ ਕਿਸੇ ਨੂੰ ਚੰਗੀ ਲਗਨ ਲੱਗ ਸਕੇ। ਮਨੁੱਖ ਆਪ ਤਾਂ ਕਿਸੇ ਵੀ ਕਸੌਟੀ 'ਤੇ ਖ਼ਰਾ ਨਹੀਂ ਉਤਰਦਾ ਪਰ ਦਿਖਾਵੇ ਮਾਤਰ ਲਈ ਦੂਜਿਆਂ ਨੂੰ ਸੁਧਾਰਨ ਦਾ ਯਤਨ ਜਰੂਰ ਕਰਦਾ ਹੈ। ਅਜੋਕਾ ਮਨੁੱਖ ਵਧੇਰੇ ਕਰਕੇ ਆਡੰਬਰਵਾਦੀ ਹੋ ਗਿਆ ਹੈ ਜਦਕਿ ਧਰਮ ਦੀ ਕਿਰਤ ਅੰਦਰ ਨਾਲ ਸਬੰਧਤ ਹੈ। ਸਲੋਕ ਬਾਣੀ-ਰੂਪ ਤੋਂ ਤਤਕਾਲੀ ਧਾਰਮਿਕ ਪ੍ਰਸਥਿਤੀਆਂ ਦਾ ਵੀ ਚੋਖਾ ਗਿਆਨ ਹੁੰਦਾ ਹੈ। ਤਤਕਾਲੀ ਧਾਰਮਿਕ ਮੁਖੀਆਂ ਨੇ ਧਰਮ ਨੂੰ ਧੰਦਾ ਬਣਾ ਲਿਆ ਸੀ। ਧਾਰਮਿਕ ਲੋਕਾਂ ਦੀਆਂ ਕਿਰਿਆਵਾਂ ਨੂੰ ਦੇਖ ਕੇ ਲੋਕ ਹੱਸਦੇ ਸਨ। ਮਨੁੱਖ ਧਰਮ ਦੇ ਅਸਲੇ ਨੂੰ ਵਿਸਾਰ ਬੈਠਾ ਸੀ। ਤਤਕਾਲੀ ਇਸਲਾਮੀ ਸੱਤਾ ਦਾ ਜ਼ੋਰ ਏਨਾ ਪ੍ਰਬਲ ਸੀ ਕਿ ਸਥਾਨਕ ਲੋਕ ਅੰਦਰ ਬੈਠ ਕੇ ਤਾਂ ਆਪਣੇ ਧਰਮ ਦੀਆਂ ਰੀਤਾਂ ਨਿਭਾਉਂਦੇ ਸਨ ਜਦਕਿ ਘਰੋਂ ਬਾਹਰ ਆ ਕੇ ਸ਼ਰੀਅਤ ਦੇ ਪਾਬੰਦ ਬਣਦੇ ਸਨ। ਧਾਰਮਿਕ ਜੀਵਨ ਬੁਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕਾ ਸੀ। ਪੰਡਿਤ, ਮੁੱਲਾ ਅਤੇ ਭੇਖੀ ਲੋਕ ਰਸਤੇ ਤੋਂ ਥਿੜਕ ਚੁੱਕੇ ਸਨ। ਸਲੋਕ ਬਾਣੀ-ਰੂਪ ਵਿੱਚ ਤਤਕਾਲੀ ਧਾਰਮਿਕ ਪੁਸਤਕਾਂ ਸਬੰਧੀ ਵੀ ਕਈ ਉਲੇਖ ਮਿਲਦੇ ਹਨ। ਵੇਦ, ਕਤੇਬ, ਪੁਰਾਣ, ਸ਼ਾਸਤਰ ਅਤੇ ਸਿਮ੍ਰਿਤੀਆਂ ਬਾਰੇ ਕਈ ਪਰਮਾਣ ਮਿਲਦੇ ਹਨ। ਤਤਕਾਲੀ ਦੌਰ ਵਿੱਚ ਬਹੁਤ ਤਰ੍ਹਾਂ ਦੇ ਧਾਰਮਿਕ ਫਿਰਕਿਆਂ ਦੀ ਹੋਂਦ ਸੀ। ਭਗਉਤੀ, ਅਉਧੂਤ, ਕਾਪੜੀਏ, ਜੰਗਮ, ਭੋਜਨ ਦੇ ਤਿਆਗੀ, ਜਤੀ, ਨਾਂਗੇ, ਮੋਨ-ਧਾਰੀ, ਪੈਰਾਂ ਤੋਂ ਨੰਗੇ, ਬੀਆਬਾਨਾਂ/ਮਸਾਣਾਂ ਦੇ ਵਾਸੀ, ਜੈਨੀ ਸਾਧੂ, ਪੀਰ, ਨਾਥ, ਸਿੱਧ, ਜੋਗੀ, ਸਾਧਕ, ਉਦਾਸੀ, ਸੰਨਿਆਸੀ, ਬੈਰਾਗੀ, ਪਖੰਡੀ, ਵੈਸ਼ਨੋ, ਜਟਾਧਾਰੀ, ਰੋਡੇ (ਪਰਮਹੰਸ), ਮੁਨੀ ਅਤੇ ਸੂਫ਼ੀ ਬਾਰੇ ਉਲੇਖ ਮਿਲਦੇ ਹਨ। ਜਪ-ਤਪ ਦਾ ਵਿਧਾਨ ਤਦ ਸੀ। ਮੂਰਤੀ ਪੂਜਾ ਦਾ ਪ੍ਰਚਲਨ ਵੀ ਸੀ। ਭਿੱਟ ਅਤੇ ਸੁੱਚ ਦੇ ਉਲੇਖ ਮਿਲਦੇ ਹਨ। ਚੁਲੀ ਦਾ ਵਿਧਾਨ ਵੀ ਸੀ। ਪਿਤਰ-ਪੂਜਾ ਅਤੇ ਸੂਤਕ-ਪਾਤਕ ਦਾ ਪ੍ਰਚਲਨ ਵੀ ਸੀ। ਵਰਤ ਕਈ ਤਰ੍ਹਾਂ ਦੇ ਪ੍ਰਚੱਲਤ ਸਨ। ਮੁਸਲਮਾਨ ਲੋਕ ਹੱਜ ਕਰਦੇ ਸਨ। ਹਰਾਮ ਅਤੇ ਹਲਾਲ ਬਾਰੇ ਮਾਨਤਾਵਾਂ ਸਨ। ਗੁਰੂ-ਚੇਲਾ ਪਰੰਪਰਾ ਹੋਂਦ ਵਿੱਚ ਸੀ। ਪਰਲੋਕ ਅਤੇ ਜੰਮਣ-ਮਰਨ ਫੇਰ ਵਿੱਚ ਲੋਕਾਂ ਦਾ ਯਕੀਨ ਸੀ। ਪੁੰਨ-ਦਾਨ ਨੂੰ ਮਾਨਤਾ ਸੀ। ਕੋਈ ਮਨੁੱਖ ਚੰਗੇ ਤੇ ਕੋਈ ਮਾੜੇ ਭਾਗਾਂ ਵਾਲਾ ਸਮਝਿਆ ਜਾਂਦਾ ਸੀ। ਪ੍ਰਭੂ ਦੇ ਦਰ 'ਤੇ ਅਰਦਾਸ ਦਾ ਆਪਣਾ ਮਹੱਤਵ ਸੀ। ਧਰਮ ਰਾਜ ਦੀ ਹੋਂਦ ਮੰਨੀ ਜਾਂਦੀ ਸੀ। ਇਸਲਾਮ ਵਿੱਚ ਸ਼ੈਤਾਨ ਦੀ ਹੋਂਦ ਮੰਨੀ ਜਾਂਦੀ ਸੀ। ਫ਼ਰਿਸ਼ਤਿਆਂ ਵਿੱਚ ਯਕੀਨ ਕੀਤਾ ਜਾਂਦਾ ਸੀ। ਮਲਕ-ਉਲ-ਮੌਤ ਸਰੀਰ ਵਿੱਚੋਂ ਜਾਨ ਕੱਢਣ ਵਾਲਾ (ਮੌਤ ਵਕਤ) ਫ਼ਰਿਸ਼ਤਾ ਮੰਨਿਆ ਜਾਂਦਾ ਸੀ। ਲੋਕ ਪ੍ਰੇਤ ਆਤਮਾਵਾਂ ਵਿੱਚ ਯਕੀਨ ਕਰਦੇ ਸਨ। ਚਾਰ ਯੁੱਗ ਮੰਨੇ ਜਾਂਦੇ ਸਨ। ਜੂਨਾਂ ਦੀ ਗਿਣਤੀ ਚੁਰਾਸੀ ਲੱਖ ਕੀਤੀ ਜਾਂਦੀ ਸੀ। ਸਵਰਗ ਅਤੇ ਨਰਕ ਵਿੱਚ ਲੋਕਾਂ ਦਾ ਯਕੀਨ ਸੀ। ਜੀਵਨ ਦਾ ਮੁੱਖ ਲਕਸ਼ ਮੋਕਸ਼ ਮੰਨਿਆ ਜਾਂਦਾ ਸੀ। ਸਵਰਗ, ਪਾਤਾਲ ਅਤੇ ਪ੍ਰਿਥਵੀ, ਤਿੰਨਾਂ ਦੇ ਜੋੜ ਨੂੰ ਤ੍ਰਿਭਵਨ ਖ਼ਿਆਲਿਆ ਜਾਂਦਾ ਸੀ। ਸੱਤ ਸਮੁੰਦਰ ਅਤੇ ਸੱਤ ਹੀ ਪਾਤਾਲ ਸਮਝੇ ਜਾਂਦੇ ਸਨ। ਗਾਂ ਅਤੇ ਸੂਰ ਦੀ ਧਾਰਮਿਕ ਮਾਨਤਾ ਸੀ। ਗੰਗਾ ਨਦੀ ਨੂੰ ਪਵਿੱਤਰ ਮੰਨਿਆ ਜਾਂਦਾ ਸੀ। ਅਠਾਰਾਂ ਭਾਰ ਦਾ ਸੰਕਲਪ ਹੋਂਦ ਵਿੱਚ ਸੀ। ਗਜ, ਗੰਧਰਵ ਨਗਰੀ, ਮਹੂਰਤ ਆਦਿ ਬਾਰੇ ਧਾਰਮਿਕ ਵਿਸ਼ਵਾਸ ਪ੍ਰਚੱਲਤ ਸਨ। ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਦੀ ਬੜੀ ਮਾਨਤਾ ਸੀ। ਬ੍ਰਹਮਾ, ਇੰਦਰ ਅਤੇ ਨਾਰਦ ਬਾਰੇ ਉਲੇਖ ਪ੍ਰਾਪਤ ਹੁੰਦੇ ਹਨ। ਸਲੋਕ ਬਾਣੀ-ਰੂਪ ਵਿੱਚ ਤਤਕਾਲੀ ਰਾਜਨੀਤਕ ਪ੍ਰਸਥਿਤੀਆਂ ਬਾਰੇ ਚੰਗੀ ਜਾਣਕਾਰੀ ਮਿਲ ਜਾਂਦੀ ਹੈ। ਰਾਜੇ ਅਤੇ ਰਾਜਨੀਤਕ ਮੁਖੀ ਪਰਜਾ ਦਾ ਲਹੂ ਪੀੜਦੇ ਸਨ। ਸਰਕਾਰੀ ਅਹੁਦੇਦਾਰ ਅਤੇ ਕਰਮਚਾਰੀ ਉਨ੍ਹਾਂ ਦੇ ਹਿੱਤਾਂ ਦੀ ਪੂਰਤੀ ਕਰਦੇ ਸਨ ਤਾਂ ਜੋ ਬਚਿਆ-ਖੁਚਿਆ ਮਾਲ ਉਨ੍ਹਾਂ ਦੇ ਹੱਥੀਂ ਲੱਗ ਸਕੇ। ਕਾਜ਼ੀ ਰਿਸ਼ਵਤ ਖਾ ਕੇ ਭਾਰੇ ਪਾਸੇ ਦੇ ਹੱਕ ਵਿੱਚ ਫ਼ੈਸਲੇ ਦਿੰਦੇ ਸਨ। ਪਰਜਾ ਚੁੱਪ-ਚਾਪ ਜ਼ੁਲਮ ਸਹਿ ਰਹੀ ਸੀ। ਸਥਾਨਕ ਆਗੂ ਆਪਣੇ ਦੇਸ਼-ਵਾਸੀਆਂ ਨੂੰ ਲੁਟਵਾ ਕੇ ਹੀ ਖ਼ੁਸ਼ ਹੋ ਰਹੇ ਸਨ। ਗੁਰੂ ਸਾਹਿਬ ਨੇ ਅਜਿਹੇ ਪ੍ਰਚਲਨਾਂ ਦਾ ਸਖ਼ਤ ਵਿਰੋਧ ਕੀਤਾ। ਅਜੋਕਾ ਦੌਰ ਵੀ ਆਮ ਸ਼ਹਿਰੀ ਦਾ ਜੀਵਨ ਸੌਖਾ ਨਹੀਂ

ਕਰ ਸਕਿਆ। ਹਰ ਪਾਸੇ ਭ੍ਰਿਸ਼ਟਾਚਾਰ ਦਾ ਹੀ ਬੋਲ-ਬਾਲਾ ਹੈ। ਤਤਕਾਲੀ ਸੱਤਾਧਾਰੀ ਲੋਕ ਐਸ਼-ਪ੍ਰਸਤੀ ਦਾ ਜੀਵਨ ਬਤੀਤ ਕਰਦੇ ਸਨ। ਸੱਤਾ ਦਾ ਨਸ਼ਾ ਅਤੇ ਨਿਰੰਕੁਸ਼ਵਾਦਤਾ ਨੇ ਉਨ੍ਹਾਂ ਨੂੰ ਭ੍ਰਿਸ਼ਟ ਕੀਤਾ ਹੋਇਆ ਸੀ। ਬੇਅੰਤ ਲੋਕ ਉਨ੍ਹਾਂ ਨੂੰ ਸਲਾਮ ਕਰਦੇ ਸਨ। ਉਹ ਕੀਮਤੀ ਘੋੜਿਆਂ ਅਤੇ ਹਾਥੀਆਂ ਦੀਆਂ ਸਵਾਰੀਆਂ ਕਰਦੇ ਸਨ। ਅਜੋਕੇ ਦੌਰ ਵਿੱਚ ਵੀ ਸੱਤਾਧਾਰੀਆਂ ਦਾ ਜੀਵਨ ਵਿਲਾਸਤਾ-ਪੂਰਨ ਹੈ। ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਯੁੱਧਾਂ ਅਤੇ ਹਥਿਆਰਾਂ ਬਾਰੇ ਵੀ ਗਿਆਨ ਮਿਲਦਾ ਹੈ। ਯੁੱਧ ਜਿੱਤਣ ਲਈ ਰਣਨੀਤੀ ਬਣਾਈ ਜਾਂਦੀ ਸੀ। ਸੂਰਮੇ ਅਤੇ ਵੀਰ ਪੁਰਸ਼ਾਂ ਦੀ ਸਮਾਜ ਵਿੱਚ ਚੰਗੀ ਇੱਜ਼ਤ ਹੁੰਦੀ ਸੀ। ਤਲਵਾਰ, ਤੀਰ, ਨੇਜ਼ਾ ਆਦਿ ਹਥਿਆਰ ਪ੍ਰਮੁਖ ਸਨ। ਅਜੋਕੇ ਦੌਰ ਵਿੱਚ ਯੁੱਧਾਂ ਦੀ ਥਾਂ ਦਿਮਾਗ਼ੀ ਯੁੱਧ ਵਧੇਰੇ ਪ੍ਰਧਾਨ ਹਨ। ਵਿਗਿਆਨਕ ਯੁੱਗ ਵਿੱਚ ਹਥਿਆਰ ਕਈ ਤਰ੍ਹਾਂ ਦੇ ਹਨ। ਖੱਤਰੀ ਵਰਗ ਨਾਲ ਸਬੰਧਤ ਲੋਕ ਖੇਤਰੀ ਸੁਰੱਖਿਆ ਲਈ ਜ਼ਿੰਮੇਵਾਰ ਹੁੰਦੇ ਸਨ। ਕਰ ਪ੍ਰਣਾਲੀ ਪ੍ਰਚੱਲਤ ਸੀ। ਸਰਕਾਰੀ ਕਰਮਚਾਰੀ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੇ ਸਨ। ਵੈਰੀ ਅਤੇ ਮੁਲਜ਼ਮ ਲਈ ਸਜ਼ਾ ਦੀ ਵਿਵਸਥਾ ਸੀ। ਗ਼ੁਲਾਮ ਪ੍ਰਥਾ ਹੋਂਦ ਵਿੱਚ ਸੀ। ਰਾਹਦਾਰੀ ਦੀ ਵਿਵਸਥਾ ਵੀ ਸੀ। ਗੁਰਬਾਣੀ ਦੀ ਵਿਚਾਰਧਾਰਾ ਸਾਨੂੰ ਵਾਤਾਵਰਨ ਦੀ ਸੰਭਾਲ ਪ੍ਰਤਿ ਵੀ ਚੇਤੰਨ ਕਰਦੀ ਹੈ। ਇਸ ਫ਼ਲਸਫ਼ੇ ਵਿੱਚ ਹਵਾ, ਪਾਣੀ, ਧਰਤੀ, ਬਨਸਪਤੀ ਅਤੇ ਚੌਗਿਰਦੇ ਦੀ ਸੰਭਾਲ ਦਾ ਹੋਕਾ ਦਿੱਤਾ ਗਿਆ ਹੈ। ਆਪਣੇ ਚੌਗਿਰਦੇ ਨੂੰ ਸਾਂਭ ਕੇ ਹੀ ਮਨੁੱਖ ਆਉਣ ਵਾਲੀਆਂ ਨਸਲਾਂ ਲਈ ਕੁਝ ਚੰਗਾ, ਕੁਝ ਵਧੀਆ ਛੱਡ ਕੇ ਜਾ ਸਕਦਾ ਹੈ। ਇਨ੍ਹਾਂ ਉਪਰਕਿਤ ਵਰਣਿਤ ਪ੍ਰਸਥਿਤੀਆਂ ਅਤੇ ਹਾਲਾਤਾਂ ਦਾ ਵੇਰਵਾ ਗੁਰਬਾਣੀ ਵਿਚ ਪ੍ਰਾਪਤ ਹੈ, ਕਮਾਲ ਦੀ ਗੱਲ ਇਹ ਹੈ ਕਿ ਗੁਰੂ ਸਾਹਿਬ ਨੇ ਹਰ ਵਰਗ ਅਤੇ ਪੱਖ ਦੇ ਗਲਤ ਵਰਤਾਰਿਆਂ ਨੂੰ ਜਿੱਥੇ ਸਪੱਸ਼ਟ ਰੂਪ ਵਿਚ ਭੰਡਿਆ ਉੱਥੇ ਨਾਲ ਹੀ ਹਰ ਬਿਆਨ ਰਾਹੀਂ ਭੱਵਿੱਖਕਾਲੀ ਜੀਵਨ ਜਾਚ ਦਾ ਮਾਰਗ ਵੀ ਦਰਸਾਇਆ ਹੈ। ਗੁਰੂ ਸਾਹਿਬ ਦੀ ਵਿਚਾਰਧਾਰਾ ਬੜੀ ਸਪੱਸ਼ਟ ਅਤੇ ਇਕਾਗਰ ਹੈ, ਉਹ ਭਾਵੇਂ ਕਿਸੇ ਧਾਰਮਿਕ ਰਹੁ-ਰੀਤ ਦਾ ਵੇਰਵਾ ਦੇ ਰਹੇ ਹੋਣ ਤੇ ਭਾਵੇਂ ਕਿਸੇ ਵਿਅਕਤੀ ਵਿਸ਼ੇਸ਼ ਦੇ ਪਰਿਵਾਰਿਕ ਜੀਵਨ ਦਾ ਵੇਰਵਾ, ਉਪਦੇਸ਼ ਸਚੱਜੀ ਜੀਵਨ ਜਾਚ ਅਤੇ ਨੈਤਿਕਤਾ ਨੂੰ ਬਣਾ ਕੇ ਰੱਖਣ ਉੱਪਰ ਹੀ ਕੇਂਦਰਿਤ ਹੈ। ਆਮ ਸਾਧਾਰਨ ਜੀਵਨ ਵਿਚ ਵਰਤੋਂ ਵਿਚ ਆਉਣ ਵਾਲੀ ਹਰ ਵਸਤੂ ਅਤੇ ਜੀਵਨ ਦੇ ਹਰ ਸਮੇਂ ਨਾਲ ਸਬੰਧਤ ਘਟਨਾਵਾਂ ਰਾਹੀਂ ਵਿਚਾਰ ਇਹੀ ਪ੍ਰਗਟਾਏ ਹਨ ਕਿ ਮਨੁੱਖ ਦਾ ਮੁੱਖ ਮਨੋਰਥ ਸ਼ੁੱਭ ਅਮਲ ਹੀ ਹੋਣੇ ਚਾਹੀਦੇ ਹਨ ਨਾ ਕਿ ਫੋਕਟ ਮਾਇਆ ਦਾ ਇਕੱਤਰੀਕਰਨ ਅਤੇ ਝੂਠੀ ਵਾਹ ਵਾਹ। ਸੱਚ ਸਭ ਤੋਂ ਉੱਪਰ ਅਤੇ ਸੱਚੇ ਵਿਅਕਤੀ ਨੂੰ ਸਭ ਤੋਂ ਵੱਧ ਸਤਿਕਾਰ, ਸੇਵਾ ਭਾਵਨਾ ਵਾਲਾ ਜੀਵਨ ਅਤੇ ਵਿਕਾਰਾਂ ਨੂੰ ਕਾਬੂ ਵਿਚ ਰੱਖਣ ਦਾ ਉਪਦੇਸ਼ ਹੀ ਸਲੋਕ ਬਾਣੀ-ਰੂਪ ਰਾਹੀਂ ਉੱਘੜਦੀ ਗੁਰੂ ਸਾਹਿਬ ਦੀ ਪ੍ਰਮੁੱਖ ਵਿਚਾਰਧਾਰਾ ਹੈ।

# ਭੂਮਿਕਾ

ਹੱਥਲਾ ਖੋਜ-ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਰੂਪਮਾਨ ਤਤਕਾਲੀ ਪ੍ਰਸਥਿਤੀਆਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਹੈ। ਇਸਦੇ ਨਾਲ-ਨਾਲ ਇਹ ਖੋਜ-ਕਾਰਜ ਸ੍ਰੀ ਗੁਰੂ ਗ੍ਰੰਥ ਵਿਚ ਦਰਸਾਈ ਗਈ ਪ੍ਰਕਿਰਤੀ ਸੰਭਾਲ ਦੀ ਪ੍ਰੇਰਨਾ ਦੀ ਪਛਾਣ ਕਰਨ ਦਾ ਯਤਨ ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਵਰਣਿਤ ਵਿਭਿੰਨ ਤਤਕਾਲੀ ਪ੍ਰਸਥਿਤੀਆਂ ਨੂੰ ਵਰਤਮਾਨ ਪ੍ਰਸਥਿਤੀਆਂ ਨਾਲ ਤੁਲਨਾਉਣਾ ਵੀ ਇਸ ਖੋਜ ਕਾਰਜ ਦਾ ਮਕਸਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿੱਥੇ ਅਧਿਆਤਮਿਕ ਖੇਤਰ ਵਿਚ ਮਨੁੱਖਤਾ ਦੀ ਅਗਵਾਈ ਕਰਦੀ ਹੈ ਓਥੇ ਇਹ ਬਾਣੀ ਮਨੁੱਖ ਨੂੰ ਉਸਦੇ ਸਮਾਜਿਕ-ਸੱਭਿਆਚਾਰਕ ਅਤੇ ਰਾਜਨੀਤਕ ਜੀਵਨ ਵਿਚ ਵੀ ਯੋਗ ਅਗਵਾਈ ਪ੍ਰਦਾਨ ਕਰਦੀ ਹੈ। ਇਹ ਬਾਣੀ ਮਨੁੱਖ ਨੂੰ ਸਹੀ ਸੇਧ ਦੇਣ ਲਈ ਆਪਣੇ ਰਚਨਾ-ਕਾਲ ਵਿਚ ਜਿੰਨੀ ਪ੍ਰਸੰਗਿਕ ਸੀ ਓਨੀ ਹੀ ਅੱਜ ਹੈ। ਲੋੜ ਇਸ ਬਾਣੀ ਦੀ ਅਜੋਕੀ ਪ੍ਰਸੰਗਿਕਤਾ ਨੂੰ ਸਪੱਸ਼ਟ ਕਰਨ ਦੀ ਹੈ।

ਇਸ ਖੋਜ ਕਾਰਜ ਦੇ ਅਸਲ ਉਦੇਸ਼ਾਂ ਦੀ ਪ੍ਰਾਪਤੀ ਵੱਲ ਵਧਣ ਤੋਂ ਪਹਿਲਾਂ ਵਿਚਾਰ ਅਧੀਨ ਬਾਣੀ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਵੇਖਣ ਦੀ ਜ਼ਰੂਰਤ ਹੈ। ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਪ੍ਰਸਤੁਤ ਤਤਕਾਲੀ ਸਮਾਜਿਕ-ਸੱਭਿਆਚਾਰਕ, ਧਾਰਮਿਕ, ਰਾਜਨੀਤਕ ਦਸ਼ਾ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਉਨ੍ਹਾਂ ਪ੍ਰਸਥਿਤੀਆਂ ਦੀ ਅਜੋਕੀਆਂ ਪ੍ਰਸਥਿਤੀਆਂ ਨਾਲ ਤੁਲਨਾ ਕੀਤੀ ਗਈ ਹੈ। ਇਸਦੇ ਨਾਲ-ਨਾਲ ਸਲੋਕ ਬਾਣੀ-ਰੂਪ ਵਿਚ ਪ੍ਰਸਤੁਤ ਵਾਤਾਵਰਨ ਚੇਤਨਾ ਨੂੰ ਵੀ ਉਜਾਗਰ ਕੀਤਾ ਗਿਆ ਹੈ। ਗੁਰਬਾਣੀ ਰਚਨਾ-ਕਾਲ ਦੀਆਂ ਤਤਕਾਲੀ ਪ੍ਰਸਥਿਤੀਆਂ ਨੂੰ ਅਜੋਕੇ ਯੁੱਗ ਦੀਆਂ ਪ੍ਰਸਥਿਤੀਆਂ ਨਾਲ ਤੁਲਨਾਉਂਦੇ ਹੋਏ ਇਸ ਬਾਣੀ ਦੀ ਅਜੋਕੀ ਪ੍ਰਸੰਗਿਕਤਾ ਨੂੰ ਸਿੱਧ ਕਰਨ ਦਾ ਯਤਨ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜੀਵਨ ਦੇ ਹਰ ਖੇਤਰ ਵਿਚ ਮਨੁੱਖ ਦੀ ਅਗਵਾਈ ਕਰਨ ਦੇ ਸਮਰੱਥ ਹੈ ਪਰ ਫਿਰ ਵੀ ਮਨੁੱਖ ਇਸ ਬਾਣੀ ਦੇ ਅਰਥ ਆਪਣੇ ਜੀਵਨ ਵਿਚ ਆਤਮਸਾਤ ਨਹੀਂ ਕਰ ਰਿਹਾ। ਇਸ ਸੁਆਲ ਦਾ ਹੱਲ ਲੱਭਣ ਦੀ ਕੋਸ਼ਿਸ਼ ਵੀ ਇਸ ਹੱਥਲੇ ਖੋਜ ਕਾਰਜ ਵਿਚ ਕੀਤੀ ਗਈ ਹੈ। ਇਸ ਸਬੰਧੀ ਵੱਖ-ਵੱਖ ਵਿਦਵਾਨਾਂ ਅਤੇ ਸਨਮਾਨਿਤ ਸ਼ਖ਼ਸੀਅਤਾਂ ਨਾਲ ਚਰਚਾ ਕੀਤੀ ਗਈ ਹੈ ਅਤੇ ਉਨ੍ਹਾਂ ਤੋਂ ਪ੍ਰਾਪਤ ਹੋਈ ਰਾਇ ਦੇ ਆਧਾਰ 'ਤੇ ਠੋਸ ਸਿੱਟੇ ਕੱਢਣ ਦਾ ਯਤਨ ਕੀਤਾ ਗਿਆ ਹੈ।

ਇਸ ਖੋਜ ਕਾਰਜ ਦੇ ਨੇਪਰੇ ਚੜ੍ਹਨ ਵਿਚ ਸਭ ਤੋਂ ਵੱਧ ਯੋਗਦਾਨ ਮੇਰੇ ਖੋਜ ਨਿਗਰਾਨ ਡਾ. ਅਵਤਾਰ ਸਿੰਘ ਜੀ ਦਾ ਹੈ। ਉਨ੍ਹਾਂ ਨੇ ਹਮੇਸ਼ਾ ਹੀ ਮੈਨੂੰ ਬੜੇ ਪਿਆਰ ਨਾਲ ਅਗਵਾਈ ਪ੍ਰਦਾਨ ਕੀਤੀ ਹੈ। ਉਨ੍ਹਾਂ ਦੀ ਦੇਣ ਨੂੰ ਬਿਆਨ ਕਰਨਾ ਸ਼ਬਦਾਂ ਦੀ ਸਮਰੱਥਾ ਤੋਂ ਪਰ੍ਹਾਂ ਦੀ ਗੱਲ ਹੈ। ਮੈਂ ਆਪਣੇ ਵਿਛੜ ਚੁੱਕੇ ਮਾਤਾ-ਪਿਤਾ ਜੀ ਦੇ ਚਰਨਾਂ ਵਿਚ ਸੀਸ ਝੁਕਾਉਂਦਾ ਹਾਂ, ਜਿਨ੍ਹਾਂ ਦਾ ਪਿਆਰ ਹਰ ਵੇਲ਼ੇ ਮੇਰੇ ਸਿਰ 'ਤੇ ਛਾਂ ਦੀ ਤਰ੍ਹਾਂ ਰਹਿੰਦਾ ਹੈ। ਪੰਜਾਬੀ ਵਿਭਾਗ ਦੇ ਮੁਖੀ ਡਾ. ਕਿਰਨਦੀਪ ਸਿੰਘ ਜੀ ਨੇ ਇਸ ਖੋਜ ਕਾਰਜ ਦੌਰਾਨ ਹਮੇਸ਼ਾ ਮੇਰੀ ਯੋਗ ਸਹਾਇਤਾ ਕੀਤੀ। ਡਾ. ਬਲਵਿੰਦਰ ਸਿੰਘ ਥਿੰਦ, ਡਾ. ਸੰਦੀਪ ਕੌਰ ਅਤੇ ਪ੍ਰੋ. ਹਰਪ੍ਰੀਤ ਸਿੰਘ ਜੀ ਦਾ ਵੀ ਮੈਂ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਮੇਰੀ ਅਗਵਾਈ ਕੀਤੀ। ਮਾ. ਲਹਿੰਬਰ ਰਾਮ ਜੀ ਬੱਲ ਦਾ ਮੈਂ ਵਿਸ਼ੇਸ਼ ਧੰਨਵਾਦੀ ਹਾਂ ਜਿਨ੍ਹਾਂ ਦਾ ਪਿਆਰ ਭਰਿਆ ਹੱਥ ਹਰ ਦੁੱਖ-ਸੁੱਖ ਵੇਲ਼ੇ ਮੇਰੇ ਸਿਰ 'ਤੇ ਰਿਹਾ। ਮੇਰੇ ਮਿੱਤਰ ਸ. ਰਾਜਿੰਦਰ ਸਿੰਘ (ਅਧਿਆਪਕ) ਦਾ ਵੀ ਮੈਂ ਦਿਲੋਂ ਧੰਨਵਾਦੀ ਹਾਂ, ਜਿਹੜੇ ਖੋਜ ਕਾਰਜ ਲਈ ਵੱਖ-ਵੱਖ ਥਾਵਾਂ 'ਤੇ ਜਾਂਦਿਆਂ ਹਮੇਸ਼ਾ ਮੇਰੇ ਨਾਲ ਰਹੇ। ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ

ਜੀ ਦਾ ਅਤਿਅੰਤ ਆਭਾਰੀ ਹਾਂ, ਜਿਨ੍ਹਾਂ ਦੁਆਰਾ ਕੀਤੇ ਗਏ ਅਗੰਮੀ ਗੁਰਬਾਣੀ ਕੀਰਤਨ ਨੂੰ ਸਰਵਣ ਕਰਦਿਆਂ ਮੇਰਾ ਇਹ ਖੋਜ-ਕਾਰਜ ਸਹਿਜੇ ਜੀ ਨੇਪਰੇ ਚੜ੍ਹ ਗਿਆ। ਮੈਂ ਪ੍ਰੋ. (ਡਾ.)ਜੀ.ਸੀ.ਕੌਲ, ਸੰਤ ਗੁਰਪਾਲ ਦਾਸ ਜੀ ਤਾਰਾਗੜ੍ਹ, ਡਾ.ਅਮਰਜੀਤ ਸਿੰਘ, ਡਾ.ਸੀਤਲ ਸਿੰਘ, ਪ੍ਰੋ.ਮਲਕੀਤ ਜੌੜਾ, ਪ੍ਰੋ. ਰਾਮ ਮੂਰਤੀ, ਸ. ਸੰਤ ਸਿੰਘ ਸੰਧੂ, ਸ੍ਰੀ ਰਾਮ ਪ੍ਰਕਾਸ਼ ਬੁਲੰਦਪੁਰ, ਸ੍ਰੀ ਪ੍ਰਵੀਨ ਕੁਮਾਰ (ਅਧਿਆਪਕ), ਮੇਰੇ ਸਕੂਲ ਮੁਖੀ ਸ. ਸੁਖਵਿੰਦਰ ਸਿੰਘ ਅਤੇ ਸਮੂਹ ਸਟਾਫ਼ ਦਾ ਵੀ ਰਿਣੀ ਹਾਂ ਜਿਨ੍ਹਾਂ ਨੇ ਮੈਨੂੰ ਹਰ ਸਮੇਂ ਪ੍ਰੇਰਣਾ ਅਤੇ ਯੋਗ ਸਹਾਇਤਾ ਦਿੱਤੀ। ਜਿਨ੍ਹਾਂ ਵਿਦਵਾਨਾਂ ਅਤੇ ਸਨਮਾਨਿਤ ਸ਼ਖ਼ਸੀਅਤਾਂ ਨੇ ਆਪਣੀ ਅਨਮੋਲ ਰਾਇ ਦੇ ਕੇ ਖੋਜ-ਕਾਰਜ ਦੀਆਂ ਗੁੰਝਲਾਂ ਦੇ ਹੱਲ ਲੱਭਣ ਵਿਚ ਆਪਣਾ ਸਮਾਂ ਅਤੇ ਸਹਿਯੋਗ ਦਿੱਤਾ, ਉਨ੍ਹਾਂ ਦਾ ਮੈਂ ਵਾਰ-ਵਾਰ ਧੰਨਵਾਦ ਕਰਦਾ ਹਾਂ। ਇਸ ਖੋਜ-ਕਾਰਜ ਵਿਚ ਜਿਨ੍ਹਾਂ ਵਿਦਵਾਨ ਚਿੰਤਕਾਂ ਦੀਆਂ ਪੁਸਤਕਾਂ ਨੇ ਸਿੱਧੇ-ਅਸਿੱਧੇ ਤੌਰ ਤੇ ਮੇਰੀ ਸਹਾਇਤਾ ਕੀਤੀ ਅਤੇ ਜਿਨ੍ਹਾਂ ਦੇ ਹਵਾਲੇ ਅਤੇ ਟੂਕਾਂ ਇਸ ਖੋਜ-ਕਾਰਜ ਵਿਚ ਸੰਮਿਲਤ ਕੀਤੇ ਗਏ ਹਨ, ਉਨ੍ਹਾਂ ਵਿਦਵਾਨ ਚਿੰਤਕਾਂ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ।

ਅਖ਼ੀਰ ਵਿਚ ਮੈਂ ਆਪਣੀ ਜੀਵਨ ਸਾਥਣ ਰੀਨਾ ਕੁਮਾਰੀ ਅਤੇ ਆਪਣੇ ਬੱਚਿਆਂ ਪ੍ਰਤਿ ਧੰਨਵਾਦ ਪਰਗਟ ਕਰਦਾ ਹਾਂ, ਜਿਨ੍ਹਾਂ ਦੇ ਸਹਿਯੋਗ ਤੋਂ ਬਿਨਾ ਮੈਂ ਇਹ ਖੋਜ-ਕਾਰਜ ਪੂਰਾ ਨਾ ਕਰ ਸਕਦਾ।

ਬਲਵੀਰ ਚੰਦ

# ਤਤਕਰਾ


| ਅਧਿਆਇ | | ਪੰਨਾ ਨੰ. |
| --- | --- | --- |
| ਘੋਸ਼ਣਾ-ਪੱਤਰ | | (i) |
| ਪ੍ਰਮਾਣ-ਪੱਤਰ | | (ii) |
| ਐਬਸਟ੍ਰੈਕਟ | | (iii-ix) |
| ਭੁਮਿਕਾ | | (x-xi) |
| **1. ਅਧਿਆਇ ਪਹਿਲਾ** | **ਸਿਧਾਂਤਕ ਪਿੱਠਭੂਮੀ** | **1-59** |
| 1.1 ਸਮੱਸਿਆ ਕਥਨ | | |
| 1.2 ਪ੍ਰਸੰਗਿਕਤਾ | | |
| 1.3 ਖੋਜ ਕਾਰਜ ਦੇ ਉਦੇਸ਼ | | |
| 1.4 ਖੋਜ-ਵਿਧੀ: | | |
| 1.5 ਪਰਿਕਲਪਨਾ: | | |
| 1.6 ਪਹਿਲਾਂ ਹੋ ਚੁੱਕਾ ਖੋਜ ਕਾਰਜ: | | |
| 1.7 ਸਲੋਕ ਬਾਣੀ-ਰੂਪ : ਸਿਧਾਂਤਕ ਪਰਿਪੇਖ | | |
| 1.8 ਵਿਚਾਰਧਾਰਾ: ਸਿਧਾਂਤਕ ਪਰਿਪੇਖ | | |
| 1.9 ਰਚਨਾ ਅਤੇ ਰਚਨਾਕਾਰ | | |

**2. ਅਧਿਆਇ ਦੂਜਾ ਤਤਕਾਲੀ ਸਮਾਜ-ਸੱਭਿਆਚਾਰਕ ਸਰੋਕਾਰਾਂ ਸਬੰਧੀ ਵਿਚਾਰਧਾਰਾ ਅਤੇ ਉਨ੍ਹਾਂ ਦੀ ਅਜੋਕੀ ਸਥਿਤੀ 60-312**

2.1 ਤਤਕਾਲੀ ਸਮਾਜ-ਸੱਭਿਆਚਾਰਕ ਪ੍ਰਸਥਿਤੀਆਂ

2.2 ਮਾਨਸਿਕ ਪ੍ਰਵਿਰਤੀਆਂ ਦੀ ਪੇਸ਼ਕਾਰੀ

2.3 ਮਾਨਵੀ ਚਰਿੱਤਰਾਂ ਸਬੰਧੀ ਵਰਣਨ

2.4 ਪਰਿਵਾਰਕ ਰਿਸ਼ਤਿਆਂ ਦਾ ਪ੍ਰਸਤੁਤੀਕਰਨ

2.5 ਤਤਕਾਲੀ ਕਿੱਤਿਆਂ ਅਤੇ ਸੰਦਾਂ/ਮਸ਼ੀਨਾਂ ਸਬੰਧੀ ਵਰਣਨ

2.6 ਗਿਣਤੀ-ਮਿਣਤੀ ਦੀ ਵਿਵਸਥਾ ਅਤੇ ਵਿੱਦਿਆ ਸਬੰਧੀ ਉਲੇਖ

2.7 ਸਮਾਜ ਦੇ ਸਹਿਜ ਜੀਵਨ-ਵਰਤਾਰੇ ਦਾ ਵਰਣਨ

2.8 ਤਤਕਾਲੀ ਰਚਨਾ ਜੁਗਤਾਂ ਦਾ ਪ੍ਰਸਤੁਤੀਕਰਨ

2.9 ਸਲੋਕ ਬਾਣੀ-ਰੂਪ ਵਿਚ ਪ੍ਰਸਤੁਤ ਵਿਚਾਰਧਾਰਾ ਦੀ ਵਰਤਮਾਨ ਸਾਰਥਕਤਾ

2.10 ਅਜੋਕੇ ਮਨੁੱਖ ਦੇ ਅਜਿਹੀ ਕਲਿਆਣਕਾਰੀ ਵਿਚਾਰਧਾਰਾ ਤੋਂ ਦੂਰ ਹੋਣ ਦੇ ਕਾਰਨ

2.11 ਖੋਜ-ਕਾਰਜ ਸਬੰਧੀ ਪ੍ਰਸ਼ਨ-ਪਤ੍ਰਿਕਾ ਤੇ ਵਿਚਾਰ-ਵਟਾਂਦਰਾ (ਇੰਟਰਵਿਊ)

**3. ਅਧਿਆਇ ਤੀਜਾ ਧਾਰਮਿਕ ਸਰੋਕਾਰਾਂ ਸਬੰਧੀ ਵਿਚਾਰਧਾਰਾ ਅਤੇ ਉਨ੍ਹਾਂ ਦੀ ਅਜੋਕੀ ਸਥਿਤੀ 313-390**

3.1 ਤਤਕਾਲੀ ਧਾਰਮਿਕ ਪ੍ਰਸਥਿਤੀਆਂ

3.2 ਤਤਕਾਲੀ ਧਾਰਮਿਕ ਪੁਸਤਕਾਂ ਸਬੰਧੀ ਉਲੇਖ

3.3 ਤਤਕਾਲੀ ਧਾਰਮਿਕ ਫਿਰਕਿਆਂ ਦੀ ਸਥਿਤੀ

3.4 ਤਤਕਾਲੀ ਧਾਰਮਿਕ ਮਨੌਤਾਂ ਸਬੰਧੀ ਕਥਨ

3.5 ਦੇਵੀ-ਦੇਵਤੇ

**4.ਅਧਿਆਇ ਚੌਥਾ** **ਰਾਜਨੀਤਕ ਸਰੋਕਾਰਾਂ ਸਬੰਧੀ ਵਿਚਾਰਧਾਰਾ ਅਤੇ ਉਨ੍ਹਾਂ ਦੀ ਅਜੋਕੀ ਸਥਿਤੀ** **391-428**

4.1 ਤਤਕਾਲੀ ਰਾਜਨੀਤਕ ਹਾਲਾਤ

4.2 ਤਤਕਾਲੀ ਰਾਜਿਆਂ ਅਤੇ ਸੱਤਾ ਬਾਰੇ ਉਲੇਖ

4.3 ਸ਼ਾਹੀ ਮਹੱਲ ਚਰਿੱਤਰ (ਰਹਿਣ-ਸਹਿਣ)

4.4 ਯੁੱਧਾਂ ਤੇ ਹਥਿਆਰਾਂ ਸਬੰਧੀ ਚਰਚਾ

4.5 ਖੇਤਰੀ ਸੁਰੱਖਿਆ

4.6 ਰਾਜਿਆਂ ਦੁਆਰਾ ਉਗਰਾਹੁਣ (ਕਰ ਪ੍ਰਣਾਲੀ)

4.7 ਸਰਕਾਰੀ ਕਰਮਾਚਾਰੀ

4.8 ਸਜ਼ਾ ਦੀ ਵਿਵਸਥਾ

4.9 ਗ਼ੁਲਾਮਗਿਰੀ (ਗ਼ੁਲਾਮ ਪ੍ਰਥਾ) ਦਾ ਵਰਣਨ

4.10 ਰਾਹਦਾਰੀ ਦੀ ਵਿਵਸਥਾ

4.11 ਬਾਣੀਕਾਰਾਂ ਦੁਆਰਾ ਦਰਸਾਏ ਗਈ ਆਦਰਸ਼ਕ ਰਾਜਨੀਤਕ ਵਿਵਸਥਾ ਦਾ ਖ਼ਾਕਾ

4.12 ਬਾਣੀਕਾਰਾਂ ਦੁਆਰਾ ਦਰਸਾਏ ਗਏ ਰਾਜਨੀਤਕ ਮਾੱਡਲ ਦੀ ਵਰਤਮਾਨ ਵਿਚ ਸਾਰਥਕਤਾ

4.13 ਖੋਜ-ਕਾਰਜ ਸਬੰਧੀ ਪ੍ਰਸ਼ਨ-ਪਤ੍ਰਿਕਾ ਅਤੇ ਵਿਚਾਰ-ਵਟਾਂਦਰਾ (ਇੰਟਰਵਿਊ)

**5.ਅਧਿਆਇ ਪੰਜਵਾਂ** **ਸਲੋਕ ਬਾਣੀ-ਰੂਪ ਵਿਚ ਵਾਤਾਵਰਨ-ਚੇਤਨਾ ਸਬੰਧੀ ਵਿਚਾਰਧਾਰਾ ਅਤੇ ਉਸਦੀ ਅਜੋਕੀ ਸਥਿਤੀ** **429-446**

5.1 ਹਵਾ

5.2 ਪਾਣੀ

5.3 ਧਰਤੀ

5.4 ਰੁੱਖ

**6. ਸਿੱਟੇ ਅਤੇ ਸਥਾਪਨਾਵਾਂ** **447-472**

**7. ਪੁਸਤਕ-ਸੂਚੀ** **473-482**

# ਅਧਿਆਇ ਪਹਿਲਾ

# ਸਿਧਾਂਤਕ ਪਿੱਠਭੂਮੀ

ਹਥਲੇ ਖੋਜ-ਕਾਰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ-ਬਾਣੀ ਰੂਪ ਨੂੰ ਅਧਿਐਨ ਦਾ ਆਧਾਰ ਮੰਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 36 ਬਾਣੀਕਾਰਾਂ ਦੀ ਰਚਨਾ ਸੰਕਲਿਤ ਹੈ। ਬਾਣੀਕਾਰਾਂ ਨੇ ਆਪਣੀ ਰਚਨਾ ਲਈ ਵੱਖ-ਵੱਖ ਬਾਣੀ-ਰੂਪਾਂ ਨੂੰ ਆਧਾਰ ਬਣਾਇਆ ਹੈ। ਇਹ ਬਾਣੀਕਾਰ ਕਿਉਂਕਿ ਵੱਖ-ਵੱਖ ਖਿੱਤਿਆਂ ਨਾਲ ਸਬੰਧਤ ਸਨ ਇਸ ਲਈ ਇਨ੍ਹਾਂ ਬਾਣੀਕਾਰਾਂ ਨੇ ਆਪਣੀ ਰਚਨਾ ਲਈ ਆਪੋ-ਆਪਣੇ ਖਿੱਤੇ ਦੇ ਲੋਕ ਕਾਵਿ-ਰੂਪਾਂ ਅਤੇ ਸੰਗੀਤਕ ਸ਼ੈਲੀ ਨੂੰ ਆਪਣੀ ਰਚਨਾ ਦਾ ਆਧਾਰ ਬਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 36 ਬਾਣੀਕਾਰਾਂ ਵਿੱਚੋਂ ਦਸ ਬਾਣੀਕਾਰ ਸਲੋਕ ਬਾਣੀ-ਰੂਪ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਂਦੇ ਹਨ। ਇਨ੍ਹਾਂ ਦਸ ਬਾਣੀਕਾਰਾਂ ਵਿੱਚੋਂ ਛੇ ਗੁਰੂ ਸਾਹਿਬਾਨ, ਤਿੰਨ ਭਗਤ ਸਾਹਿਬਾਨ ਅਤੇ ਇੱਕ ਭੱਟ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੁੱਖ ਤੌਰ 'ਤੇ ਅਧਿਆਤਮਿਕ ਅਗਵਾਈ ਲਈ ਚਾਨਣ-ਮੁਨਾਰਾ ਮੰਨਿਆ ਜਾਂਦਾ ਹੈ ਜਦਕਿ ਇਹ ਮਹਾਨ ਗ੍ਰੰਥ ਸਾਹਿਤਕ ਖੇਤਰ ਵਿਚ ਵੀ ਵਿਸ਼ੇਸ਼ ਮਹਾਨਤਾ ਰੱਖਦਾ ਹੈ। ਇਸ ਪਾਵਨ ਗ੍ਰੰਥ ਦੀ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਇਸਦੀ ਰਚਨਾ ਵਿੱਚੋਂ ਤਤਕਾਲੀ ਦੌਰ ਦੀਆਂ ਵਿਭਿੰਨ ਪ੍ਰਸਥਿਤੀਆਂ ਦੇ ਸਪਸ਼ਟ ਵੇਰਵੇ ਮਿਲਦੇ ਹਨ। ਕਈ ਬਾਣੀ-ਰੂਪ ਤਾਂ ਆਦਿ ਤੋਂ ਅੰਤ ਤੱਕ ਕਿਸੇ ਘਟਨਾ ਵਿਸ਼ੇਸ਼ ਦਾ ਉਲੇਖ ਕਰਦੇ ਜਾਂਦੇ ਹਨ। ਸੋ, ਇਸ ਮਹਾਨ ਕਿਰਤ ਦਾ ਸਾਹਿਤਕ ਦ੍ਰਿਸ਼ਟੀ ਤੋਂ ਕੀਤਾ ਗਿਆ ਅਧਿਐਨ ਬੜਾ ਲਾਹੇਵੰਦ ਸਾਬਿਤ ਹੋਇਆ ਹੈ।

## 1.1 ਸਮੱਸਿਆ ਕਥਨ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿੱਥੇ ਅਧਿਆਤਮਿਕਤਾ ਦਾ ਸਮੁੰਦਰ ਹੈ ਓਥੇ ਇਹ ਬਾਣੀ ਤਤਕਾਲੀ ਧਾਰਮਿਕ, ਸਮਾਜਿਕ-ਸੱਭਿਆਚਾਰਕ ਅਤੇ ਰਾਜਨੀਤਕ ਪ੍ਰਸਥਿਤੀਆਂ ਉੱਪਰ ਵੀ ਚਾਨਣਾ ਪਾਉਂਦੀ ਹੈ। ਇਹ ਬਾਣੀ ਮਨੁੱਖ ਅੰਦਰ ਵਾਤਾਵਰਨ ਚੇਤਨਾ ਵੀ ਪੈਦਾ ਕਰਦੀ ਹੈ ਪਰ ਜਦੋਂ ਗੁਰਬਾਣੀ ਉੱਪਰ ਕੀਤੇ ਹੋਏ ਵਿਭਿੰਨ ਟੀਕੇ ਅਤੇ ਵਿਆਖਿਆ-ਕਾਰਜ ਦੇਖੇ ਜਾਂਦੇ ਹਨ ਤਾਂ ਇਨ੍ਹਾਂ ਦਾ ਮੁੱਖ ਸਬੰਧ ਮਨੁੱਖ ਦੀ ਮੁਕਤੀ ਤੱਕ ਹੀ ਰੱਖਿਆ ਗਿਆ ਹੈ। ਕਾਰਨ ਇਹ ਹੈ ਕਿ ਇਸ ਬਾਣੀ ਦੀ ਵਿਆਖਿਆ ਦੀ ਮੁੱਖ ਸੁਰ ਸ਼ਰਧਾ, ਧਾਰਮਿਕਤਾ ਅਤੇ ਵਿਸ਼ਵਾਸ ਦੇ ਆਧਾਰ 'ਤੇ ਹੀ ਰਹੀ ਹੈ। ਗੁਰਬਾਣੀ ਰਚਨਾ-ਕਾਲ ਦੀਆਂ ਪ੍ਰਸਥਿਤੀਆਂ ਅਤੇ ਅਜੋਕੇ ਯੁੱਗ ਦੀਆਂ ਪ੍ਰਸਥਿਤੀਆਂ ਵਿਚ ਬੜਾ ਅੰਤਰ ਹੈ। ਸੋ, ਲੋੜ ਮਹਿਸੂਸ ਹੁੰਦੀ ਹੈ ਕਿ ਇਸ ਬਾਣੀ ਨੂੰ ਅਜੋਕੇ ਦੌਰ ਦੀਆਂ ਪ੍ਰਸਥਿਤੀਆਂ ਦੇ ਸਨਮੁਖ ਵਿਚਾਰਿਆ ਜਾਵੇ ਤਾਂ ਜੋ ਇਹ ਸੁਚੱਜੀ ਜੀਵਨ-ਜਾਚ ਅਜੋਕੇ ਮਨੁੱਖ ਦੇ ਜੀਵਨ ਦਾ ਆਧਾਰ ਬਣ ਸਕੇ।

ਇਸ ਲਈ ਇਹ ਲੋੜ ਬਣ ਜਾਂਦੀ ਹੈ ਕਿ ਗੁਰਬਾਣੀ ਵਿਚ ਪ੍ਰਸਤੁਤ ਵਿਭਿੰਨ ਪ੍ਰਸਥਿਤੀਆਂ ਦੀ ਅਜੋਕੀਆਂ ਪ੍ਰਸਥਿਤੀਆਂ ਨਾਲ ਤੁਲਨਾ ਕੀਤੀ ਜਾਵੇ ਅਤੇ ਪਰਸਪਰ ਸਮਾਨਤਾਵਾਂ ਅਤੇ ਵਿਲੱਖਣਤਾਵਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਗੁਰਬਾਣੀ ਦੀ ਪ੍ਰਸੰਗਿਕਤਾ ਨੂੰ ਅਜੋਕੇ ਦੌਰ ਵਿਚ ਸਿੱਧ ਕੀਤਾ ਜਾਵੇ। ਦੂਸਰਾ, ਅਜੋਕਾ ਬਹੁਗਿਣਤੀ ਮਨੁੱਖ ਅਜਿਹੀ ਮਾਨਵ ਕਲਿਆਣਕਾਰੀ ਵਿਚਾਰਧਾਰਾ ਦੇ ਹੁੰਦਿਆਂ-ਸੁੰਦਿਆਂ ਇਸ ਤੋਂ ਦੂਰ ਹੈ। ਉਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਦੀ ਲੋੜ ਹੈ, ਜਿਨ੍ਹਾਂ ਕਰਕੇ ਬਹੁਗਿਣਤੀ ਮਨੁੱਖ ਇਸ ਵਿਚਾਰਧਾਰਾ ਤੋਂ ਦੂਰੀ ਬਣਾਈ ਬੈਠਾ ਹੈ।

## 1.2 ਪ੍ਰਸੰਗਿਕਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਦੇ ਵਿਸ਼ਵਾਸ ਦਾ ਆਧਾਰ ਹੈ। ਮਨੁੱਖ ਇਸ ਬਾਣੀ ਨੂੰ ਅਧਿਆਤਮਿਕ ਅਗਵਾਈ ਦੇ ਖੇਤਰ ਵਿਚ ਚਾਨਣ-ਮੁਨਾਰਾ ਮੰਨਦਾ ਹੈ ਅਤੇ ਇਸ ਪਾਵਨ ਗ੍ਰੰਥ ਨੂੰ ਗੁਰੂ ਪਦਵੀ ਵਜੋਂ ਪੂਜਦਾ ਹੈ। ਅਜੋਕੇ ਦੌਰ ਦੀਆਂ ਵਿਭਿੰਨ ਪ੍ਰਸਥਿਤੀਆਂ ਇਸ ਗੱਲ ਦੀ ਮੰਗ ਕਰਦੀਆਂ ਹਨ ਕਿ ਇਸ ਪਾਵਨ ਗ੍ਰੰਥ ਦੀ ਬਾਣੀ ਦੀ ਮਹੱਤਤਾ ਨੂੰ ਜੀਵਨ ਦੇ ਹਰ ਖੇਤਰ ਵਿਚ ਉਜਾਗਰ ਕੀਤਾ ਜਾਵੇ। ਲੋੜ ਹੈ ਕਿ ਇਸ ਬਾਣੀ ਦਾ ਇੱਕ ਸਾਹਿੱਤਕ ਕਿਰਤ ਵਜੋਂ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਜੋ ਇਸ ਪਾਵਨ ਗ੍ਰੰਥ ਵਿਚ ਦਰਸਾਈ ਗਈ ਜੀਵਨ ਜਾਚ ਨੂੰ ਅਜੋਕੇ ਮਨੁੱਖ ਦੀਆਂ ਵਿਸੰਗਤੀਆਂ ਦੇ ਹੱਲ ਵਜੋਂ ਪੇਸ਼ ਕੀਤਾ ਜਾਵੇ। ਇਹ ਤੱਥ ਵੀ ਓਨੇ ਹੀ ਧਿਆਨ ਦੀ ਮੰਗ ਕਰਦਾ ਹੈ ਕਿ ਇਸ ਅਨਮੋਲ ਵਿਚਾਰਧਾਰਾ ਦੇ ਮਨੁੱਖੀ ਪਹੁੰਚ ਵਿਚ ਹੁੰਦਿਆਂ ਹੋਇਆਂ ਵੀ ਅਜੋਕਾ ਮਨੁੱਖ ਇਸ ਤੋਂ ਦੂਰ ਕਿਉਂ ਹੈ? ਇਹ ਖੋਜ ਕਾਰਜ ਇਸ ਸੁਆਲ ਦੇ ਹੱਲ ਨੂੰ ਲੱਭਣ ਲਈ ਵੀ ਯਤਨਸ਼ੀਲ ਹੈ।

## 1.3 ਖੋਜ ਕਾਰਜ ਦੇ ਉਦੇਸ਼:

ਇਸ ਖੋਜ ਦਾ ਉਦੇਸ਼ ਨਿਮਨ ਅਨੁਸਾਰ ਹੈ:

ੳ. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦਾ ਅਧਿਐਨ ਕਰਦੇ ਹੋਏ ਇਸ ਬਾਣੀ-ਰੂਪ ਵਿਚ ਪ੍ਰਸਤੁਤ ਤਤਕਾਲੀ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਸੱਭਿਆਚਾਰਕਪ੍ਰਸਥਿਤੀਆਂ ਨੂੰ ਉਘਾੜਨਾ।

ਅ. ਉਪਰੋਕਤ ਪ੍ਰਸਤੁਤ ਪ੍ਰਸਥਿਤੀਆਂ ਦੀ ਵਰਤਮਾਨ-ਕਾਲੀ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਸੱਭਿਆਚਾਰਕ ਪ੍ਰਸਥਿਤੀਆਂਨਾਲ ਤੁਲਨਾ ਕਰਨਾ।

ੲ. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਪ੍ਰਸਤੁਤ ਵਿਚਾਰਧਾਰਾ ਦੀ ਵਰਤਮਾਨ ਕਾਲ ਵਿਚ ਪ੍ਰਸੰਗਕਤਾ ਨੂੰ ਸਪਸ਼ਟ ਕਰਨਾ।

ਸ. ਅਜਿਹੇ ਮਨੁੱਖਤਾਵਾਦੀ ਦਰਸ਼ਨ ਦੇ ਹੁੰਦਿਆਂ-ਸੁੰਦਿਆਂ ਅਜੋਕੇ ਮਾਨਵ ਦਾ ਕਸ਼ਟਾਂ ਵਿਚ ਭਰਪੂਰ ਗ੍ਰਸੇ ਹੋਣ ਦੇ ਕਾਰਨ ਤਲਾਸ਼ਣਾ ਅਤੇ ਨਾਲ ਹੀ 'ਇਸ ਮਨੁੱਖ-ਕਲਿਆਣਕਾਰੀ ਵਿਚਾਰਧਾਰਾ ਦੇ ਅਜੋਕੇ ਮਾਨਵ ਦੀ ਸਹਿਜ ਪਹੁੰਚ ਵਿਚ ਹੁੰਦਿਆਂ ਹੋਇਆਂ ਵੀ ਇਸਤੋਂ ਦੂਰ ਹੋਣਾ' ਦੇ ਕਾਰਕਾਂ ਦੀ ਨਿਸ਼ਾਨਦੇਹੀ ਕਰਨਾ।

## 1.4 ਖੋਜ-ਵਿਧੀ:

ਇਸ ਖੋਜ-ਕਾਰਜ ਲਈ ਖੋਜ-ਵਿਧੀ ਪਾਠਗਤ ਅਧਿਐਨ ਅਤੇ ਖੇਤਰੀ ਕਾਰਜ ਹੈ।

### 1.4.1 ਪਾਠਗਤ ਅਧਿਐਨ :

ਬਿਨਾਂ ਕਿਸੇ ਤਬਦੀਲੀ ਅਤੇ ਬਦਲਾਅ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'ਮੂਲ-ਰੂਪ ਵਿਚ ਪ੍ਰਾਪਤ ਹਨ ਅਤੇ ਗੁਰਮਤਿ-ਵਿਚਾਰਧਾਰਾ ਉੱਪਰ ਵਿਦਵਾਨਾਂ ਦੇ ਕੀਤੇ ਹੋਏ ਕਾਰਜ ਉਪਲਬਧ ਹਨ। ਸੋ, ਮਿੱਥੇ ਹੋਏ ਉਦੇਸ਼ ਦੀ ਸਿੱਧੀ ਲਈ ਇਨ੍ਹਾਂ ਸਾਰਿਆਂ ਦਾ ਨਿੱਠ ਕੇ ਅਧਿਐਨ ਕਰਨ ਦਾ ਭਰਪੂਰ ਯਤਨ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 1822 ਸਲੋਕ ਸੰਕਲਿਤ ਹਨ, ਜਿਨ੍ਹਾਂ ਵਿੱਚੋਂ 1591 ਸਲੋਕ ਵਿਸ਼ੇ ਨਾਲ ਸਬੰਧਤ ਹੋਣ ਕਾਰਨ ਅਧਿਐਨ ਦਾ ਮੁੱਖ ਕੇਂਦਰ, ਬਾਕੀ 331 ਸਲੋਕ (ਜਿਨ੍ਹਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਕ੍ਰਿਤ 67 ਸਲੋਕ, ਸ੍ਰੀ ਗੁਰੂ ਅੰਗਦ ਦੇਵ ਜੀ ਕ੍ਰਿਤ 17 ਸਲੋਕ, ਸ੍ਰੀ ਗੁਰੂ ਅਮਰਦਾਸ ਜੀ ਕ੍ਰਿਤ 86

ਸਲੋਕ, ਸ੍ਰੀ ਗੁਰੂ ਰਾਮ ਦਾਸ ਜੀ ਕ੍ਰਿਤ 24 ਸਲੋਕ, ਸ੍ਰੀ ਗੁਰੂ ਅਰਜਨ ਦੇਵ ਜੀ ਕ੍ਰਿਤ 46 ਸਲੋਕ, ਸ੍ਰੀ ਗੁਰੂ ਤੇਗ ਬਹਾਦਰ ਜੀ ਕ੍ਰਿਤ 48 ਸਲੋਕ, ਭਗਤ ਕਬੀਰ ਜੀ ਕ੍ਰਿਤ 27 ਸਲੋਕ, ਬਾਬਾ ਫਰੀਦ ਜੀ ਕ੍ਰਿਤ 14 ਸਲੋਕ ਅਤੇ ਭੱਟ ਕਲ੍ਹ ਸਹਾਰ ਜੀ ਕ੍ਰਿਤ 2 ਸਲੋਕ) ਵਿਸ਼ੇ ਨਾਲ ਸਿੱਧੇ ਸਬੰਧਤ ਨਾ ਹੋਣ ਕਾਰਨ ਅਤੇ ਥੀਸਿਜ਼ ਦੇ ਵੱਧ ਵਿਸਤਾਰ ਨੂੰ ਮੁੱਖ ਰੱਖ ਕੇ ਉਦਾਹਰਨਾਂ ਦਾ ਹਿੱਸਾ ਤਾਂ ਨਹੀਂ ਬਣੇ ਪਰ ਅਸਿੱਧੇ ਰੂਪ ਵਿਚ ਉਹ ਵੀ ਅਧਿਐਨ ਦਾ ਹਿੱਸਾ ਹੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਹੇਠ ਲਿਖੇ ਸਾਹਿਤ ਦਾ ਵੀ ਅਧਿਐਨ ਕੀਤਾ ਗਿਆ ਹੈ:

i. ਵਿਸ਼ੇ ਨਾਲ ਸਬੰਧਤ ਆਲੋਚਨਾਤਮਕ ਕਾਰਜ
ii. ਵਿਭਿੰਨ ਪੁਸਤਕਾਲਾਂ ਵਿਚ ਉਪਲਬਧ ਆਮ ਤੌਰ 'ਤੇ ਘੱਟ ਪ੍ਰਾਪਤ ਸਾਹਿਤ
iii. ਜਨਮ ਸਾਖੀ ਸਾਹਿਤ
iv. ਟੀਕਾ ਸਾਹਿਤ
v. ਪਰਚੀਆਂ
vi. ਵੱਖ-ਵੱਖ ਕੋਸ਼ਾਂ ਦੀ ਵਰਤੋਂ
vii. ਪੱਤ੍ਰਕਾਵਾਂ ਅਤੇ ਵਿਸ਼ੇਸ਼ ਅੰਕ
viii. ਅਖ਼ਬਾਰਾਂ ਤੇ ਰਸਾਲੇ
ix. ਵੈੱਬ ਸਾਈਟਸ
x. ਆਮ ਸਾਹਿਤ ਦਾ ਅਧਿਐਨ ਕੀਤਾ ਗਿਆ।

ਖੋਜ ਦੀ ਤਰਕਵਾਦੀ ਵਿਧੀ ਦੇ ਅੰਤਰਗਤ ਆਉਂਦੀਆਂ ਦੋ ਉਪ-ਵਿਧੀਆਂ, ਨਿਗਨਾਤਮਕ ਅਤੇ ਆਗਨਾਤਮਕ ਉਪ-ਵਿਧੀ ਵਿੱਚੋਂ ਆਗਨਾਤਮਕ ਉਪ-ਵਿਧੀ ਦੀ ਮੁੱਖ ਤੌਰ 'ਤੇ ਵਰਤੋਂ ਕੀਤੀ ਗਈ ਹੈ।

### 1.4.2 ਖੇਤਰੀ ਕਾਰਜ:

ਖੇਤਰੀ ਕਾਰਜ ਅਧੀਨ ਧਾਰਮਕ ਸੰਸਥਾਵਾਂ ਦੇ ਪ੍ਰਬੰਧਕਾਂ, ਵਿੱਦਿਅਕ ਸੰਸਥਾਵਾਂ ਦੇ ਮੁਖੀਆਂ, ਸਬੰਧਤ ਵਿਸ਼ੇਸ਼ੱਗਾਂ ਨਾਲ ਭੇਂਟ-ਵਾਰਤਾ ਕੀਤੀ ਗਈ ਹੈ।

## 1.5 ਪਰਿਕਲਪਨਾ:

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਨੂੰ ਨਾ ਕੇਵਲ ਅਧਿਆਤਮਿਕ ਜੀਵਨ ਵਿਚ ਹੀ ਸੇਧ ਦੇਣ ਦੇ ਸਮਰੱਥ ਹੈ ਬਲਕਿ ਇਸ ਬਾਣੀ ਵਿਚ ਤਤਕਾਲੀ ਦੌਰ ਦੀਆਂ ਵਿਭਿੰਨ ਸਮਾਜਿਕ-ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਪ੍ਰਸਥਿਤੀਆਂ ਦਾ ਵੀ ਯਥਾਯੋਗ ਜ਼ਿਕਰ ਹੈ। ਇਸ ਬਾਣੀ ਵਿਚ ਵਾਤਾਵਰਨ ਸੰਭਾਲ ਦੀ ਪ੍ਰੇਰਨਾ ਵੀ ਨਿਹਿਤ ਹੈ। ਇਸ ਬਾਣੀ ਦੀ ਵਿਆਖਿਆ ਸ਼ਰਧਾ ਦੀਆਂ ਵਲਗਣਾਂ ਵਿੱਚੋਂ ਬਾਹਰ ਆ ਕੇ ਕਰਨ ਦੀ ਲੋੜ ਹੈ ਤਾਂ ਜੋ ਅਜੋਕੇ ਦੌਰ ਦੇ ਮਨੁੱਖ ਦੇ ਵਿਸੰਗਤੀਆਂ ਭਰੇ ਜੀਵਨ ਦੀਆਂ ਸਮੱਸਿਆਵਾਂ ਦੇ ਹੱਲ ਵਜੋਂ ਇਸ ਬਾਣੀ ਦੀ ਫਿਲਾਸਫ਼ੀ ਨੂੰ ਪੇਸ਼ ਕੀਤਾ ਜਾ ਸਕੇ। ਦੂਸਰਾ, ਮਨੁੱਖ ਅਜਿਹੀ ਸਰਬ-ਕਲਿਆਣਕਾਰੀ ਵਿਚਾਰਧਾਰਾ ਦੇ ਮਨੁੱਖ ਦੀ ਪਹੁੰਚ ਵਿਚ ਹੁੰਦਿਆਂ ਵੀ ਅਜੋਕਾ ਮਨੁੱਖ ਇਸ ਤੋਂ ਦੂਰ ਹੈ।

## 1.6 ਪਹਿਲਾਂ ਹੋ ਚੁੱਕਾ ਖੋਜ ਕਾਰਜ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕ ਬਾਣੀ-ਰੂਪ ਉਪਰ ਪ੍ਰਸਤਾਵਿਤ ਵਿਸ਼ੇ ਤੋਂ ਕੋਈ ਵੀ ਖੋਜ-ਕਾਰਜ ਨਹੀਂ ਹੋਇਆ। ਇਸ ਵਿਸ਼ੇ ਨਾਲ ਕਿਸੇ ਤਰ੍ਹਾਂ ਸਬੰਧਤ, ਖੋਜ-ਕਾਰਜ, ਜਿਹੜੇ ਕੋਈ ਹੋਏ ਹਨ, ਉਨ੍ਹਾਂ ਦਾ ਵੇਰਵਾ ਡਾ.ਧਰਮ ਸਿੰਘ, ਸਾਬਕਾ ਪ੍ਰੋਫ਼ੈਸਰ ਤੇ ਮੁਖੀ, ਪੰਜਾਬੀ ਅਧਿਐਨ ਸਕੂਲ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ)ਕ੍ਰਿਤ ਖੋਜ-ਕਾਰਜ ਸੰਦਰਭ ਗ੍ਰੰਥ, 'ਪੰਜਾਬੀ ਖੋਜ ਸੰਦਰਭ' (ਪ੍ਰਕਾਸ਼ਤ2008 ਅਤੇ ਨਵਾਂ ਐਡੀਸ਼ਨ 2014) ਵਿਚ ਵਿਭਿੰਨ ਮੁੱਖ ਯੂਨੀਵਰਸਿਟੀਆਂ ਵਿਚ, ਪੰਜਾਬੀ ਸਾਹਿਤ ਨਾਲ ਸੰਬੰਧਤ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਹੋਏ ਖੋਜ ਕਾਰਜਾਂ ਦਾ ਉਲੇਖ ਹੈ। ਸੂਚਨਾ ਦੇ ਅਧਿਕਾਰ ਐਕਟ, 2005 ਅਧੀਨ ਮੁੱਖ ਯੂਨੀਵਰਸਿਟੀਆਂ, ਜੋ ਪੰਜਾਬੀ ਸਾਹਿਤ ਉਪਰ ਖੋਜ-ਕਾਰਜਕਰਵਾਉਦੀਆਂ ਹਨ, ਤੋਂ ਪ੍ਰਾਪਤ ਲਿਖਤੀ ਜਾਣਕਾਰੀ ਮੁਤਾਬਕ ਹੁਣ ਤੱਕ ਹੋਏ ਖੋਜ ਕਾਰਜ ਅਤੇ ਰਜਿਸਟਰਡ ਟੱਪਿਕਸ ਦੀ ਜਾਣਕਾਰੀ ਨੂੰ ਆਧਾਰ ਰੱਖਦੇ ਹੋਏ, ਹੇਠ ਲਿਖੇ ਖੋਜ-ਕਾਰਜ ਸਬੰਧਤ ਜਾਪਦੇ ਹਨ ਪਰ ਵਿਸ਼ਾ-ਵਸਤੂ ਪੱਖੋਂ ਅੰਤਰ ਰੱਖਦੇ ਹਨ। ਵੇਰਵਾ ਇਸ ਪ੍ਰਕਾਰ ਹੈ:

### 1.6.1 ਪੰਜਾਬੀ ਭਾਸ਼ਾ ਵਿਚ ਹੋ-ਚੁੱਕਾ ਖੋਜ-ਕਾਰਜ:

- ਉਜਾਗਰ ਸਿੰਘ (ਸਹਿਗਲ), 'ਗੋਰਖਬਾਣੀ ਅਤੇ ਨਾਨਕਬਾਣੀ ਦੀ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1978: ਇਹ ਖੋਜ-ਪ੍ਰਬੰਧ ਪੰਜਾਬ ਯੂਨੀਵਰਸਿਟੀ ਦੀ ਪੁਸਤਕਾਲਾ ਵਿਚ ਉਪਲਬਧ ਹੈ। ਇਸ ਖੋਜ-ਪ੍ਰਬੰਧ ਵਿਚ ਗੁਰੂ ਨਾਨਕ ਬਾਣੀ ਵਿਚ ਪ੍ਰਗਟ ਵਿਚਾਰਧਾਰਾ ਅਤੇ ਗੋਰਖ ਬਾਣੀ ਦੀ ਵਿਚਾਰਧਾਰਾ ਨੂੰ ਤੁਲਨਾਇਆ ਗਿਆ ਹੈ। ਖੋਜ-ਪ੍ਰਬੰਧ ਦੇ ਪਹਿਲੇ ਅਧਿਆਇ ਵਿਚ ਤੁਲਨਾਤਮਕ ਸਾਹਿਤ ਅਧਿਐਨ ਦੀ ਬਾਤ ਪਾਈ ਗਈ ਹੈ। ਕੁੱਲ ਪੰਜ ਅਧਿਆਇ ਹਨ। ਅਗਲੇ ਚਾਰ ਅਧਿਆਵਾਂ ਵਿਚ ਦਾਰਸ਼ਨਿਕ, ਅਧਿਆਤਮਿਕ, ਧਾਰਮਿਕ ਅਤੇ ਸਮਾਜਿਕ ਵਿਚਾਰਧਾਰਾ ਦੀ ਤੁਲਨਾ ਕੀਤੀਗਈ ਹੈ।
- ਅਵਤਾਰ ਸਿੰਘ, 'ਆਦਿ ਗ੍ਰੰਥ ਦੇ ਗੁਰੂ ਕਾਵਿ ਦਾ ਸਮਾਜਕ ਪੱਖ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1980: ਇਹ ਖੋਜ-ਕਾਰਜ ਵੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਲਾਇਬ੍ਰੇਰੀ ਵਿਚ ਮੌਜੂਦ ਹੈ। ਸੰਨ 1980 ਦੌਰਾਨ ਸਵੀਕ੍ਰਿਤ ਇਹ ਖੋਜ-ਪ੍ਰਬੰਧ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਸਾਹਿਬਾਨ ਦੀ ਉਚਾਰਨ ਕੀਤੀ ਹੋਈ ਬਾਣੀ ਵਿਚ ਉਜਾਗਰ ਸਮਾਜਿਕ ਤਾਣੇ-ਬਾਣੇ ਦੀ ਰੂਪ-ਰੇਖਾ ਦਾ ਵਰਣਨ ਹੈ। ਖੋਜ-ਪ੍ਰਬੰਧ ਦੇ ਪਹਿਲੇ ਪਾਠ ਵਿਚ ਸਮਾਜ ਕੀ ਹੈ, ਦਾ ਉਲੇਖ ਹੈ। ਅਗਲੇ ਚਾਰ ਪਾਠਾਂ ਵਿਚ ਸਮਾਜ ਦੇ ਵਿਭਿੰਨ ਪਹਿਲੂਆਂ ਦਾ ਜਿਸ ਤਰ੍ਹਾਂ ਗੁਰੂ-ਬਾਣੀ ਵਿਚ ਕਥਨ-ਵਰਣਨ ਹੈ ਦਾ ਵਿਆਖਿਆਤਮਕ ਵਰਣਨ ਹੈ।
- ਅੰਮ੍ਰਿਤ ਕੌਰ, 'ਆਸਾ ਦੀ ਵਾਰ ਵਿਚ ਸਮਾਜਿਕ ਚੇਤਨਾ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992: ਖੋਜ-ਕਾਰਜ ਦੇ ਪ੍ਰਥਮ ਪਾਠ ਵਿਚ ਸਮਾਜ, ਸਮਾਜਿਕ ਚੇਤਨਾ ਦੇ ਪਰਿਭਾਸ਼ਕ ਪੱਖ ਦੀ ਚਰਚਾ ਹੈ। ਦੂਜੇ ਅਧਿਆਇ ਦਰਮਿਆਨ ਵਾਰ ਸਾਹਿਤ ਦੀ ਤੁਲਨਾ ਦਾ ਪੱਖ ਬਿਆਨ ਕੀਤਾ ਗਿਆ ਹੈ। ਤੀਜੇ ਅਧਿਆਇ ਵਿਚ ਆਸਾ ਦੀ ਵਾਰ ਵਿਚ ਉਲੀਕੇ ਗਏ ਸਮਾਜਿਕ ਪੱਖ ਦਾ ਚਿਤਰਨ ਹੈ। ਚੌਥੇ ਅਧਿਆਇ ਵਿਚ ਆਸਾ ਦੀ ਵਾਰ ਵਿਚ ਬਦਲ ਵਜੋਂ ਉਸਾਰੇ ਗਏ

ਆਦਰਸ਼ਸਮਾਜ ਦਾ ਖ਼ਾਕਾ ਹੈ। ਪੰਜਵੇਂ ਅਧਿਆਇ ਵਿਚ ਇਸ ਬਦਲ ਵਜੋਂ ਪੈਦਾ ਹੋਈ ਸਮਾਜਿਕ ਚੇਤਨਾ ਦਾ ਉਲੇਖ ਹੈ।

- ਇਕਬਾਲ ਕੌਰ ਸੌਂਧ, 'ਗੁਰੂ ਨਾਨਕ ਬਾਣੀ ਵਿਚ ਧਾਰਮਿਕ ਸਮਾਜਕ ਤੇ ਰਾਜਨੀਤਕ ਪ੍ਰਸਥਿਤੀਆਂ ਦੀ ਸਮੀਖਿਆ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1977: ਇਸ ਖੋਜ-ਪ੍ਰਬੰਧ ਦੇ ਛੇ ਅਧਿਆਇ ਹਨ। ਪਹਿਲੇ ਪਾਠ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ ਬਾਣੀ ਦਾ ਵਿਵਰਣ ਹੈ। ਦੂਜੇ ਅਧਿਆਇ ਵਿਚ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਪੱਖਾਂ ਤੇ ਚਾਨਣਾ ਪਾਇਆ ਗਿਆ ਹੈ। ਤੀਜੇ ਅਧਿਆਇ ਵਿਚ ਗੁਰੂ ਨਾਨਕ ਬਾਣੀ ਵਿਚ ਪ੍ਰਗਟ ਧਾਰਮਿਕ ਪ੍ਰਸਥਿਤੀਆਂ ਦਾ ਵਰਣਨ ਹੈ। ਚੌਥੇ ਅਧਿਆਇ ਵਿਚ ਗੁਰੂ ਨਾਨਕ ਕਾਲ ਅਤੇ ਪੂਰਵ ਨਾਨਕ ਕਾਲ ਦੀਆਂ ਸਮਾਜਿਕ ਹਾਲਤਾਂ ਦਾ ਉਲੇਖ ਹੈ। ਪੰਜਵੇਂ ਅਧਿਆਇ ਵਿਚ ਗੁਰੂਨਾਨਕ ਕਾਲ ਅਤੇ ਪੂਰਵ ਨਾਨਕ ਕਾਲ ਦੀਆਂ ਰਾਜਨੀਤਕ ਸਥਿਤੀਆਂ ਦੀ ਭਰਪੂਰ ਚਰਚਾ ਹੈ। ਛੇਵਾਂ ਅਧਿਆਇ ਸਿੱਟੇ ਅਤੇ ਨਿਚੋੜ ਦਾ ਹੈ।
- ਸੁਖਵਿੰਦਰ ਸਿੰਘ, 'ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਦਾ ਰੂਪਾਕਾਰਕ ਅਧਿਐਨ', ਜੰਮੂ ਯੂਨੀਵਰਸਿਟੀ, ਜੰਮੂ, 1992: ਸੁਖਵਿੰਦਰ ਸਿੰਘ ਦੁਆਰਾ ਕੀਤਾ ਗਿਆ ਖੋਜ-ਕਾਰਜ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਦਾ ਰੂਪਕ ਪੱਖ ਤੋਂ ਅਧਿਐਨ ਹੈ।
- ਸੁਰਜੀਤ ਸਿੰਘ (ਪਾਤਰ), 'ਨਾਨਕਬਾਣੀ ਵਿਚ ਲੋਕਧਾਰਾਈ ਸਮੱਗਰੀ ਦਾ ਰੂਪਾਂਤਰਣ', ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1976: ਸੁਰਜੀਤ ਸਿੰਘ ਪਾਤਰ ਦਾ ਕੀਤਾ ਹੋਇਆ ਇਹ ਖੋਜ-ਕਾਰਜ ਸਮਕਾਲੀ ਪਰਿਪੇਖ ਵਿਚ ਪ੍ਰਾਪਤ ਲੋਕਧਾਰਾਈ ਸਮੱਗਰੀ ਨੂੰ ਕਿਵੇਂ ਗੁਰੂ ਨਾਨਕ ਨੇ ਆਪਣੇ ਸ਼ਬਦ ਵਿਚ ਵਰਤਿਆ ਹੈ ਅਤੇ ਕਿਵੇਂ ਇਸ ਆਧਾਰ ਨੂੰ ਜੀਵਨ ਜਾਚ ਦੇ ਤੌਰ 'ਤੇ ਦਰਸਾਇਆ ਹੈ, ਦਾ ਵਰਣਨ ਹੈ।
- ਸੁਰਿੰਦਰ ਕੌਰ, 'ਗੁਰੂ ਨਾਨਕ ਬਾਣੀ ਦਾ ਸਮਾਜਕ ਪੱਖ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ-1981: ਇਹ ਖੋਜ-ਪ੍ਰਬੰਧ ਵੀ ਉਕਤਯੂਨੀਵਰਸਿਟੀ ਵਿਚ ਮੌਜੂਦ ਹੈ। ਸਮਾਜਿਕ ਪੱਖ ਦੇ ਅਧਿਐਨ ਲਈ ਇਸ ਖੋਜ-ਪ੍ਰਬੰਧ ਵਿਚ ਕੇਵਲ ਗੁਰੂ ਨਾਨਕ ਬਾਣੀ ਨੂੰ ਆਧਾਰ ਵਜੋਂ ਲਿਆ ਗਿਆ ਹੈ।
- ਹਰਜਿੰਦਰ ਕੌਰ, 'ਗੁਰੂ ਨਾਨਕ ਦੀਆਂ ਵਾਰਾਂ ਦਾ ਲੋਕ ਤਾਤਵਿਕ ਅਧਿਐਨ', ਜੰਮੂ ਯੂਨੀਵਰਸਿਟੀ, ਜੰਮੂ, 1987: ਇਸ ਖੋਜ-ਪ੍ਰਬੰਧ ਵਿਚ ਹਰਜਿੰਦਰ ਕੌਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਹੇਠ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਕਲਿਤ ਵਾਰਾਂ ਦਾ ਲੋਕ-ਤੱਤਾਂ ਦੇ ਪੱਖ ਤੋਂ ਅਧਿਐਨ ਕੀਤਾ ਹੈ।
- ਹਰਦਿਲਜੀਤ ਸਿੰਘ (ਗੋਸਲ), 'ਭਾਰਤੀ ਦਰਸ਼ਨ ਦੇ ਪ੍ਰਸੰਗ ਵਿਚ ਗੁਰੂ ਤੇਗ ਬਹਾਦਰ ਬਾਣੀ ਦਾ ਅਧਿਐਨ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1995: ਇਸ ਖੋਜ-ਪ੍ਰਬੰਧ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਆਧਾਰ-ਰੂਪ ਲੈਂਦੇ ਹੋਏ ਭਾਰਤੀ ਦਰਸ਼ਨ ਦੇ ਪ੍ਰਸੰਗ ਦੇ ਪਰਿਪੇਖ ਵਿਚ ਤੁਲਨਾਇਆ ਗਿਆ ਹੈ।
- ਹਰਬੰਸ ਸਿੰਘ ਚਾਵਲਾ, 'ਗੁਰਬਾਣੀ ਵਿਚ ਸਮਕਾਲੀ ਸਮਾਜਿਕ ਚਿੱਤਰ', ਦਿੱਲੀ ਯੂਨੀਵਰਸਿਟੀ, ਦਿੱਲੀ, 1983: ਹਰਬੰਸ ਸਿੰਘ ਚਾਵਲਾ ਦੁਆਰਾ ਕੀਤਾ ਹੋਇਆ ਇਹ ਖੋਜ-ਕਾਰਜ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ ਸਮਕਾਲੀ ਸਮਾਜ ਦੇ ਵਰਣਨ ਦਾ ਉਲੇਖ ਹੈ।

- ਹਰਮੀਤ ਕੌਰ, 'ਗੁਰੂ ਨਾਨਕ ਦੀਆਂ ਵਾਰਾਂ ਦਾ ਥੀਮਕ ਅਧਿਐਨ', ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2005: ਇਸ ਖੋਜ-ਪ੍ਰਬੰਧ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਹਲਾ ਪਹਿਲਾ ਦੇ ਅੰਤਰਗਤ ਵਾਰਾਂ ਦਾ ਵਿਚਾਰਧਾਰਾਈ ਵਿਵੇਚਨ ਕੀਤਾ ਗਿਆ ਹੈ।
- ਗੁਰਭਗਤ ਸਿੰਘ, 'ਗੁਰੂ ਨਾਨਕ ਬਾਣੀ ਵਿਚ ਪ੍ਰਤੀਬਿੰਬਤ ਉਤਰ ਭਾਰਤੀ ਸਮਾਜ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1974: ਗੁਰਭਗਤ ਸਿੰਘ ਨੇ ਗੁਰੂ ਨਾਨਕ ਦੇਵ ਜੀ ਵਲੋਂ ਆਪਣੀ ਬਾਣੀ ਵਿਚ ਸਮਾਜ ਦੇ ਖਿੱਚੇ ਹੋਏ ਚਿੱਤਰ ਅਤੇ ਦਰਸਾਏ ਸਮਾਜਿਕ ਜੀਵਨ-ਜਾਚ ਦੇ ਮਾਰਗ ਦਾ ਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕੀਤਾ ਹੈ।
- ਗੁਰਸ਼ਰਨਜੀਤ ਸਿੰਘ, 'ਗੁਰੂ ਨਾਨਕ ਬਾਣੀ ਦੇ ਮੂਲ਼ ਮੁੱਦੇ', ਗੁਰੂ ਨਾਨਕ ਦੇਵ ਯੂਨੀਵਰਸਿਟੀ', ਅੰਮ੍ਰਿਤਸਰ, 1982: ਇਸ ਖੋਜ-ਪ੍ਰਬੰਧ ਵਿਚ ਗੁਰੂ ਨਾਨਕ ਬਾਣੀ ਵਿਚ ਪੇਸ਼ ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਰਾਜਨੀਤਕ ਮੁੱਦਿਆਂ ਦਾ ਵਿਸਥਾਰ ਹੈ।
- ਜੋਗਿੰਦਰ ਕੌਰ, 'ਗੁਰੂ ਨਾਨਕ ਬਾਣੀ ਵਿਚ ਸਮਕਾਲੀ ਸਮਾਜ ਦਾ ਚਿਤਰਨ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1998: ਇਸ ਖੋਜ-ਪ੍ਰਬੰਧ ਵਿਚ ਗੁਰੂ ਨਾਨਕ ਬਾਣੀ ਵਿਚ ਪ੍ਰਸਤੁਤ ਸਮਕਾਲੀ ਸਮਾਜ ਦਾ ਭਰਪੂਰ ਵੇਰਵਾ ਹੈ।
- ਦਵਿੰਦਰ ਬਤਰਾ (ਦੀਪ), 'ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਗੁਰੂ ਨਾਨਕ ਬਾਣੀ ਵਿਚ ਭਾਰਤੀ ਸਭਿਆਚਾਰ ਦਾ ਚਿਤ੍ਰਨ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1979: ਇਸ ਖੋਜ-ਪ੍ਰਬੰਧ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੁ ਨਾਨਕ ਬਾਣੀ ਵਿਚ ਪੇਸ਼ ਭਾਰਤੀ ਸਭਿਆਚਾਰ ਦਾ ਵੇਰਵਾ ਹੈ।
- ਪ੍ਰੀਤਮ ਕੌਰ, 'ਆਦਿ ਗ੍ਰੰਥ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ', ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 1987: ਪ੍ਰੀਤਮ ਕੌਰ ਨੇ ਆਪਣੇ ਇਸ ਖੋਜ-ਕੰਮ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀਆਂ ਵਾਰਾਂ ਦਾ ਥੀਮਕ ਅਤੇ ਰੂਪਕ ਪੱਖ ਤੋਂ ਅਧਿਐਨ ਕੀਤਾ ਹੈ।
- ਬਰਜਿੰਦਰ ਕੌਰ ਅਮੋਲ, 'ਆਦਿ ਗ੍ਰੰਥ ਦੀਆਂ ਵਿਚ ਸੰਕਲਿਤ ਵਾਰਾਂ ਦਾ ਸਭਿਆਚਾਰਕ ਅਧਿਐਨ', ਪੰਜਾਬੀ ਯੂਨੀਵਰਸਿਟੀ, ਪਟਿਆਲਾ 1992: ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਧੀਨ ਕੀਤੇ ਗਏ ਬਰਜਿੰਦਰ ਕੌਰ ਅਮੋਲ ਦੇ ਇਸ ਖੋਜ-ਕਾਰਜ ਵਿਚਗੁਰੂਗ੍ਰੰਥ ਸਾਹਿਬ ਵਿਚ ਦਰਜ ਸਮੁੱਚੀਆਂ ਵਾਰਾਂ ਦਾ ਸਭਿਆਚਾਰਕ ਸੰਦਰਭ ਤੋਂ ਵਿਸ਼ੇਸ਼ ਅਧਿਐਨ ਕੀਤਾ ਗਿਆ ਹੈ।
- ਮਹਿੰਦਰ ਪਾਲ ਸਿੰਘ, 'ਆਦਿ ਗ੍ਰੰਥ ਵਿਚ ਦਰਜ ਭਗਤ ਬਾਣੀ ਦਾ ਵਿਚਾਰਧਾਰਕ ਪਰਿਪੇਖ ਅਧਿਐਨ', ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, 2003: ਇਸ ਖੋਜ-ਪ੍ਰਬੰਧ ਵਿਚਗੁਰੂਗ੍ਰੰਥ ਸਾਹਿਬ ਵਿਚ ਸੰਕਲਿਤ ਗਿਆਰਾਂ ਭਗਤ ਸਾਹਿਬਾਨ ਦੀ ਸਮੁੱਚੀ ਬਾਣੀ ਦਾ ਵਿਚਾਰਧਾਰਾਈ ਅਧਿਐਨ ਹੈ।
- ਮਹੀਪ ਇੰਦਰ ਕੌਰ, 'ਗੁਰੂ ਨਾਨਕ ਬਾਣੀ ਵਿਚ ਮਿੱਥ ਅਤੇ ਰੀਤ ਦੀ ਪੇਸ਼ਕਾਰੀ', ਗੁਰੂਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2003 (ਪ੍ਰਕਾਸ਼ਿਤ): ਗੁਰੂ ਨਾਨਕ ਬਾਣੀ ਦਾ ਲੋਕਧਾਰਾਈ ਅਧਿਐਨ, ਕੁਨਾਲ ਪ੍ਰਕਾਸ਼ਨ, ਜਲੰਧਰ, 2004-ਇਹ ਖੋਜ-ਪ੍ਰਬੰਧ, "ਗੁਰੂ ਨਾਨਕ ਬਾਣੀ ਦਾ ਲੋਕਧਾਰਾਈ ਅਧਿਐਨ" ਦੇ ਤੌਰ 'ਤੇ ਪੁਸਤਕ ਰੂਪ ਵਿਚ ਵੀ ਛਪਿਆ ਹੈ, ਜਿਸ ਵਿਚ ਗੁਰੂ ਨਾਨਕ ਬਾਣੀ ਵਿਚ ਪੇਸ਼ ਲੋਕਧਾਰਾਈ ਪੱਖ ਦਾ ਅਧਿਐਨ ਕੀਤਾ ਗਿਆ ਹੈ।

- ਮਨਜੀਤ ਕੌਰ ਚੋਪੜਾ, 'ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਦੀਆਂ ਵਾਰਾਂ ਦਾ ਆਲੋਚਨਾਤਮਕ ਅਧਿਐਨ', ਗੁਰੂਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975: ਮਨਜੀਤ ਕੌਰ ਚੋਪੜਾ ਨੇ ਆਪਣੇ ਇਸ ਖੋਜ-ਪ੍ਰਬੰਧ ਵਿਚ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਵਾਰਾਂ ਦਾ ਵਿਸ਼ਲੇਸ਼ਣ, ਵਿਸ਼ੇ ਅਤੇ ਰੂਪ ਪੱਖੋਂ ਕੀਤਾ ਹੈ।
- ਸੁਖਦੇਵ ਸਿੰਘ, 'ਗੁਰੂਗ੍ਰੰਥ ਸਾਹਿਬ ਵਿਚ ਦਰਜ ਸਲੋਕਾਂ ਦਾ ਸਮਾਜ-ਸਭਿਆਚਾਰਕ ਅਧਿਐਨ' : ਸੁਖਦੇਵ ਸਿੰਘ ਦਾ ਖੋਜ-ਕਾਰਜ 2012 ਵਿਚ ਮੁਕੰਮਲ ਹੋਇਆ ਹੈ। ਪਹਿਲਾਂ ਸਲੋਕ ਬਾਣੀ-ਰੂਪ ਦੀ ਚਰਚਾ ਕਰਦੇ ਹੋਏ, ਫਿਰ ਸਲੋਕ ਬਾਣੀ-ਰੂਪ ਵਿਚ ਦ੍ਰਿਸ਼ਟੀਗਤ ਅਧਿਆਤਮਿਕ ਚਿੰਤਨ, ਦਾਰਸ਼ਨਿਕ ਚਿੰਤਨ, ਤਤਕਾਲੀ ਸੱਭਿਆਚਾਰ ਅਤੇ ਸਮਾਜ ਦਾ ਉਲੇਖ ਕੀਤਾ ਗਿਆ ਹੈ। ਇਸ ਖੋਜ ਕਾਰਜ ਤੋਂ ਹਥਲੇ ਖੋਜ ਕਾਰਜ ਦੀ ਵੱਖਰਤਾ ਜਾਂ ਵਿਸ਼ੇਸ਼ਤਾ ਇਹ ਹੈ ਕਿ ਉਪਰੋਕਤ ਖੋਜ-ਕਾਰਜ ਵਿਚ ਜਿੱਥੇ ਤਤਕਾਲੀ ਸਮਾਜ ਅਤੇ ਸੱਭਿਆਚਾਰ ਨੂੰ ਸਿਧਾਂਤਕ ਤੌਰ 'ਤੇ ਵਧੇਰੇ ਪੇਸ਼ ਕੀਤਾ ਗਿਆ ਹੈ ਓਥੇ ਹਥਲੇ ਖੋਜ-ਕਾਰਜ ਵਿਚ ਇਹ ਕੰਮ ਵਿਵਹਾਰਕ ਪੱਧਰ 'ਤੇ ਕੀਤਾ ਗਿਆ ਹੈ। ਨਾਲ ਦੀ ਨਾਲ ਪ੍ਰਾਪਤ ਪ੍ਰਸਥਿਤੀਆਂ ਨੂੰ ਵਰਤਮਾਨ ਨਾਲ ਤੁਲਨਾਇਆ ਗਿਆ ਹੈ ਤੇ ਗੁਰਬਾਣੀ ਦੀ ਸਮਕਾਲੀ ਸਾਰਥਿਕਤਾ ਸਿੱਧ ਕੀਤੀ ਗਈ ਹੈ। ਇਸ ਕਾਰਨ ਹਥਲਾ ਖੋਜ ਕਾਰਜ ਪੰਜਾਬੀ ਖੋਜ ਵਿਚ ਨਵੀਆਂ ਸੰਭਾਵਾਨਾਵਾਂ ਪੈਦਾ ਕਰਨ ਦੇ ਸਮਰੱਥ ਹੈ।

### 1.6.2 ਹਿੰਦੀ ਭਾਸ਼ਾ ਵਿਚ ਹੋ-ਚੁੱਕਾ ਖੋਜ-ਕਾਰਜ:

- ਮਨਮੋਹਨ ਸਹਿਗਲ (ਡਾ.), 'ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਕਸ਼ਣ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971: ਇਸ ਪੁਸਤਕ ਵਿਚ ਤਤਕਾਲੀ ਧਾਰਮਿਕ ਪਰੰਪਰਾਵਾਂ ਅਤੇ ਧਰਮਾਂ ਦੇ ਸਨਮੁਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।
- ਸੁਮਨ ਸ਼ਰਮਾ (ਡਾ.), 'ਮੱਧਯ ਕਾਲੀਨ ਭਗਤੀ ਆਂਦੋਲਨ ਕਾ ਸਾਮਾਜਿਕ ਵਿਵੇਚਨ', ਵਿਸ਼ਵਵਿਦਯਾਲਯ ਪ੍ਰਕਾਸ਼ਨ ਵਾਰਾਨਸੀ, 1974: ਇਸ ਪੁਸਤਕ ਵਿਚ ਭਗਤੀ-ਕਾਲ ਦੇ ਵਿਭਿੰਨ ਪ੍ਰਵਰਤਕਾਂ ਦੀ ਰਚਨਾ ਦਾ ਵਿਸ਼ਲੇਸ਼ਣ ਕਰਦੇ ਹੋਏ ਉਸ ਵਿਚ ਪਰਗਟ ਹੁੰਦੀ ਮਾਨਵ-ਚੇਤਨਾ ਦਾ ਵਿਸਤਾਰ ਕੀਤਾ ਗਿਆ ਹੈ।
- ਹਰਵੰਸ਼ ਲਾਲ ਸ਼ਰਮਾ (ਡਾ.), 'ਭਾਰਤੀਯ ਦਰਸ਼ਨ ਪਰੰਪਰਾ ਔਰ ਆਦਿ ਗ੍ਰੰਥ', ਨੈਸ਼ਨਲ ਪਬਲਿਸ਼ਿੰਗ ਹਾਊਸ ਦਿੱਲੀ, 1972: ਇਸ ਪੁਸਤਕ ਵਿਚ ਭਾਰਤੀ ਦਰਸ਼ਨ ਦੇ ਇਤਿਹਾਸਕ ਵਿਕਾਸ ਦੀ ਵਿਸਤ੍ਰਿਤ ਚਰਚਾ ਕੀਤੀ ਗਈ ਹੈ ਅਤੇ ਬਾਰਤੀ ਦਰਸ਼ਨ ਦੇ ਪਰਿਪੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ।
- ਜੈ ਰਾਮ ਮਿਸ਼ਰ, 'ਸ੍ਰੀ ਗੁਰੂ ਗ੍ਰੰਥ ਦਰਸ਼ਨ', ਸਾਹਿਤਯ ਭਵਨ ਇਲਾਹਾਬਾਦ, 1960: ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਹੋਰਨਾਂ ਭਾਰਤੀ ਦਰਸ਼ਨਾਂ ਨਾਲ ਤੁਲਨਾਇਆ ਗਿਆ ਹੈ।
- ਊਸ਼ਾ ਵੋਹਰਾ, 'ਗੁਰਬਾਣੀ ਮੇਂ ਸਮਾਜਿਕ ਚੇਤਨਾ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989: ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵਿਸ਼ਲੇਸ਼ਣ ਕਰਦੇ ਹੋਏ ਇਸ ਬਾਣੀ ਵਿਚ ਪ੍ਰਸਤੁਤ ਮਾਨਵ ਚੇਤਨਾ ਦਾ ਪ੍ਰਸਤੁਤੀਕਰਨ ਕੀਤਾ ਗਿਆ ਹੈ।

### 1.6.3 ਅੰਗਰੇਜ਼ੀ ਭਾਸ਼ਾ ਵਿਚ ਹੋ ਚੁੱਕਾ ਖੋਜ-ਕਾਰਜ:

- Harbans Kaur, 'Medieval Indian Society as reflected in the Bani of Guru Nanak', Punjab University Chandigarh, 1989
- Sher Singh Gyani, 'Philosophy of Sikhism', School of Orientedand African Studies, University of London, 1944
- Jasbir Singh Ahluwalia, 'The Doctrine and Dynamics of Sikhism', Punjabi Universiy Patiala, 1999
- Dharam Singh, 'Sikhism Norm and Form', Vision and Venture, New Delhi, 1997
- Darshan Singh, 'The Bhakti Tradition in India and The Sikh Gurus', Punjab Publishers Chandigarh, 1968
- Fauja Singh and others, 'Sikhism', Punjabi University Patiala, 1969
- Gurnam Kaur, 'The Sikh Perspectives of Human Values', Punjabi University Patiala, 1998

### 1.6.4 2008 ਈ. ਤੋਂ ਮਗਰੋਂ ਦਾ ਖੋਜ-ਕਾਰਜ (ਰਜਿਸਟਰਡ ਵਿਸ਼ੇ):

#### 1.6.4.1 ਪੰਜਾਬੀ ਯੂਨੀਵਰਸਿਟੀ, ਪਟਿਆਲਾ

- ਅਮਨਦੀਪ ਕੌਰ, ਗੁਰੂ ਰਾਮ ਦਾਸ ਦੀ ਬਾਣੀ:ਲੋਕਧਾਰਾਈ ਅਧਿਐਨ
- ਗੁਰਜੀਤ ਕੌਰ, ਭਗਤ ਬਾਣੀ ਦਾ ਸਮਾਜ ਸਭਿਆਚਾਰਕ ਅਧਿਐਨ
- ਰਾਜਿੰਦਰ ਕੌਰ, ਗੁਰੂ ਰਾਮ ਦਾਸ ਜੀ ਦੀ ਬਾਣੀ ਦਾ ਸਭਿਆਚਾਰਕ ਤੇ ਅਧਿਆਤਮਕ ਪੱਖ

#### 1.6.4.2 ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ

- ਸਤਿੰਦਰ ਕੌਰ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ
- ਹਰਵੰਤ ਕੌਰ, ਗੁਰੂ ਅਮਰ ਦਾਸ ਜੀ ਦੀ ਰਚਿਤ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ

#### 1.6.4.3 ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

- ਮਨਜੀਤ ਕੌਰ, ਗੁਰੂ ਨਾਨਕ ਬਾਣੀ ਦਾ ਵਿਚਾਰਧਾਰਕ ਅਧਿਐਨ
- ਰੇਨੂੰ ਬਾਲਾ, ਗੁਰੂਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ
- ਕੰਵਲਜੀਤ,ਗੁਰੂ ਨਾਨਕ ਬਾਣੀ ਦਾ ਸਭਿਆਚਾਰਕ ਅਧਿਐਨ

#### 1.6.4.4 ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

- ਰਮਨਦੀਪ ਕੌਰ, ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਸੰਮਿਲਤ ਪਦ ਕਾਵਿ-ਰੂਪਾਂ ਦਾ ਅਧਿਐਨ

- ਮਨਦੀਪ ਕੌਰ, ਗੁਰੁਗ੍ਰੰਥ ਸਾਹਿਬ ਵਿਚ ਦਰਜ ਸਲੋਕ ਵਾਰਾਂ ਤੇ ਵਧੀਕ ਦਾ ਅਲੋਚਨਾਤਮਕ ਅਧਿਐਨ

## 1.7 ਸਲੋਕ ਬਾਣੀ-ਰੂਪ : ਸਿਧਾਂਤਕ ਪਰਿਪੇਖ

ਬਾਣੀ-ਰੂਪ ਦ੍ਰਿਸ਼ਟੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਰੂਪਾਕਾਰ ਪ੍ਰਯੁਕਤ ਹੋਏ ਹਨ। ਸ਼ਬਦ (ਪਦਾ), ਸਲੋਕ, ਵਾਰ, ਅਸਟਪਦੀ, ਬਾਰਾਂਮਾਹ, ਪੱਟੀ, ਓਅੰਕਾਰ, ਸੋਹਿਲਾ, ਸੋਦਰ, ਆਰਤੀ, ਥਿਤੀ, ਪਹਰਾ, ਪੈਂਤੀ ਅੱਖਰੀ, ਬਾਵਨ ਅੱਖਰੀ, ਰੁਤੀ, ਅੰਜਲੀ, ਬਿਰਹਲਾ, ਕਰਹਲਾ, ਵਣਜਾਰਾ, ਦਿਨ ਰੈਣ, ਅਲਾਹੁਣੀ, ਸਤਵਾਰਾ, ਸੁਚੱਜੀ, ਕੁਚੱਜੀ, ਗੁਣਵੰਤੀ, ਫੁਨਹਾ, ਚਉਬੋਲਾ, ਦੁਪਦਾ, ਚੌਪਦਾ, ਛੰਤ ਆਦਿ ਪ੍ਰਮੁੱਖ ਬਾਣੀ-ਰੂਪਾਕਾਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਵਿਚ ਪੰਨਾ 1 ਤੋਂ ਪੰਨਾ 1430 ਤੱਕ 5867 ਸ਼ਬਦ, ਸਲੋਕ, ਪਉੜੀਆਂ ਆਦਿ ਬਾਣੀ-ਰੂਪ ਹਨ। (ਨਾਭਾ, *ਮਹਾਨ ਕੋਸ਼*437)ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਵਿਚ ਜਿੱਥੇ ਸ਼ਬਦ (ਪਦਾ) ਬਾਣੀ-ਰੂਪ ਦੀ ਗਿਣਤੀ ਸਭ ਤੋਂ ਵੱਧ ਹੈ, ਓਥੇ ਸਲੋਕ ਬਾਣੀ-ਰੂਪ ਦਾ ਗਿਣਤੀ ਪੱਖੋਂ ਦੂਸਰਾ ਸਥਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 1822 ਸਲੋਕ ਸੰਕਲਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 36 ਬਾਣੀਕਾਰਾਂ (6 ਗੁਰੂ ਸਾਹਿਬਾਨ, 11 ਭਗਤ ਸਾਹਿਬਾਨ, 15 ਭੱਟ, 4 ਗੁਰੂ-ਘਰ ਦੇ ਨਿਕਟਵਰਤੀ ਤੇ ਪ੍ਰੇਮੀ) ਵਿੱਚੋਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ (ਜਿਨ੍ਹਾਂ ਦੀ ਸਮੁੱਚੀ ਬਾਣੀ ਸਲੋਕ ਬਾਣੀ-ਰੂਪ ਵਿਚ ਹੀ ਹੈ), ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮ ਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਸ਼ੇਖ਼ ਫਰੀਦ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਭੱਟ ਕਲ੍ਹ ਸਹਾਰ ਜੀ ਨੇ ਭਾਵ-ਪ੍ਰਗਟਾਅ ਹਿੱਤ ਇਸ ਬਾਣੀ-ਰੂਪ ਨੂੰ ਅਪਣਾਇਆ ਹੈ। ਸਭ ਤੋਂ ਵੱਧ ਸਲੋਕ (524) ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚੇ ਹੋਏ ਪ੍ਰਾਪਤ ਹੁੰਦੇ ਹਨ।

### 1.7.1 ਸਲੋਕ ਬਾਣੀ-ਰੂਪ : ਪਰਿਭਾਸ਼ਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਆਪਕ ਰੂਪ ਵਿਚ ਪ੍ਰਾਪਤ ਹੈ। ਇਹ ਭਾਰਤੀ ਮੂਲ ਦਾ ਛੰਦ ਹੈ। (ਜੋਸ਼ੀ, ਖੋਜ ਪਤ੍ਰਿਕਾ: ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ 197) "'ਸ਼ਬਦ', ਜੋ ਕਿ ਲੋਕ ਗਾਇਨ ਸ਼ੈਲੀ ਦਾ ਗੁਰੂ ਜਾਂ ਪ੍ਰਭੂ ਦੇ ਕਿਸੇ ਗੁਣ ਜਾਂ ਸਰਬ ਗੁਣਾਂ ਵੱਲ ਸੰਕੇਤ ਕਰਦਾ ਕਾਵਿ-ਰੂਪ ਹੈ, ਦੀ ਤਰ੍ਹਾਂ ਸਲੋਕ ਵੀ ਸੰਸਕ੍ਰਿਤ ਮੂਲ ਦਾ ਉਹ ਕਾਵਿ-ਰੂਪ ਹੈ ਜਿਹੜਾ ਪ੍ਰਸੰਸਾ ਜਾਂ ਉਸਤਤਿ ਨਾਲ ਸਬੰਧਤ ਹੈ। ਇਹ ਉਸਤਤਿ ਕਾਵਿ ਦੀ ਵੰਨਗੀ ਹੈ। ਸਲੋਕ ਜਸ ਜਾਂ ਕੀਰਤੀ ਦਾ ਗੀਤ ਹੈ।" (ਜੋਸ਼ੀ, *ਖੋਜ ਪਤ੍ਰਿਕਾ: ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ* 197) ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸਲੋਕ ਕਾਵਿ-ਰੂਪ ਨੂੰ ਸੰਸਕ੍ਰਿਤ ਕਾਵਿ-ਰੂਪ 'ਸ਼ਲੋਕ' ਦਾ ਤਦਭਵ ਰੂਪ ਸਵੀਕਾਰਦੇ ਹੋਏ 'ਪ੍ਰਸੰਸਾ', 'ਉਸਤਤਿ' ਜਾਂ 'ਤਾਰੀਫ਼' ਸ਼ਬਦਾਂ ਦਾ ਸਮਅਰਥੀ ਮੰਨਿਆ ਹੈ। (*ਮਹਾਨ ਕੋਸ਼* 172)

ਹਿੰਦੀ ਸਾਹਿਤਯ ਕੋਸ਼ ਅਨੁਸਾਰ, "ਸਲੋਕ ਮੂਲ ਰੂਪ ਵਿੱਚ ਸੰਸਕ੍ਰਿਤ ਦੀ ਅਨੁਸਟਪ ਜਾਤਿ ਦਾ ਛੰਦ ਹੈ। ਇਸ ਵਿੱਚ ਚਾਰ ਪਦ ਅਤੇ 32 ਮਾਤਰਾਵਾਂ ਹੁੰਦੀਆਂ ਹਨ। " ਏਥੇ ਹੁਣ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ 'ਅਨੁਸਟਪ ਜਾਤਿ ਦੇ ਛੰਦ' ਤੋਂ ਕੀ ਭਾਵ ਹੈ? :

"ਇੱਕ ਵਰਣਕ ਛੰਦ, ਜਿਸ ਵਿੱਚ ਸੋਲਾਂ ਸੋਲਾਂ ਅੱਖਰਾਂ ਦੀਆਂ ਦੋ ਤੁਕਾਂ ਅਤੇ ਅੱਠ ਅੱਖਰਾਂ ਦੇ ਚਾਰ ਪਦ, ਕੁੱਲ 32 ਅੱਖਰ, ਹਰੇਕ ਪਦ ਦਾ ਪੰਜਵਾਂ ਅੱਖਰ ਲਘੂ ਅਤੇ ਛੀਵਾਂ ਗੁਰੂ, ਦੂਜੇ ਅਤੇ ਚੌਥੇ ਪਦ ਵਿੱਚ ਸੱਤਵਾਂ ਅੱਖਰ ਲਘੂ ਹੋਣਾ ਜ਼ਰੂਰੀ ਹੈ। ਇਹ ਛੰਦ ਅਕਸਰ ਸੰਸਕ੍ਰਿਤ ਭਾਸ਼ਾ ਦੀ ਰਚਨਾ ਲਈ ਵਰਤੀਦਾ ਹੈ। ਇਸ ਨੂੰ "ਸ਼ਲੋਕ" ਵੀ ਆਖਦੇ ਹਨ। ਸੰਸਕ੍ਰਿਤ ਗ੍ਰੰਥਾਂ ਵਿੱਚ ਅਨੇਕ ਛੰਦ

ਹੁੰਦੇ ਹਨ, ਪਰ ਜਦ ਪੁਸਤਕ ਦੇ ਸਲੋਕਾਂ ਦੀ ਗਿਣਤੀ ਕੀਤੀ ਜਾਵੇ, ਤਦ 32 ਅੱਖਰ ਦਾ ਸ਼ਲੋਕ ਮੰਨ ਕੇ ਹੀ ਗਿਣਤੀ ਹੋਇਆ ਕਰਦੀ ਹੈ -

ਕੀਜੈ ਮਾਨ ਨ ਭੂਲਕੈ, ਵਿਦਯਾ ਰੂਪ ਧਨਾਦਿ ਕੋ ,

ਧਾਰੋ ਪ੍ਰੇਮ ਸੁਸ਼ੀਲਤਾ, ਗੁਰੁਮਤ ਧਰੋ ਚਿਤ । " (ਨਾਭਾ, *ਮਹਾਨ ਕੋਸ਼* 61)

"ਸੰਸਕ੍ਰਿਤ ਸਾਹਿਤ ਤੋਂ ਬਾਅਦ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਵਿਚ ਦੋਹਾ ਅਤੇ ਦੋਹੜਾ ਨਾਲ ਜਾਣੇ ਜਾਣ ਵਾਲਾ ਇਹ ਕਾਵਿ-ਰੂਪ ਮੱਧਕਾਲ ਵਿਚ ਸਲੋਕ ਦੇ ਨਾਮ ਨਾਲ ਪ੍ਰਚਲਿਤ ਹੋਇਆ ਜਿਸ ਨੂੰ ਸੰਤਾਂ, ਭਗਤਾਂ, ਨਾਥਾਂ, ਸੂਫੀਆਂ ਨੇ ਆਪਣੀ ਬਾਣੀ ਵਿਚ ਪ੍ਰਯੋਗ ਕੀਤਾ। " (ਅੰਮ੍ਰਿਤਪਾਲ ਕੌਰ, *ਖੋਜ ਪਤ੍ਰਿਕਾ ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ ਸਤੰਬਰ 2003* 6) "ਚੌਰੰਗੀ ਨਾਥ ਦੀ ਰਚਨਾ 'ਸ਼ਲੋਕਾਂ' ਤੇ 'ਸ਼ਬਦਾਂ' ਵਿੱਚ ਪ੍ਰਾਪਤ ਹੈ। " (ਸਤਿੰਦਰ ਸਿੰਘ, *ਖੋਜ ਪਤ੍ਰਿਕਾ ਸਤੰਬਰ 1985* 176) ਡਾ. ਤਾਰਨ ਸਿੰਘ ਵੀ ਸਲੋਕ ਕਾਵਿ-ਰੂਪ ਨੂੰ ਢੇਰ ਚਿਰ ਪੁਰਾਣਾ ਮੰਨਦੇ ਹਨ ਤੇ ਆਕਾਰ ਵਜੋਂ ਸੰਕੁਚਿਤ ਖ਼ਿਆਲ ਕਰਦੇ ਹਨ- "ਗੁਰੂ ਅੰਗਦ ਸਾਹਿਬ ਨੇ ਕੇਵਲ ਇਕੋ ਕਾਵਿ-ਰੂਪ ਵਿਚ ਆਪਣੇ ਭਾਵਾਂ ਤੇ ਭਾਵਨਾਵਾਂ, ਵਿਚਾਰਾਂ ਤੇ ਵਿਸ਼ਿਆਂ ਨੂੰ ਬੰਨ੍ਹਿਆ ਹੈ। ਉਹ ਕਾਵਿ-ਰੂਪ 'ਸਲੋਕ' ਹੈ ਜਿਸ ਦੀ ਵਰਤੋਂ ਸਦੀਆਂ ਤੋਂ ਹਿੰਦੁਸਤਾਨ ਵਿਚ ਉਪਦੇਸ਼ ਦੇਣ ਲਈ ਹੋ ਰਹੀ ਸੀ। ਇਹ ਬੜੀ ਸੰਕੋਚਵੀਂ ਤੇ ਸੰਖੇਪ ਕਾਵਿ ਉਡਾਰੀ ਨੂੰ ਸਹਾਰ ਸਕਣ ਵਾਲਾ ਕਾਵਿ-ਰੂਪ ਹੈ।" (*ਗੁਰੂ ਅੰਗਦ ਦੇਵ ਜੀ* 82)

ਇਹ ਕਾਵਿ-ਰੂਪ ਪ੍ਰਾਚੀਨ ਕਾਲ ਤੋਂ ਹੀ ਭਾਰਤ ਵਿਚ ਪ੍ਰਚੱਲਤ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕਾਂ ਦੇ ਰਚਣਹਾਰਿਆਂ ਵਿਚ ਕਾਲ ਅਨੁਸਾਰ ਪ੍ਰਥਮ ਸਥਾਨ ਬਾਬਾ ਸ਼ੇਖ਼ ਫਰੀਦ ਜੀ ਦਾ ਹੈ। ਬਾਬਾ ਸ਼ੇਖ਼ ਫਰੀਦ ਜੀ ਦੀ ਚਾਰ ਪਦਿਆਂ (ਸ਼ਬਦਾਂ) ਤੋਂ ਬਿਨਾ, ਬਾਕੀ ਸਾਰੀ ਬਾਣੀ (112 ਸਲੋਕ) ਇਸੇ ਬਾਣੀ-ਰੂਪ ਵਿਚ ਹੈ। ਡਾ. ਤਾਰਨ ਸਿੰਘ ਬਾਬਾ ਫਰੀਦ ਜੀ ਨੂੰ ਹੀ ਪੰਜਾਬੀ ਧਾਰਮਿਕ ਕਾਵਿ ਵਿਚ 'ਪਦਾ' (ਸ਼ਬਦ) ਅਤੇ 'ਸਲੋਕ' ਬਾਣੀ-ਰੂਪ ਦਾ ਆਗ਼ਾਜ਼-ਕਰਤਾ ਮੰਨਦੇ ਹਨ। (*The Punjab Past and Present Part-2* 355)

ਇਸ ਹਿਸਾਬ ਨਾਲ ਪੰਜਾਬੀ ਧਾਰਮਿਕ ਕਾਵਿ ਵਿਚ ਸ਼ਬਦ ਅਤੇ ਸਲੋਕ ਕਾਵਿ-ਰੂਪ ਦਾ ਆਗਮਨ ਤੇਰ੍ਹਵੀਂ ਸਦੀ ਦਾ ਸਿੱਧ ਹੁੰਦਾ ਹੈ। ਸ਼ੇਖ਼ ਫਰੀਦ ਜੀ ਨੇ ਲੋਕ-ਭਾਸ਼ਾ ਵਿਚ ਇਸ ਸਸ਼ਕਤ ਲੋਕ ਕਾਵਿ-ਰੂਪ ਨੂੰ ਭਾਵ-ਸੰਚਾਰ ਦਾ ਮਾਧਿਅਮ ਬਣਾਇਆ। ਧਾਰਮਿਕ ਕਾਰਜਾਂ ਨਾਲ ਸਬੰਧਤਇਸ ਕਾਵਿ-ਰੂਪ ਨੂੰ ਲੋਕ ਜੀਵਨ ਦੇ ਨੇੜੇ ਲਿਆ ਕੇ ਬਾਬਾ ਸ਼ੇਖ ਫਰੀਦ ਜੀ ਨੇ ਮਾਨੋ ਅਰਸ਼ ਨੂੰ ਫ਼ਰਸ਼ ਦੇ ਨੇੜੇ ਢੁਕਾ ਦਿੱਤਾ। (ਸਤਿੰਦਰ ਸਿੰਘ, *ਖੋਜ ਪਤ੍ਰਿਕਾ ਸਤੰਬਰ 1985* 174-176)

ਆਓ, ਇੱਕ ਨਮੂਨਾ ਦੇਖੀਏ:

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥ (ਸ਼ੇਖ ਫਰੀਦ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਜਿੱਥੇ ਉਨ੍ਹਾਂ ਨੇ ਇਸ ਧਾਰਮਿਕ ਕਾਵਿ-ਰੂਪ ਨੂੰ ਲੋਕ-ਜੀਵਨ ਦੇ ਨੇੜੇ ਲਿਆਂਦਾ, ਓਥੇ ਇਸ ਕਾਵਿ-ਰੂਪ ਰਾਹੀਂ ਲੋਕਾਈ ਨੂੰ ਸੱਚੇ-ਸਦੀਵੀ 'ਕੰਤ' ਨਾਲ ਜੁੜਨ ਦਾ ਸੰਦੇਸ਼ ਦਿੱਤਾ। ਇਸ ਬਾਣੀ-ਰੂਪ ਵਿਚ ਬਾਬਾ ਫਰੀਦ ਦੀ ਕਾਵਿਕ ਮੌਲਿਕਤਾ ਦੇ ਦਰਸ਼ਨ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਕੀ ਬਾਣੀਕਾਰਾਂ ਦੀ ਰਚਨਾ ਵਿਚ ਵੀ ਇਸ ਤੱਥ ਦੇ ਦਰਸ਼ਨ ਭਲੀ-ਭਾਂਤ ਹੋ ਜਾਂਦੇ ਹਨ।

ਸੰਸਕ੍ਰਿਤਿਕ ਤੌਰ 'ਤੇ ਸਲੋਕ ਕਾਵਿ-ਰੂਪ ਦਾ ਅੰਗ-ਅੰਗ ਕਾਵਿ-ਨਿਯਮਾਂ ਵਿਚ ਬੱਝਾ ਰਿਹਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕਾਂ ਵੱਲ ਜਦੋਂ ਨਜ਼ਰ ਮਾਰੀ ਜਾਂਦੀ ਹੈ ਤਾਂ ਇਹ ਬਾਣੀ-ਰੂਪ ਇਸਦੇ ਪ੍ਰਥਮ ਰਚੇਤਾ, ਬਾਬਾ ਫਰੀਦ ਜੀ ਦੀ ਰਚਨਾ ਤੋਂ ਹੀ ਕਰੜੇ ਕਾਵਿ-ਨਿਯਮਾਂ ਤੋਂ ਸੁਤੰਤਰ ਦਿਖਾਈ ਦਿੰਦਾ ਹੈ। ਇਸ ਕੜੀ ਵਿਚ 'ਸਲੋਕ ਸੇਖ ਫਰੀਦ ਕੇ' ਸਿਰਲੇਖ ਹੇਠ ਸੰਕਲਿਤ ਸਲੋਕ ਅੰਕ 16, 49, 97, 99, 100 ਅਤੇ 128 ਦੇਖੇ ਜਾ ਸਕਦੇ ਹਨ। ਇਸ ਬਾਣੀ-ਰੂਪ ਦੇ ਬਾਕੀ ਰਚਣਹਾਰੇ ਵੀ ਉਕਤ ਕਰੜੇ ਨਿਯਮਾਂ ਦੀ ਕਠਿਨ ਪਾਲਣਾ ਦੇ ਬੰਧਨ ਵਿਚ ਨਹੀਂ ਬੱਝੇ।

"ਪੰਜਾਬੀ ਕਵੀਆਂ ਨੇ ਕਾਵਿ-ਰੂਪਾਂ ਨੂੰ ਇਤਨੇ ਕਠੋਰ ਤੇ ਸੁਨਿਸ਼ਚਿਤ ਰੂਪ ਵਿਚ ਪ੍ਰਵਾਨ ਨਹੀਂ ਕੀਤਾ। ਪੰਜਾਬ ਦੀ ਅਲਬੇਲੀ ਧਰਤੀ ਦੇ ਬੇਪਰਵਾਹ ਜਵਾਨਾਂ ਨੇ ਖੁਲ੍ਹਾਂ ਭਰੀ ਜ਼ਿੰਦਗੀ ਜੀਉਣ ਨੂੰ ਹੀ ਪਸੰਦ ਕੀਤਾ ਹੈ। ਇਹੀ ਪੰਜਾਬ ਦਾ ਸੱਭਿਆਚਾਰਕ ਵਿਰਸਾ ਹੈ। ਇਸ ਪ੍ਰਸੰਗ ਵਿਚ ਅਸੀਂ ਦੇਖਦੇ ਹਾਂ ਕਿ ਪੰਜਾਬੀ ਕਵੀਆਂ ਨੇ ਕਾਵਿ-ਰੂਪਾਂ ਵਿਚ ਅਕਸਰ ਬੰਧਨਾਂ ਤੋਂ ਸੁਤੰਤਰ ਰਹਿਣ ਦਾ ਯਤਨ ਹੀ ਕੀਤਾ ਹੈ। ਕਲਾਸੀਕਲ ਪਰੰਪਰਾ ਵਿਚ ਵੀ ਚਲੇ ਜਾਈਏ ਤਾਂ ਉਥੇ ਵੀ ਸਾਨੂੰ ਨਿਯਮਾਂ ਦੀ ਇਤਨੀ ਕਰੜੀ ਕੈਦ ਨਜ਼ਰ ਨਹੀਂ ਆਉਂਦੀ। ਗੁਰੂ ਸਾਹਿਬਾਨ, ਸੂਫੀ ਅਤੇ ਕਿੱਸਾ ਕਵੀਆਂ ਨੇ ਨਿਯਮ-ਬੱਧ ਪ੍ਰਬੰਧਮਈ ਕਾਵਿ-ਰਚਨਾ ਕੀਤੀ ਹੈ ਪਰ ਉਹ ਵੀ ਇਸ ਦੀ ਠੋਸ ਕੈਦ ਵਿਚ ਪੂਰੀ ਤਰ੍ਹਾਂ ਨਹੀਂ ਬਝੇ ਅਤੇ ਉਨ੍ਹਾਂ ਨੇ ਕਾਵਿ ਅਨੁਭਵ ਨੂੰ ਸਖਤ ਗਿਣਤੀਆਂ ਮਿਣਤੀਆਂ ਤਕ ਹੀ ਸੀਮਿਤ ਨਹੀਂ ਕਰ ਦਿੱਤਾ।" (ਸਤਿੰਦਰ ਸਿੰਘ, *ਖੋਜ ਪਤ੍ਰਿਕਾ ਸਤੰਬਰ 1985* 175)

ਕਵੀ ਦੀ ਮੌਲਿਕਤਾ ਵੀ ਇਸੇ ਗੱਲ ਵਿਚ ਹੁੰਦੀ ਹੈ ਕਿ ਉਹ ਪ੍ਰਚੱਲਤ ਪਰਿਪਾਟੀਆਂ ਦਾ ਸਹਾਰਾ ਲੈ ਕੇ ਰੂਪ ਪੱਖੋਂ ਅਤੇ ਵਿਸ਼ੇ ਪੱਖੋਂ ਕੁਝ ਨਵਾਂ ਕਰ ਜਾਵੇ। ਇਹੀ ਤਾਂ ਰਚਨਾਤਮਕਤਾ ਦੀ ਪੇਸ਼ਕਾਰੀ ਮੰਨੀ ਜਾਵੇਗੀ। ਆਪਣੇ ਆਲੇ-ਦੁਆਲੇ ਵਿੱਚੋਂ ਪ੍ਰਾਪਤ ਹੋਈ ਸਮੱਗਰੀ ਨੂੰ ਆਧਾਰ ਬਣਾ ਕੇ ਉਹ, ਉਸ ਵਿਚ ਆਪਣੀ ਨਿਵੇਕਲੀ ਸ਼ੈਲੀ ਦਾ ਕੋਈ ਸੱਜਰਾ ਤੇ ਸੁਚੱਜਾ ਰੰਗ ਭਰ ਜਾਵੇ, ਜੋ ਉਸਨੂੰ ਵਿਲੱਖਣਤਾ ਪ੍ਰਦਾਨ ਕਰਦਾ ਹੋਇਆ ਚਿਰਕਾਲ ਤੱਕ ਜੀਵਿਤ ਰੱਖ ਸਕੇ। "ਕਵੀ ਇਨ੍ਹਾਂ ਕਾਵਿ-ਰੂਪਾਂ ਨੂੰ ਆਪਣੇ ਵਿਰਸੇ ਤੋਂ ਵੀ ਪ੍ਰਾਪਤ ਕਰਦਾ ਹੈ ਅਤੇ ਆਪਣੀ ਮੌਲਿਕਤਾ ਤੇ ਅਨੁਭਵ ਸਦਕਾ ਇਨ੍ਹਾਂ ਵਿਚ ਵਿਲੱਖਣਤਾ ਅਤੇ ਵਖਰਤਾ ਵੀ ਪੈਦਾ ਕਰਦਾ ਹੈ। " (ਸਤਿੰਦਰ ਸਿੰਘ, *ਖੋਜ ਪਤ੍ਰਿਕਾ ਸਤੰਬਰ 1985* 174)

ਭਾਵੇਂ ਬਾਕੀ ਬਾਣੀਕਾਰਾਂ ਨੇ ਵੀ ਸਲੋਕ ਬਾਣੀ-ਰੂਪ ਨੂੰ ਭਾਵ ਪ੍ਰਗਟਾਅ ਦਾ ਮਾਧਿਅਮ ਬਣਾਇਆ ਹੈ ਪਰ ਗੁਰੂ ਅੰਗਦ ਦੇਵ ਜੀ ਅਤੇ ਬਾਬਾ ਸ਼ੇਖ਼ ਫਰੀਦ ਜੀ ਨੇ ਇਸ ਬਾਣੀ-ਰੂਪ ਪ੍ਰਤਿ ਵਿਸ਼ੇਸ਼ ਲਗਾਅ ਦਰਸਾਇਆ ਹੈ। ਗੁਰੂ ਅੰਗਦ ਦੇਵ ਜੀ ਦੀ ਸਮੁੱਚੀ ਬਾਣੀ (63 ਸਲੋਕ) ਹੀ ਇਸੇ ਬਾਣੀ-ਰੂਪ ਵਿਚ ਹੈ ਜੋ ਮਗਰੋਂ ਗੁਰੂ ਅਰਜਨ ਦੇਵ ਜੀ ਨੇ ਨੌਂ ਵਾਰਾਂ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕੀਤੀ।[1]

ਉਪਰੋਕਤ ਚਰਚਾ ਦੇ ਨਿਸ਼ਕਰਸ਼ ਵਜੋਂ ਇਹ ਕਿਹਾ ਜਾ ਸਕਦਾ ਹੈ ਕਿ ਸਲੋਕ ਕਾਵਿ-ਰੂਪ ਯਸ਼ ਅਤੇ ਵਡਿਆਈ ਲਈ ਸੰਸਕ੍ਰਿਤ ਕਾਲ ਤੋਂ ਪ੍ਰਯੁਕਤ ਹੋ ਰਿਹਾ ਭਾਰਤੀ ਮੂਲ ਦਾ ਛੰਦ ਹੈ। ਸੰਸਕ੍ਰਿਤ ਕਾਲ ਵਿਚ ਜਿੱਥੇ ਇਹ ਕਾਵਿ-ਰੂਪ ਛੰਦਾ-ਬੰਦੀ ਦੇ ਦ੍ਰਿੜ੍ਹ ਨਿਯਮਾਂ ਪ੍ਰਤਿ ਪ੍ਰਤੀਬੱਧ ਰਿਹਾ, ਓਥੇ ਸਮਾਂ ਬੀਤਣ ਦੇ ਨਾਲ-ਨਾਲ ਇਹ ਜਿੱਥੇ ਨਾਮ ਪੱਖੋਂ ਸ਼ਲੋਕ ਤੋਂ ਦੋਹਾ ਅਤੇ ਦੋਹੜਾ ਹੋ ਗਿਆ, ਓਥੇ ਇਸਦੇ ਆਕਾਰ ਅਤੇ ਵਿਉਂਤ-ਢੰਗ ਵਿਚ ਵੀ ਜ਼ਿਕਰਯੋਗ ਤਬਦੀਲੀ ਹੋਈ। ਇਹ ਛੰਦਾ-ਬੰਦੀ ਦੇ ਕਠੋਰ ਨਿਯਮਾਂ ਨੂੰ ਤਿਆਗ ਕੇ ਸੰਮਿਲਤ ਵਿਸ਼ੇ ਦੇ ਸੁਚੱਜੇ ਪ੍ਰਗਟਾਵੇ ਪ੍ਰਤਿ ਮੁਖਰਿਤ ਹੋਇਆ। ਇਸ ਕਾਰਜ ਦਾ ਨਿਭਾਅ ਕਰਦਿਆਂ ਇਸ ਉੱਪਰ ਸੰਸਕ੍ਰਿਤ ਕਾਲ ਤੋਂ ਛੰਦਾ-ਬੰਦੀ ਦੀ ਪਈ ਪੀਢੀ ਗੰਢ ਢਿੱਲੀ ਹੁੰਦੀ ਗਈ।

### 1.7.2 ਸਲੋਕ ਬਾਣੀ-ਰੂਪ ਦੀ ਵੰਡ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

**1.7.2.1 ਸਲੋਕ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ' ਜਾਂ 'ਸਲੋਕੁ' ਸਿਰਲੇਖ ਅਧੀਨ ਕਈ ਛੰਦ ਆਏ ਹਨ। 'ਸੋਰਠਾ' ਸਿਰਲੇਖ ਅਧੀਨ ਰਚੀ ਗਈ ਬਾਣੀ ਨੂੰ ਵੀ ਸਲੋਕ ਅਧੀਨ ਹੀ ਵਿਚਾਰਿਆ ਜਾਵੇਗਾ। ਦੋਹਰਾ ਛੰਦ ਵਿਚ ਰਚੀ ਗਈ ਬਾਣੀ ਦਾ ਅਧਿਐਨ ਵੀ ਇਸੇ ਸਿਰਲੇਖ ਦੇ ਅੰਤਰਗਤ ਕਰਾਂਗੇ ਕਿਉਂਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਛੰਦ ਵੀ ਸਲੋਕ ਬਾਣੀ-ਰੂਪ ਸਿਰਲੇਖ ਅਧੀਨ ਹੀ ਸੰਕਲਿਤ ਹੈ।[2]

ਦੋਹਰਾ ਉਪ-ਸਿਰਲੇਖ ਅਧੀਨ ਪੰਨਾ 1429 ਉੱਪਰ ਸਿਰਫ਼ ਇੱਕ ਹੀ ਸਲੋਕ ਆਉਂਦਾ ਹੈ ਜੋ ਕਿ ਗੁਰੂ ਤੇਗ ਬਹਾਦਰ ਜੀ ਰਚਿਤ ਸਲੋਕਾਂ ਵਿਚ ਆਉਂਦਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ 'ਸਲੋਕ ਦੋਹਾ' ਸਿਰਲੇਖ ਅਧੀਨ ਰਚਿਤ ਇੱਕ ਛੰਦ ਪੰਨਾ 322 'ਤੇ ਪ੍ਰਾਪਤ ਹੁੰਦਾ ਹੈ। ਸੋਰਠਾ ਸਿਰਲੇਖ ਅਧੀਨ ਕੇਵਲ ਭੱਟ ਕਲ੍ਹ ਸਹਾਰ ਜੀ ਦੀਆਂ ਹੀ ਤਿੰਨ ਰਚਨਾਵਾਂ ਹਨ।

**1.7.2.2 ਸਲੋਕ ਸਹਸਕ੍ਰਿਤੀ ਅਤੇ ਗਾਥਾ:** ਸੰਸਕ੍ਰਿਤ, ਪਾਲੀ ਅਤੇ ਹੋਰ ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਰਾਹੀਂ, ਇਨ੍ਹਾਂ ਸਲੋਕਾਂ ਦੀ ਰਚਨਾ ਕੀਤੀ ਗਈ ਹੈ। (ਸਤਿੰਦਰ ਸਿੰਘ, *ਖੋਜ ਪਤ੍ਰਿਕਾ ਸਤੰਬਰ 1985* 405) ਇਹ ਭਾਸ਼ਾ ਸਾਰੇ ਭਾਰਤ ਵਿਚ ਸਾਧਾਂ ਦੇ ਡੇਰਿਆਂ ਵਿਚ ਪ੍ਰਚਲਤ ਸੀ। (ਸ਼. ਗੁ. ਪ੍ਰ. ਕ. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1353) ਪੰਨਾ 1353 ਤੋਂ 1360 ਤੱਕ 'ਸਲੋਕ ਸਹਸਕ੍ਰਿਤੀ' ਸਿਰਲੇਖ ਅਧੀਨ ਗੁਰੂ ਨਾਨਕ ਦੇਵ ਜੀ ਕ੍ਰਿਤ 4 ਅਤੇ ਗੁਰੂ ਅਰਜਨ ਦੇਵ ਜੀ ਦੇ 67 ਸਲੋਕ ਸੰਕਲਿਤ ਹਨ। 'ਗਾਥਾ' ਸਿਰਲੇਖ ਅਧੀਨ ਗੁਰੂ ਅਰਜਨ ਦੇਵ ਜੀ ਰਚਿਤ 24 ਸਲੋਕ ਦਰਜ ਹਨ ਜੋ ਕਿ ਪੰਨਾ 1360 ਤੋਂ ਪ੍ਰਾਰੰਭ ਹੋ ਕੇ 1361 'ਤੇ ਸਮਾਪਤ ਹੁੰਦੇ ਹਨ।

**1.7.2.3 ਡਖਣੇ:** "ਮੁਲਤਾਨ, ਸਾਹੀਵਾਲ ਆਦਿ, ਜੋ ਗੁਰੂ ਨਾਨਕ ਦੇਵ ਜੀ ਦੀ ਜਨਮ-ਭੂਮੀ ਤੋਂ ਦੱਖਣ ਵੱਲ ਦੇ ਇਲਾਕੇ ਹਨ, ਉਥੋਂ ਦੀ ਬੋਲੀ ਵਿੱਚ (ਜਿਹੜਾ) ਸ਼ਲੋਕ ਜਾਂ ਦੋਹਾ ਲਿਖਿਆ (ਗਿਆ) ਹੈ, ਉਸ ਦਾ ਨਾਮ 'ਡਖਣਾ' ਰੱਖਿਆ ਹੈ। ਇਸ ਰਚਨਾ ਵਿੱਚ 'ਦ' ਦੀ ਥਾਂ 'ਡ' ਅੱਖਰ ਵਰਤਿਆ ਹੈ......।" (ਸ਼. ਗੁ. ਪ੍ਰ. ਕ. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 80) ਇਸ ਸਿਰਲੇਖ ਅਧੀਨ ਕੇਵਲ ਗੁਰੂ ਅਰਜਨ ਦੇਵ ਜੀ ਨੇ ਬਾਣੀ ਰਚੀ ਹੈ। ਪੰਨਾ 80 'ਤੇ ਇਨ੍ਹਾਂ ਦੀ ਗਿਣਤੀ 5 ਹੈ ਜਦਕਿ ਪੰਨਾ 1094 ਤੋਂ ਸ਼ੁਰੂ ਹੋ ਕੇ ਪੰਨਾ 1102 ਤੱਕ 'ਵਾਰ ਮਾਰੂ' ਅਧੀਨ ਇਨ੍ਹਾਂ ਦੀ ਗਿਣਤੀ 54 ਹੈ ਸੋ ਕੁੱਲ ਗਿਣਤੀ 59 ਬਣਦੀ ਹੈ। 'ਸਲੋਕ ਡਖਣਾ' ਸਿਰਲੇਖ ਦੇ ਅੰਤਰਗਤ ਗੁਰੂ ਅਰਜਨ ਦੇਵ ਜੀ ਦੀ ਇੱਕ ਰਚਨਾ ਪੰਨਾ 322 'ਤੇ ਮਿਲਦੀ ਹੈ। 'ਸਲੋਕ ਡਖਣੇ' ਸਿਰਲੇਖ ਅਧੀਨ ਗੁਰੂ ਅਰਜਨ ਦੇਵ ਜੀ ਕ੍ਰਿਤ 12 ਛੰਦ ਪੰਨਾ 1100 ਤੋਂ 1102 ਤੱਕ ਪ੍ਰਾਪਤ ਹੁੰਦੇ ਹਨ।

**1.7.2.4 ਸਲੋਕ ਵਾਰਾਂ ਤੇ ਵਧੀਕ:** "ਉਹ ਸਲੋਕ, ਜੋ ਵਾਰਾਂ ਵਿੱਚ ਪੌੜੀਆਂ ਦਾ ਸਿਲਸਿਲਾ ਲਾਉਣ ਸਮੇਂ ਵਾਧੂ ਰਹਿ ਗਏ, ਜਿਨ੍ਹਾਂ ਦੀ ਗਿਣਤੀ152ਹੈ, ਇਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ਅੰਤ, ਮੁੰਦਾਵਣੀ ਤੋਂ ਪਹਿਲਾਂ ਦਰਜ ਕੀਤੇ... ...।" (ਨਾਭਾ, *ਮਹਾਨ ਕੋਸ਼* 172)

### 1.7.3 ਭਾਵ-ਪੂਰਤ ਮੁਹਾਂਦਰਾ

ਸਲੋਕ ਨੂੰ ਆਮ ਬੋਲਚਾਲ ਦੀ ਭਾਸ਼ਾ ਵਿਚ 'ਸ਼ਲੋਕ' ਵੀ ਆਖ ਲਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਬਾਣੀ-ਰੂਪ ਦਾ ਇਸਤੇਮਾਲ ਬਹੁਤੀ ਵਾਰ ਕਿਸੇ ਗੂੜ੍ਹ ਵਿਚਾਰ-ਭਾਵ ਨੂੰ ਥੋੜ੍ਹੇ ਸ਼ਬਦਾਂ ਵਿਚ ਪੇਸ਼ ਕਰਨ ਲਈ ਕੀਤਾ ਗਿਆ ਹੈ। ਉਦਾਹਰਨ ਲਈ ਦੇਖੋ:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਇਸ ਸਲੋਕ ਵਿਚ ਅਹੰ-ਭਾਵ ਦੇ ਵੱਡੇ ਦੋਸ਼ ਨੂੰ ਜਨ-ਸਧਾਰਨ ਦੇ ਸਮਝ ਆਉਣ ਵਾਲੇ ਦ੍ਰਿਸ਼ਟਾਂਤ 'ਹਾਥੀ ਦੇ ਇਸ਼ਨਾਨ' ਨਾਲ ਤਸ਼ਬੀਹ ਦੇ ਕੇ ਨਿਹਿਤ ਉਦੇਸ਼ ਦੀ ਪੂਰਤੀ ਕਰ ਲਈ ਗਈ ਹੈ। ਧਾਰਮਿਕ ਕ੍ਰਿਆ-ਕਲਾਪਾਂ ਨੂੰ ਨਿਭਾ ਕੇ ਮਨ ਅੰਦਰ ਅਹੰਕਾਰ-ਭਾਵ ਤੋਂ ਪੀੜਤ ਹੋ ਜਾਣ ਵਾਲੇ ਮਨੁੱਖ ਦੀ ਹੋਣੀ ਨੂੰ ਸਾਕਾਰ ਰੂਪ ਦੇਣ ਲਈ ਮਨੋਵਿਗਿਆਨਕ ਪੱਧਰ 'ਤੇ ਇੱਕ ਵੱਡਾ ਅਤੇ ਪ੍ਰਭਾਵਸ਼ਾਲੀ ਲੇਖ ਲਿਖਿਆ ਜਾ ਸਕਦਾ ਹੈ, ਜਿਸਨੂੰ ਫਿਰ ਵੀ ਸਮਝ ਪਾਉਣਾ ਹਰ ਹਾਰੇ-ਸਾਰੇ ਦੇ ਵੱਸ ਦੀ ਗੱਲ ਨਹੀਂ ਹੋਵੇਗੀ ਪਰ ਏਥੇ ਗੁਰੂ ਸਾਹਿਬ ਨੇ ਉਸ ਮਨੋ-ਹਾਲਤ ਨੂੰ 'ਹਾਥੀ ਦੇ ਨ੍ਹਾਉਣ' ਨਾਲ ਤੁਲਨਾ ਦੇ ਕੇ ਸੰਕੁਚਿਤ ਸ਼ਬਦਾਂ ਵਿਚ ਗੱਲ ਨਬੇੜ ਦਿੱਤੀ ਹੈ ਕਿ ਕਿਵੇਂ ਇੱਕ ਹਾਥੀ, ਸਵੱਛ ਜਲ-ਸ੍ਰੋਤ ਵਿਚ ਨ੍ਹਾ ਕੇ ਆਪਣੇ-ਆਪ ਨੂੰ ਖ਼ੁਦ ਹੀ, ਫੇਰ ਮਲੀਨ ਕਰ ਲੈਂਦਾ ਹੈ। ਸਲੋਕ ਬਾਣੀ-ਰੂਪ ਦੇ ਮੁਹਾਂਦਰੇ ਦੀ ਭਾਵ-ਪੂਰਨਤਾ ਬਾਰੇ ਸ. ਰਾਮ ਸਿੰਘ ਦਾ ਕਥਨ ਹੈ, "Originally it (Ramkali ki Var Mahala 3) consisted of 21 stanzas called Pauris, to which Guru Arjan , the editor of Granth Sahib, added 52 slokas, which are short, pithy (short, direct and full of meaning) poems.' (*Perspectives on Guru Amar Das* 89)

ਇਸ ਬਾਣੀ-ਰੂਪ ਵਿਚ ਆਮ ਤੌਰ 'ਤੇ ਰਮਜ਼ ਵਿਚ, ਕੋਈ ਵੱਡੀ ਗੱਲ ਕਹੀ ਗਈ ਹੁੰਦੀ ਹੈ। ਉਸ ਰਮਜ਼ ਦੀ ਪਰਤ ਖੁੱਲ੍ਹਦਿਆਂ ਹੀ ਸਲੋਕ ਦੇ ਭਾਵ-ਅਰਥ ਪਾਠਕ ਅਤੇ ਸ੍ਰੋਤੇ ਦੇ ਸਮਝ-ਮੰਡਲ ਵਿਚ ਜਗਮਗ ਕਰ ਉੱਠਦੇ ਹਨ ਅਤੇ ਸ੍ਰੋਤੇ ਅਥਵਾ ਪਾਠਕ ਦਾ ਮਨ ਡੂੰਘੀ ਚੋਟ ਖਾਂਦਾ ਹੈ। ਭਗਤ ਕਬੀਰ ਜੀ ਦੇ ਸਲੋਕਾਂ ਬਾਰੇ ਟਿੱਪਣੀ ਕਰਦੇ ਹੋਏ ਪ੍ਰੋ. ਸਾਹਿਬ ਸਿੰਘ ਲਿਖਦੇ ਹਨ, "ਪਹਿਲਾਂ ਪਹਿਲਾਂ ਮੇਰਾ ਇਹ ਖ਼ਿਆਲ ਬਣਿਆ ਹੋਇਆ ਸੀ ਕਿ ਇਹ ਸਲੋਕ ਸੁਖੱਲੇ ਹੀ ਹਨ, ਇਹਨਾਂ ਦਾ ਟੀਕਾ ਮੈਂ ਦਸ ਬਾਰ੍ਹਾਂ ਦਿਨਾਂ ਵਿੱਚ ਮੁਕਾ ਲਵਾਂਗਾ। ਪਰ ਜਿਉਂ ਜਿਉਂ ਇੱਕ ਇੱਕ ਕਰਕੇ ਮੈਂ ਇਹਨਾਂ ਨੂੰ ਹੱਥ ਪਾਇਆ, ਕਬੀਰ ਜੀ ਦੀਆਂ ਉੱਚ ਉਡਾਰੀਆਂ ਤੇ ਮੈਂ ਹੈਰਾਨ ਹੁੰਦਾ ਗਿਆ, ਇਤਨੀਆ ਇਤਨੀਆਂ ਡੂੰਘੀਆਂ ਰਮਜ਼ਾਂ ਨਾਲ ਵਾਹ ਪੈਣ ਲੱਗਾ ਕਿ ਕਈ ਥਾਈਂ ਤਾਂ ਇੱਕ-ਇੱਕ ਸਲੋਕ ਵਿੱਚ ਘੰਟਿਆਂ-ਬੱਧੀ ਚੁੱਭੀ ਲਾਣੀ ਪੈਂਦੀ ਸੀ। ਬੜਾ ਅਸਗਾਹ ਸਮੁੰਦਰ ਨਿੱਕੇ ਜਿਹੇ ਕੁੱਜੇ ਵਿਚ ਬੰਦ ਰੱਖਿਆ ਜਾਪਦਾ ਸੀ। " (*ਸਲੋਕ ਭਗਤ ਕਬੀਰ ਜੀ ਸਟੀਕ* 8-9)

ਅਸਗਾਹ ਸਮੁੰਦਰ ਨੂੰ ਜੇਕਰ ਕਰਤਾ ਵੱਲੋਂ ਕੁੱਜੇ ਵਿਚ ਬੰਦ ਕਰ ਦਿੱਤਾ ਗਿਆ ਹੋਵੇ ਤਾਂ ਜ਼ਰੂਰੀ ਨਹੀਂ ਕਿ ਕੁੱਜੇ ਵਿਚ ਪਏ ਹੋਏ ਅਸਗਾਹ ਦੀ ਸਾਰ ਹਰ ਕੋਈ ਜਾਣ ਲਵੇ। ਗੂੜ੍ਹ-ਗਿਆਨ ਅਤੇ ਦਰਸ਼ਨ, ਸਪਸ਼ਟ ਰੂਪ ਵਿਚ ਸ੍ਰੋਤੇ ਜਾਂ ਪਾਠਕ ਦੇ ਮਾਨਸਿਕ ਪਟਲ 'ਤੇ ਉਜਾਗਰ ਹੋ ਜਾਵੇ, ਬਾਣੀਕਾਰਾਂ ਦਾ ਇਹ ਆਸ਼ਾ ਵੀ ਮੁੱਖ ਰਿਹਾ ਹੈ। ਇਸ ਆਸ਼ੇ ਦੀ ਪੂਰਤੀ ਹਿਤ ਉਨ੍ਹਾਂ ਵੱਲੋਂ ਫਿਰ ਲੋਕ-ਰਚਨਾ ਰੂਪਾਂ ਅਤੇ ਲੌਕਿਕ ਤਸ਼ਬੀਹਾਂ ਦੀ ਸਹਾਇਤਾ ਲਈ ਗਈ। "ਸ਼ਾਇਦ ਦਰਸ਼ਨ ਦੀ ਜਟਿਲਤਾ ਨੂੰ ਇਨ੍ਹਾਂ ਲੋਕ-ਰਚਨਾ-ਰੂਪਾਂ ਦੇ ਰੂਪਾਂਤਰਨ ਰਾਹੀਂ ਹੀ ਸੁਖੈਨ ਬਣਾਇਆ ਜਾ ਸਕਦਾ ਸੀ।" (ਗਿੱਲ, *ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵੀ ਏਕਤਾ* 129) ਉਕਤ ਕਥਨ ਅਚੇਤ ਰੂਪ ਵਿਚ ਇਹ ਵੀ ਦ੍ਰਿੜ੍ਹ ਕਰਵਾ ਜਾਂਦਾ ਹੈ ਕਿ ਸਲੋਕ ਬਾਣੀ-ਰੂਪ ਦੇ ਰਚੇਤਿਆਂ ਦੇ ਸਮੇਂ ਸਲੋਕ ਕਾਵਿ-ਰੂਪ ਜਨ-ਸਾਧਾਰਨ

ਦੇ ਜੀਵਨ ਵਿਚ ਕਿੰਨਾ ਮਕਬੂਲ ਰਿਹਾ ਹੋਵੇਗਾ ਅਤੇ ਕਿੰਨਾ ਮਹੱਤਵਪੂਰਨ ਰਿਹਾ ਹੋਵੇਗਾ, ਜਿਸ ਨੂੰ ਮੁੱਖ ਰੱਖ ਕੇ ਬਾਣੀਕਾਰਾਂ ਨੇ ਇਸ ਕਾਵਿ-ਰੂਪ ਨੂੰ ਆਧਾਰ ਬਣਾ ਕੇ ਬਾਣੀ ਦੀ ਰਚਨਾ ਕੀਤੀ।

ਬਾਣੀਕਾਰਾਂ ਨੇ ਜਨ-ਸਾਧਾਰਨ ਵਿਚ ਪ੍ਰਚੱਲਤ ਦੋਹੇ ਜਾਂ ਦੋਹੜੇ ਕਾਵਿ-ਰੂਪ ਨੂੰ (ਜੋ ਲੋਕ-ਮੂੰਹਾਂ 'ਤੇ ਮੁਹਾਵਰਿਆਂ ਅਤੇ ਅਖਾਣਾਂ ਵਾਂਗ ਚੜ੍ਹੇ ਹੋਏ ਸਨ) ਸਤਿ-ਗਿਆਨ ਦੇਣ ਲਈ ਵਰਤਿਆ ਤਾਂ ਜੋ ਲੋਕ-ਮਨ ਵਿਚ ਜਗ੍ਹਾ ਬਣਾ ਚੁੱਕੇ ਇਸ ਕਾਵਿ-ਰੂਪ ਰਾਹੀਂ ਮਾਨਵ-ਕਲਿਆਣਕਾਰੀ ਗਿਆਨ ਜਨ-ਸਾਧਾਰਨ ਦੇ ਹਿਰਦੇ ਵਿਚ ਸਹਿਜੇ ਹੀ ਉੱਤਰ ਜਾਵੇ। ਲੋਕ ਕਾਵਿ-ਰੂਪ ਵਿਚ ਬਾਣੀਕਾਰਾਂ ਨੇ ਡੂੰਘਾ ਅਤੇ ਵਿਸ਼ਾਲ ਗਿਆਨ ਸਮੋਅ ਦਿੱਤਾ।

"ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਬਾਣੀ ਦਾ ਅਧਿਐਨ ਕਦੇ ਹਾਂ ਤਾਂ ਇਸ ਗੱਲ ਦਾ ਡੂੰਘਾ ਅਹਿਸਾਸ ਹੁੰਦਾ ਹੈ ਕਿ ਇਨ੍ਹਾਂ ਬਾਣੀਕਾਰਾਂ ਨੇ ਵੀ ਆਪਣੇ ਸਾਹਿਤਕ ਅਤੇ ਸਭਿਆਚਾਰਕ ਵਿਰਸੇ ਨਾਲ ਸੰਵਾਦ ਰਚਾ ਕੇ ਹੀ ਆਪਣੀ ਵਿਲੱਖਣਤਾ ਸਥਾਪਿਤ ਕੀਤੀ ਹੈ।" (ਜਗਬੀਰ ਸਿੰਘ, *ਗੁਰਮਤਿ ਕਾਵਿ: ਸਿੱਧਾਂਤ ਤੇ ਵਿਹਾਰ* 27)

"ਪਿਛਲੇ ਸਮੇਂ ਵਿਚ ਸਾਡੇ ਦੇਸ਼ ਵਿਚ ਵਾਰਾਂ ਸੁਣਨ ਦਾ ਬੜਾ ਰਿਵਾਜ ਸੀ। ਜਦ ਵੀ ਕੋਈ ਖੁਸ਼ੀ ਗ਼ਮੀ ਦਾ ਸਮਾਂ ਹੁੰਦਾ ਤਾਂ ਦਿਲ-ਪਰਚਾਵੇ ਲਈ ਸਾਰਾ ਪਿੰਡ ਇਕੱਠਾ ਹੋ ਕੇ ਵਾਰਾਂ ਸੁਣਨ ਲੱਗ ਪੈਂਦਾ ਸੀ। ਢਾਡੀਆਂ ਦੀ ਬੜੀ ਕਦਰ ਹੁੰਦੀ ਸੀ ਤੇ ਉਹ ਆਪਣੇ ਜਜਮਾਨ ਸੂਰਮਿਆਂ ਦੀਆਂ ਵਾਰਾਂ ਸੁਣਾ ਕੇ ਬੜਾ ਮਾਨ ਪਾਇਆ ਕਰਦੇ ਸਨ।" (ਕਰਮ ਸਿੰਘ ਹਿਸਟੋਰੀਅਨ, *ਇਤਿਹਾਸਕ ਖੋਜ ਸਿੱਖ ਰਾਜ ਦਾ ਪੂਰਬਲਾ ਸਮਾਂ ਭਾਗ ਤੀਜਾ* 50) "ਗੁਰਮਤਿ ਕਾਵਿ ਨੇ ਤਤਕਾਲੀਨ ਸੋਚ ਅਤੇ ਵਿਵਹਾਰ ਵਿਚ ਪ੍ਰਚੱਲਤ ਵਿਸ਼ਵਾਸ ਦੇ ਸੁਧਾਰ ਲਈ ਪ੍ਰਚੱਲਤ ਸ਼ਬਦਾਵਲੀ ਵਿਚ ਅਰਥ ਵਿਸਤਾਰ ਕੀਤਾ ਹੈ।" (ਮਹੀਪਇੰਦਰ ਕੌਰ, *ਗੁਰੂ ਨਾਨਕ ਬਾਣੀ ਦਾ ਲੋਕਧਾਰਾਈ ਅਧਿਐਨ* 41) "ਲੋਕ ਕਾਵਿ ਰੂਪ ਨੂੰ ਉਨ੍ਹਾਂ (ਗੁਰੂ ਸਾਹਿਬਾਨ) ਨੇ ਆਪਣੀ ਥੀਮਕ ਵਸਤੂ ਲਈ ਉੱਚ ਸਾਹਿੱਤਿਕ ਰੂਪ ਵਿਚ ਰੂਪਾਂਤਰਿਤ ਕਰ ਦਿੱਤਾ; ਆਮ ਰੂਪ ਨੂੰ ਵਿਸ਼ੇਸ਼ ਰੂਪ ਵਿਚ ਰੂਪਾਂਤਰਿਤ ਕਰ ਦਿੱਤਾ। ਲੌਕਿਕ ਨੂੰ ਪਾਰਲੌਕਿਕ, ਧਰਤਵੀ ਨੂੰ ਇਲਾਹੀ, ਸੰਸਾਰਿਕ ਨੂੰ ਅਧਿਆਤਮਿਕ ਰੂਪ ਵਿਚ ਢਾਲ ਦਿੱਤਾ। ... ... ਆਮ ਪ੍ਰਚਲਿਤ ਕਾਵਿ-ਰੂਪਾਂ ਵਿਚ ਭਰਪੂਰ ਅਧਿਆਤਮਿਕ ਤੇ ਦਾਰਸ਼ਨਿਕ ਗਹਿਰਾਈ ਭਰ ਦਿੱਤੀ। ਨਤੀਜਾ ਇਹ ਕਿ ਇਹ ਸਾਰੇ ਕਾਵਿ-ਰੂਪ ਉਨ੍ਹਾਂ ਦੇ ਹੱਥਾਂ ਵਿਚ ਸਿਰਮੌਰ ਕਲਾਤਮਕ ਸਥਾਨ ਪ੍ਰਾਪਤ ਕਰ ਗਏ। ਲੋਕ ਸੰਬੋਧਨ ਲਈ ਉਨ੍ਹਾਂ ਨੇ ਲੋਕ ਕਾਵਿ-ਰੂਪ ਦੀ ਵਰਤੋਂ ਨੂੰ ਉਚਿਤ ਸਮਝਿਆ। ਪਰ ਕਾਵਿ-ਰੂਪ ਦੀ ਪ੍ਰਕਿਰਤੀ ਦੇ ਖੇਤਰ ਵਿਚ ਉਨ੍ਹਾਂ ਨੇ ਵਡਾ ਪਰਿਵਰਤਨ ਲਿਆਂਦਾ... ...।" (ਸਤਿੰਦਰ ਸਿੰਘ, *ਖੋਜ ਪਤ੍ਰਿਕਾ ਸਤੰਬਰ 1985* 188)

ਇਸ ਪ੍ਰਕਾਰ ਲੋਕ ਕਾਵਿ-ਰੂਪਾਂ ਰਾਹੀਂ ਲੋਕ ਧਾਰਾ ਨਾਲ ਸਬੰਧ ਬਣਾਉਂਦੇ ਹੋਏ ਬਾਣੀਕਾਰ ਆਪਣੇ ਮਿੱਥੇ ਹੋਏ ਟੀਚੇ ਨੂੰ ਪ੍ਰਾਪਤ ਕਰਨ ਵਿਚ ਸਫ਼ਲ ਹੋਏ ਹਨ। ਜਨ-ਸਾਧਾਰਨ ਵਿਚ ਪ੍ਰਚੱਲਤ ਇਨ੍ਹਾਂ ਕਾਵਿ-ਰੂਪਾਂ ਰਾਹੀਂ ਬਾਣੀਕਾਰਾਂ ਦਾ ਸੰਦੇਸ਼ ਸਮਝ ਲੈਣ ਵਿਚ ਜਨ-ਸਾਧਾਰਨ ਨੂੰ ਬਹੁਤੀ ਉਚੇਚ ਨਹੀਂ ਕਰਨੀ ਪਈ, ਸਗੋਂ ਇਹ ਵੱਡਾ ਕਾਰਜ ਸਹਿਜ ਵਿਚ ਹੀ ਨੇਪਰੇ ਚੜ੍ਹ ਗਿਆ। ਇਸ ਬਾਣੀ-ਰੂਪ ਦੀਆਂ ਪੰਕਤੀਆਂ ਲੋਕ-ਜੀਵਨ ਦਾ ਸਹਿਜ ਅੰਗ ਬਣ ਗਈਆਂ ਹਨ। ਜਿਸ ਤੋਂ ਬਾਣੀਕਾਰਾਂ ਦੀ ਸਮਕਾਲੀ ਸਮਾਜਿਕ ਸੂਝ ਦਾ ਗਿਆਨ ਸਹਿਜੇ ਹੀ ਹੋ ਜਾਂਦਾ ਹੈ। "ਉਨ੍ਹਾਂ (ਗੁਰੂ ਨਾਨਕ ਦੇਵ ਜੀ) ਨੇ ਬਾਰਹ ਮਾਹ, ਵਾਰਾਂ, ਅਲਾਹੁਣੀਆਂ, ਛੰਤ ਆਦਿ ਲੋਕ ਕਾਵਿ ਰੂਪਾਂ ਦੀ ਵਰਤੋਂ ਵੀ ਕੀਤੀ ਹੈ ਅਤੇ ਪ੍ਰਚੱਲਿਤ ਲੋਕ ਰੂੜੀਆਂ ਦਾ ਪ੍ਰਯੋਗ ਵੀ ਕੀਤਾ ਹੈ। ਲੋਕ ਭਾਸ਼ਾ ਅਤੇ ਲੋਕ ਧਾਰਾ ਨੂੰ ਪ੍ਰਗਟਾਵੇ ਦਾ ਮਾਧਿਅਮ ਬਣਾਉਣਾ ਆਪਣੇ ਆਪ ਵਿਚ ਇਕ ਮਹੱਤਵਪੂਰਨ ਅਮਲ ਹੈ ਜੋ ਨਵ-ਜਾਗ੍ਰਿਤੀ ਦਾ ਲਖਾਇਕ ਹੈ।" (ਜੱਗੀ (ਸੰਪਾ),

*ਸਭਿਆਚਾਰ ਪਤ੍ਰਿਕਾ, ਜਨਵਰੀ 2004* 94) ਇਹ (ਉਕਤ ਹਵਾਲੇ ਵਿਚ ਆਏ) ਕਾਵਿ-ਰੂਪ ਆਪਣੀ ਵਿਲੱਖਣ ਸ਼ੈਲੀ ਕਾਰਨ ਸਾਧਾਰਨ ਜੀਵਨ ਦਾ ਅੰਗ ਸਨ। ਇਹ ਲੋਕ-ਜੀਵਨ ਦਾ ਅੰਗ ਬਣਨ ਦੀ ਸਮਰੱਥਾ ਰੱਖਦੇ ਸਨ। ਇਨ੍ਹਾਂ ਦੀ ਗੁੰਦਵੀਂ ਤੇ ਪ੍ਰਭਾਵਸ਼ਾਲੀ ਬਣਤਰ ਸਹਿਜ ਜੀਵਨ ਵਿਚ ਬਿਨ੍ਹਾਂ ਕਿਸੇ ਉਚੇਚ ਦੇ ਉੱਤਰ ਸਕਣ ਦੀ ਸਮਰੱਥਾ ਵਾਲੀ ਸੀ। ਸੋ ਬਾਣੀਕਾਰਾਂ ਨੇ ਇਨ੍ਹਾਂ ਨੂੰ ਆਪਣੀ ਰਚਨਾ ਦਾ ਆਧਾਰ ਬਣਾਇਆ।

"ਕੁਝ ਕਾਵਿ-ਰੂਪ ਆਪਣੀ ਸ਼ੈਲੀ ਕਾਰਨ ਲੋਕਾਂ ਵਿਚ ਹਰਮਨ-ਪਿਆਰੇ ਹੋ ਗਏ। ਇੰਜ ਮਾਲੂਮ ਹੁੰਦਾ ਹੈ, ਲੋਕ ਕਾਵਿ-ਰੂਪਾਂ ਦੇ ਨਾਮ-ਵਿਸ਼ੇਸ਼ ਰਾਹੀਂ ਓਪਰੀ ਨਜ਼ਰੇ ਸਾਧਾਰਨ ਜਨਤਾ ਦਾ ਧਿਆਨ ਆਪਣੇ ਵਲ ਖਿੱਚਿਆ ਜਾਏ ਪਰ ਜਦੋਂ ਸ੍ਰੋਤੇ ਰੁਚਿਤ ਹੋ ਜਾਣ ਤਾਂ ਉਨ੍ਹਾਂ ਨੂੰ ਆਪਣੀ ਗੱਲ ਸੁਣਾਈ ਜਾਵੇ। ਇਸੇ ਕਰ ਕੇ ਹੀ, ਗੁਰਮਤਿ ਸਾਹਿਤ ਵਿਚ ਕਾਵਿ-ਰੂਪ ਵਿਸ਼ੇਸ਼ ਦੇ ਨਾਮ ਦੀ ਵਰਤੋਂ ਕੀਤੀ ਗਈ।" (ਗਿੱਲ, *ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵੀ ਏਕਤਾ*126) ਇਹ ਤੱਥ ਵੀ ਸਹਿਜੇ ਹੀ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ ਕਿ ਬਾਣੀਕਾਰਾਂ ਵੱਲੋਂ ਕਾਵਿ-ਰੂਪ ਦੇ ਨਾਮ ਨੂੰ ਹੀ ਬਹੁਤੀ ਮਹੱਤਤਾ ਦਿੱਤੀ ਗਈ ਹੈ, ਜਿਸਦਾ ਕਾਰਨ ਉਸਦਾ ਜਨ-ਜੀਵਨ ਨਾਲ ਜੁੜੇ ਹੋਣਾ ਸੀ ਪਰ ਉਸ ਕਾਵਿ-ਰੂਪ ਦੇ ਕਰੜੇ ਕਾਵਿ-ਨਿਯਮਾਂ ਦੀ ਵੀ ਇੰਨ-ਬਿੰਨ ਪਾਲਣਾ ਕੀਤੀ ਗਈ ਹੋਵੇ ਇਹ ਗੱਲ ਸੌ ਫ਼ੀਸਦੀ ਸਹੀ ਨਹੀਂ। ਬਾਣੀਕਾਰਾਂ ਨੇ ਤਾਂ ਜਨ-ਜੀਵਨ ਨੂੰ ਪ੍ਰੇਰਿਤ ਕਰ ਕੇ ਮਾਨਵਵਾਦੀ ਫ਼ਲਸਫ਼ੇ ਦਾ ਗਿਆਨ ਪ੍ਰਦਾਨ ਕਰਨਾ ਸੀ। ਹਾਂ, ਜ਼ਿਕਰਯੋਗ ਥਾਵਾਂ ਤੇ, ਜਿੱਥੇ ਕਿਸੇ ਕਾਵਿ-ਰੂਪ ਦੇ ਨਿਯਮਾਂ ਵਿਚ ਰਹਿ ਕੇ ਆਪਣੀ ਗੱਲ ਪੂਰੀ ਤਰ੍ਹਾਂ ਸਪਸ਼ਟ ਕੀਤੀ ਜਾ ਸਕਦੀ ਸੀ, ਓਥੇ ਬਾਣੀਕਾਰਾਂ ਦੀ ਕਿਰਤ ਕਾਵਿ-ਨਿਯਮਾਂ ਦੀ ਕਸੌਟੀ 'ਤੇ ਪੂਰੀ ਤਰ੍ਹਾਂ ਖ਼ਰੀ ਉੱਤਰਦੀ ਹੈ।"ਕੁਲ ਮਿਲਾਕੇ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਸਾਹਿਤ-ਸ਼ਾਸਤਰੀ ਦ੍ਰਿਸ਼ਟੀ ਤੋਂ ਆਪਣੀ ਨਿਵੇਕਲੀ ਪਹਿਚਾਣ ਹੈ ਤੇ ਸ਼ਾਸਤਰੀ ਵਿਧੀ-ਵਿਧਾਨ ਨਾਲ ਬਰ ਵੀ ਮੇਚਦੀ ਹੈ।" (ਗਿੱਲ, *ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵੀ ਏਕਤਾ*119) ਇਹ ਤੱਥ ਬਾਕੀ ਬਾਣੀ-ਰੂਪਾਂ ਦੀ ਨਿਆਈਂ ਸਲੋਕ ਬਾਣੀ-ਰੂਪ ਦੇ ਵਿਸ਼ੇ ਵਿਚ ਵੀ ਇੰਨ-ਬਿੰਨ ਢੁਕਦਾ ਹੈ।

### 1.7.4 ਸੰਬੋਧਨੀ ਸ਼ੈਲੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗਾਹੇ-ਬਗਾਹੇ, ਤਤਕਾਲੀ ਵਿਵਸਥਾ ਦਾ ਜ਼ਿਕਰ ਕਰਦੇ ਹੋਏ, ਇਤਿਹਾਸਕ ਦਸਤਾਵੇਜ਼ ਵਜੋਂ ਵੀ ਵਿਚਰਦੀ ਹੈ। ਬਾਣੀ ਵਿਚ ਕਈ ਸਥਾਨਾਂ 'ਤੇ ਕਿਸੇ ਤਤਕਾਲੀ ਘਟਨਾ ਅਥਵਾ ਚਰਚਾ ਦੇ ਦਰਸ਼ਨ ਵੀ ਹੁੰਦੇ ਹਨ। ਸਲੋਕ ਬਾਣੀ-ਰੂਪ ਵੀ ਇਸ ਤੱਥ ਤੋਂ ਅਛੂਤਾ ਨਹੀਂ। ਸਲੋਕ ਬਾਣੀ-ਰੂਪ ਦਾ ਅਧਿਐਨ ਕਰਦੇ ਹੋਏ ਦੇਖਿਆ ਜਾਂਦਾ ਹੈ ਕਿ ਕਈ ਸਲੋਕ ਕਿਸੇ ਖ਼ਾਸ ਇਤਿਹਾਸਕ ਘਟਨਾ ਦਾ ਖ਼ਾਕਾ ਖਿੱਚਦੇ ਜਾਂਦੇ ਹਨ ਜਾਂ ਕਿਸੇ ਵਿਸ਼ੇ ਉੱਪਰ ਕਿਸੇ ਧਿਰ ਨੂੰ ਸੰਬੋਧਿਤ ਹੋ ਰਹੇ ਹਨ। ਭਾਵੇਂ ਕਈ ਵਾਰ ਇਹ ਸਪਸ਼ਟ ਨਹੀਂ ਹੋ ਪਾਉਂਦਾ ਕਿ ਦੂਜੀ ਧਿਰ ਕੌਣ ਹੈ ਪਰ ਸਲੋਕ ਦੀ ਚਾਲ ਅਤੇ ਭਾਸ਼ਾ ਇਸ ਤੱਥ ਨੂੰ ਸਹਿਜੇ ਹੀ ਨਸ਼ਰ ਕਰ ਦਿੰਦੀ ਹੈ। ਸਬੰਧਤ ਘਟਨਾ/ਘਟਨਾਵਾਂ ਦੀ ਸਪਸ਼ਟਤਾ ਕਈ ਵਾਰ ਪੁਰਾਤਨ ਸਾਹਿਤ ਤੋਂ ਹੁੰਦੀ ਹੈ ਭਾਵੇਂ ਇਹ ਗੱਲ ਹਰੇਕ ਸਲੋਕ ਦੇ ਵਿਸ਼ੇ ਵਿਚ ਸੱਚ ਨਹੀਂ ਹੁੰਦੀ। ਕਈ ਸਲੋਕ ਅਜਿਹੇ ਵੀ ਹਨ ਜਿਨ੍ਹਾਂ ਵਿਚ ਦੂਜੀ ਧਿਰ ਦਾ ਅਨੁਮਾਨ ਉਸ ਸਲੋਕ ਦਾ ਅਧਿਐਨ ਕਰਦਿਆਂ ਸਹਿਜੇ ਹੀ ਹੋ ਜਾਂਦਾ ਹੈ ਕਿਉਂਕਿ ਉਸ ਵਿਚ ਦੂਜੀ ਧਿਰ ਬਾਰੇ ਵੀ ਸਪਸ਼ਟਤਾ ਸਹਿਤ ਬਿਆਨ ਹੁੰਦਾ ਹੈ। ਜਿਵੇਂ:

ਸਲੋਕੁ ਮਹਲਾ ੩॥

ਸੇਖਾ ਚਉਚਕਿਆ ਚਉਵਾਇਆ ਏਹੁ ਮਨੁ ਇਕਤੁ ਘਰਿ ਆਣਿ॥

ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ॥
ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ॥
ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ॥
ਸਤਿਗੁਰ ਕੈ ਭਾਣੈ ਭੀ ਚਲਹਿ ਤਾ ਦਰਗਹ ਪਾਵਹਿ ਮਾਣੁ॥
ਨਾਨਕ ਜਿ ਨਾਮੁ ਨ ਚੇਤਨੀ ਤਿਨ ਧਿਗੁ ਪੈਨਣੁ ਧਿਗੁ ਖਾਣੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 646)

ਉਕਤ ਸਲੋਕ ਦਾ ਅਧਿਐਨ ਕਰਦਿਆਂ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਇਸ ਵਿਚ ਕਿਸੇ ਸ਼ੇਖ਼ ਦੇ ਪ੍ਰਥਾਇ ਸੰਬੋਧਨ ਹੈ ਜਿਸਨੂੰ ਆਪਾ-ਭਾਵ ਦਾ ਤਿਆਗ ਕਰ ਕੇ ਸੱਚ ਦੇ ਮਾਰਗ ਦਾ ਪਾਂਧੀ ਬਣਨ ਦੀ ਪ੍ਰੇਰਨਾ ਦਿੱਤੀ ਗਈ ਹੈ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ  ਵਿਚ ਸੰਕਲਿਤ ਹੋਰ ਕਈ ਸਲੋਕ ਸੰਬੋਧਨੀ ਸ਼ੈਲੀ ਵਾਲੇ ਹਨ। ਡਾ. ਤਾਰਨ ਸਿੰਘ ਦੀ ਟਿੱਪਣੀ ਏਥੇ ਬੜੀ ਵਰਨਣਯੋਗ ਹੈ, "ਇਹ ਸਲੋਕ ਸਮੇਂ ਸਮੇਂ ਵਿਕਲੋਤਰੇ ਰੂਪ ਵਿਚ ਭਿੰਨ ਭਿੰਨ ਪ੍ਰਸਥਿਤੀਆਂ ਦੇ ਪ੍ਰਤੀਕਰਮ ਵਜੋਂ ਰਚੇ ਗਏ ਹੋਣੇ ਹਨ।" (*ਗੁਰੂ ਅੰਗਦ ਦੇਵ ਜੀ* 41)

ਸਲੋਕ ਬਾਣੀ-ਰੂਪ ਕਿਉਂਕਿ ਲੰਮੀ ਬਾਣੀ ਦੀ ਸ਼੍ਰੇਣੀ ਅਧੀਨ ਨਹੀਂ ਆਉਂਦੇ, ਸੋ ਉਕਤ ਕਥਨ ਵਿਚ ਖ਼ਾਸਾ ਵਜ਼ਨ ਹੈ। ਗੁਰੂ ਅੰਗਦ ਦੇਵ ਜੀ ਕ੍ਰਿਤ ਸਲੋਕ ਦੋ ਪੰਕਤੀਆਂ ਤੋਂ ਲੈ ਕੇ ਬਾਰਾਂ ਪੰਕਤੀਆਂ ਤੱਕ ਦੇ ਹਨ। ਇਹ ਲੰਮੀਆਂ ਬਾਣੀਆਂ ਦੀ ਤਰ੍ਹਾਂ ਇੱਕੋ ਵਿਸ਼ਾ-ਵਸਤੂ ਦਾ ਵਿਸਤਾਰ ਨਹੀਂ, ਸਗੋਂ ਵਿਭਿੰਨ ਵਿਸ਼ਿਆਂ ਨੂੰ ਛੂੰਹਦੇ ਹਨ, ਸੋ ਇਹ ਵੱਖ-ਵੱਖ ਪ੍ਰਸਥਿਤੀਆਂ ਦੇ ਪ੍ਰਤੀਕਰਮ ਦੀ ਉਪਜ ਹੀ ਹੋਣਗੇ।

### 1.7.5 ਸਲੋਕ ਬਾਣੀ-ਰੂਪ ਦਾ ਨਿਰੂਪਣ

"ਸੰਪੂਰਨ ਬਾਣੀ ਨੂੰ ਸ਼ਬਦ, ਅਸ਼ਟਪਦੀਆਂ, ਸੋਲਹੇ, ਛੰਤ, ਵਾਰ, ਤੇ ਸਲੋਕਾਂ ਦੀ ਇੱਕ ਵਿਲੱਖਣ ਤਰਤੀਬ ਦਿੱਤੀ ਹੈ।" (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 21) ਸ੍ਰੀ ਗੁਰੂ ਗ੍ਰੰਥ ਸਾਹਿਬ  ਵਿਚ ਸਲੋਕ ਬਾਣੀ-ਰੂਪ ਸੁਤੰਤਰ ਤੌਰ 'ਤੇ ਅਸਟਪਦੀ ਤੋਂ ਪਹਿਲਾਂ, ਛੰਤ ਤੋਂ ਜਾਂ ਪਉੜੀ ਅਥਵਾ ਪਵੜੀ ਤੋਂ ਪਹਿਲਾਂ ਜਾਂ ਕਿਸੇ-ਕਿਸੇ ਸਥਾਨ 'ਤੇ ਸ਼ਬਦ ਬਾਣੀ-ਰੂਪ 'ਤੋਂ ਪਹਿਲਾਂ ਵਰਤੇ ਗਏ ਹਨ। ਇਹ ਸੁਤੰਤਰ 'ਸਲੋਕ' ਸਿਰਲੇਖ ਅਧੀਨ ਵੀ ਸੰਕਲਿਤ ਹਨ। ਅਸਟਪਦੀ ਬਾਣੀ-ਰੂਪ ਤੋਂ ਪਹਿਲਾਂ ਜਿੱਥੇ ਸਲੋਕ, ਗਿਣਤੀ ਪੱਖੋਂ ਇੱਕ ਹੀ ਆਉਂਦਾ ਹੈ, ਓਥੇ ਪਉੜੀ ਬਾਣੀ-ਰੂਪ ਤੋਂ ਪਹਿਲਾਂ ਕਈ ਥਾਂ ਇਨ੍ਹਾਂ ਦੀ ਗਿਣਤੀ ਵੱਧ ਤੋਂ ਵੱਧ ਸੱਤ ਤੱਕ ਹੈ। (*ਸ੍ਰੀ ਗੁਰੂ ਗ੍ਰੰਥ ਸਾਹਿਬ* 144) ਵਾਰਾਂ ਨੂੰ ਗਾਇਨ ਕਰਨ ਸਬੰਧੀ, ਧੁਨੀਆਂ ਪ੍ਰਥਾਇ, ਸਪਸ਼ਟ ਸੰਕੇਤ ਦਿੱਤੇ ਹੋਏ ਮਿਲਦੇ ਹਨ। "22 ਵਾਰਾਂ ਵਿਚੋਂ 9 ਵਾਰਾਂ ਨੂੰ ਖਾਸ ਧੁਨੀਆਂ ਵਿਚ ਗਾਉਣ ਦਾ ਨਿਰਦੇਸ਼ ਦਰਜ ਹੈ ਜਿਵੇਂ ਰਾਗ ਮਾਝ ਵਿਚ ਦਰਜ ਵਾਰ ਉੱਤੇ ਧੁਨੀ ਸੰਕੇਤ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥ ... ...।" (*ਖੋਜ ਪਤ੍ਰਿਕਾ ਸਤੰਬਰ 2014* 220)

"ਗੁਰੂ ਗ੍ਰੰਥ ਸਾਹਿਬ ਵਿਚ ਵਾਰਾਂ ਰਾਗਾਂ ਦੀਆਂ ਦਰਜ਼ ਹਨ। ਜਿਸ ਤਰੀਕੇ ਨਾਲ  (ਗੁਰੂ ਸਾਹਿਬ ਨੇ) ਇਹਨਾਂ ਵਾਰਾਂ ਦੇ ਗਾਉਣ ਦੀ ਸੂਚਨਾਂ ਗੁਰੂ ਸਾਹਿਬ ਜੀ ਕੀਤੀ ਹੈ। ਉਸ ਤਰ੍ਹਾਂ ਹੋਰ ਮਤਾਂ ਵਿਚ ਨਹੀਂ ਹੈ। ਹੋਰ ਮਤਾਂ ਵਿਚ ਤਾਂ ਵਾਰਾਂ ਗਾਣੇ ਦਾ ਰਿਵਾਜ ਹੀ ਨਹੀਂ ਹੈ। ਕੁਛ ਢਾਡੀ ਰਚਤ ਵਾਰਾਂ ਹਨ। ਜੋ ਕਿ ਕਿਸੇ ਇਕ ਤ੍ਰੀਕੇ ਵਿਚ ਸ਼ਰੇਣੀ ਬਧ ਨਹੀਂ ਹਨ। ਪਉੜੀਆਂ ਹੀ ਹੁੰਦੀਆਂ ਹਨ। ਓਹੁਨਾਂ ਨਾਲ ਸਲੋਕ ਆਦਿ ਨੀਯਤ ਨਹੀਂ ਹਨ, ਢਾਡੀ ਆਪਣੇ ਮਤਲਬ ਦੇ ਦੋਹੇ ਗਾਉਣ ਵੇਲੇ ਲਾ ਲੈਂਦੇ ਹਨ। ਇਹ ਦੋਹੇ ਹਰ ਵਾਰ

ਉਹੋ ਨਹੀਂ ਹੁੰਦੇ, ਬਦਲਦੇ ਰਹਿੰਦੇ ਹਨ । ਗੁਰਮਤ ਸੰਗੀਤ ਵਿਚ ਵਾਰਾਂ ਦੇ ਨਾਲ ਸਲੋਕ ਦਰਜ ਹਨ ਜੋ ਕਿ ਬਦਲੇ ਨਹੀਂ ਜਾ ਸਕਦੇ।" (ਸੰਤ ਚਰਨਜੀਤ ਸਿੰਘ, *ਨਵੀਨ ਗੁਰਮਤ ਸੰਗੀਤ* 5-6)ਵੈਸੇ ਗੁਰੂ ਘਰ ਦੇ ਪ੍ਰੇਮੀ ਸੱਤੇ ਅਤੇ ਰਾਇ ਬਲਵੰਡਿ ਜੀ ਦੁਆਰਾ ਰਚੀ ਗਈ 'ਰਾਮਕਲੀ ਕੀ ਵਾਰ' ਵਿਚ ਕੇਵਲ ਅੱਠ ਪਉੜੀਆਂ ਹੀ ਹਨ, ਸਲੋਕ ਕੋਈ ਨਹੀਂ ਹੈ। ਇਸੇ ਪ੍ਰਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਨ ਕੀਤੀ ਹੋਈ 'ਬਸੰਤ ਕੀ ਵਾਰ' (ਜੋ ਆਕਾਰ ਪੱਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ 22 ਵਾਰਾਂ ਵਿੱਚੋਂ ਸਭ ਤੋਂ ਛੋਟੀ ਹੈ) ਦੇ ਅੰਤਰਗਤ ਸੰਕਲਿਤ 3 ਪਉੜੀਆਂ ਤੋਂ ਪਹਿਲਾਂ ਵੀ ਕੋਈ ਸਲੋਕ ਨਹੀਂ ਆਉਂਦਾ। ਜਿੱਥੇ ਕਿਤੇ ਸਲੋਕ ਬਾਣੀ-ਰੂਪ ਪਰੰਪਰਾਗਤ ਦੋਹੇ ਦੇ ਕਾਵਿ-ਨਿਯਮਾਂ ਉੱਪਰ ਪੂਰਾ ਢੁਕਦਾ ਹੈ ਓਥੇ ਗੁਰੂ ਜੀ ਨੇ ਇਸਦਾ ਵਿਸ਼ੇਸ਼ ਉਲੇਖ 'ਸਲੋਕ ਦੋਹਾ'[3] ਰਾਹੀਂ ਕਰ ਦਿੱਤਾ ਹੈ। ਜਦੋਂ ਸਲੋਕ ਬਾਣੀ-ਰੂਪ ਦੀ ਭਾਸ਼ਾ 'ਡਖਣਾ' ('ਦ' ਦੀ ਥਾਂ 'ਡ') ਵਿਚ ਪਰਿਵਰਤਿਤ ਹੋਈ ਹੈ ਤਦ ਗੁਰੂ ਜੀ ਨੇ ਇਸਨੂੰ 'ਸਲੋਕ ਡਖਣਾ'[4] ਰਾਹੀਂ ਨਿਰੂਪਤ ਕਰ ਦਿੱਤਾ ਹੈ। ਅਜਿਹਾ ਕਰਦਿਆਂ ਗੁਰੂ ਜੀ ਨੇ ਕਾਵਿ-ਪਿੰਗਲ ਦੇ ਆਧਾਰ ਨਿਯਮਾਂ ਪ੍ਰਤਿ ਆਪਣੇ ਸੂਖ਼ਮ ਨਜ਼ਰੀਏ ਨੂੰ ਸਹਿਜੇ ਹੀ ਦ੍ਰਿੜ੍ਹਾ ਦਿੱਤਾ ਹੈ।

### 1.7.6 ਸਲੋਕ ਬਾਣੀ-ਰੂਪ ਵਿਚ ਭਾਵ ਪ੍ਰਗਟਾਅ

ਕਿਸੇ ਵੀ ਪਉੜੀ ਅਥਵਾ ਅਸਟਪਦੀ ਤੋਂ ਪਹਿਲਾਂ ਆਉਣ ਵਾਲੇ ਸਲੋਕ ਵਿਚ ਉਸ ਸਲੋਕ ਦੇ ਬਾਅਦ ਆਉਣ ਵਾਲੀ ਪਉੜੀ ਅਥਵਾ ਅਸਟਪਦੀ ਦਾ ਸੰਪੂਰਨ ਭਾਵ ਪ੍ਰਗਟ ਹੁੰਦਾ ਹੈ, ਜਾਂ ਇਵੇਂ ਆਖ ਲਈਏ ਕਿ ਸਲੋਕ ਜਾਂ ਬੱਝਵੇਂ ਰੂਪ ਵਿਚ, ਪਉੜੀ ਜਾਂ ਅਸਟਪਦੀ ਤੋਂ ਪਹਿਲਾਂ ਆਏ ਸਲੋਕਾਂ ਦਾ ਸਮੁੱਚਾ ਭਾਵ ਹੀ ਉਨ੍ਹਾਂ ਸਲੋਕ/ਸਲੋਕਾਂ ਤੋਂ ਬਾਅਦ ਆਉਣ ਵਾਲੀ ਪਉੜੀ ਜਾਂ ਅਸਟਪਦੀ ਪ੍ਰਸਤੁਤ ਕਰਦੀ ਹੈ। ਇੱਕੋ ਪ੍ਰਕਰਣ ਇਨ੍ਹਾਂ ਦੋਹਾਂ ਛੰਦਾਂ (ਸਮੂਹ) ਵਿਚ ਤੁਰਿਆ ਜਾਂਦਾ ਹੈ। ਉਦਾਹਰਨ ਲਈ ਦੇਖੋ :

ਸਲੋਕ ਮਹਲਾ ਦੂਜਾ॥
ਆਪਿ ਉਪਾਏ ਨਾਨਕਾ ਆਪੇ ਰਖੈ ਵੇਕ॥
ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕ॥
ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ॥
ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ॥
ਆਵਹਿ ਨੰਗੇ ਜਾਹਿ ਨੰਗੇ ਵਿਚੇ ਕਰਹਿ ਵਿਥਾਰ॥
ਨਾਨਕ ਹੁਕਮੁ ਨ ਜਾਣੀਐ ਅਗੈ ਕਾਈ ਕਾਰ॥

ਮਹਲਾ ਪਹਲਾ॥
ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ॥
ਆਪੇ ਥਾਪਿ ਉਥਾਪੈ ਆਪੇ ਏਤੇ ਵੇਸ ਕਰਾਵੈ॥
ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ॥
ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ॥
ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ॥
ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ॥

ਪਉੜੀ॥
ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ॥
ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ॥
ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ॥
ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ॥
ਨਾਨਕ ਸਹਜੈ ਮਿਲਿ ਰਹੇ ਹਰਿ ਨਾਮ ਸਮਾਇਆ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1237-38)

ਹੁਣ ਉਪਰੋਕਤ ਦੋਹਾਂ ਸਲੋਕਾਂ ਦਾ ਕੇਂਦਰੀ ਨੁਕਤਾ ਪਰਮਾਤਮਾ ਦਾ ਮਹਾਂ-ਨਿਯਮ (ਹੁਕਮ) ਹੈ। ਪ੍ਰਥਮ ਸਲੋਕ ਵਿਚ "ਨਾਨਕ ਹੁਕਮੁ ਨ ਜਾਣੀਐ" ਦੀ ਚਰਚਾ ਕੀਤੀ ਗਈ ਹੈ ਜਦਕਿ ਦੂਸਰੇ ਸਲੋਕ ਵਿਚ ਵੀ "ਮੂਲੁ ਮਤਿ ਪਰਵਾਣਾ" ਦੁਆਰਾ ਇਸ ਹੁਕਮ ਦੀ ਬਾਤ ਪਾਈ ਗਈ ਹੈ। ਇਸ ਹੁਕਮ ਦੀ ਸੋਝੀ ਕਿਵੇਂ ਹੋਵੇ ਤੇ ਇਹ ਹੁਕਮ ਹੈ ਕੀ, ਨੂੰ ਅਗਲੀ ਪਉੜੀ ਵਿਚ "ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ॥" ਅਤੇ "ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ॥ ਨਾਨਕ ਸਹਜੈ ਮਿਲਿ ਰਹੇ ਹਰਿ ਨਾਮ ਸਮਾਇਆ॥" ਰਾਹੀਂ ਪ੍ਰਗਟਾਇਆ ਗਿਆ ਹੈ।

### 1.7.7 ਦੋਹਿਰਾ ਅਤੇ ਸਲੋਕ ਬਾਣੀ-ਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਲੋਕ ਬਾਣੀ-ਰੂਪ, ਰੂਪਕ ਤੌਰ 'ਤੇ ਇੱਕ ਪੰਕਤੀ ਤੋਂ ਲੈ ਕੇ ਕਈ ਪੰਕਤੀਆਂ ਦਾ ਹੈ। ਬਾਣੀਕਾਰਾਂ ਦਾ ਆਸ਼ਾ ਕਿਸੇ ਖ਼ਾਸ ਬੰਦਸ਼, ਜਿਸ ਨਾਲ ਕਿ ਖ਼ਿਆਲ ਜਾਂ ਭਾਵ ਦੀ ਕਿਸੇ ਪੱਖ ਤੋਂ ਕਟੌਤੀ ਹੋ ਜਾਵੇ, ਵਿਚ ਰਹਿ ਕੇ ਖ਼ਿਆਲ ਜਾਂ ਭਾਵ ਨੂੰ ਪ੍ਰਗਟਾਉਣਾ ਨਹੀਂ। ਬਾਣੀਕਾਰਾਂ ਦਾ ਮਕਸਦ ਤਾਂ ਕਿਸੇ ਵਿਸ਼ੇ ਜਾਂ ਵਿਚਾਰ ਨੂੰ, ਬਾਣੀ ਨੂੰ ਪੜ੍ਹਨ-ਸੁਣਨ ਵਾਲੇ ਦੇ ਸਮਝਣਯੋਗ ਬਣਾ ਕੇ, ਉਸ ਦੇ ਪੱਲੇ ਪਾਉਣਾ ਹੈ। ਭਾਵੇਂ ਦੋ ਪੰਕਤੀਆਂ ਵਾਲੇ ਕਈ ਸਲੋਕ ਸੁਭਾਵਿਕ ਤੌਰ 'ਤੇ ਦੋਹਿਰਾ ਕਾਵਿ-ਰੂਪ ਦੀ ਕਸੌਟੀ 'ਤੇ ਖ਼ਰੇ ਹੋ ਉੱਤਰਦੇ ਹਨ। "ਸਲੋਕ ਨੂੰ ਦੋਹਰੇ ਦਾ ਪ੍ਰਯਾਇ ਮੰਨਿਆ ਗਿਆ ਹੈ। 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਸਲੋਕਾਂ ਨੂੰ ਜੇ ਇਸ ਦ੍ਰਿਸ਼ਟੀ ਤੋਂ ਵਾਚਿਆ ਜਾਵੇ ਤਾਂ ਇਹ ਦੋਹਰਾ-ਚਾਲ ਉਪਰ ਪੂਰੇ ਨਹੀਂ ਉਤਰਦੇ।" (*ਖੋਜ ਪਤ੍ਰਿਕਾ, ਸਤੰਬਰ 1985* 197)

**ਦੋਹਿਰਾ ਕਾਵਿ-ਰੂਪ:**

ਕੋਈ ਰਚਨਾ ਕਿਹੜੇ ਛੰਦ ਵਿਚ ਰਚੀ ਗਈ ਹੈ ਨੂੰ ਜਾਨਣ ਲਈ ਉਸ ਦਾ ਤੁਕਾਂਤ, ਅੱਖਰਾਂ ਦੀ ਗਿਣਤੀ, ਠਹਿਰਾਅ ਆਦਿ ਦੇਖਿਆ ਜਾਂਦਾ ਹੈ। ਅੱਖਰਾਂ ਦੀ ਗਿਣਤੀ ਦੇਖਣ ਲਈ ਉਨ੍ਹਾਂ ਨੂੰ ਮੁਕਤਾ ਜਾਂ ਲਗਾ-ਮਾਤ੍ਰਾ ਦੇ ਸਮੇਤ ਅਤੇ ਦੂਜੇ ਤੌਰ 'ਤੇ ਉਚਾਰਨ ਵਿਚ ਲੱਗੇ ਵੱਧ ਜਾਂ ਘੱਟ ਸਮੇਂ ਦੇ ਪੱਖ ਤੋਂ ਦੇਖਿਆ ਜਾਂਦਾ ਹੈ। ਛੰਦ ਦੀ ਭਾਸ਼ਾ ਵਿਚ ਅੱਖਰ ਨੂੰ ਵਰਣ ਕਿਹਾ ਜਾਂਦਾ ਹੈ। ਮੁਕਤਾ ਅੱਖਰ ਦੇ ਉਚਾਰਨ ਵਿਚ ਲਗਾ-ਮਾਤ੍ਰਾ ਸਮੇਤ ਅੱਖਰ ਦੇ ਉਚਾਰਨ ਦੇ ਮੁਕਾਬਲੇ ਘੱਟ ਸਮਾਂ ਲੱਗਦਾ ਹੈ। ਇਸ ਦੇ ਨਾਲ ਹੀ ਸਿਹਾਰੀ ਅਤੇ ਔਂਕੜ ਵਾਲੇ ਅੱਖਰ ਦੇ ਉਚਾਰਨ ਵਿਚ ਵੀ ਬਾਕੀ ਲਗਾ-ਮਾਤ੍ਰਾ ਜਿਵੇਂ ਕਿ ਕੰਨਾ, ਬਿਹਾਰੀ, ਦੁਲੈਂਕੜ, ਲਾਂ, ਦੁਲਾਂਅ, ਹੋੜਾ, ਕਨੌੜਾ ਆਦਿ ਦੇ ਸਮੇਤ ਅੱਖਰ ਦੇ ਉਚਾਰਨ ਨਾਲੋਂ ਮੁਕਤਾ ਅੱਖਰ ਦੀ ਤਰ੍ਹਾਂ ਹੀ ਘੱਟ ਸਮਾਂ ਲੱਗਦਾ ਹੈ। ਇਨ੍ਹਾਂ ਵਰਣਾਂ ਨੂੰ 'ਲਘੂ' ਕਿਹਾ ਜਾਂਦਾ ਹੈ ਅਤੇ '।' ਚਿੰਨ੍ਹ ਨਾਲ ਦਰਸਾਇਆ ਜਾਂਦਾ ਹੈ। ਇਨ੍ਹਾਂ ਤੋਂ ਬਿਨਾ ਬਾਕੀ ਲਗਾ-ਮਾਤ੍ਰਾਵਾਂ ਨਾਲ ਆਏ ਵਰਣਾਂ ਨੂੰ, ਕਿਉਂਕਿ

ਉਨ੍ਹਾਂ ਦੇ ਉਚਾਰਨ ਵਿਚ ਲਘੂ ਦੇ ਮੁਕਾਬਲੇ ਵੱਧ ਸਮਾਂ ਲੱਗਦਾ ਹੈ, 'ਗੁਰੂ' ਆਖਿਆ ਜਾਂਦਾ ਹੈ ਅਤੇ '$' ਨਾਲ ਦਰਸਾਇਆ ਜਾਂਦਾ ਹੈ। ਇਨ੍ਹਾਂ ਲਘੂ ਅਤੇ ਗੁਰੂ ਦੀ ਨਿਰਧਾਰਤ ਗਿਣਤੀ 'ਤੇ ਹੀ ਛੰਦ ਦਾ ਨਿਰਣਾ ਕੀਤਾ ਜਾਂਦਾ ਹੈ।

ਹੁਣ ਦੋਹਿਰਾ ਕਾਵਿ-ਰੂਪ ਨੂੰ ਮਾਤ੍ਰਿਕ ਛੰਦ ਦੇ ਤੌਰ 'ਤੇ ਦਰਸਾਉਣ ਲਈ ਇਸ ਦਾ ਸੰਧੀ-ਛੇਦ ਇਸ ਤਰ੍ਹਾਂ ਕੀਤਾ ਜਾਂਦਾ ਹੈ :

ਖੰ ਡਾ ਜਾ ਕੇ ਹਾ ਥ ਮੇ ਕ ਲ ਗੀ ਸੋ ਹ ਹਿ ਸੀ ਸ।

$ $ $ $ $ ! $ ! ! $ $ ! ! $ !

13 ਮਾਤਰਾ 11 ਮਾਤਰਾ

ਸੋ ਹ ਮ ਰੀ ਰ ਖਿ ਆ ਕ ਰੈ ਕ ਲ ਗੀ ਧ ਰ ਜ ਗ ਦੀ ਸ॥

$ ! ! $ ! ! $ ! $ ! ! $ ! ! ! ! $ !

13 ਮਾਤਰਾ 11 ਮਾਤਰਾ

ਇਸੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਦੋ ਪੰਕਤੀਆਂ ਵਾਲੇ ਕਈ ਸਲੋਕ ਦੋਹਿਰਾ ਛੰਦ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਜਾਂ ਕਹਿ ਲਈਏ ਕਿ ਦੋਹਿਰਾ ਛੰਦ ਦੇ ਆਧਾਰ ਨਿਯਮ 'ਤੇ ਪੂਰੇ ਉੱਤਰਦੇ ਹਨ। ਜਿਵੇਂ:

ਜੇ ਸ ਉ ਚੰ ਦਾ ਉ ਗ ਵ ਹਿ ਸੂ ਰ ਜ ਚ ੜ ਹਿ ਹ ਜਾ ਰ॥

$ ! ! $ $ ! ! ! $ $ ! ! ! ! ! ! $ !

13 ਮਾਤਰਾ 11 ਮਾਤਰਾ

ਏ ਤੇ ਚਾ ਨ ਣ ਹੋ ਦਿ ਆਂ ਗੁ ਰ ਬਿ ਨੁ ਘੋ ਰ ਅੰ ਧਾ ਰ॥

! $ $ ! ! $ $ $ ! ! ! ! $ ! ! $ !

13 ਮਾਤਰਾ 11 ਮਾਤਰਾ

"ਦੋਹਿਰਾ ਦੀ ਦੂਸਰੀ ਵਿਸ਼ੇਸ਼ਤਾ ਇਹ ਹੈ ਕਿ ਇਹ ਦੋ ਤੁਕਾਂ ਦਾ ਹੋਇਆ ਮਿਲਦਾ ਹੈ। ਸ਼ਾਇਦ ਇਸੇ ਕਰਕੇ ਬਹੁਤੇ ਵਿਦਵਾਨ ਇਸਨੂੰ ਸ਼ਲੋਕ ਨਾਲ ਤੁਲਨਾਂਦੇ ਹਨ ਕਿਉਂਕਿ ਸ਼ਲੋਕ ਦੀਆਂ ਵੀ ਦੋ ਤੁਕਾਂ ਹੁੰਦੀਆਂ ਹਨ। ਹਰ ਤੁਕ ਦੀਆਂ ਮਾਤਰਾਂ ਦਾ ਜੋੜ 24 ਹੁੰਦਾ ਹੈ। ਵਿਸਰਾਮ ਹਰ ਤੁਕ ਦਾ 13, 11 ਤੇ ਹੁੰਦਾ ਹੈ ਅਰਥਾਤ ਪਹਿਲਾ ਵਿਸ਼ਰਾਮ 13 ਉੱਪਰ ਤੇ ਦੂਸਰਾ 11 ਉੱਪਰ ਹੋਇਆ ਮਿਲਦਾ ਹੈ। ਤੁਕਾਂਤ ਦੋਹਾਂ ਤੁਕਾਂ (ਸਤਰਾਂ) ਦਾ ਅਖੀਰ ਤੇ ਮਿਲਦਾ ਹੋਵੇਗਾ। ਦੋਹਿਰੇ ਦੀ ਹਰ ਤੁਕ ਦੇ ਅਖ਼ੀਰ ਤੇ ਲਘੂ ( ! ) ਮਿਲੇਗਾ ਤੇ ਇਸ ਲਘੂ ਤੋਂ ਪਹਿਲਾਂ ਗੁਰੂ ( $ ) ਹਰ ਹਾਲਤ ਵਿਚ ਹੋਵੇਗਾ। ਭਾਵ ਤੁਕ ਦੇ ਅਖੀਰ ਤੇ ਗੁਰੂ ਲਘੂ ( $! ) ਇਕੱਠਾ ਹੀ ਆਵੇਗਾ।" (ਬੇਗੋਵਾਲ, *ਪੰਜਾਬੀ ਪਿੰਗਲ* 18)

ਉਪਰੋਕਤ ਵਿਚਾਰ ਦੀ ਲੋਅ ਵਿਚ ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਉਚਾਰਨ ਕੀਤੇ ਹੋਏ ਉਕਤ ਸਲੋਕ ਦੇ ਛੰਦੀ-ਛੇਦ ਦਾ ਵਿਵੇਚਨ ਕੀਤਾ ਜਾਂਦਾ ਹੈ ਤਾਂ ਇਹ ਸਲੋਕ ਦੋਹਿਰਾ ਕਾਵਿ-ਰੂਪ ਦੇ ਸਾਰੇ ਨਿਯਮਾਂ 'ਤੇ ਪੂਰਾ ਉੱਤਰਦਾ ਹੈ ਪਰ ਇਸਦਾ ਇਹ ਮਤਲਬ ਹਰਗਿਜ਼ ਨਹੀਂ ਲੈ ਲੈਣਾ ਚਾਹੀਦਾ ਕਿ ਉਕਤ ਸਲੋਕ ਦਾ ਉਚਾਰਨ ਗੁਰੂ ਜੀ ਨੇ ਦੋਹਿਰਾ ਛੰਦ ਦੇ ਨਿਯਮ ਨੂੰ ਆਧਾਰ ਬਣਾ ਕੇ ਕੀਤਾ

ਹੈ ਕਿਉਂਕਿ ਬਾਣੀਕਾਰਾਂ ਦੀ ਅਦੁੱਤੀ ਸ਼ਖ਼ਸੀਅਤ ਇਨ੍ਹਾਂ ਨਿਯਮਾਂ ਦਾ ਪਾਲਣ ਕਰਨ ਦੀ ਮੁਥਾਜ ਨਹੀਂ। ਅਧਿਐਨ ਕਰਦੇ ਹੋਏ ਦੋ ਪੰਕਤੀਆਂ ਵਿਚ ਹੀ ਰਚੇ ਗਏ ਕੁਝ ਹੋਰ ਸਲੋਕਾਂ ਨੂੰ ਦੇਖਿਆ ਜਾ ਸਕਦਾ ਹੈ ਜੋ ਕਿਸੇ ਤਰ੍ਹਾਂ ਵੀ ਦੋਹਿਰਾ ਛੰਦ ਦੇ ਨਿਯਮਾਂ ਤੋਂ ਸੁਤੰਤਰ ਹੋ ਵਿਚਰਦੇ ਹਨ:

ਸਲੋਕ॥

ਆਦਿ ਸਚੁ ਜੁਗਾਦਿ ਸਚੁ॥

ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 285)

ਸਲੋਕ ਮਹਲਾ ਪਹਲਾ॥

ਫਕੜ ਜਾਤੀ ਫਕੜੁ ਨਾਉ॥ਸਭਨਾ ਜੀਆ ਇਕਾ ਛਾਉ॥

ਆਪਹੁ ਜੇ ਕੋ ਭਲਾ ਕਹਾਏ॥ਨਾਨਕ ਤਾ ਪਰ ਜਾਪੈ ਜਾ ਪਤਿ ਲੇਖੈ ਪਾਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 83)

ਮਹਲਾ ਤੀਜਾ ॥

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਕਿਉਂਕਿ ਬਾਣੀਕਾਰਾਂ ਦਾ ਅਕੀਦਾ ਤਾਂ ਕਿਸੇ ਉੱਚ ਵਿਸ਼ੇ ਨੂੰ ਜਗਤ ਨਾਲ ਸਾਂਝਾ ਕਰਨਾ ਹੈ। ਅਜਿਹਾ ਕਰਦਿਆਂ ਭਾਵੇਂ ਕੋਈ ਬਾਣੀ-ਰੂਪ ਕਿਸੇ ਛੰਤ ਦੇ ਨਿਯਮਾਂ ਨੂੰ ਦ੍ਰਿੜਾ ਗਿਆ ਹੋਵੇ। "ਗੁਰੂ ਸਾਹਿਬ ਨੇ ਸਲੋਕ ਨੂੰ ਕੋਈ ਗਿਣਿਆ-ਮਿਥਿਆ ਛੰਦ ਰੂਪ ਜਾਂ ਪ੍ਰਕਾਰ ਨਹੀਂ; ਸਗੋਂ ਕਾਵਿ-ਪੰਕਤੀਆਂ ਦਾ ਸਮੂਹ ਮੰਨਿਆ ਹੈ ਜਿਸ ਵਿੱਚ ਇਕ ਹੀ ਭਾਵ ਪ੍ਰਧਾਨ ਹੋਵੇ। ... ... ਗੁਰੂ ਸਾਹਿਬ ਨੇ ਪੰਕਤੀਆਂ ਅਤੇ ਮਾਤ੍ਰਾਂ ਦੀ ਬੰਦਸ਼ ਸਲੋਕ ਦੀ ਬਣਤਰ ਵਿਚ ਸਵੀਕਾਰ ਨਹੀਂ ਕੀਤੀ।" (ਮਨਮੋਹਨ ਸਿੰਘ, *Perspectives on Guru Amar Das* 118) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸ਼ਬਦ ਬਾਣੀ-ਰੂਪ ਵੀ ਰੂਪਕ ਪੱਖੋਂ ਆਪਣੀ ਮਿਸਾਲ ਆਪ ਹਨ। ਇਨ੍ਹਾਂ ਲਈ ਕੋਈ ਮਾਤ੍ਰਿਕ ਜਾਂ ਵਰਣਕ ਨਿਯਮ ਨਿਰਧਾਰਤ ਨਹੀਂ। ਸੰਭਵ ਹੈ ਕਿ ਭਾਈ ਕਾਨ੍ਹ ਸਿੰਘ ਜੀ ਨਾਭਾ ਜਿਹੇ ਵਿਦਵਾਨਾਂ ਨੇ ਵੀ ਇਸੇ ਕਰਕੇ ਹੀ ਸਲੋਕ ਬਾਣੀ-ਰੂਪ ਦੀਆਂ ਮਾਤਰਾ ਅਥਵਾ ਵਰਣ ਨਿਰਧਾਰਤ ਨਹੀਂ ਕੀਤੇ। ਉਨ੍ਹਾਂ ਦੁਆਰਾ ਸਲੋਕ ਦੀ ਦਿੱਤੀ ਪਰਿਭਾਸ਼ਾ ਨੂੰ ਦੁਬਾਰਾ ਦੇਖਦੇ ਹਾਂ, " 'ਪ੍ਰਸੰਸਾ', 'ਉਸਤਤਿ', ਜਾਂ 'ਤਾਰੀਫ਼' ਸ਼ਬਦਾਂ ਦਾ ਸਮਅਰਥੀ ਸ਼ਬਦ"। ਸੋ ਸਲੋਕ ਬਾਣੀ-ਰੂਪ, ਸ਼ਬਦ ਬਾਣੀ-ਰੂਪ ਦੀ ਤਰ੍ਹਾਂ ਆਪਣੀ ਮਿਸਾਲ ਆਪ ਹੀ ਹੈ।

"ਇਸ ਕਾਵਿ-ਭੇਦ (ਸਲੋਕ) ਦੀਆਂ ਤੁਕਾਂ ਦੀ ਗਿਣਤੀ ਕਈ ਵਾਰ ਦੋਂ ਤੋਂ ਵਧ ਵੀ ਜਾਇਆ ਕਰਦੀ ਹੈ ਤੇ ਇਹ ਗਿਣਤੀ ਡਾ. ਵਣਜਾਰਾ ਬੇਦੀ ਅਨੁਸਾਰ ਵੀਹ ਤੱਕ ਵੀ ਮਿਲਦੀ ਹੈ। ਸ਼ਲੋਕ ਦੀ ਹੋਰ ਵਿਲੱਖਣਤਾ ਇਹ ਹੈ ਕਿ ਇਸ ਦੇ ਚੁਸਤ ਤੁਕਾਂਗ ਸਹਿਜੇ ਹੀ ਸਾਡੀ ਸਿਮਰਤੀ ਉੱਤੇ ਉੱਕਰੇ ਜਾਂਦੇ ਹਨ। ਇਸ ਕਾਵਿ-ਰੂਪ ਵਿੱਚ ਅਭਿਧਾ ਮੂਲਕ ਸ਼ਬਦ ਸ਼ਕਤੀ ਇੰਨੀ ਪ੍ਰਭਾਵੀ ਹੁੰਦੀ ਹੈ ਕਿ ਇਹ ਕਾਵਿ-ਰੂਪ ਸਿੱਧਾ ਲੋਕ ਮਨ ਨੂੰ ਅਪੀਲ ਕਰਦਾ ਹੈ। ਅਭਿਧਾ ਮੂਲਕ ਸ਼ਬਦ ਸ਼ਕਤੀ ਕਰਕੇ ਹੀ ਸ਼ਲੋਕ ਅਖਾਣਾਂ ਦੀ ਤਰ੍ਹਾਂ ਲੋਕਾਂ ਦੇ ਮੂੰਹਾਂ ਉੱਪਰ ਅਸਾਨੀ ਨਾਲ ਚੜ੍ਹ ਜਾਂਦੇ ਹਨ। ਇੱਥੇ ਇੱਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਸ਼ਲੋਕ ਦੀ ਥਾਂ ਹਿੰਦੀ ਜਾਂ ਸੰਸਕ੍ਰਿਤ ਦੇ ਮੀਮਾਂਸਕ 'ਸਾਖੀ' ਆਦਿ ਪਰਿਆਇ ਦੀ ਵਰਤੋਂ ਕਰਦੇ ਹਨ। ਡਾ. ਧਰਮ ਪਾਲ ਸਰੀਨ ਲਿਖਦੇ ਹਨ, 'ਸਾਖੀ ਸ਼ਬਦ ਸੰਸਕ੍ਰਿਤ ਦੇ ਸਾਕਸ਼ੀ ਦਾ ਅਪਭ੍ਰੰਸ਼ ਰੂਪ ਹੈ। ਇਸ ਦਾ ਅਰਥ ਉਸ ਕਾਵਿ-ਰੂਪ ਤੋਂ ਹੈ ਜਿਸ ਵਿੱਚ ਕਿਸੇ ਸੰਤ ਨੇ ਆਪਣੇ ਸਾਖਿਆਤ ਅਨੁਭਵ ਦੇ

ਬਲ ਆਸਰੇ ਪ੍ਰਾਪਤ ਕੀਤੀ ਹੋਈ ਗਿਆਨ ਦੀ ਪ੍ਰਤਿਸ਼ਠਾ ਕੀਤੀ ਹੋਵੇ।'" (ਬੇਗੋਵਾਲ, *ਪੰਜਾਬੀ ਪਿੰਗਲ* 70) ਏਥੇ ਇਹ ਦੱਸਣਾ ਵੀ ਲਾਜ਼ਮੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ  ਵਿਚ ਸੰਕਲਿਤ ਸਲੋਕ ਘੱਟ ਤੋਂ ਘੱਟ ਦੋ ਪੰਕਤੀਆਂ ਦੇ ਨਹੀਂ ਬਲਕਿ ਇੱਕ ਪੰਕਤੀ ਦੇ ਵੀ ਹਨ:

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਪ੍ਰੋ. ਅੰਮ੍ਰਿਤਪਾਲ ਕੌਰ ਦੇ ਵਿਚਾਰ ਏਥੇ ਵਰਣਨਣੋਗ ਹਨ, "ਇਨ੍ਹਾਂ ਸਲੋਕਾਂ ਵਿਚ ਮਾਤਰਾਂ, ਤੁਕਾਂ, ਲਘੂ ਗੁਰੂ, ਅਨੁਪ੍ਰਾਸ ਆਦਿ ਤੋਂ ਭਿੰਨਤਾ ਹੈ, ਕਿਉਂਜੋ ਗੁਰੂ ਸਾਹਿਬ ਨੇ ਇਸ ਦੇ ਅੰਤਰਗਤ ਆਉਣ ਵਾਲੇ ਵਿਭਿੰਨ ਛੰਦਾਂ 'ਤੇ ਕਿਸੇ ਵੀ ਪ੍ਰਕਾਰ ਦੇ ਨਿਯਮ ਦੀ ਕੱਟੜਤਾ ਨੂੰ ਨਹੀਂ ਸਵੀਕਾਰਿਆ। ਇਸ ਤਰ੍ਹਾਂ ਇਹ ਇੱਕ ਸੁਸੰਗਠਿਤ ਕੇਵਲ ਤੁਕ ਸਮੂਹ ਵਜੋਂ ਸਾਮ੍ਹਣੇ ਆਉਂਦਾ ਹੈ, ਜਿਸ ਵਿੱਚ ਇੱਕੋ ਭਾਵ ਜਾਂ ਵਿਚਾਰ ਦੀ ਪ੍ਰਧਾਨਤਾ ਅਰੰਭ ਤੋਂ ਅੰਤ ਤਕ ਰਹਿੰਦੀ ਹੈ। ਜਿੰਨੀ ਦੇਰ ਤਕ ਵਿਚਾਰ ਜਾਂ ਭਾਵ ਦੀ ਪੂਰੀ ਤਰ੍ਹਾਂ ਅਭਿਵਿਅਕਤੀ ਸੰਪੂਰਨ ਨਹੀਂ ਹੋ ਜਾਂਦੀ,ਉਨੀ ਦੇਰ ਤਕ ਸਲੋਕ ਦੀ ਰਚਨਾ ਪ੍ਰਕਿਰਿਆ ਚਲਦੀ ਰਹਿੰਦੀ ਹੈ, ਭਾਵੇਂ ਕਿੰਨੀਆਂ ਹੀ ਪੰਕਤੀਆਂ ਦਾ ਵਿਸਤਾਰ ਕਿਉਂ ਨਾ ਹੋ ਜਾਵੇ।" (*ਖੋਜ ਪਤ੍ਰਿਕਾ ਸਤੰਬਰ 2003* 6)

### 1.7.8 ਸਲੋਕ ਬਾਣੀ-ਰੂਪ ਅਤੇ ਸੋਰਠਾ

ਜਿੱਥੇ ਕਈ ਸਥਾਨਾਂ 'ਤੇ ਸਲੋਕ ਬਾਣੀ-ਰੂਪ ਦੋਹਿਰਾ ਛੰਦ ਦੀਆਂ ਸ਼ਰਤਾਂ ਸੁਭਾਵਿਕ ਤੌਰ 'ਤੇ ਪੂਰੀਆਂ ਕਰ ਜਾਂਦਾ ਹੈ, ਓਥੇ ਕਈ ਵਾਰ ਇਹ ਬਾਣੀ-ਰੂਪ ਸੋਰਠਾ ਛੰਦ ਦੇ ਚੌਖਟੇ ਵਿਚ ਵੀ ਠੀਕ ਸਮਾਅ ਜਾਂਦਾ ਹੈ। ਜਿੱਥੇ ਦੋਹਿਰਾ ਛੰਦ ਦੀਆਂ 24 ਮਾਤਰਾ ਹੁੰਦੀਆਂ ਹਨ, ਓਥੇ ਸੋਰਠਾ ਵੀ 24 ਮਾਤਰਾ ਵਾਲਾ ਹੀ ਛੰਦ ਹੈ। ਭਿੰਨਤਾ ਏਨੀ ਹੈ ਕਿ ਜਿੱਥੇ ਦੋਹਿਰਾ ਛੰਦ ਵਿਚ ਪਹਿਲਾ ਵਿਸਰਾਮ 13 'ਤੇ ਅਤੇ ਦੂਸਰਾ ਵਿਸਰਾਮ 11 'ਤੇ ਆਉਂਦਾ ਹੈ, ਓਥੇ ਇਸਦੇ ਪੂਰੀ ਤਰ੍ਹਾਂ ਉਲਟ ਸੋਰਠਾ ਛੰਦ ਵਿਚ ਪਹਿਲਾ ਵਿਸਰਾਮ 11 ਉੱਪਰ ਤੇ ਦੂਸਰਾ 13 'ਤੇ ਆਉਂਦਾ ਹੈ। ਸੋਰਠਾ ਛੰਦ ਦੀਆਂ ਵੀ ਦੋਹਿਰਾ ਛੰਦ ਦੀ ਨਿਆਈਂ ਦੋ ਹੀ ਪੰਕਤੀਆਂ ਜਾਂ ਚਰਣ ਹੁੰਦੇ ਹਨ। ਦੋਹਿਰੇ ਦੀ ਤਰ੍ਹਾਂ ਸੋਰਠੇ ਵਿਚ ਦੂਸਰੇ ਅਤੇ ਚੌਥੇ ਤੁਕਾਂਗ ਦਾ ਮੇਲ ਨਹੀਂ ਹੁੰਦਾ, ਭਾਵ ਇਹ ਇੱਕ ਲੈਅ ਵਿਚ ਨਹੀਂ ਹੁੰਦੇ ਸਗੋਂ ਪਹਿਲਾ ਅਤੇ ਤੀਸਰਾ ਤੁਕਾਂਗ ਮਿਲਦੇ ਹਨ। ਲਘੂ ਅਤੇ ਗੁਰੂ ਦਾ ਸਥਾਨ ਵੀ ਦੋਹਿਰਾ ਛੰਦ ਦੇ ਬਿਲਕੁਲ ਵਿਪਰੀਤ ਹੋ ਜਾਂਦਾ ਹੈ। ਭਾਵ ਪਹਿਲੇ ਅਤੇ ਤੀਸਰੇ ਤੁਕਾਂਗ ਦੇ ਅੰਤ ਗੁਰੂ ਲਘੂ ਹੁੰਦਾ ਹੈ। ਸਿੱਧੇ ਸ਼ਬਦਾਂ ਵਿਚ ਦੋਹਿਰਾ ਛੰਦ ਰੂਪ ਦਾ ਉਲਟ ਸੰਧੀ-ਛੇਦ ਕਰ ਦੇਈਏ ਤਾਂ ਇਹ ਸੋਰਠਾ ਛੰਦ ਦਾ ਰੂਪ ਧਾਰਨ ਕਰ ਲੈਂਦਾ ਹੈ। ਆਓ ਉਪਰੋਕਤ ਦੋਹਿਰਾ ਛੰਦ ਦੇ ਸੰਧੀ-ਛੇਦ ਨੂੰ ਹੀ ਮੁੜ ਵਿਚਾਰੀਏ:

ਕ ਲ ਗੀ ਸੋ ਹ ਹਿ ਸੀ ਸ    ਖੰ ਡਾ ਜਾ ਕੇ ਹਾ ਥ ਮੇ।

! ! $ $ ! ! $ !    $ $ $ $ $ ! $

11 ਮਾਤਰਾ    13 ਮਾਤਰਾ

ਕ ਲ ਗੀ ਧ ਰ ਜ ਗ ਦੀ ਸ    ਸੋ ਹ ਮ ਰੀ ਰ ਖਿ ਆ ਕ ਰੈ॥

! ! $ ! ! ! ! $ !    $ ! ! $ ! ! $ ! $

11 ਮਾਤਰਾ    13 ਮਾਤਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਕਈ ਸਲੋਕ ਸੋਰਠਾ ਛੰਦ ਦੀਆਂ ਸ਼ਰਤਾਂ 'ਤੇ ਪੂਰਾ ਉਤਰਦੇ ਹਨ। ਆਓ ਸ਼ੇਖ਼ ਬਾਬਾ ਫਰੀਦ ਜੀ ਕ੍ਰਿਤ ਹੇਠ ਲਿਖੇ ਸਲੋਕ ਦਾ ਵਿਵੇਚਨ ਕਰੀਏ:

ਕੰ ਧੀ ਵ ਹ ਣ ਨ ਢਾ ਹਿ          ਤ ਉ ਭੀ ਲੇ ਖਾ ਦੇ ਵ ਣਾ॥

$ $ ! ! ! ! $ !          ! ! $ $ $ $ ! $

11 ਮਾਤਰਾ          13 ਮਾਤਰਾ

ਜਿ ਧ ਰਿ ਰ ਬ ਰ ਜਾ ਇ          ਵ ਹ ਣੁ ਤਿ ਦਾ ਊ ਗੰ ਉ ਕ ਰੇ॥

$ ! $ ! ! ! $ !          ! ! ! ! $ ! $ ! ! $

11 ਮਾਤਰਾ          13 ਮਾਤਰਾ

ਇੱਕ ਹੋਰ ਉਦਾਹਰਨ ਦੇਖੀਏ ਜੋ ਸੋਰਠਾ ਛੰਦ ਦੇ ਨਿਯਮਾਂ ਦੀ ਪੂਰਤੀ ਕਰਦਾ ਹੈ:

ਫਰੀਦਾ ਗਲਂ◌ੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥

ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਭਾਵੇਂ ਇਹ ਤੱਥ ਸਵੀਕਾਰ ਕੀਤਾ ਗਿਆ ਹੈ ਕਿ ਸੋਰਠਾ ਦੋਹਿਰਾ ਛੰਦ ਦਾ ਵਿਪਰੀਤ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਉਪਰੋਕਤ ਸਲੋਕ ਭਾਵੇਂ ਸੋਰਠਾ ਛੰਦ ਦੀਆਂ ਖ਼ੂਬੀਆਂ ਸੰਭਾਲੇ ਹੋਏ ਹੈ ਅਤੇ ਜੇਕਰ ਇਸ ਨੂੰ ਮਾਤ੍ਰਿਕ ਛੰਦ ਬੰਦੀ ਵਿਚ ਉਲਟਾਇਆ ਜਾਵੇ ਤਾਂ ਦੋਹਿਰਾ ਛੰਦ ਦੇ ਨਿਯਮਾਂ 'ਤੇ ਤਾਂ ਪੂਰਾ ਉੱਤਰੇਗਾ ਪਰ ਇਸ ਦੀ ਲੈਅ ਅਤੇ ਗਤੀ ਪ੍ਰਭਾਵਿਤ ਹੋ ਜਾਵੇਗੀ ਅਤੇ ਅਭਿਧਾ ਸ਼ਬਦ ਸ਼ਕਤੀ ਕਮਜ਼ੋਰ ਹੋਵੇਗੀ। ਦੇਖੋ:

ਫਰੀਦਾ ਇਕੁ ਢੂੰਢੇਦੀ ਨ ਲਹਾਂ ਗਲਂ◌ੀ[1] ਸੁ ਸਜਣ ਵੀਹ॥

ਕਾਰਣਿ ਤਿੰਨ੍ਹਾ ਮਾ ਪਿਰੀ ਧੁਖਾਂ ਜਿਉ ਮਾਂਲੀਹ॥

ਕਹਿਣ ਦਾ ਭਾਵ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਮੂਲ ਮਨੋਰਥ ਛੰਦ ਦੇ ਵਿਭਿੰਨ ਰੂਪਾਂ ਨਾਲ਼ ਅਲੱਗ-ਅਲੱਗ ਪ੍ਰਯੋਗ ਕਰ ਕੇ ਵੱਡੇ ਗਿਆਨ ਦਾ ਪ੍ਰਗਟਾਵਾ ਕਰਨਾ ਜਾਂ ਬਾਣੀ ਪੜ੍ਹਨ-ਸੁਣਨ ਵਾਲੇ ਦੇ ਮਨ ਵਿਚ ਇਨ੍ਹਾਂ ਪ੍ਰਯੋਗਾਂ ਰਾਹੀਂ ਕੋਈ ਛਿਣ-ਭੰਗੁਰਾ ਕਾਵਿਕ ਰਸ ਉਪਜਾਉਣਾ ਨਹੀਂ, ਸਗੋਂ ਉਨ੍ਹਾਂ ਦਾ ਨਿਸ਼ਚਾ ਤਾਂ 'ਸਾਰ ਰਸ' ਦੀ ਪ੍ਰਾਪਤੀ ਕਰਵਾਉਣ ਲਈ ਕਿਸੇ ਭਾਵ ਨੂੰ ਸਾਕਾਰ ਕਰਨਾ ਹੈ। ਅਜਿਹਾ ਕਰਦਿਆਂ ਬਹੁਤੀ ਵਾਰ ਛੰਦ ਨਿਯਮ ਆਪਣਾ ਕ੍ਰਮ ਪੂਰਾ ਕਰ ਗਏ ਹਨ ਕਿਉਂਕਿ ਨਿਯਮ ਤਾਂ ਰਚਨਾ ਦੇ ਆਧਾਰ 'ਤੇ ਉਤਪੰਨ ਹੁੰਦੇ ਹਨ। ਨਿਯਮਾਂ ਦੇ ਆਧਾਰ 'ਤੇ ਕਿਰਤਾਂ ਤਾਂ ਮਗਰੋਂ ਜਨਮ ਲੈਣ ਲੱਗਦੀਆਂ ਹਨ। ਬਾਣੀਕਾਰਾਂ ਦੇ ਭਾਵ-ਵਿਅਕਤੀ ਦੇ ਇਨ੍ਹਾਂ ਅਸਲੋਂ ਨਵੇਕਲ਼ੇ ਢੰਗਾਂ ਤੇ ਜੁਗਤਾਂ ਨੇ ਨਵੇਂ ਆਯਾਮਾਂ ਨੂੰ ਜਨਮ ਦਿੱਤਾ। ਸੰਭਵ ਹੈ, ਏਥੋਂ ਹੀ ਪੰਜਾਬੀ 'ਖੁੱਲ੍ਹੀ ਕਵਿਤਾ' ਦੇ ਬੀਜ ਬੀਜੇ ਗਏ ਹੋਣ।

---

[1] ਯੂਨੀਕੋਡ ਵਿੱਚ ਕਿਸੇ ਅੱਖਰ 'ਤੇ ਬਿੰਦੀ ਪਾ ਕੇ ਬਿਹਾਰੀ ਪਾਉਂਦੇ ਹਾਂ (ਗੁਰਬਾਣੀ ਦੀ ਲਿਖ਼ਤ ਅਨੁਸਾਰ) ਤਾਂ ਉਸ ਅੱਖਰ ਅਤੇ ਬਿਹਾਰੀ ਦੇ ਵਿਚਕਾਰ ਇੱਕ ਚੱਕਰ (ਗੋਲ਼ਾ) ਜਿਹਾ ਬਣ ਜਾਂਦਾ ਹੈ। ਇਹ ਸਮੱਸਿਆ ਹਲੰਤ ਤੋਂ ਬਾਅਦ ਪਾਈ ਕਿਸੇ ਮਾਤਰਾ ਵੇਲ਼ੇ ਵੀ ਆਉਂਦੀ ਹੈ।

### 1.7.9 ਪਉੜੀ ਤੋਂ ਪਹਿਲਾਂ ਸਲੋਕ ਬਾਣੀ-ਰੂਪ ਦਾ ਨਿਰੂਪਣ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ 22 ਵਾਰਾਂ ਵਿਚ ਸੰਮਿਲਿਤ ਪਉੜੀਆਂ ਵਿਚ, ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਕਿਸੇ ਪਉੜੀ ਤੋਂ ਪਹਿਲਾਂ ਆਉਣ ਵਾਲੇ ਸਲੋਕ/ਸਲੋਕਾਂ ਦੇ ਕੇਂਦਰੀ ਨੁਕਤੇ ਦਾ ਵਿਸਤਾਰ ਕੀਤਾ ਗਿਆ ਹੁੰਦਾ ਹੈ, ਕਿਸੇ ਵਾਰ ਤੋਂ ਪਹਿਲਾਂ ਆਉਣ ਵਾਲੇ ਸਲੋਕ/ਸਲੋਕਾਂ ਦੀ, ਜਿਨ੍ਹਾਂ ਦਾ ਅਗਲੀ ਪਉੜੀ ਵਿਚ ਵਿਸਤਾਰ ਹੁੰਦਾ ਹੈ, ਦੀ ਗਿਣਤੀ ਆਮ ਤੌਰ 'ਤੇ ਦੋ ਹੁੰਦੀ ਹੈ ਪਰ ਇਹ ਹਰ ਪਉੜੀ ਤੋਂ ਪਹਿਲਾਂ ਆਉਣ ਵਾਲੇ ਸਲੋਕਾਂ ਲਈ ਕੋਈ ਪੱਕਾ ਨਿਯਮ ਨਹੀਂ। ਭਾਵੇਂ ਦੋ ਸਲੋਕਾਂ ਵਾਲਾ ਤੱਥ ਸਭ ਤੋਂ ਵੱਧ ਪਉੜੀਆਂ ਲਈ ਸਹੀ ਹੈ ਪਰ ਕਈ ਵਾਰ ਇਨ੍ਹਾਂ ਸਲੋਕਾਂ ਦੀ ਗਿਣਤੀ ਇੱਕ ਵੀ ਹੋ ਸਕਦੀ ਹੈ ਤੇ ਵੱਧ ਤੋਂ ਵੱਧ 7 ਵੀ। ਪ੍ਰਕਰਣ ਇੱਕੋ ਚੱਲਦਾ ਹੈ। ਆਓ, 'ਵਾਰ ਮਾਝ ਕੀ' ਵਿਚ ਇਸਦੀ ਸੁੰਦਰ ਉਦਾਹਰਨ ਦੇਖੀਏ :

ਸਲੋਕੁ ਮਹਲਾ ਪਹਲਾ॥

ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ॥
ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ॥
ਏਕ ਤੂਹੀ ਏਕ ਤੁਹੀ॥੧॥

ਮਹਲਾ ਪਹਲਾ॥

ਨ ਦੇਵ ਦਾਨਵਾ ਨਰਾ॥ ਨ ਸਿਧ ਸਾਧਿਕਾ ਧਰਾ॥
ਅਸਤਿ ਏਕ ਦਿਗਰਿ ਕੁਈ॥ਏਕ ਤੁਈ ਏਕ ਤੁਈ॥੨॥

ਮਹਲਾ ਪਹਲਾ॥

ਨ ਦਾਦੇ ਦਿਹੰਦ ਆਦਮੀ॥ ਨ ਸਪਤ ਜੇਰ ਜਿਮੀ॥
ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕ ਤੁਈ॥੩॥

ਮਹਲਾ ਪਹਲਾ॥

ਨ ਸੂਰ ਸਸਿ ਮੰਡਲੋ॥ ਨ ਸਪਤ ਦੀਪ ਨਹ ਜਲੋ॥
ਅੰਨ ਪਉਣ ਥਿਰੁ ਨ ਕੁਈ॥ ਏਕ ਤੁਈ ਏਕ ਤੁਈ॥੪॥

ਮਹਲਾ ਪਹਲਾ॥

ਨ ਰਿਜਕੁ ਦਸਤ ਆ ਕਸੇ॥ ਹਮਾ ਰਾ ਏਕੁ ਆਸ ਵਸੇ॥
ਅਸਤਿ ਏਕ ਦਿਗਰ ਕੁਈ॥ ਏਕ ਤੁਈ ਏਕ ਤੁਈ॥੫॥

ਮਹਲਾ ਪਹਲਾ॥

ਪਰੰਦਏ ਨ ਗਿਰਾਹ ਜਰ॥ ਦਰਖਤ ਆਬ ਆਸ ਕਰ॥
ਦਿਹੰਦ ਸੁਈ॥ ਏਕ ਤੁਈ ਏਕ ਤੁਈ॥੬॥

ਮਹਲਾ ਪਹਲਾ॥

ਨਾਨਕ ਲਿਲਾਰਿ ਲਿਖਿਆ ਸੋਇ॥ ਮੇਟਿ ਨ ਸਾਕੈ ਕੋਇ॥

ਕਲਾ ਧਰੈ ਹਿਰੈ ਸੁਈ॥ ਏਕੁ ਤੁਈ ਏਕੁ ਤੁਈ॥੭॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 144)

### 1.7.10 ਸਲੋਕ ਬਾਣੀ-ਰੂਪ ਦਾ ਰੂਪਕ-ਪੱਖ

ਕਈ ਵਿਦਵਾਨ ਸਲੋਕ ਨੂੰ 'ਸੂਤ੍ਰਿਕ ਸ਼ੈਲੀ' ਭਾਵ 'ਇਸ਼ਾਰੇ ਨਾਲ ਵਿਸ਼ਾ ਬਿਆਨ ਕਰਦੇ ਹੋਏ ਆਕਾਰ ਪੱਖੋਂ ਛੋਟਾ ਹੋਣਾ' ਖ਼ਿਆਲਦੇ ਹਨ। "ਸ਼ਲੋਕ ਦੀ ਸਿਰਜਣਾ ਆਮ ਤੌਰ 'ਤੇ ਸੂਤ੍ਰਿਕ ਸ਼ੈਲੀ ਵਿਚ ਕੀਤੀ ਜਾਂਦੀ ਹੈ। ਇਹ ਆਕਾਰ ਵਿਚ ਛੋਟਾ ਹੁੰਦਾ ਹੈ। ਸੰਜਮ ਇਸਦਾ ਅਨਿਵਾਰੀ ਲੱਛਣ ਹੈ। ਇਸ ਵਿਚ ਵਿਚਾਰ ਜਾਂ ਅਨੁਭਵ ਨੂੰ ਸੂਤਰ ਰੂਪ ਵਿਚ ਪ੍ਰਗਟ ਕੀਤਾ ਜਾਂਦਾ ਹੈ।" (ਲਖਬੀਰ ਸਿੰਘ, *ਨਾਨਕ ਪ੍ਰਕਾਸ਼ ਪਤ੍ਰਿਕਾ ਭਗਤ ਕਬੀਰ ਵਿਸ਼ੇਸ਼ ਅੰਕ, ਜੂਨ 2011* 104)

ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਵਿਸ਼ਾ-ਵਸਤੂ ਨੂੰ ਸਪਸ਼ਟ ਕਰਦੇ ਹੋਏ ਕਈ-ਕਈ ਪੰਕਤੀਆਂ ਦੀ ਲੜੀ ਪਰੋਅ ਲੈਂਦੇ ਹਨ। ਕੁਝ ਇੱਕ ਵਿਦਵਾਨਾਂ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੀਆਂ ਵੱਧ ਤੋਂ ਵੱਧ ਪੰਕਤੀਆਂ ਦੀ ਗਿਣਤੀ 9 ਹੈ (ਅੰਮ੍ਰਿਤਪਾਲ ਕੌਰ *ਖੋਜ ਪਤ੍ਰਿਕਾ ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ ਸਤੰਬਰ 2003* 6) ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਲੋਕ ਬਾਣੀ-ਰੂਪ ਦਾ ਅਧਿਐਨ ਕਰਦਿਆਂ ਦੇਖਿਆ ਜਾਂਦਾ ਹੈ ਕਿ ਏਥੇ ਵੱਡੀ ਗਿਣਤੀ ਵਿਚ ਸਲੋਕ-ਪੰਕਤੀਆਂ ਦੀ ਸੰਖਿਆ 12, 13, 14, 15 ਤੱਕ ਵੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਨ ਕੀਤੇ ਹੋਏ ਹੇਠ ਲਿਖੇ ਸਲੋਕ ਦੀਆਂ ਪੰਕਤੀਆਂ ਦੀ ਗਿਣਤੀ ਤਾਂ 26 ਹੈ:

ਮਹਲਾ ਪਹਲਾ॥

ਵਾਇਨਿ ਚੇਲੇ ਨਚਨਿ ਗੁਰ॥
ਪੈਰ ਹਲਾਇਨਿ ਫੇਰਨਿ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥
ਵੇਖੈ ਲੋਕ ਹਸੈ ਘਰ ਜਾਇ॥
ਰੋਟੀਆ ਕਾਰਣਿ ਪੂਰਹਿ ਤਾਲ॥
ਆਪੁ ਪਛਾੜਹਿ ਧਰਤੀ ਨਾਲਿ॥
ਗਾਵਨਿ ਗੋਪੀਆ ਗਾਵਨਿ ਕਾਨ੍ਹ॥
ਗਾਵਨਿ ਸੀਤਾ ਰਾਜੇ ਰਾਮ॥
ਨਿਰਭਉ ਨਿਰੰਕਾਰੁ ਸਚੁ ਨਾਮੁ॥
ਜਾ ਕਾ ਕੀਆ ਸਗਲ ਜਹਾਨੁ॥
ਸੇਵਕ ਸੇਵਹਿ ਕਰਮਿ ਚੜਾਉ॥
ਭਿੰਨੀ ਰੈਣਿ ਜਿਨਾ ਮਨਿ ਚਾਉ॥
ਸਿਖੀ ਸਿਖਿਆ ਗੁਰ ਵੀਚਾਰਿ॥

ਨਦਰੀ ਕਰਮਿ ਲਘਾਏ ਪਾਰਿ॥
ਕੋਲੂ ਚਰਖਾ ਚਕੀ ਚਕੁ॥
ਥਲ ਵਾਰੋਲੇ ਬਹੁਤੁ ਅਨੰਤੁ॥
ਲਾਟੂ ਮਾਧਾਣੀਆ ਅਨਗਾਹ॥
ਪੰਖੀ ਭਉਦੀਆ ਲੈਨਿ ਨ ਸਾਹ॥
ਸੂਐ ਚਾੜਿ ਭਵਾਈਅਹਿ ਜੰਤ॥
ਨਾਨਕ ਭਉਦਿਆ ਗਣਤ ਨ ਅੰਤ॥
ਬੰਧਨ ਬੰਧਿ ਭਵਾਏ ਸੋਇ॥
ਪਇਐ ਕਿਰਤਿ ਨਚੈ ਸਭੁ ਕੋਇ॥
ਨਚਿ ਨਚਿ ਹਸਹਿ ਚਲਹਿ ਸੇ ਰੋਇ॥
ਉਡਿ ਨ ਜਾਹੀ ਸਿਧ ਨ ਹੋਹਿ॥
ਨਚਣੁ ਕੁਦਣੁ ਮਨ ਕਾ ਚਾਉ॥
ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 465)

ਇੱਕੋ ਵਿਸ਼ੇ ਅਤੇ ਭਾਵ ਦੀ ਲਗਾਤਾਰਤਾ ਕਾਰਨ ਮਾਨਸਿਕ ਪ੍ਰਭਾਵ ਡੂੰਘਾ ਹੋ ਨਿਬੜਦਾ ਹੈ। ਜਿੱਥੇ ਦੋ ਪੰਕਤੀਆਂ ਵਿਚ ਸਲੋਕ ਦੀ ਰਚਨਾ ਦਾ ਭਾਵ-ਪੁਰਤ ਢੰਗ ਨਾਲ ਮਨ-ਆਤਮਾ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ, ਉਥੇ ਉਕਤ ਲੰਬੇ ਆਕਾਰ ਵਾਲੇ ਸਲੋਕ, ਜੋ ਇੱਕ ਵਿਸ਼ੇ ਨੂੰ ਇੱਕਰਸ ਲੈ ਕੇ ਚੱਲਦੇ ਹਨ, ਵਾਰ-ਵਾਰ ਉਸੇ ਗੱਲ ਪ੍ਰਤਿ ਮਨ-ਆਤਮਾ ਉੱਪਰ ਚੋਟ ਕਰ ਕੇ ਮਨ-ਆਤਮਾ ਨੂੰ ਨਿੱਜ ਰੰਗਤ ਵਿਚ ਰੰਗ ਲੈਣ ਲਈ ਪੂਰਨ ਸਕਸ਼ਮ ਹਨ।

### 1.7.11 ਸਲੋਕ ਬਾਣੀ-ਰੂਪ ਦਾ ਬਦਲਵਾਂ ਸਿਰਲੇਖ

'ਗੁਰਸਿਖ ਗੁਰੂ ਦਾ ਰੂਪ' ਸਿਧਾਂਤ ਦਾ ਪ੍ਰਤੀਪਾਦਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਬਾਖੂਬੀ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 553 ਉੱਪਰ ('ਬਿਹਾਗੜੇ ਕੀ ਵਾਰ' ਵਿਚ) ਸ੍ਰੀ ਗੁਰੂ ਨਾਨਕ ਦੇਵ ਜੀ, ਭਾਈ ਮਰਦਾਨਾ ਜੀ ਦੇ ਨਾਮ 'ਤੇ ਰਚਨਾ ਕਰ ਰਹੇ ਹਨ :

ਸਲੋਕੁ ਮਰਦਾਨਾ ਪਹਲਾ ॥
ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥
… … … … … … …

ਅਤੇ

ਮਰਦਾਨਾ ਪਹਲਾ ॥
ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 553)

### 1.7.12 ਸਲੋਕ ਬਾਣੀ-ਰੂਪ ਦਾ ਦੁਹਰਾਅ ਅਤੇ ਸਬੰਧਤ ਆਦੇਸ਼

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਕਈ ਸਲੋਕ ਨਾ-ਮਾਤਰ ਜਿਹੇ ਅੰਤਰ ਨਾਲ ਦੋ ਵਾਰ ਆਏ ਹਨ। ਇਸਦੀਆਂ ਕਈ ਉਦਾਹਰਨਾਂ ਸਾਹਮਣੇ ਆਉਂਦੀਆਂ ਹਨ। ਜਿਵੇਂ:

ਮਹਲਾ ਪੰਜਵਾ॥
ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ॥
ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 320)
ਰਾਮਕਲੀ ਮਹਲਾ ਪੰਜਵਾ॥ਸਲੋਕੁ॥
ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ॥
ਮੁਖੁ ਊਜਲੁ ਸਦਾ ਸੁਖੀ ਨਾਨਕ ਸਿਮਰਤ ਏਕ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 916)
ਹੋਰ,
ਬਿਲਾਵਲੁ ਮਹਲਾ ਚੌਥਾ॥ਸਲੋਕੁ॥
ਹਰਿ ਪ੍ਰਭੁ ਸਜਣੁ ਲੋੜਿ ਲਹੁ ਮਨਿ ਵਸੈ ਵਡਭਾਗੁ॥
ਗੁਰਿ ਪੂਰੈ ਵੇਖਾਲਿਆ ਨਾਨਕ ਹਰਿ ਲਿਵ ਲਾਗੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 845)
ਮਹਲਾ ਚੌਥਾ॥
ਹਰਿ ਪ੍ਰਭੁ ਸਜਣੁ ਲੋੜਿ ਲਹੁ ਭਾਗਿ ਵਸੈ ਵਡਭਾਗਿ ॥
ਗੁਰਿ ਪੂਰੈ ਦੇਖਾਲਿਆ ਨਾਨਕ ਹਰਿ ਲਿਵ ਲਾਗੁ ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1317)

ਇਸ ਪ੍ਰਕਾਰ ਕਈ ਹੋਰ ਉਦਾਹਰਨਾਂ ਵੀ ਦਿੱਤੀਆਂ ਜਾ ਸਕਦੀਆਂ ਹਨ। ਹਾਂ, ਇੱਕ ਸਥਾਨ 'ਪੁਰ ਇੱਕ ਖ਼ਾਸ ਸਲੋਕ ਨੂੰ (ਜੋ ਰੂਪਕ ਪੱਖੋਂ ਦੋਹਾਂ ਸਥਾਨਾਂ 'ਤੇ ਬਿਲਕੁਲ ਇੱਕ ਜਿਹਾ ਹੈ) ਦੋ ਵਾਰ ਪੜ੍ਹਨ ਦੀ ਹਦਾਇਤ ਵੀ ਹੈ:

੧ਓ ਸਤਿਗੁਰ ਪ੍ਰਸਾਦਿ॥ਗਉੜੀ ਬਾਵਨ ਅਖਰੀ ਮਹਲਾ ਪੰਜਵਾ॥
ਸਲੋਕੁ॥ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ॥

ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 250)

ਗਉੜੀ ਬਾਵਨ ਅਖਰੀ ਮਹਲਾ ਪੰਜਵਾ ਦਾ ਇੰਨ ਬਿੰਨ ਇਹੀ ਸਲੋਕ ਰਚਨਾ ਦੇ (ਇਸੇ ਰਚਨਾ ਦੇ, ਜਿਸ ਵਿਚ ਕੁੱਲ 57 ਸਲੋਕ ਸੰਮਿਲਤ ਹਨ) ਅੰਤ ਵਿਚ ਵੀ ਪੜ੍ਹਨ ਦਾ ਆਦੇਸ਼ ਸਤਿਗੁਰੂ ਜੀ ਵੱਲੋਂ (ਲਿਖ਼ਤੀ ਰੂਪ ਵਿਚ) ਦਿੱਤਾ ਗਿਆ ਹੈ:

ਸਲੋਕੁ॥ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥
ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥
ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ॥
**ਏਹੁ ਸਲੋਕੁ ਆਦਿ ਅੰਤਿ ਪੜਣਾ॥** (*ਸ੍ਰੀ ਗੁਰੂ ਗ੍ਰੰਥ ਸਾਹਿਬ* 262)

ਉਪਰੋਕਤ ਸਲੋਕ ਦੀਆਂ ਅੰਤਲੀਆਂ ਦੋ ਪੰਕਤੀਆ, ਪੰਜਾਬੀ ਖੁੱਲ੍ਹੀ ਕਵਿਤਾ ਦਾ ਮੁੱਢ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਬੱਝਣ ਦਾ ਸੁੰਦਰ ਉਦਾਹਰਨ ਹਨ, ਜਿੱਥੇ ਛੰਦਾ-ਬੰਦੀ ਦੇ ਕਿਸੇ ਨਿਯਮ ਵਿਚ ਬੱਝਣ ਦੀ ਬਜਾਇ ਭਾਵਾਂ ਦੇ ਪੂਰੇ ਪ੍ਰਗਟਾਉ ਨੂੰ ਪਹਿਲ ਦਿੱਤੀ ਗਈ ਹੈ।

### 1.7.13 ਇੱਕ ਹੋਰ ਤੱਥ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦਾ ਅਧਿਐਨ ਕਰਦਿਆਂ ਇੱਕ ਗੱਲ ਹੋਰ ਦੇਖੀ ਜਾਂਦੀ ਹੈ (ਜਿਸ ਨੂੰ ਉਪਰੋਕਤ ਸਲੋਕਾਂ ਵਿਚ ਵੀ ਦੇਖਿਆ ਜਾ ਸਕਦਾ ਹੈ) ਕਿ ਕਿਸੇ ਪਉੜੀ ਦੇ ਸਮਾਪਨ ਪਿੱਛੋਂ ਜਦੋਂ ਅਗਲਾ/ਅਗਲੇ ਸਲੋਕ ਸ਼ੁਰੂ ਹੁੰਦਾ/ਹੁੰਦੇ ਹਨ ਤਾਂ ਸਭ ਤੋਂ ਪਹਿਲੇ ਸਲੋਕ ਦੇ ਆਰੰਭ ਵਿਚ ਹੀ 'ਸਲੋਕ ਮਹਲਾ ਅਥਵਾ ਸਲੋਕ ਮਹਲਾ ' ਸ਼ਬਦ ਲਿਖਿਆ ਮਿਲਦਾ ਹੈ। ਉਸੇ ਜੁੱਟ ਦੇ ਬਾਕੀ ਸਲੋਕ/ਸਲੋਕਾਂ ਦੀ ਪ੍ਰਾਰੰਭਤਾ ਵਿਚ ਕੇਵਲ 'ਮਹਲਾ ਅਥਵਾ ਮਹਲਾ' ਹੀ ਲਿਖਿਆ ਮਿਲਦਾ ਹੈ। ਇਨ੍ਹਾਂ ਦੇ ਨਾਲ 'ਸਲੋਕ' ਸ਼ਬਦ ਨਹੀਂ ਹੁੰਦਾ ਅਤੇ ਅਗਲੀ ਪਉੜੀ ਦੀ ਅਰੰਭਤਾ ਤੱਕ ਇਹ ਕ੍ਰਮ ਇਸੇ ਤਰ੍ਹਾਂ ਹੀ ਚੱਲਦਾ ਰਹਿੰਦਾ ਹੈ। ਇਸਦੇ ਨਾਲ ਹੀ ਇੱਕ ਤੱਥ ਹੋਰ ਉੱਘੜ ਕੇ ਸਾਹਮਣੇ ਆਉਂਦਾ ਹੈ ਕਿ ਕਿਸੇ ਪਉੜੀ ਤੋਂ ਪਹਿਲਾਂ ਜਦੋਂ ਇੱਕ ਤੋਂ ਵਧੀਕ ਸਲੋਕ ਜੁੜਵੇਂ (ਜੁੱਟ) ਰੂਪ ਵਿਚ ਆਉਂਦੇ ਹਨ ਤਾਂ ਉਨ੍ਹਾਂ ਦਾ ਕੋਈ ਸਾਂਝਾ ਨੁਕਤਾ ਹੁੰਦਾ ਹੈ, ਜਿਸ ਦੀ ਚਰਚਾ ਉਨ੍ਹਾਂ ਬੱਝਵੇਂ ਰੂਪ ਦੇ ਸਲੋਕਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ, ਜਿਸਦੀ ਉਦਾਹਰਨ ਵਜੋਂ ਉੱਪਰਲੇ ਸਲੋਕ ਵੀ ਦੇਖੇ ਜਾ ਸਕਦੇ ਹਨ। ਉਸੇ ਕੇਂਦਰੀ ਨੁਕਤੇ ਦਾ ਵਿਸਤਾਰ ਫਿਰ ਅਗਲੀ ਪਉੜੀ ਵਿਚ ਹੁੰਦਾ ਹੈ, ਜਿਸਦੀ (ਪਉੜੀ ਦੀ) ਗਿਣਤੀ ਇੱਕ ਦਫ਼ਾ ਇੱਕ ਤੋਂ ਵੱਧ ਕਦੇ ਨਹੀਂ ਹੁੰਦੀ। ਇਸ ਨੁਕਤੇ ਦਾ ਧਿਆਨ ਖ਼ਾਸ ਤੌਰ ਤੇ ਰੱਖਿਆ ਮਿਲਦਾ ਹੈ। ਇੱਕ ਹੋਰ ਉਦਾਹਰਨ ਦੇਖੀਏ:

ਸਲੋਕੁ ਮਹਲਾ ਪਹਲਾ॥

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥
ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥
ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥

ਮਹਲਾ ਪਹਲਾ॥

ਇਕਿ ਮਾਸਾਹਾਰੀ ਇਕਿ ਤ੍ਰਿਣੁ ਖਾਹਿ॥
ਇਕਨਾ ਛਤੀਹ ਅੰਮ੍ਰਿਤ ਪਾਹਿ॥
ਇਕਿ ਮਿਟੀਆ ਮਹਿ ਮਿਟੀਆ ਖਾਹਿ॥
ਇਕਿ ਪਉਣ ਸੁਮਾਰੀ ਪਉਣ ਸੁਮਾਰਿ॥
ਇਕਿ ਨਿਰੰਕਾਰੀ ਨਾਮ ਆਧਾਰਿ॥
ਜੀਵੈ ਦਾਤਾ ਮਰੈ ਨ ਕੋਇ॥
ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 144)

ਉਪਰੋਕਤ ਦੋਵੇਂ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹਨ ਪਰ ਜੇਕਰ ਇੱਕ ਜੁੱਟ (ਬੱਝਵੇਂ ਰੂਪ ਵਿਚ ਆਏ) ਵਿਚ ਆਏ ਇਹ ਸਲੋਕ ਇੱਕੋ ਬਾਣੀਕਾਰ ਦੀ ਰਚਨਾ ਨਾ ਹੋ ਕੇ ਕਈ ਬਾਣੀਕਾਰਾਂ ਦੁਆਰਾ (ਵੱਖ-ਵੱਖ ਸਮੇਂ 'ਤੇ) ਵੀ ਰਚੇ ਗਏ ਹੋਣ ਤਾਂ ਵੀ ਇਨ੍ਹਾਂ ਦਾ ਨੁਕਤਾ ਸਾਂਝਾ ਹੁੰਦਾ ਹੈ। ਇੱਕ ਤੋਂ ਵੱਧ ਬਾਣੀਕਾਰਾਂ ਦੀ ਰਚਨਾ ਹੋਣ ਕਾਰਨ ਇਹ ਸਲੋਕ ਕਈ ਵਾਰ, ਦੂਜੇ ਥਾਂ 'ਤੇ ਆਇਆ ਸਲੋਕ ਪਹਿਲੇ ਸਲੋਕ 'ਤੇ ਟਿੱਪਣੀ ਵੀ ਜਾਪਦਾ ਹੈ। ਹੇਠ ਲਿਖੀਆਂ ਉਦਾਹਰਨਾਂ ਇਸ ਤੱਥ ਨੂੰ ਭਲੀ ਪ੍ਰਕਾਰ ਉਘਾੜ ਦੇਂਦੀਆਂ ਹਨ:

ਸਲੋਕ ਮਹਲਾ ਪਹਲਾ॥

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪ੍ਰਧਾਨ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥੧॥

ਮਹਲਾ ਤੀਜਾ॥

ਨਉਮੀ ਨੇਮੁ ਸਚੁ ਜੇ ਕਰੈ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ॥

ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ॥

ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ॥

ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਕੀਜੈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਅਤੇ,

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਹੋਰ,

ਸਲੋਕ ਮਹਲਾ ਦੂਜਾ॥

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥

ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥੧॥

ਮਹਲਾ ਪਹਲਾ॥

ਜਿਨਿ ਕੀਆ ਤਿਨਿ ਦੇਖਿਆ ਆਪੇ ਜਾਣੈ ਸੋਇ॥

ਕਿਸ ਨੋ ਕਹੀਐ ਨਾਨਕਾ ਜਾ ਘਰਿ ਵਰਤੈ ਸਭੁ ਕੋਇ॥੨॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1093)

ਅੰਤਲੇ ਦੋ ਸਲੋਕ, ਜੋ ਬੱਝਵੇਂ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1093 'ਤੇ ਸ਼ੋਭਨੀਕ ਹਨ, ਦਾ ਅਧਿਐਨ ਕਰਨ 'ਤੇ ਦੋ ਤੱਥ ਸਾਹਮਣੇ ਆਉਂਦੇ ਹਨ। ਪਹਿਲਾ ਇਹ ਕਿ ਜਿੱਥੇ ਪਹਿਲੇ ਸਲੋਕ ਵਿਚ "ਖਲੋਅ ਕੇ ਬੰਦਨਾ ਕਰਨ" ਦੀ ਬਾਤ ਕਹੀ ਗਈ ਹੈ, ਓਥੇ ਦੂਜੇ ਸਲੋਕ ਵਿਚ "ਜਿਨਿ ਕੀਆ ਤਿਨਿ ਦੇਖਿਆ ਆਪੇ ਜਾਣੈ ਸੋਇ" ਰਾਹੀਂ "ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥" (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1420) ਦਾ ਪ੍ਰਤੀਪਾਦਨ ਕੀਤਾ ਗਿਆ ਹੈ। ਦੂਸਰਾ, ਇਹ ਟਿੱਪਣੀ ਜੋ ਦੂਜੇ ਸਲੋਕ ਵਿਚ ਪਹਿਲੇ ਸਲੋਕ ਪ੍ਰਤਿ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਆਰਾ ਉਚਾਰਨ ਕੀਤਾ ਹੋਇਆ ਹੈ ਜਦਕਿ ਇਥੇ ਵਿਚਾਰ ਸ੍ਰੀ ਗੁਰੂ ਅੰਗਦ ਦੇਵ ਜੀ ਕ੍ਰਿਤ ਸਲੋਕ ਪ੍ਰਤਿ ਵਿਅਕਤ ਹੋ ਰਿਹਾ ਹੈ, ਜੋ ਸਰੀਰਕ ਤੌਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਪਦ 'ਤੇ ਵਿਚਰੇ। ਇਹ ਆਪਣੇ ਆਪ ਵਿਚ ਅਨੋਖਾ ਹੀ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਰਚਨਾ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਚਰਚਾ ਕਰ ਰਹੇ ਹੋਣ (ਸੰਭਵ ਤੌਰ 'ਤੇ ਪਹਿਲਾ ਸਲੋਕ ਮਗਰਲੇ ਕਾਲ ਦੀ ਰਚਨਾ ਹੋਵੇਗਾ) ਪਰ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਨ ਕਰਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦੈਵੀ ਸ਼ਖ਼ਸੀਅਤ ਦਾ ਇੱਕ ਹੋਰ ਗੁਣ ਕਿਹਾ ਜਾ ਸਕਦਾ ਹੈ ਕਿ ਤਿਨ੍ਹਾਂ ਨੇ ਵਾਰ ਬਾਣੀ-ਰੂਪ ਵਿਚ ਪ੍ਰਕਰਨ ਨੂੰ ਵੀ ਟੁੱਟਣ ਨਹੀਂ ਦਿੱਤਾ ਅਤੇ ਗੁਰਮਤਿ ਦੇ ਮੂਲ ਸਿਧਾਂਤਾਂ ਪ੍ਰਤਿ ਕਿਸੇ ਨੂੰ ਸ਼ੰਕਾ ਵੀ ਨਹੀਂ ਰਹਿਣ ਦਿੱਤੀ। ਏਥੇ ਕਈ ਵਾਰ ਪ੍ਰਸ਼ਨ-ਉੱਤਰ ਵਿਧੀ ਵੀ ਵਰਤਦੀ ਹੈ:

ਸਲੋਕ ਮਹਲਾ ੩॥

ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ॥

ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ॥
ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ॥
ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ॥

ਮਹਲਾ ੪॥

ਅੰਧੈ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ॥
ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ॥
ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ॥
ਨਾਨਕ ਸਰਣਿ ਕਰਤਾਰ ਕੀ ਕਰਤਾ ਰਖੈ ਲਾਜ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 551)

### 1.7.14 ਸਲੋਕਾਂ ਦੇ ਦੁਹਰਾਅ ਪਿੱਛੇ ਤਰਕ

1. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੇ ਸਲੋਕ ਮਾਮੂਲੀ ਜਿਹੇ ਅੰਤਰ ਨਾਲ ਦੋ ਵਾਰੀ ਆਉਂਦੇ ਹਨ। ਗੁਰੂ ਰਾਮ ਦਾਸ ਜੀ ਕ੍ਰਿਤ ਇੱਕ ਸਲੋਕ,ਮਨ ਅੰਤਰਿ ਹਉਮੈ ਰੋਗ... ਤਾਂ ਥੋੜ੍ਹੇ ਜਿਹੇ ਅੰਤਰ ਨਾਲ ਤਿੰਨ ਵਾਰ ਮਿਲਦਾ ਹੈ। (*ਸ੍ਰੀ ਗੁਰੂ ਗ੍ਰੰਥ ਸਾਹਿਬ* 301,1317,1424) ਗੁਰੂ ਰਾਮ ਦਾਸ ਜੀ ਦੁਆਰਾ ਹੀ ਰਚਿਤ ਇੱਕ ਸਲੋਕ ਪੰਨਾ 642 ਉੱਪਰ "ਸੋਰਠਿ ਤਾਮਿ ਸੁਹਾਗਣੀ" ਤੋਂ ਪ੍ਰਾਰੰਭ ਹੁੰਦਾ ਹੈ, ਜਿਸਦੀ ਦੂਜੀ ਪੰਕਤੀ ਦਾ ਪਿਛਲਾ ਅੱਧ "ਗੁਰਮਤੀ ਹਰਿ ਹਰਿ ਬੋਲੇ॥" ਹੈ, ਇਹੀ ਸਲੋਕ ਦੂਜੀ ਥਾਂ ਪੰਨਾ 1424 ਉੱਪਰ, ਉੱਪਰਲੇ ਸਲੋਕ ਦੀ ਦੂਜੀ ਪੰਕਤੀ ਦੇ ਪਿਛਲੇ ਅੱਧ "ਗੁਰਮਤੀ ਹਰਿ ਹਰਿ ਬੋਲੇ॥" ਤੋਂ ਸ਼ੁਰੂ ਹੁੰਦਾ ਹੈ ਅਤੇ ਕੁਝ ਅ-ਵਿਸ਼ੇਸ਼ ਅੰਤਰਾਂ ਨਾਲ ਪਹਿਲੇ ਸਲੋਕ ਦੀ ਤਰ੍ਹਾਂ ਹੀ ਅਖ਼ੀਰ ਤੱਕ ਦ੍ਰਿਸ਼ਟੀਗਤ ਹੁੰਦਾ ਹੈ।

2. ਕੁਝ ਸਲੋਕ ਵਿਭਿੰਨ ਬਾਣੀਕਾਰਾਂ ਦੁਆਰਾ ਥੋੜ੍ਹੇ ਅੰਤਰ ਨਾਲ ਰਚੇ ਹੋਏ ਮਿਲਦੇ ਹਨ। (*ਸ੍ਰੀ ਗੁਰੂ ਗ੍ਰੰਥ ਸਾਹਿਬ* 496,1353)

3. ਕੁਝ ਇੱਕ ਸਲੋਕ ਇੱਕੋ ਬਾਣੀਕਾਰ ਦੁਆਰਾ ਬਿਨਾ ਕਿਸੇ ਅੰਤਰ ਦੇ ਦੁਹਰਾਅ ਵਿਚ ਆਏ ਹਨ। (*ਸ੍ਰੀ ਗੁਰੂ ਗ੍ਰੰਥ ਸਾਹਿਬ* 965,1375)[5] ਕੁਝ ਸਲੋਕ ਇੱਕੋ ਅਰਥ ਵਾਲੇ ਦੋ ਸ਼ਬਦਾਂ ਨੂੰ ਇੱਕ-ਦੂਜੇ ਦੀ ਥਾਂ ਬਦਲ ਕੇ ਦੋ ਵਾਰ ਪ੍ਰਾਪਤ ਹੁੰਦੇ ਹਨ। (*ਸ੍ਰੀ ਗੁਰੂ ਗ੍ਰੰਥ ਸਾਹਿਬ* 1317, 1424)[6]

4. ਕਈ ਸਲੋਕ 'ਸਲੋਕ ਵਾਰਾਂ ਤੇ ਵਧੀਕ' ਤੋਂ ਪਹਿਲਾਂ ਵੀ ਆਏ ਹਨ ਪਰ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਪੌੜੀਆਂ ਦਾ ਸਿਲਸਿਲਾ ਲਾਉਣ ਸਮੇਂ ਵਾਧੂ ਰਹਿ ਗਏ, ਜਿਨ੍ਹਾਂ ਦੀ ਗਿਣਤੀ ੧੫੩ ਹੈ, ਇਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ਅੰਤ, ਮੁੰਦਾਵਣੀ ਤੋਂ ਪਹਿਲਾਂ ਦਰਜ ਕੀਤੇ... ...। (ਨਾਭਾ, *ਮਹਾਨ ਕੋਸ਼* 172) ਇਸ ਕਥਨ ਅਨੁਸਾਰ ਇਹ ਸਲੋਕ ਦੁਬਾਰਾ ਨਹੀਂ ਸਨ ਆਉਣੇ ਚਾਹੀਦੇ।

5. ਗੁਰੂ ਅਮਰਦਾਸ ਜੀ ਦਾ ਰਚਿਆ ਹੋਇਆ ਇੱਕ ਸਲੋਕ ਪੰਨਾ 1090 ਉੱਪਰ ਚਾਰ ਪੰਕਤੀਆਂ ਦਾ ਹੈ ਜਦਕਿ ਇਸੇ ਸਲੋਕ ਦੀਆਂ (ਕੇਵਲ) ਪਹਿਲੀਆਂ ਦੋ ਪੰਕਤੀਆਂ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਅਧੀਨ ਪੰਨਾ 1413 'ਤੇ ਦਰਜ ਹਨ।

6. ਭਗਤ ਕਬੀਰ ਜੀ ਦਾ ਇੱਕ ਸਲੋਕ, ਉਨ੍ਹਾਂ ਦੇ ਰਚੇ ਹੋਏ ਇੱਕ ਸ਼ਬਦ (ਪਦੇ) ਦੀਆਂ ਅੰਤਿਮ ਪੰਕਤੀਆਂ ਹਨ। (*ਸ੍ਰੀ ਗੁਰੂ ਗ੍ਰੰਥ ਸਾਹਿਬ* 972)[7]

7. ਪੰਨਾ 1413 ਉੱਪਰ ਸੰਕਲਿਤ ਗੁਰੂ ਅਮਰ ਦਾਸ ਜੀ ਦੁਆਰਾ ਉਚਾਰਨ ਕੀਤੇ ਹੋਏ ਦੋ ਸਲੋਕ ਪੰਨਾ 949 ਉੱਪਰ ਇੱਕੋ ਸਲੋਕ ਦੇ ਰੂਪ ਵਿਚ ਇਕੱਠੇ (ਚਾਰ ਪੰਕਤੀਆਂ ਦਾ ਇੱਕ ਸਲੋਕ) ਆਉਂਦੇ ਹਨ।[8]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦਾ ਅਧਿਐਨ ਕਰਦੇ ਹੋਏ ਸਲੋਕਾਂ ਦੇ ਦੁਹਰਾਅ ਸਬੰਧੀ ਇਹ ਕੁਝ ਕੁ ਨੁਕਤੇ ਦਿਮਾਗ਼ ਵਿਚ ਆਉਂਦੇ ਹਨ ਪਰ ਅਧਿਐਨ ਕਰਦਿਆਂ-ਕਰਦਿਆਂ, ਜਿਵੇਂ-ਜਿਵੇਂ ਅੱਗੇ ਵਧਦੇ ਹਾਂ, ਇਹ ਨੁਕਤੇ ਸਪਸ਼ਟ ਹੁੰਦੇ ਜਾਂਦੇ ਹਨ। ਹੁਣ ਉਕਤ ਨੁਕਤਿਆਂ ਬਾਰੇ ਇੱਕ-ਇੱਕ ਕਰ ਕੇ ਵਿਚਾਰ ਕਰਨ ਦਾ ਯਤਨ ਕੀਤਾ ਜਾਵੇਗਾ:

1. ਇੱਕੋ ਬਾਣੀਕਾਰ ਇੱਕੋ ਸਲੋਕ ਦਾ ਥੋੜ੍ਹੇ ਜਿਹੇ ਅੰਤਰ ਨਾਲ ਦੋ ਜਾਂ ਤਿੰਨ ਥਾਵਾਂ 'ਤੇ ਮਿਲਣਾ ਉੱਤਰਵਰਤੀ ਬਾਣੀਕਾਰਾਂ ਦਾ ਪੂਰਬਵਰਤੀ ਬਾਣੀਕਾਰਾਂ ਦੀ ਰਚਨਾ ਪ੍ਰਤਿ ਅਥਾਹ ਸ਼ਰਧਾ ਦਾ ਸੂਚਕ ਹੈ। ਸਭ ਜਾਣਦੇ ਹਨ ਕਿ ਗੁਰੂ-ਸਾਹਿਬਾਨ ਨੇ ਪੂਰਬਵਰਤੀ ਗੁਰੂ-ਸਾਹਿਬਾਨ ਦਾ ਜਾਂ ਉਨ੍ਹਾਂ ਤੋਂ ਪ੍ਰਾਪਤ ਬਾਣੀ ਦਾ ਕਿੰਨਾ ਸਤਿਕਾਰ ਕੀਤਾ ਹੈ। ਪੂਰਬਵਰਤੀ ਬਾਣੀਕਾਰਾਂ ਦੀ ਰਚਨਾ ਨੂੰ ਪ੍ਰਾਪਤ ਕਰਨ ਲਈ ਗੁਰੂ-ਸਾਹਿਬਾਨ ਨੇ ਲਮੇਰੇ ਪੈਂਡੇ ਤੈਅ ਕੀਤੇ। [9] ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਸ ਪ੍ਰਕਾਰ ਬਾਬਾ ਮੋਹਨ ਜੀ ਪਾਸੋਂ ਬਾਣੀ ਦੀਆਂ ਪੋਥੀਆਂ ਪ੍ਰਾਪਤ ਕੀਤੀਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ। [10]ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਕਰਵਾਇਆ ਜਿੱਥੇ ਆਪ ਪਾਵਨ ਬੀੜ ਦੇ ਸਨਮੁਖ ਧਰਤੀ ਉੱਪਰ ਬਿਰਾਜਮਾਨ ਹੋਇਆ ਕਰਦੇ ਸਨ। ਗੁਰੂ ਹਰਿ ਰਾਇ ਜੀ ਨੇ ਗੁਰਬਾਣੀ ਦੇ ਇੱਕ ਪਦੇ ਦੇ ਇੱਕ ਸ਼ਬਦ ਵਿਚ ਬਦਲਾਅ ਕਾਰਨ ਪੁੱਤਰ ਦਾ ਤਿਆਗ ਕਰ ਦਿੱਤਾ ਸੀ[11]ਅਤੇ ਰਾਮ ਰਾਇ ਜੀ ਦੀ ਉਮਰ ਛੋਟੀ ਦੇ ਹੋਣ ਦੇ ਬਾਵਜੂਦ ਵੀ ਉਨ੍ਹਾਂ ਜੀ ਨੇ ਆਪਣਾ ਫ਼ੈਸਲਾ ਵਾਪਸ ਨਹੀਂ ਲਿਆ ਸੀ। [12] ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸਿੱਖਾਂ ਨੂੰ, ਗੁਰਬਾਣੀ ਨੂੰ, ਪ੍ਰਤੱਖ ਗੁਰੂ ਮੰਨਣ ਦਾ ਹੁਕਮ ਕੀਤਾ।[13] ਸੋ, ਇਸ ਸਭ ਦੇ ਮੱਦੇਨਜ਼ਰ ਦੇਖੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ-ਸਾਹਿਬਾਨ ਨੂੰ ਇੱਕੋ ਰਚਨਾ ਚਾਹੇ ਜਿੰਨੀਆਂ (ਦੋ ਜਾਂ ਤਿੰਨ) ਇਕਾਈਆਂ ਵਿਚ ਪ੍ਰਾਪਤ ਹੋਈ, ਉਨ੍ਹਾਂ ਨੇ ਓਨੀਆਂ ਇਕਾਈਆਂ ਦੇ ਰੂਪ ਵਿਚ ਹੀ ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਦਰਜ ਕੀਤਾ।[14]

2. ਕੁਝ ਸਲੋਕ ਥੋੜ੍ਹੇ ਜਿਹੇ ਅੰਤਰ ਨਾਲ ਦੋ ਬਾਣੀਕਾਰਾਂ ਦੁਆਰਾ ਰਚੇ ਹੋਏ ਪ੍ਰਾਪਤ ਹੁੰਦੇ ਹਨ। ਇਸਦਾ ਕਾਰਨ ਦੂਜੇ ਬਾਣੀਕਾਰ ਦੁਆਰਾ ਪਹਿਲੇ ਬਾਣੀਕਾਰ ਰਾਹੀਂ ਦਿੱਤੇ ਗਏ ਸੰਕਲਪ ਦੀ ਵਿਆਖਿਆ ਕਰਨਾ ਹੈ। ਉਦਾਹਰਨ ਲਈ ਦੇਖੋ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 8)

ਅਤੇ,
ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥

ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਹੋਰਿ ਕੇਤੀ ਛੁਟੀ ਨਾਲਿ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 146)

ਏਥੇ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਕਥਨ "ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥" ਦੇ ਵਿਸਤਾਰ-ਵਿਆਖਿਆ ਹਿਤ "ਨਾਨਕ ਤੇ ਮੁਖ ਉਜਲੇ ਹੋਰਿ ਕੇਤੀ ਛੁਟੀ ਨਾਲਿ॥" ਆਖ ਕੇ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਦੀ ਵਿਆਖਿਆ ਕੀਤੀ ਗਈ ਹੈ। ਗੁਰੂ ਅੰਗਦ ਦੇਵ ਜੀ ਦੇ ਉਕਤ ਕਥਨ ਵਿਚ ਸ਼ਬਦ 'ਹੋਰ' ਗੁਰੂ ਨਾਨਕ ਦੇਵ ਜੀ ਦੇ ਆਸ਼ੇ ਦੀ ਵਿਆਖਿਆ ਕਰਦਾ ਹੈ। ਦੇਖਣ ਵਿਚ ਇੱਕ ਦਿਸਦਾ ਇਹ ਸ਼ਬਦ ਜੋ ਦੋਹਾਂ ਸਲੋਕਾਂ ਵਿਚ 'ਮਾਮੂਲੀ ਜਿਹਾ' ਅੰਤਰ ਪਾਉਂਦਾ ਹੈ ਕਿਸੇ ਪੰਕਤੀ ਵਿਚ ਅਰਥਾਂ ਨੂੰ ਮੁੱਖ ਰੱਖ ਕੇ ਕਿਸੇ ਇੱਕ ਸ਼ਬਦ ਦੀ ਮਹੱਤਤਾ ਨੂੰ ਬਾਖ਼ੂਬੀ ਉਜਾਗਰ ਕਰ ਜਾਂਦਾ ਹੈ। ਏਥੇ ਇਹ ਤਰਕ ਵੀ ਮਹੱਤਵਪੂਰਨ ਨਹੀਂ ਰਹਿ ਜਾਂਦਾ ਕਿ ਸ਼ੇਖ਼ ਫਰੀਦ ਜੀ ਦੇ ਕਈ ਸਲੋਕਾਂ ਨਾਲ ਆਏ ਗੁਰੂ ਸਾਹਿਬਾਨ ਦੇ ਸਲੋਕ ਫਰੀਦ ਜੀ ਦੇ ਖ਼ਿਆਲਾਂ ਨੂੰ 'ਦਰੁਸਤ' ਕਰਦੇ ਹਨ।[15]

ਅਸਲ ਵਿਚ ਗੁਰੂ ਜੀ ਫਰੀਦ ਜੀ ਦੇ ਪੂਰਬਲੇ ਸਲੋਕ ਦਾ ਵਿਸਤਾਰ ਕਰ ਰਹੇ ਹਨ। ਜੇਕਰ ਉਕਤ ਮਤ ਨਾਲ ਸਹਿਮਤ ਹੋ ਜਾਈਏ ਤਾਂ ਗੱਲ ਗੁਰਬਾਣੀ ਸਿੱਧਾਤਾਂ ਦੇ ਵਿਰੁੱਧ ਭੁਗਤੇਗੀ। ਉਦਾਹਰਨ ਲਈ ਦੇਖੋ:

ਸਲੋਕ ਮਹਲਾ ੨॥

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1093)

ਮਹਲਾ ੧॥

ਜਿਨਿ ਕੀਆ ਤਿਨਿ ਦੇਖਿਆ ਆਪੇ ਜਾਣੈ ਸੋਇ॥
ਕਿਸ ਨੋ ਕਹੀਐ ਨਾਨਕਾ ਜਾ ਘਰਿ ਵਰਤੈ ਸਭੁ ਕੋਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1093)

ਉਕਤ ਦੋਵੇਂ ਸਲੋਕ 'ਮਾਰੂ ਵਾਰ ਮਹਲਾ 3' ਵਿਚ ਵੀਹਵੀਂ ਪਉੜੀ ਦੇ ਕ੍ਰਮਵਾਰ ਦੋਵੇਂ ਸਲੋਕ ਹਨ। ਦੂਜਾ ਸਲੋਕ ਦੇਖਣ ਵਿਚ ਅਰਦਾਸ ਦੇ ਸਬੰਧ ਵਿਚ ਪਹਿਲੇ ਸਲੋਕ ਉੱਪਰ ਟਿੱਪਣੀ ਲਗਦਾ ਹੈ ਜਦਕਿ ਇਹ ਸੰਭਵ ਨਹੀਂ ਕਿਉਂਕਿ ਗੁਰੂ ਅੰਗਦ ਦੇਵ ਜੀ ਜੋ ਕਿ ਦੂਸਰੇ ਸਿੱਖ-ਗੁਰੂ ਹਨ, ਦੀ ਬਾਣੀ ਬਾਰੇ, ਪਹਿਲੇ ਸਿੱਖ-ਗੁਰੂ, ਗੁਰੂ ਨਾਨਕ ਦੇਵ ਜੀ ਕਿਵੇਂ ਟਿੱਪਣੀ ਦੇ ਸਕਦੇ ਹਨ। ਨਾਲੇ ਅਜਿਹਾ ਕਹਿ ਕੇ ਗੁਰੂ-ਰੂਪ ਬਾਣੀ ਦੇ ਬਾਣੀਕਾਰ/ਬਾਣੀਕਾਰਾਂ ਦੀ ਸੰਕਲਪ ਸਪੱਸ਼ਟਤਾ ਵੱਲ ਅਚੇਤ ਹੀ ਉਂਗਲ ਕਰ ਬਹਿੰਦੇ ਹਾਂ। ਸੋ ਦੋ/ਤਿੰਨ ਥਾਵਾਂ 'ਪੁਰ ਆਏ ਸਲੋਕਾਂ ਵਿਚ ਕੁਝ ਕੁ ਤਬਦੀਲੀ ਕੁਝ ਤਰਕ ਵਿਸ਼ੇਸ਼ਾਂ 'ਤੇ ਆਧਾਰਿਤ ਹੈ।

ਤੀਸਰਾ ਨੁਕਤਾ ਹੈ ਕਿਸੇ ਇੱਕ ਬਾਣੀਕਾਰ ਦੇ ਬਿਲਕੁਲ ਇੱਕੋ ਜਿਹੇ ਰੂਪ ਵਾਲੇ ਦੋ ਸਲੋਕਾਂ ਦਾ ਦੋ ਵੱਖ-ਵੱਖ ਥਾਵਾਂ 'ਤੇ ਮਿਲਣਾ। ਇਸ ਨੁਕਤੇ 'ਤੇ ਚਰਚਾ ਕਰਨ ਤੋਂ ਪਹਿਲਾਂ ਇਸ ਤੱਥ ਬਾਰੇ ਰਾਇ ਬਣਾ ਲੈਣੀ ਚਾਹੀਦੀ ਹੈ ਕਿ ਕਿਸੇ ਵਾਰ ਵਿਚ ਪਉੜੀ

ਤੋਂ ਪੂਰਬ ਆਉਂਦੇ ਸਲੋਕਾਂ ਨੂੰ ਕੀ ਉੱਤਰਵਰਤੀ ਪਉੜੀ ਵਿਸਤਾਰ ਦਿੰਦੀ ਹੈ? ਇਹ ਆਮ ਰਾਇ ਹੈ ਕਿ ਵਾਰ ਵਿਚ ਆਏ ਸਲੋਕਾਂ ਦਾ ਵਿਸਤਾਰ ਉਨ੍ਹਾਂ ਦੇ ਨਾਲ ਆਉਂਦੀਆਂ ਪਉੜੀਆਂ ਵਿਚ ਕੀਤਾ ਗਿਆ ਹੁੰਦਾ ਹੈ ਪਰ ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਥੋੜ੍ਹੇ ਧਿਆਨ ਨਾਲ ਪੜ੍ਹਿਆਂ ਪਤਾ ਲੱਗ ਜਾਂਦਾ ਹੈ, "ਉਹ ਸਲੋਕ, ਜੋ ਵਾਰਾਂ ਵਿੱਚ ਪੌੜੀਆਂ ਦਾ ਸਿਲਸਿਲਾ ਲਾਉਣ ਸਮੇਂ ਵਾਧੂ ਰਹਿ ਗਏ, ਜਿਨ੍ਹਾਂ ਦੀ ਗਿਣਤੀ੧੫੩ ਹੈ, ਇਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਦੇ ਅੰਤ, ਮੁੰਦਾਵਣੀ ਤੋਂ ਪਹਿਲਾਂ ਦਰਜ ਕੀਤੇ...।"

(ਨਾਭਾ, *ਮਹਾਨ ਕੋਸ਼* 172)

3. ਕਿ ਵੱਖ-ਵੱਖ ਵਾਰਾਂ ਵਿਚ ਪਉੜੀਆਂ ਤੋਂ ਪਹਿਲਾਂ ਸਲੋਕਾਂ ਦੀ ਸ਼ਮੂਲੀਅਤ ਗੁਰੂ ਅਰਜਨ ਦੇਵ ਜੀ ਨੇ ਕੀਤੀ। ਪਰੰਪਰਕ ਆਧਾਰ 'ਤੇ ਮੂਲ ਰੂਪ ਵਿਚ ਵਾਰਾਂ ਵਿਚ ਕੇਵਲ ਪਉੜੀਆਂ ਹੀ ਸਨ। ਹੁਣ ਆਸਾ ਦੀ ਵਾਰ (ਆਸਾ ਮਹਲਾ 1) ਦੀ ਹੀ ਗੱਲ ਕਰੀਏ ਤਾਂ ਸਿਰਲੇਖ ਤੋਂ ਹੀ ਸਪਸ਼ਟ ਹੈ ਕਿ ਇਹ ਵਾਰ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ਪਰ ਇਸ ਵਾਰ ਦੀਆਂ 24 ਪਉੜੀਆਂ ਦੇ ਨਾਲ ਆਉਂਦੇ 59 ਸਲੋਕਾਂ ਵਿਚ 15 ਸਲੋਕ ਗੁਰੂ ਅੰਗਦ ਦੇਵ ਜੀ ਦੇ ਹਨ। ਕਾਲ-ਕ੍ਰਮਤਾ ਦੇ ਆਧਾਰ 'ਤੇ ਭਲਾ ਇਹ ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਸਲੋਕਾਂ ਵਿਚ ਆਏ ਵਿਸ਼ਿਆਂ ਨੂੰ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਦੀਆਂ ਪਉੜੀਆਂ ਵਿਚ ਖੋਲ੍ਹ ਕੇ ਬਿਆਨ ਕਰ ਰਹੇ ਹੋਣ।

ਅਸਲ ਵਿਚ ਇੱਕੋ ਕੇਂਦਰੀ ਖ਼ਿਆਲ ਦੇ ਨੁਕਤੇ ਨੂੰ ਲੈ ਕੇ ਉਸਦਾ ਵਿਸਤਾਰ ਕਰ ਰਹੇ ਸਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਉਸੇ ਕੇਂਦਰੀ ਨੁਕਤੇ ਨੂੰ ਬਿਆਨ ਕਰ ਰਹੀ ਪਉੜੀ ਦੇ ਪੂਰਬ ਸੰਕਲਿਤ ਕਰ ਦਿੰਦੇ ਹਨ। ਇਸ ਤਰ੍ਹਾਂ ਪਉੜੀਆਂ ਤੋਂ ਪਹਿਲਾਂ ਸਲੋਕਾਂ ਸਮੇਤ ਵਾਰ ਬਾਣੀ-ਰੂਪ ਦ੍ਰਿਸ਼ਟੀਗਤ ਹੁੰਦੀ ਹੈ।

ਇਸ ਤੱਥ ਦੇ ਆਧਾਰ 'ਤੇ ਇਹ ਨੁਕਤਾ ਵੀ ਸਪਸ਼ਟ ਹੋ ਜਾਂਦਾ ਹੈ ਕਿ ਇੱਕੋ ਬਾਣੀਕਾਰ ਦੇ ਰੂਪਕ ਪੱਖੋਂ ਦੋ ਵਿਭਿੰਨ ਥਾਵਾਂ 'ਤੇ ਆਏ ਸਲੋਕ ਦੋ ਭਿੰਨ-ਭਿੰਨ ਥਾਵਾਂ 'ਤੇ ਆਏ ਕੇਂਦਰੀ ਨੁਕਤੇ ਨੂੰ ਹੋਰ ਵਿਸਤਾਰ ਦੇਣ ਲਈ ਗੁਰੂ ਅਰਜਨ ਦੇਵ ਜੀ ਵੱਲੋਂ ਸੰਕਲਿਤ ਕੀਤੇ ਗਏ ਹਨ।

4. ਕਈ ਸਲੋਕ 'ਸਲੋਕ ਵਾਰਾਂ ਤੇ ਵਧੀਕ' ਤੋਂ ਪਹਿਲਾਂ ਵੀ ਆਏ ਹਨ ਪਰ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਅਧੀਨ ਵੀ ਸੰਕਲਿਤ ਹਨ ਦਾ ਸਹਿਜ ਨਿਰਨਾ ਐਸੇ ਸਲੋਕਾਂ ਨੂੰ ਵਾਚਿਆਂ ਸਹਿਜ ਹੀ ਹੋ ਜਾਂਦਾ ਹੈ। ਕਿਉਂਕਿ ਐਸੇ ਸਲੋਕ ਦੁਹਰਾਅ ਵਾਲੇ ਜਾਪਦੇ ਤਾਂ ਹਨ ਪਰ ਅਸਲ ਵਿਚ ਇਨ੍ਹਾਂ ਵਿਚ ਕੁਝ ਨਾ ਕੁਝ ਅੰਤਰ ਹੈ ਜੋ ਸਲੋਕ ਦੇ ਅਰਥ ਅਥਵਾ ਭਾਵ-ਅਰਥ ਨੂੰ ਬਦਲਦਾ ਹੈ। ਸੋ ਇਹ ਸਲੋਕ ਆਪਣੇ ਆਪ ਵਿਚ ਸੁਤੰਤਰ ਇਕਾਈਆਂ ਹੋ ਗੁਜ਼ਰਦੇ ਹਨ। ਉਦਾਹਰਨ ਵਜੋਂ:

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥

(ਸ਼ੇਖ ਫ਼ਰੀਦ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

ਅਤੇ,
ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥

ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮਾਲਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1411-12)

ਉਕਤ ਦੋਹਾਂ ਸਲੋਕਾਂ ਵਿਚ ਸ਼ਬਦ 'ਨਿਹਾਲ' ਅਤੇ 'ਸਮਾਲਿ' ਦੇ ਅੰਤਰ ਤੋਂ ਬਿਨਾਂ ਦੋਵੇਂ ਸਲੋਕ ਇੱਕ-ਰੂਪ ਹਨ ਪਰ ਦੋਹਾਂ ਸਲੋਕਾਂ ਵਿਚ ਇਨ੍ਹਾਂ ਦੋਹਾਂ ਸ਼ਬਦਾਂ ਦਾ ਅੰਤਰ ਦੋਹਾਂ ਸਲੋਕਾਂ ਦੇ ਅਰਥਾਂ ਵਿਚ ਸਪਸ਼ਟ ਤੌਰ 'ਤੇ ਭਿੰਨਤਾ ਲਿਆਉਂਦਾ ਹੈ। ਸੋ ਇੱਕੋ ਜਿਹੇ ਜਾਪਦੇ ਇਹ ਦੋਵੇਂ ਸਲੋਕ ਇੱਕ-ਦੂਜੇ ਤੋਂ ਭਿੰਨ ਹਨ। ਇਸੇ ਕਰਕੇ ਇਹ ਸਲੋਕ ਦੋ ਥਾਵਾਂ 'ਪੁਰ, 'ਸਲੋਕ ਵਾਰਾਂ ਤੇ ਵਧੀਕ' ਤੋਂ ਪਹਿਲਾਂ ਅਤੇ 'ਸਲੋਕ ਵਾਰਾਂ ਤੇ ਵਧੀਕ' ਦੇ ਅੰਤਰਗਤ, ਸੰਕਲਿਤ ਕੀਤੇ ਗਏ ਹਨ।

5. ਲੜੀ ਨੰ. 4 ਅਧੀਨ ਕੀਤੀ ਗਈ ਚਰਚਾ ਦੀ ਰੋਸ਼ਨੀ ਵਿਚ ਹੀ ਇਸ ਨੁਕਤੇ ਦਾ ਵੀ ਹੱਲ ਮਿਲ ਜਾਂਦਾ ਹੈ। ਆਓ, ਦੋਹਾਂ ਸਲੋਕਾਂ ਦੀ ਬਣਤਰ ਵੱਲ ਦੇਖੀਏ:

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ॥
ਨਵ ਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ॥
ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ॥
ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1090)

ਅਤੇ,

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ॥
ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜਿ ਵੀਚਾਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1413)

ਭਾਵੇਂ ਹੇਠਲਾ ਸਲੋਕ ਉੱਪਰਲੇ ਸਲੋਕ ਦੀਆਂ ਪਹਿਲੀਆਂ ਦੋ ਪੰਕਤੀਆਂ ਜਾਪਦਾ ਹੈ ਪ੍ਰੰਤੂ ਧਿਆਨ ਨਾਲ ਦੇਖਿਆਂ ਦੂਜੇ ਸਲੋਕ ਅਤੇ ਪਹਿਲੇ ਸਲੋਕ ਦੀਆਂ ਮੁੱਢਲੀਆਂ ਦੋ ਪੰਕਤੀਆਂ ਵਿਚ ਜ਼ਿਕਰਯੋਗ ਅੰਤਰ ਹਨ, ਜੋ ਸ਼ਬਦਾਂ ਦੇ ਪੱਧਰ 'ਤੇ ਅਥਵਾ ਵਿਆਕਰਨ ਦੇ ਆਧਾਰ 'ਤੇ ਦੋਹਾਂ ਸ਼ਬਦਾਂ ਦੇ ਅਰਥਾਂ ਵਿਚ ਭਿੰਨਤਾ ਲਿਆਉਣ ਵਾਲੇ ਹਨ। ਸੋ ਇਹ ਦੋ ਸਲੋਕ ਦੋ ਵਿਭਿੰਨ ਸਥਾਨਾਂ 'ਤੇ ਸੰਕਲਿਤ ਕੀਤੇ ਗਏ ਹੋਣਗੇ।

6. ਕਬੀਰ ਜੀ ਦੁਆਰਾ ਰਚੀਆਂ ਗਈਆਂ ਇਨ੍ਹਾਂ ਦੋਹਾਂ ਰਚਨਾਵਾਂ ਵਿਚ ਅਰਥਾਂ ਪੱਖੋਂ ਮੂਲ-ਭੂਤ ਭਿੰਨਤਾ ਹੈ।

ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸੰਤੀ ਚੁਨਿਓ ਨ ਜਾਈ॥
ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 972)

ਉਕਤ ਦੋਵੇਂ ਪੰਕਤੀਆਂ ਕਬੀਰ ਜੀ ਦੁਆਰਾ ਰਚਿਤ "ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ॥" ਸ਼ਬਦ ਦੀਆਂ ਹਨ ਕਿਉਂਕਿ ਕਿਸੇ ਵੀ ਸ਼ਬਦ ਵਿਚ ਕਿਸੇ ਸਿਧਾਂਤ ਅਥਵਾ ਸੰਕਲਪ ਦਾ ਵਿਸਤਾਰ ਹੁੰਦਾ ਹੈ ਅਤੇ ਉਸ ਸਿਧਾਂਤ ਅਥਵਾ ਸੰਕਲਪ ਦੇ ਪੂਰਨ ਵਿਸਤਾਰ ਹੋਣ ਤੱਕ ਉਸ ਸ਼ਬਦ ਦਾ ਵਿਸਤਾਰ ਚੱਲਦਾ ਰਹਿੰਦਾ ਹੈ, ਉਕਤ ਸ਼ਬਦ ਵਿਚ ਵੀ 'ਜਾਤ-ਪਾਤ ਆਦਿ ਦੇ ਅਹੰਕਾਰ ਨੂੰ ਤਿਆਗ ਕੇ ਨਿੱਜ ਆਤਮਿਕ ਪੂੰਜੀ ਨੂੰ ਨਾ ਲੁਟਾਉਣ' ਦਾ ਸੰਦੇਸ਼ ਹੈ ਜਿਸਦੇ ਵਿਸਤਾਰ ਅਤੇ ਯੋਗ ਪ੍ਰਗਟਾਉ ਹਿੱਤ ਉਕਤ ਪੰਕਤੀਆਂ ਇਸ ਸ਼ਬਦ ਵਿਚ ਆਈਆਂ ਹਨ ਜਦਕਿ

ਹਰਿ ਹੈ ਖਾਂਡ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥

ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਬਾਣੀ-ਰੂਪ ਵਿਚ ਉਕਤ ਦੋ ਪੰਕਤੀਆਂ ਦੋਹਾ ਕਾਵਿ-ਰੂਪ ਦੀਆਂ ਸ਼ਰਤਾਂ ਪੂਰੀਆਂ ਕਰਦੀਆਂ ਹਨ, ਵੱਖਰੀ ਇਕਾਈ ਵਜੋਂ ਹਨ, ਸਲੋਕ ਬਾਣੀ-ਰੂਪ ਸਿਰਲੇਖ ਅਧੀਨ ਮਿਲਦੀਆਂ ਹਨ, ਸੋ ਸਲੋਕ ਮੰਨਿਆ ਜਾਏਗਾ।

7. ਲੜੀ ਨੰ. 1 ਅਧੀਨ ਕੀਤੀ ਗਈ ਚਰਚਾ ਵਿਚ ਸਪਸ਼ਟ ਕੀਤੇ ਗਏ ਨੁਕਤੇ ਦੇ ਅੰਤਰਗਤ ਹੀ ਇਹ ਨੁਕਤਾ ਵੀ ਸਪਸ਼ਟ ਹੋ ਜਾਵੇਗਾ। ਅਸਲ ਵਿਚ

ਅਭਿਆਗਤ ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ॥

ਤਿਸ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1413)

ਅਤੇ,

ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੀਖਕੁ ਹੋਇ॥

ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1413)

ਦੋ ਵਿਭਿੰਨ ਸਲੋਕ ਹਨ। ਇਹ ਹਰੇਕ ਸਲੋਕ ਦੋ ਪੰਕਤੀਆਂ ਵਾਲਾ ਹੈ ਜਦਕਿ ਹੇਠਲਾ ਸਲੋਕ ਚਾਰ ਪੰਕਤੀਆਂਵਾਲਾ ਇੱਕ ਵੱਖਰਾ ਸਲੋਕ ਹੈ ਜੋ ਕਿ ਸ਼ਬਦ ਭਿੰਨਤਾ ਅਤੇ ਵਿਆਕਰਨਿਕ ਆਧਾਰ 'ਤੇ ਉਪਰੋਕਤ ਦੋਹਾਂ ਤੋਂ ਵੱਖਰਾ ਹੈ। ਦੇਖੋ:

ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ॥

ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ॥

ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ॥

ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 949)

ਉਕਤ ਵਿਭਿੰਨਤਾਵਾਂ ਕਾਰਨ ਇਹ ਸਲੋਕ ਵਿਭਿੰਨ ਸਥਾਨਾਂ 'ਪੁਰ ਆਉਂਦੇ ਹਨ।

**1.7.15 ਲੋਕ-ਮਨ ਦਾ ਅੰਗ**

ਸਲੋਕ ਬਾਣੀ-ਰੂਪ ਭਾਵ-ਵਿਅਕਤ ਕਰਨ ਦਾ ਏਨਾ ਸਸ਼ਕਤ ਸਾਧਨ ਹੋ ਨਿਬੜਿਆ ਹੈ ਕਿ ਇਨ੍ਹਾਂ ਦੀਆਂ ਕਈ ਪੰਕਤੀਆਂ ਤੇ ਤੁਕਾਂਗ, ਤਤਸਮ ਅਥਵਾ ਤਦਭਵ ਰੂਪ ਵਿਚ, [16]ਅਖਾਣਾਂ ਵਾਂਗ ਲੋਕ-ਮੂੰਹਾਂ 'ਤੇ ਚੜ੍ਹੇ ਹੋਏ ਹਨ:

ਪੁਤੰੀ ਗੰਢੁ ਪਵੈ ਸੰਸਾਰਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਮਾਇਆਧਾਰੀ ਅਤਿ ਅੰਨਾ ਬੋਲਾ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 313)

ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਨਾਨਕ ਦੁਖੀਆ ਸਭੁ ਸੰਸਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 954)

ਜਹਾਂ ਦਾਣੇ ਤਹਾਂ ਖਾਣੇ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 653)

ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 653)

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1239)

ਜੋ ਜੈਸੀ ਸੰਗਤਿ ਮਿਲੈ ਤੈਸੋ ਹੀ ਫਲੁ ਖਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਕੇਲ ਕਰੇਂਦੇ ਹੰਝ ਨੋ ਅਚਿੰਤੇ ਬਾਜ ਪਏ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ॥ (ਮਹਲਾ ੫,*ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਮਾਨਸ ਜਨਮੁ ਦੁਲੰਭੁ ਹੈ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਆਦਿ।

ਕਈ ਤੁਕਾਂਗਾਂ ਨੇ ਬਦਲਦੇ ਸਮੇਂ ਅਨੁਸਾਰ ਅਤੇ ਲੋਕ-ਬੋਲੀ ਮੁਤਾਬਕ ਕੁਝ ਰੂਪ ਬਦਲ ਕੇ ਲੋਕ ਮੁਹਾਵਰਿਆਂ ਅਤੇ ਅਖੌਤਾਂ ਦਾ ਰੂਪ ਧਾਰਨ ਕਰ ਲਿਆ ਹੈ। "ਗੁਰਬਾਣੀ ਵਿਚ ਆਉਣ ਵਾਲੀਆਂ ਕੁਝ ਅਖਾਉਤਾਂ ਤਾਂ ਗੁਰੂ ਵਾਕ ਹੀ ਨਹੀਂ, ਵਿਸ਼ਵ-ਕਥਨ ਬਣ ਗਈਆਂ ਹਨ।" (ਸਹਿਗਲ, *ਸਭਿਆਚਾਰ ਪਤ੍ਰਿਕਾ ਜਨਵਰੀ 2004* 87) ਕਈ ਪੰਕਤੀਆਂ ਲੋਕ-ਗੀਤਾਂ ਅਤੇ ਕਵਿਤਾਵਾਂ ਦੇ ਪ੍ਰਭਾਵਸ਼ਾਲੀ ਅੰਸ਼ ਹੋ ਨਿਬੜੇ ਹਨ:

ਅੱਗਾ ਨੇੜੇ ਆਇਆ, ਪਿੱਛਾ ਰਹਿ ਗਿਆ ਦੂਰ।

"ਅਗਹੁ ਨੇੜੇ ਆਇਆ ਪਿੱਛਾ ਰਹਿਆ ਦੂਰਿ॥") (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378 )

ਫਿਰੇ ਲੱਭਦਾ ਬਿਜੌਰ ਦੀਆਂ ਦਾਖਾਂ, ਕਿੱਕਰਾਂ ਦੇ ਬੀਜ ਬੀਜ ਕੇ।

"ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥"

(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379 )

ਉਹ ਵੀ ਚੰਦਨ ਹੋ ਜਾਂਦੇ, ਜਿਹੜੇ ਨਾਲ਼ ਚੰਦਨ ਦੇ ਰਹਿੰਦੇ।

"ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥" (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365 )

ਜੈਸੀ ਸੰਗਤ, ਵੈਸੀ ਰੰਗਤ।

"ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਹੀ ਫਲੁ ਖਾਇ॥" (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369 )

ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ, ਅਜੇ ਵੀ ਨਾ ਰੱਬ ਬਹੁੜਿਆ।

"ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥" (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)
ਸਿਰ ਧਰ ਕੇ ਤਲੀ ਦੇ ਉੱਤੇ ਆ ਜਾ, ਲੰਘਣਾ ਜੇ ਪ੍ਰੇਮ ਦੀ ਗਲੀ।
"ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)
ਪਾਣੀ ਦਿਆ ਬੁਲਬੁਲਿਆ, ਕੀ ਮੁਨਿਆਦਾਂ ਤੇਰੀਆਂ
"ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥" (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1427)
ਆਦਿ।

ਸਲੋਕ ਬਾਣੀ-ਰੂਪ ਦੇ ਕਈ ਵਾਕੰਸ਼ ਮੁਹਾਵਰਿਆਂ ਦੀ ਨਿਆਈਂ ਲੋਕ-ਮੂੰਹਾਂ 'ਤੇ ਚੜ੍ਹੇ ਹੋਏ ਹਨ ਜਾਂ ਇੰਵ ਆਖ ਲਈਏ ਕਿ ਲੋਕ-ਮਨ ਨੂੰ ਸਹਿਜ ਤੌਰ 'ਤੇ ਗੁਰਬਾਣੀ ਫ਼ਲਸਫ਼ੇ ਪ੍ਰਤਿ ਆਕਰਸ਼ਿਤ ਕਰਨ ਲਈ ਬਾਣੀਕਾਰਾਂ ਨੇ ਲੋਕ-ਮੂੰਹਾਂ 'ਤੇ ਚੜ੍ਹੇ ਸਹਿਜ ਬੋਲਾਂ (ਮੁਹਾਵਰਿਆਂ) ਦੀ ਵਰਤੋਂ ਆਪਣੀ ਰਚਨਾ ਵਿਚ ਕਰ ਲਈ:

ਰੰਗ ਕਸੁੰਭਾ: ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ॥
(ਮਹਲਾ ੩,*ਸ੍ਰੀ ਗੁਰੂ ਗ੍ਰੰਥ ਸਾਹਿਬ* 85)

ਬਿਸਟਾ ਅੰਦਰ ਕੀਟ: ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ॥
(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 85)

ਧ੍ਰਿਗ ਜੀਵਨ: ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ॥
(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 86)

ਧੂੰਏਂ ਦਾ ਪਹਾੜ: ਢੰਢੋਲਮਿ ਢੂਢਿਮੁ ਡਿਠੁ ਮੈ ਨਾਨਕ ਜਗ ਧੁਏ ਕਾ ਧਵਲਹਰੁ॥
(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 138)

ਚਾਅ ਨਾ ਲੱਥੇ: ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥
(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਪਵਾਰ ਗਿਆ: ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥
(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 146)

ਕੁਚਾ ਲਾਉਣਾ: ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ॥
(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 148)

ਬੋਲਣ ਨਾਲੋਂ ਚੁੱਪ ਚੰਗੀ: ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥

(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 149)

ਆਪਣਾ ਬੀਜਿਆ ਖਾਣਾ:

ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹ ਆਪਣਾ ਬੀਜਿਆ ਆਪੇ ਖਾਵੈ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 303)

ਸਾਸ ਗਿਰਾਸ: ਜੋ ਸਾਸਿ ਗਿਰਾਸਿ ਧਿਆਇ ਮੇਰਾ ਹਰਿ ਹਰਿ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 305)

ਮਾਰ ਪਚਾਇਆ:

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ॥

(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 306)

ਖਪ-ਖਪ ਮਰਨਾ:

ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੋੁਕਾਈ॥

(ਮਹਲਾ ੪,*ਸ੍ਰੀ ਗੁਰੂ ਗ੍ਰੰਥ ਸਾਹਿਬ* 307)

ਕੁੱਕੜ ਦੀ ਉਡਾਰੀ: ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ॥

(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 322)

ਪਾਣੀ ਅੰਦਰ ਲੀਕ: ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਉ॥

(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 474)

ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ:

ਮਨੁ ਕੁੰਚਰੁ ਪੀਲਕੁ ਗੁਰੂ ਗਿਆਨ ਕੁੰਡਾ ਜਹ ਖਿੰਚੇ ਤਹ ਜਾਇ॥

ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ॥ (ਮਹਲਾ ੩,*ਸ੍ਰੀ ਗੁਰੂ ਗ੍ਰੰਥ ਸਾਹਿਬ* 516)

ਚਟੀ ਭਰਨਾ: ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 787)

ਪੈਰੀਂ ਕੁਹਾੜਾ ਮਾਰਨਾ: ਪਾਇ ਕੁਹਾੜਾ ਮਾਰਿਆ ਗਾਫਲ ਅਪੁਨੈ ਹਾਥਿ॥

(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਆਦਿ।

### 1.7.16 ਕੀਰਤੀ ਦਾ ਗੀਤ

ਪਿੱਛੇ ਪੜ੍ਹ ਆਏ ਹਾਂ ਕਿ ਸਲੋਕ ਵਡਿਆਈ, ਜਸ ਅਥਵਾ ਕੀਰਤੀ ਦਾ ਗੀਤ ਹੈ। ਇਹ ਵੀ ਦੇਖਿਆ ਗਿਆ ਹੈ ਕਿ ਇਹ ਸਾਧਕਾਂ ਦੀ ਧਿਆਨ ਅਵਸਥਾ ਵਿੱਚੋਂ ਅਨੁਭਵ ਆਧਾਰ 'ਤੇ ਪੈਦਾ ਹੋਇਆ ਕਾਵਿ-ਰੂਪ ਹੈ। ਹੁਣ ਇਹ ਵਿਚਾਰ ਕਰਨ ਦਾ ਯਤਨ ਕੀਤਾ ਜਾਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਕਿਸ ਦੀ ਕੀਰਤੀ ਜਾਂ ਜਸ ਵੱਲ ਮੁਖ਼ਰਿਤ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੀ ਪ੍ਰਾਰੰਭਤਾ ਪੰਨਾ 1 ਤੋਂ "ਆਦਿ ਸਚੁ ਜੁਗਾਦਿ ਸਚੁ॥ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" ਦੁਆਰਾ ਹੁੰਦੀ ਹੈ ਤੇ ਇਸ ਬਾਣੀ-ਰੂਪ ਦਾ ਆਖਰੀ ਬੰਦ ਪੰਨਾ 1429 (ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਖਰੀ ਪੰਨੇ ਤੋਂ 1 ਪੰਨਾ ਪੂਰਵ) ਉੱਪਰ "ਨਾਨਕ ਨਾਮ ਮਿਲੈ ਤਾਂ ਜੀਵਾਂ ਤਨ ਮਨ ਥੀਵੈ ਹਰਿਆ॥" ਰਾਹੀਂ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਾਰੇ 1822 ਸਲੋਕ ਮੁੱਖ ਤੌਰ 'ਤੇ ਪ੍ਰਭੂ ਉਸਤਤਿ ਅਤੇ ਪ੍ਰਭੂ ਦੀ ਉਸਤਤ ਕਰਨ ਵਾਲੀਆਂ ਰੂਹਾਂ ਦੀ ਸਿਫ਼ਤ-ਸਾਲਾਹ ਨਾਲ ਸਰਸ਼ਾਰ ਹਨ। ਨਾਲ ਦੀ ਨਾਲ ਅੰਸ਼ਕ ਰੂਪ ਵਿਚ ਸਮਕਾਲੀ ਧਾਰਮਿਕ, ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਹਾਲਾਤਾਂ ਦਾ ਵੇਰਵਾ ਵੀ ਮਿਲਦਾ ਹੈ, ਜਿਨ੍ਹਾਂ ਦਾ ਵਿਸ਼ਲੇਸ਼ਣ ਕਰਨਾ ਅਤੇ ਉਸ ਤੋਂ ਉਪਰੰਤ ਉਨ੍ਹਾਂ ਪ੍ਰਸਥਿਤੀਆਂ ਨੂੰ ਇੱਕ ਲੜੀ ਵਿਚ ਪਰੋਅ ਕੇ ਸਮਕਾਲੀ ਪ੍ਰਸਥਿਤੀਆਂ ਦਾ ਨਕਸ਼ਾ ਤਿਆਰ ਕਰਨਾ ਹੀ ਇਸ ਖੋਜ ਕਾਰਜ ਦਾ ਇੱਕ ਮੁੱਖ ਮੁੱਦਾ ਹੈ।

### 1.7.17 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦਾ ਵੇਰਵਾ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦਾ ਵੇਰਵਾ (ਬਾਣੀ ਦੇ ਸਿਰਲੇਖ ਅਤੇ ਉਸ ਬਾਣੀ ਦੇ ਰਚਣਹਾਰੇ ਅਨੁਸਾਰ) ਹੇਠ ਲਿਖੇ ਅਨੁਸਾਰ ਹੈ :

#### 1.7.17.1 ਜਪੁ (ਜਪੁ ਜੀ ਸਾਹਿਬ):

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 02 |
| ਕੁੱਲ | 02 ਸਲੋਕ |

#### 1.7.17.2 ਸਿਰੀਰਾਗ ਕੇ ਛੰਤ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 05 |
| ਕੁੱਲ | 05 ਸਲੋਕ |

#### 1.7.17.3 ਸਿਰੀਰਾਗ ਕੀ ਵਾਰ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 07 |
| ਗੁਰੂ ਅੰਗਦ ਦੇਵ ਜੀ | 02 |
| ਗੁਰੂ ਅਮਰਦਾਸ ਜੀ | 33 |
| ਗੁਰੂ ਅਰਜਨ ਦੇਵ ਜੀ | 02 |
| ਕੁੱਲ | 44 ਸਲੋਕ |

#### 1.7.17.4 ਵਾਰ ਮਾਝ ਕੀ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|

| | |
|---|---|
| ਗੁਰੂ ਨਾਨਕ ਦੇਵ ਜੀ | 46 |
| ਗੁਰੂ ਅੰਗਦ ਦੇਵ ਜੀ | 12 |
| ਗੁਰੂ ਅਮਰਦਾਸ ਜੀ | 03 |
| ਗੁਰੂ ਰਾਮ ਦਾਸ ਜੀ | 02 |

ਕੁੱਲ 63 ਸਲੋਕ

### 1.7.17.5 ਗਉੜੀ ਬਾਵਨ ਅੱਖਰੀ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 57 |

ਕੁੱਲ 57 ਸਲੋਕ

### 1.7.17.6 ਗਉੜੀ ਸੁਖਮਨੀ (ਸ੍ਰੀ ਸੁਖਮਨੀ ਸਾਹਿਬ):

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 24 |

ਕੁੱਲ 24 ਸਲੋਕ

### 1.7.17.7 ਥਿਤੀ ਗਉੜੀ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 17 |

ਕੁੱਲ 17 ਸਲੋਕ

### 1.7.17.8 ਗਉੜੀ ਕੀ ਵਾਰ ਮਹਲਾ ਚੌਥਾ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਮਰਦਾਸ ਜੀ | 07 |
| ਗੁਰੂ ਰਾਮ ਦਾਸ ਜੀ | 53 |
| ਗੁਰੂ ਅਰਜਨ ਦੇਵ ਜੀ | 08 |

ਕੁੱਲ 68 ਸਲੋਕ

### 1.7.17.9 ਗਉੜੀ ਕੀ ਵਾਰ ਮਹਲਾ ਪੰਜਵਾਂ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 42 |

ਕੁੱਲ 42 ਸਲੋਕ

**ਆਸਾ ਮਹਲਾ ਪੰਜਵਾਂ ਛੰਤ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 05 |

ਕੁੱਲ 05 ਸਲੋਕ

**1.7.17.10 ਰਾਗੁ ਗਉੜੀ ਥਿੰਤੀ ਕਬੀਰ ਜੀ ਕੀ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਭਗਤ ਕਬੀਰ ਜੀ | 01 |

ਕੁੱਲ 01 ਸਲੋਕ

**1.7.17.11 ਆਸਾ ਦੀ ਵਾਰ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 44 |
| ਗੁਰੂ ਅੰਗਦ ਦੇਵ ਜੀ | 15 |

ਕੁੱਲ 59 ਸਲੋਕ

**1.7.17.12 ਗੂਜਰੀ ਕੀ ਵਾਰ ਮਹਲਾ ਤੀਜਾ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਮਰਦਾਸ ਜੀ | 43 |
| ਭਗਤ ਕਬੀਰ ਜੀ | 01 |

ਕੁੱਲ 44 ਸਲੋਕ

**1.7.17.13 ਰਾਗੁ ਗੂਜਰੀ ਵਾਰ ਮਹਲਾ ਪੰਜਵਾਂ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 42 |

ਕੁੱਲ 42 ਸਲੋਕ

**1.7.17.14 ਬਿਹਾਗੜੇ ਕੀ ਵਾਰ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 05 |
| ਗੁਰੂ ਅਮਰਦਾਸ ਜੀ | 33 |
| ਗੁਰੂ ਰਾਮਦਾਸ ਜੀ | 02 |

| | |
|---|---|
| ਗੁਰੂ ਅਰਜਨ ਦੇਵ ਜੀ | 02 |
| ਭਗਤ ਕਬੀਰ ਜੀ | 01 |

ਕੁੱਲ 43 ਸਲੋਕ

### 1.7.17.15 ਰਾਗੁ ਵਡਹੰਸੁ ਮਹਲਾ ਪੰਜਵਾਂ ਛੰਤ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 04 |

ਕੁੱਲ 04 ਸਲੋਕ

### 1.7.17.16 ਜੈਤਸਰੀ ਮਹਲਾ ਪੰਜਵਾਂ ਛੰਤ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 05 |

ਕੁੱਲ 05 ਸਲੋਕ

### 1.7.17.17 ਵਡਹੰਸੁ ਕੀ ਵਾਰ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 03 |
| ਗੁਰੂ ਅਮਰਦਾਸ ਜੀ | 40 |

ਕੁੱਲ 43 ਸਲੋਕ

### 1.7.17.18 ਰਾਗੁ ਸੋਰਠਿ ਵਾਰ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 03 |
| ਗੁਰੂ ਅੰਗਦ ਦੇਵ ਜੀ | 01 |
| ਗੁਰੂ ਅਮਰਦਾਸ ਜੀ | 47 |
| ਗੁਰੂ ਰਾਮ ਦਾਸ ਜੀ | 07 |

ਕੁੱਲ 58 ਸਲੋਕ

### 1.7.17.19 ਜੈਤਸਰੀ ਕੀ ਵਾਰ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 40 |

ਕੁੱਲ 40 ਸਲੋਕ

### 1.7.17.20 ਬਿਲਾਵਲ ਮਹਲਾ ਪੰਜਵਾਂ ਛੰਤ ਮੰਗਲ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 01 |

ਕੁੱਲ 01 ਸਲੋਕ

### 1.7.17.21 ਰਾਮਕਲੀ ਮਹਲਾ ਪੰਜਵਾਂ ਅਸਟਪਦੀ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 01 |

ਕੁੱਲ 01 ਸਲੋਕ

### 1.7.17.22 ਰਾਮਕਲੀ ਮਹਲਾ ਪੰਜਵਾਂ ਛੰਤ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 04 |

ਕੁੱਲ 04 ਸਲੋਕ

### 1.7.17.23 ਰਾਮਕਲੀ ਮਹਲਾ ਪੰਜਵਾਂ ਰੁਤੀ ਸਲੋਕੁ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 16 |

ਕੁੱਲ 16 ਸਲੋਕ

### 1.7.17.24 ਵਾਰ ਸੂਹੀ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 21 |
| ਗੁਰੂ ਅੰਗਦ ਦੇਵ ਜੀ | 11 |
| ਗੁਰੂ ਅਮਰਦਾਸ ਜੀ | 15 |

ਕੁੱਲ 47 ਸਲੋਕ

### 1.7.17.25 ਛੰਤ ਬਿਲਾਵਲੁ ਮਹਲਾ ਚੌਥਾ ਮੰਗਲ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਰਾਮ ਦਾਸ ਜੀ | 01 |

ਕੁੱਲ 01 ਸਲੋਕ

### 1.7.17.26 ਬਿਲਾਵਲ ਕੀ ਵਾਰ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 02 |
| ਗੁਰੂ ਅਮਰਦਾਸ ਜੀ | 24 |
| ਗੁਰੂ ਰਾਮ ਦਾਸ ਜੀ | 01 |

ਕੁੱਲ 27 ਸਲੋਕ

### 1.7.17.27 ਰਾਮਕਲੀ ਕੀ ਵਾਰ ਮਹਲਾ ਤੀਜਾ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 19 |
| ਗੁਰੂ ਅੰਗਦ ਦੇਵ ਜੀ | 07 |
| ਗੁਰੂ ਅਮਰਦਾਸ ਜੀ | 24 |
| ਭਗਤ ਕਬੀਰ ਜੀ | 02 |

ਕੁੱਲ 52 ਸਲੋਕ

### 1.7.17.28 ਰਾਮਕਲੀ ਕੀ ਵਾਰ ਮਹਲਾ ਪੰਜਵਾਂ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 44 |

ਕੁੱਲ 44 ਸਲੋਕ

### 1.7.17.29 ਮਾਰੂ ਵਾਰ ਮਹਲਾ ਤੀਜਾ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 18 |
| ਗੁਰੂ ਅੰਗਦ ਦੇਵ ਜੀ | 01 |
| ਗੁਰੂ ਅਮਰਦਾਸ ਜੀ | 23 |
| ਗੁਰੂ ਰਾਮ ਦਾਸ ਜੀ | 03 |
| ਗੁਰੂ ਅਰਜਨ ਦੇਵ ਜੀ | 04 |

ਕੁੱਲ 49 ਸਲੋਕ

### 1.7.17.30 ਮਾਰੂ ਵਾਰ ਮਹਲਾ ਪੰਜਵਾਂ ਡਖਣੇ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 69 |

ਕੁੱਲ 69 ਸਲੋਕ

### 1.7.17.31 ਰਾਗੁ ਮਾਰੂ ਬਾਣੀ ਕਬੀਰ ਜੀਉ ਕੀ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਭਗਤ ਕਬੀਰ ਜੀ | 02 |

ਕੁੱਲ 02 ਸਲੋਕ

### 1.7.17.32 ਸਾਰੰਗ ਕੀ ਵਾਰ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 33 |
| ਗੁਰੂ ਅੰਗਦ ਦੇਵ ਜੀ | 09 |
| ਗੁਰੂ ਅਮਰਦਾਸ ਜੀ | 23 |
| ਗੁਰੂ ਰਾਮ ਦਾਸ ਜੀ | 06 |
| ਗੁਰੂ ਅਰਜਨ ਦੇਵ ਜੀ | 03 |

ਕੁੱਲ 74 ਸਲੋਕ

### 1.7.17.33 ਵਾਰ ਮਲਾਰ ਕੀ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 24 |
| ਗੁਰੂ ਅੰਗਦ ਦੇਵ ਜੀ | 05 |
| ਗੁਰੂ ਅਮਰਦਾਸ ਜੀ | 27 |
| ਗੁਰੂ ਅਰਜਨ ਦੇਵ ਜੀ | 02 |

ਕੁੱਲ 58 ਸਲੋਕ

### 1.7.17.34 ਕਾਨੜੇ ਕੀ ਵਾਰ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਰਾਮ ਦਾਸ ਜੀ | 30 |

ਕੁੱਲ 30 ਸਲੋਕ

**1.7.17.35 ਸਲੋਕ ਸਹਸਕ੍ਰਿਤੀ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 04 |
| ਗੁਰੂ ਅਰਜਨ ਦੇਵ ਜੀ | 67 |
| ਕੁੱਲ | 71 ਸਲੋਕ |

**1.7.17.36 ਗਾਥਾ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਅਰਜਨ ਦੇਵ ਜੀ | 24 |
| ਕੁੱਲ | 24 ਸਲੋਕ |

**1.7.17.37 ਸਲੋਕ ਭਗਤ ਕਬੀਰ ਜੀ ਕੇ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਭਗਤ ਕਬੀਰ ਜੀ | 236 |
| ਗੁਰੂ ਅਮਰਦਾਸ ਜੀ | 01 |
| ਗੁਰੂ ਅਰਜਨ ਦੇਵ ਜੀ | 05 |
| ਭਗਤ ਰਵਿਦਾਸ ਜੀ | 01 |
| ਕੁੱਲ | 243 ਸਲੋਕ |

**1.7.17.38 ਸਲੋਕ ਸੇਖ ਫਰੀਦ ਕੇ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਸ਼ੇਖ਼ ਫਰੀਦ ਜੀ | 112 |
| ਗੁਰੂ ਨਾਨਕ ਦੇਵ ਜੀ | 04 |
| ਗੁਰੂ ਅਮਰਦਾਸ ਜੀ | 05 |
| ਗੁਰੂ ਰਾਮ ਦਾਸ ਜੀ | 01 |
| ਗੁਰੂ ਅਰਜਨ ਦੇਵ ਜੀ | 08 |
| ਕੁੱਲ | 130 ਸਲੋਕ |

**1.7.17.39 ਸਲੋਕ ਵਾਰਾਂ ਤੇ ਵਧੀਕ:**

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਨਾਨਕ ਦੇਵ ਜੀ | 32 |

| | |
|---|---|
| ਗੁਰੂ ਅਮਰਦਾਸ ਜੀ | 68 |
| ਗੁਰੂ ਰਾਮ ਦਾਸ ਜੀ | 30 |
| ਗੁਰੂ ਅਰਜਨ ਦੇਵ ਜੀ | 22 |

ਕੁੱਲ 152 ਸਲੋਕ

### 1.7.17.40 ਸਲੋਕ ਮਹਲਾ ੯:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਗੁਰੂ ਤੇਗ ਬਹਾਦਰ ਜੀ | 57 |

ਕੁੱਲ 57 ਸਲੋਕ

### 1.7.17.41 ਭੱਟ ਕਲ੍ਹ ਸਹਾਰ ਜੀ

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਭੱਟ ਕਲ੍ਹ ਸਹਾਰ ਜੀ | 03 |

ਕੁੱਲ 03 ਸਲੋਕ

### 1.7.17.42 ਮੁੰਦਾਵਣੀ ਮਹਲਾ੫:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਸ੍ਰੀ ਗੁਰੂ ਅਰਜਨ ਦੇਵ ਜੀ | 01 |

ਕੁੱਲ 01 ਸਲੋਕ

### ਕੁੱਲ ਗਿਣਤੀ:

| ਬਾਣੀਕਾਰ | ਸਲੋਕਾਂ ਦੀ ਗਿਣਤੀ |
|---|---|
| ਸ੍ਰੀ ਗੁਰੂ ਨਾਨਕ ਦੇਵ ਜੀ | 267 |
| ਸ੍ਰੀ ਗੁਰੂ ਅੰਗਦ ਦੇਵ ਜੀ | 63 |
| ਸ੍ਰੀ ਗੁਰੂ ਅਮਰਦਾਸ ਜੀ | 416 |
| ਸ੍ਰੀ ਗੁਰੂ ਰਾਮ ਦਾਸ ਜੀ | 136 |
| ਸ੍ਰੀ ਗੁਰੂ ਅਰਜਨ ਦੇਵ ਜੀ | 524 |
| ਸ੍ਰੀ ਗੁਰੂ ਤੇਗ਼ ਬਹਾਦਰ ਜੀ | 57 |
| ਭਗਤ ਕਬੀਰ ਜੀ | 243 |
| ਭਗਤ ਰਵਿਦਾਸ ਜੀ | 01 |

| | |
|---|---|
| ਸ਼ੇਖ਼ ਫਰੀਦ ਜੀ | 112 |
| ਭੱਟ ਕਲ੍ਹ ਸਹਾਰ ਜੀ | 03 |
| **ਕੁੱਲ** | **1822 ਸਲੋਕ** |

## 1.8 ਵਿਚਾਰਧਾਰਾ: ਸਿਧਾਂਤਕ ਪਰਿਪੇਖ

ਸਮਾਜ ਦੇ ਧਰਾਤਲ 'ਤੇ ਉਧਰਿਤ ਹੁੰਦੀ ਹਰ ਰਚਨਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਮਾਜ ਨਾਲ ਜੁੜੀ ਹੋਈ ਹੁੰਦੀ ਹੈ। ਕਿਸੇ ਵੀ ਰਚਨਾਕਾਰ ਦੀ ਕਿਰਤ ਨੂੰ ਇੱਕ ਨਜ਼ਰੇ ਦੇਖਿਆਂ ਉਸ ਕਿਰਤ ਵਿੱਚੋਂ ਰਚਨਾਕਾਰ ਦੀ ਵਿਚਾਰਧਾਰਾ ਦਾ ਸਾਰ ਜਾਣ ਲੈਣਾ ਸਰਲ ਨਹੀਂ ਹੁੰਦਾ ਸਗੋਂ ਉਸਦੀ ਵਿਚਾਰਧਾਰਾ ਉਸਦੀ ਰਚਨਾ ਦੀਆਂ ਡੂੰਘੀਆਂ ਤੈਹਾਂ ਅੰਦਰ ਲੁਕੀ ਪਈ ਹੁੰਦੀ ਹੈ। ਇਹ ਨਹੀਂ ਹੁੰਦਾ ਕਿ ਕਿਸੇ ਰਚਨਾਕਾਰ ਦੀ ਕਿਰਤ ਵਿਚ ਉਸਦੀ ਵਿਚਾਰਧਾਰਾ ਸ਼ਾਮਲ ਨਾ ਹੋਵੇ ਸਗੋਂ ਇਹ ਤਾਂ ਉਸਦੀ ਕਿਰਤ ਦੇ ਹਰੇਕ ਵਾਕ ਦੇ ਨਾਲ-ਨਾਲ ਚੱਲਦੀ ਹੈ। ਸਾਹਿਤ ਵਿਚਾਰਧਾਰਾ ਦਾ ਸਰਗੁਣ ਰੂਪ ਹੀ ਤਾਂ ਹੁੰਦਾ ਹੈ। ਵਿਚਾਰਧਾਰਾ ਰਚਨਾਕਾਰ ਦੇ ਮਾਨਸਿਕ ਧਰਾਤਲ ਉੱਪਰ ਉਮਗਦੀ-ਵਿਗਸਦੀ ਹੋਈ ਉਸਦੀ ਕਿਰਤ ਦੇ ਅੰਦਰ ਦ੍ਰਿਸ਼-ਅਦ੍ਰਿਸ਼ ਰੂਪ ਵਿਚ ਪਰਵਾਹਿਤ ਰਹਿੰਦੀ ਹੈ। ਅਜੋਕੇ ਦੌਰ ਵਿਚ ਕਿਸੇ ਵੀ ਰਚਨਾ ਤੋਂ ਉਸ ਪਿੱਛੇ ਕਾਰਜਰਤ ਵਿਚਾਰਧਾਰਾ ਦੀ ਪਛਾਣ ਕਰਨਾ ਬੜਾ ਅਹਿਮ ਮੰਨਿਆ ਜਾਣ ਲੱਗਾ ਹੈ। ਇੱਥੇ ਵਿਚਾਰਧਾਰਾ ਦੇ ਸ਼ਾਬਦਿਕ ਅਰਥ ਅਤੇ ਸੰਕਲਪ ਬਾਰੇ ਚਰਚਾ ਕਰਨੀ ਸੁਭਾਵਿਕ ਜਾਪਦੀ ਹੈ:

### 1.8.1 ਪਰਿਭਾਸ਼ਾ ਅਤੇ ਸੰਕਲਪ

ਵਿਚਾਰਧਾਰਾ, 'ਵਿਚਾਰ' ਅਤੇ 'ਧਾਰਾ' ਦੋ ਸ਼ਬਦਾਂ ਨੂੰ ਰਲ਼ਾ ਕੇ ਬਣਿਆ ਹੋਇਆ ਸ਼ਬਦ ਹੈ ਅਤੇ ਇਸ ਸ਼ਬਦ ਦਾ ਸਿੱਧਾ-ਪੱਧਰਾ ਅਰਥ 'ਵਿਚਾਰਾਂ ਦਾ ਪ੍ਰਵਾਹ' ਬਣਦਾ ਹੈ ਜਦਕਿ ਇਸ ਸ਼ਬਦ ਦਾ ਸੰਕਲਪਗਤ ਅਰਥ ਕੁਝ ਹੋਰ ਹੈ। ਅੰਗਰੇਜ਼ੀ ਭਾਸ਼ਾ ਵਿਚ ਇਸ਼ ਸ਼ਬਦ ਲਈ 'Ideology'ਸ਼ਬਦ ਵਰਤਿਆ ਜਾਂਦਾ ਹੈ। ਨਿਊ ਲੈਕਸੀਕਨ ਵੈੱਬਸਟਰਜ਼ ਡਿਕਸ਼ਨਰੀ ਅਨੁਸਾਰ, "ਵਿਚਾਰਾਂ ਦਾ ਵਜੂਦ ਵਿਚ ਲਿਆਉਣਾ ਅਤੇ ਇੱਕ ਆਰਥਿਕ, ਰਾਜਨੀਤਕ ਜਾਂ ਸਮਾਜਕ ਸਿਧਾਂਤ ਦੀ ਪੁਸ਼ਟੀ ਦਾ ਪ੍ਰਯੋਗ, ਕਿਸੇ ਵਰਗ ਵਿਸ਼ੇਸ਼, ਸੰਸਕ੍ਰਿਤੀ ਜਾਂ ਵਿਅਕਤੀਗਤ ਸੋਚ ਦੇ ਆਧਾਰ ਉੱਪਰ ਪੈਦਾ ਹੋਣ ਵਾਲੇ ਵਿਚਾਰਾਂ ਦੇ ਉਸ ਵਿਗਿਆਨ ਨੂੰ ਜਿਹੜੇ ਵਿਸ਼ੇਸ਼ ਤੌਰ ਤੇ ਸੰਵੇਦਨਾਤਮਕ ਉਤੇਜਨਾ ਜਾਂ ਉਕਸਾਹਟ ਵਿਚੋਂ ਉਗਮਦੇ ਹਨ ਵਿਚਾਰਧਾਰਾ ਅਖਵਾਉਂਦੇ ਹਨ।" (487) ਅਜੋਕੇ ਦੌਰ ਵਿਚ ਵਿਚਾਰਧਾਰਾ ਤੋਂ ਭਾਵ ਕਿਸੇ ਸਮੁਦਾਇ ਵਿਸ਼ੇਸ਼ ਜਾਂ ਸਮੂਹ ਦੀਆਂ ਖ਼ਾਸ ਅਭਿਵਿਅਕਤੀਆਂ, ਵਿਚਾਰਾਂ ਜਾਂ ਵਿਸ਼ਵਾਸਾਂ ਤੋਂ ਲਿਆ ਜਾਂਦਾ ਹੈ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, "ਵਿਚਾਰਧਾਰਾ ਵਿਸ਼ਵਾਸਾਂ ਦਾ ਅਜਿਹਾ ਪ੍ਰਬੰਧ ਹੈ ਜੋ ਸਮਾਜ ਦੇ ਕਾਰਜ ਅਤੇ ਸੰਗਠਨ ਨਾਲ ਸਬੰਧਿਤ ਹੁੰਦਾ ਹੈ। ਇਸ ਵਿਚ ਵਿਹਾਰਕ ਰਾਜਨੀਤੀ ਦਾ ਅਜਿਹਾ ਪ੍ਰੋਗਰਾਮ ਵੀ ਸ਼ਾਮਿਲ ਹੁੰਦਾ ਹੈ ਜੋ ਮਾਨਵ ਪ੍ਰਕਿਰਤੀ ਬਾਰੇ ਬਣਾਈ ਗਈ ਵਿਆਪਕ ਧਾਰਣਾ ਉੱਪਰ ਆਧਾਰਿਤ ਹੁੰਦਾ ਹੈ ਜੋ ਸਮਾਜਕ ਸੰਘਰਸ਼ ਲਈ ਜ਼ਰੂਰੀ ਹੁੰਦਾ ਹੈ।" (241)

ਡਿਕਸ਼ਨਰੀ ਆਫ਼ ਫ਼ਿਲਾਸਫ਼ੀ ਅਨੁਸਾਰ, "ਵਿਚਾਰਧਾਰਾ ਰਾਜਸੀ, ਕਾਨੂੰਨੀ, ਨੈਤਿਕ, ਸੁਹਜਾਤਮਕ, ਧਾਰਮਿਕ ਅਤੇ ਦਾਰਸ਼ਨਿਕ ਰਾਵਾਂ ਅਤੇ ਵਿਚਾਰਾਂ ਦਾ ਪ੍ਰਬੰਧ ਹੈ।" (206) ਐਨਸਾਈਕਲੋਪੀਡੀਆ ਇੰਟਰਨੈਸ਼ਨਲ ਦੇ ਜ਼ਿਲਦ 9 ਦੇ ਅਨੁਸਾਰ, "ਮੁੱਖ ਤੌਰ 'ਤੇ ਇਸ ਸ਼ਬਦ ਦਾ ਪ੍ਰਯੋਗ ਵਿਚਾਰਾਂ, ਵਿਸ਼ਵਾਸਾਂ ਅਤੇ ਦ੍ਰਿਸ਼ਟੀਕੋਣ ਲਈ ਕੀਤਾ ਜਾਂਦਾ ਹੈ ਜਿਹੜਾ ਕਿਸੇ ਵਿਸ਼ੇਸ਼ ਵਰਗ ਜਾਂ

ਸਮਾਜ ਦੇ ਤੌਰ ਤਰੀਕਿਆਂ ਨੂੰ ਨਿਸ਼ਚਿਤ ਕਰਦਾ ਹੈ।" (131) ਵਿਚਾਰਧਾਰਾ ਕੋਈ ਸਿੱਧਾ ਪੱਧਰਾ ਵਿਚਾਰਾਂ ਦਾ ਪ੍ਰਵਾਹ ਨਹੀਂ ਸਗੋਂ ਇਹ ਤਾਂ ਇੱਕ ਬਹੁ-ਪਰਤੀ, ਕਠਿਨ ਅਤੇ ਗੁੰਝਲਦਾਰ ਵਰਤਾਰਾ ਹੈ। ਇਹ ਕੇਵਲ ਸਮਾਜਿਕ ਵਰਤਾਰਾ ਨਾ ਹੋ ਕੇ ਗਿਆਨ ਚਿੰਤਨ ਨਾਲ ਸਬੰਧਤ ਵਰਤਾਰਾ ਹੈ। ਕੋਈ ਵਿਚਾਰਧਾਰਾ ਹੀ ਮਨੁੱਖ ਨੂੰ ਜੀਵਨ ਦੀਆਂ ਵਿਭਿੰਨ ਪ੍ਰਸਥਿਤੀਆਂ ਨਾਲ ਨਜਿੱਠਣ ਦੇ ਯੋਗ ਬਣਾਉਂਦੀ ਹੈ। ਵਿਚਾਰਧਾਰਾ ਤੋਂ ਬਿਨਾ ਮਾਨਵ-ਸਮਾਜ ਦੀ ਹੋਂਦ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਹ ਮਨੁੱਖੀ ਮਨ ਦੀ ਸਹਿਜ ਪ੍ਰਕਿਰਿਆ ਹੈ। ਜਿਵੇਂ-ਜਿਵੇਂ ਕੋਈ ਮਨੁੱਖ ਬੌਧਿਕ ਪੱਧਰ 'ਤੇ ਚੇਤੰਨ ਹੁੰਦਾ ਜਾਂਦਾ ਹੈ ਉਸੇ ਤਰ੍ਹਾਂ ਹੀ ਉਹ (ਆਮ ਤੌਰ 'ਤੇ) ਵਿਚਾਰਧਾਰਾ ਦੇ ਪੱਧਰ 'ਤੇ ਵੀ ਪਰਪੱਕ ਹੁੰਦਾ ਜਾਂਦਾ ਹੈ। ਕਈ ਵਾਰ ਕੁਝ ਘਟਨਾਵਾਂ ਉਸਦੀ ਵਿਚਾਰਧਾਰਾ ਨੂੰ ਪ੍ਰਭਾਵਿਤ ਕਰਨ ਵਿਚ ਵੀ ਸਫ਼ਲ ਰਹਿੰਦੀਆਂ ਹਨ ਅਤੇ ਉਸਦੇ ਮਾਨਸਿਕ ਧਰਾਤਲ 'ਤੇ ਕੋਈ ਨਵੀਂ ਵਿਚਾਰਧਾਰਾ ਜਨਮ ਲੈਣ ਵਿਚ ਸਫ਼ਲ ਰਹਿੰਦੀ ਹੈ।

### 1.8.2 ਲੋਕਯਾਨਿਕ ਪਰਿਪੇਖ ਅਧੀਨ ਵਿਚਾਰਧਾਰਾ

"ਲੋਕ-ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰਪੂਰ ਪਰੰਪਰਾਗਤ ਰੂਪ ਵਿਚ ਪ੍ਰਾਪਤ ਅਜਿਹੀ ਸਾਮੱਗਰੀ ਜਿਸ ਵਿਚ ਲੋਕ-ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ ਸਮੂਹ ਨੇ ਪਰਵਾਨਗੀ ਦੇ ਕੇ ਪੀੜ੍ਹੀਉਂ-ਪੀੜ੍ਹੀ ਅੱਗੇ ਤੋਰਿਆ ਹੋਵੇ ਉਸ ਨੂੰ ਲੋਕਯਾਨ ਕਹਿੰਦੇ ਹਨ। ਲੋਕਯਾਨ ਮਨੁੱਖ ਦੇ ਆਪੇ ਦਾ ਪ੍ਰਗਟਾਵਾ ਹੈ। ਇਹ ਕਿਸੇ ਵੀ ਕੌਮ ਦੀ ਸੰਸਕ੍ਰਿਤੀ ਦਾ ਸੱਚਾ, ਸੁੱਚਾ ਤੇ ਸਜੀਵ ਚਿੱਤਰ ਰੂਪਮਾਨ ਹੁੰਦਾ ਹੈ।"(*Encyclopedia Terry Eagelton, Criticism and Ideology* 80) ਕਿਸੇ ਵੀ ਸਮਾਜ ਵਿਸ਼ੇਸ਼, ਧਰਮ ਜਾਂ ਦੇਸ਼ ਦੀ ਵਿਚਾਰਧਾਰਾ ਓਥੋਂ ਦੇ ਲੋਕਯਾਨ ਵਿਚ ਸਮਾਈ ਹੋਈ ਹੁੰਦੀ ਹੈ। ਲੋਕਯਾਨ ਹੀ ਹਰ ਤਰ੍ਹਾਂ ਦੀ ਰਚਨਾਤਮਕਤਾ ਦਾ ਆਧਾਰ ਬਣਦਾ ਹੈ। ਇਸੇ ਵਿੱਚੋਂ ਸੋਚ, ਸ਼ਿਲਪ ਅਤੇ ਕ੍ਰਿਆ-ਸ਼ੀਲਤਾ ਜਨਮ ਲੈਂਦੀ ਹੈ। ਇਹ ਸੰਕਲਪ ਜੀਵਨ ਰੌਂਅ ਨੂੰ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ। ਲੋਕਯਾਨ ਸਾਹਿੱਤਕ ਰਚਨਾਵਾਂ ਦਾ ਆਧਾਰ ਵੀ ਬਣਦਾ ਹੈ। ਪੰਜਾਬੀ-ਕਾਵਿ ਵਿਚ ਇਸ ਤੱਥ ਦੇ ਬੇਅੰਤ ਨਮੂਨੇ ਹਨ। ਬਾਣੀਕਾਰਾਂ ਨੇ ਵੀ ਇਸ ਤੱਥ ਨੂੰ ਕਬੂਲ ਕੀਤਾ ਹੈ। ਬਾਣੀਕਾਰਾਂ ਨੇ ਪੀੜ੍ਹੀ-ਦਰ-ਪੀੜ੍ਹੀ ਤੁਰੇ ਆ ਰਹੇ ਇਸ ਗਿਆਨ ਨੂੰ ਅਧਿਆਤਮਿਕ ਸੱਚੇ ਵਿਚ ਢਾਲਿਆ ਅਤੇ ਉਸਨੂੰ ਨਵਾਂ ਰੂਪ ਪ੍ਰਦਾਨ ਕੀਤਾ। ਗੁਰੂ ਸਾਹਿਬ ਪਰੰਪਰਾਗਤ ਚਿੱਤਰਾਂ ਵਿਚ ਨਵੇਂ ਰੰਗ ਭਰਦੇ ਹਨ ਜਿਸ ਨਾਲ ਤਤਕਾਲੀ ਸਮਾਜ ਅਤੇ ਭਵਿੱਖਤ ਸਮਾਜ ਮੂਲ ਰੂਪ ਵਿਚ ਪ੍ਰਭਾਵਿਤ ਹੋਇਆ ਹੈ। ਲੋਕਯਾਨ ਦਾ ਮੂਲ ਮਨੁੱਖੀ ਮਨ ਹੁੰਦਾ ਹੈ ਜਿਸਨੂੰ ਵਿਦਵਾਨਾਂ ਨੇ ਲੋਕ-ਮਨ ਆਖਿਆ ਹੈ। ਮਨ ਨੂੰ ਸਮਝਣਾ ਅਤੇ ਸਮਝਾ ਪਾਉਣਾ ਅਤਿ ਕਠਿਨ ਹੈ। ਫ਼ਰਾਇਡ ਅਤੇ ਜੁੰਗ ਜਿਹੇ ਵਿਚਾਰਵਾਨਾਂ ਨੇ ਇਸ ਖਿੱਤੇ ਵਿਚ ਜ਼ਿਕਰਯੋਗ ਕੰਮ ਕੀਤਾ ਹੈ। (ਕੁਲਦੀਪ ਕੌਰ,*ਜਗਤਾਰ ਦੀ ਕਵਿਤਾ ਦਾ ਵਿਚਾਰਧਾਰਕ ਪਰਿਪੇਖ* 17) ਉਨ੍ਹਾਂ ਨੇ ਮਨੁੱਖੀ ਮਨ ਦੀਆਂ ਤਿੰਨ ਅਵਸਥਾਵਾਂ ਬਿਆਨ ਕੀਤੀਆਂ ਹਨ:

ੳ. ਚੇਤਨ

ਅ. ਅਵਚੇਤਨ

ੲ. ਅਰਧ-ਚੇਤਨ।

ਮਨੁੱਖ ਇੱਕ ਚੇਤਨ ਪ੍ਰਾਣੀ ਹੈ। ਉਸਦੀ ਵਿਚਾਰਧਾਰਾ ਦੇ ਧਰਾਤਲ ਵਿਚ ਚੇਤਨਾ ਹੀ ਆਧਾਰ-ਰੂਪ ਹੁੰਦੀ ਹੈ। ਅਵਚੇਤਨ ਮਨ ਹਰ ਵੇਲੇ ਤਾਂ ਕ੍ਰਿਆਸ਼ੀਲ ਨਹੀਂ ਰਹਿੰਦਾ ਪਰ ਖ਼ਾਸ ਪ੍ਰਸਥਿਤੀਆਂ ਵਿਚ ਇਹ ਇੱਕਦਮ ਕਾਰਜਸ਼ੀਲ ਹੋ ਉੱਠਦਾ ਹੈ। ਵੈਸੇ ਇਸਨੂੰ ਵੀ ਚੇਤਨ ਮਨ ਦਾ ਹੀ ਇੱਕ ਹਿੱਸਾ ਆਖਿਆ ਜਾ ਸਕਦਾ ਹੈ। ਅਵਚੇਤਨ ਮਨ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ, ਸਵੈ-ਸਿਰਜਿਤ ਅਵਚੇਤਨ ਅਤੇ ਵਿਰਸੇ ਵਿਚ ਮਿਲਿਆ ਅਵਚੇਤਨ। ਸਵੈ-ਸਿਰਜਿਤ ਅਵਚੇਤਨ ਵਿਚ ਮਨੁੱਖ ਦੀਆਂ ਯਾਦਾਂ, ਰੁਚੀਆਂ, ਦੱਬੀਆਂ-

ਘੁੱਟੀਆਂ ਖ਼ਾਹਿਸ਼ਾਂ ਆਦਿ ਪਈਆਂ ਹੁੰਦੀਆਂ ਹਨ। ਵਿਰਸੇ ਵਿਚ ਮਿਲੇ ਹੋਏ ਅਵਚੇਤਨ ਵਿਚ ਮਨੁੱਖ ਨੂੰ ਵਿਰਾਸਤ ਵਿਚ ਮਿਲੇ ਹੋਏ ਸੰਸਕਾਰ, ਪਰੰਪਰਾਵਾਂ ਆਦਿ ਪਏ ਹੋਏ ਹੁੰਦੇ ਹਨ। ਇਸ ਅਵਚੇਤਨ ਦਾ ਵੱਡਾ ਭਾਗ ਮਨੁੱਖ ਨੂੰ ਵਿਰਸੇ ਵਿਚ ਹੀ ਪ੍ਰਾਪਤ ਹੁੰਦਾ ਹੈ ਜੋ ਮਨੁੱਖ ਦੀ ਵਿਚਾਰਧਾਰਾ ਦਾ ਆਧਾਰ ਬਣਦਾ ਹੈ।

ਇਸ ਤਰ੍ਹਾਂ ਆਖਿਆ ਜਾ ਸਕਦਾ ਹੈ ਕਿ ਲੋਕ-ਮਨ ਲੋਕਯਾਨ ਦੇ ਪ੍ਰਵਾਹ ਦਾ ਆਧਾਰ ਬਣਦਾ ਹੈ। ਇਹ ਵਿਚਾਰਧਾਰਾ ਦੇ ਪ੍ਰਵਾਹ ਦਾ ਆਧਾਰ ਵੀ ਬਣਦਾ ਹੈ।

### 1.8.3 ਪ੍ਰਾਚੀਨ ਭਾਰਤੀ ਪਰਿਪੇਖ ਅਧੀਨ ਵਿਚਾਰਧਾਰਾ

ਪ੍ਰਾਚੀਨ ਭਾਰਤੀ ਵਿਚਾਰਧਾਰਾ ਹਿੰਦੂਮਤ ਅਤੇ ਵੇਦ-ਸ਼ਾਸਤਰਾਂ ਦੇ ਗਿਆਨ ਨਾਲ ਸਬੰਧ ਰੱਖਦੀ ਹੈ। ਸਾਹਿੱਤਕ ਭਾਸ਼ਾਵਾਂ ਜਿੱਥੇ ਬੌਧਿਕ ਚਿੰਤਨ ਨੂੰ ਚਿਤਰਦੀਆਂ ਹਨ ਓਥੇ ਲੋਕਲ ਭਾਸ਼ਾਵਾਂ ਸਾਧਾਰਨ ਜਨ-ਮਾਨਸ ਦੀਆਂ ਮਨੋ-ਕਲਪਨਾਵਾਂ ਦਾ ਚਿਤਰਨ ਕਰਦੀਆਂ ਹਨ। ਭਾਰਤ ਦੇਸ਼ ਵਿਚ ਸਾਹਿੱਤਕ ਭਾਸ਼ਾਵਾਂ ਅਤੇ ਦੇਸੀ ਭਾਸ਼ਾਵਾਂ ਦਾ ਪ੍ਰਵਾਹ ਸਮਾਂਤਰ ਵਗਦਾ ਰਿਹਾ ਹੈ। ਗੀਤਾ ਵਿਚ ਵੇਦ ਅਤੇ ਲੋਕ ਦਾ ਅੰਤਰ ਕੀਤਾ ਗਿਆ ਹੈ। ਸਾਹਿੱਤਕ ਪੱਧਰ ਦੀ ਭਾਸ਼ਾ ਅਤੇ ਚਿੰਤਨ ਦੇ ਸਾਮੱਗਰ ਵੇਦ, ਸਾਧਾਰਨ ਮਨੁੱਖ ਦੀ ਪਹੁੰਚ ਤੋਂ ਦੂਰ ਰਹੇ ਅਤੇ ਇੱਕ ਵਰਗ ਵਿਸ਼ੇਸ਼ ਦੀ ਪਹੁੰਚ ਹੀ ਇਨ੍ਹਾਂ ਤੱਕ ਰਹੀ। 'ਨਾਟਯ ਵੇਦ' ਸਾਧਾਰਨ ਲੋਕਾਂ ਨਾਲ ਸਬੰਧਤ ਸੀ ਅਤੇ ਇਹ ਸਾਧਾਰਨ ਜਨ-ਮਾਨਸ ਦੀ ਪ੍ਰਤੀਨਿਧਤਾ ਕਰਦਾ ਸੀ। ਪ੍ਰਾਚੀਨ ਭਾਰਤ ਦੀ ਵਿਚਾਰਧਾਰਾ ਦੀ ਥਾਹ ਪਾਉਣ ਲਈ ਵੇਦ ਅਧਿਐਨ ਲਾਜ਼ਮੀ ਹੈ। ਇਹ ਪ੍ਰਾਚੀਨ ਭਾਰਤ ਦੀ ਵਿਚਾਰਧਾਰਾ ਦੀ ਪੁਣ-ਛਾਣ ਹਿੱਤ ਮਹੱਤਵਪੂਰਨ ਸੋਮੇ ਹਨ। ਇਨ੍ਹਾਂ ਨੂੰ ਆਦਿ ਸਾਹਿਤ ਆਖਿਆ ਜਾਂਦਾ ਹੈ। ਵੇਦਾਂ ਦੀ ਵਿਚਾਰਧਾਰਾ ਆਗਾਮੀ ਵਿਚਾਰਧਾਰਾ ਦਾ ਆਧਾਰ ਬਣਦੀ ਰਹੀ ਹੈ। ਇਸੇ ਤੱਥ ਦੇ ਆਧਾਰ 'ਤੇ ਵਿਚਾਰਧਾਰਾ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀ ਹੈ, ਵੇਦਾਨੁਕੂਲ ਵਿਚਾਰਧਾਰਾ ਅਤੇ ਦੂਜੀ ਹੈ, ਵੇਦ-ਵਿਰੋਧੀ ਵਿਚਾਰਧਾਰਾ।

ਇਸੇ ਨੂੰ ਹੀ ਮਗਰੋਂ ਆਸਤਿਕ ਅਤੇ ਨਾਸਤਿਕ ਵਿਚਾਰਧਾਰਾ ਆਖਿਆ ਗਿਆ। ਅਸਲ ਵਿਚ ਆਸਤਿਕ ਅਤੇ ਨਾਸਤਿਕ ਦੇ ਅਰਥ ਪਰਮਾਤਮਾ ਵਿਚ ਵਿਸ਼ਵਾਸ ਜਾਂ ਅਵਿਸ਼ਵਾਸ ਨਹੀਂ। ਵੇਦਾਂ ਦੀ ਵਿਚਾਰਧਾਰਾ ਦੇ ਅਨੁਕੂਲ ਤੁਰਨ ਵਾਲਿਆਂ ਨੂੰ ਆਸਤਿਕ ਅਤੇ ਵੇਦਾਂ ਦੀ ਵਿਚਾਰਧਾਰਾ ਦੇ ਵਿਰੋਧੀਆਂ ਨੂੰ ਨਾਸਤਿਕ ਆਖਿਆ ਗਿਆ। ਇਨ੍ਹਾਂ ਦੋਹਾਂ ਵਿਚਾਰਧਾਰਾਵਾਂ ਨੂੰ ਪਾਰਲੌਕਿਕ ਅਤੇ ਲੌਕਿਕ ਵਿਚਾਰਧਾਰਾ ਅਧੀਨ ਵੀ ਵੰਡਿਆ ਜਾ ਸਕਦਾ ਹੈ।

**1.8.3.1 ਪਾਰਲੌਕਿਕ ਵਿਚਾਰਧਾਰਾ:** ਇਸ ਵਿਚਾਰਧਾਰਾ ਨੇ ਭਾਰਤੀ ਚਿੰਤਨ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਇਹ ਭਾਰਤੀ ਚਿੰਤਨ ਦਾ ਮੂਲ ਆਧਾਰ ਰਿਹਾ ਹੈ। ਇਸਦਾ ਸਬੰਧ ਅਧਿਆਤਮਿਕਤਾ ਅਤੇ ਰਹੱਸਵਾਦ ਨਾਲ ਰਿਹਾ ਹੈ। ਇਹ ਆਤਮਾ ਅਤੇ ਪਰਮਾਤਮਾ ਦੇ ਆਪਸੀ ਸਬੰਧਾਂ ਨਾਲ ਸਬੰਧਤ ਹੈ। ਭਾਰਤੀ ਵਿਚਾਰਧਾਰਾ ਮਨੁੱਖਤਾ ਵਿਚ ਨਿਹਿਤ ਹੈ। ਇਹ ਇਕਲਾਪੇ ਜਾਂ ਏਕਾਂਤ ਦੀ ਗੱਲ ਨਹੀਂ ਕਰਦੀ। ਪ੍ਰਾਚੀਨ ਭਾਰਤ ਦੇ ਇਨ੍ਹਾਂ ਮੂਲ-ਭੂਤ ਗ੍ਰੰਥਾਂ ਦੇ ਅਧਿਐਨ ਤੋਂ ਤਤਕਾਲੀ ਵਿਚਾਰਧਾਰਾ ਦਾ ਗਿਆਨ ਹੋ ਸਕਦਾ ਹੈ। ਪ੍ਰਾਚੀਨ ਭਾਰਤੀ ਵਿਚਾਰਧਾਰਾ ਦਾ ਆਗਮਨ ਕੋਈ ਦੈਵੀ ਆਵੇਸ਼ ਨਹੀਂ ਮੰਨਿਆ ਗਿਆ। ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ ਭਾਰਤੀ ਵਿਚਾਰਧਾਰਾ ਦੇ ਨਿਰੰਤਰ ਪ੍ਰਵਾਹ ਦੇ ਚਾਰ ਆਯਾਮ ਮੰਨੇ ਹਨ (ਕੁਲਦੀਪ ਕੌਰ, *ਜਗਤਾਰ ਦੀ ਕਵਿਤਾ ਦਾ ਵਿਚਾਰਧਾਰਕ ਪਰਿਪੇਖ* 21):

**1.8.3.1.1 ਵੈਦਿਕ ਕਾਲ (1500 ਈ.ਪੂ. ਤੋਂ 600 ਈ.ਪੂ)**

ਇਸ ਕਾਲ ਵਿਚ ਆਰੀਆ ਲੋਕਾਂ ਦਾ ਆਗਮਨ ਹੋਇਆ ਅਤੇ ਉਨ੍ਹਾਂ ਲੋਕਾਂ ਦੀ ਵਿਚਾਰਧਾਰਾ ਭਾਰਤੀ ਪਰਿਪੇਖ ਵਿਚ ਪ੍ਰਵੇਸ਼ ਕੀਤੀ। ਉਨ੍ਹਾਂ ਲੋਕਾਂ ਦੀ ਵਿਚਾਰਧਾਰਾ ਦੇ ਦਰਸ਼ਨ ਮੰਤਰਾਂ, ਬ੍ਰਾਹਮਣਾਂ, ਸੂਕਤਾਂ ਅਤੇ ਉਪਨਿਸ਼ਦਾਂ ਆਦਿ ਵਿਚ ਹੁੰਦੇ ਹਨ।

**1.8.3.1.2 ਮਹਾਂਕਾਵਿ ਕਾਲ (600 ਈ.ਪੂ. ਤੋਂ 200 ਸੰਨ ਈ.)**

ਇਸ ਸਮਾਂ-ਕਾਲ ਦੌਰਾਨ ਉਪਨਿਸ਼ਦ ਰਚੇ ਗਏ। ਨਾਲ ਦੀ ਨਾਲ ਰਮਾਇਣ ਅਤੇ ਮਹਾਂਭਾਰਤ ਦੀ ਰਚਨਾ ਵੀ ਇਸੇ ਕਾਲ ਵਿਚ ਹੋਈ। ਭਗਵਤ ਗੀਤਾ ਜੋ ਕਿ ਭਾਰਤੀ ਦਾਰਸ਼ਨਿਕਤਾ ਦਾ ਮਹਾਨ ਸ੍ਰੋਤ ਹੈ ਅਤੇ ਮਹਾਂਭਾਰਤ ਮਹਾਂਕਾਵਿ ਦਾ ਹੀ ਇੱਕ ਅਧਿਆਇ ਹੈ, ਇਸੇ ਕਾਲ ਵਿਚ ਰਚੀ ਗਈ। ਇਸਦੀ ਗਿਣਤੀ ਸਿਮ੍ਰਤੀਆਂ ਵਿਚ ਵੀ ਕੀਤੀ ਜਾਂਦੀ ਹੈ। ਇਸ ਰਚਨਾ ਵਿਚ ਧਰਮ, ਨੀਤੀ ਅਤੇ ਦਰਸ਼ਨ ਦਾ ਸੰਮਿਲਤ ਰੂਪ ਹੈ। ਇਹ ਭਗਤੀ ਅਤੇ ਵੈਰਾਗ ਦੇ ਚਿੰਤਨ ਦੀ ਗੱਲ ਹੈ। ਮਹਾਂਭਾਰਤ ਦੇ ਯੁੱਧ ਦੌਰਾਨ ਜਦੋਂ ਅਰਜੁਨ ਆਪਣੇ-ਪਨ ਦੇ ਭਾਵ ਅਧੀਨ ਸ਼ਸਤਰ ਸੁੱਟ ਦਿੰਦਾ ਹੈ ਤਾਂ ਸ੍ਰੀ ਕ੍ਰਿਸ਼ਨ ਜੀ ਉਸਨੂੰ ਧਰਮ-ਕਰਮ ਅਤੇ ਜ਼ਿੰਮੇਵਾਰੀ ਪਾਲਣਾ ਦਾ ਸੰਦੇਸ਼ ਦਿੰਦੇ ਹਨ ਅਤੇ ਯੁੱਧ ਲਈ ਤਿਆਰ ਕਰਦੇ ਹਨ। ਗੀਤਾ ਉਪਦੇਸ਼ ਪ੍ਰਧਾਨ ਰਚਨਾ ਹੈ ਜਿਸ ਵਿੱਚੋਂ ਅਧਿਆਤਮ, ਜੀਵ-ਆਤਮਾ, ਨੀਤੀ-ਸ਼ਾਸ਼ਤਰ, ਗਿਆਨ ਅਤੇ ਚਾਰ-ਪਦਾਰਥਾਂ ਬਾਰੇ ਗਿਆਨ ਦਿੱਤਾ ਗਿਆ ਹੈ। ਇਹ ਮਹਾਨ ਚਰਨਾ ਕਰਮ ਮਾਰਗ ਦੀ ਸ੍ਰੇਸ਼ਟਤਾ ਸਿੱਧ ਕਰਦੀ ਹੈ ਅਤੇ ਇਸ ਰਚਨਾ ਤੋਂ ਭਾਰਤੀ ਵਿਚਾਰਧਾਰਾ ਦੇ ਦਰਸ਼ਨ ਹੁੰਦੇ ਹਨ।

**1.8.3.1.3 ਸੂਤਰ ਕਾਲ (200 ਈ. ਤੱਕ)**

ਇਸ ਕਾਲ ਵਿਚ ਦਾਰਸ਼ਨਿਕਤਾ ਦੇ ਮਹਾਂ-ਵਿਸਤਾਰ ਨੂੰ ਸਮੇਟਣ ਦਾ ਕਾਰਜ ਕੀਤਾ ਗਿਆ। ਯੋਗ, ਸਾਂਖ, ਵੈਸ਼ੈਸ਼ਿਕ, ਨਿਆਇ ਅਤੇ ਵੇਦਾਂਤ ਦਰਸ਼ਨ ਇਸੇ ਯੁੱਗ ਦੀ ਦੇਣ ਹਨ। ਇਸ ਕਾਲ ਵਿਚ ਰਚਨਾਤਮਿਕ ਚਿੰਤਨ ਅਤੇ ਧਾਰਮਿਕ ਸੁਤੰਤਰਤਾ ਉੱਪਰ ਚਿੰਤਨ ਕੀਤਾ ਗਿਆ।

**1.8.3.1.4 ਟੀਕਾ ਕਾਲ (200 ਈ. ਤੋਂ ਬਾਅਦ)**

200 ਸੰਨ ਈਸਵੀ ਤੋਂ ਤੁਰੰਤ ਬਾਅਦ ਇਸ ਕਾਲ ਦਾ ਆਗਾਜ਼ ਹੁੰਦਾ ਹੈ। ਇਸ ਕਾਲ ਦੌਰਾਨ ਕੁਮਾਰਿਲ ਸ੍ਰੀਧਰ, ਸ਼ੰਕਰਾਚਾਰੀਆ, ਰਾਮਾਨੁਜ, ਭਾਸਕਰ, ਮਾਧਵ, ਵਿਗਿਆਨ ਭਿਕਸ਼ੂ ਆਦਿ ਮਹਾਨ ਵਿਚਾਰਕ ਭਾਰਤੀ ਧਰਾਤਲ ਉੱਪਰ ਪਰਗਟ ਹੁੰਦੇ ਹਨ। ਇਹ ਕਾਲ ਅਧਿਆਤਮਿਕਤਾ ਦੇ ਖੇਤਰ ਵਿਚ ਅਪੂਰਵ ਮਹਾਨਤਾ ਰੱਖਦਾ ਹੈ। ਇਸ ਕਾਲ ਵਿਚ ਸ਼ਾਸਤ੍ਰਾਰਥ ਅਤੇ ਵਾਦ-ਵਿਵਾਦ ਦੇ ਆਧਾਰ 'ਤੇ ਇੱਕ ਠੋਸ ਅਤੇ ਨਿੱਗਰ ਵਿਚਾਰਧਾਰਾ ਦਾ ਜਨਮ ਹੁੰਦਾ ਹੈ। ਰਾਮਾਨੁਜ ਅਤੇ ਸ਼ੰਕਰਾਚਾਰੀਆ ਜਿੱਥੇ ਪੁਰਾਤਨ ਵਿਚਾਰਧਾਰਾ ਨੂੰ ਸੰਗਠਨਾਤਮਕ ਰੂਪ ਦਿੰਦੇ ਹਨ ਓਥੇ ਭਾਰਤੀ ਵਿਚਾਰਧਾਰਾ ਨੂੰ ਵੀ ਇੱਕ ਪ੍ਰਬਲ ਰੂਪ ਪ੍ਰਾਪਤ ਹੁੰਦਾ ਹੈ।

**1.8.3.2 ਲੌਕਿਕ ਵਿਚਾਰਧਾਰਾ:** ਇਹ ਵਿਚਾਰਧਾਰਾ ਵੇਦਾਂ ਦੀ ਸੱਤਾ ਤੋਂ ਮੁਨਕਰ ਹੈ। ਇਸਨੂੰ ਨਾਸਤਿਕ ਵਿਚਾਰਧਾਰਾ ਵੀ ਆਖਿਆ ਜਾਂਦਾ ਹੈ। ਵਿਚਾਰਧਾਰਾ ਦੇ ਇਸ ਖੇਤਰ ਵਿਚ ਚਾਰਵਾਕ, ਸਾਂਖ, ਜੈਨ ਅਤੇ ਬੁੱਧ ਦੇ ਮਤ ਆਉਂਦੇ ਹਨ। ਜੈਨ ਅਤੇ ਬੁੱਧ ਭਾਵੇਂ ਈਸ਼ਵਰ ਦੀ ਸੱਤਾ ਤੋਂ ਇਨਕਾਰੀ ਹਨ ਪਰ ਉਨ੍ਹਾਂ ਦੇ ਪੈਰੋਕਾਰ ਕ੍ਰਮਵਾਰ ਤੀਰਥੰਕਰਾਂ ਅਤੇ ਗੌਤਮ ਬੁੱਧ ਨੂੰ ਭਗਵਾਨ ਦਾ ਹੀ ਅਵਤਾਰ ਮੰਨ ਕੇ ਪੂਜਦੇ ਹਨ। ਉਹ ਵਿਰਵਾਣ (ਮੁਕਤੀ) ਅਤੇ ਪੁਨਰ-ਜਨਮ ਵਿਚ ਵੀ ਵਿਸ਼ਵਾਸ ਰੱਖਦੇ ਹਨ। ਇਸ ਤਰ੍ਹਾਂ ਚਾਰਵਾਕ ਦਰਸ਼ਨ ਅਤੇ ਸਾਂਖ ਦਰਸ਼ਨ ਹੀ ਲੌਕਿਕ ਵਿਚਾਰਧਾਰਾ ਨਾਲ ਸਬੰਧਤ ਦਰਸ਼ਨ ਰਹਿ ਜਾਂਦੇ ਹਨ। ਆਓ ਇਨ੍ਹਾਂ ਦੋਹਾਂ ਦਰਸ਼ਨਾਂ ਬਾਰੇ ਕੁਝ ਕੁ ਵਿਚਾਰ ਕਰਦੇ ਹਾਂ:

**1.8.3.2.1 ਚਾਰਵਾਕ ਦਰਸ਼ਨ (ਵਿਚਾਰਧਾਰਾ)**: ਇਹ ਦਰਸ਼ਨ (ਵਿਚਾਰਧਾਰਾ) ਕੇਵਲ ਪਰਤੱਖ ਨੂੰ ਹੀ ਪਰਮਾਣ ਸਵੀਕਾਰ ਕਰਦਾ ਹੈ। ਇਹ ਜੜ੍ਹ ਮੂਲਕ ਵਿਚਾਰਧਾਰਾ ਹੈ। ਇਸ ਵਿਚਾਰਧਾਰਾ ਵਿਚ ਪਰਤੱਖ ਤੋਂ ਬਿਨਾ ਸਭ ਕਾਸੇ ਨੂੰ ਭਰਮ ਮੰਨਿਆ ਜਾਂਦਾ ਹੈ। ਇਸ ਵਿਚਾਰਧਾਰਾ ਵਿਚ ਜਗਤ ਹੀ ਹਰ ਵਸਤੂ ਦੀ ਸਿਰਜਣਾ ਧਰਤੀ, ਪਾਣੀ, ਹਵਾ ਅਤੇ ਅਗਨੀ (ਚਾਰ ਤੱਤਾਂ) ਤੋਂ ਹੋਈ ਮੰਨੀ ਜਾਂਦੀ ਹੈ। ਉਹ ਚੇਤਨਾ ਨੂੰ ਮਨੁੱਖੀ ਦੇਹ ਦਾ ਅਹਿਮ ਅੰਗ ਮੰਨਦੇ ਹਨ। ਗਿਆਨੀ ਲੋਕਾਂ ਨੂੰ ਵੱਧ ਤੋਂ ਵੱਧ ਸੁੱਖ ਅਰਜਿਤ ਕਰਨ ਲਈ ਆਖਿਆ ਗਿਆ ਹੈ।

**1.8.3.2.2 ਸਾਂਖ ਦਰਸ਼ਨ (ਵਿਚਾਰਧਾਰਾ)**: ਇਸ ਵਿਚਾਰਧਾਰਾ ਦਾ ਪ੍ਰਵਰਤਕ ਕਪਿਲ ਮੁਨੀ ਹੈ। ਇਸ ਵਿਚਾਰਧਾਰਾ ਵਿਚ ਕੇਂਦਰੀ ਸਥਾਨ ਪ੍ਰਕਿਰਤੀ ਨੂੰ ਪ੍ਰਾਪਤ ਹੈ। ਇਹ ਵਿਚਾਰਧਾਰਾ ਈਸ਼ਵਰ ਦੀ ਹੋਂਦ ਤੋਂ ਇਨਕਾਰੀ ਹੈ ਅਤੇ ਪ੍ਰਕਿਰਤੀ ਸੰਤੁਲਨ ਦਾ ਆਧਾਰ ਪ੍ਰਕਿਰਤੀ ਦੇ ਨਿਯਮਾਂ ਨੂੰ ਮੰਨਦੀ ਹੈ। ਇਸ ਵਿਚਾਰਧਾਰਾ ਅਨੁਸਾਰ ਪ੍ਰਕਿਰਤੀ ਦੀ ਚਰਨਾ ਤਿੰਨ ਗੁਣਾਂ, ਰਜ, ਤਮ, ਸਤ ਤੋਂ ਹੁੰਦੀ ਹੈ। ਇਸ ਵਿਚਾਰਧਾਰਾ ਅਨੁਸਾਰ ਪ੍ਰਕਿਰਤੀ ਅਤੇ ਪੁਰਸ਼ (ਆਤਮਾ) ਦੋ ਮੁੱਖ ਤੱਤ ਹਨ। ਇਨ੍ਹਾਂ ਦੋਹਾਂ ਦੇ ਸੰਜੋਗ ਤੋਂ ਸ੍ਰਿਸ਼ਟੀ ਦਾ ਪ੍ਰਚਲਨ ਪ੍ਰਵਾਹਿਤ ਹੁੰਦਾ ਹੈ। ਪ੍ਰਕਿਰਤੀ ਸ੍ਰਿਸ਼ਟੀ ਦਾ ਆਦਿ ਕਾਰਨ ਹੈ ਜਦਕਿ ਪੁਰਸ਼ (ਆਤਮਾ) ਭੋਗ ਕਰਤਾ ਹੈ।

**1.8.3.2.3 ਸ਼ੰਕਰਾਚਾਰੀਆ ਦਾ ਅਦਵੈਤਵਾਦ**: ਇਸ ਵਿਚਾਰਧਾਰਾ ਦੇ ਅੰਤਰਗਤ ਪਰਮਾਤਮਾ ਨੂੰ ਮਾਇਆ ਦਾ ਸੁਆਮੀ ਮੰਨਿਆ ਗਿਆ ਹੈ ਅਤੇ ਉਸਨੂੰ ਸੰਸਾਰ ਦਾ ਕਰਤਾ ਖ਼ਿਆਲ ਕੀਤਾ ਗਿਆ ਹੈ ਜੋ ਆਪਣੀ ਮਾਇਆ ਸਦਕਾ ਭਰਮ-ਰੂਪੀ ਸੰਸਾਰ ਦੀ ਚਰਨਾ ਕਰਦਾ ਹੈ ਜੋ ਅਸੱਤ ਹੈ। ਸ਼ੰਕਰਾਚਾਰੀਆ ਨੇ ਇੱਕ-ਈਸ਼ਵਰਵਾਦ ਦੇ ਸਿਧਾਂਤ ਦਾ ਪ੍ਰਤੀਪਾਦਨ ਕੀਤਾ ਅਤੇ ਬ੍ਰਹਮ ਤੇ ਜੀਵਾਤਮਾ ਦੇ ਆਪਸੀ ਸਬੰਧਾਂ ਉੱਪਰ ਚਿੰਤਨ ਕੀਤਾ। ਸ਼ੰਕਰਾਚਾਰੀਆ ਦੇ ਸਿਧਾਂਤ ਅਨੁਸਾਰ ਬ੍ਰਹਮ ਇੱਕ ਹੈ ਪਰ ਮਨੁੱਖ ਉਸਦੇ ਬਣਾਏ ਹੋਏ ਭਰਮ-ਜਾਲ (ਜੋ ਉਸਨੇ ਮਾਇਆ ਦੀ ਸ਼ਕਤੀ ਦੇ ਸਹਾਰੇ ਸਿਰਜਿਆ ਹੈ) ਨੂੰ ਸੱਚ ਜਾਣ ਅਤੇ ਮੰਨ ਲੈਂਦਾ ਹੈ। ਬ੍ਰਹਮ ਦੀ ਇਸੇ ਸ਼ਕਤੀ ਕਾਰਨ ਜੀਵ ਨੂੰ ਬ੍ਰਹਮ ਦੇ ਕਈ ਰੂਪ ਦਿਖਾਈ ਦਿੰਦੇ ਹਨ ਜਦਕਿ ਮੂਲ-ਰੂਪ ਵਿਚ ਉਹ (ਬ੍ਰਹਮ) ਇੱਕ ਹੈ। ਇਸ ਵਿਚਾਰਧਾਰਾ ਅਧੀਨ ਉਹ ਦੋ ਦ੍ਰਿਸ਼ਟੀਆਂ ਸਾਹਮਣੇ ਆਉਂਦੀਆਂ ਹੈ। ਇੱਕ ਹੈ, ਵਿਹਾਰਕ ਦ੍ਰਿਸ਼ਟੀ ਅਤੇ ਦੂਜੀ, ਪਰਮਾਰਥੀ ਦ੍ਰਿਸ਼ਟੀ।

**1.8.3.2.3.1 ਵਿਹਾਰਕ ਦ੍ਰਿਸ਼ਟੀ**: ਇਸ ਦ੍ਰਿਸ਼ਟੀ ਦੇ ਅੰਤਰਗਤ ਬ੍ਰਹਮ ਨੂੰ ਅੰਤਨ ਸੱਚ ਮੰਨਿਆ ਗਿਆ ਹੈ। ਬ੍ਰਹਮ ਨੂੰ ਹੀ ਸ੍ਰਿਸ਼ਟੀ ਦਾ ਜਨਕ, ਪਾਲਕ ਅਤੇ ਸੰਹਾਰ-ਕਰਤਾ ਮੰਨਿਆ ਗਿਆ ਹੈ। ਇਸ ਤਰ੍ਹਾਂ ਪ੍ਰਭੂ ਨੂੰ ਬੇਅੰਤ ਗੁਣਾਂ ਦਾ ਸੁਆਮੀ ਮੰਨਿਆ ਜਾਂਦਾ ਹੈ।

**1.8.3.2.3.2 ਪਰਮਾਰਥੀ ਦ੍ਰਿਸ਼ਟੀ:** ਇਸ ਦ੍ਰਿਸ਼ਟੀ ਅਨੁਸਾਰ ਸੰਸਾਰ ਨੂੰ ਅਸੱਤ ਅਤੇ ਭਰਮ ਮੰਨਿਆ ਗਿਆ ਹੈ। ਇਸਨੂੰ ਮਾਇਆ-ਜਾਲ ਆਖਿਆ ਗਿਆ ਹੈ। ਇਸ ਦ੍ਰਿਸ਼ਟੀ ਦੇ ਵਿਚਾਰਕਾਂ ਦੀ ਆਸਥਾ ਨਿਰਗੁਣ ਬ੍ਰਹਮ ਵਿਚ ਹੈ। ਵਿਚਾਰਧਾਰਾ ਦੀ ਇਸ ਪੱਧਤੀ ਵਿਚ ਗੁਰੂ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਦੁਆਰਾ ਦੱਸੇ ਹੋਏ ਮਾਰਗ 'ਤੇ ਚੱਲਣਾ ਜ਼ਰੂਰੀ ਦੱਸਿਆ ਗਿਆ ਹੈ। ਗੁਰੂ ਦੁਆਰਾ ਦਰਸਾਏ ਹੋਏ ਮਾਰਗ 'ਤੇ ਚੱਲ ਕੇ ਆਤਮਾ, ਬ੍ਰਹਮ ਵਿਚ ਲੀਨ ਹੁੰਦੀ ਹੈ। ਜਦੋਂ ਮਨੁੱਖ ਸੰਸਾਰ ਦੀ ਅਸਲੀਅਤ ਦੀ ਸੋਝੀ ਗ੍ਰਹਿਣ ਕਰ ਲੈਂਦਾ ਹੈ ਤਾਂ ਉਸਦੇ ਸਾਰੇ ਭਰਮ ਦੂਰ ਹੋ ਜਾਂਦੇ ਹਨ।

ਸ਼ੰਕਰਾਚਾਰੀਆ ਦੀ ਇਹ ਵਿਚਾਰਧਾਰਾ ਬੜੀ ਸਸ਼ਕਤ ਰਹੀ ਹੈ ਅਤੇ ਇਸ ਵਿਚਾਰਧਾਰਾ ਦਾ ਪਰਤੱਖ ਪ੍ਰਭਾਵ ਆਗਾਮੀ ਸਾਹਿਤ ਉੱਪਰ ਸਹਿਜੇ ਹੀ ਦੇਖਿਆ ਜਾ ਸਕਦਾ ਹੈ।

**1.8.4 ਮੱਧਕਾਲੀ ਵਿਚਾਰਧਾਰਾ:** ਮੱਧਕਾਲੀ ਵਿਚਾਰਧਾਰਾ ਨੂੰ ਆਮ ਤੌਰ 'ਤੇ ਚਾਰ ਭਾਗਾਂ ਵਿਚ ਵੰਡਿਆ ਜਾਂਦਾ ਹੈ:

1. ਸੂਫ਼ੀ 2. ਗੁਰਮਤਿ 3. ਕਿੱਸਾ 4. ਵਾਰ ਕਾਵਿ।

ਗੁਰਮਤਿ ਕਾਵਿ ਨੂੰ ਅਤੇ ਸੂਫ਼ੀ ਕਾਵਿ ਨੂੰ ਧਾਰਮਿਕ, ਅਤੇ ਕਿੱਸਾ ਕਾਵਿ ਅਤੇ ਵਾਰ ਕਾਵਿ ਨੂੰ ਲੌਕਿਕ ਕਾਵਿ ਆਖਿਆ ਜਾ ਸਕਦਾ ਹੈ। ਗੁਰਮਤਿ ਕਾਵਿ ਅਤੇ ਸੂਫ਼ੀ ਕਾਵਿ ਅਧਿਆਤਮਿਕ ਖ਼ਾਸੇ ਦੀਆਂ ਹੋਣ ਕਾਰਨ ਇੱਕੋ ਸ਼੍ਰੇਣੀ ਅਧੀਨ ਰੱਖੇ ਜਾ ਸਕਦੇ ਹਨ। ਇਹ ਰਹੱਸਵਾਦੀ ਕਾਵਿ ਹੈ ਜਦਕਿ ਵਾਰ ਕਾਵਿ ਅਤੇ ਕਿੱਸਾ ਕਾਵਿ ਮਨੁੱਖ ਦੇ ਸਮਾਜਿਕ ਅਤੇ ਸੱਭਿਆਚਾਰਕ ਮਸਲਿਆਂ ਨਾਲ ਵਧੇਰੇ ਸਬੰਧਤ ਹੈ।

**1.8.4.1 ਸੂਫ਼ੀ ਵਿਚਾਰਧਾਰਾ:** ਮੱਧਕਾਲੀ ਵਿਚਾਰਧਾਰਾ ਅਧੀਨ ਸੂਫ਼ੀ ਕਾਵਿ ਇੱਕ ਮਹੱਤਵਪੂਰਨ ਆਯਾਮ ਹੈ। ਸੂਫ਼ੀ ਸ਼ਬਦ ਦੀ ਉਤਪਤੀ ਸੂਫ਼ ਸ਼ਬਦ ਤੋਂ ਹੋਈ ਮੰਨੀ ਗਈ ਹੈ। ਸੂਫ਼ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਉੱਨ ਤੋਂ ਬਣੇ ਹੋਏ ਵਸਤਰ। ਮੁੱਢਲੇ ਤੌਰ 'ਤੇ ਸੂਫ਼ੀ ਦਰਵੇਸ਼ ਉਨ੍ਹਾਂ ਲੋਕਾਂ ਨੂੰ ਕਿਹਾ ਜਾਂਦਾ ਸੀ ਜਿਹੜੇ ਉੱਨ ਦੇ ਬਣੇ ਹੋਏ ਵਸਤਰ ਪਹਿਨਦੇ ਸਨ। ਸੂਫ਼ੀ ਸ਼ਬਦ ਤੋਂ ਹੀ ਤਸਵੁੱਫ਼ ਸ਼ਬਦ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ ਜਿਸਦਾ ਭਾਵ ਹੈ ਖ਼ੁਦਾਈ ਗਿਆਨ। ਸਮੁੱਚੇ ਸੂਫ਼ੀ ਚਿੰਤਨ ਅਤੇ ਵਿਚਾਰਧਾਰਾ ਨੂੰ ਤਸਵੁੱਫ਼ ਕਿਹਾ ਜਾਂਦਾ ਹੈ। ਸੂਫ਼ੀ ਮਤ ਦਾ ਆਰੰਭ ਨੌਵੀਂ ਸਦੀ ਈਸਵੀ ਤੋਂ ਹੋਇਆ ਮੰਨਿਆ ਜਾਂਦਾ ਹੈ ਜਦਕਿ ਗਿਆਰ੍ਹਵੀਂ ਸਦੀ ਦੇ ਅੰਤ ਤੱਕ ਇਹ ਮਤ ਸਥਾਪਿਤ ਹੋ ਗਿਆ ਸੀ। ਅਲਗਜ਼ਾਲੀ (ਮ੍ਰਿਤੂ 1111 ਸੰਨ ਈ.) ਨੇ 'ਮਿਸ਼ਕਾਲ-ਅਲ-ਅਨਵਾਰ' ਵਿਚ ਸੂਫ਼ੀ ਮਤ ਦੀਆਂ ਮੁੱਢਲੀਆਂ ਸਥਾਪਨਾਵਾਂ ਪ੍ਰਸਤੁਤ ਕੀਤੀਆਂ। ਇਬਨੇ ਅਰਬੀ (ਜਿਸਦੀ ਮ੍ਰਿਤੂ 1280 ਈਸਵੀ ਵਿਚ ਹੋਈ) ਨੇ ਲਿਖਿਆ ਕਿ ਰੱਬ ਬ੍ਰਹਮ ਵੀ ਹੈ ਅਤੇ ਪਾਰਬ੍ਰਹਮ ਵੀ। ਨਿਰਗੁਣ ਅਤੇ ਸਰਗੁਣ ਇੱਕੋ ਹੀ ਰੱਬ ਦੇ ਦੋ ਰੂਪ ਹਨ। ਰੱਬ ਦੀ ਵੱਖਰੀ ਹੋਂਦ (ਪ੍ਰਾਣੀ ਜਗਤ ਤੋਂ) ਉਸਦੀ ਰਜ਼ਾ ਅਨੁਸਾਰ ਹੀ ਹੈ। ਸੰਸਾਰ ਦੀਆਂ ਸਭ ਚੀਜ਼ਾਂ, ਜਿਹੜੀਆਂ ਹੋਂਦ ਵਿਚ ਹਨ, ਪਹਿਲਾਂ ਰੱਬ ਦੇ ਮਨ ਅੰਦਰ ਮੌਜੂਦ ਸਨ। ਹਰੇਕ ਪੈਗੰਬਰ ਅਥਵਾ ਅਵਤਾਰ ਰੱਬ ਦਾ ਪ੍ਰਤੀਨਿਧ ਹੁੰਦਾ ਹੈ। ਹਜ਼ਰਤ ਮੁਹੰਮਦ ਸਮੁੱਚੇ ਪੈਗੰਬਰਾਂ ਉੱਤੇ ਮੋਹਰ ਵਾਂਗ ਹੈ। (ਬ੍ਰਹਮਜਗਦੀਸ਼ ਸਿੰਘ, *ਪੰਜਾਬੀ ਸਾਹਿਤ ਦਾ ਇਤਿਹਾਸ* 82) ਰੱਬ ਬਾਰੇ ਸੂਫ਼ੀਆਂ ਦੇ ਵਿਚਾਰਾਂ ਨੂੰ ਦੋ ਪ੍ਰਕਾਰ ਨਾਲ ਵੰਡਿਆ ਜਾ ਸਕਦਾ ਹੈ:

**1.8.4.1.1 ਵਹਿਦਤੁਲ ਵਜੂਦ**: ਇਸ ਵਿਚਾਰਧਾਰਾ ਦੇ ਅੰਤਰਗਤ ਕੇਂਦਰੀ ਸੱਤਾ ਰੱਬ ਹੈ। ਰੱਬ ਤੋਂ ਬਿਨਾ ਕੋਈ ਹੋਰ ਦੂਜੀ ਸੱਤਾ ਨਹੀਂ ਹੈ। ਦਿਸਦਾ ਸੰਸਾਰ ਉਸੇ ਸੱਤਾ ਦੀ ਹੋਂਦ ਦੀ ਤਰਜਮਾਨੀ ਹੈ। ਇਸ ਵਿਚਾਰਧਾਰਾ ਵਿਚ ਬਹੁ ਈਸ਼ਵਰਵਾਦ ਨੂੰ ਨਕਾਰਿਆ ਗਿਆ ਹੈ ਅਤੇ ਮਨੁੱਖੀ ਬਰਾਬਰੀ ਦੀ ਗੱਲ ਕੀਤੀ ਗਈ ਹੈ। ਤਤਕਾਲੀ ਦੌਰ ਵਿਚ ਇਸ ਵਿਚਾਰਧਾਰਾ ਨੂੰ ਬੜਾ ਮਹੱਤਵ ਪ੍ਰਾਪਤ ਹੋਇਆ। ਬੁੱਲ੍ਹੇ ਸ਼ਾਹ ਇਸ ਵਿਚਾਰਧਾਰਾ ਦਾ ਸਸ਼ਕਤ ਕਵੀ ਹੈ।

**1.8.4.1.2 ਵਹਿਦਤੁਲ ਸੁਹੂਦ**: ਇਸ ਵਿਚਾਰਧਾਰਾ ਅਨੁਸਾਰ ਰੱਬ ਦੀ ਹੋਂਦ ਨੂੰ ਬੇਅੰਤ ਵਿਸਤਾਰ ਵਾਲਾ ਮੰਨਿਆ ਗਿਆ ਹੈ। ਸੰਸਾਰ ਰੱਬ ਦੀ ਉਸ ਹੋਂਦ ਦੇ ਸਨਮੁਖ ਕੁਝ ਵੀ ਨਹੀਂ। ਇਸ ਵਿਚਾਰਧਾਰਾ ਦੇ ਅੰਤਰਗਤ ਰੱਬ ਅਤੇ ਮਨੁੱਖ ਦੀ ਹੋਂਦ ਨੂੰ ਵੱਖ-ਵੱਖ ਖ਼ਿਆਲ ਕੀਤਾ ਗਿਆ ਹੈ। ਮਨੁੱਖ ਸਰੀਰ ਅਤੇ ਨਫ਼ਸ (ਆਤਮਾ) ਦਾ ਸੁਮੇਲ ਮੰਨਿਆ ਗਿਆ ਹੈ। ਦੇਹ ਨੂੰ ਕੂੜ (ਝੂਠ) ਅਤੇ ਨਫ਼ਸ ਨੂੰ ਸੱਚ ਮੰਨਿਆ ਗਿਆ ਹੈ। ਆਤਮਾ ਨੇ ਪਰਮਾਤਮਾ ਵਿਚ ਲੀਨ ਹੋ ਕੇ ਪੂਰਨਤਾ ਨੂੰ ਪ੍ਰਾਪਤ ਹੋਣਾ ਹੈ। ਬਾਬਾ ਫਰੀਦ ਇਸ ਵਿਚਾਰਧਾਰਾ ਦੇ ਕਵੀ ਹਨ। (ਕੁਲਦੀਪ ਕੌਰ, *ਜਗਤਾਰ ਦੀ ਕਵਿਤਾ ਦਾ ਵਿਚਾਰਧਾਰਕ ਪਰਿਪੇਖ* 23)

ਜੀਵ ਅਤੇ ਰੱਬ ਦੇ ਮਿਲਾਪ ਲਈ ਕਈ ਸਾਧਨਾਂ ਦੀ ਚਰਚਾ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ ਪ੍ਰਮੁੱਖ 'ਇਸ਼ਕ' ਹੈ। 'ਇਸ਼ਕ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਭਾਵ ਹੈ ਕਿਸੇ ਵਸਤੂ, ਵਿਅਕਤੀ ਜਾਂ ਸਥਾਨ ਦੀ ਪ੍ਰਾਪਤੀ ਲਈ ਪ੍ਰਬਲ ਇੱਛਾ ਦਾ ਹੋਣਾ, ਚਾਹਤ ਜਾਂ ਉਲਫ਼ਤ। ਯੂਨਾਨੀ ਸਿਹਤ ਵਿਸ਼ੇਸ਼ੱਗਾਂ ਨੇ ਇੱਕ ਬਿਮਾਰੀ ਨੂੰ ਇਸ਼ਕ ਨਾਮ ਦਿੱਤਾ ਹੈ, ਜਿਸਦੀਆਂ ਅਲਾਮਤਾਂ ਪਾਗਲਪਨ ਜਾਂ

ਦੀਵਾਨੇਪਨ ਅਥਵਾ ਜਨੂੰਨ ਨਾਲ ਮਿਲਦੀਆਂ ਹਨ। ਇੱਕ ਪਾਸੇ ਮੁਰਸ਼ਦ ਨਾਲ ਜੋੜਦੀ ਹੋਈ ਇਹ ਵਿਚਾਰਧਾਰਾ ਜਿੱਥੇ ਇਸ਼ਕ ਮਜਾਜ਼ੀ ਜਾਪਦੀ ਹੈ, ਓਥੇ ਦੂਜੇ ਪਾਸੇ, ਮੁਰਸ਼ਦ ਦੁਆਰਾ ਸਾਧਕ ਨੂੰ ਰੂਹਾਨੀ ਮੰਜ਼ਲਾਂ ਤੈਅ ਕਰਵਾਉਂਦੇ ਹੋਏ, ਰੱਬ ਨਾਲ ਮਿਲਾਉਂਦੀ ਹੋਈ, ਇਸ਼ਕ ਹਕੀਕੀ ਨਾਲ ਸਬੰਧ ਰੱਖਦੀ ਹੈ। ਇਹ ਕਰੜੀ ਸਾਧਨਾ ਸੀ ਕਿਉਂਕਿ ਉਸ ਯੁੱਗ ਵਿਚ ਇਸ਼ਕ 'ਤੇ ਕਈ ਪਾਬੰਦੀਆਂ ਸਨ ਪਰ ਸੂਫ਼ੀ ਸਾਧਕ ਦੁਨੀਆਂ ਦੇ ਬੰਧੇਜਾਂ ਨੂੰ ਠੋਕਰ ਮਾਰ ਕੇ ਬੇਖ਼ੌਫ਼ ਨੱਚਦੇ ਹਨ। ਬੁੱਲੇ ਸ਼ਾਹ ਆਖਦਾ ਹੈ, "ਇਸ਼ਕ ਦੀ ਨਵੀਉਂ ਨਵੀਂ ਬਹਾਰ"।

ਕਿਸੇ ਵਿਚਾਰਧਾਰਾ ਦਾ ਉਭਾਰ ਇੱਕਦਮ ਵਰਤ ਗਿਆ ਵਰਤਾਰਾ ਨਹੀਂ ਹੁੰਦਾ। ਕੋਈ ਵੀ ਵਿਚਾਰਧਾਰਾ ਕਦਮ-ਦਰ-ਕਦਮ ਅੱਗੇ ਵਧਦੀ ਹੈ। ਹਾਂ, ਕਈ ਵਾਰ ਕੁਝ ਅਜਿਹੇ ਕਾਰਨ ਬਣ ਜਾਂਦੇ ਹਨ ਜਦੋਂ ਕਿਸੇ ਵਿਚਾਰਧਾਰਾ ਦੇ ਪਸਾਰ ਨੂੰ ਚੋਖਾ ਹੁਲਾਰਾ ਮਿਲ ਜਾਂਦਾ ਹੈ ਅਤੇ ਉਸਦਾ ਚੰਗਾ ਵਿਸਤਾਰ ਹੋ ਜਾਂਦਾ ਹੈ। ਮੁਸਲਮਾਨਾਂ ਨੇ ਜਦੋਂ ਦਸਵੀਂ ਸਦੀ ਦੌਰਾਨ ਹਿੰਦ ਵਿਚ ਪ੍ਰਵੇਸ਼ ਕੀਤਾ ਤਾਂ ਇੱਥੋਂ ਦੀਆਂ ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਪ੍ਰਸਥਿਤੀਆਂ ਵਿਚ ਜ਼ਿਕਰਯੋਗ ਤਬਦੀਲੀ ਹੋਈ। ਇਹ ਲੋਕ ਇਸਲਾਮੀ ਕਦਰਾਂ-ਕੀਮਤਾਂ ਦੇ ਧਾਰਨੀ ਸਨ ਜਿਸ ਵਿਚ ਇੱਕੋ ਖ਼ੁਦਾ, ਬੁਤ ਪੂਜਾ ਦੀ ਮਨਾਹੀ ਅਤੇ ਕਰਮ-ਕਾਂਡਾਂ ਦੀ ਨਿਖੇਧੀ ਸੀ। ਸੱਤਾ ਦੀ ਵਾਗਡੋਰ ਮੁਸਲਮਾਨਾਂ ਦੇ ਹੱਥ ਹੋਣ ਕਾਰਨ ਦੇਸ਼ ਵਿਚ ਇਸਲਾਮੀ ਵਿਚਾਰਧਾਰਾ ਦਾ ਪ੍ਰਸਾਰ ਵੱਡੇ ਪੱਧਰ 'ਤੇ ਹੋਇਆ। ਇਸਲਾਮ ਮਤ ਅਤੇ ਹਿੰਦੂਮਤ ਦੇ ਸਮਨਵਯ ਤੋਂ ਸੂਫ਼ੀ ਮਤ ਨੇ ਆਪਣਾ ਖ਼ਾਸਾ ਧਾਰਨ ਕੀਤਾ। ਭਗਤੀ ਲਹਿਰ ਦਾ ਇਸ ਵਿਚ ਵੱਡਾ ਯੋਗਦਾਨ ਸੀ। ਘੱਟ ਕਰੜਾਈ ਵਾਲੇ ਧਾਰਮਿਕ ਨਿਯਮਾਂ ਦੇ ਖ਼ਾਸੇ ਵਾਲਾ ਹੋਣ ਕਾਰਨ ਸੂਫ਼ੀ ਮਤ ਹਿੰਦੁਸਤਾਨ ਵਿਚ ਬੜਾ ਮਕਬੂਲ ਹੋਇਆ। ਪੰਜਾਬੀ ਸੂਫ਼ੀ ਕਾਵਿ ਵਿਚ ਬਾਬਾ ਫਰੀਦ, ਬੁੱਲੇ ਸ਼ਾਹ ਅਤੇ ਸ਼ਾਹ ਹੁਸੈਨ ਦੇ ਨਾਂ ਵਿਸ਼ੇਸ਼ ਹਨ।

**1.8.4.2 ਗੁਰਮਤਿ ਵਿਚਾਰਧਾਰਾ:** ਗੁਰਮਤਿ ਵਿਚਾਰਧਾਰਾ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਦੇ ਬਾਣੀਕਾਰਾਂ ਦੀ ਰਚਨਾ (ਬਾਣੀ) ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਗੁਰਮਤਿ ਕਾਵਿ ਵੀ ਆਖ ਲਿਆ ਜਾਂਦਾ ਹੈ। ਸੋ ਗੁਰਮਤਿ ਕਾਵਿ ਹੀ ਅਸਲ ਵਿਚ ਗੁਰਮਤਿ ਵਿਚਾਰਧਾਰਾ ਦਾ ਆਧਾਰ ਹੈ। ਇਹ ਮੱਧਕਾਲ ਦੀ ਸਸ਼ਕਤ ਵਿਚਾਰਧਾਰਾ ਹੈ ਜਿਹੜੀ ਸਾਧਾਰਣ ਮਨੁੱਖ ਨਾਲ ਸਬੰਧ ਰੱਖਦੀ ਹੈ। ਗੁਰੂ ਸਾਹਿਬਾਨ ਸੱਤਾ ਦੀ ਬਜਾਇ ਲੋਕਾਈ ਦੇ ਪੱਖ ਵਿਚ ਖੜ੍ਹੇ ਹੁੰਦੇ ਹਨ ਅਤੇ ਅਨਿਆਇ ਦੇ ਵਿਰੁੱਧ ਆਵਾਜ਼ ਉਠਾਉਂਦੇ ਹਨ। ਵਾਸਤਵ ਵਿਚ ਇਹ ਲੋਕ-ਦਰਦੀ ਕਵੀ ਹਨ। ਲੋਕਾਈ ਦੀ ਪੀੜਾ ਨੂੰ ਇਹ ਬਾਣੀਕਾਰ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਰੱਬ ਨੂੰ ਉਲਾਂਭਾ ਦੇਣ ਤੱਕ ਜਾਂਦੇ ਹਨ।

ਗੁਰਮਤਿ ਵਿਚਾਰਧਾਰਾ ਜਿੱਥੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਸਸ਼ਕਤ ਰੂਪ ਧਾਰਨ ਕਰਦੀ ਹੈ, ਓਥੇ ਇਸ ਵਿਚਾਰਧਾਰਾ ਦੀ ਜੜ੍ਹ ਵਿਚ ਭਗਤੀ ਲਹਿਰ ਦਾ ਵੀ ਵੱਡਾ ਯੋਗਦਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਬਾਣੀਕਾਰ, ਬਾਬਾ ਫਰੀਦ ਜੀ (ਜਨਮ 1173 ਈ:) ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਤਮ ਕਰਤਾ ਸ੍ਰੀ ਗੁਰੂ ਤੇਗ ਬਹਾਦਰ ਜੀ (ਜੋਤੀ-ਜੋਤਿ 1675 ਈ:) ਤੱਕ ਸਮੁੱਚੀ ਵਿਚਾਰਧਾਰਾ ਇੱਕੋ ਲੜੀ ਦੇ ਸੁੰਦਰ ਮਣਕਿਆਂ ਵਾਂਗ ਪ੍ਰੋਤੀ ਹੋਈ ਹੈ। ਛੇ ਸੌ ਸਾਲਾਂ ਦਾ ਇਹ ਲੰਮਾ ਪੈਂਡਾ ਇੱਕਸਮਾਨ ਵਿਚਾਰਧਾਰਾ ਨੂੰ ਦ੍ਰਿੜ੍ਹਾਉਂਦਾ ਰਿਹਾ ਹੈ। ਇਸ ਵਿਚ ਕੋਈ ਰੱਦੋ-ਬਦਲ ਨਹੀਂ ਹੋਇਆ ਅਤੇ ਨਾ ਹੀ ਕਰਨ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਅਰਜਨ ਦੇਵ ਜੀ ਪਾਸ ਜਦੋਂ ਵੱਖ-ਵੱਖ ਰਚਨਾਕਾਰ ਆਪਣੀ ਰਚਨਾ ਨੂੰ ਇਸ ਪਾਵਨ ਗ੍ਰੰਥ ਵਿਚ ਸ਼ਾਮਲ ਕਰਵਾਉਣ ਲਈ ਉਨ੍ਹਾਂ ਪਾਸ ਆ ਹਾਜ਼ਰ ਹੋਏ ਤਾਂ ਗੁਰੂ ਜੀ ਨੇ ਸਭ ਤੋਂ ਪਹਿਲਾਂ ਉਨ੍ਹਾਂ ਦੀ ਰਚਨਾ ਨੂੰ ਗੁਰਮਤਿ ਦੀ ਦ੍ਰਿਸ਼ਟੀ ਤੋਂ ਪਰਖਿਆ। ਗੁਰਮਤਿ ਦੇ ਸਿਧਾਂਤਾਂ ਦੇ ਅਨੁਕੂਲ ਨਾ ਹੋਣ ਦੀ ਸੂਰਤ ਵਿਚ ਗੁਰੂ ਜੀ ਨੇ ਉਨ੍ਹਾਂ ਦੀ ਕਿਰਤ ਉਨ੍ਹਾਂ ਨੂੰ

ਵਾਪਸ ਕਰ ਦਿੱਤੀ। ਇਹ ਇਸ ਵਿਚਾਰਧਾਰਾ ਪ੍ਰਤਿ ਪਰਪੱਕਤਾ ਹੀ ਸੀ ਕਿ ਗੁਰੂ ਜੀ ਨੂੰ ਇਨ੍ਹਾਂ ਪਰਪੱਕਤਾਵਾਂ ਕਾਰਨ ਅਨੇਕ ਕਸ਼ਟ ਝੱਲਣੇ ਪਏ ਪਰ ਆਪ ਆਪਣੇ ਅਕੀਦੇ ਪ੍ਰਤਿ ਸੁਦ੍ਰਿੜ੍ਹ ਰਹੇ। ਦੂਜੇ ਪਾਸੇ ਜਦੋਂ ਗੁਰੂ ਸਾਹਿਬ ਨੂੰ ਗੁਰਮਤਿ ਦੇ ਅਨੁਕੂਲ ਕਿਸੇ ਰਚਨਾ ਦੇ ਦੂਰ-ਦੁਰੇਡੇ ਹੋਣ ਬਾਰੇ ਵੀ ਪਤਾ ਲੱਗਾ ਤਾਂ ਆਪ ਖ਼ੁਦ ਚੱਲ ਕੇ ਉਸ ਪਾਵਨ ਰਚਨਾ ਨੂੰ ਇਕੱਤਰ ਕਰਨ ਹਿਤ ਪਧਾਰੇ। ਸ੍ਰੀ ਗੁਰੂ ਗ੍ਰੰਥ ਸਾਹਿਬ  ਵਿਚ 36 ਬਾਣੀਕਾਰਾਂ ਦੀ ਕਿਰਤ ਸੰਕਲਿਤ ਹੈ। ਗੁਰੂ ਨਾਨਕ ਦੇਵ ਜੀ ਨਿਰਮਲ ਪੰਥ, 'ਸਿੱਖ ਧਰਮ' ਦੀ ਸਥਾਪਨਾ ਕਰਦੇ ਹਨ, ਜਿਸਨੂੰ ਅਗਲੇ ਗੁਰੂ ਪੁਰਸ਼ ਸੰਗਠਨਾਤਮਕ ਰੂਪ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਸ ਮਾਨਵ ਕਲਿਆਣਕਾਰੀ ਵਿਚਾਰਧਾਰਾ ਦੇ ਪ੍ਰਸਾਰ ਲਈ ਯੋਗ ਗੁਰੂ ਵਿਅਕਤੀ ਦੀ ਚੋਣ ਕੀਤੀ ਜਿਹੜਾ ਸਿਲਸਿਲਾ ਨਿਰੰਤਰ ਜਾਰੀ ਰਿਹਾ। ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੇ ਵਿਕਾਸ ਵਿਚ ਆਪਣਾ ਯੋਗਦਾਨ ਦਿੱਤਾ। ਗੁਰੂ ਨਾਨਕ ਦੇਵ ਜੀ ਨੇ 'ਨਾ ਕੋ ਹਿੰਦੂ, ਨਾ ਕੋ ਮੁਸਲਮਾਨ' ਆਖ ਕੇ ਨਵੀਆਂ ਪਿਰਤਾਂ ਪਾਈਆਂ ਅਤੇ ਧਰਮ ਦੇ ਰੂਪ ਵਿਚ ਸਿੱਧਾਂਤਾਂ ਦੀ ਸਿਰਜਣਾ ਕੀਤੀ। ਗੁਰੂ ਜੀ ਨੇ ਚਾਰ ਉਦਾਸੀਆਂ ਕੀਤੀਆਂ ਅਤੇ ਵੱਖ-ਵੱਖ ਧਰਮਾਂ ਦੇ ਮੁਖੀਆਂ ਨਾਲ ਚਰਚਾ ਕੀਤੀ। ਗੁਰੂ ਜੀ ਨੇ ਪ੍ਰਚੱਲਤ ਧਰਮਾਂ ਅਤੇ ਮਤਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਸਿੱਖ ਧਰਮ ਦੀ ਰੂਪ-ਰੇਖਾ ਦਾ ਵਿਸਤਾਰ ਕੀਤਾ।

ਪੰਚਮ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦਾ ਸੰਕਲਨ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਸੰਪਾਦਨਾ ਕੀਤੀ ਅਤੇ ਇਸ ਮਹਾਨ ਗ੍ਰੰਥ ਨੂੰ ਗੁਰੂ ਦਾ ਦਰਜਾ ਦਿੱਤਾ। ਸਿੱਖ ਵਿਚਾਰਧਾਰਾ ਜਿੱਥੇ ਮਨੁੱਖ ਨੂੰ ਅਧਿਆਤਮਕ ਤੌਰ 'ਤੇ ਬਲਵਾਨ ਕਰਦੀ ਹੈ ਓਥੇ ਇਸ ਵਿਚਾਰਧਾਰਾ ਨੇ ਮਨੁੱਖ ਅੰਦਰ ਮਾਨਵਤਾ ਦੇ ਪੱਖ ਵਿਚ ਖੜ੍ਹਨ ਅਤੇ ਜਬਰ ਦਾ ਮੁਕਾਬਲਾ ਕਰਨ ਦੀ ਸਪਿਰਿਟ ਵੀ ਭਰੀ। ਗੁਰੂ ਹਰਗੋਬਿੰਦ ਸਾਹਿਬ ਪੀਰੀ ਦੇ ਸਮੇਤ ਮੀਰੀ ਦੀ ਤਲਵਾਰ ਧਾਰਨ ਕਰਦੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਇਸ ਵਿਚਾਰਧਾਰਾ ਨੂੰ ਇੱਕ ਨਵਾਂ ਮੋੜ ਦਿੰਦੇ ਹਨ। ਇਸ ਤਰ੍ਹਾਂ ਭਗਤੀ ਦੇ ਨਾਲ ਸ਼ਕਤੀ ਦੀ ਇੱਕਜੁੱਟਤਾ ਅਤੇ ਸੱਤਾ ਦੇ ਨਾਲ ਧਰਮ ਦੀ ਜੁਗਤ ਹੋਂਦ ਵਿਚ ਆਉਂਦੀ ਹੈ। ਏਥੋਂ ਧਰਮ ਦੇ ਖੇਤਰ ਵਿਚ ਜੁਝਾਰੂ ਪ੍ਰਵਿਰਤੀ ਦਾ ਆਗਮਨ ਹੁੰਦਾ ਹੈ। ਇਸ ਜੁਝਾਰੂ ਪ੍ਰਵਿਰਤੀ ਦੇ ਉਦੈ ਪਿੱਛੇ ਤਤਕਾਲੀ ਸ਼ਾਸਕਾਂ ਦੀਆਂ ਲੋਕ-ਵਿਰੋਧੀ ਸਰਗਰਮੀਆਂ ਸਨ ਜਿਨ੍ਹਾਂ ਦਾ ਸੰਗਠਨਾਤਮਕ ਰੂਪ ਵਿਚ ਜਵਾਬ ਦੇਣਾ ਸਮੇਂ ਦੀ ਲੋੜ ਸੀ। ਗੁਰਮਤਿ ਵਿਚਾਰਧਾਰਾ ਸੰਪਰਦਾਇਕਤਾਵਾਦ ਤੋਂ ਪਰ੍ਹੇ ਸੀ ਅਤੇ ਇੱਥੇ ਸਮਾਜਿਕ ਬਰਾਬਰੀ ਦੀ ਗੱਲ ਸੀ। ਇਸ ਵਿਚਾਰਧਾਰਾ ਵਿਚ ਕਿਸੇ ਖ਼ਾਸ ਵਰਗ ਨੂੰ ਕੋਈ ਵਿਸ਼ੇਸ਼ਤਾ ਹਾਸਲ ਨਹੀਂ ਸੀ ਅਤੇ ਇਹ ਮਨੁੱਖ ਦੇ ਆਪਣੇ ਕਰਮਾਂ ਅਨੁਸਾਰ ਉਸਨੂੰ ਗੁਰਮੁਖ ਜਾਂ ਮਨਮੁਖ ਦਾ ਦਰਜਾ ਦਿੰਦੀ ਹੈ।

## 1.9 ਰਚਨਾ ਅਤੇ ਰਚਨਾਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ  ਵਿਚ ਕੁੱਲ 1822 ਸਲੋਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ  ਦੇ 36 ਬਾਣੀਕਾਰਾਂ ਵਿੱਚੋਂ ਦਸ ਬਾਣੀਕਾਰਾਂ ਨੇ ਸਲੋਕ ਬਾਣੀ-ਰੂਪ ਦੀ ਰਚਨਾ ਕੀਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮ ਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਸ਼ੇਖ਼ ਫਰੀਦ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਭੱਟ ਕਲ੍ਹ ਸਹਾਰ ਜੀ ਨੇ ਇਸ ਬਾਣੀ-ਰੂਪ ਵਿਚ ਰਚਨਾ ਕੀਤੀ ਹੈ। ਇਨ੍ਹਾਂ ਬਾਣੀਕਾਰਾਂ ਅਤੇ ਬਾਣੀਕਾਰਾਂ ਦੀ ਰਚਨਾ ਬਾਰੇ ਸੰਖੇਪ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ:

**1.9.1 ਸ੍ਰੀ ਗੁਰੂ ਨਾਨਕ ਦੇਵ ਜੀ (1469-1539 ਈ:)** (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 24-25)**:**

ਆਪ ਸਿੱਖ ਧਰਮ ਦੇ ਪ੍ਰਵਰਤਕ ਹੋਏ ਹਨ। (ਨਾਭਾ, *ਮਹਾਨ ਕੋਸ਼* 692) ਆਪ ਜਾ ਜਨਮ ਸੰਨ 1469 ਵਿਚ ਰਾਏ ਭੋਏ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ, ਹੁਣ ਪਾਕਿਸਤਾਨ) ਵਿੱਚ ਹੋਇਆ। (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 24) ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪ ਜੀ ਦੀ ਬਾਣੀ 19 ਰਾਗਾਂ ਵਿਚ 974 ਸ਼ਬਦਾਂ ਦੇ ਅੰਤਰਗਤ ਹੈ। (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 13) ਆਪ ਜੀ ਨੇ 267 ਸਲੋਕਾਂ ਦੀ ਰਚਨਾ ਕੀਤੀ।

**1.9.2 ਸ੍ਰੀ ਗੁਰੂ ਅੰਗਦ ਦੇਵ ਜੀ (1504-1552 ਈ:)** (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 26-27)**:**

ਸਿੱਖ ਧਰਮ ਦੇ ਦੂਜੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਗੱਦੀ ਪ੍ਰਾਪਤ ਹੋਣ ਤੋਂ ਪਹਿਲਾ ਨਾਮ ਭਾਈ ਲਹਿਣਾ ਸੀ। (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 25) ਆਪ ਦਾ ਜਨਮ ਮਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ (ਪੰਜਾਬ) ਵਿਖੇ ਹੋਇਆ। (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 26) ਆਪ ਜੀ ਦੀ ਸਮੁੱਚੀ ਬਾਣੀ ਸਲੋਕ ਬਾਣੀ-ਰੂਪ ਵਿਚ ਹੈ। ਕੁਝ ਵਿਦਵਾਨ ਆਪ ਜੀ ਦੁਆਰਾ ਰਚੇ ਗਏ ਸਲੋਕਾਂ ਦੀ ਗਿਣਤੀ 62 ਕਰਦੇ ਹਨ (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 25) ਜਦਕਿ ਇਨ੍ਹਾਂ ਦੀ ਗਿਣਤੀ 63 ਹੈ।

**1.9.3 ਸ੍ਰੀ ਗੁਰੂ ਅਮਰਦਾਸ ਜੀ (1479-1574 ਈ)** (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 28-29)**:**

ਸਿੱਖ ਧਰਮ ਦੇ ਤੀਜੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ਵਿਖੇ ਹੋਇਆ। (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 28) ਆਪ ਜੀ ਦੀ ਬਾਣੀ 17 ਰਾਗਾਂ ਅਧੀਨ ਦਰਜ ਹੈ ਅਤੇ ਸ਼ਬਦਾਂ ਦੀ ਗਿਣਤੀ 907 ਹੈ। (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 33) ਆਪ ਜੀ ਨੇ ਕੁੱਲ 416 ਸਲੋਕਾਂ ਦੀ ਰਚਨਾ ਕੀਤੀ।

**1.9.4 ਸ੍ਰੀ ਗੁਰੂ ਰਾਮ ਦਾਸ ਜੀ (1534-1581 ਈ)** (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 30-31)**:**

ਸ੍ਰੀ ਗੁਰੂ ਰਾਮ ਦਾਸ ਜੀ ਸਿੱਖ ਧਰਮ ਦੇ ਚੌਥੇ ਸਤਿਗੁਰੂ ਹਨ। (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 39) ਆਪ ਦਾ ਜਨਮ ਚੂਨਾ ਮੰਡੀ ਲਾਹੌਰ (ਹੁਣ ਪਾਕਿਸਤਾਨ) ਵਿਖੇ ਹੋਇਆ। (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 30-31) ਆਪ ਜੀ ਦਾ ਪਹਿਲਾ ਨਾਮ ਭਾਈ ਜੇਠਾ ਜੀ ਸੀ। (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 39) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਬਾਣੀ 30 ਰਾਗਾਂ ਅਧੀਨ ਸੰਕਲਿਤ ਹੈ। (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 30-31) ਆਪ ਜੀ ਨੇ ਕੁੱਲ 136 ਸਲੋਕਾਂ ਦੀ ਰਚਨਾ ਕੀਤੀ ਹੈ।

**1.9.5 ਸ੍ਰੀ ਗੁਰੂ ਅਰਜਨ ਦੇਵ ਜੀ (1563-1606 ਈ:)** (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 32-33)**:**

ਸਿੱਖ ਧਰਮ ਦੇ ਪੰਜਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਸ੍ਰੀ ਗੋਇੰਦਵਾਲ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ (ਪੰਜਾਬ) ਵਿਖੇ ਹੋਇਆ। (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 32)ਆਪ ਜੀ ਨੇ ਪ੍ਰਮਾਣਿਕ ਬਾਣੀ ਨੂੰ ਸੰਪਾਦਨ ਕਰਕੇ ਭਾਈ ਗੁਰਦਾਸ ਜੀ ਹੱਥੋਂ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ। (ਜੋਸ਼ੀ, *ਗੁਰੂ ਅਰਜਨ ਦੇਵ* 19) ਆਪ ਜੀ ਦੀ ਬਾਣੀ 30 ਰਾਗਾਂ ਅਧੀਨ ਸੰਕਲਿਤ ਹੈ। (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 44) ਆਪ ਜੀ ਨੇ ਕੁੱਲ 524 ਸਲੋਕਾਂ ਦੀ ਰਚਨਾ ਕੀਤੀ।

**1.9.6 ਸ੍ਰੀ ਗੁਰੂ ਤੇਗ ਬਹਾਦਰ ਜੀ (1621-1675 ਈ:)** (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 34-35)**:**

ਸਿੱਖ ਧਰਮ ਦੇ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਗੁਰੂ ਕੇ ਮਹਲ ਸ੍ਰੀ ਅੰਮ੍ਰਿਤਸਰ (ਪੰਜਾਬ) ਵਿਖੇ ਹੋਇਆ। (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 34) ਸਿਰਫ਼ ਆਪ ਜੀ ਦੀ ਬਾਣੀ ਹੀ ਰਾਗ ਜੈਜਾਵੰਤੀ ਅਧੀਨ ਸੰਕਲਿਤ ਹੈ ਜਿਸ ਤੋਂ ਰਾਗਾਂ ਗੀ ਗਿਣਤੀ 31 ਹੋਈ। (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 51) ਇਸ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 30 ਰਾਗਾਂ ਵਿਚ ਸੀ। ਆਪ ਜੀ ਦੀ ਸਮੁੱਚੀ ਬਾਣੀ 15 ਰਾਗਾਂ ਅਧੀਨ ਸੰਕਲਿਤ ਹੈ ਅਤੇ ਕੁੱਲ ਸ਼ਬਦ 116 ਹਨ। (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 34) ਆਪ ਜੀ ਦੇ ਨਾਮ ਹੇਠ 57 ਸਲੋਕ ਸੰਕਲਿਤ ਹਨ।

**1.9.7 ਸ਼ੇਖ਼ ਫਰੀਦ ਜੀ (1173-1265 ਈ:)** (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 51)**:**

ਆਪ ਜੀ ਦਾ ਜਨਮ ਪਿੰਡ ਖੋਤਵਾਲ, ਚਾਵਲ ਮੁਸ਼ੈਖਾਂ ਮੁਲਤਾਨ (ਹੁਣ ਪਾਕਿਸਤਾਨ) ਵਿਖੇ ਹੋਇਆ। (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 52) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੇ ਪ੍ਰਥਮ ਰਚਣਹਾਰੇ ਸ਼ੇਖ਼ ਫਰੀਦ ਹਨ। (Taran Singh, *The Punjab Past and Present Part-2* 355) ਆਪ ਜੀ ਦੇ ਰਚੇ ਹੋਏ ਚਾਰ ਸ਼ਬਦ ਦੋ ਰਾਗਾਂ (ਦੋ ਸ਼ਬਦ ਰਾਗ ਆਸਾ ਅਤੇ ਦੋ ਸ਼ਬਦ ਰਾਗ ਸੂਹੀ) ਅਧੀਨ ਸੰਕਲਿਤ ਹਨ। (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 61) ਆਪ ਜੀ ਨੇ ਕੁੱਲ 112 ਸਲੋਕਾਂ ਦੀ ਰਚਨਾ ਕੀਤੀ।

**1.9.8 ਭਗਤ ਕਬੀਰ ਜੀ (1398-1518 ਈ:)** (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 89)**:**

ਭਗਤ ਕਬੀਰ ਜੀ ਦਾ ਜਨਮ ਬਨਾਰਸ (ਉੱਤਰ ਪ੍ਰਦੇਸ਼) ਵਿਖੇ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਸਮੁੱਚੀ ਬਾਣੀ 16 ਰਾਗਾਂ ਅਧੀਨ ਸੰਕਲਿਤ ਹੈ। (ਸਰਬਜਿੰਦਰ ਸਿੰਘ, *ਧੁਰ ਕੀ ਬਾਣੀ - ਸੰਪਾਦਨ ਜੁਗਤ* 38) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ ਰਚੇ ਹੋਏ 243 ਸਲੋਕ ਸੰਕਲਿਤ ਹਨ।

**1.9.9 ਭਗਤ ਰਵਿਦਾਸ ਜੀ (1376-1527 ਈ:)** (ਆਜ਼ਾਦ, *ਗੁਰੂ ਰਵਿਦਾਸ* 10 ਅਤੇ *ਰਵਿਦਾਸ ਦਰਸ਼ਨ* 72)**:**

ਭਗਤ ਰਵਿਦਾਸ ਜੀ ਦਾ ਜਨਮ ਸੀਰ ਗੋਵਰਧਨਪੁਰ, ਬਨਾਰਸ (ਉੱਤਰ ਪ੍ਰਦੇਸ਼) ਵਿਖੇ ਹੋਇਆ। (ਉਪਾਧਿਆਇ, *ਪਰਮ ਪਾਰਸ ਗੁਰੂ ਰਵਿਦਾਸ* 25) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ ਰਚੇ ਹੋਏ 40 ਸ਼ਬਦ 16 ਰਾਗਾਂ ਅਧੀਨ ਸੰਕਲਿਤ ਹਨ। ਆਪ ਜੀ ਦਾ ਰਚਿਤ ਇੱਕ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ। (ਜੋਧ ਸਿੰਘ, *ਭਗਤ ਰਵਿਦਾਸ: ਜੀਵਨ ਤੇ ਰਚਨਾ* 49)

**1.9.10 ਭੱਟ ਕਲ੍ਹ ਸਹਾਰ ਜੀ:**

"ਕਲ ਸਹਾਰ ਜੀ ਇੱਕੋ ਇਕ ਅਜਿਹੇ ਭੱਟ ਹੋਏ ਹਨ ਜਿਨ੍ਹਾਂ ਨੇ ਪੰਜੇ ਗੁਰੂ ਸਾਹਿਬਾਨ ਦੀ ਉਸਤਤ ਵਿਚ 54 (ਕੁਝ ਅਨੁਸਾਰ 56) ਉਪਮਾ-ਮਈ ਸਵੱਈਏ ਉਚਰੇ ਹਨ। ... ... ਇਨ੍ਹਾਂ ਦਾ ਉਪਨਾਮ 'ਟਲ' ਅਤੇ 'ਕਲ੍ਹ' ਵੀ ਹੈ...।" (ਅਲੱਗ, *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ* 154) ਆਪ ਜੀ ਦੁਆਰਾ ਰਚੇ ਹੋਏ 3 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ।

## ਹਵਾਲੇ ਅਤੇ ਟਿੱਪਣੀਆਂ:

[1]ਸਿਰੀਰਾਗ ਕੀ ਵਾਰ- 2 ਸਲੋਕ, ਵਾਰ ਮਾਝ ਕੀ- 12 ਸਲੋਕ, ਆਸਾ ਦੀ ਵਾਰ- 15 ਸਲੋਕ, ਸੋਰਠਿ ਵਾਰ- 1 ਸਲੋਕ, ਵਾਰ ਸੂਹੀ ਕੀ- 11 ਸਲੋਕ, ਰਾਮਕਲੀ ਕੀ ਵਾਰ- 7 ਸਲੋਕ, ਮਾਰੂ ਵਾਰ- 1 ਸਲੋਕ, ਸਾਰੰਗ ਕੀ ਵਾਰ- 9 ਸਲੋਕ, ਵਾਰ ਮਲਾਰ ਕੀ- 5 ਸਲੋਕ

[2]ਦੋਹਰਾ॥ ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ (ਸਲੋਕ ਮਹਲਾ ੯, ਪੰਨਾ-1429)

[3] ਸਲੋਕ ਦੋਹਾ ਮ:੫॥

ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ॥

ਜੀਉ ਹਮਾਰਾ ਖੰਨੀਐ ਹਰਿ ਮਨ ਤਨ ਸੰਦੜੀ ਵਥੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-322)

[4]ਸਲੋਕ ਡਖਣਾ ਮ:੫॥

ਭੋਰੀ ਭਰਮ ਵਞਾਇ ਪਿਰੀ ਮੁਹਬਤਿ ਹਿਕੁ ਤੂ॥

ਜਿਥਹੁ ਵੰਞੈ ਜਾਇ ਤਿਥਾਊ ਮਊਜੂਦੁ ਸੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ- ਉਕਤ ਹੀ-)

[5]"ਕਬੀਰ ਧਰਤੀ ਸਾਧ ਕੀ... ..." (ਮ:੫, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-965)

[6]ਸਲੋਕ ਮ:੪॥ ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ॥

ਅਤੇ

ਸਲੋਕ ਮਹਲਾ ੪॥ ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਸਾਕਤ ਦੁਰਜਨਾ॥

[7]ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸੰਤੀ ਚੁਨਿਓ ਨ ਜਾਈ॥

ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ॥ (ਸ਼ਬਦ ਦਾ ਅੰਤਿਮ ਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-972)

ਅਤੇ

ਹਰਿ ਹੈ ਖਾਂਡ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥

ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥ (ਸਲੋਕ ਭਗਤ ਕਬੀਰ ਜੀਉ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1377)

[8]"ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ॥

ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ॥

ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ॥

ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥"

"ਅਭਿਆਗਤ ਏਹਿ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ॥

ਤਿਸ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ॥"

ਅਤੇ

"ਅਭੈ ਨਿਰੰਜਨ ਪਰਮ ਪਦੁ ਤਾ ਕਾ ਭੀਖਕੁ ਹੋਇ॥

ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥"

[9]"ਗੁਰੂ ਜੀ (ਸ੍ਰੀ ਗੁਰੂ ਨਾਨਕ ਦੇਵ ਜੀ) ਨੇ ਬਾਬਾ ਫ਼ਰੀਦ ਦੀ ਬਾਣੀ ਸ਼ੇਖ ਇਬਰਾਹੀਮ (ਜੋ ਕਿ ਪਾਕ ਪਟਨ ਵਿਖੇ ਨਿਵਾਸ ਕਰਦੇ ਸਨ) ਤੋਂ ਲਿਖ ਲਈ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ।" (ਪ੍ਰੋ. ਪ੍ਰਕਾਸ਼ ਸਿੰਘ, 'ਖੋਜ ਪਤ੍ਰਿਕਾ' ਬਾਬਾ ਸ਼ੇਖ਼ ਫ਼ਰੀਦ ਵਿਸ਼ੇਸ਼ ਅੰਕ, 2015, ਪੰਨਾ-43)

[10]"ਹੁਣ ਆਪ (ਸ੍ਰੀ ਗੁਰੂ ਅਰਜਨ ਦੇਵ) ਜੀ ਨੇ ਇਸ ਪ੍ਰਕਾਰ ਦੀ ਦੂਜੀ ਸੋਚ ਕੀਤੀ। ਉਹ ਇਹ ਸੀ ਕਿ ਗੁਰਬਾਣੀ ਇਕ ਥਾਂ ਇਕੱਤ੍ਰ ਕੀਤੀ ਜਾਵੇ। ਪਹਿਲੇ ਸਤਿਗੁਰਾਂ ਦੇ ਸੱਚਖੰਡ ਪਿਆਨੇ ਮਗਰੋਂ ਗੁਰੂ ਅੰਗਦ ਦੇਵ ਜੀ ਨੇ, ਗੁਰੂ ਨਾਨਕ ਦੇਵ ਜੀ ਦੀ ਬਾਣੀ, ਜਿੰਨੀ ਦੂਰੋਂ ਨੇੜਿਓਂ ਮਿਲ ਸਕੀ, ਇਕੱਠੀ ਕੀਤੀ ਸੀ। ਤੀਸਰੇ ਸਤਿਗੁਰਾਂ ਦੇ ਵੇਲੇ ਤਿੰਨਾਂ ਹੀ ਸਤਿਗੁਰਾਂ ਦੀ ਬਾਣੀ ਦੋ ਪੋਥੀਆਂ ਵਿਚ, ਕਹਿੰਦੇ ਹਨ ਕਿ, ਸੰਸਰਾਮ ਤੋਂ ਲਿਖਵਾਈ ਸੀ। ਏਹ ਪੋਥੀਆਂ ਤਦੋਂ ਗੋਇੰਦਵਾਲ ਸਨ ਗੁਰੂ ਅਮਰਦਾਸ ਜੀ ਦੇ ਵੱਡੇ ਸਪੁਤ੍ਰ ਸ੍ਰੀ ਮੋਹਨ ਜੀ ਪਾਸ। ... ... ਸੋ ਆਰੰਭ ਗੋਇੰਦਵਾਲ ਵਾਲੀਆਂ ਪੋਥੀਆਂ ਦਾ ਮੰਗਾਉਣਾ ਸੀ। ... ... ਹੁਣ ਗੁਰੂ ਜੀ ਗੋਇੰਦਵਾਲ ਨਗਰੀ ਵਿਚ ਉਸ ਗਲੀ ਗਏ, ਜਿਸ ਵਿਚ ਮੋਹਨ ਜੀ ਦਾ ਚੁਬਾਰਾ ਸੀ। ਹੱਥ ਵਿਚ ਤੰਬੂਰਾ ਸੀ। ਨੰਗੇ ਪੈਰੀਂ ਗਏ ਤੇ ਚੁਬਾਰੇ ਦੇ ਅੱਗੇ ਗਲੀ ਵਿਚ ਹੀ ਭੁਵੇ ਜਾ ਬੈਠੇ, ਕੁਛ ਚਾਦਰ ਕਿ ਦਰੀ ਕਾਲੀਨ ਨਾਂ ਵਿਛਾਉਣ ਦਿਤਾ। ... ...।" (ਭਾਈ ਵੀਰ ਸਿੰਘ, 'ਸ੍ਰੀ ਅਸ਼ਟ ਗੁਰ ਚਮਤਕਾਰ', ਪੰਨਾ 48-49)

[11]"One day his majesty (Aurangzeb) came across a sentence in the Sikh scripture in Rag Asa, and Ram Rai about its meaning. That sentence related to the sufferings of the body of a Mussalman after his death, and Ram Rai thinking that it would offend the Emperor, who was very bigoted, substituted the word "beiman (faithless)" for "Mussalman" in order to please him. When the report of the fact reached him, the Guru was exasperated with anger and remarked that no mortal could change the sayings of Guru Nanak, and that the mouth which had dared to do so should never be seen by him. He was charged with falsehood and disherited with a perpetual injunction that no true Sikh should on pain of excommunication from Sikhism, maintain any intercourse with him or his progeny." (Khazan Singh, 'History of The Religion', pg. 148)

[12]"In view of Ram Rai's immature age, and the atmosphere in which Ram Rai had spent three or four months at Delhi and Agra, some Sikh divines in the Guru's *Durbar* begged the Master to forgive his son if he sincerely repented. But Guru Har Rai reaffirmed his views... ... ." (Dr. Tarlochan Singh, 'Life of Guru Hari Krishan', pg. 73)

[13]Encyclopedia "He (Guru Gobind Singh) declared that the appointed ten (Gurus) had completed their mission, and added, "I entrust my Khalsa to the bosom of the everlasting Divine." and that for the future the spiritual guide of his followers was the Holy Scripture, "Granth Sahib". He appointed it as his successor after going through the customary ceremonials and making the usual presents to it." (Khazan Singh, 'History of The Sikh Religion', pg. 209)

[14]"ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ॥
ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ॥" (ਮਹਲਾ ੫, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-965)

"ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ॥
ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ॥" (ਮਹਲਾ ੫, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1365)

[15]"ਫਰੀਦ ਜੀ ਦੇ ਉਤਲੇ ਸ਼ਲੋਕ (ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥") ਵਿੱਚ ਉਪਰਾਮਤਾ ਵਾਲਾ ਖ਼ਿਆਲ ਸੀ, ਜਿਸ ਨੂੰ ਗੁਰੂ ਜੀ ਦਰੁੱਸਤ ਕਰਦੇ ਹਨ। (ਮਹਲਾ ੫ "ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥ ਜੋ ਜਨ ਪੀਰਿ ਨਿਵਾਜਿਆ ਤਿੰਨਾ ਅੰਚ ਨ ਲਾਗ॥") ('ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1382)

[16]"ਅਖਾਣ"ਕੁਝ ਖੰਭਾਂ ਵਾਲੇ ਸ਼ਬਦ ਹੁੰਦੇ ਹਨ ਜਿਹੜੇ ਇਕ ਤਰ੍ਹਾਂ ਨਾਲ ਪੇਚੀਦਾ ਵਰਤਾਰੇ ਨੂੰ ਅੱਤ ਪ੍ਰਬੀਨਤਾ ਨਾਲ ਪ੍ਰਗਟਾਉਂਦੇ ਹਨ"।" {ਵੀ. ਕਰਾਪੀਵਿਨ, 'ਮਾਰਕਸਵਾਦ ਲੈਨਿਨਵਾਦ ਦਾ ਅਧਿਅਨ ਕਿਵੇਂ ਕਰੀਏ' (ਪੰਜਾਬੀ ਅਨੁਵਾਦ), ਪੰਨਾ-47}

# ਅਧਿਆਇ ਦੂਜਾ

# ਤਤਕਾਲੀ ਸਮਾਜ-ਸੱਭਿਆਚਾਰਕ ਸਰੋਕਾਰਾਂ ਸਬੰਧੀ ਵਿਚਾਰਧਾਰਾ ਅਤੇ ਉਨ੍ਹਾਂ ਦੀ ਅਜੋਕੀ ਸਥਿਤੀ

## 2.1 ਸਮਾਜ-ਸੱਭਿਆਚਾਰਕ ਪ੍ਰਸਥਿਤੀਆਂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਪ੍ਰਸਤੁਤ ਤਤਕਾਲੀ ਸਮਾਜ-ਸੱਭਿਆਚਾਰਕ ਵਰਤਾਰੇ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ 'ਸਮਾਜ' ਅਤੇ 'ਸੱਭਿਆਚਾਰ' ਦੇ ਅਰਥ ਜਾਣ ਲੈਣੇ ਚਾਹੀਦੇ ਹਨ। ਸਮਾਜ ਤੋਂ ਭਾਵ ਹੈ 'ਸਾਂਝ ਦੇ ਵੱਧ ਜਾਂ ਘੱਟ ਪੱਧਰ 'ਤੇ ਭਾਈਚਾਰੇ ਵਾਂਗ ਇਕੱਠੇ ਰਹਿ ਰਹੇ ਲੋਕਾਂ ਦਾ ਸਮੁੱਚ'[1] ਅਤੇ ਸੱਭਿਆਚਾਰ ਦਾ ਅਰਥ ਹੈ 'ਕਿਸੇ ਖ਼ਾਸ ਸਮਾਜ ਜਾਂ ਜਨ-ਸਮੁਦਾਇ ਦੇ ਵਿਚਾਰ (ਵਿਸ਼ਵਾਸ), ਰੀਤੀ-ਰਿਵਾਜ ਅਤੇ ਉਸਦਾ ਸਮਾਜਿਕ ਵਿਹਾਰ'[2]। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿੱਚੋਂ ਤਤਕਾਲੀ ਸਮਾਜ-ਸੱਭਿਆਚਾਰਕ ਜੀਵਨ ਦੇ ਭਰਪੂਰ ਝਲਕਾਰੇ ਮਿਲਦੇ ਹਨ। "ਜਦੋਂ ਗੁਰੂ ਜੀ (ਸ੍ਰੀ ਗੁਰੂ ਨਾਨਕ ਦੇਵ ਜੀ) ਇਸ ਸੰਸਾਰ ਵਿਚ ਆਏ, ਉਦੋਂ ਹਰ ਪਾਸੇ ਅਤੇ ਹਰ ਖੇਤਰ ਵਿਚ ਅਨਾਚਾਰ ਪਸਰਿਆ ਹੋਇਆ ਸੀ। ਪਤਨਮੁਖੀ ਸਭਿਆਚਾਰਿਕ ਅਵਸਥਾ ਦਾ ਚਿਤਰਨ ਗੁਰੂ ਨਾਨਕ ਬਾਣੀ ਵਿਚ ਅਨੇਕਾਂ ਥਾਵਾਂ ਉੱਤੇ ਵਿਸਤਾਰ ਸਹਿਤ ਹੋਇਆ ਹੈ।" ( ਜੱਗੀ, *'ਸਭਿਆਚਾਰ ਪਤ੍ਰਿਕਾ' ਜਨਵਰੀ 2004* 2) "ਨਾਨਕ-ਬਾਣੀ ਭਾਰਤ ਦੇ ਮੱਧ-ਯੁਗੀਨ ਸਮਾਜ ਦਾ ਸਭਿਆਚਾਰਿਕ ਲੇਖਾ-ਜੋਖਾ ਪ੍ਰਸਤੁਤ ਕਰਦੀ ਹੈ। ... ...ਸਮਾਜਿਕ ਢਾਂਚੇ ਦਾ ਬਾਹਰੀ ਰੂਪ ਵੀ ਯਥਾਰਥਵਾਦੀ ਢੰਗ ਨਾਲ ਪ੍ਰਸਤੁਤ ਹੋਇਆ ਹੈ। ... ...ਗੁਰੂ ਨਾਨਕ ਨੇ ਜਿਸ ਯੁੱਗ ਵਿਚ ਆਪਣੀ ਬਾਣੀ ਦਾ ਉਚਾਰਨ ਕੀਤਾ ਉਹ ਯੁੱਗ ਭਾਰਤੀ ਸੰਸਕ੍ਰਿਤੀ ਦੇ ਪਤਨ ਦਾ ਯੁਗ ਸੀ। ਸੰਸਕ੍ਰਿਤੀ ਦੇ ਪਤਨ ਦਾ ਆਦਰਸ਼ਕ ਰੂਪ ਕਿਧਰੇ ਵੀ ਨਜ਼ਰ ਨਹੀਂ ਆਉਂਦਾ, ਜੀਵਨ ਦੇ ਹਰ ਖੇਤਰ ਵਿਚ ਖਲਾਅ ਤੇ ਭਟਕਣ ਸੀ। ਦੰਭ ਤੇ ਪਾਖੰਡ ਚਾਰੇ ਪਾਸੇ ਪਸਰਿਆ ਹੋਇਆ ਸੀ। ਸਮਾਜਿਕ ਜੀਵਨ ਵਿਚ ਅਜਿਹੀਆਂ ਤ੍ਰੇੜਾਂ ਆ ਚੁਕੀਆਂ ਸਨ ਜਿਨ੍ਹਾਂ ਕਰਕੇ ਸਮਾਜ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਨਾ ਸਿਰਫ ਆਪਣਾ ਮਹੱਤਵ ਗੁਆ ਚੁੱਕੀਆਂ ਸਨ ਸਗੋਂ ਉਨ੍ਹਾਂ ਦੀ ਜਗ੍ਹਾ ਅਨੈਤਿਕ ਕਦਰਾਂ ਕੀਮਤਾਂ ਆਪਣੀ ਸੱਤਾ ਕਾਇਮ ਕਰ ਚੁੱਕੀਆਂ ਸਨ।" (ਬੇਦੀ, *ਸਭਿਆਚਾਰ ਪਤ੍ਰਿਕਾ* 108) "ਗੁਰੂ ਨਾਨਕ ਕਾਲੀਨ ਭਾਰਤ ਵੀ ਕੁਝ ਇਸੇ ਕਿਸਮ ਦੇ ਸਭਿਆਚਾਰਿਕ ਪਛੜੇਵੇਂ ਅਤੇ ਸੰਕਟ ਦੀ ਸਥਿਤੀ ਵਿਚੋਂ ਲੰਘ ਰਿਹਾ ਸੀ। ਅਰਥਾਂ ਅਤੇ ਮੁਲਾਂ ਦਾ ਸਮੁਚਾ ਪ੍ਰਬੰਧ ਬੁਰੀ ਤਰ੍ਹਾਂ ਅਸਤ ਵਿਅਸਤ ਹੋ ਚੁੱਕਿਆ ਸੀ ਅਤੇ ਸਮਕਾਲੀਨ ਸਮਾਜਿਕ ਸਥਿਤੀ ਦੇ ਸੰਦਰਭ ਵਿਚ ਆਪਣੀ ਸਾਰਥਕਤਾ ਗੁਆ ਚੁੱਕਿਆ ਸੀ। ਇਸ ਪਛੜੇ ਹੋਏ ਸਭਿਆਚਾਰਿਕ ਪ੍ਰਬੰਧ ਦੀ ਬੁਨਿਆਦ ਤਤਕਾਲੀਨ ਬ੍ਰਾਹਮਣਿਕ ਕਰਮ ਕਾਂਡ ਅਤੇ ਜਾਤੀ ਪ੍ਰਥਾ ਉੱਪਰ ਰਖੀ ਗਈ ਸੀ ਜੋ ਸਮੇਂ ਦੇ ਬਦਲੇ ਹੋਏ ਪ੍ਰਸੰਗ ਵਿਚ ਸਾਰਹੀਣ ਹੋ ਚੁੱਕਿਆ ਸੀ।" (ਜਗਬੀਰ ਸਿੰਘ, *'ਸਭਿਆਚਾਰ ਪਤ੍ਰਿਕਾ' ਜਨਵਰੀ 2004* 91) "ਗੁਰੂ ਨਾਨਕ ਦੇਵ ਦੀ ਬਾਣੀ ਵਿਆਪਕ ਪ੍ਰਸਥਿਤੀਆਂ ਦਾ ਵਿਗਿਆਨਕ ਵਿਸ਼ਲੇਸ਼ਣ ਕਰਦੀ ਹੈ ਜਿਨ੍ਹਾਂ ਉੱਪਰ ਸਮਾਜਿਕ ਕ੍ਰਾਂਤੀ ਦੀ ਜੁਗਤ ਉਸਾਰੀ ਜਾਂਦੀ ਹੈ... ...।" (ਸਤਨਾਮ ਚਾਨਾ, *ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ* 213)

ਤਤਕਾਲੀ ਦੌਰ ਦੇ ਰਾਜੇ ਜਿੱਥੇ 'ਸ਼ੀਂਹ' ਅਤੇ 'ਕਸਾਈ' ਸਨ ਓਥੇ ਪਰਜਾ ਦੇ ਹਾਲ ਵੀ ਕੁਝ ਠੀਕ ਨਹੀਂ ਸਨ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਇਸ ਦੌਰ ਵਿਚ ਸੱਚ ਦਾ ਤਾਂ ਜਿਵੇਂ ਕਾਲ਼ ਹੀ ਪੈ ਗਿਆ ਹੈ, ਹਰ ਪਾਸੇ ਝੂਠ ਦਾ ਹੀ ਬੋਲ-ਬਾਲਾ ਹੈ। ਵਿਵਾਦਾਂ

ਭਰੇ ਇਸ ਯੁੱਗ ਦੇ ਪ੍ਰਭਾਵ ਹੇਠ ਲੋਕ ਮਾਨੋ ਭੂਤਨੇ ਬਣੇ ਹੋਏ ਹਨ। ਇਕਾਗਰਤਾ ਦਾ ਤਾਂ ਕਿਤੇ ਨਾਮੋ-ਨਿਸ਼ਾਨ ਵੀ ਨਹੀਂ (ਜਿਸ ਨਾਲ ਕੋਈ ਸਾਰਥਕ ਪ੍ਰਾਪਤੀ ਹੋ ਸਕੇ)। ਮਾਨਸਿਕ ਤੌਰ 'ਤੇ ਹਰ ਕੋਈ ਡਾਵਾਂਡੋਲ ਹੈ, ਹਰ ਕੋਈ ਉੱਖੜਿਆ-ਉੱਖੜਿਆ ਹੈ। ਲੋਕਾਂ ਦੇ ਹੱਥਾਂ ਵਿਚ ਰਾਜਿਆਂ ਵਾਂਗ ਹੀ 'ਛੁਰੀ' ਫੜੀ ਹੋਈ ਹੈ। ਸੰਸਾਰ ਮਾਨੋ ਆਪਣੀ ਹੀ ਬਾਲ਼ੀ ਹੋਈ ਅੱਗ ਵਿਚ ਸੜ-ਬਲ਼ ਰਿਹਾ ਹੈ:

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥
ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1242)

ਹਥਿ ਛੁਰੀ ਜਗਤ ਕਾਸਾਈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 853)

ਆਦਮੀ ਅਤੇ ਔਰਤ (ਪਤੀ-ਪਤਨੀ) ਦਾ ਆਪਸੀ ਪਿਆਰ ਵੀ ਇਸ ਰਿਸ਼ਤੇ ਵਿੱਚੋਂ ਪ੍ਰਾਪਤ ਹੋਣ ਵਾਲੇ ਪਦਾਰਥਕ ਲਾਭ 'ਪੁਰ ਹੀ ਆਧਾਰਿਤ ਹੈ। ਜੇਕਰ ਇਸ ਰਿਸ਼ਤੇ ਵਿੱਚੋਂ ਕੋਈ ਮਾਇਕ ਲਾਭ ਨਹੀਂ ਹੁੰਦਾ ਤਾਂ ਕਿਸੇ ਨੂੰ ਵੀ ਇੱਕ-ਦੂਸਰੇ ਦੀ ਪਰਵਾਹ ਨਹੀਂ। ਗੁਰੂ ਸਾਹਿਬ ਆਖਦੇ ਹਨ ਕਿ ਪੰਡਿਤ ਆਪ ਸੰਜਮ ਤੋਂ ਕੋਰਾ ਹੈ ਪਰ ਹੋਰਾਂ ਨੂੰ ਜਨੇਊ ਪਹਿਨਾ ਰਿਹਾ ਹੈ (ਸੰਜਮ ਦੀ ਸਿੱਖਿਆ ਦੇ ਰਿਹਾ ਹੈ)। ਅਚਰਜ ਦੀ ਗੱਲ ਹੈ ਕਿ ਉਸ ਨੂੰ ਗਿਆਨ ਦੀ ਕੋਈ ਛੋਹ ਤਾਂ ਹੈ ਨਹੀਂ, ਫਿਰ ਵੀ ਉਹ ਆਪਣੇ-ਆਪ ਨੂੰ ਸਿਆਣਾ ਅਖਵਾਉਂਦਾ ਫਿਰਦਾ ਹੈ। ਉਸਦੀ ਅਜਿਹੀ ਕਰਨੀ ਦਾ ਹੀ ਸਿੱਟਾ ਹੈ ਕਿ ਜਿਨ੍ਹਾਂ ਨੂੰ ਉਹ ਸੰਜਮ ਦੀ ਸਿੱਖਿਆ ਦਿੰਦਾ ਹੈ ਉਹ ਵੀ ਅੱਗੋਂ ਭਲੇ ਕੰਮ ਨਹੀਂ ਕਰਦੇ ਸਗੋਂ ਬੁਰਾਈ ਵਾਲੇ ਪਾਸੇ ਹੀ ਲੱਗੇ ਹੋਏ ਹਨ:

ਇਸਤਰੀ ਪੁਰਖੈ ਖਟਿਐ ਭਾਉ॥ ਭਾਵੈ ਆਵਉ ਭਾਵੈ ਜਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

ਵੇਤਗਾ ਆਪੇ ਵਤੈ॥ ਵਟਿ ਧਾਗੇ ਅਵਰਾ ਘਤੈ॥

... ... ... ... ... ... ...

ਸੁਣਿ ਲੋਕਾ ਏਹੁ ਵਿਡਾਣੁ॥ ਮਨਿ ਅੰਧਾ ਨਾਉ ਸੁਜਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਸੂਤੁ ਪਾਇ ਕਰੇ ਬੁਰਿਆਈ॥ ਨਾਤਾ ਧੋਤਾ ਥਾਇ ਨ ਪਾਈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

ਹਿੰਦੂ ਲੋਕ ਮੁਸਲਮਾਨਾਂ ਦੀ ਬੋਲੀ (ਜਿਸਨੂੰ ਉਹ ਅਭਾਖਿਆ ਆਖਦੇ ਹਨ) ਵਿਚ ਕਲਮਾ ਪੜ੍ਹ ਕੇ ਹਲਾਲ ਕੀਤਾ ਹੋਇਆ ਬੱਕਰਾ ਖਾ ਵੀ ਲੈਂਦੇ ਹਨ (ਭਾਵ ਆਪਣੇ ਲਾਭ ਹਿੱਤ ਆਪਣੇ ਨਿਯਮਾਂ ਦਾ ਤ੍ਰਿਸਕਾਰ ਵੀ ਕਰ ਦਿੰਦੇ ਹਨ) ਪਰ ਦੂਜੇ ਪਾਸੇ ਆਪਣੇ ਬਣਾਏ ਹੋਏ ਚਉਕੇ ਉੱਪਰ ਅਖੌਤੀ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਚੜ੍ਹਨ ਨਹੀਂ ਦਿੰਦੇ। ਆਪਣੇ ਲਾਭ ਹਿੱਤ ਆਪਣੇ ਹੀ ਨਿਯਮਾਂ ਨੂੰ ਛਿੱਕੇ ਟੰਗ ਦੇਣ ਵਾਲੇ ਇਹ ਲੋਕ ਝੂਠੇ ਪ੍ਰਚਲਨ ਵਿਚ ਫਸੇ ਹੋਏ ਹਨ। ਇਹ ਕਾਰਾਂ ਕੱਢ ਕੇ ਚਉਕਾ ਬਣਾਉਂਦੇ ਹਨ ਤੇ ਉਸ ਉੱਪਰ ਆਪ ਬਹਿੰਦੇ ਹਨ ਤੇ ਧਿਆਨ ਰੱਖਦੇ ਹਨ ਮਤਾ ਉਹ ਭਿੱਟਿਆ ਜਾਏ ਤੇ ਅੰਨ ਭ੍ਰਿਸ਼ਟ ਹੋ ਜਾਵੇ। ਹੁਣ ਦੇਖੋ, ਜਿਹੜੇ ਆਪ ਨਿਯਮਾਂ ਦੀ ਪਾਲਣਾ ਕਰਨ ਵਾਲੇ ਨਹੀਂ ਉਹ ਇਸ ਥਾਂ ਕਿਵੇਂ ਸੱਚੇ-ਸੁੱਚੇ ਬਣਦੇ ਫਿਰਦੇ ਹਨ ਅਤੇ ਝੂਠੇ ਮਨ ਨਾਲ ਧਰਮ ਦੀਆਂ ਪ੍ਰਤਿੱਗਿਆਵਾਂ ਕਰਦੇ ਫਿਰ ਰਹੇ ਹਨ:

ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥

ਦੇ ਕੇ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥

ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥

ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471-72)

ਗੁਰੂ ਸਾਹਿਬ ਆਖਦੇ ਹਨ ਕਿ ਸੰਸਾਰ ਦਾ ਪ੍ਰਚਲਨ ਉਲਟ ਹੀ ਹੋ ਗਿਆ ਹੈ। ਗਿਆਨ ਤੋਂ ਸੱਖਣਾ ਮਨੁੱਖ ਹੋਰਾਂ ਦੀ ਪਰਖ ਕਰਦਾ ਫਿਰ ਰਿਹਾ ਹੈ ਅਤੇ ਝੂਠੇ ਮਨੁੱਖ ਦਾ ਹਰ ਪਾਸੇ ਬੋਲ-ਬਾਲਾ ਹੈ:

ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥

ਇਲਤਿ ਕਾ ਨਾਉ ਚੌਧਰੀ ਕੂੜੀ ਪੂਰੇ ਥਾਉ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਗੁਰੂ ਸਾਹਿਬ ਦਾ ਕਹਿਣਾ ਹੈ ਕਿ ਮਨੁੱਖ ਨੂੰ ਆਪਣੇ ਧਾਰਮਿਕ ਅਕੀਦੇ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇਕਰ ਉਸਨੇ ਧਰਮ ਦੀ ਪ੍ਰਤਿੱਗਿਆ ਕਰਨੀ ਹੈ ਤਾਂ ਉਹ ਸੁੱਚੇ ਮਨ ਨਾਲ ਕਰੇ। ਐਸਾ ਮਨੁੱਖ ਕੇਵਲ ਤਨ ਦੇ ਪੱਧਰ 'ਤੇ ਹੀ ਨਹੀਂ, ਮਨ ਦੇ ਪੱਧਰ ਤੇ ਵੀ ਸੁੱਚਾ ਹੋਣਾ ਚਾਹੀਦਾ ਹੈ। ਧਰਮ ਦੀ ਦੀਖਿਆ ਲੈ ਕੇ ਉਸਨੂੰ ਸੱਚ ਦੇ ਰਸਤੇ 'ਤੇ ਤੁਰਨਾ ਚਾਹੀਦਾ ਹੈ।

### 2.1.1 ਜਾਤ-ਪਾਤ

"ਫਕੜ ਜਾਤੀ ਫਕੜੁ ਨਾਉ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 83) ਰਾਹੀਂ ਗੁਰੂ ਸਾਹਿਬ ਨੇ ਜਾਤੀ ਅਤੇ ਗੋਤਰ ਦੇ ਹੰਕਾਰ ਨੂੰ ਵਿਅਰਥ ਦੱਸਿਆ ਹੈ। ਗੁਰੂ ਸਾਹਿਬ ਨੇ ਦੱਸਿਆ ਕਿ ਜਾਤੀ ਦਾ ਹੰਕਾਰ ਮਨੁੱਖ ਦੇ ਪੱਲੇ ਕੁਝ ਨਹੀਂ ਰਹਿਣ ਦਿੰਦਾ:

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥

ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* , ਪੰਨਾ 1288)

ਇਨ੍ਹਾਂ ਪੰਕਤੀਆਂ ਤੋਂ ਸਪਸ਼ਟ ਹੁੰਦਾ ਹੈ ਕਿ ਤਤਕਾਲੀ ਦੌਰ ਵਿਚ ਜਾਤ-ਪਾਤ ਦਾ ਬੋਲਬਾਲਾ ਸੀ। "ਬਾਬੇ (ਗੁਰੂ ਨਾਨਕ ਦੇਵ ਜੀ) ਦੇ ਸਮਕਾਲੀ ਲੋਕ ਜਾਤ-ਪਾਤ ਵਿਚ ਫ਼ਸਕੇ ਆਪਸੀ ਵੈਰ ਵਿਰੋਧ ਵਧਾ ਰਹੇ ਸਨ।" (ਮਹਿੰਦਰ ਕੌਰ ਗਿੱਲ *ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ* 72) ਗੁਰੂ ਸਾਹਿਬ ਨੇ ਸਮਝਾਇਆ ਕਿ ਪ੍ਰਭੂ ਦੇ ਦਰਬਾਰ ਵਿਚ ਜਾਤ-ਪਾਤ ਲਈ ਕੋਈ ਥਾਂ ਨਹੀਂ। "ਅਗੈ ਜਾਤਿ ਨ ਜੋਰੁ ਹੈ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469) ਗੁਰੂ ਸਾਹਿਬ ਨੇ ਆਖਿਆ ਕਿ ਕੋਈ ਵੀ ਜਾਤੀ ਬੁਰੀ ਨਹੀਂ, ਬੁਰੀਆਂ ਤਾਂ ਮਨੁੱਖੀ ਅਲਾਮਤਾਂ, ਮਨੁੱਖੀ ਵਿਕਾਰ ਹਨ, ਜਿਹੜੇ ਮਨੁੱਖ ਦਾ ਜੀਵਨ ਬਰਬਾਦ ਕਰਦੇ ਹਨ। ਇਹ ਵਿਕਾਰ ਭਾਵੇਂ ਕਿਸੇ ਮਨੁੱਖ ਵਿਚ ਵੀ ਹੋਣ, ਇਨ੍ਹਾਂ ਦਾ ਜਾਤੀ ਨਾਲ ਲੋਈ ਸਬੰਧ ਨਹੀਂ, ਇਨ੍ਹਾਂ ਨੂੰ ਦੂਰ ਕਰਨਾ ਬਣਦਾ ਹੈ:

ਕੁਬੁਧਿ [3]ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥

(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 91)

ਮਨੁੱਖ ਜਾਤਾਂ ਅਤੇ ਨਸਲਾਂ ਦੇ ਭੇਦਾਂ ਵਿਚ ਖਚਿਤ ਹੋਇਆ ਪਿਆ ਸੀ। ਗੁਰੂ ਸਾਹਿਬ ਨੇ ਅਜਿਹੇ ਪ੍ਰਚਲਨ ਨੂੰ ਭਰਮ (ਧੋਖਾ) ਦੱਸਿਆ। ਗੁਰੂ ਸਾਹਿਬ ਨੇ ਦੱਸਿਆ ਕਿ ਮਨੁੱਖ ਜਾਤ ਦਾ ਹੰਕਾਰ ਤਾਂ ਸਿਰ 'ਤੇ ਚੁੱਕੀ ਫਿਰਦਾ ਹੈ ਪਰ ਜਦੋਂ ਉਹ ਕਾਮ-ਵੱਸ ਹੋ ਜਾਂਦਾ ਹੈ ਤਾਂ ਤਦ ਉਸ ਦੀ ਇਹ ਹਉਮੈ ਕਿੱਥੇ ਜਾਂਦੀ ਹੈ? :

ਉਤਮ ਮਧਿਮ ਜਾਤੀ ਜਿਨਸੀ ਭਰਮਿ ਭਵੈ ਸੰਸਾਰੁ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਛਿਵੈ ਕਾਮੁ ਨ ਪੁਛੈ ਜਾਤਿ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 137)

ਭਗਤ ਕਬੀਰ ਜੀ ਨੇ ਆਖਿਆ ਕਿ ਦੁਨੀਆ ਵਿਚ ਨੀਵੀਂ ਸਮਝੀ ਜਾਂਦੀ ਜਾਤ (ਜਿਸ ਵਿਚ ਉਨ੍ਹਾਂ ਦਾ ਜਨਮ ਹੋਇਆ) ਨਾਲ ਮੇਰਾ ਕੋਈ ਲੈਣਾ ਦੇਣਾ ਨਹੀਂ ਕਿਉਂਕਿ ਮੇਰੇ ਹਿਰਦੇ ਵਿਚ ਤਾਂ ਰੱਬ ਦਾ ਵਾਸਾ ਹੈ। ਜਾਤ-ਪਾਤ ਦੇ ਸਾਰੇ ਜੰਜਾਲ ਟੁੱਟ ਗਏ ਹਨ। ਉਨ੍ਹਾਂ ਨੂੰ ਤਾਂ ਹੁਣ ਹਰ ਪਾਸੇ ਇੱਕੋ ਨਿਰੰਕਾਰ ਦਾ ਹੀ ਨੂਰ ਨਜ਼ਰ ਆਉਂਦਾ ਹੈ। ਇਹ ਪੰਕਤੀਆਂ ਵੀ ਤਤਕਾਲੀ ਦੌਰ ਦੀ ਜਾਤੀ ਵਿਵਸਥਾ ਵੱਲ ਸੰਕੇਤ ਕਰਦੀਆਂ ਹਨ। "(ਗੁਰੂ ਅੰਗਦ ਦੇਵ ਜੀ ਦੇ ਸਮੇਂ) ਛੂਤ-ਛਾਤ ਕਰੜੀ ਸੀ, ਸ਼ੂਦਰਾਂ ਨਾਲ ਸਲੂਕ ਬਹੁਤ ਬੁਰਾ ਸੀ, ਧਰਮ ਦਾ ਮੁਖੀ ਬ੍ਰਾਹਮਣ ਸੀ।" (ਤਾਰਨ ਸਿੰਘ *ਗੁਰੂ ਅੰਗਦ ਦੇਵ ਜੀ* 19) ਗੁਰੂ ਅੰਗਦ ਦੇਵ ਜੀ ਪਰੰਪਰਾਗਤ ਵਰਗ-ਵੰਡ ਅਨੁਸਾਰ ਹਰੇਕ ਵਰਗ ਦੇ ਵਿਹਾਰ ਬਾਰੇ ਗਿਆਨ ਕਰਵਾਉਂਦੇ ਹੋਏ ਪ੍ਰਭੂ-ਨਾਮ ਨੂੰ ਸ੍ਰੇਸ਼ਟ ਸਿੱਧ ਕਰਦੇ ਹਨ:

ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੈ ਗੁਪਾਲ॥
ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੈਹਾਰੁ॥
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥
(ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1364)

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥ (ਮਹਲਾ 2, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਹੇਠ ਲਿਖੀਆਂ ਪੰਕਤੀਆਂ ਵਿਚ ਮਿਰਾਸੀ ਦੁਆਰਾ ਕਲਾਣ ਕਰ ਕੇ ਮੰਗਣ ਦਾ ਜ਼ਿਕਰ ਹੈ:

ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ॥
ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਪ੍ਰਭੂ ਦੀ ਪ੍ਰੀਤ ਵਿਚ ਜਾਤ, ਵਰਣ ਤੇ ਕੁਲ-ਭਾਵ ਸਮਾਪਤ ਹੋ ਜਾਂਦੇ ਹਨ। ਹਰ ਪਾਸੇ ਉਸਦਾ ਹੀ ਨੂਰ ਨਜ਼ਰ ਆਉਂਦਾ ਹੈ:

ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

**ਅਜੋਕੀ ਸਥਿਤੀ:** ਅਜੋਕੇ ਸਮੇਂ ਵਿਚ ਵੀ ਭਾਰਤੀ ਸਮਾਜ ਵਿਚ ਜਾਤ ਵਿਵਸਥਾ ਕਾਇਮ ਹੈ, ਭਾਵੇਂ ਇਸਦਾ ਸਰੂਪ ਕੁਝ ਬਦਲਿਆ ਹੋਇਆ ਹੈ। ਵਿਆਹ-ਸ਼ਾਦੀਆਂ ਅੱਜ ਵੀ ਆਪਣੀ ਜਾਤ ਵਿਚ ਹੀ ਕੀਤੀਆਂ ਜਾਂਦੀਆਂ ਹਨ ਜਦਕਿ ਦੂਜੇ ਪਾਸੇ, ਜਾਤੀ ਦੇ ਵਖਰੇਵਿਆਂ ਨੂੰ ਖ਼ਤਮ ਕਰਨ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਗ਼ੈਰ-ਬਰਾਦਰੀ ਵਿਚ ਵਿਆਹ ਕਰਵਾਉਣ ਵਾਲੀਆਂ ਕੁੜੀਆਂ/ਮੁੰਡੇ ਬੇ-ਰਹਿਮੀ ਨਾਲ ਕਤਲ ਕੀਤੇ ਜਾਂਦੇ ਹਨ ਅਤੇ ਅਣਖ ਦਾ ਢੰਡੋਰਾ ਪਿੱਟਿਆ ਜਾਂਦਾ ਹੈ। "ਆਧੁਨਿਕਤਾ ਦੇ ਪ੍ਰਵੇਸ਼ ਨਾਲ ਮਨੁੱਖੀ ਬਰਾਬਰਤਾ ਦੇ ਸੰਕਲਪ ਅਧੀਨ ਛੂਤ ਛਾਤ ਘਟਦੀ ਨਜ਼ਰ ਆਈ ਪਰੰਤੂ ਡੂੰਘੀਆਂ ਸਾਮਾਜਿਕ ਸੰਰਚਨਾਵਾਂ ਵਿਚ ਇਸ ਦੇ ਅਵਸ਼ੇਸ਼

ਕਾਇਮ ਰਹੇ ਤੇ ਸਾਮਾਜਿਕ ਪੱਧਰ ਤੇ ਜਾਤਪਾਤੀ ਨਫ਼ਰਤ ਦਾ ਕੋਹੜ ਖ਼ਤਮ ਹੁੰਦਾ ਨਜ਼ਰ ਨਹੀਂ ਆ ਰਿਹਾ।" (ਵਰਮਾ *ਸਮਕਾਲੀ ਪੰਜਾਬੀ ਸਮਾਜ* 162)

ਜਾਤ-ਪਾਤੀ ਵਿਵਸਥਾ ਨੂੰ ਲੈ ਕੇ ਅਜੋਕਾ ਮਨੁੱਖ ਬੜੇ ਕੁਰਖ਼ਤ ਸੁਭਾਅ ਵਾਲ਼ਾ ਹੈ। ਅਜਿਹੇ ਸੁਭਾਅ ਸਦਕਾ ਹੁੰਦੀਆਂ ਦੁਰਘਟਨਾਵਾਂ ਨੂੰ ਬੰਦ ਕਰਨ ਲਈ ਭਾਰਤ ਦੀ ਸਰਵਉੱਚ ਅਦਾਲਤ ਨੂੰ ਸਕੂਲੀ ਪਾਠਕ੍ਰਮ ਵਿਚ ਸ਼ਹਿਣਸ਼ੀਲਤਾ ਦਾ ਪਾਠ ਪੜ੍ਹਾਉਣ ਬਾਰੇ ਆਦੇਸ਼ ਜਾਰੀ ਕਰਨੇ ਪਏ।[4] ਦੇਸ਼ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਸ਼ਬਦਾਂ ਵਿੱਚ, "Our villages are still poisoned with the venom of casteism... the poison of casteism destroyes the village and crushes its dreams. We need to make efforts so that the villages rise above casteism and become inclusive and cohesive." (*The Indian Express Daily October 12, 2017* 7) ਜਾਤ-ਵਿਵਸਥਾ ਵਿਚ ਅਜੋਕੇ ਮਨੁੱਖ ਦਾ ਯਕੀਨ ਏਨਾ ਪੁਖ਼ਤਾ ਹੈ ਕਿ ਇਸ ਭਾਵਨਾ ਨੂੰ ਉਹ ਵਿਦੇਸ਼ਾਂ ਵਿਚ ਵੀ ਆਪਣੇ ਨਾਲ ਲੈ ਜਾਂਦਾ ਹੈ। ("ਵਿਦੇਸ਼ਾਂ 'ਚ ਵੀ ਰੜਕਦੈ ਜਾਤ-ਪਾਤ ਦਾ ਵਿਤਕਰਾ" (ਇੱਕ ਖ਼ਬਰ) *ਰੋਜ਼ਾਨਾ ਪੰਜਾਬੀ ਜਾਗਰਣ', ਮਿਤੀ 09.05.2016)* ਭਾਵੇਂ ਸਾਰਿਆਂ ਦੇ ਕੰਮ/ਕਾਰੋਬਾਰ ਇੱਕੋ ਜਿਹੇ ਹੀ ਕਿਉਂ ਨਾ ਹੋਣ। "ਭਾਰਤ ਵਿਚ ਅਛੂਤ ਕਹੇ ਜਾਣ ਵਾਲੇ ਲੋਕ, ਸਦੀਆਂ ਤੋਂ ਸਵਰਨਾਂ ਵੱਲੋਂ ਕੀਤੇ ਜਾਂਦੇ ਵਿਤਕਰੇ ਤੇ ਵਧੀਕੀਆਂ ਦਾ ਸ਼ਿਕਾਰ ਹੁੰਦੇ ਆਏ ਹਨ। ... ... ਜਾਤੀ ਆਧਾਰਿਤ ਵਿਤਕਰਾ ਭਾਰਤ ਵਿਚ ਅਜੇ ਵੀ ਜਾਰੀ ਹੈ। "(ਬੱਲ, *ਰੋਜ਼ਾਨਾ ਪੰਜਾਬੀ ਜਾਗਰਣ 25.11.2017* 6) "ਜਾਤੀਵਾਦ ਤੇ ਫ਼ਿਰਕੂਵਾਦ ਘਟਣ ਦੀ ਬਜਾਏ ਵੱਧਦਾ ਨਜ਼ਰ ਆ ਰਿਹਾ ਹੈ।" (ਨਰਿੰਦਰ ਸਿੰਘ *ਰੋਜ਼ਾਨਾ ਪੰਜਾਬੀ ਜਾਗਰਣ 20.11.2017* 4)

"ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਾਲਵੇ ਦੇ ਕਈ ਪਿੰਡਾਂ ਵਿਚ ਸਿੱਖ ਧਰਮ ਨੂੰ ਮੰਨਣ ਵਾਲੇ ਲੋਕਾਂ ਵਿਚ ਕਾਫ਼ੀ ਭਿੰਨ-ਭੇਦ ਵੇਖਣ ਨੂੰ ਮਿਲਦਾ ਹੈ। ਇਹ ਬਹੁਤ ਹੀ ਗੰਭੀਰ ਤੇ ਚਿੰਤਾ ਦਾ ਵਿਸ਼ਾ ਹੈ ਕਿ ਕਿਸੇ ਵੀ ਸਿੱਖ ਸੰਸਥਾ ਵੱਲੋਂ ਇਸ ਵਿਸ਼ੇ ਉੱਪਰ ਸਿੱਖ ਧਰਮ ਨੂੰ ਮੰਨਣ ਵਾਲੇ ਲੋਕਾਂ ਨੂੰ ਜਾਗਰੂਕ ਕਰਨਾ ਮੇਰੇ ਧਿਆਨ ਵਿਚ ਨਹੀਂ ਆਇਆ। ਬਠਿੰਡਾ ਜ਼ਿਲ੍ਹੇ ਦੇ ਇਕ ਖਾਸ ਡੇਰੇ ਬਾਰੇ ਪੁਸਤਕ 'ਸ਼ੇਰਨੀ ਦਾ ਦੁੱਧ' ਵਿਚ ਵੀ ਜ਼ਿਕਰ ਕੀਤਾ ਗਿਆ ਸੀ ਕਿ ਕਿਵੇਂ ਉਸ ਡੇਰੇ ਵਿਚ ਅਨੁਸੂਚਿਤ ਜਾਤੀ ਦੇ ਲੋਕਾਂ ਨਾਲ ਵਿਤਕਰਾ ਤੇ ਭੇਦਭਾਵ ਹੁੰਦਾ ਹੈ। ਹਾਲਾਂਕਿ ਉਸ ਡੇਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ।" (ਲੱਧੜ, *ਰੋਜ਼ਾਨਾ ਪੰਜਾਬੀ ਜਾਗਰਣ 11.11.2017* 6) ਸੋ, ਗੁਰੂ ਸਾਹਿਬ ਦੀ ਵਿਚਾਰਧਾਰਾ "ਸਰਬ ਸਬਦੰ ਏਕ ਸਬਦੰ" (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 469) ਅਜੋਕੀਆਂ ਪ੍ਰਸਥਿਤੀਆਂ ਵਿਚ ਬੜੀ ਢੁਕਵੀਂ ਦਿਖਾਈ ਦਿੰਦੀ ਹੈ।

### 2.1.2 ਔਰਤ

"ਸਾਧਨ ਦਹੀ ਵਿਲੋਵੈ॥" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 150) ਤੁਕਾਂਗ ਰਾਹੀਂ ਤਤਕਾਲੀ ਦੌਰ ਵਿਚ ਔਰਤ ਦੁਆਰਾ ਘਰੇਲੂ ਜ਼ਿੰਮੇਵਾਰੀ ਨਿਭਾਏ ਜਾਣ ਦਾ ਉਲੇਖ ਹੈ। ਹੇਠ ਲਿਖੀਆਂ ਪੰਕਤੀਆਂ ਵਿਚ ਵੀ ਔਰਤ ਦੁਆਰਾ ਨਿਭਾਈ ਗਈ ਘਰੇਲੂ ਜ਼ਿੰਮੇਵਾਰੀ ਦਾ ਉਲੇਖ ਹੈ। ਆਖਿਆ ਗਿਆ ਹੈ ਕਿ ਜੇਕਰ ਘਰ ਵਿਚ ਭਗਤੀ ਭਾਵ ਵਾਲੀ ਨਾਰੀ ਹੋਵੇ ਅਤੇ ਉਹ ਘਰ ਪ੍ਰਤਿ ਨਾਲ ਸਮਰਪਿਤ ਹੋਵੇ ਤਾਂ ਉਹ ਕਈ ਤਰ੍ਹਾਂ ਦੇ ਖੱਟੇ-ਮਿੱਠੇ ਰਸ ਪਾ ਕੇ ਸਲੂਣੀਆਂ (ਭਾਜੀਆਂ) ਤਿਆਰ ਕਰਦੀ ਹੈ:

ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ॥

ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1413)

ਔਰਤ ਪ੍ਰਤਿ ਮਨੁੱਖ ਦੇ ਮਨ ਵਿਚ ਡੂੰਘੀ ਤਾਂਘ (ਇੱਛਾ) ਹੁੰਦੀ ਸੀ, ਪੁੱਤਰ ਅਤੇ ਧਨ ਦੀ ਪ੍ਰਾਪਤੀ ਵਾਂਗ ਬਹੁਤੇ ਕਾਮ-ਗ੍ਰਸਤ ਅਤੇ ਆਪ-ਹੁਦਰੇ ਮਨੁੱਖ ਇਸਤਰੀ ਦੇ ਹੁਕਮ ਅਧੀਨ ਵਿਚਰਦੇ ਸਨ ਤੇ ਉਸਦੇ ਹਰ ਹੁਕਮ ਦੀ ਪਾਲਣਾ ਕਰਦੇ ਸਨ:

ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 307)

ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ॥
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ॥
ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 304)

ਵਿਆਹ ਤੋਂ ਪਹਿਲਾਂ ਕੁਆਰੀ ਲੜਕੀ ਨੂੰ ਵੀ ਵਿਆਹ ਦਾ ਬੜਾ ਚਾਅ ਹੁੰਦਾ ਸੀ ਪਰ ਵਿਆਹੇ ਜਾਣ ਤੋਂ ਬਾਅਦ ਸਿਰ ਪੈਣ ਵਾਲੀਆਂ ਜ਼ਿੰਮੇਵਾਰੀਆਂ ਇਸ ਚਾਅ ਨੂੰ ਜਲਦੀ ਹੀ ਮੱਠਾ ਕਰ ਦਿੰਦੀਆਂ ਸਨ ਪਰ ਹੁਣ ਸਥਿਤੀ ਅਜਿਹੀ ਬਣ ਚੁੱਕੀ ਹੁੰਦੀ ਸੀ ਕਿ ਪਹਿਲਾਂ ਜਿਹਾ ਜੀਵਨ ਮੁੜ ਪ੍ਰਾਪਤ ਨਹੀਂ ਸੀ ਹੋ ਸਕਦਾ:

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ॥
ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਗੁਰੂ ਸਾਹਿਬ ਸੰਬੋਧਨੀ ਸ਼ਬਦਾਂ ਵਿਚ ਕਈ ਵਾਰ 'ਹੇ ਮਾਂ' ਆਖ ਕੇ ਅਗਲੀ ਗੱਲ ਕਰਦੇ ਹਨ, ਜਿਸ ਤੋਂ ਮਾਂ ਪ੍ਰਤਿ ਭਾਵਨਾਤਮਕ ਲਗਾਅ ਦਾ ਪ੍ਰਗਟਾਵਾ ਹੁੰਦਾ ਹੈ:

ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ [5]ਮਾਇ॥
(ਮਹਲਾ 4, *ਸ੍ਰੀ ਗੁਰੂ ਗ੍ਰੰਥ ਸਾਹਿਬ* 310)

ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ॥ (ਮਹਲਾ 3, *ਸ੍ਰੀ ਗੁਰੂ ਗ੍ਰੰਥ ਸਾਹਿਬ* 514)

ਸ਼ਿੰਗਾਰ ਔਰਤ ਦੇ ਜੀਵਨ ਦਾ ਇੱਕ ਅਹਿਮ ਪਹਿਲੂ ਸੀ। ਹੇਠ ਲਿਖੀ ਪੰਕਤੀ ਵਿਚ ਇਸੇ ਸ਼ਿੰਗਾਰ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਜੀਵ ਇਸਤਰੀ ਦੇ ਅਸਲ ਸ਼ਿੰਗਾਰ ਦੀ ਗੱਲ ਕਰਦੇ ਹਨ:

ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥ (ਮਹਲਾ 3, *ਸ੍ਰੀ ਗੁਰੂ ਗ੍ਰੰਥ ਸਾਹਿਬ* 311)

ਔਰਤਾਂ ਸਿਰ ਉੱਪਰ ਕੱਪੜਾ ਲੈਂਦੀਆਂ ਸਨ (ਸਿਰ ਢਕਦੀਆਂ ਸਨ)। ਹੇਠ ਲਿਖੇ ਤੁਕਾਂਗ ਵਿਚ ਸਿਰ ਉੱਪਰ ਲਏ ਜਾਣ ਵਾਲੇ ਪਟ (ਰੇਸ਼ਮ) ਦੇ ਕੱਪੜੇ ਨੂੰ ਪਾੜ ਸੁੱਟਣ ਦਾ ਪ੍ਰਸੰਗ ਹੈ:

ਫਰੀਦਾ ਪਾੜ [6]ਪਟੋਲਾ [7]ਧਜ ਕਰੀ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

"ਮੱਧਕਾਲੀ ਸਮਾਜ ਪੁਰਖ ਪ੍ਰਧਾਨ ਸਮਾਜ ਸੀ। ਉਸ ਵਿਚ ਔਰਤ ਨੂੰ ਭੰਡਿਆ ਜਾਂਦਾ ਸੀ। ਏਨਾ ਜ਼ਿਆਦਾ ਕਿ ਉਸ ਦਾ ਨਾਮ ਹੀ ਭੰਡ ਪੈ ਗਿਆ।" (ਗਿੱਲ, *ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ* 44) ਇਸੇ ਪਰਿਪੇਖ ਦੇ ਸਨਮੁਖ ਗੁਰੂ ਸਾਹਿਬ ਔਰਤ ਦੀ ਮਹੱਤਤਾ ਉਜਾਗਰ ਕਰਦੇ ਹੋਏ ਆਖਦੇ ਹਨ ਕਿ ਔਰਤ ਹੀ ਮਨੁੱਖ ਦੀ ਜਨਮ-ਦਾਤੀ ਹੈ ਅਤੇ ਇਹੀ ਮਨੁੱਖ ਨੂੰ ਪਾਲਦੀ-ਪੋਸਦੀ ਹੈ। ਔਰਤ ਦੇ ਨਾਲ ਹੀ ਆਦਮੀ ਦਾ ਮੰਗਣਾ ਅਤੇ ਵਿਆਹ ਹੁੰਦਾ ਹੈ। ਇਸੇ ਦੇ ਸਦਕਾ ਹੀ ਸਾਕ ਬਣਦੇ ਹਨ ਤੇ ਸੰਸਾਰ ਦਾ ਵਿਹਾਰ

ਚੱਲਦਾ (ਅੱਗੇ ਵਧਦਾ) ਹੈ। ਜਦੋਂ (ਵਿਆਹੀ ਹੋਈ) ਔਰਤ ਮਰ ਜਾਵੇ ਤਾਂ ਦੂਜੇ ਵਿਆਹ ਲਈ ਫਿਰ ਔਰਤ ਹੀ ਢੂੰਢੀਦੀ ਹੈ ਭਾਵ ਔਰਤ ਦਾ ਕੋਈ ਵੀ ਬਦਲ ਨਹੀਂ। ਇਸੇ ਨਾਲ ਹੀ ਰਿਸ਼ਤੇਦਾਰੀ ਦਾ ਪ੍ਰਚਲਨ ਸਿਰੇ ਲੱਗਦਾ ਹੈ। ਅਜਿਹੀ ਸ਼ਖਸੀਅਤ, ਜੋ ਰਾਜਿਆਂ ਨੂੰ ਜਨਮ ਦੇਵੇ, ਮੰਦਾ ਅਖਵਾਏ ਜਾਣ ਦੀ ਅਧਿਕਾਰੀ ਕਿੰਝ ਹੋ ਗਈ? ਔਰਤ ਤੋਂ ਹੀ ਤਾਂ ਦੁਨੀਆ ਦੀ ਪੈਦਾਇਸ਼ ਦਾ ਸਿਲਸਿਲਾ ਅੱਗੇ ਚਲਦਾ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)

ਹੇਠ ਲਿਖੀ ਤੁਕ ਵਿਚ ਵੀ ਬਿਆਨ ਹੈ ਕਿ ਮਰਦ ਦਾ ਜਨਮ ਇਸਤਰੀ ਦੇ ਹੀ ਪੇਟੋਂ ਹੁੰਦਾ ਹੈ, ਇਸਤਰੀ ਰਾਹੀਂ ਹੀ ਇਸਦਾ ਪਾਲਣ-ਪੋਸ਼ਣ ਹੁੰਦਾ ਹੈ, ਜਦ ਇਹ ਵੱਡਾ ਹੁੰਦਾ ਹੈ ਤਾਂ ਇਹ ਕਿਸੇ ਔਰਤ ਨਾਲ ਹੀ ਮੰਗਿਆ ਅਤੇ ਵਿਆਹਿਆ ਜਾਂਦਾ ਹੈ। ਜੁਆਨ ਹੋ ਕੇ ਆਦਮੀ ਜਦੋਂ ਵਿਆਹਿਆ ਜਾਂਦਾ ਹੈ ਤਾਂ ਔਰਤ ਉਸਦੇ ਘਰ ਆਉਂਦੀ ਹੈ। ਮਨੁੱਖ ਦੀ ਗ੍ਰਿਹਸਥੀ ਅੱਗੇ ਤੁਰਦੀ ਹੈ, ਬੱਚੇ ਹੁੰਦੇ ਹਨ ਤੇ ਸਾਕਾਦਾਰੀ ਵਧਦੀ ਜਾਂਦੀ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1289)

ਹਿੰਦੂਆਂ ਵਿਚ ਤਦ ਇੱਕੋ ਵਿਆਹ ਦਾ ਰਿਵਾਜ ਸੀ। ਦੂਜਾ ਵਿਆਹ ਪਹਿਲੀ ਪਤਨੀ ਦੀ ਮੌਤ ਹੋ ਜਾਣ ਅਥਵਾ ਬਾਂਝ ਹੋਣ ਦੀ ਸੂਰਤ ਵਿਚ ਹੀ ਹੁੰਦਾ ਸੀ[8] ਪਰ ਇਹ ਵੀ ਦੱਸਿਆ ਜਾਂਦਾ ਹੈ ਕਿ ਮੱਧਕਾਲੀ ਹਿੰਦੂਆਂ ਵਿਚ ਵੀ ਇੱਕ ਤੋਂ ਵੱਧ ਪਤਨੀਆਂ ਰੱਖਣ ਦਾ ਰਿਵਾਜ ਸੀ।[9] ਹਿੰਦੂ ਅਤੇ ਮੁਸਲਮਾਨ ਦੋਹਾਂ ਫ਼ਿਰਕਿਆਂ ਵਿਚ ਹੀ ਔਰਤ ਦੀ ਸਥਿਤੀ ਤਰਸਯੋਗ ਸੀ।[10]

ਗੁਣਾਂ ਵਾਲੀ ਸੰਤਾਨ ਨੂੰ ਜਨਮ ਦੇਣ ਵਾਲੀ ਮਾਂ ਨੂੰ ਧੰਨ ਕਿਹਾ ਗਿਆ ਹੈ[11] ਕਿਉਂਕਿ ਮਾਂ ਦੇ ਵਿਅਕਤਿਤਵ ਦਾ ਸੰਤਾਨ ਦੀ ਚਰਿੱਤਰ ਉਸਾਰੀ 'ਤੇ ਬੜਾ ਪ੍ਰਭਾਵ ਪੈਂਦਾ ਹੈ। ਹੇਠ ਲਿਖੇ ਸਲੋਕ ਵਿਚ ਕਬੀਰ ਜੀ ਸਾਕਤ (ਮਾਇਆ ਦੇ ਪੁਜਾਰੀ) ਦੀ ਮਾਂ ਨੂੰ ਬੁਰੀ ਆਖਦੇ ਹਨ ਜਿਹੜੀ ਪਾਪਾਂ ਨਾਲ ਗ੍ਰਸਤ ਹੈ। ਸੰਭਵ ਹੈ ਕਿ ਉਸੇ ਦੀ ਅਜਿਹੀ ਪ੍ਰਵਿਰਤੀ ਕਾਰਨ ਹੀ ਉਸਦੀ ਸੰਤਾਨ ਵੀ ਜੋੜ-ਤੋੜ ਨਾਲ ਧਨ-ਪਦਾਰਥ ਇਕੱਤਰ ਕਰਨ ਦੀ ਰੁਚੀ ਵਾਲੀ ਬਣੀ। ਸਪਸ਼ਟ ਹੈ ਕਿ ਸੰਤਾਨ ਵਿਚ ਗੁਣ ਪੈਦਾ ਕਰਨ ਤੋਂ ਪਹਿਲਾਂ ਮਾਪਿਆਂ ਨੂੰ ਖ਼ੁਦ ਗੁਣ ਧਾਰਨ ਕਰਨੇ ਚਾਹੀਦੇ ਹਨ:

ਵਿਚੇ ਗ੍ਰਿਹਿ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ॥
ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ॥ (ਮਹਲਾ 3, *ਸ੍ਰੀ ਗੁਰੂ ਗ੍ਰੰਥ ਸਾਹਿਬ* 513)
ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥

ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਵਿਆਹੁਤਾ ਇਸਤਰੀ ਉੱਪਰ ਪ੍ਰਭਾਵ ਰੱਖਣ ਲਈ ਸੱਸ ਦੇ ਪੁੱਤਰ (ਦਿਓਰ, ਜੇਠ) ਸਹਿਜ ਹੀ ਸਹਾਇਕ ਹੁੰਦੇ ਸਨ। ਹੇਠ ਲਿਖੀ ਪੰਕਤੀ ਵਿਚ ਦਿਓਰ ਤੇ ਜੇਠ ਦੀ ਅਣਹੋਂਦ ਵਿਚ ਵਿਆਹੁਤਾ ਇਸਤਰੀ ਸੱਸ ਦੇ ਡਰ ਤੋਂ ਇਨਕਾਰੀ ਹੁੰਦੀ ਦਿਖਾਈ ਦੇ ਰਹੀ ਹੈ। ਦੂਜੇ ਪਾਸੇ, ਜਦੋਂ ਪਤੀ ਨਾਲ ਪੂਰੀ ਸਹਿਮਤੀ ਹੋਵੇ ਤਾਂ ਸੱਸ ਚਾਹੇ ਵੈਰਨ ਹੋਵੇ, ਸਹੁਰਾ ਚਾਹੇ ਝਗੜਾਲੂ ਹੋਵੇ, ਜੇਠ ਚਾਹੇ ਪਲ-ਪਲ ਦੁੱਖ ਦੇਣ ਵਾਲਾ ਹੋਵੇ; ਕਿਸੇ ਦੀ ਪਰਵਾਹ ਨਹੀਂ:

ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 642)

ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ॥

ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂਹੈ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 963)

ਪਤੀ ਘਰ ਹੋਵੇ, ਉਹ ਆਪਣੀ ਨਾਰ ਦਾ ਦੁੱਖ-ਸੁੱਖ ਸਮਝਣ ਵਾਲਾ ਵੀ ਹੋਵੇ, ਤਾਂ ਖ਼ੁਸ਼ੀਆਂ ਹੀ ਖ਼ੁਸ਼ੀਆਂ। ਪਤੀ ਨਾਲ ਹੀ ਸਹਿਮਤੀ ਨਾ ਹੋਵੇ ਤਾਂ ਅਜਿਹੀ ਇਸਤਰੀ ਦੀ ਸਾਰ ਕੌਣ ਲੈਂਦਾ ਸੀ? ਪਤੀ ਹੀ ਬਾਤ ਨਾ ਪੁੱਛੇ ਤਾਂ ਇਸਤਰੀ ਲਈ ਸਹੁਰੇ ਅਤੇ ਪੇਕੇ, ਦੋਵੇਂ ਪਰਾਇਆਂ ਵਾਂਗ ਹੀ ਹੁੰਦੇ ਸਨ। ਤਦ ਉਹ ਸਿਰਫ਼ ਨਾਂ ਦੀ ਹੀ ਸੁਹਾਗਣ ਰਹਿ ਜਾਂਦੀ ਸੀ:

ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥

ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1095)

ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ॥

ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ॥

ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਪਰਾਈ ਇਸਤਰੀ (ਵੱਲ) ਵੱਲ ਦੇਖ ਕੇ ਗੱਲਾਂ ਕਰਨ ਵਾਲੇ ਮਤਿਹੀਨ ਮਨੁੱਖ! ਹਰ ਪਾਸੇ ਕੰਤ-ਪ੍ਰਭੂ ਨੂੰ ਤੱਕ। ਇੱਥੇ ਇਸਤਰੀ ਦੀ ਤੁਲਨਾ ਵੇਲ ਨਾਲ ਹੈ। ਵੇਲ-ਰੂਪੀ ਇਸਤਰੀ ਦੇ ਇਸ ਚਿੰਨ੍ਹ ਦੀ ਵਿਆਖਿਆ ਕਰਦੇ ਹੋਏ ਪ੍ਰੋ. ਸਾਹਿਬ ਸਿੰਘ ਲਿਖਦੇ ਹਨ, "ਵੇਲਿ ਰੁੱਖ ਦੇ ਆਸਰੇ ਵਧਦੀ ਫੁੱਲਦੀ ਹੈ, ਇਸਤ੍ਰੀ ਪਤੀ ਦੇ ਆਸਰੇ ਸੁਖੀ ਰਹਿ ਸਕਦੀ ਹੈ।" (*ਗੁਰੂ ਗ੍ਰੰਥ ਸਾਹਿਬ ਦਰਪਣ* 4532) ਸਪਸ਼ਟ ਹੈ ਕਿ ਤਤਕਾਲੀ ਦੌਰ ਵਿਚ ਇਸਤਰੀ ਦੇ ਸੁਖੀ ਜੀਵਨ ਦਾ ਆਧਾਰ ਪਤੀ ਹੀ ਸੀ:

ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1095)

ਪਤੀ ਦੇ ਆਖੇ ਅਨੁਸਾਰ ਚੱਲਣ ਵਾਲੀ ਇਸਤਰੀ ਨੂੰ ਚੰਗੀ ਗਿਣਿਆ ਜਾਂਦਾ ਸੀ। ਉਹ ਸਹੁਰੇ ਪਰਿਵਾਰ ਦੇ ਬਾਕੀ ਜੀਆਂ ਵਾਂਗ ਵਿਚਰਨ ਦੀ ਅਤੇ ਕਿਸੇ ਦੀ ਵਧੀਕੀ ਵੀ ਸਹਿਣ ਦੀ ਜਾਚ ਸਿੱਖ ਜਾਂਦੀ ਸੀ ਤਾਂ ਉਸਦੀ ਪੇਕੇ ਅਤੇ ਸਹੁਰੇ, ਦੋਹਾਂ ਪਰਿਵਾਰਾਂ ਵਿਚ, ਸ਼ੋਭਾ ਹੁੰਦੀ ਸੀ:

ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 651)

ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ॥

ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 786)

ਆਪਣੇ-ਆਪ ਵਿਚ ਹੀ ਰਹਿਣ ਵਾਲੀ, ਸਿਰਫ਼ ਆਪਣਾ ਹੀ ਧਿਆਨ ਰੱਖਣ ਵਾਲੀ ਇਸਤਰੀ ਕੁਚੱਜੀ ਗਿਣੀ ਜਾਂਦੀ ਸੀ। ਅਜਿਹੀ ਇਸਤਰੀ ਨੂੰ ਪਤੀ ਦਾ ਪਿਆਰ ਨਹੀਂ ਸੀ ਮਿਲਦਾ। ਆਚਰਨ ਵਾਲੀ, ਚੱਜ-ਆਚਾਰ ਵਾਲੀ ਇਸਤਰੀ ਪਰਵਾਨ ਹੁੰਦੀ ਸੀ। ਪਤੀ ਨਾਲ ਪਿਆਰ ਰੱਖਣ ਵਾਲੀ ਇਸਤਰੀ ਸਦਾ ਚੰਗੀ ਆਖੀ ਜਾਂਦੀ ਸੀ:

ਮਹਲ ਕੁਚਜੀ [12]ਮੜਵੜੀ ਕਾਲੀ ਮਨਹੁ ਕਸੁਧ॥

ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1088)

ਸਾਚੁ [13]ਸੀਲ ਸਚੁ [14]ਸੰਜਮੀ ਸਾ ਪੂਰੀ ਪਰਵਾਰਿ॥

ਨਾਨਕ ਅਹਿਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1088)

ਪਤੀ ਦੀ ਹਜ਼ੂਰੀ ਵਿਚ (ਸੇਵਾ ਵਿਚ) ਹਾਜ਼ਰ ਰਹਿਣ ਵਾਲੀ ਔਰਤ ਪਰਵਾਨ ਚੜ੍ਹਦੀ ਸੀ, ਉਹ ਸ਼ੋਭਾਵੰਤੀ ਅਖਵਾਉਂਦੀ ਸੀ। ਸੇਜ-ਸੁੱਖ ਵੀ ਔਰਤ ਤਾਂ ਹੀ ਮਾਣ ਸਕਦੀ ਸੀ ਜੇਕਰ ਉਸਦਾ ਪਤੀ ਉਸ ਨਾਲ ਸਹਿਮਤ ਹੋਵੇ। "ਪਿਰੁ ਖੁਸੀਏ ਧਨ ਰਾਵੀਏ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1088) ਤੁਕਾਂਗ ਵੀ ਇਸੇ ਤੱਥ ਦੀ ਹਾਮੀ ਭਰਦਾ ਹੈ।[15] ਜੇਕਰ ਉਹੀ (ਪਤੀ ਹੀ) ਨਰਾਜ਼ ਹੋਵੇ ਤਾਂ ਕੀਤਾ ਹੋਇਆ ਸ਼ਿੰਗਾਰ ਵੀ ਅਜਾਈਂ ਹੀ ਜਾਂਦਾ ਸੀ:

ਨਾਨਕ ਧਨ ਆਗੈ ਖੜੀ ਸੋਭਾਵੰਤੀ ਨਾਰਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1088)

ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ॥

ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ॥

ਕਾਮਣਿ ਪਿਰ ਮਨੁ ਮਾਨਿਆ ਤਉ ਬਣਿਆ ਸੀਗਾਰੁ॥

ਕੀਆ ਤਉ ਪਰਵਾਣੁ ਹੈ ਜਾ ਸਹੁ ਧਰੇ ਪਿਆਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ॥

ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ॥ (ਮਹਲਾ 3, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਨਾਤੀ ਧੋਤੀ [16]ਸੰਬਹੀ ਸੁਤੀ ਆਇ [17]ਨਚਿੰਦੁ॥

ਫਰੀਦਾ ਰਹੀ ਸੁ [18]ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਬਿਜਲੀਆਂ ਚਮਕ ਰਹੀਆਂ ਹੋਣ, ਕਾਲੀਆਂ ਘਟਾਂ ਗਰਜ ਰਹੀਆਂ ਹੋਣ, ਮੂਹਲ਼ੇਧਾਰ ਵਰਖਾ ਹੋ ਰਹੀ ਹੋਵੇ, ਇਹ ਸਾਰਾ ਅਨੰਦਮਈ ਮੰਡਲ ਇਸਤਰੀ ਲਈ ਤਾਂ ਹੀ ਸੁਖਦਾਈ ਹੁੰਦਾ ਸੀ ਜੇਕਰ ਉਸਦਾ ਪਤੀ ਉਸਦੇ ਨਾਲ ਹੋਵੇ। ਵਰਖਾ ਦੇ ਪਾਣੀ ਨਾਲ ਧਰਤੀ ਸਿੰਜੀ ਗਈ ਹੋਵੇ, ਮਗਰੋਂ ਠੰਢੀ-ਠੰਢੀ ਹਵਾ ਦੇ ਝੋਲੇ ਆ ਰਹੇ ਹੋਣ, ਕੀਮਤੀ ਪੱਥਰਾਂ ਨਾਲ ਜੜੀ ਹੋਈ ਸੇਜ ਸੋਹਣੀ ਦਿਖਾਈ

ਦੇ ਰਹੀ ਹੋਵੇ, ਸ਼ਗਨਾਂ ਦਾ ਲਿਬਾਸ ਵੀ ਇਸਤਰੀ ਵੱਲੋਂ ਪਾਇਆ ਹੋਇਆ ਹੋਵੇ ਪਰ, ਜੇਕਰ ਪਤੀ ਹੀ ਨੇੜੇ ਨਹੀਂ ਤਾਂ ਸਭ ਕੁਝ ਦੁਖਦਾਈ ਹੋ ਨਿਬੜਦਾ ਸੀ:

ਨਾਨਕ ਬਿਜੁਲੀਆ ਚਮਕੰਨਿ ਘੁਰਨਿ੍ ਘਟਾ ਅਤਿ ਕਾਲੀਆ॥

ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1102)

ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ॥

ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ॥

ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1102)

"ਬਾਲੀ[19] ਰੋਵੈ [20]ਨਾਹੀ ਭਤਾਰੁ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 954) ਅਨੁਸਾਰ, ਉਹ ਪਤਨੀ ਜਿਸਦਾ ਪਤੀ ਘਰ ਨਹੀਂ ਸੀ ਹੁੰਦਾ ਉਹ ਰੋਂਦੀ ਸੀ। ਪ੍ਰੋ. ਸਾਹਿਬ ਸਿੰਘ ਅਨੁਸਾਰ 'ਬਾਲੀ' ਦਾ ਅਰਥ ਹੈ, ਉਹ ਇਸਤਰੀ ਜਿਸਦੇ ਸਿਰ 'ਤੇ ਪਤੀ ਨਾ ਰਹੇ।[21] ਪਰਦੇਸ ਗਏ ਹੋਏ ਪਤੀ ਦੀ ਇਸਤਰੀ ਕੋਲ ਸਿਵਾਏ ਝੂਰਨ ਦੇ ਹੋਰ ਕੁਝ ਨਹੀਂ ਸੀ ਹੁੰਦਾ। ਉਨ੍ਹਾਂ ਨੂੰ ਤਾਂ ਬਸੰਤ ਰੁੱਤ ਵਾਲੀ ਵਾਤਾਵਰਨ ਦੀ ਸੁੰਦਰਤਾ ਵੀ ਤਨ-ਮਨ ਸਾੜਦੀ ਹੋਈ ਪ੍ਰਤੀਤ ਹੁੰਦੀ ਸੀ:

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥

ਜਿਨ ਕੇ ਕੰਤ [22]ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 791)

ਔਰਤ, ਪਤੀ ਦੇ ਦੁੱਖ-ਸੁੱਖ ਵਿਚ, ਬਰਾਬਰ ਦੀ ਭਾਗੀਦਾਰ ਹੁੰਦੀ ਸੀ। ਇਹ ਪਤੀ ਪ੍ਰਤਿ ਔਰਤ ਦਾ ਪਿਆਰ ਹੀ ਸੀ ਜਿਹੜਾ ਉਸ ਵਿਚ ਏਨਾ ਸਿਦਕ ਭਰ ਦਿੰਦਾ ਸੀ। ਜਿਨ੍ਹਾਂ ਦੇ ਦਿਲ ਵਿਚ ਆਪਣੇ ਪਤੀ ਦੀ ਕਦਰ ਨਹੀਂ ਸੀ ਹੁੰਦੀ ਉਹ ਕਦੋਂ ਉਸਦੇ ਦੁੱਖ ਵਿਚ ਉਸ ਨਾਲ ਖੜ੍ਹਦੀਆਂ ਸਨ? ਉਨ੍ਹਾਂ ਵੱਲੋਂ ਤਾਂ ਪਤੀ ਭਾਵੇਂ ਜੀਵੇ ਜਾਂ ਮਰੇ। ਉਹ ਤਾਂ ਉਸਨੂੰ (ਪਤੀ ਨੂੰ) ਦੁੱਖ ਵਿਚ ਦੇਖ ਕੇ ਦੂਰੋਂ ਹੀ ਦੌੜ ਜਾਂਦੀਆਂ ਸਨ:

ਕੰਤਾ ਨਾਲ ਮਹੇਲੀਆ ਸੇਤੀ ਅਗਿ ਜਲਾਹਿ॥

ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ॥

ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥

ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 787)

ਚੋਰਾਂ, ਵਿਭਚਾਰੀ ਬੰਦਿਆਂ/ਔਰਤਾਂ ਅਤੇ ਵਿਭਚਾਰ ਕਰਵਾਉਣ ਵਾਲੀਆਂ ਦੀ ਮਾਨਸਿਕਤਾ (ਵਿਕਾਰਾਂ ਵਾਲੀ) ਇੱਕੋ ਜਿਹੀ ਹੋਣ ਕਾਰਨ ਉਨ੍ਹਾਂ ਨੂੰ ਇਕੱਠੇ (ਸਮੂਹ ਵਿਚ) ਵਿਚਰਦਿਆਂ ਦੇਖਿਆ ਜਾਂਦਾ ਸੀ। ਗੁਰੂ ਅੰਗਦ ਦੇਵ ਜੀ ਦਾ ਕਥਨ ਹੈ ਕਿ ਵਿਵਾਦਾਂ ਦੇ ਇਸ ਦੌਰ ਦਾ ਨਿਆਂ ਇਹੀ ਹੈ ਕਿ ਸ਼ਰਾਰਤੀ ਆਦਮੀ ਮੋਹਤਬਰ ਹੈ ਅਤੇ ਝੂਠ ਨੂੰ ਆਸਰਾ ਬਣਾ ਕੇ ਵਿਚਰਨ ਵਾਲੀ ਔਰਤ ਨੂੰ ਮਾਣ ਮਿਲਦਾ ਹੈ:

ਚੋਰਾ ਜਾਰਾ [23]ਰੰਡੀਆ ਕੁਟਣੀਆ [24]ਦੀਬਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥

ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਵੇਸਵਾ-ਗਮਨ ਦਾ ਪ੍ਰਚਲਨ ਵੀ ਸੀ। ਹੇਠ ਲਿਖੀ ਪੰਕਤੀ ਵਿਚ ਆਖਿਆ ਗਿਆ ਹੈ ਕਿ ਵੇਸਵਾ ਦੇ ਪੁੱਤ ਨੂੰ ਪਿਤਾ ਦਾ ਨਾਂ ਨਹੀਂ ਮਿਲਦਾ:

ਬੈਸੁਆ ਕੇਰੇ ਪੂਤ ਜਿਉ ਪਿਤਾ ਨਾਮੁ ਤਿਸੁ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1415)

ਗੁਰਬਾਣੀ ਅਨੁਸਾਰ ਇੱਕ ਅਕਾਲ ਪੁਰਖ ਰੂਪ ਪਤੀ ਤੋਂ ਬਿਨਾ ਕੀ ਮਰਦ ਕੀ ਔਰਤ ਸਭ ਇਸਤਰੀ-ਰੂਪ ਹਨ, ਜਿਸਨੂੰ ਵਿਦਵਾਨਾਂ ਨੇ ਜੀਵ ਇਸਤਰੀ ਨਾਮ ਦਿੱਤਾ ਹੈ। ਗੁਰੂ ਸਾਹਿਬ ਦਾ ਉੱਪਰਲੇ ਦ੍ਰਿਸ਼ਟਾਂਤ ਦੇਣ ਦਾ ਭਾਵ ਹੈ ਕਿ ਜਿਸ ਤਰ੍ਹਾਂ ਇੱਕ ਇਸਤਰੀ ਆਪਣੇ ਪਤੀ ਨੂੰ ਰਿਝਾਉਣ ਲਈ ਅਨੇਕ ਯਤਨ ਕਰਦੀ ਹੈ ਉਸੇ ਤਰ੍ਹਾਂ ਜੀਵ ਇਸਤਰੀ (ਮਨੁੱਖ) ਨੂੰ ਵੀ ਆਪਣੇ ਪ੍ਰਭੂ-ਰੂਪ ਪਤੀ ਨੂੰ ਰਿਝਾਉਣ ਲਈ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਉਹ ਉਸਦੀ ਨੇੜਤਾ ਹਾਸਲ ਕਰ ਸਕੇ ਅਤੇ ਉਸਦਾ ਜੀਵਨ ਸੁਖਮਈ ਹੋ ਸਕੇ:

ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 311)

ਸਤੀ ਪ੍ਰਥਾ ਦਾ ਰਿਵਾਜ ਸੀ। "ਗੁਰਬਾਣੀ ਵਿਚ ਸਤੀ ਹੋਣ ਦੇ ਕਈ ਹਵਾਲੇ ਮਿਲਦੇ ਹਨ।" (ਭੱਟੀ *ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਕ ਸਰੋਕਾਰ* 106) "ਮੁਸਲਮਾਨ ਵੀ ਇਸ ਪ੍ਰਥਾ ਤੋਂ ਅਛੂਤੇ ਨਹੀਂ ਸਨ।[25] ਗੁਰੂ ਅਮਰਦਾਸ ਜੀ ਕ੍ਰਿਤ ਨਿਮਨ ਸਲੋਕ ਵਿਚ ਇਸ ਪ੍ਰਥਾ ਦਾ ਉਲੇਖ ਮਿਲਦਾ ਹੈ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥

ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 787)

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖ ਰਹੰਨਿ੍॥

ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲਨਿ੍॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 787)

ਗੁਰੂ ਸਾਹਿਬ ਦਾ ਕਥਨ ਹੈ ਕਿ ਮਰ ਚੁੱਕੇ ਪਤੀ ਨਾਲ ਸੜ ਮਰਨਾ ਚੰਗਾ ਨਹੀਂ ਆਖਿਆ ਜਾ ਸਕਦਾ। ਚੰਗਾ ਤਾਂ ਤਦ ਹੈ ਜੇਕਰ ਵਿਧਵਾ ਔਰਤ ਆਪਣੇ ਧਰਮ ਦਾ ਪਾਲਣ ਕਰਦੀ ਹੋਈ, ਜ਼ਿੰਮੇਵਾਰੀਆਂ ਨਿਭਾਉਂਦੀ ਹੋਈ, ਸੰਸਾਰ ਵਿਚ ਵਿਚਰੇ।

ਮੋਏ ਹੋਏ ਪਤੀ ਨਾਲ ਸਤੀ ਹੋਣ ਜਾਂ ਨਾ ਹੋਣ ਦੀ ਮਰਜ਼ੀ ਔਰਤ ਦੀ ਹੁੰਦੀ ਸੀ। ਹੇਠ ਲਿਖੇ ਸਲੋਕ ਵਿਚ ਵਰਣਨ ਹੈ ਕਿ (ਔਰਤ ਦੇ) ਮਨ ਨੂੰ ਜੋ ਚੰਗਾ ਲੱਗਿਆ ਉਹਨੇ ਕਰ ਲਿਆ (ਸਤੀ ਹੋਣਾ ਸਵੀਕਾਰ ਕਰ ਲਿਆ)। ਹੁਣ ਜਦ ਸਤੀ ਹੋਣਾ ਮੰਨ ਹੀ ਲਿਆ (ਪ੍ਰਣ ਕਰ ਲਿਆ) ਤਾਂ (ਉਸਨੇ ਹੁਣ) ਪਿੱਛਾ ਮੁੜ ਕੇ ਕੀ ਦੇਖਣਾ (ਮੁੜ ਨਾਂਹ ਕਰਨ ਦਾ ਕੀ ਅਰਥ? ):

ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ॥

ਮਰਨੇ ਤੇ ਕਿਆ ਡਰਪਨਾ ਜਬ ਹਾਥ ਸਿਧਉਰਾ ਲੀਨ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

'ਸਿਧਉਰਾ' ਦੇ ਅਰਥ ਕਰਦੇ ਹੋਏ ਪ੍ਰੋ. ਸਾਹਿਬ ਸਿੰਘ ਲਿਖਦੇ ਹਨ, "ਉਹ ਨਲੀਏਰ ਜਿਸ ਨੂੰ ਸੰਧੂਰ ਲਗਾਇਆ ਹੋਇਆ ਹੈ।" (*ਗੁਰੂ ਗ੍ਰੰਥ ਸਾਹਿਬ ਦਰਪਣ* 5858) ਇਸੇ ਪ੍ਰਕਰਣ ਵਿਚ ਅੱਗੇ ਉੱਤਰਦੇ ਹੋਏ ਆਪ ਲਿਖਦੇ ਹਨ, "ਜੋ ਹਿੰਦੂ ਇਸਤ੍ਰੀ ਆਪਣੇ ਪਤੀ ਦੇ ਮਰਨ ਤੇ ਉਸ ਦੇ ਨਾਲ ਹੀ ਚਿਤਾ ਤੇ ਸੜ-ਮਰਨਾ ਚਾਹੁੰਦੀ ਸੀ ਉਹ ਆਪਣੇ ਹੱਥ ਵਿਚ ਸੰਧੂਰਿਆ ਹੋਇਆ ਨਲੀਏਰ ਫੜ ਲੈਂਦੀ ਸੀ। ਸੰਧੂਰਿਆ ਹੋਇਆ ਨਲੀਏਰ ਹੱਥ ਵਿਚ ਫੜ ਲੈਣਾ ਇਸ ਗੱਲ ਦੀ ਨਿਸ਼ਾਨੀ ਸੀ ਕਿ ਇਹ ਇਸਤ੍ਰੀ ਮੌਤ ਤੋਂ ਨਹੀਂ ਡਰਦੀ,

ਤੇ ਆਪਣੇ ਮਰੇ ਪਤੀ ਦੇ ਨਾਲ ਸੜਨ ਨੂੰ ਤਿਆਰ ਹੈ।" (*ਗੁਰੂ ਗ੍ਰੰਥ ਸਾਹਿਬ ਦਰਪਣ* 5858) ਭਾਈ ਕਾਨ੍ਹ ਸਿੰਘ ਨਾਭਾ ਸਿਧਉਰਾ ਸ਼ਬਦ ਦੇ ਅਰਥ ਕਰਦੇ ਹੋਏ ਹੇਠ ਲਿਖੇ ਅਨੁਸਾਰ ਸਤੀ ਦੇ ਚਿਖਾ ਵਿਚ ਜਲ-ਮਰਨ ਦਾ ਚਿੱਤਰ ਉਲੀਕਦੇ ਹਨ, "ਸਤੀ ਆਪਣੇ ਪਤੀ ਦੀ ਲੋਥ ਨਾਲ ਜਲਣ ਵੇਲੇ ਇੱਕ ਥਾਲੀ ਵਿੱਚ ਸ੍ਰੀਫਲ, ਸੰਧੂਰ, ਫੁੱਲ, ਸੁਪਾਰੀ ਅਤੇ ਚਾਉਲ ਰੱਖਕੇ ਘਰੋਂ ਜਾਂਦੀ ਹੈ. ਪਤੀ ਦੇ ਮੱਥੇ ਸੰਧੂਰ ਦਾ ਤਿਲਕ ਕਰਕੇ, ਬਾਕੀ ਸਾਮਗ੍ਰੀ ਜਿਵੇਂ ਦੇਵਤਾ ਦੀ ਮੂਰਤੀ ਨੂੰ ਚੜ੍ਹਾਈਦੀ ਹੈ, ਤਿਵੇਂ ਅਰਪਨ ਕਰਦੀ ਹੈ.ਫੇਰ ਚਿਤਾ ਦੀ ਪਰਕੰਮਿਆ ਕਰਕੇ ਕੁਟੰਬ ਦੇ ਲੋਕਾਂ ਤੇ ਸਿੰਧੂਰ ਛਿੜਕਦੀ ਅਤੇ ਆਸ਼ੀਰਵਾਦ ਦਿੰਦੀ ਹੈ.ਪਤੀ ਦਾ ਸਿਰ ਆਪਣੇ ਪੱਟ ਤੇ ਰੱਖਕੇ ਚਿਤਾ ਨੂੰ ਅੱਗ ਲਾਉਣ ਦੀ ਆਗਯਾ ਦਿੰਦੀ ਹੈ.ਕਈ ਗਯਾਨੀ ਸਿਧਉਰਾ ਦਾ ਅਰਥ ਨਲੀਏਰ ਕਰਦੇ ਹਨ, ਜੋ ਅਸੰਗਤ ਹੈ." (ਨਾਭਾ, *ਮਹਾਨ ਕੋਸ਼ 195)* ਹੇਠ ਲਿਖੇ ਸਲੋਕ ਵਿਚ ਵੀ ਜ਼ਿਕਰ ਹੈ ਕਿ ਚਿਖਾ 'ਤੇ ਬੈਠੀ ਸਤੀ ਸ਼ਮਸ਼ਾਨ-ਭੂਮੀ ਨਾਲ ਗੱਲ ਕਰਦੀ ਹੈ ਕਿ ਸਾਰੇ ਤਾਂ ਵਾਪਸ ਮੁੜ ਗਏ ਹਨ ਹੁਣ ਅੰਤ, ਤੇਰਾ ਤੇ ਮੇਰਾ ਕੰਮ ਹੀ ਬਾਕੀ ਰਹਿ ਗਿਆ ਹੈ:

ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ॥

ਲੋਗ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

ਪਤੀ ਦੇ ਮਰ ਜਾਣ ਮਗਰੋਂ ਔਰਤ ਦੂਜਾ ਵਿਆਹ ਨਹੀਂ ਸੀ ਕਰਵਾ ਸਕਦੀ ਅਤੇ ਵਿਧਵਾ ਔਰਤ ਦੀ ਬਾਕੀ ਜ਼ਿੰਦਗ਼ੀ ਬੜੀਆਂ ਮੁਸ਼ਕਿਲਾਂ ਭਰੀ ਹੁੰਦੀ ਸੀ। ਇਸ ਕਰਕੇ ਬਹੁਤੀਆਂ ਔਰਤਾਂ ਸਤੀ ਹੋ ਜਾਣ ਨੂੰ ਤਰਜੀਹ ਦਿੰਦੀਆਂ ਸਨ, "The condition of the widows was most fortunate in the society under discussion. Albruni writes that if a wife lost her husband by death, she could not marry another man; she had to choose between remaining a widow all her life and burning herself on the funeral pyre of her husband. She usually chose the latter alternative which was considered better because the widow was ill-treated as long as she lived. This act of self-immolation was known as *sati* and was considered highly honourable for the widow and her family. The ceremony was performed solemnly, though for the people in general it was a *tamasha* to watch the spectacle of a widow burning." (Arora and Dhillon, *Perspectives on Guru Amar Das* 12-13)

**ਅਜੋਕੀ ਸਥਿਤੀ:** ਅਜੋਕੇ ਸਮਿਆਂ ਵਿਚ ਔਰਤ ਚਾਹੇ ਮਰਦ ਨਾਲ ਬਰਾਬਰੀ ਲਈ ਜੱਦੋ-ਜਹਿਦ ਕਰ ਰਹੀ ਹੈ ਪਰ ਹਾਲਾਤ ਅਜੇ ਵੀ ਬਹੁਤੇ ਸੁਖਾਵੇਂ ਨਹੀਂ ਹਨ। ਨੈਸ਼ਨਲ ਚਾਈਲਡ ਹੈੱਲਥ ਰੀਵਿਊ, 2016 ਅਨੁਸਾਰ ਪੰਜ ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਦੀ ਮੌਤ-ਦਰ ਇਸੇ ਉਮਰ ਦੇ ਲੜਕਿਆਂ ਦੀ ਮੌਤ-ਦਰ ਤੋਂ ਵੱਧ ਹੈ[26], ਜਿਸਦਾ ਕਾਰਨ ਲੜਕੀਆਂ ਦੀ ਸਿਹਤ ਵੱਲ ਉਚਿਤ ਧਿਆਨ ਨਾ ਦੇਣਾ ਦੱਸਿਆ ਗਿਆ ਹੈ[27]। ਔਰਤਾਂ ਦੀ ਸਥਿਤੀ ਅਜੇ ਵੀ ਬਹੁਤੀ ਸੰਤੋਸ਼ਜਨਕ ਨਹੀਂ। "ਪੰਜਾਬੀ ਸਮਾਜ ਵਿਚ ਕਾਫ਼ੀ ਹਦ ਤਕ ਆਰਥਿਕ ਤੇ ਰਾਜਨੀਤਿਕ ਤਬਦੀਲੀਆਂ ਆਈਆਂ ਹਨ ਅਤੇ ਨਾਲ ਹੀ ਉਦਯੋਗਿਕ ਵਿਕਾਸ ਵੀ ਹੋਇਆ ਹੈ। ਇਕ ਪਾਸੇ ਤਾਂ ਇਹ ਆਰਥਿਕ, ਉਦਯੋਗਿਕ ਤੇ ਸੰਸਕ੍ਰਿਤਿਕ ਵਿਰਾਸਤ ਹੈ ਜਦੋਂ ਕਿ ਦੂਸਰੇ ਪਾਸੇ ਸਾਡੇ ਰਾਜ ਵਿਚ ਲਿੰਗ ਭੇਦ-ਭਾਵ ਕਾਫ਼ੀ ਹੈ। ਪੰਜਾਬੀ ਸਿਰਫ਼ ਲੜਕਿਆਂ ਦੀ ਹੀ ਪੈਦਾਇਸ਼ ਚਾਹੁੰਦੇ ਹਨ। ਪਰਿਵਾਰ ਭਾਵੇਂ ਕਿਸਾਨ, ਡਾਕਟਰ ਜਾਂ ਅਫ਼ਸਰ ਦਾ ਹੋਵੇ, ਇਸ ਨੂੰ ਧੀ-ਮਾਰੂ

ਸਟੇਟ ਹੀ ਕਿਹਾ ਜਾਂਦਾ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 45) ਸਾਡੇ ਏਥੇ ਨਾਰੀ ਸਸ਼ਕਤੀਕਰਨ ਦੇ ਹੱਕ ਵਿੱਚ ਨਾਅਰਾ ਵੀ ਮਾਰਿਆ ਜਾਂਦਾ ਰਿਹਾ ਹੈ। "ਪੰਜਾਬ 'ਚ ਕੁੜੀਮਾਰਾਂ ਖ਼ਿਲਾਫ਼ ਵੱਡੀ ਧਾਰਮਿਕ ਅਤੇ ਸਮਾਜਿਕ ਮੁਹਿੰਮ ਵਿੱਢੀ ਗਈ ਸੀ। ਸਿੱਖ ਧਰਮ 'ਚ ਤਾਂ 'ਕੁੜੀਮਾਰਾਂ ਤੇ ਨੜੀਮਾਰਾਂ' ਨੂੰ ਪੰਥ 'ਚੋਂ ਛੇਕਿਆ ਸਮਝਿਆ ਜਾਂਦਾ ਸੀ। ਸਾਫ਼ ਹੈ ਕਿ ਆਪਣੀ ਜ਼ਿੰਮੇਵਾਰੀ ਨਾ ਸਮਝ ਕੇ ਤੇ ਪੱਲਾ ਝਾੜ ਕੇ ਬੈਠ ਜਾਣ ਲਈ ਇਲਜ਼ਾਮਬਾਜ਼ੀ ਸ਼ੁਰੂ ਹੋ ਚੁੱਕੀ ਹੈ।" (ਹਰਸ਼ਿੰਦਰ ਕੌਰ, *ਰੋਜ਼ਾਨਾ ਪੰਜਾਬੀ ਜਾਗਰਣ 16.06.2016* 7)

ਖੋਜਾਂ ਦੱਸਦੀਆਂ ਹਨ ਕਿ ਡਾਕਟਰ ਵੀ ਬੀਮਾਰ ਔਰਤ ਦੁਆਰਾ ਦੱਸੇ ਗਏ ਬੀਮਾਰੀ ਦੇ ਲੱਛਣਾਂ ਨੂੰ, ਉਨ੍ਹਾਂ ਉੱਪਰ ਯਕੀਨ ਨਾ ਕਰਦੇ ਹੋਏ, ਬਹੁਤੀ ਗੰਭੀਰਤਾ ਨਾਲ ਨਹੀਂ ਲੈਂਦੇ।[28] ਔਰਤ ਵਰਗ ਨੂੰ ਮਰਦ ਦੇ ਬਰਾਬਰ ਖੜ੍ਹਾ ਕਰਨ ਲਈ, ਉਸਨੂੰ ਸੰਸਦ ਵਿਚ ਯੋਗ ਪ੍ਰਤੀਨਿਧਤਾ ਦੇਣ ਲਈ, 33% ਰਿਜ਼ਰਵੇਸ਼ਨ ਦੀ ਗੱਲ ਤੁਰਨਾ ਅਜੋਕੇ ਸਮੇਂ ਵਿਚ ਉਸਦਾ ਰੁਤਬਾ ਅਜੇ ਮਰਦ ਦੇ ਬਰਾਬਰ ਨਾ ਹੋਣ ਦੀ ਹਾਮੀ ਭਰਦਾ ਤੱਥ ਹੈ। ਪੰਜਾਬੀ ਸਮਾਜ ਮੁੱਖ ਰੂਪ ਵਿੱਚ ਅਜੇ ਵੀ ਪਿਤਾ-ਪੁਰਖੀ ਹੈ। "ਪੰਜਾਬੀ ਸਮਾਜ ਪਿਤਾ ਪੁਰਖੀ ਬਣਦਾ ਜਾ ਰਿਹਾ ਹੈ। ... ... ਪਿਤਾ ਪੁਰਖੀ ਸਮਾਜ ਜਿਸ ਉਤੇ ਨਵੀਨਤਮ ਯੁਗ ਦਾ ਕੋਈ ਅਸਰ ਨਹੀਂ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 47) ਏਥੇ ਭਾਰਤ ਦੀ ਸਰਵਉੱਚ ਅਦਾਲਤ ਦੀ ਟਿੱਪਣੀ ਵਰਣਨਯੋਗ ਹੈ, "In view of the Supreme Court as observed in Madhu Krishan v/s State of Bihar women form half of the Indian population. Women have always been discriminated against men and suffered denial and are suffering discrimination in silence. Self sacrifice and self denied are their nobility and fortitude and yet they have been subjected to all kinds of inequities, indignities, incongruities and discrimination."(Jatinder Singh, *Women's Position & Rights in India* 7)

"Girls in India lag behind boys in almost every indicator. They are less likely to be born, less likely to be taken to doctors when they are sick, less likely to go to private school and less likely to graduate fro secondary school and university. Indian girls are more likely to be anaemic than Indian boys but also fare worse than global average for anaemia. 167 out of 1,00,000 Indian girls and women die giving birth, compared to developed country average of 14... ... ... When they grow up, Indian women are far more likely to experience in home and outside it... ." (National Family and Health Survey (2015-16) *The Times of India' Daily Oct. 11 2017* 10)

ਭਾਵੇਂ ਹੁਣ ਦੇ ਹਾਲਾਤ ਮੱਧ-ਕਾਲ ਦੇ ਹਾਲਾਤਾਂ ਨਾਲੋਂ ਕਿਸੇ ਹੱਦ ਤੱਕ (ਔਰਤ ਲਈ) ਸੁਖਾਵੇਂ ਹਨ। ਸਤੀ-ਪ੍ਰਥਾ ਜਿਹੀ ਅਮਾਨਵੀ ਅਤੇ ਦਰਦਨਾਕ ਪ੍ਰਥਾ 'ਤੇ ਪਾਬੰਦੀ ਹੈ। ਔਰਤ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੀ ਹੋਈ ਕਿਸੇ ਨਾ ਕਿਸੇ ਕਿੱਤੇ ਨਾਲ ਵੀ ਜੁੜੀ ਹੋਈ ਹੈ। ਇਸੇ ਸਦਕਾ ਉਹ ਹੁਣ ਸਹੁਰਾ ਪਰਿਵਾਰ ਦੇ ਕੰਟ੍ਰੋਲ ਤੋਂ ਮੁਕਤ ਹੋਣ ਲਈ ਯਤਨਸ਼ੀਲ ਹੈ। ਉਹ ਸਾਵੀਂ-ਪੱਧਰੀ ਜ਼ਿੰਦਗੀ ਜਿਊਣ ਦੀ ਇੱਛੁਕ ਹੈ ਪਰ ਫਿਰ ਵੀ ਉਸਦੇ ਰਾਹ ਵਿੱਚ ਕਈ ਕਠਿਨਾਈਆਂ ਹਨ।

"Women getting locked up in hostels and having to pay more for them leads to the the denial of equal academic opportunities from them. Often, they are not able to access basic facilities like the library, cyber cafe, sports complex or the laboratories. The students are not able to sign up for coaching classes, internships and part-time jobs, essensial for their personal, professional and intellectual growth... ... ... Though much has not changed on the the ground yet, conversations have finally ensued." (Gupta, *The Indian Express Daily Oct. 16 2017* 9) "ਔਰਤ ਅੱਜ ਵੀ ਜ਼ੁਲਮ ਦਾ ਸ਼ਿਕਾਰ ਹੋ ਰਹੀ ਹੈ। ਔਰਤ-ਮਰਦ ਬਰਾਬਰੀ ਦੇ ਦਾਅਵੇ ਬਿਲਕੁਲ ਖੋਖਲੇ ਹਨ।" (ਗੁਰਬਿੰਦਰ ਸਿੰਘ ਮਾਣਕ, *ਅਜੀਤ ਰੋਜ਼ਾਨਾ 19.10.2017* 4)

"Techonology now makes it possible to detect the sex of a child in the womb, and many parents, once they find out it is a girl, choose to abort the foetus." (Rajan, *Empower Women* 25) "ਸਭ ਤੋਂ ਭਖਦਾ ਮੁੱਦਾ ਭਰੂਣ ਹੱਤਿਆ ਹੈ। ਪੁੱਤਰ ਦੀ ਹੋੜ ਕਾਰਣ ਕੁੜੀਆਂ ਦਾ ਕੁੱਖ ਵਿਚ ਕਤਲ ਕੀਤਾ ਜਾਂਦਾ ਹੈ। ਹਾਲਾਂਕਿ ਇਸ ਨਾਲ ਗਰਭਵਤੀ ਔਰਤ ਤੇ ਮਾੜਾ ਅਸਰ ਪੈਂਦਾ ਹੈ। ਇਹ ਲੋਕਾਂ ਦੀ ਮਾਨਸਿਕ ਤੰਗਦਿਲੀ ਹੈ ਕਿ ਉਹ ਦਹੇਜ ਦੇਣਾ ਨਹੀਂ ਬਲਕਿ ਲੈਣਾ ਚਾਹੁੰਦੇ ਹਨ। ਪਰ ਔਰਤਾਂ ਨੇ ਕਾਫ਼ੀ ਸਫ਼ਲਤਾਵਾਂ ਪ੍ਰਾਪਤ ਕੀਤੀਆਂ ਹਨ। ਕੁਝ ਪੁਲਿਸ ਦੇ ਸਰਕਾਰੀ ਅਹੁਦਿਆਂ ਤੇ, ਕੁਝ ਆਰਟਿਸਟ ਤੇ ਕੁਝ ਲੇਖਕ ਬਣੀਆਂ ਹਨ। ਪਰ ਉਨ੍ਹਾਂ ਦੀ ਮਾਨਸਿਕ ਗੁਲਾਮੀ ਜਿਉਂ ਦੀ ਤਿਉਂ ਹੈ। ਐਨ. ਆਰ. ਆਈ. ਵਿਆਹਾਂ ਕਰਕੇ ਵੀ ਲੋਕ ਬਿਨਾ ਕੁਝ ਪਤਾ ਕੀਤਿਆਂ ਕੁੜੀਆਂ ਦੀ ਬਲੀ ਦੇ ਦਿੰਦੇ ਹਨ। ਪੰਜਾਬ ਤੋਂ ਹਜ਼ਾਰਾਂ ਹੀ ਕੁੜੀਆਂ ਬਾਹਰ ਦੇ ਸੁਪਨੇ ਦੇਖ ਕੇ ਨਰਕ ਭੋਗ ਰਹੀਆਂ ਹਨ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 46)

"ਹੁਣ ਔਰਤਾਂ ਭਿਆਨਕ ਰੂਪ ਵਿਚ ਵੇਸ਼ਵਾਪੁਣੇ ਦੇ ਘੇਰੇ ਵਿਚ ਆ ਰਹੀਆਂ ਹਨ। ਵਿਸ਼ੇਸ਼ ਤੌਰ ਤੇ ਪੰਜਾਬ ਵਿਚ ਵੋਟ ਦੇ ਸਮੇਂ ਇਕ ਆਮ ਗੱਲ ਹੈ। ਇਸ ਸਮੇਂ ਵੋਟਾਂ ਵਿਚ ਭਾਗ ਲੈਣ ਵਾਲੀਆਂ ਘੱਟ ਉਮਰ ਦੀਆਂ ਲੜਕੀਆਂ ਨੂੰ ਘੱਟ ਕੱਪੜੇ ਪਵਾ ਕੇ ਪਿੰਡਾਂ ਵਿਚ ਪਰਫ਼ਾਰਮ ਕਰਵਾਉਂਦੇ ਹਨ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 48-49) ਅੰਕੜੇ ਦੱਸਦੇ ਹਨ "ਸੰਯੁਕਤ ਰਾਸ਼ਟਰ ਅਨੁਸਾਰ ਵਿਧਾਨ ਪਾਲਿਕਾ ਵਿਚ ਔਰਤਾਂ ਦੀ ਨੁਮਾਇੰਦਗੀ ਦੇ ਮਾਮਲੇ ਵਿਚ ਦੁਨੀਆ ਵਿਚ ਭਾਰਤ ਦਾ 149ਵਾਂ ਸਥਾਨ ਹੈ, ਜਿੱਥੇ 11 ਫੀਸਦੀ ਮਹਿਲਾ ਸੰਸਦੀ ਪ੍ਰਤੀਨਿਧ ਹਨ। ਇਥੋਂ ਤਕ ਕਿ ਬੰਗਲਾਦੇਸ਼ ਤੇ ਪਾਕਿਸਤਾਨ ਵਿਚ ਵੀ ਔਰਤਾਂ ਦੀ ਸਿਆਸੀ ਨੁਮਾਇੰਦਗੀ ਇਸ ਨਾਲੋਂ ਦੁੱਗਣੀ ਹੈ।" (ਗਾਂਧੀ, *ਰੋਜ਼ਾਨਾ ਜਗ ਬਾਣੀ 27.11.2017* 6) ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਅਪਣਾਅ ਲਿਆ ਜਾਵੇ ਤਾਂ ਇਸਤਰੀ ਵਰਗ ਨੂੰ ਬਰਾਬਰੀ ਦਾ ਦਰਜਾ ਦਿੰਦੇ ਹੋਏ ਸਮਾਜ-ਰੂਪੀ ਕਾਫ਼ਿਲੇ ਨੂੰ ਸਹਿਜੇ ਹੀ ਅੱਗੇ ਵਧਾਇਆ ਜਾ ਸਕਦਾ ਹੈ।

### 2.1.3 ਮੌਤ ਸਬੰਧੀ ਰੀਤੀ-ਰਿਵਾਜ

ਹੇਠ ਲਿਖੀ ਪੰਕਤੀ ਵਿਚ, ਮਰ ਜਾਣ 'ਤੇ ਮਨੁੱਖ ਦੇ ਸਰੀਰ ਜਲਾ ਦਿੱਤੇ ਜਾਣ ਦਾ ਉਲੇਖ ਹੈ ਅਤੇ ਮਿਰਤਕ ਦੇਹ ਦੇ ਨਾਲ ਸ਼ਮਸ਼ਾਨ ਘਾਟ ਤੱਕ ਗਏ ਸੰਗੀਆਂ ਦੇ ਰੋਣ (ਧਾਹ ਮਾਰਨ) ਦਾ ਜ਼ਿਕਰ ਹੈ:

ਦਸਵੈ [29]ਦਧਾ ਹੋਆ ਸੁਆਹ॥ ਗਏ [30]ਸਿਗੀਤ ਪੁਕਾਰੀ ਧਾਹ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 138)

ਮਿਰਤਕ ਦੇਹ ਨੂੰ ਇਸ਼ਨਾਨ ਕਰਵਾਇਆ ਜਾਂਦਾ ਸੀ। ਗਹਿਣੇ ਆਦਿ ਸਭ ਉਤਾਰ ਲਏ ਜਾਂਦੇ ਸਨ। ਮਿਰਤਕ ਦੇਹ ਦਾ ਜਨੇਊ (ਜੇਕਰ ਪਹਿਨਿਆ ਹੋਇਆ ਹੋਵੇ) ਉਤਾਰਿਆ ਨਹੀਂ ਸੀ ਜਾਂਦਾ। ਜਦੋਂ ਮੁਰਦੇ ਨੂੰ ਜਲਾਇਆ ਜਾਂਦਾ ਸੀ ਤਾਂ ਉਸਦੀ ਦੇਹ ਨੂੰ ਕੱਪੜੇ ਪਹਿਨਾਏ ਹੁੰਦੇ ਸਨ। ਮਿਰਤਕ ਦੇ ਸਬੰਧੀ ਉਸਦੀ ਦੇਹ ਸ਼ਮਸ਼ਾਨ ਘਾਟ ਵਿਚ ਲਿਜਾਣ ਦੀ ਤਿਆਰੀ ਕਰਦੇ ਸਨ ਅਤੇ ਚਾਰ ਬੰਦੇ ਮੋਢਾ ਦੇ ਕੇ ਮਿਰਤਕ ਦੇਹ ਨੂੰ ਨਿਸ਼ਚਿਤ ਸਥਾਨ 'ਤੇ ਲੈ ਜਾਂਦੇ ਸਨ। ਮਿਰਤਕ ਦੇਹ ਨੂੰ ਚਿਤਾ 'ਪੁਰ ਲੇਟਾਇਆ ਜਾਂਦਾ ਸੀ:

ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 150)
ਚਲਤੀ ਬਾਰ ਨ ਕਛੁ ਮਿਲਿਓ ਲਈ [31]ਲੰਗੋਟੀ ਤੋਰਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)
ਓਹੁ ਮੂਆ ਓਹੁ ਝੜਿ ਪਇਆ ਵੇਤਗਾ ਗਇਆ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 471)
ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ॥
ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ॥ (ਮਹਲਾ 5, *ਸ੍ਰੀ ਗੁਰੂ ਗ੍ਰੰਥ ਸਾਹਿਬ* 318)
ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥
ਤਿਨ੍ਾ ਪਿਆਰਿਆਂ ਭਾਈਆਂ ਅਗੈ ਦਿਤਾ ਬੰਨ੍ਿ॥
ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)
ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ॥
ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

ਕਿਸੇ ਪਿਆਰੇ ਜਾਂ ਸਬੰਧੀ (ਰਿਸ਼ਤੇਦਾਰ) ਦੇ ਮਰ ਜਾਣ 'ਤੇ ਔਰਤਾਂ ਧਾਹਾਂ ਮਾਰਦੀਆਂ ਸਨ, ਗੱਲ੍ਹਾਂ ਪਿੱਟਦੀਆਂ ਸਨ ਅਤੇ ਸਿਰ ਖੋਹਦੀਆਂ ਸਨ। ਅਜਿਹੇ ਮੌਕੇ 'ਤੇ ਧੀਰਜ ਧਰਨਾ ਮੁਸ਼ਕਿਲ ਸੀ। ਗੁਰੂ ਸਾਹਿਬ ਅਜਿਹੇ ਦੁੱਖ ਵਾਲੇ ਸਮੇਂ ਨੂੰ ਪ੍ਰਭੂ ਦਾ ਭਾਣਾ ਮੰਨ ਕੇ ਸ਼ਾਤ ਰਹਿਣ ਵਾਲਿਆਂ ਤੋਂ ਕੁਰਬਾਨ ਜਾਂਦੇ ਹਾਂ। ਗੁਰੂ ਸਾਹਿਬ ਅਜਿਹੇ ਦੁੱਖ ਦੇ ਸਮੇਂ ਤੇ ਪ੍ਰਭੂ ਦੀ ਟੇਕ ਲੈਣ ਦਾ ਉਪਦੇਸ਼ ਦਿੰਦੇ ਹਨ। ਇਹ ਕਥਨ ਸਪਸ਼ਟ ਕਰਦਾ ਹੈ ਕਿ ਉਸ ਵੇਲ਼ੇ ਧੀਰਜ ਧਰਨਾ ਔਖਾ ਹੀ ਹੁੰਦਾ ਸੀ। ਕੋਈ ਦਿਲ ਵਾਲ਼ਾ ਹੀ ਏਨਾ ਹੌਂਸਲਾ ਰੱਖ ਪਾਉਂਦਾ ਸੀ:

ਹੈ ਹੈ ਕਰਿ ਕੈ ਓਹਿ ਕਰੇਨਿ॥ਗਲ੍ਹਾ ਪਿਟਨਿ ਸਿਰੁ ਖੋਹੇਨਿ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)
ਨਾਉ ਲੈਨਿ ਅਰੁ ਕਰਨਿ ਸਮਾਇ॥ਨਾਨਕ ਤਿਨ ਬਲਿਹਾਰੈ ਜਾਇ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਹੱਡੀਆਂ ਲੱਕੜਾਂ ਵਾਂਗ ਅਤੇ ਸਿਰ ਦੇ ਵਾਲ ਘਾਹ ਵਾਂਗ ਸੜ ਜਾਂਦੇ ਸਨ:

ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਜਾਂ ਫਿਰ ਮਿਰਤਕ ਦੇਹ ਨੂੰ ਧਰਤੀ ਵਿਚ ਦਬਾ ਦਿੱਤਾ ਜਾਂਦਾ ਸੀ। ਮਿਰਤਕ ਦੇ ਸਿਰ ਹੇਠ (ਜਦੋਂ ਮਿੱਟੀ ਵਿਚ ਦਬਾਉਣਾ ਹੋਵੇ) ਇੱਟ ਆਦਿ ਦਾ ਸਿਰ੍ਹਾਣਾ ਦੇ ਦਿੱਤਾ ਜਾਂਦਾ ਸੀ:

ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ॥
ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥

ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਹਿੰਦੂ ਲੋਕ ਮਿਰਤਕ ਦੇਹ ਨੂੰ ਅੱਗ ਦੇ ਹਵਾਲੇ ਕਰਦੇ ਸਨ। ਮੁਸਲਮਾਨ, ਈਸਾਈ ਤੇ ਸੰਨਿਆਸੀ ਧਰਤੀ ਵਿਚ ਦੱਬ ਦਿੰਦੇ ਸਨ, ਕੁਝ ਲੋਕ (ਸਾਧੂ) ਮਿਰਤਕ ਸਰੀਰ ਕੁੱਤਿਆਂ ਆਦਿ ਜਾਨਵਰਾਂ ਅੱਗੇ ਖਾਣ ਲਈ ਸੁੱਟ ਦਿੰਦੇ ਸਨ। ਕਈ ਗੰਗਾ ਆਦਿ ਨਦੀਆਂ ਵਿਚ ਵਹਾ ਦਿੰਦੇ ਸਨ ਤੇ ਪਾਰਸੀ ਲੋਕ ਮੁਰਦੇ ਨੂੰ ਇੱਲਾਂ ਆਦਿ ਦੇ ਖਾਣ ਲਈ ਹਾਤੇ ਵਿਚ ਰੱਖ ਦਿੰਦੇ ਸਨ:

ਇਕ [32]ਦਝਹਿ ਇਕ [33]ਦਬੀਅਹਿ ਇਕਨਾ [34]ਕੁਤੇ ਖਾਹਿ॥

ਇਕਿ ਪਾਣੀ ਵਿਚਿ ਉਸਟੀਅਹਿ ਇਕਿ ਫਿਰਿ [35]ਹਸਣਿ ਪਾਹਿ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 648)

"ਝੁੰਡੀ ਪਾਇ ਬਹਨਿ ਨਿਤਿ ਮਰਣੈ"(ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 149) ਤੁਕਾਂਗ ਵਿਚ, ਤਤਕਾਲੀਨ ਜੈਨੀਆਂ ਦਾ, ਝੁੰਗਲ-ਮਾਟਾ ਮਾਰ ਕੇ, ਸੋਗ 'ਤੇ ਬੈਠੇ ਆਦਮੀਆਂ ਦੀ ਤਰ੍ਹਾਂ ਬੈਠੇ ਹੋਣ ਦਾ ਉਲੇਖ ਹੈ। ਇਸ ਤੁਲਨਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਤਤਕਾਲੀ ਦੌਰ ਵਿਚ ਕਿਸੇ ਮਨੁੱਖ ਦੇ ਮਰ ਜਾਣ ਮਗਰੋਂ, ਉਸਦੇ ਸੋਗ ਵਿਚ ਲੋਕ, ਇਕੱਠੇ ਹੋ ਕੇ ਬੈਠਦੇ ਸਨ। ਹੇਠ ਲਿਖੀ ਪੰਕਤੀ ਵਿਚ ਉਲੇਖ ਹੈ ਕਿ ਹੋਰਾਂ ਲੋਕਾਂ (ਹਿੰਦੂਆਂ) ਵਾਂਗ ਜੈਨੀਆਂ ਦੀ ਪਿੰਡ-ਪੱਤਲ ਕਿਰਿਆ ਵੀ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਉਨ੍ਹਾਂ ਲਈ ਕੋਈ ਦੀਵਾ ਵੱਟੀ ਦੀ ਕਿਰਿਆ ਕੀਤੀ ਜਾਂਦੀ ਹੈ। ਸਪਸ਼ਟ ਹੈ ਕਿ ਆਮ ਮਨੁੱਖ ਦੀ (ਹਿੰਦੂ ਧਰਮ ਵਿਚ) ਪਿੰਡ-ਪੱਤਲ (ਪਿਤਰਾਂ ਨਮਿਤ ਪੱਤਿਆਂ ਦੇ ਥਾਲ ਉੱਪਰ ਅੰਨ ਦੇ ਗੋਲ਼ੇ ਬਣਾ ਕੇ ਰੱਖਣੇ), ਅਤੇ [36]ਦੀਵਾ ਵੱਟੀ ਦੀ ਕਿਰਿਆ ਕੀਤੀ ਜਾਂਦੀ ਸੀ:

ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਕਿਥਾਊ ਪਾਹੀ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 149)

ਮਰ ਗਏ ਮਨੁੱਖ ਦੇ ਰਿਸ਼ਤੇਦਾਰ ਉਸਦੇ ਦੁਨੀਆ ਤੋਂ ਚਲੇ ਜਾਣ ਮਗਰੋਂ ਰੋਂਦੇ ਸਨ ਅਤੇ ਸੋਚਦੇ ਸਨ ਕਿ ਕਿਉਂਕਰ ਉਸਨੂੰ ਵਾਪਸ ਮੋੜ ਲਿਆਈਏ। ਉਹ ਉਸਨੂੰ ਯਾਦ ਕਰ-ਕਰ ਕੇ ਆਪਣਾ ਆਪ ਖਪਾਉਂਦੇ ਸਨ:

ਰਾਤੀ ਕਾਲੁ ਘਟੈ ਦਿਨਿ ਕਾਲੁ॥

ਛਿਜੈ ਕਾਇਆ ਹੋਇ ਪਰਾਲੁ॥

..............

ਪਿਛੈ ਰੋਵਹਿ ਲਿਆਵਹਿ ਫੇਰਿ॥

... ... ... ... ...

ਮੋਇਆ ਰੋਂਹਿ ਰੋਂਦੇ ਮਰਿ ਜਾਂਹੰੀ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

ਕਬੀਰ ਸੰਤ ਮੁਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥

ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਪਰ ਅਸਲ ਵਿਚ ਮਨੁੱਖ ਦੇ ਮਰ ਜਾਣ 'ਤੇ ਉਸ ਨਾਲ ਉਸਦੇ ਸਬੰਧੀਆਂ ਦਾ ਪਿਆਰ ਅਤੇ ਵੈਰ ਦੋਵੈਂ ਹੀ ਮਰ (ਖ਼ਤਮ ਹੋ) ਜਾਂਦੇ ਸਨ। ਮਰ ਗਏ ਮਨੁੱਖ ਦਾ ਰੰਗ ਅਤੇ ਰੂਪ ਦੋਵੇਂ ਹੀ ਨਸ਼ਟ ਹੋ ਜਾਂਦੇ ਸਨ (ਪਹਿਲਾਂ ਜਿਹਾ ਰੰਗ-ਰੂਪ ਨਹੀਂ ਸੀ ਰਹਿੰਦਾ)। ਅੱਗ ਜਾਂ ਮਿੱਟੀ ਦੇ ਹਵਾਲੇ ਕਰ ਦਿੱਤੀ ਦੇਹ ਰਾਖ਼ ਹੋ ਜਾਂਦੀ ਸੀ। ਪਿੱਛੇ ਸਬੰਧੀ ਗੱਲਾਂ ਕਰਦੇ ਸਨ ਕਿ ਉਹ (ਮਰਨ ਵਾਲਾ) ਕਿੱਥੇ ਚਲਾ

ਗਿਆ? , ਉਹ ਕਿੱਥੋਂ ਆਇਆ ਸੀ? , ਉਹ ਕਿਹੋ ਜਿਹਾ ਸੀ ਤੇ ਕਿਹੋ ਜਿਹਾ ਨਹੀਂ ਸੀ? ਸਬੰਧੀ ਸੋਚਦੇ ਸਨ ਅਤੇ ਆਪਸ ਵਿਚ ਵਾਰਤਾਲਾਪ ਕਰਦੇ ਸਨ ਕਿ (ਮਰਨ ਵਾਲਾ) ਚਾਰ ਦਿਨ (ਸੰਸਾਰ ਵਿਚ) ਮੌਜਾਂ ਮਾਣ ਗਿਆ:

ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ॥
ਵੰਨੁ ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ॥
ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿਹੁ ਸੀ॥
ਮਨਿ ਮੁਖਿ ਗਲਾ ਗੋਈਆ ਕੀਤਾ ਚਾਉ ਰਲੀ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਮੌਤ ਸਬੰਧੀ ਉਕਤ ਜਿਹੇ ਹੀ ਵਿਹਾਰ ਪ੍ਰਚੱਲਤ ਹਨ। ਮਿਰਤਕ ਦੇਹ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ ਤੇ ਨਵੇਂ ਕੱਪੜੇ ਪੁਆ ਕੇ, ਚਾਰ ਬੰਦੇ ਮੋਢਾ ਦੇ ਕੇ, ਉਸਨੂੰ ਸ਼ਮਸ਼ਾਨ ਘਾਟ ਲੈ ਜਾਂਦੇ ਹਨ, ਜਿੱਥੇ ਰਿਸ਼ਤੇਦਾਰਾਂ ਦੇ ਰੋਂਦਿਆਂ-ਕੁਰਲਾਂਦਿਆਂ ਮਿਰਤਕ ਦੇਹ ਦਾ ਅੰਤਮ ਸਸਕਾਰ ਕਰ ਦਿੱਤਾ ਜਾਂਦਾ ਹੈ। ਮੁਸਲਮਾਨ ਅੱਜ ਵੀ ਮਿਰਤਕ ਦੇਹ ਨੂੰ ਧਰਤੀ ਵਿਚ ਦਬਾਉਂਦੇ ਹਨ। "ਮਰਨ ਦੇ ਸਮੇਂ ਹਿੰਦੂਆਂ, ਬੋਧੀਆਂ, ਜੈਨੀਆਂ ਅਤੇ ਸਿਖਾਂ ਵਿਚ ਮੁਰਦੇ ਨੂੰ ਸਾੜਨ ਦਾ, ਮੁਸਲਮਾਨਾਂ ਅਤੇ ਈਸਾਈਆਂ ਵਿਚ ਦੱਬਣ ਦਾ ਅਤੇ ਪਾਸਰੀਆਂ ਵਿਚ ਜਾਨਵਰਾਂ ਨੂੰ ਖੁਆ ਦੇਣ ਦਾ ਰਵਾਜ ਹੈ। ਸਮੁੰਦਰੀ ਜਹਾਜ਼ ਵਿਚ ਕੋਈ ਮ੍ਰਿਤੂ ਹੋ ਜਾਏ ਤਾਂ ਕਿਸੇ ਧਰਮ ਦੇ ਅਨੁਯਾਈ ਦੀ, ਤਾਂ ਸਮੁੰਦਰ ਵਿਚ ਹੀ ਮੁਰਦੇ ਨੂੰ ਸੁੱਟ ਦੇਂਦੇ ਹਨ। ਹੁਣ ਬਿਜਲੀ ਨਾਲ ਸਸਕਾਰ ਕਰਨ ਦਾ ਪ੍ਰਬੰਧ ਹੁੰਦਾ ਜਾ ਰਿਹਾ ਹੈ। ਇਸ ਵਿਚ ਹਿੰਦੂ, ਮੁਸਲਮਾਨ, ਈਸਾਈ, ਪਾਰਸੀ ਦਾ ਕੋਈ ਭੇਤ ਨਹੀਂ।" (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 131-132)

"ਮੌਤ ਵੇਲੇ ਦੀਆਂ ਰਸਮਾਂ ਵਿਚ ਭੀ ਪ੍ਰਧਾਨ ਅੰਗ ਸੰਬੰਧੀਆਂ ਜਾਂ ਹਿਤੂਆਂ ਦਾ ਇਕੱਠ, ਮਰਨ ਵਾਲੇ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ, ਅਤੇ ਪ੍ਰੀਵਾਰ ਨਾਲ ਹਮਦਰਦੀ ਕਰਨੀ, ਧਰਵਾਸ ਦੇਣੀ, ਤੇ ਮੌਤ ਦੀ ਅਟੱਲਤਾ ਤੇ ਸੰਸਾਰ ਦੀ ਨਾਸ਼ਮਾਨਤਾ ਨੂੰ ਯਾਦ ਕਰਉਣਾ ਹੁੰਦਾ ਹੈ... ... ਇਸ (ਮੌਤ) ਮੌਕੇ ਉਤੇ ਰੋਣਾ, ਪਿਟਣਾ, ਬਾਹਾਂ ਮਾਰਨੀਆਂ, ਵੈਣ ਪਾਉਣੇ ਆਦਿ ਕਈ ਰਵਾਜ ਹਨ ਪਰ ਅਜ ਕਲ ਇਨ੍ਹਾਂ ਵਿਚ ਭੀ ਗੰਭੀਰਤਾ ਆ ਰਹੀ ਹੈ। ਸ਼ਮਸ਼ਾਨ ਭੂਮੀ ਵਲ ਜਾਂਦਿਆਂ ਭੀ 'ਰਾਮ ਨਾਮ ਸਤਿ ਹੈ' ਦਾ ਜਾਪ ਕਰੀ ਜਾਣਾ ਜਾਂ ਕੋਈ ਸੰਤ-ਬਾਣੀ ਜਾਂ ਗੁਰਬਾਣੀ ਪੜ੍ਹਦੇ ਜਾਣ-ਦੁਖ ਨੂੰ ਘਟਾਉਂਦਾ ਤੇ ਮਨ ਨੂੰ ਸ਼ਾਂਤੀ ਦੇਂਦਾ ਹੈ। ਮੌਤ ਤੋਂ ਪਿਛੋਂ ਭੀ ਧਾਰਮਕ ਤੇ ਸਮਾਜਕ ਰਸਮਾਂ ਹਨ ਜੋ ਕਿਰਿਆਕਰਮ ਆਦਿ ਨਾਵਾਂ ਨਾਲ ਸੰਬੰਧਤ ਹਨ।" (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 132-133) "ਮਰਨੇ ਕੇ ਬਾਦ ਮਨੁਸ਼ਯ ਸ਼ਰੀਰ ਜਲਾ ਦੀਆ ਜਾਤਾ ਹੈ, ਦਫਨਾ ਦੀਆ ਜਾਤਾ ਹੈ ਯਾ ਬਹਾ ਦੀਆ ਜਾਤਾ ਹੈ।" (ਵਿਜੈਸ਼ੰਕਰ ਮਹਿਤਾ *ਦੈਨਿਕ ਭਾਸਕਰ 27.10.2017* 8)

"ਲਖਨਊ 'ਚ ਰਹਿੰਦੇ, ਮੁਹੰਮਦ ਰਮਜ਼ਾਨ ਜਿਨ੍ਹਾਂ ਮੁਸਲਿਮ ਮਜ਼੍ਹਬ 'ਤੇ ਪੀਐਚ.ਡੀ. ਕੀਤੀ ਹੈ, ਉਨ੍ਹਾਂ ਦੱਸਿਆ ਕਿ 'ਤਾਜ ਮਹਿਲ' ਇਕ ਮਕਬਰਾ ਹੈ, ਜਿਸ 'ਚ ਸ਼ਾਹਜਹਾਨ ਤੇ ਬੇਗ਼ਮ ਮੁਮਤਾਜ ਦੀਆਂ ਕਬਰਾਂ ਬਣੀਆਂ ਹੋਈਆਂ ਹਨ। ਉਨ੍ਹਾਂ ਨੇ ਦੱਸਿਆ ਹੈ ਕਿ ਮੁਸਲਿਮ ਧਰਮ ਅਨੁਸਾਰ ਕਿਸੇ ਵੀ ਕਬਰ 'ਤੇ ਕੰਕਰੀਟ ਆਦਿ ਦੇ ਪੱਕੇ ਮਕਬਰੇ ਉਸਾਰਨ ਦੀ ਇਜਾਜ਼ਤ ਬਿਲਕੁਲ ਨਹੀਂ ਹੈ। ਕਬਰ ਕੱਚੀ ਮਿੱਟੀ ਦੀ ਹੋਵੇ, ਉਸੇ 'ਚ ਮੁਰਦੇ ਦਫ਼ਤਨ ਕੀਤੇ ਜਾਣ ਤਾਂ ਜੋ ਦਸ ਸਾਲ ਮਗਰੋਂ ਉਥੇ ਕਬਰ 'ਚ ਮੁੜ ਕੋਈ ਹੋਰ ਮੁਰਦਾ ਦਫ਼ਨ ਕੀਤਾ ਜਾ ਸਕੇ।" (*ਰੋਜ਼ਾਨਾ 'ਅਜੀਤ ਮੈਗਜ਼ੀਨ' ਸਪਲੀਮੈਂਟ 29.10.2017* 2)

ਸ਼ਰਾਧਾਂ ਦੀ ਰਸਮ ਪ੍ਰਚੱਲਤ ਹੈ। ਇਹ ਦੁਸਹਿਰੇ ਤੋਂ ਪਹਿਲਾਂ ਆਉਂਦੇ ਨੌਂ ਨਵਰਾਤਿਆਂ ਤੋਂ ਪੂਰਵ ਪੰਦਰਾਂ ਦਿਨ ਤੱਕ ਹੁੰਦੇ ਹਨ। ਮੌਤ ਮਗਰੋਂ ਕੁਝ ਦਿਨ ਸੋਗ ਮਨਾਇਆ ਜਾਂਦਾ ਹੈ।

### 2.1.4 ਖਾਧ ਪਦਾਰਥ

ਤਤਕਾਲੀ ਮਨੁੱਖ ਖਾਣ-ਪੀਣ ਦਾ ਸ਼ੌਕੀਨ ਸੀ।[37] ਮੇਵੇ, ਘਿਓ, ਗੁੜ, ਮਿੱਠੇ ਪਦਾਰਥ, ਮੈਦਾ ਅਤੇ ਮਾਸ ਉੱਤਮ ਖਾਧ-ਪਦਾਰਥਾਂ ਦੀ ਸ਼੍ਰੇਣੀ ਵਿਚ ਆਉਂਦੇ ਸਨ ਕਿਉਂਕਿ ਬਾਣੀਕਾਰ ਜਦੋਂ ਪ੍ਰਭੂ ਦੇ ਨਾਮ ਨੂੰ ਦੁਨਿਆਵੀ ਵਸਤੂਆਂ ਨਾਲੋਂ ਉੱਤਮ ਦਰਸਾਉਂਦੇ ਹਨ ਤਾਂ ਉਹ ਨਾਮ ਦੇ ਸਨਮੁਖ ਉਨ੍ਹਾਂ ਚੀਜ਼ਾਂ ਨੂੰ ਹੀ ਖਲ੍ਹਾਰਦੇ ਹਨ ਜਿਨ੍ਹਾਂ ਨੂੰ ਤਤਕਾਲੀ ਮਨੁੱਖ ਉੱਤਮ ਗਿਣਦਾ ਸੀ। ਤੁਲਨਾ ਦੀਆਂ ਇਨ੍ਹਾਂ ਵਸਤੂਆਂ ਵਿਚ ਮੇਵੇ, ਘਿਓ, ਗੁੜ, ਮੈਦਾ, ਮਾਸ ਆਦਿ ਦੀ ਗਿਣਤੀ ਹੁੰਦੀ ਹੈ। ਮਿੱਠੀਆਂ (ਉੱਤਮ) ਵਸਤੂਆਂ ਵਿਚ ਸ਼ੱਕਰ, ਖੰਡ, ਮਿਸ਼ਰੀ, ਗੁੜ, ਸ਼ਹਿਦ ਅਤੇ ਮੱਝ ਦਾ ਦੁੱਧ ਆ ਜਾਂਦੇ ਸਨ:

ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਫਰੀਦਾ ਸਕਰ ਖੰਡ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਖੰਡ ਦਾ ਉਲੇਖ ਵੀ ਮਿਲਦਾ ਹੈ। ਗੁੜ, ਭੇਲੀਆਂ (ਪੇਸੀਆਂ) ਦੇ ਰੂਪ ਵਿਚ ਹੁੰਦਾ ਸੀ। ਹੇਠ ਲਿਖੀ (ਦੂਸਰੀ) ਪੰਕਤੀ ਵਿਚ ਗਿੱਲੇ ਗੁੜ ਉੱਪਰ ਘੁੰਮ ਰਹੀ ਮੱਖੀ ਦਾ ਵਰਣਨ ਹੈ:

ਹਰਿ ਹੈ ਖਾਂਡ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਗਿਲੀ ਗਿਲੀ [38]ਰੋਡੜੀ ਭਉਦੀ ਭਵਿ ਭਵਿ ਆਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1097)

ਗਾਂ ਦੇ ਦੁੱਧ ਤੋਂ ਤਿਆਰ ਕੀਤਾ ਦਹੀਂ ਅਤੇ ਘਿਓ, ਉੱਤਮ ਖਾਧ-ਪਦਾਰਥਾਂ ਦੀ ਸ਼੍ਰੇਣੀ ਵਿਚ ਤਾਂ ਆਉਂਦੇ ਹੀ ਸਨ, ਸਗੋਂ ਇਸ ਘਿਓ ਦੀ ਵਰਤੋਂ ਹੋਮ ਜੱਗ ਅਤੇ ਪੂਜਾ ਵਿਚ ਵੀ ਕੀਤੀ ਜਾਂਦੀ ਸੀ ਤੇ ਕਾਰਜ ਸੰਪੂਰਨ ਸਮਝਿਆ ਜਾਂਦਾ ਸੀ। ਖਾਧ-ਪਦਾਰਥਾਂ ਨੂੰ ਤਿਆਰ ਕਰਨ ਵਿਚ ਵੀ ਘਿਓ ਦਾ ਬੜਾ ਮਹੱਤਵ ਸੀ। ਇਸਦੀ ਵਰਤੋਂ ਕੀਤਿਆਂ ਹੀ ਖਾਧ-ਪਦਾਰਥ ਦੀ ਨਿਰਮਾਣ ਪ੍ਰਕਿਰਿਆ ਪੂਰੀ ਹੋਈ ਮੰਨੀ ਜਾਂਦੀ ਸੀ। ਘਿਓ ਸਮੇਤ, ਕੱਚਾ ਸੀਧਾ (ਅੰਨ, ਆਟਾ ਆਦਿ), ਪਾਣੀ, ਅੱਗ ਅਤੇ ਲੂਣ, ਭੋਜਨ ਤਿਆਰ ਕਰਨ ਲਈ ਜ਼ਰੂਰੀ (ਕੱਚੀ) ਸਮੱਗਰੀ ਸਨ:

ਵੁਠੈ ਘਾਹੁ ਚਰਹਿ ਨਿਤਿ ਸੁਰਹੀ [39]ਸਾਧਨ ਦਹੀ ਬਿਲੋਵੈ॥

ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 150)

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥ ਤਾ ਹੋਆ ਪਾਕੁ ਪਵਿਤੁ॥
(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)

ਮੱਖਣ ਵੀ ਖ਼ਾਸ ਖਾਧ-ਪਦਾਰਥ ਸੀ, ਲੱਸੀ ਨੂੰ ਤੁੱਛ ਜਾਣਿਆ ਜਾਂਦਾ ਸੀ। ਸਰ੍ਹੋਂ ਦੇ ਤੇਲ ਦੀ ਵਰਤੋਂ ਵੀ ਪ੍ਰਚੱਲਤ ਸੀ:

ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥(ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਅਨਾਜ ਨੂੰ ਭੋਜਨ ਵਿਚ ਤਬਦੀਲ ਕਰਨ ਲਈ ਪੀਸੇ ਅਤੇ ਪਕਾਏ ਜਾਣ, ਦੋ ਪੜਾਵਾਂ ਵਿੱਚੋਂ ਲੰਘਾਇਆ ਜਾਂਦਾ ਹੁੰਦਾ ਸੀ। ਅਨਾਜ ਪੀਸਣ ਲਈ ਚੱਕੀ ਦੀ ਵਰਤੋਂ ਕੀਤੀ ਜਾਂਦੀ ਸੀ। ਗ਼ਰੀਬ ਲੋਕ ਧਰਤੀ ਦੇ ਸਹਾਰੇ ਹੀ ਰੋਟੀ (ਤਪਾ ਕੇ)ਤਿਆਰ ਕਰ ਲੈਂਦੇ ਸਨ:

ਨਾਨਕ ਪੀਠਾ ਪਕਾ ਸਾਜਿਆ ਧਰਿਆ ਆਣਿ ਮਉਜੂਦੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1096)

ਕਬੀਰ ਕੀਚੜਿ ਆਟਾ ਗਿਰਿ ਪਰਿਆ ਕਿਛੂ ਨ ਆਇਓ ਹਾਥ॥

ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਨਾਨਕ [40]ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1096)

ਗ਼ਰੀਬ ਲੋਕ ਜੌਂਆਂ ਦੀ ਫੱਕ (ਛਿੱਲੜ) ਖਾ ਕੇ ਵੀ ਗੁਜ਼ਾਰਾ ਕਰਦੇ ਸਨ। ਹੇਠ ਲਿਖੀ ਪੰਕਤੀ ਵਿਚ ਇਸ਼ਾਰਾ ਹੈ ਕਿ ਭਲੇ ਪੁਰਖਾਂ ਦੀ ਸੰਗਤ ਨਾ ਛੱਡੋ ਭਾਵੇਂ ਅਤਿ ਗ਼ਰੀਬੀ ਵਾਲਾ ਆਹਾਰ ਹੀ ਕਿਉਂ ਨਾ ਗ੍ਰਹਿਣ ਕਰਨਾ ਪਵੇ। ਗ਼ਰੀਬ ਲੋਕ ਕੋਧਰੇ ਦੀ ਰੋਟੀ ਖਾ ਕੇ ਵੀ ਗੁਜ਼ਾਰਾ ਕਰਦੇ ਸਨ:

ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ॥

ਗਹਿਲਾ ਲੋਕੁ ਨ ਜਾਣਦਾ ਹੰਸੁ ਨ [41]ਕੋਧ੍ਰਾ ਖਾਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਆਟਾ ਅਤੇ ਲੂਣ, ਅਮੀਰਾਂ ਦੇ ਨਾਲ-ਨਾਲ, ਗ਼ਰੀਬਾਂ ਦੀ ਭੋਜਨ ਸਮੱਗਰੀ ਵੀ ਸਨ। ਹੇਠ ਲਿਖੇ ਸਲੋਕ ਵਿਚ ਇਸ਼ਾਰਾ ਹੈ ਕਿ ਦੁਨੀਆ ਦੇ ਵਹਿਣ ਵਿਚ ਵਹਿਆਂ ਸੋਨੇ ਜਿਹਾ ਸਰੀਰ, ਆਟੇ ਤੇ ਲੂਣ ਵਾਂਗ (ਸਸਤਾ, ਸਾਧਾਰਨ ਵਸਤੂਆਂ ਵਾਂਗ) ਜਾਂਦਾ ਹੈ। ਆਟੇ ਤੇ ਲੂਣ ਨੂੰ ਸਾਧਾਰਨ ਜਿਹੀ ਚੀਜ਼ ਆਖਿਆ ਜਾਣਾ, ਇਨ੍ਹਾਂ ਭੋਜਨ ਵਸਤੂਆਂ ਨੂੰ ਗ਼ਰੀਬਾਂ ਦੀ ਪਹੁੰਚ ਅੰਦਰ ਦਰਸਾਉਂਦਾ ਹੈ। ਖਿਚੜੀ, ਸਾਧਾਰਨ ਲੋਕਾਂ ਦਾ ਖਾਣਾ ਸੀ, ਜਿਸ ਵਿਚ ਨਮਕ ਪਾਇਆ ਗਿਆ ਹੁੰਦਾ ਸੀ। ਧਨੀ ਲੋਕ ਮਾਸ ਨਾਲ ਰੋਟੀ ਖਾਂਦੇ ਸਨ:

ਕਬੀਰ ਜਗੁ ਬਾਧਿਓ ਜਿਹ ਜੇਵਰੀ ਤਿਹ ਮਤ ਬੰਧਹੁ ਕਬੀਰ॥

ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨ॥

ਹੇਰਾ[42] ਰੋਟੀ ਕਾਰਨੇ ਗਲਾ ਕਟਾਵੈ ਕਉਨੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਹਾਂਡੀ (ਜਿਸ ਵਿਚ ਭੋਜਨ ਪਕਾਇਆ ਜਾਂਦਾ ਸੀ) ਹੇਠਾਂ ਬਾਲਣ (ਲੱਕੜਾਂ) ਜਲ਼ਾ ਕੇ ਅੱਗ ਬਾਲ਼ੀ ਜਾਂਦੀ ਸੀ। ਤੰਦੂਰ ਨੂੰ ਵੀ ਬਾਲਣ (ਵਿਚ ਪਾ ਕੇ) ਨਾਲ ਤਪਾਇਆ ਜਾਂਦਾ ਸੀ। ਘਰ ਵਿਚ (ਸੁਲੱਖਣੀ) ਇਸਤਰੀ ਰਸੋਈ ਸੰਭਾਲਦੀ ਸੀ। ਉਹ ਸਲੂਣੀਆਂ ਭਾਜੀਆਂ (ਖਾਧ-ਪਦਾਰਥ) ਤਿਆਰ ਕਰਦੀ ਸੀ ਅਤੇ ਇਨ੍ਹਾਂ ਦੀ ਤਿਆਰੀ ਵਿਚ ਖੱਟੇ-ਮਿੱਠੇ ਰਸਾਂ ਦੀ ਵਰਤੋਂ ਕਰਦੀ ਸੀ। ਪਕਾਉਣ ਵੇਲੇ, ਸਖ਼ਤ ਚੀਜ਼ ਨੂੰ ਨਰਮ ਕਰਨ ਲਈ ਮਸਾਲੇ ਦੀ ਵਰਤੋਂ ਕੀਤੀ ਜਾਂਦੀ ਸੀ। ਹੇਠ ਲਿਖੀ (ਅੰਤਿਮ) ਪੰਕਤੀ ਵਿਚ ਪ੍ਰਭੂ-ਨਾਮ ਨੂੰ,

ਮਾਇਆ ਦੀ ਪਕੜ ਢਿੱਲੀ ਕਰਨ ਵਾਲਾ ਮਸਾਲਾ (ਮਾਰਣੁ) ਦੱਸਿਆ ਗਿਆ ਹੈ। ਜਿਵੇਂ ਮਸਾਲਾ, ਪਕਾਉਣ ਵਾਲੀ (ਸਖ਼ਤ) ਚੀਜ਼ ਨੂੰ ਨਰਮ ਕਰ ਦਿੰਦਾ ਹੈ ਉਸੇ ਤਰ੍ਹਾਂ ਪ੍ਰਭੂ ਦਾ ਨਾਮ ਮਾਇਆ ਦੀ ਪਕੜ ਨੂੰ ਢਿੱਲੀ ਕਰਦਾ ਹੈ:

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥

ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਬਲੰਨਿ੍॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ॥

ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1414)

ਨਾਨਕ ਮਾਇਆ ਕਾ [43]ਮਾਰਣੁ ਹਰਿ ਨਾਮੁ ਹੈ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)

ਖਾਣ ਦਾ ਸਬੰਧ ਮਨੁੱਖ ਦੀ ਸਰੀਰਕ (ਪੇਟ ਦੀ) ਭੁੱਖ ਦੀ ਤ੍ਰਿਪਤੀ ਨਾਲ ਸੀ। ਪ੍ਰਭੂ ਦੇ ਨਾਮ ਨੂੰ ਇਸ (ਪੇਟ ਦੀ) ਭੁੱਖ ਦੀ ਤ੍ਰਿਪਤੀ ਦੀ ਬਜਾਇ ਆਤਮਿਕ ਤ੍ਰਿਪਤੀ ਕਰਤਾ ਦਰਸਾਇਆ ਗਿਆ ਹੈ:

ਖਾਣਾ ਸਬਦੁ ਚੰਗਿਆਈਆ ਜਿਤੁ ਖਾਧੇ ਸਦਾ ਤ੍ਰਿਪਤਿ ਹੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1092)

ਭੋਜਨ ਵਿਚ ਕਈ ਪ੍ਰਕਾਰ ਦੇ ਵਿਅੰਜਨ ਹੁੰਦੇ ਸਨ। ਕਿਸੇ ਖ਼ਾਸ ਦੀ ਆਮਦ ਸਮੇਂ ਇਹ ਵਿਭਿੰਨ ਵਿਅੰਜਨ, ਆਓ ਭਗਤ ਵਜੋਂ, ਤਿਆਰ ਕੀਤੇ ਜਾਂਦੇ ਸਨ। ਹੇਠ ਲਿਖੀਆਂ ਪੰਕਤੀਆਂ ਵਿਚ ਉਲੇਖ ਹੈ ਕਿ ਭਲੇ ਪੁਰਸ਼ਾਂ ਦੀ ਨਜ਼ਰ ਵਿਚ ਉਨ੍ਹਾਂ ਦੇ ਮਿੱਤਰ ਅਤੇ ਵੈਰੀ ਇੱਕੋ ਜਿਹੇ ਹੁੰਦੇ ਹਨ। ਮਿੱਤਰ ਉਨ੍ਹਾਂ ਲਈ, ਪ੍ਰੇਮ-ਭਾਵ ਕਰਕੇ, ਕਈ ਤਰ੍ਹਾਂ ਦੇ ਵਿਅੰਜਨ ਪ੍ਰਸਤੁਤ ਕਰਦੇ ਹਨ ਜਦਕਿ ਨਿੰਦਕ (ਵੈਰੀ) ਉਨ੍ਹਾਂ ਵੱਲ ਸ਼ਸਤਰ ਲੈ ਕੇ (ਮਾਰਨ ਲਈ) ਆਉਂਦੇ ਹਨ ਪਰ ਉਨ੍ਹਾਂ ਦੀ ਨਜ਼ਰ ਵਿਚ ਉਹ ਦੋਵੇਂ ਇੱਕੋ ਜਿਹੇ ਹੀ ਹੁੰਦੇ ਹਨ। ਹੁਣ ਏਥੇ ਮਿੱਤਰ ਵੱਲੋਂ, ਪ੍ਰੇਮ-ਭਾਵ ਸਦਕਾ, ਕਈ ਪ੍ਰਕਾਰ ਦੇ ਵਿਅੰਜਨ ਪ੍ਰਸਤੁਤ ਕਰਨ ਦਾ ਉਲੇਖ ਹੈ, ਜੋ ਸਹਿਜੇ ਹੀ ਨਿੱਘੀ ਆਓ ਭਗਤ ਦੀ ਨਿਸ਼ਾਨੀ ਹੈ। ਸੋ, ਕਿਹਾ ਜਾ ਸਕਦਾ ਹੈ ਕਿ ਕਿਸੇ ਵਿਸ਼ੇਸ਼, ਪਿਆਰੇ, ਦੀ ਆਮਦ 'ਤੇ ਕਈ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ ਜਾਂਦੇ ਸਨ:

ਸਹਣ ਸੀਲ ਸੰਤੰ ਸਮ ਮਿਤ੍ਰਸ੍ਯ ਦੁਰਜਨਹ॥

ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ॥

(ਮਹਲਾ 5, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਰੋਟੀ ਦਾ ਪ੍ਰਚਲਨ ਸੀ। ਪੇਟ ਦੀ ਭੁੱਖ ਦੀ ਤ੍ਰਿਪਤੀ ਲਈ ਲੋਕ ਨੱਠ-ਭੱਜ ਕਰਦੇ ਸਨ। ਗੁਰੂ ਸਾਹਿਬ ਰਾਸਧਾਰੀਆਂ ਦੇ ਤਾਲ ਪੂਰਨ (ਨੱਚਣ) ਦੀ ਕਿਰਿਆ ਪਿੱਛੇ ਅਸਲ ਕਾਰਨ ਰੋਟੀ ਦੀ ਭੁੱਖ ਦੱਸਦੇ ਹਨ। ਇੱਥੋਂ ਰੋਟੀ ਦਾ ਉਲੇਖ ਮਿਲ ਜਾਂਦਾ ਹੈ। ਰੋਟੀ ਇਕੱਲੀ (ਸੁੱਕੀ) ਨਹੀਂ ਸੀ ਖਾਧੀ ਜਾਂਦੀ। ਰੋਟੀ ਦੇ ਨਾਲ ਕੁਝ ਮਸਾਲੇਦਾਰ, ਭਾਜੀ ਆਦਿਕ, ਹੁੰਦਾ ਸੀ ਪਰ ਇਹ ਅਮੀਰਾਂ ਦਾ ਖਾਣਾ ਲੱਗਦਾ ਹੈ ਕਿਉਂਕਿ ਗੁਰੂ ਸਾਹਿਬ ਆਖ ਰਹੇ ਹਨ, "ਭੋਜਨ ਵਿੱਚ ਭਾਜੀਆਂ ਵੀ ਦੁਰਲਭ ਨਹੀਂ।" ਭਾਵ ਪ੍ਰਾਪਤ ਹੋ ਸਕਦੀਆਂ ਹਨ। ਸੰਭਵ ਹੈ ਕਿ ਇਸ ਵਸਤੂ ਤੱਕ ਪੁੱਜਣਾ (ਹਾਸਲ ਕਰਨਾ) ਸਰਲ ਨਹੀਂ ਸੀ ਤਾਂ ਹੀ ਤਾਂ ਗੁਰੂ ਸਾਹਿਬ ਆਖਦੇ ਹਨ, "ਇਹ ਵੀ ਮਿਲ ਜਾਂਦੀਆਂ ਹਨ।" ਭਾਵ ਹਰ ਇੱਕ ਨੂੰ ਮਿਲਣੀਆਂ ਸੌਖੀਆਂ ਨਹੀਂ ਸਨ:

ਰੋਟੀਆ ਕਾਰਣਿ ਪੂਰਹਿ ਤਾਲ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

ਨਚ ਦੁਰਲਭੰ ਭੋਜਨੰ ਬਿੰਜਨੰ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1094)

ਲੋਕ ਪਾਨ ਚਬਾਉਣ ਦਾ ਸੁਆਦ ਵੀ ਲੈਂਦੇ ਸਨ। ਪਾਨ-ਸੁਪਾਰੀ ਦਾ ਪ੍ਰਯੋਗ, ਅਮੀਰਾਂ ਦਾ, ਆਪਣੀ ਹੈਸੀਅਤ ਦਿਖਾਉਣ ਦਾ ਇੱਕ ਢੰਗ ਸੀ। ਮਜਲਿਸਾਂ ਵਿਚ ਇੱਕੋ ਜਿਹੀ ਸੋਚ ਵਾਲੇ ਮਨੁੱਖ ਇਕੱਠੇ ਹੋ ਜਾਇਆ ਕਰਦੇ ਸਨ ਤੇ, ਇੱਕੋ ਜਿਹੇ ਸੁਆਦ ਦੇ ਚਸਕੇ ਦੀ ਪ੍ਰਵਿਰਤੀ ਵਾਲੇ ਹੋਣ ਕਾਰਨ, ਇਕੱਠੇ ਬੈਠ ਕੇ ਖਾਂਦੇ ਸਨ:

ਕਾਜਲੁ ਹਾਰ ਤਮੋਲ ਰਸੁ ਬਿਨੁ ਪਾਸੇ ਹਭਿ ਛਾਰੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1094)

ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਮਹਿਕਾਂ ਖਿਲੇਰਦੀ ਲਸਣ ਦੀ ਚਟਨੀ ਵੀ ਪ੍ਰਚੱਲਤ ਸੀ ਜਿਹੜੀ, ਭਾਵੇਂ ਕੋਨੇ ਵਿਚ ਬੈਠ ਕੇ ਹੀ ਕਿਉਂ ਨਾ ਖਾਧੀ ਜਾਵੇ, ਆਪਣਾ ਪਤਾ ਆਪੇ ਦੱਸ ਦਿੰਦੀ ਸੀ। "ਕਬੀਰ ਰਸ ਕੋ ਗਾਂਡੋ ਚੂਸੀਐ" (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368) ਅਨੁਸਾਰ ਲੋਕ ਗੰਨੇ ਵੀ ਚੂਪਦੇ ਸਨ। ਮਿੱਠੀਆਂ ਵਸਤੂਆਂ ਵਿਚ ਸ਼ਹਿਦ ਦਾ ਵੀ ਸ਼ੁਮਾਰ ਸੀ (ਉੱਪਰ ਵੀ ਸ਼ਹਿਦ ਦਾ ਜ਼ਿਕਰ ਆ ਚੁੱਕਾ ਹੈ)। ਗੁਰੂ ਸਾਹਿਬ ਅਨੁਸਾਰ ਮਨੁੱਖ ਨੂੰ ਝੂਠ ਸ਼ਹਿਦ ਵਾਂਗ ਮਿੱਠਾ ਲੱਗਦਾ ਹੈ ਭਾਵ ਕਿ ਸ਼ਹਿਦ, ਖਾਣ ਵਾਲੀਆਂ ਮਿੱਠੀਆਂ ਵਸਤੂਆਂ ਵਿਚ ਆਉਂਦਾ ਸੀ:

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ [44]ਖਾਨਿ॥

ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਕੂੜੁ ਮਿਠਾ ਕੂੜੁ ਮਾਖਿਉ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਬੱਕਰਾ ਮਾਰ ਕੇ ਉਸਦਾ ਮਾਸ ਰਿੰਨ੍ਹਿਆ ਤੇ ਖਾਧਾ ਜਾਂਦਾ ਸੀ। ਮੁਸਲਿਮ ਲੋਕ, ਜਿਨ੍ਹਾਂ ਦੀ ਭਾਸ਼ਾ ਨੂੰ ਹਿੰਦੂ ਲੋਕ ਅਭਾਖਿਆ[45] ਆਖਦੇ ਸਨ, ਉਸੇ ਭਾਸ਼ਾ ਵਿਚ ਕਲਮਾ ਪੜ੍ਹ ਕੇ ਹਲਾਲ ਕੀਤਾ ਹੋਇਆ ਬੱਕਰਾ ਖਾਂਦੇ ਸਨ। ਭੰਗ ਸਮੇਤ ਮੱਛੀ ਅਤੇ ਸ਼ਰਾਬ ਦਾ ਸੇਵਨ ਵੀ ਪ੍ਰਚੱਲਤ ਸੀ:

ਕੁਹਿ ਬਕਰਾ ਰਿੰਨਿ੍ ਖਾਇਆ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਅਭਾਖਿਆ ਕਾ ਕੁਠਾ ਬਕਰਾ ਖਾਣਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 137)

ਫਿੱਕੀ ਚੀਜ਼ ਦੇ ਮੁਕਾਬਲੇ ਸਲੂਣੀ ਚੀਜ਼ ਪਸੰਦ ਕੀਤੀ ਜਾਂਦੀ ਸੀ। ਹੇਠ ਲਿਖੀ ਪੰਕਤੀ ਵਿਚ ਪਿਆਰ ਦੀ ਉਚਾਈ ਬਿਆਨ ਕਰਦਿਆਂ ਉਲੇਖ ਹੈ ਕਿ ਪਿਆਰੇ ਦੀ ਪੇਟ ਦੀ ਭੁੱਖ ਮਿਟਾਉਣ ਲਈ ਮੈਂ ਸਲੂਣੀ (ਵਸਤੂ) ਹੋ ਕੇ ਪਸਰ ਜਾਵਾਂ:

ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1098)

ਦੁਕਾਨਦਾਰ ਹੱਟੀ ਤੋਂ ਸੌਦਾ ਲਿਆਉਣ ਵੇਲੇ ਮੁੜਦੇ ਹੋਏ ਗਾਹਕ ਨੂੰ, ਰੂੰਗੇ ਵਜੋਂ, ਗੁੜ ਦੇ ਦਿਆ ਕਰਦਾ ਸੀ। ਇਸਦਾ ਜ਼ਿਕਰ ਭਗਤ ਕਬੀਰ ਜੀ ਕ੍ਰਿਤ ਨਿਮਨ ਪੰਕਤੀ ਵਿਚ ਮਿਲਦਾ ਹੈ ਜਿਸ ਵਿਚ ਉਹ ਪਾਪਾਂ ਦੀ ਸਜ਼ਾ (ਦੁੱਖ) ਭੋਗ ਰਹੇ ਮਨੁੱਖ ਦੇ ਸਬੰਧ

ਵਿਚ ਆਖਦੇ ਹਨ ਕਿ ਇਸਨੇ ਜਿਹੜੇ ਸੁੱਖਾਂ ਦੇ ਸਮੇਂ (ਪਾਪ ਕਰਦਿਆਂ) ਤੱਕੇ ਉਹ ਤਾਂ ਹੁਣ ਇਸ (ਮਨੁੱਖ) ਲਈ ਕੇਵਲ ਰੂੰਗੇ ਦੇ ਗੁੜ ਵਾਂਗ ਹਨ, ਜਿਹੜਾ ਹਟਵਾਣੀਏ ਵਲੋਂ, ਹੱਟੀ ਤੋਂ ਮੁੜਦੇ ਹੋਏ, ਗਾਹਕ ਨੂੰ ਦਿੱਤਾ ਜਾਂਦਾ ਹੈ। ਭਾਵ ਹੁਣ ਉਹ ਦਿਨ ਕੇਵਲ ਯਾਦਾਂ ਤੱਕ ਹੀ ਸੀਮਤ ਹਨ:

ਪਾਛੈ ਭੋਗ ਜੁ ਭੋਗਵੈ ਤਿਨ ਕੋ ਗੁੜੁ ਲੈ ਖਾਹਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਗੁਰੂ ਸਾਹਿਬ ਲੋੜ ਤੋਂ ਵੱਧ ਖਾਣ ਨੂੰ ਘਿਰਣਾਯੋਗ ਮੰਨਦੇ ਹਨ ਅਤੇ ਸਾਦਾ ਖ਼ੁਰਾਕ ਨੂੰ ਪਹਿਲ ਦਿੰਦੇ ਹਨ। ਉਹ ਤਾਂ ਸੰਜਮ ਦੀ ਸਿੱਖਿਆ ਦਿੰਦੇ ਹਨ। ਬਾਣੀਕਾਰ ਮਾਸ ਆਦਿ ਭਾਰੇ ਆਹਾਰ ਦੀ ਵਰਤੋਂ ਤੋਂ ਵੀ ਮਨ੍ਹਾਂ ਕਰਦੇ ਹਨ:

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਖਾਣਾ ਸਬਦੁ ਚੰਗਿਆਈਆ ਜਿਤੁ ਖਾਧੇ ਸਦਾ ਤ੍ਰਿਪਤਿ ਹੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1090)

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨ॥
ਹੇਰਾ[46] ਰੋਟੀ ਕਾਰਨੇ ਗਲਾ ਕਟਾਵੈ ਕਉਨੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

**ਅਜੋਕੀ ਸਥਿਤੀ:** ਤਤਕਾਲੀ ਸਭਿਆਚਾਰ ਨੇ ਜੀਵਨ ਦੇ ਹੋਰ ਖਿੱਤਿਆਂ ਸਮੇਤ ਮਨੁੱਖ ਦੀਆਂ ਖਾਣ-ਪੀਣ ਦੀਆਂ ਆਦਤਾਂ ਅਤੇ ਖਾਧ-ਪਦਾਰਥਾਂ ਦੀ ਹੋਂਦ ਨੂੰ ਹਮੇਸ਼ਾ ਪ੍ਰਭਾਵਿਤ ਕੀਤਾ ਹੈ। "ਕਹਿਰੀ ਉੱਥਲ-ਪੁੱਥਲ ਵਾਲਾ ਪੰਜਾਬ ਦਾ ਇਤਿਹਾਸ ਰਿਹਾ ਹੈ ਅਤੇ ਚੈਨ-ਰਮਾਣ ਨਾਲ ਇਕੋ ਥਾਵੇਂ ਟਿਕ ਕੇ ਕੁਝ ਕਰਨ ਦਾ ਅਵਸਰ ਪੰਜਾਬੀਆਂ ਨੂੰ ਟਾਵੇਂ-ਟਾਵੇਂ ਮਿਲੇ ਸਨ। ਇਸੇ ਕਰਕੇ ਬਝਵੀਂ ਰਹੁਰੀਤ ਨਾਲੋਂ ਨਵੀਨਤਾ ਨਾਲ ਨਿਭਣ ਨੂੰ ਪੰਜਾਬੀ ਤਰਜੀਹ ਦਿੰਦੇ ਰਹੇ ਹਨ। ਭਾਰਤ ਵਿਖੇ ਅੰਗਰੇਜ਼ਾਂ ਦਾ ਪੰਜਾਬੀਆਂ ਨਾਲ ਵਾਹ ਹੋਰਨਾਂ ਨਾਲੋਂ ਪਿੱਛੋਂ ਪਿਆ ਸੀ ਪਰ ਪੰਜਾਬੀਆਂ ਨੇ ਇਨ੍ਹਾਂ ਦਾ ਸਭ ਤੋਂ ਵੱਧ ਪ੍ਰਭਾਵ ਰਹਿਣ-ਸਹਿਣ ਅਤੇ ਖਾਣ-ਹੰਢਾਉਣ ਦੇ ਪ੍ਰਸੰਗ 'ਚ ਕਬੂਲਿਆ।" (ਧਨਵੰਤ ਕੌਰ (ਸੰਪਾ),*ਸਮਕਾਲੀ ਪੰਜਾਬੀ ਸਮਾਜ* 79-80)

ਸੰਚਾਰ ਸਾਧਨਾਂ ਦੀ ਬਹੁਲਤਾ ਦੇ ਯੁੱਗ ਵਿੱਚ ਮਨੁੱਖੀ ਜੀਵਨ 'ਤੇ ਪਏ ਇਨ੍ਹਾਂ ਦੇ ਪ੍ਰਭਾਵਾਂ ਨੇ ਵੀ ਮਨੁੱਖੀ ਖਾਣ-ਪੀਣ ਦੀਆਂ ਆਦਤਾਂ ਨੂੰ ਕਾਫ਼ੀ ਹੱਦ ਤੱਕ ਬਦਲਿਆ ਹੈ। "ਟੈਲੀਵਿਜ਼ਨ ਨੇ ਰਾਜਸੀ ਬਹਿਸ ਨੂੰ ਘਰਾਂ ਤੱਕ ਲੈ ਆਂਦਾ ਹੈ ਪਰ ਸਮਾਜਕ ਮੇਲ-ਜੋਲ ਨੂੰ ਢਾਹ ਲਾਈ ਹੈ। ਪਰਿਵਾਰਾਂ ਦੇ ਮੈਂਬਰਾਂ ਦੇ ਭਾਵਨਾਤਮਕ ਰਿਸ਼ਤਿਆਂ 'ਚ ਵੀ ਤਰੇੜਾਂ ਆਈਆਂ ਹਨ। ਛੋਟੇ ਪਰਦੇ ਉਤੇ ਪੇਸ਼ ਹੁੰਦੇ ਅਤੇ ਘੜੇ ਘੜਾਏ ਮਾਪਦੰਡਾਂ ਵਾਲੇ ਅਤੇ ਮਕਾਨਕੀ ਰਿਸ਼ਤਿਆਂ ਨੇ ਪਰਿਵਾਰਕ ਅਤੇ ਸਮਾਜਕ ਰਿਸ਼ਤਿਆਂ ਦੀਆਂ ਪੀਢੀਆਂ ਗੰਢਾਂ ਨੂੰ ਢਿਲਿਆਂ ਕੀਤਾ ਹੈ। ਲੋਕਾਂ ਦੇ ਖਾਣ-ਪੀਣ, ਉਠਨ-ਬੈਠਣ, ਸੌਣ ਜਾਗਣ ਅਤੇ ਬਣਨ-ਫਬਣ ਦੀਆਂ ਆਦਤਾਂ ਵਿੱਚ ਢੇਰ ਸਾਰਾ ਅੰਤਰ ਆਇਆ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 204-205)

ਹਰੀ ਕਰਾਂਤੀ ਦੀ ਆਮਦ ਨਾਲ ਫ਼ਸਲਾਂ ਦੀ ਕਾਸ਼ਤ ਬਹੁਤ ਪ੍ਰਭਾਵਿਤ ਹੋਈ। ਕਈ ਤਰ੍ਹਾਂ ਦੀਆਂ ਫਸਲਾਂ ਨੂੰ ਵਧੇਰੇ ਤਰਜੀਹ ਦਿੱਤੀ ਜਾਣ ਲੱਗੀ। "ਹਰੀ ਕਰਾਂਤੀ ਆਉਣ ਤੋਂ ਪਹਿਲਾਂ ਕਿਸਾਨ ਆਪਣੀਆਂ ਨਿੱਕੀਆਂ ਲੋੜਾਂ ਦੀ ਪੂਰਤੀ ਵਾਸਤੇ ਵੱਖ-ਵੱਖ ਫ਼ਸਲਾਂ (ਅਨਾਜ, ਦਾਲਾਂ, ਤੇਲ ਬੀਜ, ਕਮਾਦ, ਕਪਾਹ, ਮੂੰਗਫਲੀ, ਬਾਜਰਾ) ਦੀ ਕਾਸ਼ਤ ਕਰਦੇ ਸਨ, ਇਹ ਉਹ ਸਮਾਂ ਸੀ ਜਦ ਭਾਰਤ ਵਿਚੋਂ ਅਨਾਜ ਦੀ ਬੇਹਿਸਾਬੀ ਘਾਟ ਸੀ। ਜਨਤਾ ਦਾ ਪੇਟ ਭਰਨ ਵਾਸਤੇ ਅਨਾਜ ਬਾਹਰਲੇ ਮੁਲਕਾਂ ਤੋਂ ਦਰਾਮਦ ਕੀਤਾ ਜਾਂਦਾ ਸੀ। ਪਰ 60ਵੇਂ ਦਹਾਕੇ ਵਿਚ ਕਣਕ ਅਤੇ ਝੋਨੇ ਦੀਆਂ ਵੱਧ ਝਾੜ ਵਾਲੀਆਂ ਬੌਣੀਆਂ ਕਿਸਮਾਂ ਵਿਕਸਿਤ ਹੋਈਆਂ। ਇਨ੍ਹਾਂ ਕਿਸਮਾਂ ਵਿਚ ਝਾੜ

ਦੇਣ ਦੀ ਚੰਗੀ ਸਮਰਥਾ ਹੋਣ ਕਰਕੇ ਇਹ ਕਿਸਾਨਾਂ ਵਿਚ ਕਾਫ਼ੀ ਹਰਮਨ ਪਿਆਰੀਆਂ ਹੋਈਆਂ। ਸਮੇਂ-ਸਮੇਂ ਸਿਰ ਇਨ੍ਹਾਂ ਕਿਸਮਾਂ ਵਾਸਤੇ ਖ਼ਾਦਾਂ, ਕੀੜੇਮਾਰ ਜ਼ਹਿਰਾਂ ਆਦਿ ਦੀਆਂ ਸਿਫ਼ਾਰਸ਼ਾਂ ਆਈਆਂ ਅਤੇ ਫ਼ਸਲਾਂ ਦੇ ਝਾੜ ਵਿਚ ਚੋਖਾ ਵਾਧਾ ਹੋਇਆ। ਸਿੱਟੇ ਵਜੋਂ ਪੰਜਾਬ ਨੂੰ ਭਾਰਤ ਦਾ ਅੰਨਦਾਤਾ ਹੋਣ ਦਾ ਮਾਣ ਪ੍ਰਾਪਤ ਹੋਇਆ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਜੀਵਨ* 81-82)

ਖੇਤੀ ਖੇਤਰ ਵਿੱਚ ਹੋਏ ਵਿਆਪਕ ਮਸ਼ੀਨੀਕਰਨ ਨੇ ਮਨੁੱਖ ਦੇ ਜੀਵਨ ਵਿੱਚ ਵੱਡੇ ਪੱਧਰ 'ਤੇ ਤਬਦੀਲੀਆਂ ਲਿਆਂਦੀਆਂ ਹਨ। "ਮਸ਼ੀਨੀ ਸਭਿਅਤਾ ਦੇ ਵਿਕਾਸ ਨੇ ਪੰਜਾਬ ਦੇ ਲੋਕ ਜੀਵਨ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ ਜਿਸ ਦੇ ਕਾਰਨ ਪੰਜਾਬ ਦੇ ਸਭਿਆਚਾਰਕ, ਸਮਾਜਿਕ ਤੇ ਆਰਥਿਕ ਖੇਤਰ 'ਚ ਢੇਰ ਸਾਰੀਆਂ ਤਬਦੀਲੀਆਂ ਵਾਪਰੀਆਂ ਹਨ। ਪਿੰਡ ਪਿੰਡ ਨਹੀਂ ਰਹੇ, ਸ਼ਹਿਰਾਂ ਨਾਲ ਜੁੜ ਗਏ ਹਨ। ਲੋਕਾਂ ਦੇ ਰਹਿਣ-ਸਹਿਣ, ਖਾਣ-ਪੀਣ ਤੇ ਪਹਿਰਾਵੇ 'ਚ ਬਹੁਤ ਸਾਰੇ ਪਰਿਵਰਤਨ ਹੋਏ ਹਨ।" (ਸੁਖਦੇਵ ਮਾਦਪੁਰੀ, *ਰੋਜ਼ਾਨਾ ਪੰਜਾਬੀ ਜਾਗਰਣ 25.11.2017* 4)

ਪੰਜਾਬੀ ਲੋਕ ਅੱਜ ਵੀ ਖਾਣ ਦੇ ਸ਼ੌਕੀਨ ਹਨ ਭਾਵੇਂ ਉਹ ਸਿਹਤ ਲਈ ਫ਼ਾਇਦੇਮੰਦ ਭੋਜਨ ਨਾ ਖਾ ਕੇ ਆਪਣੇ ਪੇਟ ਨੂੰ ਕੂੜਾਦਾਨ ਦੀ ਤਰ੍ਹਾਂ ਭਰ ਰਹੇ ਹਨ। ਸਿਹਤ ਮੰਤਰਾਲਾ ਭਾਰਤ ਸਰਕਾਰ ਦੇ ਰਾਸ਼ਟਰੀ ਸਿਹਤ ਮਿਸ਼ਨ ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਦੇ ਦੋ-ਤਿਹਾਈ ਲੋਕ ਮੋਟਾਪੇ ਤੋਂ ਪੀੜਤ ਅਤੇ ਸਥਾਪਿਤ ਮਾਪਦੰਡਾਂ ਨਾਲੋਂ ਵੱਧ ਭਾਰ ਵਾਲੇ ਹਨ।[47] ਜਦਕਿ ਜੀਵਨ ਦਾ ਆਨੰਦ ਮਾਨਣ ਲਈ ਸਰੀਰ ਦਾ ਤੰਦਰੁਸਤ ਹੋਣਾ ਅਤਿ-ਆਵੱਸ਼ਕ ਹੈ।[48]

ਅਜੋਕੇ ਯੁੱਗ ਦੇ ਹਾਲਾਤ ਵੱਖਰੇ ਹੀ ਹਨ। ਜੀਵਨ ਦੇ ਹਰ ਖੇਤਰ ਦੇ ਨਾਲ-ਨਾਲ ਖਾਧ-ਪਦਾਰਥਾਂ ਵਿੱਚ ਵੀ ਮਿਲਾਵਟ ਦਾ ਦੌਰ ਚੱਲ ਰਿਹਾ ਹੈ। "ਹਰ ਮਨੁੱਖ ਲਈ ਸ਼ੁੱਧ ਖੁਰਾਕ ਅਤੇ ਸਾਫ਼-ਸੁਥਰੇ ਵਾਤਾਵਰਨ ਦੀ ਲੋੜ ਹੁੰਦੀ ਹੈ। ਪਰ ਅਜੋਕੇ ਸਮੇਂ ਵਿਚ ਇਹ ਸਭ ਕੁਝ ਮਿਲਣਾ ਸੰਭਵ ਨਹੀਂ ਜਾਪਦਾ, ਕਿਉਂਕਿ ਅੱਜ ਜੇ ਸ਼ੁੱਧ ਖੁਰਾਕ ਦੀ ਗੱਲ ਕਰੀਏ ਤਾਂ ਸ਼ਾਇਦ ਹੀ ਕੋਈ ਖਾਣ ਪੀਣ ਵਾਲੇ ਪਦਾਰਥ ਸ਼ੁੱਧ ਹੋਣ। ਅੱਜ ਕਲ੍ਹ ਦੁਕਾਨਾਂ 'ਤੇ ਨਕਲੀ ਦੁੱਧ, ਦਹੀਂ, ਘਿਉ, ਪਨੀਰ ਆਦਿ ਦੀ ਵਿਕਰੀ ਆਮ ਹੋ ਰਹੀ ਹੈ।" (ਧਾਮੀ, *ਰੋਜ਼ਾਨਾ ਅਜੀਤ 03.11.2017* 4)"ਭਾਰਤੀ ਲੋਕ ਮਾਸਾਹਾਰੀ ਘੱਟ ਹਨ। ਸ਼ਾਕਾਹਾਰੀ ਵੱਧ ਹਨ।" (ਪਿਆਰਾ ਸਿੰਘ ਭੋਗਲ, *ਰੋਜ਼ਾਨਾ ਅਜੀਤ 27.11.2017* 4)

ਅਜੋਕੇ ਭੋਜਨ ਦੇ ਮੂਲ ਪਦਾਰਥ ਗੁਰਬਾਣੀ ਕਾਲ ਦੇ ਖਾਧ ਪਦਾਰਥਾਂ ਵਾਲੇ ਹੀ ਹਨ ਅਤੇ ਮਸਾਲਿਆਂ ਦੀ ਵਰਤੋਂ ਵੀ ਪ੍ਰਚੱਲਤ ਹੈ। ਸ਼ਰਾਬ ਆਦਿ ਦੀ ਵਰਤੋਂ ਵਧੇਰੇ ਕੀਤੀ ਜਾਣ ਲੱਗੀ ਹੈ। ਮਾਸ ਦੀ ਵਰਤੋਂ ਵੀ ਖ਼ੂਬ ਕੀਤੀ ਜਾਂਦੀ ਹੈ। ਗੁਰੂ ਸਾਹਿਬ ਦੇ ਆਸ਼ੇ ਅਨੁਸਾਰ ਜੀਵਨ ਢਾਲ ਕੇ ਮਨੁੱਖ ਆਪਣਾ ਚੌਗਿਰਦਾ ਸਿਹਤਮੰਦ ਬਣਾ ਸਕਦਾ ਹੈ।

### 2.1.5 ਖੇਡਾਂ ਤੇ ਮਨੋਰੰਜਨ

"ਨਚਣੁ ਕੁਦਣੁ ਮਨ ਕਾ ਚਾਉ॥" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465) ਪੰਕਤੀ ਤਤਕਾਲੀ ਮਨੋਰੰਜਨ ਦੇ ਜਜ਼ਬੇ ਅਤੇ ਢੰਗ (ਨੱਚਣਾ ਅਤੇ ਟੱਪਣਾ) ਦਾ ਉਲੇਖ ਕਰਦੀ ਹੈ। "ਨਚਿ ਨਚਿ ਹਸਹਿ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465) ਤੁਕਾਂਗ ਤਤਕਾਲੀ ਲੋਕਾਂ ਨੂੰ ਨੱਚ-ਨੱਚ ਕੇ ਪ੍ਰਾਪਤ ਹੁੰਦੀ ਖ਼ੁਸ਼ੀ ਅਤੇ ਪ੍ਰਸੰਨਤਾ ਦਾ ਸੂਚਕ ਹੈ। ਗੁਰੂ ਅੰਗਦ ਦੇਵ ਜੀ ਦੇ ਸਮੇਂ ਦੇ ਸਮਾਜਿਕ-ਸੱਭਿਆਚਾਰਕ ਹਾਲਾਤਾਂ ਨੂੰ ਬਿਆਨ ਕਰਦੇ ਹੋਏ ਡਾ. ਤਾਰਨ ਸਿੰਘ ਲਿਖਦੇ ਹਨ, "ਮਦਾਰੀ ਦਾ ਤਮਾਸ਼ਾ ਜਾਂ ਜਾਦੂ ਦੇ ਖੇਲ ਦਿਖਾਏ ਜਾਂਦੇ ਸਨ। ਨਟ ਖੇਡਾਂ ਦਿਖਾਉਂਦੇ ਸਨ। ਨਾਚ-ਪਾਰਟੀਆਂ ਆਮ ਸਨ। ਮੇਲੇ ਤੇ ਤਿਉਹਾਰ ਮਨਾਏ ਜਾਂਦੇ ਸਨ।" (*ਗੁਰੂ ਅੰਗਦ ਦੇਵ*

*ਜੀ* 19) ਜ਼ੋਰ ਅਜ਼ਮਾਈ ਲਈ ਅਖਾੜੇ ਹੁੰਦੇ ਸਨ। "ਗੁਰੂ ਸਾਹਿਬ (ਗੁਰੂ ਅੰਗਦ ਦੇਵ ਜੀ) ਨੇ ਮਾਨਵ ਸਰੀਰ ਨੂੰ ਅਰੋਗ ਰੱਖਣ ਲਈ ਮਲ ਅਖਾੜੇ ਬਣਾਏ ਜਿਥੇ ਕੁਸ਼ਤੀਆਂ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਵਾਲੀਆਂ ਹੋ ਖੇਡਾਂ ਹੁੰਦੀਆਂ।" (ਸਾਬਰ, *ਨਾਨਕ ਪ੍ਰਕਾਸ਼ ਪਤ੍ਰਿਕਾ ਗੁਰੂ ਅੰਗਦ ਦੇਵ ਵਿਸ਼ੇਸ਼ ਅੰਕ* 14) ਗੁਰੂ ਸਾਹਿਬ ਨੇ ਅਜਿਹੇ ਅਖਾੜੇ ਨੂੰ ਸਨਮੁਖ ਰੱਖ ਕੇ ਜਗਤ ਨੂੰ ਪ੍ਰਭੂ ਦਾ ਅਖਾੜਾ ਬਿਆਨ ਕੀਤਾ ਹੈ ਜਿੱਥੇ ਉਹ ਹੰਕਾਰ ਗ੍ਰਸਤ ਮਨੁੱਖਾਂ ਨੂੰ ਨਿਵਣ ਲਈ ਮਜਬੂਰ ਕਰ ਦਿੰਦਾ ਹੈ। ਘੁੜਸਵਾਰੀ ਕਰਦਿਆਂ ਹੋਇਆਂ ਖੁੰਡੀ ਦੀ ਖੇਡ (ਪੋਲੋ) ਖੇਡੀ ਜਾਂਦੀ ਸੀ। ਗੁਰੂ-ਚੇਲਿਆਂ ਦਾ ਨੱਚਣ-ਗਾਉਣ (ਜੋ ਉਹ ਭਗਤੀ ਸਮਝ ਕੇ ਕਰਦੇ ਹੋਣਗੇ) ਲੋਕਾਂ ਲਈ ਮਨੋਰੰਜਨ ਦਾ ਕਾਰਨ ਬਣਿਆ ਹੋਇਆ ਸੀ। ਲੋਕ ਉਨ੍ਹਾਂ ਦੇ ਕਰਤੱਵ ਤੱਕ-ਤੱਕ ਕੇ ਖ਼ੁਸ਼ ਹੁੰਦੇ ਸਨ। ਕਥਾ-ਕਹਾਣੀਆਂ ਸੁਣਾਈਆਂ ਜਾਂਦੀਆਂ ਸਨ। ਬਾਂਦਰਾਂ ਦੇ ਤਮਾਸ਼ੇ ਹੁੰਦੇ ਸਨ:

> ਦੇਖਹੁ ਭਾਈ ਏਹੁ ਜਗਤ ਅਖਾੜਾ ਹਰਿ ਪ੍ਰੀਤਮ ਸਚੇ ਕਾ
> ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 308)
> ਚੜਿ ਕੈ ਘੋੜੜੈ ਕੁੰਦੇ ਪਕੜਹਿ [49]ਖੂੰਡੀ ਦੀ ਖੇਡਾਰੀ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 322)
> ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨ੍ਹਿ ਸਿਰ॥
> ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)
> ਵਾਦਾ ਕੀਆ ਕਰਨਿ ਕਹਾਣੀਆ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1091)
> ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥
> ਬਿਖਯੰਤ ਜੀਵੰ ਵਸ੍ਹੰ ਕਰੋਤਿ ਨਿਰਤ੍ਹੰ ਕਰੋਤਿ ਜਥਾ ਮਰਕਟਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)

ਗੁਰੂ ਸਾਹਿਬ ਅਨੁਸਾਰ ਖੇਡਾਂ ਮਨੁੱਖ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਜ਼ਰੂਰੀ ਹਨ। ਨੱਚਣਾ ਅਤੇ ਕੁੱਦਣਾ ਜਿੱਥੇ ਮਨ ਵਿਚ ਨਵੀਂ ਊਰਜਾ ਭਰਦਾ ਹੈ, ਓਥੇ ਤਨ ਵਿੱਚੋਂ ਵਾਧੂ ਪਦਾਰਥਾਂ ਦੀ ਨਿਕਾਸੀ ਕਰਦੇ ਹੋਏ ਇਸਨੂੰ ਅਰੋਗ ਬਣਾਉਂਦਾ ਹੈ। "ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ॥" (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 322) ਪੰਕਤੀ ਮਨੁੱਖ ਨੂੰ ਪੂਰੇ ਮਨ ਨਾਲ ਖੇਡ ਦੇ ਮੈਦਾਨ ਵਿਚ ਉੱਤਰਨ ਦੀ ਪ੍ਰੇਰਨਾ ਦਿੰਦੀ ਹੈ। ਜਗਤ-ਰੂਪੀ ਅਖਾੜੇ ਵਿਚ ਮਨੁੱਖ ਨੂੰ ਪੂਰਾ-ਸੂਰਾ ਹੋ ਕੇ ਨਿੱਤਰਨਾ ਚਾਹੀਦਾ ਹੈ। ਗੁਰੂ ਸਾਹਿਬ ਦਾ ਮੱਲ ਅਖਾੜੇ ਤਿਆਰ ਕਰਵਾ ਕੇ ਸਰੀਰਕ ਜ਼ੋਰ ਲਵਾਉਣਾ ਮਨੁੱਖੀ ਊਰਜਾ ਨੂੰ ਰਚਨਾਤਮਕ ਪਾਸੇ ਲਾਉਣ ਵੱਲ ਇੱਕ ਸੋਹਣਾ ਕਦਮ ਹੈ ਅਤੇ ਭਵਿੱਖਤ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਹੈ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਉਕਤ ਪੈਰ੍ਹੇ ਵਿਚ ਆਈਆਂ ਖੇਡਾਂ ਅਤੇ ਮਨੋਰੰਜਨ ਦੇ ਸਾਧਨ ਤਾਂ ਘਟ ਗਏ ਹਨ ਪਰ ਮਨੁੱਖ ਦੀ ਮਨੋਰੰਜਨ ਪ੍ਰਾਪਤ ਕਰਨ ਦੀ ਰੁਚੀ ਉਸੇ ਤਰ੍ਹਾਂ ਸਬਲ ਹੈ, ਜਿਸ ਦੀ ਪੂਰਤੀ ਲਈ ਉਸ ਕੋਲ ਹੋਰ ਕਈ ਆਧੁਨਿਕ ਖੇਡਾਂ ਅਤੇ ਮਨੋਰੰਜਨ ਦੇ ਸਾਧਨ ਹਨ। ਮਨੋਰੰਜਨ ਦੀ ਤਾਂਘ ਹਰ ਇੱਕ ਦੇ ਅੰਦਰ ਸਮਾਈ ਹੋਈ ਹੈ। "ਹਰ ਕੋਈ ਗਾਉਣਾ ਜਾਂ ਨੱਚਣਾ ਚਾਹੁੰਦਾ ਹੈ... ... ਪੰਜਾਬ ਸਮਾਜ ਦੇ ਲੋਕ ਹਰ ਖੁਸ਼ੀ ਦੇ ਮੌਕੇ ਤੇ ਨੱਚਣਾ, ਗਾਉਣਾ ਪਸੰਦ ਕਰਦੇ ਹਨ। ... ...ਇਹ ਸਖ਼ਤ ਮਿਹਨਤ ਕਰਦੇ ਹੋਏ ਵੀ ਅੱਕਦੇ ਜਾਂ ਥੱਕਦੇ ਨਹੀਂ ਜੇਕਰ ਟਰਾਂਜਿਸਟਰ ਉੱਪਰ, ਨਾਲ-ਨਾਲ ਸੰਗੀਤ ਦੀ ਅਵਾਜ਼ ਕੰਨਾਂ ਵਿਚ ਪੈਂਦੀ ਰਹੇ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 57)

ਪੰਜਾਬ ਦੇ ਮੇਲਿਆਂ ਵਿੱਚ ਹੁਣ ਵੀ ਪੰਜਾਬੀ ਸੱਭਿਆਚਾਰ ਦੇ ਦਰਸ਼ਨ ਹੋ ਜਾਂਦੇ ਹਨ। "ਮੇਲਿਆਂ ਤੇ ਕਿਧਰੇ ਪਹਿਲਵਾਨਾਂ ਦੇ ਦੰਗਲ, ਕਿੱਧਰੇ ਖੇਡਾਂ ਦੇ ਅਖਾੜੇ, ਕਿੱਧਰੇ ਕਵੀਸ਼ਰਾਂ ਦੇ ਗਾਉਣ, ਕਿੱਧਰੇ ਢਾਡੀਆਂ ਦੇ ਅਖਾੜੇ, ਨਕਲਾਂ, ਰਾਸਾਂ ਤੇ ਨਚਾਰਾਂ ਦੇ ਜਲਸੇ ਆਪਣਾ ਜਲੌਂ ਵਿਖਾ ਰਹੇ ਹੁੰਦੇ ਹਨ। ਕਿਸੇ ਪਾਸੇ ਗੱਭਰੂਆਂ ਦੀਆਂ ਟੋਲੀਆਂ ਖੜਤਾਲਾਂ, ਕਾਟੋਆਂ ਤੇ ਛੈਣੀਆਂ ਦੇ ਤਾਲ ਨਾਲ ਗਿੱਧੇ-ਭੰਗੜੇ ਪਾ ਕੇ ਦਰਸ਼ਕਾਂ ਦਾ ਮਨੋਰੰਜਨ ਕਰਦੀਆਂ ਹਨ।" (ਸੁਖਦੇਵ ਮਾਦਪੁਰੀ, *ਰੋਜ਼ਾਨਾ ਪੰਜਾਬੀ ਜਾਗਰਣ 25.11.2017* 4)

ਕੁਸ਼ਤੀਆਂ ਪ੍ਰਤੀ ਜੋਸ਼ ਕੁਝ ਘੱਟ ਦਿਖਾਈ ਦੇ ਰਿਹਾ ਹੈ, ਜਿਸਦਾ ਸਬੂਤ ਇਨ੍ਹਾਂ ਦੀ ਗਿਣਤੀ ਵਿੱਚ ਆਈ ਕਮੀ ਤੋਂ ਮਿਲਦਾ ਹੈ। "ਅਜੋਕੇ ਸਮੇਂ ਵਿਚ ਜੇਕਰ ਝਾਤ ਪਾਉਂਦੇ ਹਾਂ ਤਾਂ ਮਹਿਜ਼ ਚੁਣਿੰਦਾ ਹੀ ਕੁਸ਼ਤੀ ਮੇਲੇ ਰਹਿ ਗਏ ਹਨ, ਜਿਨ੍ਹਾਂ ਉੱਤੇ ਲੋਕ ਅੱਜ ਵੀ ਹੁਮ ਹੁਮਾ ਕੇ ਕੁਸ਼ਤੀਆਂ ਦਾ ਲੁਤਫ਼ ਲੈਣ ਪੁੱਜਦੇ ਹਨ। ਇਨ੍ਹਾਂ ਮੇਲਿਆਂ ਦੇ ਅਲੋਪ ਹੋਣ ਦਾ ਇਕੋ-ਇਕ ਕਾਰਨ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਦੇ ਦਿਮਾਗ ਵਿਚ ਕੁਸ਼ਤੀ ਜਾਂ ਫਿਰ ਛਿੰਝਾਂ ਦੀ ਥਾਂ ਮੋਬਾਇਲ ਫੋਨ ਉੱਤੇ ਖੇਡੀਆਂ ਜਾਣ ਵਾਲੀਆਂ ਬਣਾਉਟੀ ਖੇਡਾਂ ਨੇ ਲੈ ਲਈ ਹੈ।" (ਤੂਰ, *ਰੋਜ਼ਾਨਾ ਅਜੀਤ 3-10-2017* 4)

ਵੈਸੇ ਹੋਰਨਾਂ ਭਾਰਤੀ ਰਾਜਾਂ ਵਾਂਗ ਪੰਜਾਬ ਦੇ ਵੀ ਕਈ ਲੋਕ-ਨਾਚ ਹਨ, ਜਿਹੜੇ ਏਥੋਂ ਦੇ ਲੋਕਾਂ ਲਈ ਮਨੋਰੰਜਨ ਦਾ ਸਾਧਨ ਹਨ। "ਵੱਖ-ਵੱਖ ਪ੍ਰਾਂਤਾਂ ਵਿਚ ਅਨੇਕਾਂ ਇਲਾਕਾਈ ਨ੍ਰਿਤ ਪ੍ਰਚਲਿਤ ਹਨ ਜਿਹਨਾਂ ਨੂੰ ਲੋਕ-ਨ੍ਰਿਤ ਕਿਹਾ ਜਾਂਦਾ ਹੈ ਜਿਵੇਂ ਪੰਜਾਬ ਦਾ ਭੰਗੜਾ, ਗਿੱਧਾ, ਲੁੱਡੀ, ਸੰਮੀ, ਝੂੰਮਰ, ਘੁੰਮਰ ਅਤੇ ਕਿੱਕਲੀ ਆਦਿ ਪੰਜਾਬੀ ਸਮਾਜ ਵਿਚ ਆਮ ਪ੍ਰਚਲਿਤ ਹਨ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 64) "ਜੰਗਾਂ, ਜੁਧਾਂ, ਹਮਲਿਆਂ, ਲੁਟਾਂ ਆਦਿ ਦਾ ਫਲ ਸਰੂਪ ਇਹ ਹੈ ਕਿ ਇਹ (ਪੰਜਾਬੀ) ਆਪਣੇ ਸਰੀਰ ਨੂੰ ਸ਼ਕਤੀ ਵਾਨ ਅਤੇ ਬਲਵਾਨ ਬਣਾਈ ਰਖਣ ਲਈ ਕਸਰਤਾਂ ਦੇ ਸ਼ੌਕੀਨ ਹਨ।" (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 146)

ਸੰਚਾਰ ਅਤੇ ਹੋਰ ਇਲੈਕਟ੍ਰਾਨਿਕ ਸਾਧਨਾਂ ਨੇ ਪੰਜਾਬੀਆਂ ਦੇ ਜੀਵਨ ਦੇ ਮਨੋਰੰਜਨ ਖਿੱਤੇ ਨੂੰ ਵੀ ਬੜੇ ਜ਼ੋਰ ਨਾਲ ਪ੍ਰਭਾਵਿਤ ਕੀਤਾ ਹੈ। "ਪਿਛਲੇ ਦਹਾਕੇ ਵਿਚ ਆਰਕੈਸਟਰਾ ਪਾਰਟੀਆਂ ਅਤੇ 'ਪੌਪ ਮਿਊਜ਼ਿਕ' ਦੀ ਲਹਿਰ ਇਕ ਹਨੇਰੀ ਵਾਂਗ ਆਈ ਜਿਸ ਵਿਚ ਸ਼ਰਮ, ਹਯਾ, ਪਵਿੱਤਰ ਭਾਵਨਾਵਾਂ, ਮਰਿਯਾਦਾ ਅਤੇ ਇੱਜ਼ਤ-ਮਾਣ, ਸਭ ਕੁਝ ਖ਼ਤਮ ਹੋ ਗਿਆ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 57)"ਹੁਣ ਟੈਲੀਵਿਜ਼ਨ, ਅਖ਼ਬਾਰ, ਰਸਾਲੇ ਸੂਚਨਾ-ਮਨੋਰੰਜਨ ਹੀ ਨਹੀਂ ਦਿੰਦੇ, ਲੋਕ-ਰਾਇ ਵੀ ਸਿਰਜਦੇ ਹਨ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 93)

### 2.1.6 ਪਹਿਰਾਵਾ

ਤਤਕਾਲੀ ਲੋਕ ਤਨ ਢਕਣ ਲਈ ਕੱਪੜੇ ਦੀ ਵਰਤੋਂ ਕਰਦੇ ਸਨ। "ਅਗੀ ਪਾਲਾ ਕਪੜੁ ਹੋਵੈ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142) ਤੁਕਾਂਗ ਉਸ ਪ੍ਰਸੰਗ ਦਾ ਹਿੱਸਾ ਹੈ, ਜਿਸ ਵਿਚ ਗੁਰੂ ਸਾਹਿਬ ਮਨੁੱਖ ਦੀਆਂ ਵੱਡੀਆਂ ਸਮਰੱਥਾਵਾਂ ਦੀ ਬਾਤ ਪਾਉਂਦੇ ਹੋਏ ਕਥਨ ਕਰਦੇ ਹਨ ਕਿ ਇਨ੍ਹਾਂ ਸ਼ਕਤੀਆਂ ਦੇ ਪੱਧਰ ਵਿਚ ਮਨੁੱਖ ਭਾਵੇਂ ਏਨਾ ਸਮਰੱਥਾਵਾਨ ਵੀ ਕਿਉਂ ਨਾ ਹੋ ਜਾਵੇ ਕਿ ਉਹ ਗਰਮੀ (ਹੁਨਾਲ ਰੁੱਤ) ਅਤੇ ਸਰਦੀ (ਸਿਆਲ ਰੁੱਤ) ਨੂੰ ਹੀ ਕੱਪੜਿਆਂ ਵਜੋਂ ਵਰਤਣਾ ਸ਼ੁਰੂ ਕਰ ਦੇਵੇ। ਇਸ ਸਾਰੀ ਚਰਚਾ ਦਾ ਆਧਾਰ ਕੱਪੜੇ ਹੀ ਹਨ ਭਾਵ ਕਿ ਕੱਪੜਿਆਂ ਦੀ ਥਾਂ ਹੀ ਗਰਮੀ, ਸਰਦੀ ਨੂੰ ਵਰਤੋਂ ਵਿਚ ਲਿਆਉਣ ਦਾ ਉਲੇਖ ਹੈ ਜਿਸਦਾ ਸਪਸ਼ਟ ਅਰਥ ਤਤਕਾਲੀ ਦੌਰ ਵਿਚ ਕੱਪੜਿਆਂ ਦੀ (ਤਨ ਢਕਣ ਲਈ) ਵਰਤੋਂ ਹੈ। ਭਾਵ, ਤਨ ਢਕਣ ਲਈ ਕੱਪੜੇ ਦੀ ਵਰਤੋਂ ਕੀਤੀ ਜਾਂਦੀ ਸੀ। ਸਾਰੀ ਉਮਰ

ਕੱਪੜੇ ਮਨੁੱਖ ਦੇ ਸਰੀਰ ਦੇ ਸਾਥੀ ਹੁੰਦੇ ਸਨ। ਭਾਵ ਮਨੁੱਖ ਦੇ ਜਨਮ ਤੋਂ ਲੈ ਕੇ ਉਸਦੇ ਆਖ਼ਰੀ (ਅੰਤਮ) ਸਸਕਾਰ ਤੱਕ ਕੱਪੜੇ ਉਸਦੇ ਸਰੀਰ ਨੂੰ ਢਕਦੇ ਸਨ:

ਖਾਂਦਿਆ ਖਾਂਦਿਆ ਮੁਹੁ [50]ਘੁਠਾ ਪੈਨੰਦਿਆ ਸਭੁ ਅੰਗੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 523)

ਹੇਠ ਲਿਖੀ ਪੰਕਤੀ ਵਿਚ ਮਨੁੱਖ ਦੁਆਰਾ ਆਪਣੇ ਕੱਪੜੇ ਬਦਲਨ (ਹੋਰ ਕੱਪੜੇ ਪਹਿਨਣ) ਦਾ ਉਲੇਖ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਦੁੱਖ ਅਤੇ ਸੁੱਖ ਸਰੀਰ ਲਈ ਕੱਪੜਾ-ਰੂਪ ਹਨ। ਜਿਵੇਂ ਮਨੁੱਖ ਇੱਕ ਪਹਿਰਾਵਾ ਉਤਾਰ ਕੇ ਦੂਜਾ ਪਹਿਨ ਲੈਂਦਾ ਹੈ, ਉਸੇ ਤਰ੍ਹਾਂ ਦੁੱਖ ਅਤੇ ਸੁੱਖ ਸਰੀਰ ਨੂੰ ਵਿਆਪਦੇ ਹੀ ਰਹਿੰਦੇ ਹਨ ਭਾਵ ਸਿਹਤ ਦੀ ਸਥਿਤੀ ਹਮੇਸ਼ਾ ਇੱਕੋ ਜਿਹੀ ਨਹੀਂ ਰਹਿੰਦੀ:

ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 149)

ਕੱਪੜੇ ਦੇ ਨਿਰਮਾਣ ਹਿੱਤ ਕਪਾਹ ਦੀ (ਰੂੰ ਦੀ) ਵਰਤੋਂ ਕੀਤੀ ਜਾਂਦੀ ਸੀ। ਹੇਠ ਲਿਖੀ ਪੰਕਤੀ ਵਿਚ ਗੁਰੂ ਸਾਹਿਬ ਫ਼ਰਮਾ ਰਹੇ ਹਨ ਕਿ ਮੀਂਹ ਪੈਣ ਨਾਲ ਅਨਾਜ, ਕਮਾਦ ਅਤੇ ਕਪਾਹ ਪ੍ਰਫੁਲਤ ਹੁੰਦੇ ਹਨ। ਕਪਾਹ ਸਦਕਾ ਮਨੁੱਖ ਦੇ ਤਨ ਢਕਣ ਦਾ ਪ੍ਰਬੰਧ ਹੁੰਦਾ ਹੈ:

ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 150)

ਕੱਪੜਾ ਧਾਗੇ ਤੋਂ ਤਿਆਰ ਹੁੰਦਾ ਸੀ। ਰੂੰ ਨੂੰ ਕੱਤਿਆ ਜਾਂਦਾ ਸੀ ਅਤੇ ਸੂਤ ਤਿਆਰ ਕਰ ਕੇ ਉਸਦਾ ਤਾਣਾ ਤਣਿਆ ਜਾਂਦਾ ਸੀ (ਕੱਪੜਾ ਬੁਣਿਆ ਜਾਂਦਾ ਸੀ)। ਕੱਪੜੇ ਦੀ ਮਿਣਤੀ ਕੀਤੀ ਜਾਂਦੀ (ਭਾਵ ਮਿਣ ਕੇ ਸਿਲਾਈ ਕੀਤੀ ਜਾਂਦੀ) ਤੇ ਕੱਪੜਾ ਪਹਿਨਣ-ਯੋਗ ਹੋ ਜਾਂਦਾ। ਪਹਿਨਿਆ ਹੋਇਆ ਇਹ ਨਵਾਂ ਲਿਬਾਸ ਮਨ ਨੂੰ ਚੰਗਾ-ਚੰਗਾ ਲੱਗਦਾ, ਮਨੁੱਖ ਆਪਣੇ-ਆਪ ਵਿਚ ਮਾਣ ਮਹਿਸੂਸ ਕਰਦਾ:

ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਨਾਨਕ ਕੂੜਾ ਕਤਿਐ ਕੂੜਾ ਤਣੀਐ ਤਾਣੁ॥

ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਅਮੀਰ ਆਦਮੀ (ਹਵਾ ਵਾਂਗ) ਹਲਕੇ, ਬਾਰੀਕ ਧਾਗੇ ਦੇ ਕੱਪੜੇ ਪਹਿਨ ਕੇ ਬੜਾ ਫੁੱਲਦਾ ਸੀ। ਕਈ ਲੋਕ (ਅਮੀਰ) ਰੇਸ਼ਮੀ ਪਹਿਰਾਵਾ ਪਹਿਨਦੇ ਸਨ ਅਤੇ ਕਈ ਲੋਕ ਪਾਟੇ-ਪੁਰਾਣੇ ਕੱਪੜੇ (ਲੀਰਾਂ) ਸਿਊਂ ਕੇ ਤਨ ਢਕਦੇ ਸਨ। ਗੁਰੂ ਨਾਨਕ ਦੇਵ ਜੀ ਇਨ੍ਹਾਂ ਦੋਹਾਂ ਦਾ ਉਲੇਖ ਕਰਦੇ ਹਨ। ਰਾਜੇ ਅਤੇ ਰਾਣੀਆਂ ਕੰਨਾਂ ਵਿਚ ਕੀਮਤੀ ਵਾਲ਼ੇ ਅਥਵਾ ਬੁੰਦੇ ਪਹਿਨਦੇ ਸਨ ਅਤੇ ਗਲੇ ਵਿਚ ਕੀਮਤੀ ਹਾਰ ਪਾਉਂਦੇ ਸਨ:

ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 318)

ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)

ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥

ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਕੱਪੜਿਆਂ ਨੂੰ ਰੰਗਿਆ ਵੀ ਜਾਂਦਾ ਸੀ, ਜਿਸਦਾ ਮੰਤਵ ਉਨ੍ਹਾਂ ਨੂੰ ਰੰਗਦਾਰ ਬਣਾ ਕੇ ਹੋਰ ਸੁੰਦਰ ਦਿੱਖ ਦੇਣਾ ਹੁੰਦਾ ਹੋਵੇਗਾ। ਹੇਠ ਲਿਖੀਆਂ ਪੰਕਤੀਆਂ ਵਿਚ ਕੱਪੜੇ ਨੂੰ ਪਹਿਲਾਂ ਪਾਣ (ਲਾਗ) ਦੇ ਕੇ ਫਿਰ ਪੱਕਾ ਰੰਗ ਦੇਣ ਦਾ ਜ਼ਿਕਰ ਹੈ। ਪ੍ਰਭੂ ਨੂੰ, ਮਨੁੱਖੀ ਮਨ ਨੂੰ, ਪੱਕੇ (ਮਜੀਠੀ) ਰੰਗ ਵਿਚ ਰੰਗਣ ਵਾਲਾ ਦਰਸਾਇਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਜਿਸ ਤਰ੍ਹਾਂ ਪਾਹ (ਪਾਣ ਜਾਂ ਲਾਗ) ਦੇਣ ਤੋਂ ਬਾਅਦ ਕੱਪੜੇ ਨੂੰ ਪੱਕਾ ਰੰਗ ਚੜ੍ਹਾਇਆ ਜਾਂਦਾ ਹੈ ਉਸੇ ਤਰ੍ਹਾਂ ਪ੍ਰਭੂ-ਪਿਆਰ ਦਾ ਰੰਗ ਵੀ ਮਨ ਨੂੰ ਸਹਿਜਤਾ ਨਾਲ ਚੜ੍ਹਦਾ ਹੈ, ਜੋ ਮੁੜ ਉੱਤਰਦਾ ਕਦੇ ਨਹੀਂ:

ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ॥

ਜਿਉ ਮਾਜੀਠੈ ਕਪੜੇ ਰੰਗੇ ਭੀ [51]ਪਾਹੇਹਿ॥

ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ[52]॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 644)

ਕਾਪੜੁ ਕਾਠੁ ਰੰਗਾਇਆ ਰਾਂਗਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਪਹਿਰਾਵੇ ਦਾ ਮੰਤਵ ਤਨ ਢਕਣਾ ਤਾਂ ਸੀ ਹੀ ਨਾਲ ਦੀ ਨਾਲ ਦੂਜਿਆਂ ਦੇ ਸਨਮੁਖ ਆਪਣੀ ਦਿੱਖ ਨੂੰ ਸੁੰਦਰ ਦਰਸਾਉਣਾ ਵੀ ਸੀ। ਹੇਠ ਲਿਖੀ ਪੰਕਤੀ ਵਿਚ ਗੁਰੂ ਸਾਹਿਬ ਮਨੁੱਖ ਦੇ ਸਰੀਰ ਨੂੰ, ਪਹਿਰਾਵੇ ਨੂੰ ਅਤੇ ਇਸ ਸੁੰਦਰ ਪਹਿਰਾਵੇ ਦੁਆਰਾ ਆਪਣੇ ਆਪ ਨੂੰ ਸੋਹਣਾ ਦਰਸਾਏ ਜਾਣ ਦੀ ਭਾਵਨਾ ਨੂੰ ਝੂਠ ਆਖਦੇ ਹਨ। ਸਪਸ਼ਟ ਹੈ ਕਿ ਤਤਕਾਲੀ ਮਨੁੱਖ ਤਨ ਢਕਣ ਦੇ ਨਾਲ-ਨਾਲ ਸੁੰਦਰ (ਰੂਪਵਾਨ) ਦਿਖਾਈ ਦੇਣ ਲਈ ਵੀ ਵਧੀਆ ਪਹਿਰਾਵਾ ਪਾਉਂਦਾ ਸੀ। ਸੋਨੇ ਅਤੇ ਚਾਂਦੀ ਦੀ ਵਰਤੋਂ (ਗਹਿਣੇ) ਵੀ ਇਸੇ ਸ੍ਰੇਣੀ ਵਿਚ ਆਉਂਦੀ ਸੀ:

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਪੈਰਾਂ ਵਿਚ ਜੁੱਤੀ ਪਹਿਨੀ ਜਾਂਦੀ ਸੀ। ਹੇਠ ਲਿਖੀ ਪੰਕਤੀ ਵਿਚ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਪ੍ਰਭੂ ਦੁਆਰਾ ਬਖ਼ਸ਼ੇ ਹੋਏ ਜੀਵ ਛੁੱਟ ਜਾਂਦੇ ਹਨ, ਬਾਕੀਆਂ ਦੇ ਜੁੱਤੀਆਂ ਪੈਂਦੀਆਂ (ਬੇਪੱਤੀ ਹੁੰਦੀ) ਹੈ। ਇਸ ਕਥਨ ਵਿਚ ਜੁੱਤੀ ਦਾ ਉਲੇਖ ਹੈ। ਜੁੱਤੀ ਚਮੜੇ ਤੋਂ ਬਣੀ ਹੋਈ ਹੁੰਦੀ ਸੀ। ਭਗਤ ਕਬੀਰ ਜੀ ਆਖਦੇ ਹਨ ਕਿ ਪ੍ਰਭੂ ਨੂੰ ਯਾਦ ਕਰਨ ਵਾਲੇ ਮਨੁੱਖ ਦੀ ਜੁੱਤੀ ਲਈ ਮੇਰੇ ਤਨ ਦਾ ਚੰਮ ਹਾਜ਼ਰ ਹੈ। ਇਸ ਕਥਨ ਤੋਂ ਤਤਕਾਲੀ ਦੌਰ ਦੀ ਚਮੜੇ ਦੀ ਜੁੱਤੀ ਵੱਲ ਇਸ਼ਾਰਾ ਹੈ:

ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 149)

ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ ਵਿਚ, ਤੁਰਕ-ਸੱਤਾ ਦੌਰਾਨ, ਸਰਕਾਰੀ ਵਰਦੀ ਦਾ ਰੰਗ ਨੀਲਾ ਸੀ। "ਨੀਲੇ ਰੰਗ ਦੇ ਕੱਪੜੇ ਪਾ ਕੇ (ਤੁਰਕ ਹਾਕਮਾਂ ਦੇ ਪਾਸ ਜਾਂਦੇ ਹਨ, ਤਾਂ ਹੀ) ਉਹਨਾਂ ਪਾਸ ਜਾਣ ਦੀ ਆਗਿਆ ਮਿਲਦੀ ਹੈ... ...। " (ਸਾਹਿਬ ਸਿੰਘ, *ਗੁਰੂ ਗ੍ਰੰਥ ਦਰਪਣ,* 1884) "ਮੁਲਾਜ਼ਮਤ ਵੇਲੇ ਨੀਲੇ ਰੰਗ ਦੇ ਕੱਪੜੇ ਪਾ ਕੇ ਜਾਂਦੇ ਹਨ... ...।" (ਸਾਹਿਬ ਸਿੰਘ, *ਗੁਰੂ ਗ੍ਰੰਥ ਸਾਹਿਬ ਦਰਪਣ* 1884) ਹਿੰਦੁਸਤਾਨੀ ਲੋਕ ਵੀ ਸੱਤਾ ਦੇ ਪ੍ਰਭਾਵ ਹੇਠ ਆ ਕੇ (ਪ੍ਰਵਾਨ ਹੋਣ ਲਈ) ਉਨ੍ਹਾਂ (ਤੁਰਕਾਂ ਵਾਕੇ) ਵਾਲੇ ਕਰਮ ਹੀ ਕਰ ਰਹੇ ਸਨ:

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਨੀਲ ਵਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 470)

ਵਿਆਹੀ ਹੋਈ ਇਸਤਰੀ ਸੁੰਦਰ ਦਿਖਾਈ ਦੇਣ ਲਈ (ਪਤੀ ਨੂੰ ਰਿਝਾਉਣ ਲਈ) ਸ਼ਿੰਗਾਰ ਕਰਦੀ ਸੀ। (ਸਹਿਗਲ, *Perspectives on Guru Amar Das* 166) ਤਤਕਾਲੀ ਦੌਰ ਦੀ ਇਸਤਰੀ ਖ਼ੁਦ ਵੀ ਇਸ ਤੱਥ ਤੋਂ ਵਾਕਿਫ਼ ਸੀ। ਹੇਠ ਲਿਖੀ ਪੰਕਤੀ ਵਿਚ ਫਰੀਦ ਜੀ ਉਸ ਵੇਸ ਬਾਰੇ ਪੁੱਛ ਕਰ ਰਹੇ ਹਨ, ਜਿਸ ਨਾਲ ਸ਼ਹੁ ਵੱਸ ਵਿਚ ਆ ਜਾਵੇ। ਆਪ ਪੁੱਛਦੇ ਹਨ ਕਿ ਉਹ ਕਿਹੜਾ ਵੇਸ ਹੈ? ਭਾਵ ਪਤੀ ਨੂੰ ਲੁਭਾਉਣ ਲਈ ਪਹਿਰਾਵਾ ਇੱਕ ਮਹੱਤਵਪੂਰਨ ਪੱਖ ਸੀ:

ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾ ਕੰਤੁ ਮਨਾਇ॥
ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ 1095*)

ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

ਸ਼ਗਨਾਂ ਦੇ ਕੱਪੜੇ (ਸੁੱਭਰ) ਵਿਸ਼ੇਸ਼ ਦਿੱਖ ਵਾਲੇ ਹੁੰਦੇ ਸਨ:

ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1102)

"ਮੈਕਾਲਫ ਨੇ ਦੱਸਿਆ ਹੈ ਕਿ ਇਕ ਗੁਰ-ਸਿਖ ਬੀਬੀ ਭਾਨੀ ਦੀ ਸ਼ਾਦੀ ਸਮੇਂ ਆਪ ਨੂੰ ਰੇਸ਼ਮ ਦੇ ਬਸਤਰ ਤੇ ਗਹਿਣੇ ਬਣਾ ਕੇ ਦੇਣਾ ਚਾਹੁੰਦਾ ਸੀ, ਕਿਉਂਕਿ ਉਸ ਅਨੁਸਾਰ ਨਵ-ਵਿਆਹੁਤਾ ਨੂੰ ਸਾਦਾ ਕਪੜੇ ਵਰਜਤ ਸਨ। ਇਹ ਸੁਣ ਕੇ ਬੀਬੀ ਭਾਨੀ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਇਹ ਸਲੋਕ ਪੜ੍ਹ ਕੇ ਦਿਖਾਵੇ ਦੀਆਂ ਵਸਤਾਂ ਵਲੋਂ ਆਪਣੀ ਅਰੁਚੀ ਪ੍ਰਗਟਾਈ... ...

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣਹਾਰੁ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥" (ਸੋਢੀ, *ਗੁਰੂ ਰਾਮ ਦਾਸ: ਜੀਵਨ ਤੇ ਰਚਨਾ* 4)

ਇਨ੍ਹਾਂ (ਉਕਤ) ਪੰਕਤੀਆਂ ਵਿਚ ਵੀ ਸ਼ਾਦੀ ਸਮੇਂ ਦੇ ਵਿਸ਼ੇਸ਼ ਲਿਬਾਸ ਦਾ ਉਲੇਖ ਮਿਲਦਾ ਹੈ।

ਔਰਤ ਦੀ ਸ਼ਿੰਗਾਰ ਸਮੱਗਰੀ ਵਿਚ ਕੱਜਲ, ਫੁੱਲ, ਪਾਨ-ਰਸ ਆਦਿ ਹੁੰਦੇ ਸਨ।[53] ਗਲੇ ਵਿਚ ਹਾਰ ਵੀ ਪਹਿਨਿਆ ਜਾਂਦਾ ਪਰ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰ ਕੇ ਕੀਤਾ ਸ਼ਿੰਗਾਰ ਕੁਝ ਸਮੇਂ ਮਗਰੋਂ ਫਿੱਕਾ ਪੈ ਜਾਂਦਾ ਸੀ:

ਕਾਜਲ ਫੂਲ ਤੰਬੋਲ ਰਸੁ ਲੁ ਧਨ ਕੀਆ ਸੀਗਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)
ਕਾਜਲੁ ਹਾਰੁ ਤਮੋਲ ਰਸ ਬਿਨੁ ਪਸੇ ਹਭਿ ਰਸ ਛਾਰੁ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1094)

ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 785)

ਸੁਹੱਪਣ ਦਾ ਚਾਅ ਹੁੰਦਾ ਸੀ। ਦੰਦ ਚਿੱਟੇ, ਮੋਤੀਆਂ ਜਿਹੇ ਰੱਖੇ ਜਾਂਦੇ ਸਨ, ਜਿਹੜੇ ਸਰੀਰ ਨੂੰ ਸੁੰਦਰ ਦਿੱਖ ਦਿੰਦੇ ਸਨ। ਬੁਢਾਪੇ ਨੂੰ (ਜਦੋਂ ਦੰਦ ਵੀ ਸਾਥ ਛੱਡ ਜਾਂਦੇ ਸਨ) ਚੰਗਾ ਨਹੀਂ (ਵੈਰੀ) ਗਿਣਿਆ ਜਾਂਦਾ ਸੀ। ਮੁਰਸ਼ਦ ਲੋਕਾਂ ਵਿਚ ਸਿਰ ਉੱਪਰ ਕੁਲਹਾਂ-ਟੋਪੀ ਪਾਉਣ ਦਾ ਰਿਵਾਜ਼ ਸੀ:

ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ॥

ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਇ ਮਰੰਨਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਕੁਲਹਾਂ[54] ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਕੱਪੜੇ ਨੂੰ ਉੱਜਲ ਕਰਨ (ਨਿਖ਼ਾਰਨ) ਲਈ ਧੋਤਾ ਜਾਂਦਾ ਸੀ। ਹੇਠ ਲਿਖੀ ਪੰਕਤੀ ਵਿਚ ਭਗਤ ਕਬੀਰ ਜੀ ਆਖਦੇ ਹਨ ਕਿ ਮਾਇਆ ਪਿੱਛੇ ਦੌੜਨ ਵਾਲਾ ਬੰਦਾ ਕਾਲ਼ੀ ਕੰਬਲੀ ਦੀ ਨਿਆਈਂ ਹੁੰਦਾ ਹੈ, ਜਿਹੜੀ ਧੋਤਿਆਂ (ਜਦੋਂ ਕਿ ਬਾਕੀ ਰੰਗਾਂ ਦੇ ਕੱਪੜੇ ਉੱਜਲ ਹੋ ਜਾਂਦੇ ਹਨ) ਵੀ ਉੱਜਲ ਨਹੀਂ ਹੁੰਦੀ[55]:

ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1369)

ਤਤਕਾਲੀ ਲੋਕਾਂ ਦੁਆਰਾ ਸੋਨੇ ਅਥਵਾ ਚਾਂਦੀ ਦੀ ਤੜਾਗੀ ਪਹਿਨੇ ਜਾਣ ਦਾ ਵੀ ਉਲੇਖ ਹੈ। ਗਹਿਣੇ ਵੀ ਬੜੀ ਤਰ੍ਹਾਂ ਦੇ ਸਨ। ਸੋਨੇ ਦੇ ਤਿਆਰ ਕੀਤੇ ਹੋਏ ਵਾਲ਼ਿਆਂ (ਬੁੰਦਿਆਂ) ਉੱਪਰ ਲਾਲ (ਕੀਮਤੀ ਪੱਥਰ) ਜੜ ਕੇ ਉਨ੍ਹਾਂ ਦੀ ਸ਼ੋਭਾ ਹੋਰ ਵਧਾਈ ਜਾਂਦੀ ਸੀ। ਅਜਿਹੇ ਗਹਿਣੇ ਵੀ ਹੁੰਦੇ ਸਨ ਜਿਨ੍ਹਾਂ ਉੱਪਰ ਸ਼ੁੱਧ ਸੋਨੇ ਦੀ ਪਰਤ ਚੜ੍ਹੀ ਹੋਈ ਹੁੰਦੀ ਸੀ ਤੇ ਵਿਚਕਾਰ ਲਾਖ ਆਦਿ ਭੁਰ-ਭੁਰਾ ਪਦਾਰਥ ਭਰਿਆ ਹੋਇਆ ਹੁੰਦਾ ਸੀ। ਰਾਣੀਆਂ ਲੰਮਾ-ਚੌੜਾ ਹਾਰ-ਸ਼ਿੰਗਾਰ ਕਰਦੀਆਂ ਸਨ:

ਚਲਤੀ ਬਾਰ ਨ ਕਛੁ ਮਿਲਿਓ ਲਈ [56]ਲੰਗੋਟੀ ਤੋਰਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1364)

ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ [57]ਭੰਗਾਰ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥

ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਹੇਠ ਲਿਖੀ ਪੰਕਤੀ ਵਿਚ ਰਜਾਈਆਂ ਦੇ ਛਾੜ ਠੇਕਣ (ਲੇਫ਼ਨ) ਦਾ ਉਲੇਖ ਹੈ, ਜਿਸ ਤੋਂ ਤਤਕਾਲੀ ਦੌਰ ਵਿਚ ਰਜਾਈ ਦੀ ਹੋਂਦ ਦਾ ਇਸ਼ਾਰਾ ਮਿਲਦਾ ਹੈ। ਕੱਪੜੇ ਨੂੰ ਧਾਗੇ ਦੇ ਟਾਂਕੇ ਲੱਗਦੇ ਸਨ ਭਾਵ ਕੱਪੜਾ ਧਾਗੇ ਦੀ ਵਰਤੋਂ ਕਰਕੇ ਸਿਲਾਈ ਕੀਤਾ ਜਾਂਦਾ ਸੀ:

ਕਾਹੇ [58]ਛੀਪਹੁ [59]ਛਾਇਲੈ ਰਾਮ ਨ ਲਾਵਹੁ ਚੀਤੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

ਫਰੀਦਾ ਖਿੰਥੜਿ [60]ਮੇਖਾ [61]ਅਗਲੀਆ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਆਉਣ-ਜਾਣ ਸਮੇਂ (ਵਰਖਾ ਦੇ ਮੌਸਮ ਆਦਿ ਵਿਚ) ਸਰੀਰ ਨੂੰ ਢਕਣ ਲਈ ਕੰਬਲ਼ੀ ਦੀ ਵਰਤੋਂ ਕੀਤੀ ਜਾਂਦੀ ਸੀ। ਸਿਰ ਉੱਪਰ ਪਗੜੀ ਬੰਨ੍ਹਣ ਦਾ ਰਿਵਾਜ਼ ਵੀ ਸੀ। ਔਰਤਾਂ ਸਿਰ ਉੱਪਰ ਕੱਪੜਾ ਰੱਖਦੀਆਂ ਸਨ। ਉੱਨ ਨੂੰ ਕੱਤ ਕੇ ਵੀ ਕੱਪੜੇ ਤਿਆਰ ਕੀਤੀ ਜਾਂਦੇ ਸਨ:

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)
ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)
ਫਰੀਦਾ ਪਾੜਿ [62]ਪਟੋਲਾ ਧਜ ਕਰੀ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਗੁਰੂ ਸਾਹਿਬ ਦਾ ਕਥਨ ਹੈ ਕਿ ਪਹਿਰਾਵੇ ਅਤੇ ਸ਼ਿੰਗਾਰ ਦੇ ਇਹ ਸਾਰੇ ਸਾਮਾਨ ਅਤੇ ਸਮੱਗਰੀ ਝੂਠੀ ਹੈ। ਝੂਠ ਦਾ ਮਾਣ ਕਰਨ ਦਾ ਕੀ ਲਾਭ ਹੋ ਸਕਦਾ ਹੈ? ਗੁਰੂ ਸਾਹਿਬ ਮਨੁੱਖ ਨੂੰ ਇਨ੍ਹਾਂ ਚੀਜ਼ਾਂ ਤੋਂ ਦੂਰ ਹੋਣ ਲਈ ਵੀ ਨਹੀਂ ਕਹਿੰਦੇ। ਉਹ ਤਾਂ ਆਖਦੇ ਹਨ ਕਿ ਇਨ੍ਹਾਂ ਚੀਜ਼ਾਂ ਦਾ ਭੋਗ ਕਰੋ ਪਰ ਭੋਗ ਕਰਦੇ-ਕਰਦੇ ਹੰਕਾਰ-ਗ੍ਰਸਤ ਨਾ ਹੋਵੋ ਅਤੇ ਨਾ ਹੀ ਵਿਕਾਰ-ਗ੍ਰਸਤ ਹੋਵੋ। ਜੇਕਰ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰਦੇ ਹੋਏ ਵਿਕਾਰਾਂ ਵੱਲ ਹੀ ਢੁਕਣਾ ਹੈ ਤਾਂ ਫਿਰ ਆਮ ਜਿਹਾ ਪਹਿਰਾਵਾ ਪਾਉਣਾ ਹੀ ਚੰਗਾ ਹੈ ਜਿਹੜਾ ਮਨ ਵਿਚ ਹੰਕਾਰ ਨਾ ਉਪਜਣ ਦੇਵੇ। ਵਿਕਾਰਾਂ ਤੋਂ ਬਚਿਆ ਹੋਇਆ ਮਨੁੱਖ ਪਰਵਾਨ ਹੈ। ਪਹਿਰਾਵੇ ਅਤੇ ਸ਼ਿੰਗਾਰ ਦੇ ਆਧਾਰ 'ਤੇ ਕਿਸੇ ਨੂੰ ਵੀ ਕੋਈ ਤਰਜੀਹ ਨਹੀਂ। ਤਰਜੀਹ ਤਾਂ ਉਹਨੂੰ ਹੈ, ਜਿਹੜਾ ਚੰਗੇ ਗੁਣਾਂ ਨੂੰ ਮਨ ਵਿਚ ਵਸਾਅ ਕੇ ਜੀਵਨ ਪਿੜ ਵਿਚ ਉੱਤਰਦਾ ਹੈ:

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)
ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)
ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 318)
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)
ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)
ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 785)
ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥
ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਕਪਾਹ ਅਤੇ ਰੂੰ ਦੀ ਵਰਤੋਂ ਦੁਆਰਾ ਕੱਪੜੇ ਤਿਆਰ ਕਰਨ ਦੇ ਨਾਲ-ਨਾਲ ਕਈ ਹੋਰ ਸ਼ੰਸ਼ਲਿਸ਼ਟ ਰੇਸ਼ਿਆਂ ਦੀ ਵਰਤੋਂ ਕਰ ਕੇ, ਮਸ਼ੀਨਾਂ ਦੁਆਰਾ, ਕੱਪੜੇ ਤਿਆਰ ਕੀਤੇ ਜਾਂਦੇ ਹਨ। ਅਜੋਕੇ ਮਨੁੱਖ ਦਾ ਪਹਿਰਾਵਾ ਹੁਣ ਸਾਧਾਰਨ ਨਹੀਂ ਰਹਿ ਗਿਆ। ਗਹਿਣੇ ਕਈ ਤਰ੍ਹਾਂ ਦੇ ਆ ਗਏ ਹਨ। "ਜੇ ਅਸੀਂ ਗੱਲ ਕਰੀਏ ਫੈਸ਼ਨ ਪ੍ਰਸਤੀ ਦੀ ਤਾਂ ਸਾਡੇ ਸਮਾਜ ਦੇ ਨੌਜਵਾਨ ਤਾਂ ਇਸ ਪ੍ਰਤੀ ਪੂਰੇ ਚੇਤੰਨ ਹਨ। ਕੱਪੜੇ ਪਾਉਣ ਦਾ ਢੰਗ ਹੀ ਬਦਲ ਗਿਆ ਹੈ। ਜ਼ਿਆਦਾਤਰ ਪੱਛਮੀ ਸਭਿਅਤਾ ਦਾ ਪਹਿਰਾਵਾ ਅਪਣਾਇਆ ਜਾ ਰਿਹਾ ਹੈ। ਨਿੱਤ ਨਵੇਂ ਫੈਸ਼ਨ ਦੀ ਦੌੜ ਵਿਚ ਅੱਜ ਦਾ ਨੌਜਵਾਨ ਵਰਗ ਬਹੁਤ ਅੱਗੇ ਨਿਕਲ ਚੁੱਕਾ ਹੈ।

ਜੋ ਪਹਿਰਾਵਾ ਫਿਲਮਾਂ ਜਾਂ ਟੀਵੀ 'ਤੇ ਦਿਖਾਇਆ ਜਾਂਦਾ ਹੈ ਉਹੀ ਪਸੰਦ ਕੀਤਾ ਜਾਂਦਾ ਹੈ। ਸੋ ਜਿਸ ਦਾ ਸਾਦਾ ਪਹਿਰਾਵਾ ਹੈ ਉਸ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ।" (ਇੰਦਰਪ੍ਰੀਤ ਕੌਰ, *ਪੰਜਾਬੀ ਜਾਗਰਣ ਰੋਜ਼ਾਨਾ 21.10.2017* 10)

ਪਹਿਰਾਵੇ ਦੇ ਖੇਤਰ ਵਿੱਚ ਆਏ ਪੱਛਮੀਕਰਨ ਨੇ ਸਾਡੇ ਪਾਉਣ-ਹੰਢਾਉਣ ਦੀਆਂ ਆਦਤਾਂ ਵੱਡੇ ਪੱਧਰ 'ਤੇ ਬਦਲ ਦਿੱਤੀਆਂ ਹਨ। "ਮਰਦਾਂ ਦੇ ਪਹਿਰਾਵੇ ਨੂੰ ਵੇਖੀਏ ਤਾਂ ਲੜ ਛੱਡ ਕੇ ਪੱਗ ਬੰਨ੍ਹਣੀ, ਖੱਦਰ ਦੇ ਪਰਨੇ, ਕੱਢਵੀਂ ਜੁੱਤੀ, ਗਰਮੀ-ਸਰਦੀ ਬਚਾਓ ਲਈ ਮੋਢੇ ਉੱਪਰ ਪਰਨਾ, ਪਹਿਰਾਵੇ ਦੇ ਇਹ ਅੰਸ਼ ਪੰਜਾਬੀ ਵਿਰਸੇ ਵਿੱਚੋਂ ਲੋਪ ਹੋ ਗਏ ਹਨ ਕਿਉਂਕਿ ਆਧੁਨਿਕ ਦੌਰ ਦੇ ਨਾਲ-ਨਾਲ ਪੈਰ ਮਿਲਾ ਕੇ ਪੰਜਾਬੀ ਪੱਛਮੀਕਰਨ ਵੱਲ ਵਧ ਰਹੇ ਹਨ... ... ਔਰਤਾਂ ਦੇ ਪਹਿਰਾਵੇ ਦੇ ਪੱਖ ਤੋਂ ਵੇਖੀਏ ਤਾਂ ਘੱਗਰੇ, ਫੁਲਕਾਰੀਆਂ, ਬਾਗ਼, ਲੰਮੀਆਂ ਕਮੀਜ਼ਾਂ, ਪੈਰੀਂ ਕੱਢਵੀਂ ਜੁੱਤੀ ਲੋਪ ਹੁੰਦੀ ਜਾ ਰਹੀ ਹੈ... ... ਔਰਤ ਦੇ ਸਿਰ 'ਤੇ ਸੱਗੀ ਫੁੱਲ, ਮੱਥੇ 'ਤੇ ਟਿੱਕਾ, ਨੱਕ ਵਿਚ ਨੱਥ, ਪਿੱਪਲ ਪੱਤੀਆਂ, ਪੈਰਾਂ ਵਿਚ ਝਾਂਜਰਾਂ ਚ ਪੇਸ਼ ਹੋਈਆਂ ਹਨ। ਸਮਾਂ ਬੀਤਣ ਤੋਂ ਬਾਅਦ ਇਹ ਸਭ ਕੁਝ ਲੋਪ ਹੁੰਦਾ ਜਾ ਰਿਹਾ ਹੈ, ਹੁਣ ਦੇ ਸਮੇਂ ਸੋਨੇ ਦਾ ਭਾਅ ਵਧਣ ਕਰਕੇ ਨੱਥ ਦੀ ਥਾਂ ਕੋਕੇ ਨੇ ਅਤੇ ਟਿੱਕੇ ਦੀ ਥਾਂ ਸੂਈਆਂ ਨੇ ਮੱਲ ਲਈ ਹੈ।" (ਭੁਪਾਲ, *ਰੋਜ਼ਾਨਾ ਪੰਜਾਬੀ ਜਾਗਰਣ 11.11.2017* 4)

"ਮਸ਼ੀਨੀ ਸਭਿਅਤਾ ਦੇ ਵਿਕਾਸ ਨੇ ਪੰਜਾਬ ਦੇ ਲੋਕ ਜੀਵਨ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ ਜਿਸ ਦੇ ਕਾਰਨ ਪੰਜਾਬ ਦੇ ਸਭਿਆਚਾਰਕ, ਸਮਾਜਿਕ ਤੇ ਆਰਥਿਕ ਖੇਤਰ 'ਚ ਢੇਰ ਸਾਰੀਆਂ ਤਬਦੀਲੀਆਂ ਵਾਪਰੀਆਂ ਹਨ। ਪਿੰਡ ਪਿੰਡ ਨਹੀਂ ਰਹੇ, ਸ਼ਹਿਰਾਂ ਨਾਲ ਜੁੜ ਗਏ ਹਨ। ਲੋਕਾਂ ਦੇ ਰਹਿਣ-ਸਹਿਣ, ਖਾਣ-ਪੀਣ ਤੇ ਪਹਿਰਾਵੇ 'ਚ ਬਹੁਤ ਸਾਰੇ ਪਰਿਵਰਤਨ ਹੋਏ ਹਨ।" (ਸੁਖਦੇਵ ਮਾਦਪੁਰੀ, *ਰੋਜ਼ਾਨਾ ਪੰਜਾਬੀ ਜਾਗਰਣ 25.11.2017* 4) ਗਹਿਣੇ, ਜਿੱਥੇ ਸ਼ਿੰਗਾਰ ਨਾਲ ਜੁੜੇ ਹੋਏ ਹਨ, ਉਥੇ ਇਹ ਔਰਤਾਂ ਨੂੰ ਆਪਣੀ ਜਾਨ ਵਾਂਗ ਪਿਆਰੇ ਹੁੰਦੇ ਹਨ। "ਗਹਿਣੇ ਹਰ ਔਰਤ ਦੀ ਸੁੰਦਰਤਾ ਦਾ ਸ਼ਿੰਗਾਰ ਹੁੰਦੇ ਹਨ, ਅੱਲੜ ਤੇ ਭਰ ਜੋਬਨ ਮੁਟਿਆਰਾਂ ਇਨ੍ਹਾਂ ਗਹਿਣਿਆਂ ਨੂੰ ਬੜੇ ਚਾਵਾਂ ਅਤੇ ਮਲਾਰਾਂ ਨਾਲ ਪਾਉਂਦੀਆਂ ਹਨ। ਹਰ ਮੁਟਿਆਰ ਨੂੰ ਹੀ ਗਹਿਣਿਆਂ ਨਾਲ ਵਿਸ਼ੇਸ਼ ਪਿਆਰ ਹੁੰਦਾ ਹੈ। ਆਪਣੇ ਮਾਹੀ ਵਾਂਗ ਉਹ ਗਹਿਣਿਆਂ ਨੂੰ ਵੀ ਆਪਣੀ ਜਿੰਦ-ਜਾਨ ਨਾਲੋਂ ਵਧ ਪਿਆਰ ਕਰਦੀਆਂ ਹਨ ਅਤੇ ਇਨ੍ਹਾਂ ਦੀ ਦੇਖਭਾਲ ਕਰਦੀਆਂ ਹਨ। ਅੱਲੜ ਤੇ ਭਰ ਜੋਬਨ ਮੁਟਿਆਰਾਂ ਦੇ ਗਹਿਣਿਆਂ ਦੀ ਸੂਚੀ ਤਾਂ ਕਾਫੀ ਲੰਬੀ ਹੈ ਪਰ ਆਮ ਤੌਰ ਤੇ ਕੁਝ ਖ਼ਾਸ ਕਿਸਮ ਦੇ ਗਹਿਣਿਆਂ ਨੂੰ ਪਾਉਣ ਵਿਚ ਹੀ ਆਪਣੀ ਸ਼ਾਨ ਸਮਝਦੀਆਂ ਹਨ ਇਹ ਕਿਸਮਾਂ ਹਨ-ਕੋਕਾ, ਰਾਣੀ ਹਾਰ, ਛਾਪਾਂ-ਛੱਲੇ, ਝੁਮਕੇ, ਚੂੜੀਆਂ ਤੇ ਝਾਂਜਰਾਂ।" (ਲੱਕੀ, *ਰੋਜ਼ਾਨਾ ਪੰਜਾਬੀ ਜਾਗਰਣ 28.10.2017* 2)

### 2.1.7 ਮਕਾਨ

ਮਕਾਨ ਬਨਾਉਣ ਲਈ ਇੱਟਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ, ਜਿਹੜੀਆਂ ਘੁਮਿਆਰ ਦੁਆਰਾ ਤਿਆਰ ਕੀਤੀਆਂ ਜਾਂਦੀਆਂ ਸਨ। ਕਈਆਂ (ਅਮੀਰਾਂ) ਦੀ ਰਿਹਾਇਸ਼ ਸ਼ਾਨਦਾਰ ਮਕਾਨਾਂ ਵਿਚ ਹੁੰਦੀ ਸੀ:

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 466)

ਕੂੜੁ [63]ਮੰਡਪ ਕੂੜੁ [64]ਮਾੜੀ ਕੂੜੁ ਬੈਸਣਹਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਕਈ ਲੋਕ ਤੀਰਥਾਂ ਉੱਪਰ (ਨੇੜੇ) ਵੀ ਰਹਿੰਦੇ ਹੋਣਗੇ। ਹੇਠ ਲਿਖੀ ਪੰਕਤੀ ਵਿਚ ਮਨੁੱਖ ਨੂੰ ਆਪਣੇ ਆਤਮਾ-ਰੂਪੀ ਤੀਰਥ 'ਪੁਰ ਰਹਿਣ (ਨਿੱਜ ਨੂੰ ਪਛਾਨਣ) ਦਾ ਉਪਦੇਸ਼ ਹੈ ਜਿਹੜਾ ਕਿ ਪਿੱਛੇ ਵਰਣਿਤ (ਸੁੰਦਰ ਨਿਵਾਸ ਕਾਰਨ ਹੰਕਾਰ-ਗ੍ਰਸਤ) ਲੋਕਾਂ ਨੂੰ ਮੁੱਖ ਰੱਖ ਕੇ ਦਿੱਤਾ ਗਿਆ ਹੋਵੇਗਾ:

ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ॥
ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਘਰ ਵਿਚ ਰਸੋਈ ਵੀ ਹੁੰਦੀ ਸੀ, ਜਿੱਥੇ ਸੁੱਕਾ ਗੋਹਾ (ਬਾਲਣ ਵਾਸਤੇ) ਅਤੇ ਲੱਕੜੀਆਂ ਰੱਖੀਆਂ ਹੋਈਆਂ ਹੁੰਦੀਆਂ ਸਨ। ਪੀਣ ਵਾਲੇ ਪਾਣੀ ਦਾ ਸ੍ਰੋਤ, ਅੰਨ-ਅਨਾਜ ਆਦਿ ਓਥੇ ਹੀ ਸੰਭਾਲੇ ਹੋਏ ਹੁੰਦੇ ਸਨ। ਰਸੋਈ ਵਿਚ ਚੁੱਲ੍ਹਾ ਹੁੰਦਾ ਸੀ, ਜਿਸ ਉੱਪਰ, ਭਾਂਡਿਆਂ ਵਿਚ, ਭੋਜਨ ਤਿਆਰ ਕੀਤਾ ਜਾਂਦਾ ਸੀ। ਵੱਖ-ਵੱਖ ਭਾਂਡਿਆਂ ਦੀ ਵਰਤੋਂ ਵੱਖ-ਵੱਖ ਕੰਮਾਂ ਲਈ ਕੀਤੀ ਜਾਂਦੀ ਸੀ। ਕਈ ਭਾਂਡੇ ਖਾਧ-ਪਦਾਰਥਾਂ ਨੂੰ ਸੰਭਾਲਣ ਦੇ ਕੰਮ ਆਉਂਦੇ ਸਨ ਅਤੇ ਕਈ, ਚੁੱਲ੍ਹੇ ਉੱਪਰ ਟਿਕ ਕੇ, ਭੋਜਨ ਦੀ ਤਿਆਰੀ ਵਿਚ (ਭੋਜਨ ਪਕਾਉਣ ਹਿੱਤ) ਵਰਤੇ ਜਾਂਦੇ ਸਨ। ਚੁੱਲ੍ਹੇ ਵਿਚ ਸੁੱਕਾ ਗੋਹਾ ਅਤੇ ਲੱਕੜਾਂ ਬਾਲ੍ਹੀਆਂ ਜਾਂਦੀਆਂ ਸਨ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)
ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ॥
ਇਕਨੀ੍ ਦੁਧੁ ਸਮਾਈਐ ਇਕਿ ਚੁਲੈ੍ ਰਹਨਿ੍ ਚੜੇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 475)

"ਇਕਿ ਨਿਹਾਲੀ ਪੈ ਸਵਨਿ੍" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 475) ਅਨੁਸਾਰ ਕਈ ਲੋਕ ਸੌਣ ਲਈ ਤੁਲਾਈ ਵਿਛਾਉਂਦੇ ਸਨ। "ਊਂਘੈ ਸਉੜਿ ਪਲੰਘੁ" ਤੁਕਾਂਗ ਤਤਕਾਲੀ ਦੌਰ ਵਿਚ ਪਲੰਘ ਦੀ ਹੋਂਦ ਦੀ ਵੀ ਹਾਮੀ ਭਰਦਾ ਹੈ। ਹੇਠ ਲਿਖੀ ਪੰਕਤੀ ਵਿਚ ਨਾਇਕਾ (ਜੀਵ ਇਸਤਰੀ) ਵੱਲੋਂ ਆਪਣੇ ਪ੍ਰਭੂ-ਪਤੀ ਲਈ ਖ਼ੁਦ ਸੇਜ-ਰੂਪ ਹੋ ਕੇ ਆਪਣੇ ਨੈਣਾਂ ਦਾ ਵਿਛਾਉਣਾ ਕਰਨ ਦੀ ਗੱਲ ਕਹੀ ਗਈ ਹੈ, ਜੋ ਤਤਕਾਲੀ ਦੌਰ ਵਿਚ ਸੇਜ ਅਤੇ ਉਸ ਉੱਪਰ ਕੀਤੇ ਜਾਂਦੇ ਬਿਸਤਰੇ ਦੀ ਜਾਣਕਾਰੀ ਦਿੰਦੀ ਹੈ:

ਮੂ ਥੀਆਉ ਸੇਜ ਨੈਣਾ ਪਿਰੀ ਵਿਛਾਵਣਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1098)

ਖਟੋਲੇ (ਛੋਟੀ ਮੰਜੀ), ਜੋ ਬਾਣ ਦੀ ਬੁਣੀ ਹੋਈ ਹੁੰਦੀ ਸੀ, ਅਤੇ ਉਸ ਉੱਪਰ ਨਰਮ (ਰੂੰਈਦਾਰ) ਬਿਸਤਰੇ ਦਾ ਉਲੇਖ ਹੇਠ ਲਿਖੀ ਪੰਕਤੀ ਵਿਚ ਮਿਲਦਾ ਹੈ। ਘਰ ਨੂੰ ਦਰਵਾਜ਼ਾ ਹੁੰਦਾ ਸੀ, ਜਿਸਦਾ ਆਕਾਰ ਆਉਣ-ਜਾਣ (ਲਾਂਘੇ) ਦੀ ਲੋੜ ਮੁਤਾਬਕ ਰੱਖਿਆ ਗਿਆ ਹੁੰਦਾ ਸੀ:

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥ (ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ॥

ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 509)

"ਪੂਜੇ ਪ੍ਰਾਣ[65] ਹੋਵੈ ਥਿਰੁ ਕੰਧੁ॥" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1289) ਪੰਕਤੀ ਵਿਚ ਕੰਧ ਦੀ ਹੋਂਦ ਦਾ ਵੀ ਜ਼ਿਕਰ ਹੈ। "ਥੂਨੀ[66] ਪਾਈ ਥਿਤ ਭਈ" (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373) ਤੁਕਾਂਗ ਵਿਚ ਥੰਮ੍ਹੀ ਦੁਆਰਾ ਟਿਕਾਅ (ਛੱਤ ਨੂੰ) ਪਰਦਾਨ ਕੀਤੇ ਜਾਣ ਦਾ ਉਲੇਖ ਹੈ। ਕਮਰੇ (ਕੋਠੇ) ਦੇ ਉੱਪਰਲੇ ਹਿੱਸੇ (ਜਿਸ ਨਾਲ ਕੰਧਾਂ ਢਕੀਆਂ ਹੋਈਆਂ ਹੁੰਦੀਆਂ ਸਨ) ਨੂੰ ਛੱਤ ਕਿਹਾ ਜਾਂਦਾ ਸੀ। ਘਰ ਨੂੰ ਜਿੰਦਾ ਲਗਾਇਆ ਜਾਂਦਾ ਸੀ ਜਿਹੜਾ ਚਾਬੀ ਨਾਲ ਖੁੱਲ੍ਹਦਾ ਸੀ। ਉਸ ਚਾਬੀ ਵਿਸ਼ੇਸ਼ ਤੋਂ ਬਿਨਾ ਘਰ ਦਾ ਦਰਵਾਜ਼ਾ ਨਹੀਂ ਸੀ ਖੋਲ੍ਹਿਆ ਜਾ ਸਕਦਾ:

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥

ਨਾਨਕ ਗੁਰ ਬਿਨੁ ਮਨ ਕਾ ਤਾਕ ਨ ਉਘੜੈ ਅਵਰ ਨ ਕੁੰਜੀ ਹਥਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1237)

ਘਰਾਂ ਵਿਚ ਪ੍ਰਾਹੁਣੇ (ਮਹਿਮਾਨ) ਆਉਂਦੇ ਸਨ। ਘਰ ਆਏ ਮਹਿਮਾਨ ਨੂੰ, ਜਦੋਂ ਅੱਗੋਂ ਘਰ ਵਿਚ ਕੋਈ ਨਾ ਮਿਲੇ, ਖ਼ਾਲੀ ਹੱਥ ਹੀ ਮੁੜਨਾ ਪੈਂਦਾ ਸੀ:

ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 646)

ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

"ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ" (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 707) ਅਨੁਸਾਰ, ਸੁੰਦਰ ਘਰ ਬਣਵਾ ਕੇ ਮਨੁੱਖ ਦਾ ਮਨ ਡਾਹਢਾ ਪ੍ਰਸੰਨ ਹੁੰਦਾ ਸੀ। (ਨਵੇਂ ਘਰ ਦੇ ਚਾਅ ਵਿਚ) ਰੰਗਦਾਰ ਕੱਪੜੇ ਪਹਿਨੇ ਜਾਂਦੇ, ਲੱਕੜ ਨੂੰ ਰੰਗ ਕਰਵਾਇਆ ਜਾਂਦਾ, ਘਰਾਂ ਨੂੰ ਚੂਨਾ-ਗੱਚ ਕਰ ਕੇ ਚਿੱਟੇ-ਚਿੱਟੇ (ਸੁੰਦਰ) ਕਰ ਲਿਆ ਜਾਂਦਾ ਸੀ। ਮਨੁੱਖੀ ਮਨ ਇਸ ਸੁੱਖ ਦਾ ਸੁਆਦ ਚੱਖ ਕੇ ਫੁੱਲਿਆ ਨਾ ਸਮਾਉਂਦਾ। ਘਰ ਵਿਚ ਪੌੜੀ ਵੀ ਹੁੰਦੀ ਸੀ:

ਕਾਪੜੁ ਕਾਠੁ ਰੰਗਾਇਆ ਰਾਂਗਿ॥

ਘਰ ਗਚ ਕੀਤੇ ਬਾਗੋ ਬਾਗ॥

ਸਾਦ ਸਹਜ ਕਰਿ ਮਨੁ ਖੇਲਾਇਆ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਹੇਕੋ [67]ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਗੁਰ ਕੀ ਪਉੜੀ ਜਾਇ ਚੜੈ ਕਰਮਿ ਪਰਾਪਤਿ ਹੋਈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1416)

ਮਨੁੱਖ ਆਪਣੇ ਘਰ ਨੂੰ ਸ਼ੌਕ ਅਤੇ ਪਿਆਰ ਨਾਲ ਸਜਾਉਂਦਾ-ਸਵਾਰਦਾ ਸੀ। ਉਹ ਆਪਣੀ ਵਿੱਤ ਅਨੁਸਾਰ ਇੱਕ ਛੱਤ ਵਾਲੇ (ਕੋਠੇ), ਹਵੇਲੀਆਂ (ਮੰਡਪ) ਅਤੇ ਚੁਬਾਰੇ (ਮਾੜੀਆਂ) ਛੱਤਦਾ ਸੀ। "ਸੁੰਦਰ ਮੰਦਰ ਸੈਣਹ" (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ*

1360) ਤੁਕਾਂਗ ਅਨੁਸਾਰ ਫਿਰ ਮਨੁੱਖ ਸੋਹਣੇ ਘਰ ਵਿਚ ਸੌਂਦਾ (ਰਹਿੰਦਾ) ਸੀ। ਮਨੁੱਖ ਨੂੰ ਆਪਣੇ ਘਰ ਨਾਲ ਬੜਾ ਲਗਾਓ ਹੁੰਦਾ ਸੀ:

ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਕਬੀਰ ਐਸਾ ਕੋ ਨ ਜਨਮਿਓ ਅਪਨੈ ਘਰਿ ਲਾਵੈ ਆਗਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਇ ਚਿਤੁ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਘਰਾਂ ਨੂੰ ਕਈ ਵਾਰ ਅੱਗ ਵੀ ਲੱਗ ਜਾਂਦੀ ਸੀ, ਤੇ ਜੇਕਰ ਘਰ ਵਿਚ ਕਿਤੇ ਅੱਗ ਲੱਗ ਜਾਵੇ, ਦਰਵਾਜ਼ਾ ਸੜ ਰਿਹਾ ਹੋਵੇ, ਤਾਂ ਫਿਰ ਅੰਦਰਲਾ ਸਾਮਾਨ ਬਾਹਰ ਨਹੀਂ ਸੀ ਕੱਢਿਆ ਜਾ ਸਕਦਾ ਭਾਵ ਉਹ ਅੰਦਰੇ-ਅੰਦਰ ਹੀ ਸੜ ਕੇ ਸੁਆਹ ਹੋ ਜਾਂਦਾ ਸੀ:

ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਲਾਗੀ ਮੰਦਿਰ ਦੁਆਰ ਤੇ ਅਬ ਕਿਆ ਕਾਢਿਆ ਜਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਰੱਬ ਦੇ ਨਾਂ 'ਤੇ ਪੇਟ ਭਰਨ ਲਈ ਤੁਰੇ ਫਿਰਦਿਆਂ ਨੂੰ (ਗ੍ਰਿਹਸਥੀ) ਘਰਾਂ ਵਿਚ ਭੋਜਨ ਮਿਲ ਜਾਂਦਾ ਸੀ। ਪਿਆਰਾ ਪ੍ਰੀਤਮ (ਪਤੀ) ਘਰ ਵਿਚ ਹੋਵੇ ਤਾਂ ਘਰ ਭਰਿਆ-ਭਰਿਆ ਜਾਪਦਾ ਸੀ:

ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 949)

ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1095)

"ਗਹਡੜੜਾ[68] ਤ੍ਰਿਣਿ ਛਾਇਆ" (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1096) ਅਨੁਸਾਰ ਕੱਖ-ਕਾਣ ਨਾਲ ਬਣੇ ਛੱਪਰ ਵੀ ਹੋਇਆ ਕਰਦੇ ਸਨ। ਟੁੱਟੇ ਹੋਏ (ਪੁਰਾਣੇ) ਛੱਪਰ ਮੀਂਹ ਦੀ ਮਾਰ ਨਹੀਂ ਸਨ ਝੱਲ ਸਕਦੇ।[69] ਲੋਕ ਪਿੰਡਾਂ ਵਿਚ (ਵੀ) ਰਹਿੰਦੇ ਸਨ। ਸੰਤਾਂ ਦਾ ਵਾਸ ਝੁੱਗੀਆਂ (ਛੱਪਰਾਂ) ਵਿਚ ਹੁੰਦਾ ਸੀ ਜੋ ਵਸੋਂ ਤੋਂ ਦੂਰ ਹੋਇਆ ਕਰਦੀਆਂ ਸਨ, ਅਤੇ ਰਾਜੇ, ਸ਼ਾਹੀ ਮਹੱਲਾਂ ਵਿਚ ਰਹਿੰਦੇ ਸਨ। ਰਾਜਿਆਂ ਦੇ ਮਹੱਲ ਸ਼ਾਨਦਾਰ ਹੁੰਦੇ ਸਨ। ਉਨ੍ਹਾਂ ਨੂੰ ਚੂਨੇ ਦਾ ਪਲਸਤਰ ਲੱਗਾ ਹੋਇਆ ਹੁੰਦਾ ਸੀ, ਉਹ ਪਹਾੜਾਂ ਜਿਹੇ ਵੱਡੇ ਅਤੇ ਚਿੱਟੇ ਪਰਬਤਾਂ ਜਿਹੇ ਸੁੰਦਰ ਦਿਖਾਈ ਦਿੰਦੇ ਸਨ:

ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ॥
ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਗਚੁ[70] ਜਿ ਲਗਾ [71]ਗਿੜਵੜੀ ਸਖੀਏ [72]ਧਉਲਹਰੀ॥
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਪਿੰਡਾਂ ਵਿਚ ਛੰਨਾਂ, ਕੁੱਲੀਆਂ ਅਤੇ (ਪੱਕੇ) ਘਰ ਹੋਇਆ ਕਰਦੇ ਸਨ। ਇਨ੍ਹਾਂ ਵੱਖ-ਵੱਖ ਵੰਨਗੀਆਂ ਦੇ ਘਰਾਂ ਵਿਚ ਰਹਿਣ ਵਾਲੇ ਇੱਕੋ ਪਿੰਡ ਵਿਚ ਰਹਿੰਦੇ ਹੋਏ, ਜ਼ਰੂਰ ਜਾਤ-ਬਿਰਾਦਰੀ ਅਨੁਸਾਰ ਵੱਖ-ਵੱਖ ਇਕਾਈਆਂ (ਮੁਹੱਲਿਆਂ) ਵਿਚ ਰਹਿੰਦੇ ਹੋਣਗੇ ਤਾਂ

ਹੀ ਤਾਂ ਭਗਤ ਕਬੀਰ ਜੀ ਆਖਦੇ ਹਨ ਕਿ ਨਾ ਤਾ ਮੇਰਾ ਇਨ੍ਹਾਂ ਛੰਨਾਂ, ਛੱਪਰੀਆਂ ਅਤੇ ਘਰਾਂ ਨਾਲ ਕੋਈ ਸਬੰਧ ਹੈ ਨਾ ਕਿਸੇ ਜਾਤ ਜਾਂ (ਜਾਤ ਨੂੰ ਦਰਸਾਉਂਦੇ) ਨਾਮ ਨਾਲ:

ਕਬੀਰ ਨਾ ਮੋੁਹਿ ਛਾਨਿ ਨ ਛਾਪਰੀ ਨਾ ਮੋੁਹਿ ਘਰੁ ਨਹੀ ਗਾਉ॥
ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਮਨੁੱਖ ਨੂੰ ਮਕਾਨਾਂ (ਘਰ-ਬਾਰ/ਗ੍ਰਹਿਸਥੀ) ਵਿਚ ਰਹਿੰਦਿਆਂ ਪ੍ਰਭੂ ਨੂੰ ਯਾਦ ਕਰਨ ਦਾ ਉਪਦੇਸ਼ ਦਿੰਦੇ ਹਨ। ਇਨ੍ਹਾਂ ਸੁੰਦਰ ਮਕਾਨਾਂ ਨਾਲ ਚਿੱਤ ਜੋੜ ਕੇ ਪ੍ਰਭੂ ਨੂੰ ਵਿਸਾਰ ਦੇਣਾ ਕਦੇ ਵੀ ਚੰਗਾ ਨਹੀਂ ਆਖਿਆ ਗਿਆ। ਪ੍ਰਭੂ ਦੇ ਚਿੱਤ ਆਉਣ ਨਾਲ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ। ਸੁਖੀ ਅਤੇ ਪ੍ਰਸੰਨ ਮਨ ਹੀ ਸੁੰਦਰ ਮਕਾਨਾਂ ਵਿਚ ਰਹਿਣ ਦਾ ਆਨੰਦ ਮਾਣ ਸਕਦਾ ਹੈ:

ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ॥
ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)
ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬ ਥਣੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)
ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ॥
ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੇ ਕਬੀਰ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਮਕਾਨ, ਆਮ ਤੌਰ 'ਤੇ, ਇੱਟਾਂ, ਸੀਮੈਂਟ, ਬੱਜਰੀ, ਸੀਮੈਂਟ, ਰੇਤ ਅਤੇ ਸਰੀਆ ਆਦਿ ਸਮੱਗਰੀ ਦੀ ਵਰਤੋਂ ਕਰਕੇ ਬਣਾਏ ਜਾਂਦੇ ਹਨ ਅਤੇ ਇਨ੍ਹਾਂ (ਮਕਾਨਾਂ) ਨੂੰ ਵੱਧ ਤੋਂ ਵੱਧ ਪੁਖ਼ਤਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਇਹ ਲੰਮਾ ਸਮਾਂ ਟਿਕੇ ਰਹਿਣ। ਆਰਥਿਕ ਹੈਸੀਅਤ ਮੁਤਾਬਕ ਮਕਾਨ ਵੱਡੇ-ਛੋਟੇ (ਪੱਕੇ ਅਤੇ ਕੱਚੇ) ਹੁੰਦੇ ਹਨ। ਨਵੇਂ ਮਕਾਨਾਂ ਦਾ ਮਨੁੱਖ ਨੂੰ ਹੁਣ ਵੀ ਬੜਾ ਚਾਅ ਹੁੰਦਾ ਹੈ ਜਿਸ ਕਾਰਨ ਉਹ ਆਪਣੇ ਸਬੰਧੀਆਂ ਅਤੇ ਸਾਥੀਆਂ ਨੂੰ ਸੱਦ ਕੇ ਮਕਾਨਾਂ ਦਾ ਉਦਘਾਟਨ ਕਰਦਾ ਹੈ। "ਪੇਂਡੂ ਘਰ ਹੁਣ ਸ਼ਹਿਰੀ ਤਰਜ਼ 'ਤੇ ਬਣ ਰਹੇ ਹਨ। ਰਸੋਈਆਂ, ਸਬਾਤਾਂ ਸਭ ਬਦਲ ਰਿਹਾ ਹੈ। ਚੁੱਲ੍ਹੇ ਚੌਂਕੇ ਵਾਲੀ ਜਗ੍ਹਾ ਰਸੋਈ ਭਾਵ ਕਿਚਨ ਨੇ ਲੈ ਲਈ ਹੈ ਤੇ ਪੁਰਾਣੇ ਚੁੱਲ੍ਹੇ ਚੌਕਿਆਂ ਚਿਵ ਵਰਤੀਆਂ ਜਾਂਦੀਆਂ ਚੀਜ਼ਾਂ ਦੀ ਹੁਣ ਲੋੜ ਨਹੀਂ ਰਹੀ। ਜੇ ਲੋੜ ਹੈ ਤਾਂ ਬਹੁਤ ਘੱਟ। ਇਹੀ ਕਾਰਨ ਹੈ ਕਿ ਉਹ ਚੀਜ਼ਾਂ ਹੁਣ ਘੱਟ ਘਰਾਂ ਵਿਚ ਦਿੱਸਦੀਆਂ ਹਨ।" (ਟਹਿਣਾ,*ਅਜੀਤ ਰੋਜ਼ਾਨਾ 17.10.2017* 4)

ਮੱਧਕਾਲੀ ਦੌਰ ਵਾਂਗ ਹੁਣ ਕੱਚੇ ਘਰਾਂ ਦੀ ਗਿਣਤੀ ਕਾਫ਼ੀ ਘੱਟ ਹੈ। "ਪੰਜਾਬ ਦੇ ਪਿੰਡਾਂ ਵਿਚ ਵੀ ਹੁਣ ਸ਼ਹਿਰਾਂ ਵਾਂਗ ਘਰ ਪੱਕੇ ਹਨ ਅਤੇ ਪੇਂਡੂ ਘਰ ਪੱਕੇ ਹਨ ਅਤੇ ਪੇਂਡੂ ਘਰਾਂ ਵਿਚ ਸ਼ਹਿਰੀ ਘਰਾਂ ਵਾਲੀਆਂ ਸਹੂਲਤਾਂ ਹਨ। ਪੰਜਾਬ ਦੇ ਪਿੰਡਾਂ ਵਿਚ ਕੋਈ ਕੋਈ ਘਰ ਕੱਚਾ ਹੈ ਜਦੋਂ ਕਿ ਭਾਰਤ ਦੇ ਬਹੁਤੇ ਸੂਬਿਆਂ ਦੇ ਪਿੰਡਾਂ ਵਿਚ ਕੋਈ ਕੋਈ ਘਰ ਪੱਕਾ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 89) "ਤੀਹ-ਪੈਂਤੀ ਦੌਰਾਨ ਪਿੰਡਾਂ ਵਿਚ ਹੈਰਾਨੀਜਨਕ ਬਦਲਾਉ ਆਇਆ ਹੈ। ਲੋਕਾਂ ਦੀ ਸਮੁੱਚੀ ਜੀਵਨ ਜਾਚ ਹੀ

ਬਦਲ ਗਈ ਹੈ... ... ਪੇਂਡੂ ਘਰਾਂ ਦੀ ਦਿੱਖ ਅਤੇ ਘਰਾਂ ਵਿਚਲਾ ਸਾਮਾਨ ਵੀ ਬਦਲ ਗਿਆ ਹੈ...।" (ਪਰਮਜੀਤ ਕੌਰ ਸਰਹਿੰਦ, *ਰੋਜ਼ਾਨਾ ਪੰਜਾਬੀ ਜਾਗਰਣ 11.11.2017* 2)

ਸਫ਼ਾਈ ਦਾ ਪੱਖ ਵੀ ਘਰਾਂ ਦੇ ਸੰਦਰਭ ਵਿੱਚ ਬੜਾ ਅਹਿਮ ਹੈ। ਘਰੇਲੂ ਕੰਮ-ਕਾਜ ਦੀ ਸ਼ੁਰੂਆਤ ਜਿੱਥੋਂ ਮਰਜ਼ੀ ਕੀਤੀ ਜਾਵੇ ਪਰ ਅੰਤ ਤਾਂ ਸਫ਼ਾਈ ਨਾਲ ਹੀ ਹੁੰਦਾ ਹੈ। ਰਸੋਈ ਤੋਂ ਲੈ ਕੇ ਗ਼ੁਸਲਖਾਨਾ, ਛੱਤ ਤੇ ਫਰਸ਼ ਦੀ ਸਫ਼ਾਈ ਕਰਨ 'ਚ ਹੀ ਕਾਫ਼ੀ ਸਮਾਂ ਨਿਕਲ ਜਾਂਦਾ ਹੈ। ਹਾਲਾਂਕਿ ਜ਼ਿਆਦਾਤਰ ਘਰਾਂ 'ਚ ਅਜਿਹੇ ਕੰਮਾਂ ਲਈ ਕੰਮ ਵਾਲੀਆਂ ਨੂੰ ਲਗਾਇਆ ਜਾਂਦਾ ਹੈ। ਪਿੰਡਾਂ 'ਚ ਤਾਂ ਕੱਚੇ ਘਰਾਂ ਨੂੰ ਲਿਪਣਾ ਵੀ ਕਾਫ਼ੀ ਮਿਹਨਤ ਦਾ ਕੰਮ ਹੁੰਦਾ ਹੈ। ਅਜੋਕੇ ਸਮੇਂ ਦੀ ਗੱਲ ਕੀਤੀ ਜਾਵੇ ਤਾਂ ਔਰਤਾਂ ਦਾ ਘਰ ਗ੍ਰਿਹਸਤੀ 'ਚ ਰੁਝਾਨ ਘਟਦਾ ਜਾ ਰਿਹਾ ਹੈ। ਕਿਸੇ ਅਦਾਰੇ 'ਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਤਾਂ ਸਮਾਂ ਨਹੀਂ ਮਿਲਦਾ ਕਿ ਉਹ ਘਰ ਦੀ ਸਫ਼ਾਈ ਵੱਲ ਧਿਆਨ ਦੇ ਸਕਣ।

ਅਜੋਕੇ ਦੌਰ ਜਿਵੇਂ-ਜਿਵੇਂ ਪਿੰਡ ਸ਼ਹਿਰਾਂ ਨਾਲ ਜੁੜ ਰਹੇ ਹਨ, ਇਨ੍ਹਾਂ ਉੱਪਰ ਵੀ ਸ਼ਹਿਰੀ ਸੱਭਿਆਚਾਰ ਦਾ ਪ੍ਰਭਾਵ ਪੈ ਰਿਹਾ ਹੈ। ਮਸ਼ੀਨੀ ਸਭਿਅਤਾ ਦੇ ਵਿਕਾਸ ਨੇ ਪੰਜਾਬ ਦੇ ਲੋਕ ਜੀਵਨ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ ਜਿਸ ਦੇ ਕਾਰਨ ਪੰਜਾਬ ਦੇ ਸਭਿਆਚਾਰਕ, ਸਮਾਜਿਕ ਤੇ ਆਰਥਿਕ ਖੇਤਰ 'ਚ ਢੇਰ ਸਾਰੀਆਂ ਤਬਦੀਲੀਆਂ ਵਾਪਰੀਆਂ ਹਨ। ਪਿੰਡ ਪਿੰਡ ਨਹੀਂ ਰਹੇ, ਸ਼ਹਿਰਾਂ ਨਾਲ ਜੁੜ ਗਏ ਹਨ। ਲੋਕਾਂ ਦੇ ਰਹਿਣ-ਸਹਿਣ, ਖਾਣ-ਪੀਣ ਤੇ ਪਹਿਰਾਵੇ 'ਚ ਬਹੁਤ ਸਾਰੇ ਪਰਿਵਰਤਨ ਹੋਏ ਹਨ।" (ਸੁਖਦੇਵ ਮਾਦਪੁਰੀ, *ਰੋਜ਼ਾਨਾ ਪੰਜਾਬੀ ਜਾਗਰਣ 25.11.2017* 4)

### 2.1.8 ਬਰਤਨ

ਕਈ ਆਕਾਰਾਂ ਦੇ ਬਰਤਨ ਪ੍ਰਯੋਗ ਕੀਤੇ ਜਾਂਦੇ ਸਨ। ਮਿੱਟੀ ਦੇ ਬਣਾਏ ਹੋਏ ਬਰਤਨ ਵੀ ਪ੍ਰਚੱਲਤ ਸਨ। ਹੇਠ ਲਿਖੀ ਪੰਕਤੀ ਵਿਚ ਮਿੱਟੀ ਦੇ ਬਰਤਨ ਪ੍ਰਤਿ ਇਸ਼ਾਰਾ ਹੈ। ਏਥੇ ਆਖਿਆ ਗਿਆ ਹੈ ਕਿ (ਮਿੱਟੀ ਦਾ ਬਣਿਆ) ਬਰਤਨ-ਰੂਪੀ ਸਰੀਰ ਭੱਜ ਕੇ ਠੀਕਰਾਂ ਹੋ ਜਾਂਦਾ ਹੈ (ਕਿਸੇ ਕੰਮ ਦਾ ਨਹੀਂ ਰਹਿੰਦਾ)। ਇਹ ਮੁੜ ਕੇ ਪਹਿਲਾਂ ਜਿਹਾ ਨਹੀਂ ਸਾਜਿਆ ਜਾ ਸਕਦਾ:

ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 138)

ਹੇਠ ਲਿਖੀਆਂ ਪੰਕਤੀਆਂ ਵਿਚ ਵੀ ਘੁਮਿਆਰ ਦੁਆਰਾ ਮਿੱਟੀ ਦੀ ਵਰਤੋਂ ਕਰ ਕੇ ਚੱਕ ਉੱਪਰ ਭਾਂਡੇ ਤਿਆਰ ਕਰਨ ਤੇ ਉਨ੍ਹਾਂ ਨੂੰ ਅੱਗ ਵਿਚ ਰੱਖ ਕੇ ਪਕਾਉਣ ਸਬੰਧੀ ਉਲੇਖ ਹੈ, ਕੱਚੇ ਭਾਂਡੇ ਵਿਚ ਪਾਣੀ (ਅਥਵਾ ਹੋਰ ਤਰਲ ਪਦਾਰਥ) ਬਹੁਤੀ ਦੇਰ ਨਹੀਂ ਰੱਖਿਆ ਜਾ ਸਕਦਾ:

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 466)

ਫਰੀਦਾ ਕਚੈ ਭਾਂਡੈ ਰਖਿਐ ਕਿਚਰੁ ਤਾਈ ਨੀਰੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਘੜੇ ਵਿਚ ਜਲ ਸਾਂਭਿਆ ਜਾਂਦਾ ਸੀ। ਪਾਣੀ ਨਾਲ ਭਰੇ ਹੋਏ ਘੜੇ ਨੂੰ ਕੁੰਭ ਵੀ ਕਿਹਾ ਜਾਂਦਾ ਸੀ। ਲੁਹਾਰ, ਲੱਕੜਾਂ ਕੱਟਣ ਲਈ ਜਾਂਦੇ ਸਮੇਂ, ਸਿਰ ਉੱਪਰ ਪਾਣੀ ਘੜਾ ਰੱਖ ਕੇ ਜੰਗਲ ਵੱਲ ਜਾਂਦੇ ਸਨ। ਖੂਹ ਵਿੱਚੋਂ ਪਾਣੀ ਬਾਹਰ ਕੱਢਣ ਲਈ ਘੜੀ (ਛੋਟੇ ਘੜੇ) ਦੀ ਵਰਤੋਂ ਕੀਤੀ ਜਾਂਦੀ ਸੀ:

ਕੁੰਭੇ ਬਧਾ ਜਲੁ ਰਹੇ ਜਲ ਬਿਨੁ ਕੁੰਭੁ ਨ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਫਰੀਦਾ ਭੰਨੀ ਘੜੀ [73]ਸੁਵੰਨਵੀ ਟੁਟੀ [74]ਨਾਗਰ ਲਜੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਹੇਠ ਲਿਖੀ ਤੁਕ ਵਿਚ ਫ਼ਰਮਾਨ ਹੈ ਕਿ ਜਿਵੇਂ ਇੱਕ ਤੋਂ ਵਧੀਕ ਘੜਿਆਂ ਵਿਚ ਇੱਕੋ (ਆਕਾਸ਼ੀ) ਚੰਦਰਮਾ ਵੱਖ-ਵੱਖ ਦਿਖਾਈ ਦਿੰਦਾ ਹੈ ਪਰ ਵਾਸਤਵ ਵਿਚ ਇੱਕ ਹੀ ਹੁੰਦਾ ਹੈ, ਇਸੇ ਤਰ੍ਹਾਂ ਪ੍ਰਭੂ ਦੀ ਜੋਤ ਸਭ ਸਰੀਰਾਂ ਵਿਚ ਇੱਕ ਹੀ ਹੈ, ਦੇਖਣ ਵਿਚ ਸਰੀਰ ਭਾਵੇਂ ਵੱਖ-ਵੱਖ ਨਜ਼ਰ ਆਉਂਦੇ ਹਨ। ਸੋ ਘੜੇ ਦਾ ਉਲੇਖ ਹੈ:

ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1099)

ਬਰਤਨ, ਆਪਣੀ ਸਮਰੱਥਾ ਅਤੇ ਗੁਣਵੱਤਾ ਅਨੁਸਾਰ ਕਈ ਕੰਮਾਂ ਲਈ ਪ੍ਰਯੋਗ ਕੀਤੇ ਜਾਂਦੇ ਸਨ। ਸ਼ਰਾਬ ਬਨਾਉਣ ਲਈ ਮੱਟੀ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਇਸ ਮੱਟੀ ਵਿੱਚੋਂ ਸ਼ਰਾਬ ਕਟੋਰੀ ਦੁਆਰਾ ਕੱਢੀ ਜਾਂਦੀ ਸੀ:

ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 475)

ਕਲਿ [75]ਕਲਵਾਲੀ ਕਾਮੁ ਮਦ ਮਨੂਆ ਪੀਵਣਹਾਰੁ॥

ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥ (ਮਰਦਾਨਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 553)

ਹੇਠ ਲਿਖੀ ਪੰਕਤੀ ਵਿਚ ਥਾਲ ਦਾ ਉਲੇਖ ਆਉਂਦਾ ਹੈ ਅਤੇ ਉਸ ਵਿਚ ਚੀਜ਼ਾਂ ਰੱਖੇ ਜਾਣ ਬਾਰੇ ਪਤਾ ਲੱਗਦਾ ਹੈ। ਅਗਲੀ ਪੰਕਤੀ ਵਿਚ ਥਾਲ ਵਿਚ (ਖਾਣ ਲਈ) ਰੋਟੀਆਂ ਰੱਖੇ ਜਾਣ ਦਾ ਜ਼ਿਕਰ ਹੈ:

ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 645)

ਨਾਨਕ [76]ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1096)

ਗੁੜ ਬਨਾਉਣ ਲਈ ਕੜਾਹੇ ਦੀ ਵਰਤੋਂ ਕੀਤੀ ਜਾਂਦੀ ਸੀ। ਹੇਠ ਲਿਖਿਆ ਤੁਕਾਂਗ (ਗੁੜ ਬਨਾਉਣ ਲਈ) ਗੰਨੇ ਦੀ ਰਸ ਕੜਾਹੇ ਵਿਚ ਪਾਏ ਜਾਣ ਦਾ ਉਲੇਖ ਕਰਦਾ ਹੈ:

ਰਸੁ ਕਸੁ ਟਟਰਿ ਪਾਈਐ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

"ਕਾਇਆ ਕਾਚੀ ਕਾਰਵੀ" (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376) ਤੁਕਾਂਗ ਵਿਚ 'ਕਰਵੇ' ਅਥਵਾ 'ਕੁੱਜੇ' ਦਾ ਉਲੇਖ ਹੈ। ਹੇਠ ਲਿਖੀ ਪੰਕਤੀ ਵਿਚ ਚਾਟੀ (ਰਿੜਕਣ ਲਈ) ਦਾ ਉਲੇਖ ਹੈ। ਮਾਇਆ ਨੂੰ ਚਾਟੀ ਦਰਸਾਇਆ ਗਿਆ ਹੈ ਤੇ ਸੁਆਸਾਂ ਨੂੰ ਇਸ ਚਾਟੀ ਨੂੰ ਫੇਰਨ (ਗੇੜਾ ਦੇਣ) ਵਾਲਾ ਦਰਸਾਇਆ ਗਿਆ ਹੈ। ਭਾਵ ਸੁਆਸਾਂ ਦੇ ਆਸਰੇ ਮਨੁੱਖ ਮਾਇਆ ਲਈ ਨੱਠ-ਭੱਜ ਕਰਦਾ ਫਿਰਦਾ ਹੈ:

ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਹੇਠ ਲਿਖੇ ਸਲੋਕ ਵਿਚ ਵੀ ਕੁੱਜੇ ਦਾ ਜ਼ਿਕਰ ਹੈ। "ਲਕੀ ਕਾਸੇ ਹਥੀ ਫੁੰਮਣ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 149) ਅਨੁਸਾਰ ਜੈਨੀਆਂ ਦੇ ਹੱਥਾਂ ਵਿਚ ਫੁੰਮਣ ਅਤੇ ਲੱਕ ਨਾਲ ਪਿਆਲੇ ਬੱਧੇ ਹੋਏ ਹੁੰਦੇ ਸਨ, ਸੋ, ਪਿਆਲੇ ਦੀ ਹੋਂਦ ਪ੍ਰਤਿ ਇਸ਼ਾਰਾ ਹੈ। ਅਗਲੀ ਪੰਕਤੀ ਵਿਚ ਵੀ ਪਿਆਲੇ ਦਾ ਉਲੇਖ ਹੈ:

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)
ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 947)

ਅੱਗ ਉੱਪਰ (ਭੋਜਨ ਬਨਾਉਣ ਲਈ) ਹਾਂਡੀ (ਪਤੀਲੀ) ਚੜ੍ਹਾਈ ਜਾਂਦੀ ਸੀ। ਅਗਲੀ ਪੰਕਤੀ ਵਿਚ ਵੀ ਮਿੱਟੀ ਦੀ ਹਾਂਡੀ ਦਾ ਜ਼ਿਕਰ ਹੈ ਜਿਸਦਾ ਵਾਹ ਅੱਗ ਨਾਲ ਪੈਂਦਾ ਸੀ। ਚੁੱਲ੍ਹੇ ਉੱਪਰ ਵਾਰ-ਵਾਰ ਚੜ੍ਹਨ ਨਾਲ ਬਰਤਨ ਨੇ ਕਾਲਾ ਤਾਂ ਹੋਣਾ ਹੀ ਹੋਇਆ। ਕਾਲਖ਼ ਵਾਲੇ ਥਾਂ ਨੂੰ ਸਰੀਰ ਛੂਹ ਜਾਵੇ ਤਾਂ ਕਾਲਖ਼ ਤੋਂ ਕਿੰਵ ਬਚੇ? :

ਕਾਇਆ ਹਾਂਡੀ ਕਾਠ ਕੀ ਨਾ ਓਹ ਚਰ੍ਹੈ ਬਹੋਰਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)
ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥
ਕਮਾਦੈ ਅਰੁ ਕਾਗਦੈ [77]ਕੁੰਨੇ ਕੋਇਲਿਆਹ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਗੁਰੂ ਸਾਹਿਬ ਦਾ ਕਹਿਣਾ ਹੈ ਕਿ ਇਹ ਬਰਤਨ-ਰੂਪੀ ਸਰੀਰ ਅਖ਼ੀਰ ਟੁੱਟ ਜਾਣਾ ਹੈ। ਇਹ ਅਜਿਹਾ ਭਾਂਡਾ ਹੈ ਜਿਹੜਾ ਮੁੜ ਕੇ ਘੜਿਆ ਨਹੀਂ ਜਾਣਾ। ਸੋ ਮਨੁੱਖ ਨੂੰ ਚਾਹੀਦਾ ਹੈ ਕਿ ਇਸ ਸਰੀਰ-ਰੂਪੀ ਭਾਂਡੇ ਵਿਚ ਗੁਣ-ਰੂਪੀ ਪਦਾਰਥ ਸੰਗ੍ਰਹਿਤ ਕਰੇ ਅਤੇ ਆਪਣੇ ਜੀਵਨ ਨੂੰ ਜਿਊਣ ਜੋਗਾ ਬਣਾਵੇ:

ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 645)

**ਅਜੋਕੀ ਸਥਿਤੀ:** ਅਜੋਕੇ ਸਮੇਂ ਦੌਰਾਨ ਮਿੱਟੀ ਦੇ ਬਰਤਨਾਂ ਦੀ ਵਰਤੋਂ ਘਟ ਗਈ ਹੈ। ਵੱਖ-ਵੱਖ ਧਾਤਾਂ ਤੋਂ ਬਣੇ ਹੋਏ ਬਰਤਨ ਪ੍ਰਯੋਗ ਕੀਤੇ ਜਾਣ ਲੱਗੇ ਹਨ। "ਅੱਜਕੱਲ੍ਹ ਇਨ੍ਹਾਂ (ਘੁਮਿਆਰਾਂ) ਦੁਆਰਾ ਬਣਾਏ ਭਾਂਡਿਆਂ ਦਾ ਸਿਲਸਿਲਾ ਘੱਟਦਾ ਜਾ ਰਿਹਾ ਹੈ। ਆਧੁਨਿਕ ਪੀੜ੍ਹੀ ਦਾ ਰੁਝਾਨ ਜ਼ਿਆਦਾਤਰ ਕੱਚ, ਪਲਾਸਟਿਕ, ਐਲੂਮੀਨੀਅਮ ਅਤੇ ਚੀਨੀ ਦੇ ਬਰਤਨਾਂ ਵੱਲ ਜ਼ਿਆਦਾ ਹੈ। ਪੁਰਾਣੇ ਸਮੇਂ ਵਿਚ ਹਰ ਵਸਤੂ ਇਨ੍ਹਾਂ (ਮਿੱਟੀ ਦੇ ਭਾਂਡਿਆਂ) ਵਿਚ ਹੀ ਰੱਖੀ ਤੇ ਪਕਾਈ ਜਾਂਦੀ ਸੀ। ... ... ਇਨ੍ਹਾਂ ਦਾ ਮੁੱਖ ਗੁਣ ਇਹ ਹੈ ਕਿ ਇਨ੍ਹਾਂ ਵਿਚ ਕੋਈ ਚੀਜ਼ ਖ਼ਰਾਬ ਨਹੀਂ ਸੀ ਹੁੰਦੀ। ਪ੍ਰੰਤੂ ਨਵੇਂ ਬਰਤਨਾਂ (ਐਲੂਮੀਨੀਅਮ, ਪਲਾਸਟਿਕ ਤੇ ਧਾਤਾਂ ਤੋਂ ਬਣੇ ਬਰਤਨ) ਵਿਚ ਪਕਾਏ ਖਾਣੇ ਦੇ ਜ਼ਰੂਰੀ ਤੱਤ ਨਸ਼ਟ ਹੋ ਜਾਂਦੇ ਹਨ, ਜਿਸ ਨਾਲ ਬਹੁਤ ਸਾਰੀਆਂ ਬਿਮਾਰੀਆਂ ਪੈਦਾ ਹੁੰਦੀਆਂ ਹਨ। ... ... ਇਨ੍ਹਾਂ (ਮਿੱਟੀ ਦੇ) ਬਰਤਨਾਂ ਦੀ ਵਰਤੋਂ ਘਟਣ ਦੇ ਨਾਲ-ਨਾਲ ਇਨ੍ਹਾਂ ਨੂੰ ਬਣਾਉਣ ਦਾ ਕੰਮ ਵੀ ਦਿਨ ਪ੍ਰਤੀਦਿਨ ਆਪਣੇ ਨਿਘਾਰ ਵੱਲ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬਿਰਾਦਰੀ ਵਾਲਿਆਂ ਨੂੰ ਮਿੱਟੀ ਮੁੱਲ ਲੈਣੀ ਪੈਂਦੀ ਹੈ ਅਤੇ ਇਹ ਮਿਲਦੀ ਵੀ ਘੱਟ ਮਾਤਰਾ ਵਿਚ

ਹੈ। ਇਨ੍ਹਾਂ ਨੂੰ ਮਿੱਟੀ ਦੀ ਭਾਲ਼ ਵਿਚ ਦੂਰ-ਦੂਰ ਜਾਣਾ ਪੈਂਦਾ ਹੈ। ਇਸ ਦਾ ਇਕ ਹੋਰ ਮੁੱਖ ਕਾਰਨ ਇਨ੍ਹਾਂ ਬਰਤਨਾਂ ਦੀ ਘਟਦੀ ਵਰਤੋਂ ਵੀ ਹੈ ਅਤੇ ਨੌਜਵਾਨ ਪੀੜ੍ਹੀ ਦਾ ਰੁਝਾਨ ਵੀ ਖ਼ਾਨਦਾਨੀ ਧੰਦਿਆਂ ਨੂੰ ਛੱਡ ਕੇ ਨੌਕਰੀ ਆਦਿ ਵੱਲ ਹੁੰਦਾ ਜਾ ਰਿਹਾ ਹੈ।" (ਹਰਪ੍ਰੀਤ ਕੌਰ ਪਬਰੀ, *ਪੰਜਾਬੀ ਜਾਗਰਣ ਰੋਜ਼ਾਨਾ ਮਿਤੀ 09.07.16* 7)

ਅਜੋਕੇ ਦੌਰ ਵਿੱਚ ਮਿੱਟੀ ਦੇ ਭਾਂਡਿਆਂ ਦੀ ਥਾਂ ਕਈ ਹੋਰ ਵੰਨਗੀਆਂ ਦੇ ਬਰਤਨ ਪ੍ਰਚੱਲਤ ਹੋ ਗਏ ਹਨ। "ਹੱਥੀਂ ਭਾਂਡੇ ਬਣਾਉਣ ਵਾਲੇ ਘੁਮਿਆਰ ਵੀ ਹੁਣ ਨਿਰਾਸ਼ ਹਨ। ਉਨ੍ਹਾਂ ਦੇ ਬਣਾਏ ਮਿੱਟੀ ਦੇ ਭਾਂਡਿਆਂ ਦੀ ਮੰਗ ਘੱਟ ਹੋ ਗਈ ਹੈ। ਮਿੱਟੀ ਵੀ ਪਹਿਲਾਂ ਵਰਗੀ ਸੁੱਚੀ ਤੇ ਚੀਕਣੀ ਨਹੀਂ ਰਹੀ। ਹੁਣ ਪਾਣੀ ਦੇ ਨਾਲ-ਨਾਲ ਮਿੱਟੀ ਵੀ ਦੂਸ਼ਿਤ ਹੋ ਚੁੱਕੀ ਹੈ।" (ਚੌਹਾਨ, *ਰੋਜ਼ਾਨਾ ਪੰਜਾਬੀ ਜਾਗਰਣ 28.10.2017* 2)

### 2.1.9 ਛੱਪੜ ਤੇ ਖੂਹ

ਛੱਪੜ ਗੰਦੇ ਹੁੰਦੇ ਹੋਣਗੇ। ਹੇਠ ਲਿਖੇ ਤੁਕਾਂਗ ਵਿਚ ਉਲੇਖ ਹੈ ਕਿ ਛੱਪੜ ਵਿਚ ਨ੍ਹਾਤਿਆਂ ਮੈਲ (ਉਤਰਨ ਦੀ ਬਜਾਇ) ਸਗੋਂ ਹੋਰ ਲੱਗ ਜਾਂਦੀ ਹੈ। ਛੱਪੜ ਦਾ ਖੇਤਰਫਲ ਕੋਈ ਬਹੁਤਾ ਨਹੀਂ ਸੀ ਹੁੰਦਾ:

ਛਪੜਿ ਨਾਤੈ [78]ਸਗਵੀ ਮਲੁ ਲਾਏ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 140)

ਅਤੇ,

ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਕਲਰ ਕੇਰੀ ਛਪੜੀ ਆਇ ਉਲਥੇ ਹੰਝ॥

ਚਿੰਜੁ ਬੋੜਨਿ੍ ਨਾ ਪੀਵਹਿ ਉਡਣ ਸੰਦੀ ਡੰਝ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ॥

ਪੋਖਰਿ ਪੋਖਰਿ[79] ਢੂਢਤੇ ਭਲੋ ਨ ਕਹਿਹੈ ਕੋਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਹੇਠ ਲਿਖੀ ਪੰਕਤੀ ਵਿਚ ਟੋਬੇ ਦਾ ਜ਼ਿਕਰ ਹੈ:

ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮਾਲਿ੍॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਹੇਠ ਲਿਖੀ ਪੰਕਤੀ ਵਿਚ ਤਲਾਬ ਦੀ ਨਿਯਮਿਤ ਤੌਰ 'ਤੇ ਸਫ਼ਾਈ ਕੀਤੇ ਜਾਣ ਨੂੰ ਜ਼ਰੂਰੀ ਦੱਸਿਆ ਗਿਆ ਹੈ। ਜੇਕਰ ਨਿਯਮਿਤ ਰੂਪ ਵਿਚ ਸਫ਼ਾਈ ਨਾ ਕੀਤੀ ਜਾਵੇ ਤਾਂ ਤਲਾਬ ਵਿਚ ਘਾਹ-ਫੂਸ ਵਧਦਾ-ਵਧਦਾ ਏਨਾ ਹੋ ਜਾਵੇਗਾ ਕਿ ਮਗਰੋਂ (ਉਸਦੀ ਸਫ਼ਾਈ ਵਿਚ) ਮੁਸ਼ਕਿਲਾਂ ਪੇਸ਼ ਆਉਣਗੀਆਂ। ਤਲਾਬਾਂ 'ਪੁਰ ਭਰਪੂਰ ਹਰਿਆਲੀ ਰਹਿੰਦੀ ਸੀ। ਇਨ੍ਹਾਂ ਦੇ ਕੰਢਿਆਂ 'ਤੇ ਪੰਛੀਆਂ ਦੀਆਂ ਡਾਰਾਂ ਸੋਂਹਦੀਆਂ ਸਨ:

ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 789)

ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਚਲਿ ਚਲਿ ਗਈਆਂ ਪੰਖੀਆਂ ਜਿਨ੍ੀ ਵਸਾਏ ਤਲ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਹੇਠ ਲਿਖੀ ਪੰਕਤੀ ਵਿਚ ਚਿੱਕੜ ਦਾ ਉਲੇਖ ਹੈ। ਜਦੋਂ ਆਟਾ ਚਿੱਕੜ ਵਿਚ ਹੀ ਡਿੱਗ ਪਵੇ ਤਾਂ ਉਸ ਵਿੱਚੋਂ ਲੱਭਦਾ ਕੁਝ ਨਹੀਂ:

ਕਬੀਰ ਕੀਚੜਿ ਆਟਾ ਗਿਰਿ ਪਰਿਆ ਕਿਛੂ ਨ ਆਇਓ ਹਾਥ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਹੇਠ ਲਿਖੀ ਪੰਕਤੀ ਵਿਚ ਖੂਹ ਦਾ ਉਲੇਖ ਹੈ। ਇੱਥੇ 'ਖੂਹ ਪੈਣਾ' ਤੋਂ ਭਾਵ ਹੈ ਮੁਸੀਬਤ ਵਿਚ ਫਸਣਾ। ਸਪਸ਼ਟ ਹੈ ਕਿ ਮੁਸੀਬਤ ਵਿਚ ਫਸਣ ਦੀ ਤੁਲਨਾ ਖੂਹ ਵਿਚ ਡਿਗਣ ਨਾਲ ਕਰਦੇ ਹੋਏ ਪ੍ਰਤੱਖੀਕਰਨ ਹੋ ਗਿਆ ਹੈ ਕਿ ਖੂਹ ਹੁੰਦੇ ਸਨ, ਜਿਸ ਕਾਰਨ ਮੁਸੀਬਤ ਵਿਚ ਫਸਣ ਨੂੰ ਖੂਹ ਵਿਚ ਪੈਣ ਨਾਲ ਤੁਲਨਾ ਦਿੱਤੀ ਗਈ ਹੈ। ਪਿਆਰਾ ਜੇਕਰ ਮੁਸੀਬਤ-ਰੂਪੀ ਖੂਹ ਵਿਚ ਪਿਆ ਹੋਵੇ ਤਾਂ ਉਸਦੀ ਖ਼ਲਾਸੀ ਲਈ ਉੱਦਮ ਕਰਨਾ ਚਾਹੀਦਾ ਹੈ:

ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 953)

ਹੇਠ ਲਿਖੀ ਪੰਕਤੀ ਵਿਚ ਘੜੀ ਅਤੇ ਲੱਜ (ਖੂਹ ਵਿੱਚੋਂ ਪਾਣੀ ਕੱਢਣ ਵਾਲੀ ਰੱਸੀ) ਦਾ ਉਲੇਖ ਹੈ:

ਫਰੀਦਾ ਭੰਨੀ ਘੜੀ ਸੁਵੰਨਵੀ ਟੂਟੀ [80]ਨਾਗਰ ਲਜੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਹੇਠ ਲਿਖੀ ਪੰਕਤੀ ਵਿਚ ਹਲਟ ਦਾ ਜ਼ਿਕਰ ਹੈ। ਗੁਰੂ ਸਾਹਿਬ ਚਲਦੇ ਹੋਏ (ਵਗਦੇ ਹੋਏ) ਹਲਟ ਦੀ ਆਉਂਦੀ ਆਵਾਜ਼ ਵਿੱਚੋਂ ਪਰਮਾਤਮਾ ਦੇ ਨਾਮ ਦਾ ਨਾਦ ਅਨੁਭਵ ਕਰਦੇ ਹਨ:

ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1420)

ਵਰਖਾ ਹੋਣ ਤੇ ਸਰੋਵਰ ਅਤੇ ਤਲਾਬ ਭਰ ਜਾਂਦੇ ਸਨ:

ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਸਰੋਵਰ ਵਿਚ ਸੁਨਿਹਰੀ (ਸੁੰਦਰ) ਕਮਲ ਹੁੰਦੇ ਸਨ ਜਿਸ ਕਾਰਨ ਉਸ ਸੁਹਾਵਣਾ ਪ੍ਰਤੀਤ ਹੁੰਦਾ ਸੀ:

ਪਬਰ[81] ਤੂੰ ਹਰੀਆਵਲਾ ਕਵਲਾ ਕੰਚਨ ਵੰਨ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਹੇਠ ਲਿਖੀਆਂ ਪੰਕਤੀਆਂ ਸਪਸ਼ਟ ਕਰਦੀਆਂ ਹਨ ਕਿ ਗੰਗਾ ਨਦੀ ਉਸ ਵੇਲ਼ੇ ਸਾਫ਼ ਅਤੇ ਸਵੱਛ ਸੀ ਤਾਂ ਹੀ ਤਾਂ ਉਸਦੇ ਪਾਣੀ ਨੂੰ ਨਿਰਮਲ ਆਖਿਆ ਗਿਆ ਹੈ ਤੇ ਨਿਰਮਲ ਮਨ ਨੂੰ ਗੰਗਾ ਨਦੀ ਦੇ ਪਾਣੀ ਨਾਲ ਤੁਲਨਾਇਆ ਗਿਆ ਹੈ:

ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਮਨੁੱਖ ਨੂੰ ਟੋਭੇ ਜਿਹੀ ਸੌੜੀ ਸੋਚ ਛੱਡ ਕੇ ਵਿਸ਼ਾਲ ਸਮੁੰਦਰ ਵਰਗੀ ਸੋਚ ਅਪਨਾਉਣ ਲਈ ਆਖਦੇ ਹਨ। ਬਾਣੀ ਦੇ ਰਚਣਹਾਰੇ ਮਨੁੱਖ ਨੂੰ ਆਪਣੇ ਹਿਰਦੇ ਨੂੰ ਸਾਫ਼-ਸਵੱਛ ਬਣਾਉਣ ਲਈ ਆਖਦੇ ਹਨ। ਤਲਾਬ ਆਦਿ ਜਲ ਸਰੋਤਾਂ ਦੀ ਸਫ਼ਾਈ ਰੱਖੇ ਜਾਣ ਦਾ ਉਪਦੇਸ਼ ਦਿੱਤਾ ਗਿਆ ਹੈ:

ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮਾਲ੍ਹਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 789)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਪੰਜਾਬ ਵਿੱਚੋਂ ਛੱਪੜ, ਸੁਏ ਅਤੇ ਟੋਭੇ ਖ਼ਤਮ ਹੋ ਰਹੇ ਹਨ। "ਪੰਜਾਬੀ ਯੂਨੀਵਰਸਿਟੀ ਜ਼ੁਲੋਜੀ, ਇਨਵਾਇਰਮੈਂਟਲ ਸਾਇੰਸ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਓਂਕਾਰ ਸਿੰਘ ਵੜੈਚ ਦਾ ਮੰਨਣਾ ਹੈ ਕਿ ਸੂਬੇ ਵਿਚ ਛੱਪੜ, ਸੁਏ ਤੇ ਟੋਭੇ ਖਤਮ ਹੋ ਰਹੇ ਹਨ ਜਿਸ ਕਾਰਨ ਧਰਤੀ ਹੇਠਲੇ ਪਾਣੀ ਦੀ ਮਾਤਰਾ ਦੀ ਮਾਤਰਾ 'ਤੇ ਅਸਰ ਪੈ ਰਿਹਾ ਹੈ। ਬਰਸਾਤੀ ਪਾਣੀ ਨੂੰ ਧਰਤੀ ਵਿਚ ਸਮਾਉਣ ਲਈ ਛੱਪੜਾਂ ਦਾ ਹੋਣਾ ਲਾਜ਼ਮੀ ਹੈ, ਜਿਸ ਨਾਲ ਧਰਤੀ ਹੇਠਲਾ ਪਾਣੀ ਰੀਚਾਰਜ ਹੁੰਦਾ ਹੈ ਤੇ ਹੇਠਲੇ ਪਾਣੀ ਦਾ ਪੱਧਰ ਵੀ ਵਧ ਸਕੇਗਾ।"[82]

ਅਜੋਕੇ ਦੌਰ ਵਿੱਚ ਟੋਭਿਆਂ ਅਤੇ ਤਲਾਬਾਂ ਦੀ ਹੋਂਦ ਖ਼ਤਰੇ ਵਿੱਚ ਹੀ ਹੈ। "ਵੱਡੇ ਤਲਾਬਾਂ, ਵੱਡੇ ਟੋਭਿਆਂ, ਡੂੰਘੀਆਂ ਢਾਬਾਂ, ਮਜ਼ਬੂਤ ਡਿੱਗੀਆਂ ਅਤੇ ਨਾਮਣੇ ਵਾਲੇ ਖੂਹਾਂ ਦੇ ਖੰਡਰਾਤ ਅੱਜ ਵੀ ਕਿਤੇ-ਕਿਤੇ ਦਿਸ ਪੈਂਦੇ ਹਨ, ਕੁਝ ਸਾਂਭੇ ਹੋਏ ਵੀ ਹਨ, ਪਰ ਬਹੁਤ ਘੱਟ ਐਵੇਂ ਨਾ-ਮਾਤਰ।" (ਬੰਬੇਲੀ, *ਰੋਜ਼ਾਨਾ ਅਜੀਤ 08.10.2017* 1) "ਖੂਹਾਂ ਦੀ ਥਾਂ ਟਿਊਬਵੈਲਾਂ ਨੇ ਲੈ ਲਈ ਹੈ। ... ... ਸੂਬੇ ਵਿਚ ਨਹਿਰਾਂ ਦਾ ਜਾਲ ਵਿਛਾਇਆ ਗਿਆ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 30) "ਸਤਲੁਜ, ਬਿਆਸ, ਜੇਹਲਮ ਅਤੇ ਰਾਵੀ ਦਰਿਆ ਤੋਂ ਅਨੇਕਾਂ ਨਹਿਰਾਂ ਬਣਾਈਆਂ ਗਈਆਂ ਹਨ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 56)

ਅਜੋਕੇ ਦੌਰ ਵਿੱਚ ਖੂਹਾਂ ਅਤੇ ਤਲਾਬਾਂ ਦੀ ਥਾਂ ਸਿੰਜਾਈ ਦੇ ਆਧੁਨਿਕ ਸਾਧਨ ਆ ਗਏ ਹਨ। "ਜਿੱਥੋਂ ਤਕ ਸਿੰਜਾਈ ਸਾਧਨਾਂ ਦਾ ਸੰਬੰਧ ਹੈ, 11.48 ਲੱਖ ਹੈਕਟੇਅਰ ਰਕਬਾ ਨਹਿਰਾਂ ਅਤੇ 40.35 ਲੱਖ ਹੈਕਟੇਅਰ ਟਿਊਬਵੈਲਾਂ ਹੇਠਾਂ ਹੈ। ਨਹਿਰੀ ਪਾਣੀ ਸੀਮਤ ਹੋਣ ਕਰਕੇ ਕਿਸਾਨ ਟਿਊਬਵੈਲਾਂ ਤੇ ਵਧੇਰੇ ਨਿਰਭਰ ਹਨ ਅਤੇ ਟਿਊਬਵੈਲਾਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਸਾਲ 2003-04 ਵਿਚ 11.05 ਲੱਖ ਟਿਊਬਵੈਲ ਇਸ ਸੂਬੇ ਵਿਚ ਸਨ ਅਤੇ ਇਹ ਵੀ ਦੇਸ਼ ਦੇ ਕਿਸੇ ਸੂਬੇ ਨਾਲੋਂ ਰਕਬੇ ਦੇ ਹਿਸਾਬ ਨਾਲ ਸਭ ਤੋਂ ਜ਼ਿਆਦਾ ਹਨ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 83)

ਸਾਡੀ ਅਜੋਕੀ ਪੀੜ੍ਹੀ ਸਾਡੇ ਸਭਿਆਚਾਰ ਤੋਂ ਹੌਲੀ-ਹੌਲੀ ਦੂਰ ਹੁੰਦੀ ਜਾ ਰਹੀ ਹੈ। "ਬੇਸ਼ੱਕ ਖੂਹ ਸਾਡੇ, ਖ਼ਾਸ ਕਰ ਜ਼ਿਮੀਦਾਰ ਭਾਈਚਾਰੇ ਦਾ ਇਕ ਅਤੁੱਟ ਅੰਗ ਹੁੰਦਾ ਸੀ ਪਰ ਸਮੇਂ ਦੇ ਨਾਲ ਨਾਲ ਇਹ ਸਾਡੇ ਤੋਂ ਬਹੁਤ ਦੂਰ ਜਾ ਚੁੱਕਾ ਹੈ ਅਤੇ ਹੁਣ ਤਾਂ ਬੱਸ ਕਿਤਾਬਾਂ ਜਾਂ ਅਜਾਇਬ ਘਰਾਂ ਦਾ ਇਕ ਸ਼ੋਅ ਪੀਸ ਬਣ ਕੇ ਰਹਿ ਗਿਆ ਹੈ...।" (ਵੇਰਕਾ, *ਰੋਜ਼ਾਨਾ ਪੰਜਾਬੀ ਜਾਗਰਣ 11.11.2017* 2)

### 2.1.10 ਜ਼ਮੀਨ

"ਮਾਰੂ[83] ਮੀਹਿ ਨ ਤ੍ਰਿਪਤਿਆ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 148) ਤੁਕਾਂਗ ਵਿਚ ਰੇਤਲੀ ਜ਼ਮੀਨ ਦੇ ਜ਼ਿਕਰ ਸਮੇਤ ਇਸ ਜ਼ਮੀਨ ਦੀ ਵਿਸ਼ੇਸ਼ਤਾ ਵੀ ਦਰਸਾਈ ਗਈ ਹੈ ਕਿ ਰੇਤਲੀ ਜ਼ਮੀਨ ਵਰਖਾ ਨਾਲ ਤ੍ਰਿਪਤਦੀ ਨਹੀਂ। ਵਰਖਾ ਤੋਂ ਕੁਝ ਚਿਰ ਮਗਰੋਂ ਰੇਤਲੀ ਮਿੱਟੀ ਫਿਰ ਸੁੱਕੀ ਦੀ ਸੁੱਕੀ ਜਾਪਦੀ ਹੈ। "ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ" (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377) ਤੁਕਾਂਗ ਵਿਚ ਵੀ ਰੇਤਲੀ ਜ਼ਮੀਨ ਦਾ ਉਲੇਖ ਹੈ। ਟਿੱਬੇ ਉੱਪਰ ਵੀ ਮੀਂਹ ਦਾ ਕੋਈ ਅਸਰ ਨਹੀਂ ਹੁੰਦਾ। ਮੀਂਹ ਤੋਂ ਮਗਰੋਂ ਉਹ ਵੀ ਸੁੱਕੇ ਦੇ ਸੁੱਕੇ ਰਹਿੰਦੇ ਹਨ:

> ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ॥
> ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਬੰਜਰ ਭੂਮੀ, ਜਿਸ ਵਿਚ ਬੀਜ ਨੂੰ ਪੁੰਗਰਨ ਲਈ ਢੁਕਵਾਂ ਵਾਤਾਵਰਨ ਨਹੀਂ ਮਿਲਦਾ, ਵਿਚ ਪਿਆ ਬੀਜ ਸੁੱਕ ਸੜ ਜਾਂਦਾ ਹੈ:

ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ [84]ਬਿਕਾਰ॥
ਬਿਨੁ ਸੰਗਤਿ ਇਉ ਮਾਨਈ ਹੋਇ ਗਈ ਭਠ ਛਾਰ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

ਜ਼ਰਖ਼ੇਜ਼ ਜ਼ਮੀਨ ਵਿਚ ਜਾ ਪਿਆ ਦਾਣਾ, ਢੁਕਵਾਂ ਵਾਤਾਵਰਨ ਮਿਲਣ ਕਾਰਨ, ਪੌਦੇ ਦਾ ਰੂਪ ਧਾਰਨ ਕਰ ਹੀ ਜਾਂਦਾ ਹੈ:

ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ॥
ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

ਗੁਰੂ ਸਾਹਿਬ ਹਰੇਕ ਮਨੁੱਖ ਨੂੰ ਉਸਦੇ ਗੁਣਾਂ ਅਤੇ ਵਿਸ਼ੇਸ਼ਤਾਵਾਂ ਦੇ ਅਨੁਸਾਰ ਵਾਤਾਵਰਨ ਮੁਹੱਈਆ ਕੀਤੇ ਜਾਣ ਦੇ ਹੱਕ ਵਿਚ ਹਨ। ਜਿਸ ਤਰ੍ਹਾਂ ਬੀਜ ਨੂੰ ਪੁੰਗਰਨ ਅਤੇ ਵਿਗਸਣ ਲਈ ਢੁਕਵੇਂ ਵਾਤਾਵਰਨ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਕਿਸੇ ਮਨੁੱਖੀ ਵਿਸ਼ੇਸ਼ਤਾ ਜਾਂ ਗੁਣ ਨੂੰ ਵੀ ਪ੍ਰੌੜ੍ਹ ਹੋਣ ਲਈ ਢੁਕਵੇਂ ਚੌਗਿਰਦੇ ਦੀ ਲੋੜ ਹੁੰਦੀ ਹੈ। ਟਿੱਬੇ ਜਿਹੇ ਹੰਕਾਰ ਗ੍ਰਸਤ ਹਿਰਦੇ ਅਤੇ ਬੰਜਰ ਜ਼ਮੀਨ ਜਿਹੇ ਦਿਲ ਕਦੇ ਵੀ ਗੁਣਾਂ ਦਾ ਸੰਗ੍ਰਹਿ ਨਹੀਂ ਕਰ ਪਾਉਂਦੇ। ਨਿਮਰਤਾ ਵਾਲੇ ਹਿਰਦੇ ਹੀ ਗੁਣਾਂ ਨੂੰ ਗ੍ਰਹਿਣ ਕਰ ਪਾਉਂਦੇ ਹਨ:

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

**ਅਜੋਕੀ ਸਥਿਤੀ:** ਉਕਤ ਪੈਰ੍ਹੇ ਵਿੱਚ ਉਲੇਖਿਤ ਜ਼ਮੀਨਾਂ ਹੁਣ ਵੀ ਹੋਂਦ ਵਿੱਚ ਹਨ। "ਮਿੱਟੀ ਵੀ ਪਹਿਲਾਂ ਵਰਗੀ ਸੁੱਚੀ ਤੇ ਚੀਕਣੀ ਨਹੀਂ ਰਹੀ। ਹੁਣ ਪਾਣੀ ਦੇ ਨਾਲ-ਨਾਲ ਮਿੱਟੀ ਵੀ ਦੂਸ਼ਿਤ ਹੋ ਚੁੱਕੀ ਹੈ।" (ਚੌਹਾਨ, *ਰੋਜ਼ਾਨਾ ਪੰਜਾਬੀ ਜਾਗਰਣ 28.10.2017* 2)

### 2.1.11 ਦੀਵਾ

ਦੀਵਾ ਬਾਲ਼ ਕੇ ਹਨੇਰਾ ਦੂਰ ਕੀਤਾ ਜਾਂਦਾ ਸੀ। ਗਿਆਨ ਨੂੰ ਵੀ ਦੀਵਾ (ਚਿਰਾਗ਼) ਆਖਿਆ ਗਿਆ ਹੈ ਕਿਉਂਕਿ ਗਿਆਨ ਦੀ ਰੋਸ਼ਨੀ ਅਗਿਆਨਤਾ ਦਾ ਹਨੇਰਾ ਦੂਰ ਕਰਦੀ ਹੈ:

ਦੀਵਾ ਬਲੈ ਅੰਧੇਰਾ ਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 791)

ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 849)

ਇਹ ਕੋਈ ਕੁਸ਼ਲਤਾ ਦੀ ਨਿਸ਼ਾਨੀ ਨਹੀਂ ਕਿ ਹੱਥ ਵਿਚ (ਪ੍ਰਕਾਸ਼ ਦਾ ਸ੍ਰੋਤ) ਦੀਵਾ ਫੜਿਆ ਹੋਇਆ ਹੋਵੇ ਤੇ ਖੂਹ ਵਿਚ ਡਿੱਗ ਪਈਏ। ਦੂਜੇ ਪਾਸੇ, ਅੰਨ੍ਹੇ ਲਈ ਪ੍ਰਕਾਸ਼ ਦਾ ਕੋਈ ਮਹੱਤਵ ਨਹੀਂ। ਇੱਕ ਛੱਡ ਕੇ ਭਾਵੇਂ ਪੰਜਾਹ ਦੀਵੇ ਬਾਲ਼ ਦਿਓ, ਉਸ ਲਈ ਇਨ੍ਹਾਂ ਬਲ਼ਦੇ ਦੀਵਿਆਂ ਦਾ ਕੋਈ ਅਰਥ ਨਹੀਂ। ਬਲ਼ਦੇ ਹੋਏ ਦੀਵੇ ਉੱਪਰ ਆ ਕੇ ਪਤੰਗੇ ਆਪਣਾ ਆਪ ਫੂਕ ਲੈਂਦੇ ਸਨ:

ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਤ੍ਰੈ ਗੁਣ ਮਾਇਆ ਵੇਖਿ ਭੁਲੇ ਜਿਉ ਦੀਪਕਿ ਪਤੰਗ ਪਚਾਇਆ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)

ਬੇਸ਼ੱਕ ਗਿਆਨ ਰੋਸ਼ਨੀ ਹੈ ਅਤੇ ਮਨੁੱਖ ਨੂੰ ਸਹੀ ਰਸਤਾ ਦਿਖਾਉਣ ਵਿਚ ਲਾਹੇਵੰਦ ਹੈ ਪਰ ਜੇਕਰ ਕੋਈ ਮਨੁੱਖ ਗਿਆਨ-ਰੂਪੀ ਚਿਰਾਗ਼ ਹੱਥਾਂ ਵਿਚ ਫੜ ਕੇ ਵੀ ਔਝੜੇ ਪੈ ਜਾਵੇ ਤਾਂ ਉਸਨੂੰ ਮੂਰਖ ਹੀ ਆਖਿਆ ਜਾਵੇਗਾ। ਗੁਰੂ ਸਾਹਿਬ ਦੇ ਕਹਿਣ ਦਾ ਭਾਵ

ਹੈ ਕਿ ਮਨੁੱਖ ਨੂੰ ਗਿਆਨ-ਰੂਪੀ ਚਾਨਣ ਪ੍ਰਾਪਤ ਕਰਕੇ ਆਪਣਾ ਰਾਹ ਤਾਂ ਰੁਸ਼ਨਾਉਣਾ ਚਾਹੀਦਾ ਹੀ ਹੈ, ਸਗੋਂ ਦੂਜਿਆਂ ਦਾ ਵੀ ਰਾਹ-ਦਸੇਰਾ ਬਣਨਾ ਚਾਹੀਦਾ ਹੈ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਰੋਸ਼ਨੀ ਦੇ ਸ੍ਰੋਤ ਵਜੋਂ ਦੀਵੇ ਦੀ ਥਾਂ ਬਿਜਲਈ ਉਪਕਰਨਾਂ (ਬਲਬ, ਟਿਊਬਾਂ ਆਦਿ) ਨੇ ਲੈ ਲਈ ਹੈ। ਹੁਣ ਪਤੰਗੇ ਇਨ੍ਹਾਂ ਦੇ ਗਿਰਦ ਮੰਡਰਾਉਂਦੇ ਦਿਖਾਈ ਦਿੰਦੇ ਹਨ।

### 2.1.12 ਰਸਤੇ

"ਜੋੜਨਹਾਰਾ ਸੰਤੁ ਨਾਨਕ ਪਾਧਰੁ ਪਧਰੋ" (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 321) ਤੁਕਾਂਗ ਵਿਚ ਪੱਧਰੇ ਰਸਤੇ ਦਾ ਜ਼ਿਕਰ ਹੈ। "ਵਿਣੁ ਸਤਿਗੁਰ ਵਾਟ ਨ ਪਾਵੈ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 470) ਪੰਕਤੀ ਵਿਚ ਵੀ (ਠੀਕ) ਰਸਤੇ ਦਾ ਉਲੇਖ ਹੈ। "ਗੁਰੂ ਅੰਗਦ ਦੇਵ ਜੀ ਦੇ ਸਮੇਂ, (1504-1552 ਈ.) ਸੜਕਾਂ ਕੱਚੀਆਂ ਸਨ ਤੇ ਬਹੁਤ ਥੋੜ੍ਹੀਆਂ ਸਨ। " (ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ* 19) "ਫਰੀਦਾ ਥੀਉ ਪਵਾਹੀ ਦਭੁ" (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378) ਅਨੁਸਾਰ ਰਸਤਿਆਂ ਵਿਚ ਘਾਹ ਵੀ ਹੁੰਦਾ ਸੀ ਜਿਹੜਾ ਕਿ "ਇਕੁ ਛਿਜਹਿ ਬਿਆ ਲਤਾੜੀਅਹਿ" (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378) ਤੁਕਾਂਗ ਅਨੁਸਾਰ ਤੋੜਿਆ ਅਤੇ ਪੈਰਾਂ ਹੇਠ ਲਤਾੜਿਆ ਜਾਂਦਾ ਸੀ। ਜਦੋਂ ਰਸਤੇ ਦਾ ਪਤਾ ਨਹੀਂ ਸੀ ਹੁੰਦਾ ਤਾਂ ਕਿਸੇ ਜਾਣਕਾਰ ਪਾਸੋਂ ਉਸ ਬਾਰੇ ਪੁੱਛ ਲਿਆ ਜਾਂਦਾ ਸੀ:

> ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ॥
> ਜਿਸਹਿ ਭੁਲਾਈ ਪੰਧ [85]ਸਿਰਿ ਤਿਸਹਿ ਦਿਖਾਵੈ ਕਉਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

ਲੋਕ, ਉਬੜ-ਖਾਬੜ ਰਾਹਾਂ ਵਿੱਚੋਂ, ਆਪਣਾ ਸਮਾਨ ਸਿਰ ਉੱਪਰ ਚੁੱਕ ਕੇ ਵੀ ਲਿਜਾਂਦੇ ਸਨ। ਅਗਲੀ ਪੰਕਤੀ ਵਿਚ ਕਠਿਨ ਪਹਾੜੀ ਰਸਤੇ ਦਾ ਜ਼ਿਕਰ ਹੈ:

> ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੇ ਬਾਟ॥
> ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)
> ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਰਸਤਿਆਂ ਵਿਚ ਰੋੜੇ ਆਦਿ ਹੋਇਆ ਕਰਦੇ ਸਨ ਜਿਹੜੇ ਕਈ ਵਾਰ ਪਾਂਧੀਆਂ ਨੂੰ ਕਸ਼ਟ ਦਿੰਦੇ ਸਨ। ਰਸਤਿਆਂ ਵਿਚ ਮਿੱਟੀ ਵੀ ਹੁੰਦੀ ਸੀ ਜਿਹੜੀ ਆਉਂਦੇ-ਜਾਂਦੇ ਰਾਹੀਆਂ ਦੇ ਲੀੜੇ ਤੇ ਜਿਸਮ ਗੰਦੇ ਕਰਦੀ ਸੀ। ਗਲੀਆਂ ਕੱਚੀਆਂ ਹੋਣ ਕਾਰਨ (ਵਰਖਾ ਹੋਣ 'ਤੇ) ਉਨ੍ਹਾਂ ਵਿਚ ਚਿੱਕੜ ਹੋ ਜਾਂਦਾ ਸੀ:

> ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ॥
> ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)
> ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥
> ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਕਬੀਰ ਖੇਹ ਭਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਗੁਰੂ ਸਾਹਿਬ ਦਾ ਕਥਨ ਹੈ ਕਿ ਇਹ ਜੀਵਨ-ਰੂਪੀ ਰਸਤਾ ਬੜਾ ਟੇਢਾ-ਮੇਢਾ ਅਤੇ ਕਠਿਨ ਹੈ। ਇਸ ਰਸਤੇ ਵਿਚ ਮੁਸੀਬਤਾਂ ਅਤੇ ਸਮੱਸਿਆਵਾਂ-ਰੂਪੀ ਕਈ ਪਰਕਾਰ ਦੇ ਰੋੜੇ, ਚਿੱਕੜ ਅਤੇ ਧੂੜ-ਮਿੱਟੀ ਆਦਿ ਹਨ। ਜਦੋਂ ਮਨੁੱਖ ਚੰਗੀ ਸੰਗਤ ਕਰਦਾ ਹੈ ਤਾਂ ਉਸਦੇ ਰਾਹ ਦੀਆਂ ਮੁਸੀਬਤਾਂ ਘਟ ਜਾਂਦੀਆਂ ਹਨ। ਜੀਵਨ-ਰੂਪੀ ਰਸਤਾ ਹੁਣ ਪੱਧਰਾ ਹੋ ਜਾਂਦਾ ਹੈ, ਜਿਸ ਤੇ ਤੁਰਦਿਆਂ ਹੋਇਆਂ ਮਨੁੱਖ ਜੀਵਨ ਦਾ ਆਨੰਦ ਮਾਣ ਸਕਦਾ ਹੈ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਮੁੱਖ ਰਸਤੇ ਪੱਕੇ ਹਨ ਤੇ ਗਿਣਤੀ ਪੱਖੋਂ ਕਾਫ਼ੀ ਹਨ। ਗਲੀਆਂ ਵੀ ਕਾਫ਼ੀ ਗਿਣਤੀ ਵਿਚ ਪੱਕੀਆਂ ਹੀ ਹਨ। ਕੱਚੇ ਰਸਤੇ ਹੁਣ ਵੀ ਹਨ ਜਿਨ੍ਹਾਂ ਦੀ ਸਥਿਤੀ ਉਕਤ ਜਿਹੀ ਹੀ ਹੈ। "ਅੱਜ ਦੇ ਆਧੁਨਿਕ ਯੁਗ ਵਿਚ ਪੰਜਾਬ ਨੇ ਬੇਅੰਤ ਤਰੱਕੀ ਕੀਤੀ ਹੈ। ਕਿਸੇ ਸਮੇਂ ਪੰਜਾਬ ਦੇ ਪਿੰਡਾਂ ਵਿਚ ਕੱਚੇ ਰਸਤਿਆਂ ਦੀ ਥਾਂ ਪੱਕੀਆਂ ਸੜਕਾਂ ਨੇ ਲੈ ਲਈ ਹੈ।" (ਰਮੇਸ਼ ਬੰਗੜ, *ਰੋਜ਼ਾਨਾ ਪੰਜਾਬੀ ਜਾਗਰਣ 25.11.2017* 2) "ਹਰ ਪਿੰਡ ਨੂੰ ਪੱਕੀ ਸੜਕ ਨਾਲ ਜੋੜਿਆ ਗਿਆ।" (ਧਨਵੰਤ ਕੌਰ (ਸੰਪਾ), ਸਮਕਾਲੀ ਪੰਜਾਬੀ ਸਮਾਜ 30) "2015 ਦੇ ਅੰਕੜਿਆਂ ਅਨੁਸਾਰ ਭਾਰਤ ਵਿਚ 54,72,144 ਕਿਲੋਮੀਟਰ ਦਾ ਸੜਕ ਨੈਟਵਰਕ ਹੈ ਜੋ ਅਮਰੀਕਾ ਤੋਂ ਬਾਅਦ ਸੰਸਾਰ ਭਰ ਵਿਚ ਦੂਜਾ ਸਭ ਤੋਂ ਵੱਡਾ ਸਭ ਤੋਂ ਵੱਡਾ ਨੈਟਵਰਕ ਹੈ... ਪੰਜਾਬ ਦੀਆਂ ਮੁੱਖ ਸੜਕਾਂ ਨੂੰ ਛੱਡ ਕੇ ਜ਼ਿਆਦਾਤਰ ਲਿੰਕ ਸੜਕਾਂ ਦਾ ਬੁਰਾ ਹਾਲ ਹੈ।" (ਢੀਂਡਸਾ, *ਪੰਜਾਬੀ ਜਾਗਰਣ ਰੋਜ਼ਾਨਾ 12.10.2017* 6)

### 2.1.13 ਨਦੀ ਪਾਰ ਕਰਨਾ (ਬੇੜੀ ਤੇ ਜਹਾਜ਼)

ਸੰਸਾਰ ਨੂੰ ਸਾਗਰ (ਨਦੀ) ਨਾਲ ਤੁਲਨਾ ਦਿੰਦੇ ਹੋਏ ਬਾਣੀਕਾਰਾਂ ਨੇ ਇਸ ਨਦੀ ਨੂੰ ਪਾਰ ਕਰਨ (ਸਾਗਰ ਤਰਨ) ਦਾ ਉਪਦੇਸ਼ ਦਿੱਤਾ ਹੈ। ਇਸ ਨਦੀ ਦੇ (ਸਾਗਰ ਦੇ) ਪਾਰ ਉਤਰਨਾ ਮਨੁੱਖਾ ਜੀਵਨ ਦਾ ਮਨੋਰਥ ਦੱਸਿਆ ਗਿਆ ਹੈ। ਇਸ ਸਾਰੇ ਪ੍ਰਕਰਣ ਤੋਂ ਗਿਆਨ ਹੁੰਦਾ ਹੈ ਤਤਕਾਲੀ ਦੌਰ ਵਿਚ ਮਨੁੱਖ ਨਦੀ ਨੂੰ ਪਾਰ ਕਰਕੇ ਦੂਜੇ ਕੰਢੇ (ਕਿਸੇ ਮੰਤਵ ਲਈ) ਉਤਰਦਾ ਸੀ:

ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ॥

ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 929)

ਨਾਨਕ ਜਿਨ ਕਉ ਨਦਰਿ ਕਰੇ ਸੇ ਗੁਰਮੁਖਿ ਲੰਘੇ ਪਾਰਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 592)

ਹੇਠ ਲਿਖੀ ਪੰਕਤੀ ਤੋਂ ਪਤਾ ਲੱਗਦਾ ਹੈ ਕਿ ਬੇੜੀ ਰਾਹੀਂ ਨਦੀ ਤੋਂ ਪਾਰ ਹੋਇਆ ਜਾਂਦਾ ਸੀ। ਲੋਹੇ ਤੋਂ ਬਣੀ ਹੋਈ ਬੇੜੀ ਪਾਰ ਨਹੀਂ ਲੱਗ ਸਕਦੀ ਪਰ ਲੱਕੜ ਦੀ ਬੇੜੀ 'ਤੇ ਰੱਖ ਕੇ ਲੋਹਾ ਪਾਰ ਲਿਜਾਇਆ ਜਾ ਸਕਦਾ ਹੈ:

ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਹੁ ਕਿਆ ਹੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਲੋਹੇ ਨਾਵ ਨ ਪਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1089)

ਸਿਰਿ ਕਾਸਟ ਲੋਹਾ ਪਾਰਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1089)

"ਕੂੜ ਡੋਬੇ [86]ਪੂਰੁ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468) ਤੁਕਾਂਗ ਵਿਚ ਬੇੜੀ ਵਿਚ ਇੱਕੋ ਵਾਰ ਬੈਠ ਕੇ ਪਾਰ ਲੱਗਣ ਵਾਲੇ ਮਨੁੱਖ ਦੇ ਸਮੂਹ ਦਾ ਜ਼ਿਕਰ ਹੈ। ਇਹ ਪੂਰ ਡੁੱਬ ਵੀ ਸਕਦੇ ਸਨ। ਹਰ ਬੇੜੀ ਦੀ ਨਿਸ਼ਚਿਤ ਸਮਰੱਥਾ ਹੁੰਦੀ ਸੀ। "ਪੜਿ ਪੜਿ

ਬੇੜੀ ਪਾਈਐ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467) ਤੁਕਾਂਗ ਵਧੇਰੇ ਪੁਸਤਕਾਂ ਪੜ੍ਹੇ ਹੋਏ ਆਦਮੀ ਦੇ ਸੰਦਰਭ ਵਿਚ ਆਖਿਆ ਗਿਆ ਹੈ, ਏਨੀਆਂ ਕੁ ਪੁਸਤਕਾਂ ਜਿਨ੍ਹਾਂ ਨਾਲ ਬੇੜੀ ਭਰ ਜਾਵੇ। ਇਹ 'ਭਰ ਜਾਣਾ' ਬੇੜੀ ਦੀ ਸਮਰੱਥਾ ਨੂੰ ਹੀ ਤਾਂ ਦਰਸਾਉਂਦਾ ਹੈ। ਹੇਠ ਲਿਖੀ ਪੰਕਤੀ ਵਿਚ ਦਰਿਆ ਕੰਢੇ ਰਹਿਣ ਵਾਲੇ ਲੋਕਾਂ ਦੁਆਰਾ ਲੱਕੜਾਂ ਦੇ ਬੰਨ੍ਹੇ ਹੋਏ ਗੱਠੇ (ਤੁਲਹਾ) ਦਾ ਜ਼ਿਕਰ ਹੈ, ਜਿਸ ਰਾਹੀਂ ਉਹ ਦਰਿਆ ਪਾਰ ਕਰਦੇ ਸਨ:

ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ॥

ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ [87]ਤੁਲਹਾ ਬੇੜੀ॥

(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 520)

ਹੇਠ ਲਿਖੀ ਪੰਕਤੀ ਵਿਚ ਉਲੇਖ ਮਿਲਦਾ ਹੈ ਕਿ ਨਦੀ ਤੋਂ ਪਾਰ ਹੋਣ ਲਈ ਬੇੜੇ (ਜ਼ਹਾਜ) ਦਾ ਇਸਤੇਮਾਲ ਵੀ ਕੀਤਾ ਜਾਂਦਾ ਸੀ। ਜ਼ਹਾਜ (ਬੇੜਾ) ਪੁਰਾਣਾ ਹੋ ਜਾਵੇ ਤਾਂ ਇਸਦੇ ਡੁੱਬਣ ਦੀ ਵੱਧ ਸੰਭਾਵਨਾ ਹੁੰਦੀ ਹੈ। ਜਹਾਜ਼ ਡੁੱਬ ਜਾਵੇ ਤਾਂ ਤੈਰਾਕੀ ਜਾਨਣ ਵਾਲੇ ਸਾਗਰ ਨੂੰ ਤੈਰ ਕੇ ਪਾਰ ਹੋ ਜਾਂਦੇ ਸਨ। ਬੇੜੇ ਦੀ ਹਾਲਤ ਕਮਜ਼ੋਰ ਹੋਵੇ ਤਾਂ ਉਸ ਵਿਚ ਬੈਠਣਾ ਲਾਹੇਵੰਦ ਨਹੀਂ, ਮਤਾ ਅੱਧ ਵਿਚਕਾਰ ਡੋਬ ਦੇਵੇ:

ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ ਪਉ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 318)

ਚੜਿ ਬੋਹਿਥੈ ਚਾਲਸਉ ਸਾਗਰੁ ਲਹਰੀ ਦੇਇ॥

ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1087)

ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ॥

ਹਰੂਏ ਹਰੂਏ[88] ਤਿਰਿ ਗਏ ਡੂਬੇ ਜਿਨ ਸਿਰ ਭਾਰ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ॥ ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਹੇਠ ਲਿਖੀ ਪੰਕਤੀ ਵਿਚ ਪੱਥਰਾਂ ਦੇ ਬੰਨ੍ਹ ਦਾ ਜ਼ਿਕਰ ਹੈ। ਗੁਰੂ ਸਾਹਿਬ ਬਚਨ ਕਰਦੇ ਹਨ ਕਿ ਜੇਕਰ ਪੱਥਰਾਂ ਤੋਂ ਬਣਿਆ ਹੋਇਆ ਬੰਨ੍ਹ ਹੀ ਟੁੱਟ ਪਵੇ ਤਾਂ ਉਸਨੂੰ ਹੁਣ ਚਿੱਕੜ ਨਾਲ ਜੋੜਿਆਂ ਕੀ ਲਾਭ ਮਿਲੇਗਾ? ਬੰਨ੍ਹ ਟੁੱਟ ਜਾਵੇ ਅਤੇ ਮਨੁੱਖ ਦੇ ਕੋਲ ਬੇੜੀ ਜਾਂ ਤੁਲਹਾ ਵੀ ਨਾ ਹੋਵੇ ਅਤੇ ਦਰਿਆ ਦੀ ਡੂੰਘਾਈ ਦਾ ਵੀ ਇਲਮ ਨਾ ਹੋਵੇ ਤਾਂ ਇੱਕ ਮਨੁੱਖ ਕੀ, ਪੂਰਾਂ ਦੇ ਪੂਰ ਡੁੱਬ ਜਾਂਦੇ ਹਨ। ਇੱਕ ਵਾਰੀ ਕਿਸੇ ਪੂਰ ਵਿਚ ਜੁੜ ਬੈਠੇ ਮਨੁੱਖ ਦੁਬਾਰਾ ਕਿੱਥੇ ਜੁੜਦੇ ਹਨ? :

ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ॥

ਬੰਧੁ ਤੁਟਾ ਬੇੜੀ ਨਹੀ ਨਾ [89]ਤੁਲਹਾ ਨਾ ਹਾਥ॥

ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

ਨਦੀ ਨਾਵ [90]ਸੰਜੋਗ ਜਿਉ ਬਹੁਰਿ ਨ ਮਿਲਹੈ ਆਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਬੇੜੇ ਨੂੰ ਪਾਰਲੇ ਕੰਢੇ ਲਾਉਣ ਲਈ ਮਲਾਹ (ਪਾਤਣੀ) ਹੁੰਦਾ ਸੀ, ਜਿਹੜਾ ਦਰਿਆ ਦੇ ਸੁਭਾਅ ਨੂੰ ਜਾਣਦਾ ਹੁੰਦਾ ਸੀ ਤੇ ਮੁਸਾਫ਼ਿਰਾਂ ਨੂੰ ਹਰ ਖ਼ਤਰੇ ਤੋਂ ਆਗਾਹ ਕਰਦਾ ਸੀ। ਮਲਾਹ ਸੁਚੇਤ ਅਤੇ ਤਜਰਬੇਕਾਰ ਹੋਵੇ ਤਾਂ ਬੇੜੇ ਨੂੰ ਦਰਿਆ ਦੇ ਖ਼ਤਰਿਆਂ ਵਿੱਚੋਂ ਕੱਢ ਕੇ ਮੁਸਾਫ਼ਿਰਾਂ ਨੂੰ ਪਾਰ ਲਗਾ ਹੀ ਦਿੰਦਾ ਸੀ:

ਖੜਾ ਪੁਕਾਰੇ ਪਾਤਣੀ ਬੇੜਾ [91]ਕਪਰ ਵਾਤਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)
ਲੰਮੀ ਲੰਮੀ ਨਦੀ ਵਹੈ ਕੰਧੀ ਕੇਰੇ ਹੇਤਿ॥
ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਗੁਰੂ ਸਾਹਿਬ ਦਾ ਬਚਨ ਹੈ ਕਿ ਇਹ ਜੀਵਨ-ਰੂਪੀ ਬੇੜੀ ਨੇ ਸੰਸਾਰ-ਰੂਪੀ ਸਮੁੰਦਰ ਵਿੱਚੋਂ ਪਾਰ ਲੰਘਣਾ ਹੈ। ਇਸ ਸੰਸਾਰ-ਰੂਪੀ ਸਮੁੰਦਰ ਵਿਚ ਸਥਿਤੀਆਂ-ਪ੍ਰਸਥਿਤੀਆਂ ਦੇ ਉਤਰਾਅ-ਚੜ੍ਹਾਅ ਰੂਪੀ ਕਈ ਛੋਟੀਆਂ-ਵੱਡੀਆਂ ਲਹਿਰਾਂ ਹਨ। ਸਰੀਰ-ਰੂਪੀ ਬੇੜੀ ਨੂੰ ਵਿਕਾਰ-ਰੂਪੀ ਛੇਕ ਜ਼ਰਜਰਾ ਕਰਦੇ ਹਨ। ਮਨੁੱਖ ਨੇ ਸਮਾਂ ਰਹਿੰਦਿਆਂ ਇਸ ਬੇੜੀ ਨੂੰ ਸੰਭਾਲਦਿਆਂ ਹੋਇਆਂ ਪਾਰ ਲੱਗਣਾ ਹੈ। ਗੁਰੂ-ਰੂਪੀ ਮਲਾਹ, ਜਿਹੜਾ ਇਸ ਸੰਸਾਰ ਤੋਂ ਪਾਰ ਹੋਣ ਦੀ ਜੁਗਤ ਜਾਣਦਾ ਹੈ, ਦੇ ਦੱਸੇ ਅਨੁਸਾਰ ਚੱਲ ਕੇ ਮਨੁੱਖ ਇਸ ਸੰਸਾਰ-ਰੂਪੀ ਸਮੁੰਦਰ ਵਿਚ ਵਿਚਰਦਿਆਂ ਸਹਿਜੇ ਹੀ ਪਾਰ ਲੱਗ ਸਕਦਾ ਹੈ। ਭਾਵ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ:

ਨਾਨਕ ਜਿਨ ਕਉ ਨਦਰਿ ਕਰੇ ਸੇ ਗੁਰਮੁਖਿ ਲੰਘੇ ਪਾਰਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 592)

ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)
ਚੜਿ ਬੋਹਿਥੈ ਚਾਲਸਉ ਸਾਗਰੁ ਲਹਰੀ ਦੇਇ॥
ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1087)

**ਅਜੋਕੀ ਸਥਿਤੀ:** ਨਦੀਆਂ, ਸਮੁੰਦਰਾਂ ਤੋਂ ਪਾਰ ਹੋਣ ਲਈ ਹੁਣ ਵਧੇਰੇ ਕਰਕੇ (ਸਮੇਂ ਨੂੰ ਮੁੱਖ ਰੱਖਦੇ ਹੋਏ) ਹਵਾਈ ਜ਼ਹਾਜ਼ਾਂ ਦੀ ਵਰਤੋਂ ਹੋਣ ਲੱਗ ਪਈ ਹੈ। ਮਾਲ ਨੂੰ ਇੱਕ ਦੇਸ਼ ਤੋਂ ਦੂਜੇ ਦੇਸ਼ ਲੈ ਜਾਣ ਲਈ ਸਮੁੰਦਰੀ ਜਹਾਜ਼ ਵੀ ਪ੍ਰਯੋਗ ਕੀਤੇ ਜਾਂਦੇ ਹਨ। ਬੇੜੀਆਂ ਤਾਂ ਹੁਣ ਮਨੋਰੰਜਨ ਦਾ ਸਾਧਨ ਹੋ ਕੇ ਰਹਿ ਗਈਆਂ ਹਨ। ਬੇੜੀਆਂ ਅਤੇ ਜਹਾਜ਼ ਲੱਕੜੀ ਸਮੇਤ ਕਈ ਪ੍ਰਕਾਰ ਦੇ ਕੱਚੇ ਮਾਲ ਦੇ ਇਸਤੇਮਾਲ ਤੋਂ ਤਿਆਰ ਕੀਤੇ ਜਾਂਦੇ ਹਨ। ਇੱਕੋ ਸਮੇਂ ਬੇੜੀ ਵਿੱਚ ਬਹਿ ਕੇ ਪਾਰ ਲੱਗਣ ਵਾਲਿਆਂ ਨੂੰ 'ਪੂਰ' ਆਖ ਦਿੱਤਾ ਜਾਂਦਾ ਹੈ।

ਪ੍ਰੋ. ਮੋਹਨ ਸਿੰਘ ਦੇ ਸ਼ਬਦ ਹਨ, "ਜਿਹੜੇ ਪਾਣੀ ਅੱਜ ਲੰਘ ਗਏ, ਉਹ ਫੇਰ ਨੀ ਲੰਘਣੇ ਭਲਕੇ/ ਸੱਥ ਦਾ 'ਪੂਰ', ਤ੍ਰਿੰਞਣ ਦੀਆਂ ਕੁੜੀਆਂ ਉਨ੍ਹਾਂ ਫੇਰ ਨੀ ਬਹਿਣਾ ਰਲ਼ ਕੇ।" ਬੇੜੀਆਂ ਅਤੇ ਜਹਾਜ਼ਾਂ ਦੀ ਸਮਰੱਥਾ ਅੱਡ-ਅੱਡ ਹੁੰਦੀ ਹੈ। ਪੁਰਾਣੇ ਤੇ ਖ਼ਸਤਾ ਜਹਾਜ਼ਾਂ ਦੀ ਵਰਤੋਂ ਤਾਂ ਖ਼ਤਰਨਾਕ ਹੈ ਹੀ। ਬੇੜੀਆਂ ਨੂੰ ਮਲਾਹ ਪਾਰ ਕਰਦੇ ਹਨ। ਜਿਹੜਾ ਮਨੁੱਖ ਸਮੇਂ ਦੀ ਵਿਚਾਰ ਕਰਦਾ, ਸਮੇਂ ਦੀ ਯੋਗ ਵਰਤੋਂ ਕਰਦਾ, ਉਹ ਸੰਸਾਰ ਸਾਗਰ ਤੋਂ ਪਾਰ ਹੋ ਹੀ ਜਾਂਦਾ ਹੈ।

### 2.1.14 ਬਨਸਪਤੀ

ਸਲੋਕ ਬਾਣੀ-ਰੂਪ ਵਿਚ ਤਤਕਾਲੀ ਬਨਸਪਤੀ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਹੇਠ ਲਿਖੀਆਂ ਪੰਕਤੀਆਂ ਵਿਚ ਅਨਾਜ (ਕਣਕ ਆਦਿ) ਨੂੰ ਗਾਹੁਣ ਤੇ ਦਾਣੇ ਕੱਢਣ ਦਾ ਉਲੇਖ ਹੈ। ਗੁਰੂ ਸਾਹਿਬ ਆਖਦੇ ਹਨ ਕਿ ਜਦੋਂ ਫ਼ਸਲ ਪੱਕ ਜਾਂਦੀ ਹੈ ਤਾਂ ਵੱਢ ਲਈ ਜਾਂਦੀ ਹੈ ਅਤੇ ਪਰਾਲੀ ਤੇ (ਜ਼ਮੀਨ ਦੀ) ਵਾੜ ਪਿੱਛੇ ਰਹਿ ਜਾਂਦੀ ਹੈ। ਪੌਦੇ ਦੇ ਵੱਢੇ ਹੋਏ ਹਿੱਸੇ ਨੂੰ, ਸਣੇ ਸਿੱਟਿਆਂ ਦੇ, ਗਾਹ

ਲਿਆ ਜਾਂਦਾ ਹੈ ਤੇ ਦਾਣੇ ਵੱਖ ਕਰ ਲਏ ਜਾਂਦੇ ਹਨ। ਪਰਾਲੀ ਫ਼ਜ਼ੂਲ ਸਮਝੀ ਜਾਂਦੀ ਸੀ। ਨਾਮ-ਰਸ ਦੇ ਮੁਕਾਬਲੇ ਹੋਰ ਸੁੱਖਾਂ ਨੂੰ ਪਰਾਲੀ ਵੱਤ (ਫ਼ਜ਼ੂਲ) ਦੱਸਿਆ ਗਿਆ ਹੈ:

ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ॥

ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਹਰਿ ਸੁਖੁ ਪਲ੍ਹਰਿ ਤਿਆਗਿਆ ਨਾਮੁ ਵਿਸਾਰਿ ਦੁਖ ਪਾਏ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 850)

ਹੇਠ ਲਿਖੀ ਪੰਕਤੀ ਵਿਚ ਦੱਸਿਆ ਗਿਆ ਹੈ ਕਿ ਚਾਵਲਾਂ ਦੇ ਛਿਲਕੇ ਕੁੱਟ ਕੇ ਕੋਈ ਲਾਭ ਨਹੀਂ ਹੁੰਦਾ ਭਾਵ ਉਨ੍ਹਾਂ ਨੂੰ ਕੁੱਟਿਆਂ (ਉਨ੍ਹਾਂ ਵਿੱਚੋਂ) ਚਾਵਲਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹ ਕਥਨ ਤਤਕਾਲੀ ਦੌਰ ਵਿਚ ਚਾਵਲ ਦੀ ਫ਼ਸਲ ਦੀ ਹੋਂਦ ਪ੍ਰਤਿ ਇਸ਼ਾਰਾ ਹੈ:

ਤੁਹ ਕੁਟੇ ਕਿਆ ਫਲੁ ਪਾਵੈ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 960)

ਹੇਠ ਲਿਖੀ ਪੰਕਤੀ ਵਿਚ ਕਥਨ ਹੈ ਕਿ ਮਨੁੱਖ ਚਾਵਲਾਂ ਦੀ ਪ੍ਰਾਪਤੀ ਲਈ ਚਾਵਲਾਂ ਦੇ ਕੇਵਲ ਛਿਲਕੇ (ਮੁਹਲੀ ਰਾਹੀਂ) ਕੁੱਟਦਾ ਫਿਰਦਾ ਹੈ। ਇਸ ਕਥਨ ਤੋਂ ਇਸ਼ਾਰਾ ਮਿਲਦਾ ਹੈ ਕਿ ਤਤਕਾਲੀ ਦੌਰ ਵਿਚ ਚਾਵਲਾਂ ਦੀ ਪ੍ਰਾਪਤੀ, ਚਾਵਲਾਂ ਦੇ ਵੰਡ (ਮੁਹਲੀ ਰਾਹੀਂ) ਕੁੱਟ ਕੇ ਹੁੰਦੀ ਸੀ। ਜੌਂ ਦੀ ਛਿੱਲੜ ਦਾ ਜ਼ਿਕਰ ਜੌਂ ਦੀ ਕਾਸ਼ਤ ਵੱਲ ਇਸ਼ਾਰਾ ਕਰਦਾ ਹੈ:

ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 965)

ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

ਹੇਠ ਲਿਖੀ ਪੰਕਤੀ ਵਿਚ ਮੋਠ ਦੀ ਦਾਲ ਪ੍ਰਤਿ ਇਸ਼ਾਰਾ ਹੈ। ਮੋਠ ਦਾ ਨਾ ਰਿੱਝਣ ਵਾਲਾ ਦਾਣਾ (ਕੁੜਕੜੂ) ਮੋਠਾਂ ਦੀ ਦਾਲ ਦੀ ਹੋਂਦ ਦਾ ਸਬੂਤ ਹੈ:

ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 960)

ਖੇਤ ਦੀ ਤਿਆਰੀ ਕੋਈ ਕਰਦਾ ਸੀ, ਫ਼ਸਲ ਕੋਈ ਵੱਢਦਾ ਸੀ ਤੇ ਉਸਨੂੰ ਪਿੜ ਵਿਚ ਇਕੱਠੀ ਕੋਈ ਕਰਦਾ ਸੀ, ਪਰ ਇਹ ਨਹੀਂ ਸੀ ਆਖਿਆ ਜਾ ਸਕਦਾ ਕਿ ਇਹ ਅੰਨ ਪਵੇਗਾ ਕਿਸਦੇ ਮੂੰਹ ਵਿਚ:

ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ॥

ਨਾਨਕ ਏਵ ਨ ਜਾਪਈ ਕੋਈ ਖਾਇ ਨਿਦਾਨਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 854)

ਕਮਾਦ (ਗੰਨੇ ਦੀ ਫ਼ਸਲ) ਨੂੰ ਕੱਟ ਕੇ, ਭਰੀਆਂ ਬੰਨ੍ਹ ਲਈਆਂ ਜਾਂਦੀਆਂ ਸਨ। ਜ਼ੋਰ ਵਾਲੇ ਬੰਦੇ ਉਨ੍ਹਾਂ ਗੰਨਿਆਂ ਨੂੰ ਵੇਲਣੇ ਵਿਚ ਪੀੜ ਕੇ ਰਸ ਕੱਢਦੇ ਸਨ। ਇਸ ਤਰ੍ਹਾਂ ਪ੍ਰਾਪਤ ਰਸ ਨੂੰ ਕੜਾਹੇ ਵਿਚ (ਗੁੜ ਬਨਾਉਣ ਲਈ) ਪਾਇਆ ਜਾਂਦਾ ਸੀ ਤੇ ਉਸ ਦੇ ਹੇਠਾਂ ਅੱਗ ਬਾਲ਼ੀ ਜਾਂਦੀ ਸੀ। ਰਸ ਉਬਾਲ਼ੇ ਮਾਰਦੀ ਸੀ। ਗੰਨੇ ਪੀੜ ਕੇ ਪ੍ਰਾਪਤ ਹੋਇਆ ਫੋਗ (ਚੂਰਾ) ਸੰਭਾਲ ਲਿਆ ਜਾਂਦਾ ਸੀ ਜੋ ਮਗਰੋਂ (ਸੁਕਾ ਕੇ) ਬਾਲਣ ਦੇ ਕੰਮ ਆਉਂਦਾ ਸੀ। ਗੰਨੇ ਦੇ ਫੋਗ ਨੂੰ ਚਾਹੇ ਦੁਬਾਰਾ ਪੀੜ ਲਉ, ਉਸ ਵਿੱਚੋਂ ਨਿਕਲੀ ਰਸ ਵਿੱਚੋਂ ਪਹਿਲੀ ਵਾਰ ਜਿਹੀ ਰਸ ਵਰਗੀ ਹੀ ਮਿਠਾਸ ਆਵੇਗੀ:

ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ॥
ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ॥
ਰਸੁ ਕਸੁ ਟਟਰਿ ਪਾਈਐ ਤਪੈ ਤੇ ਵਿਲਲਾਇ॥
ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਲਾਇ॥
ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142-143)

ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1098)

ਹੇਠ ਲਿਖੀ ਪੰਕਤੀ ਵਿਚ ਗਊਆਂ ਦੀ ਘਾਹ ਪਸੰਦ ਕਰਨ ਦੀ ਪ੍ਰਵਿਰਤੀ ਦਾ ਉਲੇਖ ਹੈ। ਗਊਆਂ ਦੇ ਵੱਗ ਅੱਗੇ ਜੇਕਰ ਘਾਹ ਵਿਚ ਸੋਨਾ ਰਲਾ ਕੇ ਸੁੱਟ ਦਿਓ, ਉਹ ਉਸ ਮਿਸ਼ਰਨ ਵਿੱਚੋਂ ਘਾਹ ਨਿਖੇੜ ਕੇ ਚੁਗ ਲੈਣਗੀਆਂ। ਅਗਲੀ ਪੰਕਤੀ ਵਿਚ ਵੀ ਘਾਹ ਦਾ ਉਲੇਖ ਹੈ। ਘਾਹ ਰਸਤਿਆਂ ਵਿਚ ਵੀ ਉੱਗਿਆ ਹੁੰਦਾ ਸੀ:

ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੈ ਘਾਹ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 144)

ਫਰੀਦਾ ਥੀਉ [92]ਪਵਾਹੀ [93]ਦਭੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)

ਕਪਾਹ ਆਪਣੀ ਕੋਮਲਤਾ ਲਈ ਮਸ਼ਹੂਰ ਸੀ। ਲੋਹੇ ਨੂੰ ਭਾਵੇਂ ਜਿੰਨਾ ਮਰਜ਼ੀ ਕੁੱਟੀ ਜਾਓ, ਉਹ ਕਪਾਹ (ਰੂੰ) ਵਾਂਗ ਕਦੇ ਨਰਮ ਨਹੀਂ ਹੁੰਦਾ। ਇਹ ਵਿਸ਼ੇਸ਼ਤਾ ਕਪਾਹ (ਰੂੰ) ਵਿਚ ਹੀ ਸੀ:

ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਬੀਜ ਬੀਜਣ ਤੋਂ ਪਹਿਲਾਂ ਧਰਤੀ ਤਿਆਰ ਕਰਨੀ ਲਾਜ਼ਮੀ ਦੱਸੀ ਗਈ ਹੈ। ਬੰਜਰ (ਨਿਕੰਮੀ) ਜ਼ਮੀਨ ਵਿਚ ਕੁਝ ਨਹੀਂ ਉੱਗਦਾ। ਢੁਕਵਾਂ ਵਾਤਾਵਰਨ ਵੀ ਲੋੜੀਂਦਾ ਸੀ। ਸਾਬਤ ਬੀਜਾਂ ਤੋਂ ਹੀ ਫ਼ਸਲ (ਬੂਟਿਆਂ) ਦਾ ਰੂਪ ਲੈਂਦੇ ਹਨ। ਦਾਲ-ਦਲੀਆ ਕਦੇ ਨਹੀਂ ਉਗਦਾ। ਇੱਕ ਤਾਂ ਬੀਜ ਸਬੂਤੇ ਹੋਣੇ ਲਾਜ਼ਮੀ ਸੀ, ਦੂਸਰਾ, ਬੀਜ ਬੀਜਣ ਲਈ ਰੁੱਤ ਵੀ ਢੁਕਵੀਂ ਹੋਣੀ ਚਾਹੀਦੀ ਸੀ। ਇਸ ਤਰ੍ਹਾਂ ਪਰਵਾਨ ਚੜ੍ਹੇ ਬੀਜ ਪਹਿਲਾਂ ਜੜ੍ਹ ਪਕੜ ਲੈਂਦੇ ਸਨ ਤੇ ਮਗਰੋਂ ਵੱਡਾ (ਪੌਦੇ ਦਾ) ਆਕਾਰ ਲੈ ਲੈਂਦੇ ਸਨ:

ਧਰਤੀ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ [94]ਬਿਕਾਰ॥
ਬਿਨੁ ਸੰਗਤਿ ਇਉ ਮਾਂਨਈ ਹੋਇ ਗਈ [95]ਭਠ ਛਾਰ॥

(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

ਬੀਉ ਬੀਜਿ [96]ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਜਦੋਂ ਖੇਤੀ (ਫ਼ਸਲ) ਦਾ ਉਜਾੜਾ (ਕਿਸੇ ਕਾਰਨ ਕਰਕੇ) ਹੋ ਜਾਂਦਾ ਸੀ ਤਾਂ ਫਿਰ ਖੇਤ ਵਿਚ ਬਾਕੀ ਕੁਝ ਨਹੀਂ ਸੀ ਰਹਿੰਦਾ। ਫ਼ਸਲ ਦੀ ਰੱਖਿਆ ਲਈ ਖੇਤ ਦੀ ਵਾੜ ਕੀਤੀ ਜਾਂਦੀ ਸੀ:

ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਤੈ ਸਹਿ ਦਿਤੀ ਵਾੜਿ ਨਾਨਕ ਖੇਤੁ ਨ ਛਿਜਈ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 521)

ਖੇਤੀ ਮੀਂਹ 'ਤੇ ਮੁਨੱਸਰ ਸੀ। ਹੇਠ ਲਿਖੀ ਪੰਕਤੀ ਵਿਚ ਗੁਰੂ ਸਾਹਿਬ ਆਖਦੇ ਹਨ ਕਿ ਕਾਲ਼ ਦੀ ਰੋਕ ਤਦ ਹੀ ਹੋ ਸਕਦੀ ਹੈ ਜੇਕਰ ਮੀਂਹ ਸਦਕਾ ਨਦੀਆਂ ਭਰ ਜਾਣ। ਭਾਵ ਫ਼ਸਲਾਂ ਨੂੰ ਜ਼ਰੂਰਤ ਅਨੁਸਾਰ ਪਾਣੀ ਮਿਲ ਜਾਵੇ। ਜੇਕਰ (ਪਾਣੀ ਦੀ ਕਮੀ ਕਾਰਨ) ਫ਼ਸਲ ਸੜ ਜਾਵੇ, ਸੁੱਕ ਜਾਵੇ, ਤਾਂ ਫਿਰ ਭਾਵੇਂ ਉਸਨੂੰ ਪਾਣੀ ਵਿਚ ਟੁੱਬੀ ਵੀ ਕਿਉਂ ਨਾ ਲਵਾ ਦਿਓ, ਉਹ ਹਰੀ ਨਹੀਂ ਸੀ ਹੁੰਦੀ। ਇਹ ਤੱਥ ਫ਼ਸਲ ਦੀ ਸਮੇਂ ਸਿਰ ਸਿੰਚਾਈ ਦੀ ਲੋੜ ਨੂੰ ਦ੍ਰਿੜ੍ਹਾਉਂਦਾ ਹੈ। ਪਾਣੀ ਦੀ ਸਹਾਇਤਾ ਨਾਲ ਹੀ ਅਨਾਜ, ਕਮਾਦ, ਕਪਾਹ ਅਤੇ ਗੰਨਾ ਉਪਜਦੇ ਸਨ:

ਕਾਲਾ ਗੰਢੁ ਨਦੀਆ ਮੀਹ ਝੋਲ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

[97]ਤਤੀ [98]ਤੋਇ ਨ ਪਲਵੈ ਜੇ ਜਲਿ ਟੁਬੀ ਦੇਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਤੋਇਅਹੁ[99] ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1290)

ਮੀਂਹ (ਫ਼ਸਲ ਲਈ) ਲੋੜੀਂਦੀ ਮਾਤਰਾ ਵਿਚ ਪਵੇ ਤਾਂ ਅਨਾਜ ਭਰਪੂਰ ਮਾਤਰਾ ਵਿਚ ਉਪਜਦਾ ਸੀ। ਅੰਨ ਦਾ ਸਿੱਧਾ ਸਬੰਧ ਧਨ ਨਾਲ ਸੀ। ਭਾਵ ਮਨੁੱਖ ਦੀ ਆਰਥਿਕਤਾ ਫ਼ਸਲ ਨਾਲ ਜੁੜੀ ਹੋਈ ਸੀ। ਅਨਾਜ ਦੀ ਉਪਜ ਚੰਗੀ ਹੋਵੇ ਤਾਂ ਧਨ ਪੱਖੋਂ ਵੀ ਲਹਿਰਾਂ-ਬਹਿਰਾਂ ਹੋ ਜਾਂਦੀਆਂ ਸਨ। (ਵਰਖਾ ਵਾਲੇ) ਬੱਦਲਾਂ ਨੂੰ ਤੱਕ ਕੇ ਕਿਸਾਨ ਖੇਤਾਂ ਦੀਆਂ ਵੱਟਾਂ ਉੱਚੀਆਂ ਕਰ ਦਿੰਦਾ ਸੀ (ਤਾਂ ਜੋ ਵੱਟਾਂ ਦੀ ਰੋਕ ਕਾਰਨ ਖੇਤ ਵਿਚ ਪਾਣੀ ਠਹਿਰ ਸਕੇ):

ਪਾਰਬ੍ਰਹਮਿ ਫੁਰਮਾਇਆ ਮੀਹੁ ਵੁਠਾ ਸਹਜਿ ਸੁਭਾਇ॥

ਅੰਨੁ ਧੰਨੁ ਬਹੁਤਾ ਉਪਜਿਆ ਪ੍ਰਿਥਮੀ ਰਜੀ ਤਿਪਤਿ ਅਘਾਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 321)

ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ॥

ਦੁਖ ਭੁਖ ਕਾੜਾ ਸਭੁ ਚੁਕਾਇਸੀ ਮੀਹੁ ਵੁਠਾ ਛਹਬਰ ਲਾਇ॥

ਸਭਿ ਧਰਤਿ ਭਈ ਹਰੀਆਵਲੀ ਅੰਨੁ ਜੰਮਿਆ ਬੋਹਲ ਲਾਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1250)

ਖੇਤਿ ਮਿਆਲਾ ਉਚੀਆ [100]ਘਰੁ ਉਚਾ ਨਿਰਣਉ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 517)

ਮੀਂਹ ਪੈਣ ਨਾਲ ਹੀ ਅਨਾਜ ਵਾਲੀਆਂ ਫ਼ਸਲਾਂ ਅਤੇ ਕਮਾਦ ਆਦਿਕ ਫ਼ਸਲਾਂ ਮੌਲਦੀਆਂ ਸਨ। ਕਪਾਹ, ਜਿਹੜੀ ਮਨੁੱਖੀ ਸਰੀਰ ਨੂੰ ਢਕਣ ਦਾ (ਕੱਪੜੇ ਦਾ) ਪ੍ਰਮੁਖ ਆਧਾਰ ਬਣਦੀ ਸੀ, ਵੀ ਮੀਂਹ ਦੀ ਬਦੌਲਤ ਹੀ ਫਲਦੀ-ਫੁੱਲਦੀ ਸੀ। ਮੀਂਹ ਸਦਕਾ ਹੀ ਘਾਹ ਉਪਜਦਾ ਸੀ, ਜਿਸ ਨੂੰ ਚਰ ਕੇ ਗਊਆਂ ਦੁੱਧ ਦਿੰਦੀਆਂ, ਜਿਸ ਤੋਂ ਦਹੀਂ ਬਣਾਇਆ ਜਾਂਦਾ ਤੇ ਘਰ ਵਿੱਚੋਂ ਔਰਤ ਦੀ ਦਹੀਂ ਨੂੰ ਰਿੜਕਣ ਦੀ (ਮਧਾਣੀ ਦੀ) ਆਵਾਜ਼ ਆਉਂਦੀ। ਕਪਾਹ ਦੇ ਸੂਤ ਤੋਂ ਹੀ ਜਨੇਊ ਵੱਟਿਆ ਜਾਂਦਾ ਸੀ:

ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥

ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਬਿਲੋਵੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 150)

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਤਗੁ ਕਪਾਹਹੁ ਕਤੀਐ ਬਾਮ੍ਣੁ ਵਟੇ ਆਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਮੀਂਹ ਪੈਣ 'ਤੇ ਬਲਦਾਂ ਨੂੰ (ਖੇਤ ਦੀ ਤਿਆਰੀ ਲਈ) ਜੋਤ ਲਿਆ ਜਾਂਦਾ ਸੀ। ਹੇਠ ਲਿਖੇ ਸਲੋਕ ਵਿਚ ਕਥਨ ਹੈ ਕਿ ਮੀਂਹ ਪੈਣ 'ਤੇ ਬਲਦ ਵੀ ਗ਼ਰੀਬ (ਜਿਸਨੂੰ ਮੀਂਹ ਕਾਰਨ ਕੰਮ ਨਹੀਂ ਸੀ ਮਿਲਦਾ), ਰਾਹਗੀਰ (ਜੋ ਅੱਗੇ ਨਹੀਂ ਸੀ ਵਧ ਸਕਦਾ) ਅਤੇ ਨੌਕਰ (ਜਿਸਨੂੰ ਮੀਂਹ ਪੈਂਦਾ ਹੋਣ ਦੇ ਬਾਵਜੂਦ ਮਾਲਕ, ਕਿਸੇ ਕੰਮ ਲਈ, ਘਰੋਂ ਬਾਹਰ ਭੇਜ ਦਿੰਦਾ ਸੀ) ਵਾਂਗ ਖ਼ੁਸ਼ ਨਹੀਂ ਸਨ ਹੁੰਦੇ:

ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥

ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਮਨੁੱਖ ਦੀ ਆਰਥਿਕਤਾ ਫ਼ਸਲਾਂ ਨਾਲ ਏਨੀ ਜ਼ਿਆਦਾ ਜੁੜੀ ਹੋਈ ਦੇਖਦੇ ਹੋਏ ਗੁਰੂ ਸਾਹਿਬ ਵੀ ਪ੍ਰਭੂ ਦੇ ਦਰ ਅਰਦਾਸ ਕਰਦੇ ਹਨ ਕਿ ਅਨਾਜ (ਫ਼ਸਲਾਂ) ਅਤੇ ਪਾਣੀ ਵੱਲੋਂ ਮਨੁੱਖ ਨੂੰ ਕਦੇ ਕਮੀ ਨਾ ਆਵੇ। ਅਨਾਜ ਲੋੜੀਂਦੀ ਮਾਤਰਾ ਵਿਚ ਉਪਜ ਪਵੇ ਤਾਂ ਮਨੁੱਖ ਦੀ ਵੱਡੀ ਚਿੰਤਾ (ਭੁੱਖ ਦੀ) ਖ਼ਤਮ ਹੋ ਜਾਂਦੀ ਸੀ:

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥

ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ [101]ਤਰੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1251)

ਵੁਠੇ ਮੇਘ ਸੁਹਾਵਣੇ ਹੁਕਮੁ ਕੀਤਾ ਕਰਤਾਰਿ॥

ਰਿਜਕੁ ਉਪਾਇਓਨੁ ਅਗਲਾ ਠਾਂਢਿ ਪਈ ਸੰਸਾਰਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1251)

ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ॥

ਅਨੁ ਧਨੁ ਉਪਜੈ ਬਹੁ ਘਣਾ ਕੀਮਤਿ ਕਹਣੁ ਨ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1281)

ਭਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ॥

ਜਿਤੁ ਵੁਠੈ ਅਨੁ ਧਨੁ ਬਹੁਤੁ ਉਪਜੈ ਜਾਂ ਸਹੁ ਕਰੇ ਰਜਾਇ॥

ਜਿਤੁ ਖਾਧੈ ਮਨੁ ਤ੍ਰਿਪਤੀਐ ਜੀਆਂ ਜੁਗਤਿ ਸਮਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1282)

ਤੁੰਮੀ-ਤੁੰਮਾ, ਅੱਕ, ਧਤੂਰਾ ਅਤੇ ਨਿੰਮ ਕੌੜੇ ਸੁਆਦ (ਕੁੜੱਤਣ) ਵਾਲੀ ਬਨਸਪਤੀ ਦੀ ਸ਼੍ਰੇਣੀ ਵਿਚ ਸ਼ੁਮਾਰ ਕੀਤੀਆਂ ਗਈਆਂ ਹਨ। ਤੁੰਮੀ ਨੂੰ ਜੇਕਰ ਬਾਹਰੋਂ ਧੋ ਵੀ ਲਿਆ ਜਾਵੇ ਤਾਂ ਵੀ ਉਸਦੀ ਅੰਦਰਲੀ ਕੁੜੱਤਣ ਪਹਿਲਾਂ ਦੀ ਤਰ੍ਹਾਂ ਹੀ ਬਰਕਰਾਰ ਰਹਿੰਦੀ ਹੈ:

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 147)

ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 789)

ਹੇਠ ਲਿਖੇ ਤੁਕਾਂਗ ਵਿਚ ਵੀ ਚੰਦਨ ਅਤੇ ਅੱਕ ਦਾ ਉਲੇਖ ਹੈ। ਚੰਦਨ ਠੰਢੀ ਤਾਸੀਰ ਵਾਲਾ ਜਾਣਿਆ ਜਾਂਦਾ ਸੀ। ਚੰਦਨ ਆਪਣੀ ਇਹ ਸੀਤਲਤਾ ਸੱਪਾਂ ਦੁਆਰਾ ਵਲੇਟਿਆ ਹੋਣ ਦੇ ਬਾਵਜੂਦ ਵੀ ਨਹੀਂ ਗੁਆਉਂਦਾ। ਚੰਦਨ ਦੀ ਮਹੱਤਤਾ ਇਸਦੇ ਸੁਗੰਧੀ ਵਾਲੇ ਗੁਣ ਕਾਰਨ ਸੀ। ਚੰਦਨ ਦੀ ਇੱਕ ਕਿਸਮ, ਬਾਵਨ (ਵਾਮਨ) ਚੰਦਨ ਵੀ ਸੀ:

ਕਬ ਚੰਦਨਿ ਕਬ ਅਕਿ ਡਾਲਿ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 148)

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 709)

ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥

(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਕਬੀਰ ਪਾਰਸ ਚੰਦਨੈ ਤਿਨ੍ ਹੈ ਏਕ ਸੁਗੰਧ॥

ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ [102]ਬਾਵਨ ਚੰਦਨਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

"ਬਾਂਸੁ ਬਜਾਈਐ ਫੂਕ" (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372) ਤੁਕਾਂਗ ਵਿਚ ਵੀ ਬਾਂਸ ਦਾ ਉਲੇਖ ਹੈ। ਹੇਠ ਲਿਖੀਆਂ ਪੰਕਤੀਆਂ ਵਿਚ ਵੀ ਚੰਦਨ ਅਤੇ ਨਿੰਮ ਸਮੇਤ ਬਾਂਸ ਦੇ ਪੌਦੇ ਦਾ ਉਲੇਖ ਹੈ:

ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ॥

ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1360)

ਹੇਠ ਲਿਖੀ ਪੰਕਤੀ ਵਿਚ ਕੇਲੇ ਅਤੇ ਬੇਰੀ ਦਾ ਉਲੇਖ ਹੈ। ਕੇਲੇ ਦਾ ਬੂਟਾ ਅਤੇ ਬੇਰੀ ਦਾ ਰੁੱਖ ਨੇੜੇ-ਨੇੜੇ ਹੋਣ ਤਾਂ ਕੇਲੇ ਦੇ ਬੂਟੇ ਦਾ ਰੱਬ ਹੀ ਰਾਖਾ:

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜਿਉ ਬੇਰਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

ਸਿੰਮਲ ਦਾ ਰੁੱਖ ਸਿੱਧਾ, ਬੜਾ ਲੰਮਾ ਤੇ ਮੋਟਾ (ਭਾਰਾ) ਹੁੰਦਾ ਸੀ। ਪੰਛੀ ਉਸਦੀ ਸੁੰਦਰ ਦਿੱਖ ਤੋਂ ਪ੍ਰਭਾਵਿਤ ਹੋ ਕੇ ਉਸ ਵੱਲ ਆਉਂਦੇ ਸਨ ਪਰ ਜਦੋਂ ਫਲ਼ਾਂ ਅਤੇ ਫੁੱਲਾਂ ਦਾ ਸੁਆਦ ਚਖਦੇ ਸਨ (ਜੋ ਬੇਸੁਆਦਾ ਹੁੰਦਾ ਸੀ) ਤਾਂ ਨਿਰਾਸ ਹੋ ਕੇ ਵਾਪਸ ਮੁੜ ਜਾਂਦੇ ਸਨ। ਸਿੰਮਲ ਦੀ ਨਿਆਈਂ, ਕੌੜਾ ਤੁੰਮਾ ਵੀ ਦੇਖਣ ਵਿਚ ਬੜਾ ਸੋਹਣਾ ਲੱਗਦਾ ਸੀ ਪਰ ਉਸਦੀ ਕੁੜੱਤਣ ਦੀ ਸਾਰ ਬਾਰੇ ਜਾਣਕਾਰੀ ਰੱਖਣ ਵਾਲੇ ਉਸਦਾ ਮੁੱਲ ਅੱਧੀ ਕੌਡੀ ਵੀ ਨਹੀਂ ਸਨ ਪਾਉਂਦੇ:

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥

ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 470)

ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥

ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 708)

ਫੁੱਲਾਂ ਦੇ ਰਸ ਅਤੇ ਪਾਨ-ਰਸ ਨੂੰ ਸ਼ਿੰਗਾਰ-ਸਮੱਗਰੀ ਵਜੋਂ ਵਰਤਣ ਦਾ ਰਿਵਾਜ ਸੀ। ਔਰਤਾਂ ਹੱਥਾਂ ਦੇ ਸ਼ਿੰਗਾਰ ਲਈ ਮਹਿੰਦੀ ਦੀ ਵਰਤੋਂ ਕਰਦੀਆਂ ਸਨ। ਮਹਿੰਦੀ, ਪਹਿਲਾਂ ਪੀਸੀ ਜਾਂਦੀ, ਫਿਰ ਰਗੜੀ ਜਾਂਦੀ ਸੀ ਤਦ ਉਸਨੂੰ ਹੱਥਾਂ 'ਤੇ ਲਾਇਆ ਜਾਂਦਾ ਸੀ:

ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 947)

ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 947)

ਹੇਠ ਲਿਖੀ ਪੰਕਤੀ ਵਿਚ ਮੁਸ਼ਕ ਕਪੂਰ ਦਾ ਜ਼ਿਕਰ ਹੈ। ਮੁਸ਼ਕ ਕਪੂਰ ਤੋਂ ਭਾਵ "ਇੱਕ ਬਿਰਛ, ਜਿਸ ਦਾ ਸਾਰ ਕੱਢਕੇ ਅਥਵਾ ਉਸ ਦੇ ਟਪਕੇ ਰਸ ਤੋਂ ਸਫ਼ੈਦ ਪਦਾਰਥ ਬਣਾਇਆ ਜਾਂਦਾ ਹੈ, ਜਿਸ ਦੀ ਤਾਸੀਰ ਸਰਦ ਖ਼ੁਸ਼ਕ ਹੈ.ਵੈਦ ਇਸ ਨੂੰ ਅਨੇਕ ਦਵਾਈਆਂ ਵਿੱਚਵਰਤਦੇ ਹਨ, ਅਤੇ ਇਹ ਮੰਦਿਰਾਂ ਵਿੱਚ ਧੂਪ ਦੀਪ ਦੀ ਥਾਂ ਜਲਾਇਆ ਜਾਂਦਾ ਹੈ."[103] ਹੇਠ ਲਿਖੀ ਪੰਕਤੀ ਵਿਚ ਮੁਸ਼ਕ ਕਪੂਰ ਨੂੰ, ਫੁੱਲਾਂ ਤੋਂ ਤਿਆਰ ਸੁਗੰਧੀ ਦੀ ਤਰ੍ਹਾਂ, ਸਰੀਰ ਨੂੰ ਸੁਗੰਧਿਤ ਕਰਨ ਵਾਲੇ ਪਦਾਰਥ ਵਜੋਂ ਵਰਤੇ ਜਾਣ ਦਾ ਜ਼ਿਕਰ ਆਇਆ ਹੈ:

ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ਯ ਦੇਹੰ ਮਲੀਣੰ॥ (ਮਹਲਾ 5, *ਸ੍ਰੀ ਗੁਰੂ ਗ੍ਰੰਥ ਸਾਹਿਬ* 1360)

ਹੇਠ ਲਿਖੀ ਪੰਕਤੀ ਵਿਚ ਕਸਤੂਰੀ ਨੂੰ ਸੁਗੰਧਿਤ ਵਸਤੂ ਵਜੋਂ ਚਿਤਰਿਆ ਗਿਆ ਹੈ ਜਦਕਿ ਹਿੰਗ ਦੀ ਗੰਧ ਇਸਦੇ ਉਲਟ ਬਿਆਨ ਕੀਤੀ ਗਈ ਹੈ। ਅਗਲੀਆਂ ਪੰਕਤੀਆਂ ਵਿਚ ਢੱਕ ਪਲਾਹ, ਕੋਧਰੇ, ਲਸਣ ਅਤੇ ਹਲਦੀ ਦਾ ਜ਼ਿਕਰ ਹੈ। ਪੱਕੀ ਹੋਈ ਸਰ੍ਹੋਂ ਨੂੰ ਪੀੜ ਕੇ ਤੇਲ ਅਤੇ ਖਲ਼ ਦੀ ਪ੍ਰਾਪਤੀ ਹੁੰਦੀ ਸੀ:

ਫਰੀਦਾ ਰਹੀ ਸੁ [104]ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ॥

ਗਹਿਲਾ ਲੋਕੁ ਨ ਜਾਣਦਾ ਹੰਸੁ ਨ [105]ਕੋਧ੍ਰਾ ਖਾਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਕਬੀਰ ਸਾਕਤ ਐਸਾ ਹੈ ਜੈਸੀ ਲਸਨ ਕੀ ਖਾਨਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਕਮਲ ਦੇ ਫੁੱਲ ਦਾ ਉਲੇਖ ਹੇਠ ਲਿਖੀ ਪੰਕਤੀ ਵਿਚ ਮਿਲਦਾ ਹੈ:

ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 950)

ਗੁਰੂ ਸਾਹਿਬ ਅੱਕ ਦੇ ਪੌਦੇ ਦੀ ਉਦਾਹਰਨ ਦਿੰਦੇ ਹੋਏ ਫ਼ਰਮਾਉਂਦੇ ਹਨ ਕਿ ਅੱਕ ਦੀਆਂ ਕੱਕੜੀਆਂ ਜਿੰਨਾ ਚਿਰ ਆਪਣੇ ਮੂਲ ਨਾਲ ਜੁੜੀਆਂ ਰਹਿੰਦੀਆਂ ਹਨ, (ਬੱਝਵੇਂ ਤੌਰ 'ਤੇ) ਸੁੰਦਰ ਦਿਖਾਈ ਦਿੰਦੀਆਂ ਹਨ ਪਰ ਜਦੋਂ ਮੂਲ ਨਾਲੋਂ ਟੁੱਟ (ਬਿਖਰ) ਜਾਂਦੀਆਂ ਹਨ ਤਾਂ ਹਜ਼ਾਰਾਂ ਦੀ ਗਿਣਤੀ ਵਿਚ (ਤੂੰਬਾ-ਤੂੰਬਾ ਹੋ ਕੇ) ਇੱਧਰ-ਉੱਧਰ ਭਟਕਦੀਆਂ ਫਿਰਦੀਆਂ ਹਨ:

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ॥

ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 254)

ਉਮਰ ਵਿਚ ਤਿਲ-ਮਾਤਰ (ਬਿਲਕੁਲ ਥੋੜ੍ਹਾ ਜਿਹਾ) ਵੀ ਵਾਧਾ-ਘਾਟਾ ਨਹੀਂ ਹੁੰਦਾ। ਇਸ ਤੱਥ ਨੂੰ ਦਰਸਾਉਂਦੀ ਹੇਠ ਲਿਖੀ ਪੰਕਤੀ ਤਿਲ (ਦੀ ਫ਼ਸਲ) ਦਾ ਉਲੇਖ ਕਰਦੀ ਹੈ:

ਨਹ ਬਢਨ ਘਟਨ ਤਿਲੁ ਸਾਰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 254)

ਖੇਤ ਵਿੱਚੋਂ ਤਿਲ ਦੀ ਫ਼ਸਲ ਚੁੱਕਦਿਆਂ ਤਿਲ ਦੇ ਜਿਹੜੇ ਦਾਣੇ ਖੇਤ ਵਿਚ ਹੀ ਪਏ ਰਹਿ ਜਾਂਦੇ ਸਨ (ਕੁਝ ਦਾਣੇ ਰਹਿ ਹੀ ਜਾਂਦੇ ਹਨ) ਉਹ ਮਗਰੋਂ ਭਾਵੇਂ ਪੌਦਿਆਂ ਵਿਚ ਵੀ ਪਰਿਵਰਤਿਤ ਹੋ ਜਾਂਦੇ ਸਨ ਪਰ ਦੇਖ-ਭਾਲ ਬਾਹਰੇ ਹੋਣ ਕਾਰਨ (ਅਤੇ ਮੌਸਮ ਅਨੁਕੂਲ ਨਾ ਹੋਣ ਕਾਰਨ) ਪੂਰਾ ਫਲਦੇ-ਫੁੱਲਦੇ ਨਹੀਂ ਸਨ, ਸਗੋਂ ਖੇਤ ਦੇ ਵਿਚ-ਵਿਚਾਲੇ ਹੀ ਮਿੱਟੀ ਹੋ ਜਾਂਦੇ ਸਨ। ਭਾਵ ਵਿਗਸਣ ਤੋਂ ਪਹਿਲਾਂ ਹੀ ਖ਼ਤਮ ਹੋ ਜਾਂਦੇ ਸਨ:

ਛੁਟੇ ਤਿਲ [106]ਬੂਆੜ ਜਿਉ ਸੁੰਞੇ ਅੰਦਰਿ ਖੇਤ॥

ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥

ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 463)

ਚੂਹਾ ਮਿਹਨਤ ਨਾਲ ਪਾਲੀ ਫ਼ਸਲ ਨੂੰ ਕੁਤਰ ਕੇ ਬਰਬਾਦ ਕਰਦਾ ਸੀ। ਫ਼ਸਲ ਨੂੰ ਬਰਬਾਦੀ ਤੋਂ ਬਚਾਉਣ ਲਈ ਉਸਨੂੰ ਖੇਤ ਵਿੱਚੋਂ ਬਾਹਰ ਕੱਢਣਾ (ਖ਼ਤਮ ਕਰਨਾ) ਕਿਸਾਨ ਲਈ ਬੜਾ ਜ਼ਰੂਰੀ ਹੁੰਦਾ ਸੀ:

ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 304)

ਹੇਠ ਲਿਖੀ ਪੰਕਤੀ ਵਿਚ ਹਾੜੀ ਅਤੇ ਸਉਣੀ ਦਾ ਜ਼ਿਕਰ ਮਿਲਦਾ ਹੈ:

ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ[107]॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 955)

ਅਤੇ,

ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਬੀਜ ਰੋਪਣ ਵੇਲੇ ਵੱਤਰ (ਬਿਜਾਈ ਦੇ ਸਮੇਂ) ਦਾ ਵੀ ਧਿਆਨ ਰੱਖਣਾ ਹੁੰਦਾ ਸੀ। ਹੇਠ ਲਿਖੀ ਦੂਜੀ ਪੰਕਤੀ ਵਿਚ ਵੱਤਰ, ਬੀਜ ਅਤੇ ਹਲ ਵਾਹੁਣ ਵਾਲੇ (ਹਾਲੀ) ਦਾ ਜ਼ਿਕਰ ਆਉਂਦਾ ਹੈ:

ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 321)

ਲਬੁ ਵਤ੍ਰ [108]ਦਰੋਗ ਬੀਉ ਹਾਲੀ ਰਾਹਕੁ ਹੇਤ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 955)

ਹੇਠ ਲਿਖੀਆਂ ਪੰਕਤੀਆਂ ਵਿਚ ਭੂਮੀ, ਪਾਣੀ (ਸਿੰਚਾਈ), ਬਲਦਾਂ, ਹਲ, ਹਲ ਵਾਹੁਣ ਵਾਲੇ (ਹਾਲੀ), ਵੱਤਰ, ਢੁਕਵੇਂ ਮੌਸਮ, ਬੀਜ ਅਤੇ ਬੋਹਲ ਦੇ ਉਲੇਖ ਰਾਹੀਂ ਖੇਤੀ ਦਾ ਸਮੁੱਚਾ ਖਾਕਾ ਪੇਸ਼ ਹੁੰਦਾ ਹੈ:

ਭਉ ਭੁਇ ਪਵਿਤੁ ਪਾਣੀ ਸਤੁ ਸੰਤੋਖੁ ਬਲੇਦ॥

ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ॥

ਨਾਉ ਬੀਜੁ ਬਖਸੀਸ ਬੋਹਲ ਦੁਨੀਆ ਸਗਲ ਦਰੋਗ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 955)

ਮਜੀਠ ਦਾ ਰੰਗ ਬੜਾ ਪੱਕਾ ਹੁੰਦਾ ਸੀ। ਉਬਾਲੀ ਹੋਈ ਮਜੀਠ (ਕੱਪੜੇ ਨੂੰ) ਬੜਾ ਪੱਕਾ ਰੰਗ ਦਿੰਦੀ ਸੀ:

ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 786)

ਹੇਠ ਲਿਖੀ ਪੰਕਤੀ ਵਿਚ ਕਸੁੰਭੇ ਦੇ ਫੁੱਲ ਦਾ ਜ਼ਿਕਰ ਹੈ। "'ਕਸੁੰਭਾ' ਇਕ ਫੁੱਲ ਦਾ ਨਾਮ ਹੈ, ਜਿਸ ਦਾ ਰੰਗ ਵੇਖਨ ਨੂੰ ਤਾਂ ਬੜਾ ਚੁਹਚੁਹਾ ਹੁੰਦਾ ਹੈ, ਪਰ ਛੇਤੀ ਖਰਾਬ ਹੋ ਜਾਂਦਾ ਹੈ।" (ਸਾਹਿਬ ਸਿੰਘ, *ਭਗਤ ਬਾਣੀ ਸਟੀਕ ਭਾਗ ਪਹਿਲਾ* 50) ਤ੍ਰੇਲ ਨਾਲ ਪਰੁੱਤੇ ਘਾਹ ਦੇ ਪੌਦੇ ਮਾਨੋ ਧਰਤੀ ਦਾ ਸ਼ਿੰਗਾਰ ਸਨ:

ਧਰਣਿ ਸੁਹਾਵੀ ਖੜ ਰਤਨ ਜੜਾਵੀ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 322)

ਹੇਠ ਲਿਖੀ ਪੰਕਤੀ ਵਿਚ ਜਗਤ ਨੂੰ ਫੁੱਲਾਂ ਦੀ ਵਾੜੀ ਜਾਂ ਬਗ਼ੀਚੀ ਆਖਿਆ ਗਿਆ ਹੈ। ਇਸ ਤਰ੍ਹਾਂ ਫੁੱਲਾਂ ਦੀ ਬਗ਼ੀਚੀ ਵੱਲ ਇਸ਼ਾਰਾ ਹੈ। ਅਗਲੀ ਪੰਕਤੀ ਵਿਚ ਸੁੰਦਰ ਬਾਗ਼ ਦਾ ਜ਼ਿਕਰ ਹੈ। ਦੁਨੀਆ-ਰੂਪੀ ਸੁੰਦਰ ਬਾਗ਼ ਵਿਚ ਪੰਛੀ-ਰੂਪੀ ਜੀਵ ਨੂੰ ਪਰਾਹੁਣਾ ਦੱਸਿਆ ਗਿਆ ਹੈ:

ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜੀਉ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1095)

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਹੇਠ ਲਿਖੀ ਪੰਕਤੀ ਵਿਚ ਜਲ-ਸ੍ਰੋਤ ਵਿਚ ਮਿਲਦੀ ਬੂਟੀ, ਚੁਪੱਤੀ ਜਾਂ ਨੀਲਫ਼ੋਰ ਦਾ ਜ਼ਿਕਰ ਹੈ ਜਿਹੜੀ, ਸ੍ਰੋਤ ਵਿੱਚੋਂ ਪਾਣੀ ਦੇ ਸੁੱਕਿਆਂ, ਸਮਾਪਤ ਹੋ ਜਾਂਦੀ ਹੈ, ਠੀਕ ਉਸੇ ਤਰ੍ਹਾਂ ਜਿਵੇਂ ਅੱਗ ਦੇ ਸਾਹਵੇਂ ਮੱਖਣ ਦੀ ਠੋਸ ਹੋਂਦ ਸਮਾਪਤ ਹੁੰਦੀ ਹੈ:

ਨਾਨਕ [109]ਆਤਸੜੀ ਮੰਝਿ [110]ਨੈਣੂ ਬਿਆ ਢਲਿ [111]ਪਬਣਿ ਜਿਉ [112]ਜੁੰਮਿਓ॥

(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1095)

ਹੇਠ ਲਿਖੀ ਪੰਕਤੀ ਵਿਚ ਵਣ (ਜੰਗਲ) ਦਾ ਜ਼ਿਕਰ ਹੈ ਅਤੇ ਪਤਝੜ ਦਾ ਉਲੇਖ ਵੀ ਹੈ। ਨਦੀ ਦੇ ਕੰਢੇ ਉੱਤੇ ਉੱਗਿਆ ਰੁੱਖ ਬਹੁਤੀ ਲੰਮੀ ਉਮਰ ਦੀ ਆਸ ਨਹੀਂ ਰੱਖ ਸਕਦਾ:

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਹੇਠ ਲਿਖੀਆਂ ਪੰਕਤੀਆਂ ਵਿਚ ਵੇਲ ਅਤੇ ਕਿੱਕਰ ਦਾ ਜ਼ਿਕਰ ਹੈ:

ਜਿਨ੍ਾ ਵੇਲਿ ਨ ਤੂੰਬੜੀ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1413)

ਫਰੀਦਾ ਲੋੜੈ [113]ਦਾਖ [114]ਬਿਜਉਰੀਆਂ ਕਿਕਰਿ ਬੀਜੈ ਜਟੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਹੇਠ ਲਿਖੀ ਪੰਕਤੀ ਵਿਚ ਰੁੱਖਾਂ-ਬਿਰਖਾਂ ਦੇ ਚੀਰੇ ਜਾਣ ਦਾ ਜ਼ਿਕਰ ਹੈ। ਅਗਲੀ ਪੰਕਤੀ ਰੁੱਖ ਦੀ ਖੋੜ (ਖੋਖਲੇਪਨ) ਦਾ ਜ਼ਿਕਰ ਕਰਦੀ ਹੈ:

ਨਾ ਸਤਿ ਰੁਖੀ ਬਿਰਖੀ ਪਥਰ ਆਪੁ [115]ਤਛਾਵਹਿ ਦੁਖ ਸਹਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਹੇਠ ਲਿਖੀ ਪੰਕਤੀ ਨਵੇਂ ਉੱਗੇ ਪੱਤੇ ਦੀ ਕੋਮਲਤਾ ਵੱਲ ਇਸ਼ਾਰਾ ਕਰਦੀ ਹੈ। ਭਗਤ ਕਬੀਰ ਜੀ ਆਖਦੇ ਹਨ ਕਿ ਜਿਸ ਤਰ੍ਹਾਂ ਨਵਾਂ ਪੱਤਾ ਕੂਲ਼ਾ ਅਤੇ ਮੁਲਾਇਮ ਹੁੰਦਾ ਹੈ ਇਸੇ ਤਰ੍ਹਾਂ ਜੀਵ ਨੂੰ ਵੀ ਜਨਮ ਸਮੇਂ ਮਾਇਆ ਦੀ ਕੋਈ ਲਾਗ ਨਹੀਂ ਹੁੰਦੀ, ਜਿਹੜਾ ਜੀਵ ਇਹੋ ਜਿਹੀ ਮਾਨਸਿਕ ਅਵਸਥਾ (ਮਾਇਆ ਦੀ ਲੇਸ ਤੋਂ ਬਿਨਾ) ਵਿਚ ਹੀ ਉਮਰ ਗੁਜ਼ਾਰ ਕੇ, ਪ੍ਰਭੂ ਦੇ ਦਰ ਪੁੱਜੇ, ਉਸਦਾ ਸੰਸਾਰ ਵਿਚ ਆਉਣਾ ਸਫ਼ਲ ਹੈ:

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਹੇਠ ਲਿਖੀ ਪੰਕਤੀ ਵਿਚ ਰੁੱਖ/ਬੂਟੇ ਨੂੰ ਲੱਗਣ ਵਾਲੇ ਫਲ ਦਾ ਜ਼ਿਕਰ ਹੈ। ਅਗਲੀ ਪੰਕਤੀ ਵਿਚ ਅੰਬਾਂ ਦੇ ਪੱਕਣ ਦਾ ਉਲੇਖ ਹੈ। ਪੱਕੇ ਹੋਏ ਅੰਬ ਆਪਣੇ ਮਾਲਕ ਦੇ ਤਾਂ ਹੀ ਹੱਥ ਲੱਗ ਸਕਦੇ ਹਨ, ਜੇਕਰ ਉਹ ਹਨੇਰੀਆਂ ਦੀ ਮਾਰ ਤੋਂ ਬਚ ਜਾਣ[116] :

ਨਾਨਕ ਮਾਇਆ ਕਰਮ ਬਿਰਖੁ ਫਲ ਅੰਮ੍ਰਿਤ ਫਲ ਵਿਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1290)

ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ॥
ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ [117]ਕਾਂਬ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਮੰਨਣਾ ਹੈ ਕਿ ਜਿਵੇਂ ਫ਼ਸਲ ਪੱਕ ਜਾਣ ਤੋਂ ਮਗਰੋਂ ਵੱਢ ਲਈ ਜਾਂਦੀ ਹੈ, ਇਸੇ ਤਰ੍ਹਾਂ ਇਹ ਸੰਸਾਰਕ ਜੀਵ ਵੀ ਆਪਣੀ ਉਮਰ ਬਿਤਾ ਕੇ ਚਲਾਣਾ ਕਰ ਜਾਂਦਾ ਹੈ। ਸੰਸਾਰ ਵਿਚ ਮਨੁੱਖ ਦੇ ਆਏ ਹੋਏ ਦਾ ਲਾਭ ਤਦ ਹੀ ਹੈ, ਜੇਕਰ ਉਹ, ਉਸਨੂੰ ਮਿਲੇ ਹੋਏ ਸਮੇਂ ਦੀ ਯੋਗ ਵਰਤੋਂ ਕਰੇ, ਤਾਂ ਜੋ ਉਸ ਵਿੱਚੋਂ ਕੁਝ (ਕਣਕ ਦੇ ਦਾਣਿਆਂ ਦੀ ਤਰ੍ਹਾਂ) ਚੰਗੀ ਪ੍ਰਾਪਤੀ ਹੋ ਸਕੇ। ਪਰਾਲ਼ੀ ਵੱਤ ਜਿਊਣਾ ਕਿਸੇ ਕੰਮ ਦਾ ਨਹੀਂ ਜੇਕਰ ਮਨੁੱਖ ਕੋਈ ਉਪਯੋਗੀ ਕੰਮ ਨਾ ਕਰ ਸਕੇ। ਇਹ ਗੁਣ ਚੰਗੀ ਸੰਗਤ ਵਿੱਚੋਂ ਪ੍ਰਾਪਤ ਹੁੰਦੇ ਹਨ। ਬੇਰੀ ਦੇ ਨਜ਼ਦੀਕ ਰਹਿ ਕੇ ਕੋਈ ਕੀ ਸੁੱਖ ਲੈ ਸਕਦਾ ਹੈ? ਆਪਣੇ ਜੀਵਨ ਵਿੱਚੋਂ ਵਿਕਾਰਾਂ ਨੂੰ ਇਸ ਤਰ੍ਹਾਂ ਕੱਢਣਾ ਚਾਹੀਦਾ ਹੈ, ਜਿਵੇਂ ਇੱਕ ਕਿਸਾਨ ਆਪਣੀ ਫ਼ਸਲ ਵਿੱਚੋਂ ਚੂਹਿਆਂ ਨੂੰ ਭਜਾਉਂਦਾ ਹੈ। ਬਹੁਤੇ ਸੁੱਖ ਪ੍ਰਸਤ ਹੋ ਜਾਣਾ ਵੀ ਮਗਰੋਂ ਔਖਾ ਕਰਦਾ ਹੈ, ਜਿਵੇਂ ਮਿੱਠੇ ਗੰਨੇ ਨੂੰ ਵੱਢ ਕੇ ਪਹਿਲਾਂ ਕੋਹਲੂ ਵਿਚ ਪੀੜਿਆ ਜਾਂਦਾ ਹੈ ਅਤੇ ਮਗਰੋਂ ਕੜਾਹੇ ਵਿਚ ਪਾ ਕੇ ਸਾੜਿਆ ਜਾਂਦਾ ਹੈ।

ਬਾਂਸ ਜਿਹੇ ਸੁਭਾਅ ਵਾਲੇ (ਹੰਕਾਰੀ ਲੋਕ) ਚੰਗਿਆਂ ਦੀ ਸੰਗਤ ਵਿਚ ਰਹਿ ਕੇ ਵੀ ਨਹੀਂ ਸੁਧਰਦੇ ਜਦਕਿ ਚੰਗੇ ਇਨਸਾਨ ਬੁਰੇ ਥਾਂ ਰਹਿ ਕੇ ਵੀ ਚੰਗਿਆਈ ਨਹੀਂ ਤਿਆਗਦੇ। ਗਾਵਾਂ ਘਾਹ ਵਿਚ ਪਏ ਹੋਏ ਸੋਨੇ ਨੂੰ ਮੂੰਹ ਨਹੀਂ ਲਾਉਂਦੀਆਂ, ਕਪਾਹ ਕੁੱਟ ਖਾ ਕੇ ਹੋਰ ਨਰਮ ਹੋ ਜਾਂਦੀ ਹੈ ਅਤੇ ਸੱਪਾਂ ਨਾਲ ਘਿਰੀ ਹੋਈ ਚੰਦਨ ਸ਼ੀਤਲਤਾ ਦਾ ਗੁਣ ਬਰਕਰਾਰ ਰੱਖਦੀ ਹੈ। ਕਿਸੇ ਕੰਮ ਨੂੰ ਪੂਰੇ ਮਨ ਨਾਲ ਕਰੋ ਕਿਉਂਕਿ ਬੀਜ ਤਾਂ ਪੂਰਾ ਹੀ ਉੱਗਦਾ ਹੈ, ਦਾਲ਼ ਕਦੇ ਨਹੀਂ ਉੱਗਦੀ। ਆਪਣੀ ਵਿਚਾਰਧਾਰਾ 'ਤੇ ਕਾਇਮ ਰਹੋ। ਇਹ ਨਹੀਂ ਕਿ ਕਦੇ ਚੰਦਨ ਅਤੇ ਕਦੇ ਅੱਕ ਦੀ ਡਾਲੀ 'ਤੇ ਜਾ ਬੈਠੋ। ਪਰਿਵਾਰ ਵਿਚ ਪਰਮਾਤਮਾ ਦਾ ਭਗਤ (ਗੁਣੀ ਵਿਅਕਤੀ) ਪੈਦਾ ਨਾ ਹੋਵੇ ਤਾਂ ਸਮਝੋ ਕਿ ਉਹ ਪਰਿਵਾਰ ਢੱਕ ਪਲਾਹ ਦੀ ਤਰ੍ਹਾਂ ਹੀ ਬੇਕਾਰ ਹੈ।

ਪਰਮਾਤਮਾ ਤੋਂ ਦੂਰ ਹੋ ਕੇ ਕੋਈ ਸੁਖੀ ਨਹੀਂ ਰਹਿ ਸਕਦਾ। ਅਜਿਹੇ ਮਨੁੱਖ ਦਾ ਜੀਵਨ ਰੁੱਖ ਵਿਚ ਪਈ ਖੋੜ ਵਰਗਾ ਹੋ ਜਾਂਦਾ ਹੈ। ਕਿਸੇ ਵਿਸ਼ੇਸ਼ਤਾ ਨੂੰ ਪ੍ਰਾਪਤ ਕਰ ਕੇ ਹੀ ਸੰਸਾਰ ਦੇ ਅੱਗੇ ਪੇਸ਼ ਹੋਵੋ, ਵਰਨਾ ਕੱਚੀ ਸਰੋਂ ਨੂੰ ਪੀੜ ਕੇ ਨਾ ਤਾਂ ਤੇਲ ਦੀ ਪ੍ਰਾਪਤੀ ਹੋਵੇਗੀ ਅਤੇ ਨਾ ਹੀ ਖਲ਼ ਦੀ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਇਹ ਸਾਰੀ (ਉਪਰੋਕਤ) ਬਨਸਪਤੀ ਹੋਂਦ ਵਿਚ ਹੈ। ਖੇਤੀ ਦੇ ਢੰਗ ਉਕਤ ਜਿਹੇ ਨਾ ਰਹਿ ਕੇ ਮਸ਼ੀਨੀਕਰਨ 'ਤੇ ਆਧਾਰਤ ਹਨ। "ਹਰੀ ਕਰਾਂਤੀ ਆਉਣ ਤੋਂ ਪਹਿਲਾਂ ਕਿਸਾਨ ਆਪਣੀਆਂ ਨਿੱਕੀਆਂ ਲੋੜਾਂ ਦੀ ਪੂਰਤੀ ਵਾਸਤੇ ਵੱਖ-ਵੱਖ ਫ਼ਸਲਾਂ (ਅਨਾਜ, ਦਾਲਾਂ, ਤੇਲ ਬੀਜ, ਕਮਾਦ, ਕਪਾਹ, ਮੂੰਗਫਲੀ, ਬਾਜਰਾ) ਦੀ ਕਾਸ਼ਤ ਕਰਦੇ ਸਨ, ਇਹ ਉਹ ਸਮਾਂ ਸੀ ਜਦ ਭਾਰਤ ਵਿਚੋਂ ਅਨਾਜ ਦੀ ਬੇਹਿਸਾਬੀ ਘਾਟ ਸੀ। ਜਨਤਾ ਦਾ ਪੇਟ ਭਰਨ ਵਾਸਤੇ ਅਨਾਜ ਬਾਹਰਲੇ ਮੁਲਕਾਂ ਤੋਂ ਦਰਾਮਦ ਕੀਤਾ ਜਾਂਦਾ ਸੀ। ਪਰ 60ਵੇਂ ਦਹਾਕੇ ਵਿਚ ਕਣਕ ਅਤੇ ਝੋਨੇ ਦੀਆਂ ਵੱਧ ਝਾੜ ਵਾਲੀਆਂ ਬੌਣੀਆਂ ਕਿਸਮਾਂ ਵਿਕਸਿਤ ਹੋਈਆਂ। ਇਨ੍ਹਾਂ ਕਿਸਮਾਂ ਵਿਚ ਝਾੜ ਦੇਣ ਦੀ ਚੰਗੀ ਸਮਰਥਾ ਹੋਣ ਕਰਕੇ ਇਹ ਕਿਸਾਨਾਂ ਵਿਚ ਕਾਫ਼ੀ ਹਰਮਨ ਪਿਆਰੀਆਂ ਹੋਈਆਂ। ਸਮੇਂ-ਸਮੇਂ ਸਿਰ ਇਨ੍ਹਾਂ ਕਿਸਮਾਂ ਵਾਸਤੇ ਖ਼ਾਦਾਂ, ਕੀੜੇਮਾਰ ਜ਼ਹਿਰਾਂ ਆਦਿ ਦੀਆਂ ਸਿਫ਼ਾਰਸ਼ਾਂ ਆਈਆਂ ਅਤੇ ਫ਼ਸਲਾਂ ਦੇ ਝਾੜ ਵਿਚ ਚੋਖਾ ਵਾਧਾ ਹੋਇਆ। ਸਿੱਟੇ ਵਜੋਂ ਪੰਜਾਬ ਨੂੰ ਭਾਰਤ ਦਾ ਅੰਨਦਾਤਾ ਹੋਣ ਦਾ ਮਾਣ ਪ੍ਰਾਪਤ ਹੋਇਆ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਜੀਵਨ* 81-82) "ਤਿੰਨਾਂ ਸ਼ਹਿਰਾਂ (ਜਲੰਧਰ, ਲੁਧਿਆਣਾ ਤੇ ਅੰਮ੍ਰਿਤਸਰ) ਨੂੰ ਜੇ ਅਸੀਂ ਇਕ ਪਾਸੇ ਰੱਖ ਲਈਏ ਤਾਂ ਬਾਕੀ ਸਾਰਾ ਪੰਜਾਬ ਹੈ ਜਿਹੜਾ ਉਹ ਮੂਲ ਰੂਪ ਵਿਚ ਖੇਤੀ ਉਤੇ ਨਿਰਭਰ ਕਰਦਾ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਜੀਵਨ* 6)

ਸੰਨ 1960 ਦੇ ਦਹਾਕੇ ਤੋਂ ਬਾਅਦ ਖੇਤੀ ਚੱਕਰ ਵਿੱਚ ਬੜੀ ਵਿਭਿੰਨਤਾ ਆਈ। "ਹਰਾ ਇਨਕਲਾਬ ਪਹਿਲਾਂ ਕਣਕ ਅਤੇ ਬਾਅਦ ਵਿਚ ਝੋਨੇ ਦੀ ਫ਼ਸਲ ਵਿਚ ਆਇਆ। ਇਸ ਨਾਲ ਪ੍ਰਤੀ ਏਕੜ ਝਾੜ ਕਈ ਗੁਣਾ ਵੱਧ ਗਿਆ। ਪੰਜਾਬ ਦੇਸ਼ ਦੇ ਅੰਨ ਭੰਡਾਰ ਦੇ ਨਾਮ ਨਾਲ ਜਾਣਿਆ ਜਾਣ ਲੱਗ ਪਿਆ। ਇਹ ਦੋ ਫ਼ਸਲਾਂ 1979-80 ਤੱਕ ਪੰਜਾਬ ਦੀਆਂ ਮੁੱਖ ਫ਼ਸਲਾਂ ਬਣ ਗਈਆਂ। ਇਸ ਵੇਲੇ ਵੀ ਕੁਲ ਖੇਤੀ ਹੇਠ ਰਕਬੇ ਦਾ 78-79 ਪ੍ਰਤੀਸ਼ਤ ਹਿੱਸਾ ਇਨ੍ਹਾਂ ਫ਼ਸਲਾਂ ਹੇਠ ਹੀ ਬੀਜਿਆ ਜਾਂਦਾ ਹੈ। ਬਾਕੀ ਦੇ ਇਲਾਕੇ ਵਿਚ 7-8 ਰਕਬਾ ਕਪਾਹ ਹੇਠ ਹੈ। ਚਾਰੇ ਹੇਠ ਰਕਬਾ 10 ਪ੍ਰਤੀਸ਼ਤ ਦੇ ਲਗਪਗ ਹੈ। ਬਾਕੀ ਦੀਆਂ ਫ਼ਸਲਾਂ ਅਲੋਪ ਹੋ ਗਈਆਂ ਲੱਗਦੀਆਂ ਹਨ। ਹਰੇ ਇਨਕਲਾਬ ਨਾਲ ਬਲਦਾਂ ਦੀ ਖੇਤੀ ਮਸ਼ੀਨੀ ਖੇਤੀ ਵਿਚ ਬਦਲ ਗਈ ਹੈ। ਬਲਦਾਂ ਤੋਂ ਵੱਧ ਦੁਧਾਰੂ ਪਸ਼ੂ ਮਹੱਤਵਪੂਰਨ ਹੋ ਗਏ ਹਨ। ਖੂਹਾਂ ਦੀ ਥਾਂ ਟਿਊਬਵੈਲਾਂ ਨੇ ਲੈ ਲਈ ਹੈ। ਫ਼ਸਲਾਂ ਦੀ ਕਟਾਈ ਅਤੇ ਗਹਾਈ ਕੰਬਾਇਨਾਂ ਅਤੇ ਥਰੈਸ਼ਰਾਂ ਨਾਲ ਹੋ ਰਹੀ ਹੈ। ਗੁਡਾਈ ਦਾ ਕੰਮ ਨਦੀਨ ਨਾਸ਼ਕ ਦਵਾਈਆਂ ਨੇ ਖਤਮ ਕਰ ਦਿੱਤਾ ਹੈ। ਹੱਥੀ ਕੰਮ ਦਾ ਬਹੁਤ ਹਿੱਸਾ ਕਿਸਾਨ ਭਾੜੇ ਦੇ ਮਜ਼ਦੂਰਾਂ ਤੋਂ ਕਰਵਾਉਂਦੇ ਹਨ। ਅਜੋਕੀ ਖੇਤੀ ਸਰਮਾਇਆ ਪ੍ਰਧਾਨ ਹੋ ਗਈ ਹੈ। ਇਸਨੂੰ ਚਲਾਉਣ ਵਾਸਤੇ ਸਰਮਾਇਆ ਕਾਫ਼ੀ ਚਾਹੀਦਾ ਹੈ। ਜ਼ਮੀਨ ਵਾਹੁਣ ਵਾਸਤੇ ਟਰੈਕਟਰ, ਫ਼ਸਲ ਦੀ ਸਿੰਚਾਈ ਵਾਸਤੇ ਟਿਊਬਵੈਲ, ਫ਼ਸਲਾਂ ਪਾਲਣ ਵਾਸਤੇ ਖਾਦ, ਕੀਟ-ਨਾਸ਼ਕ ਅਤੇ ਨਦੀਨ ਨਾਸ਼ਕ ਦਵਾਈਆਂ, ਕਟਾਈ ਅਤੇ ਗਹਾਈ ਵਾਸਤੇ ਮਸ਼ੀਨਾਂ ਕੰਮ ਕਰ ਰਹੀਆਂ ਹਨ।" ( ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 30)

ਹਰੀ ਕਰਾਂਤੀ ਦੇ ਪ੍ਰਭਾਵ ਹੇਠ ਕਈ ਫ਼ਸਲਾਂ ਨੂੰ ਤਰਜੀਹ ਦਿੱਤੀ ਜਾਣ ਲੱਗੀ ਅਤੇ ਕਈ ਪ੍ਰਕਾਰ ਦੀਆਂ ਦੇਸੀ ਫ਼ਸਲਾਂ ਤੋਂ ਕਿਨਾਰਾ ਕਰ ਲਿਆ ਗਿਆ। "ਕਣਕ-ਝੋਨਾ ਵੱਧ ਮੁਨਾਫ਼ੇ ਵਾਲਾ ਅਤੇ ਯਕੀਨੀ ਫ਼ਸਲੀ ਚੱਕਰ ਹੋਣ ਕਰਕੇ ਜ਼ਿਆਦਾਤਰ ਕਿਸਾਨਾਂ ਨੇ ਨਿੱਜੀ ਲੋੜਾਂ ਲਈ ਬੀਜੀਆਂ ਜਾਣ ਵਾਲੀਆਂ ਤੇਲ ਬੀਜ ਅਤੇ ਦਾਲਾਂ ਵਾਲੀਆਂ ਫ਼ਸਲਾਂ ਤੋਂ ਕਿਨਾਰਾ ਕਰਨਾ ਸ਼ੁਰੂ ਕਰ ਦਿੱਤਾ।

ਸਾਲ 1966-67 ਦੌਰਾਨ ਹਾੜ੍ਹੀ ਵਿਚ ਦਾਲਾਂ ਅਤੇ ਤੇਲ ਬੀਜਾਂ ਹੇਠ 26% ਅਤੇ 5% ਰਕਬਾ ਸੀ, ਜੋ ਕਿ ਅੱਜ 1% ਤੋਂ ਵੀ ਘੱਟ ਹੈ। ਜੌਂ, ਜਿਹੜੇ 4-5% ਰਕਬੇ ਤੇ ਬੀਜੇ ਜਾਂਦੇ ਸਨ, ਹੁਣ ਤਕਰੀਬਨ ਅਲੋਪ ਹੁੰਦੇ ਹੀ ਨਜ਼ਰ ਆਉਂਦੇ ਹਨ। ਇਸੇ ਤਰ੍ਹਾਂ ਮੱਕੀ, ਮੂੰਗਫਲੀ ਅਤੇ ਸਾਉਣੀ ਦੀਆਂ ਦਾਲਾਂ ਵਾਲਾ ਰਕਬਾ ਕਰਮਵਾਰ 26%, 9%, ਅਤੇ 3% ਸੀ, ਜੋ ਕਿ ਅੱਜ ਨਾ ਮਾਤਰ ਹੀ ਰਹਿ ਗਿਆ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 84)

### 2.1.15 ਪੰਛੀ-ਜਾਨਵਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਦੌਰ ਵਿਚ ਵਿਚਰਨ ਵਾਲੇ ਪੰਛੀਆਂ ਅਤੇ ਜਾਨਵਰਾਂ ਬਾਰੇ ਅਤੇ ਉਨ੍ਹਾਂ ਦੀਆਂ ਆਦਤਾਂ ਆਦਿ ਬਾਰੇ ਜਾਣਕਾਰੀ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਦਾ ਬਚਨ ਹੈ ਕਿ ਜੀਵ ਅਤੇ ਉਨ੍ਹਾਂ ਦੀਆਂ (ਅਨੇਕ) ਕਿਸਮਾਂ ਹੈਰਾਨਗੀ ਦਾ ਕਾਰਨ ਹਨ। ਇਨ੍ਹਾਂ (ਜਾਨਵਰਾਂ) ਦਾ ਨੰਗੇ ਫਿਰਨਾ ਵੀ ਅਚੰਭਿਤ ਕਰਨ ਵਾਲਾ ਹੈ। ਪੰਛੀ ਅਤੇ ਭੰਬੀਰੀਆਂ ਇੱਕੋ-ਸਾਹੇ ਉੱਡੀਆਂ ਜਾਂਦੀਆਂ ਹਨ। ਪਤੰਗਾ ਲਾਟ ਵੱਲ ਤੱਕ ਕੇ ਉਸ ਵੱਲ ਭੱਜਦਾ ਹੈ ਅਤੇ ਸੜ ਕੇ ਰਾਖ਼ ਹੋ ਜਾਂਦਾ ਹੈ:

> ਵਿਸਮਾਦੁ ਜੀਅ ਵਿਸਮਾਦੁ ਭੇਦ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 463)
> ਵਿਸਮਾਦੁ ਨਾਗੇ ਫਿਰਹਿ ਜੰਤ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 463-464)
> ਪੰਖੀ [118]ਭਉਦੀਆ ਲੈਨਿ ਨ ਸਾਹ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)
> ਤ੍ਰੈ ਗੁਣ ਮਾਇਆ ਵੇਖਿ ਭੁਲੇ ਜਿਉ ਦੇਖ ਦੀਪਕਿ ਪਤੰਗ ਪਚਾਇਆ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)

ਹੇਠ ਲਿਖੀਆਂ ਪੰਕਤੀਆਂ ਵਿਚ ਹੰਸ, ਬਗਲੇ ਅਤੇ ਕਾਂ ਦਾ ਜ਼ਿਕਰ ਹੈ। ਕਾਂ ਜਿੱਥੇ ਬੁਰੀਆਂ ਆਦਤਾਂ ਨਾਲ ਲਿਪਤ ਦੱਸਿਆ ਗਿਆ ਹੈ ਓਥੇ ਹੰਸ ਨੂੰ ਆਦਰਸ਼-ਰੂਪ ਦੇ ਤੌਰ 'ਤੇ ਦਰਸਾਇਆ ਗਿਆ ਹੈ। ਕਾਂ ਦਾ ਹੰਸ ਹੋਣਾ, ਅਪੂਰਨਤਾ ਤੋਂ ਪੂਰਨਤਾ ਵੱਲ, ਵਿਕਾਸ ਦੇ ਮਾੱਡਲ ਵਜੋਂ ਦਰਸਾਇਆ ਗਿਆ ਹੈ:

> ਕਿਆ ਹੰਸਾ ਕਿਆ ਬਗੁਲਾ ਜਾ ਕਉ ਨਦਰਿ ਕਰੇਇ॥
> ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸ ਕਰੇਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 91)

ਹੰਸ ਦਾ ਕੁਦਰਤੀ ਸੁਭਾਓ ਹੈ ਕਿ ਉਹ ਸਰੋਵਰ 'ਪੁਰ ਵਾਸ ਕਰਦਾ ਹੈ। ਸਰੋਵਰ ਤੋਂ ਹੀ ਭੋਜਨ ਸਬੰਧੀ ਉਸਦੀਆਂ ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਇਹ ਕੰਮ ਬਗਲੇ ਅਤੇ ਕਾਂ ਨੂੰ ਰਾਸ ਨਹੀਂ ਆਉਂਦਾ ਭਾਵੇਂ ਉਹ ਕਿੰਨੇ ਵੀ ਸਿਆਣੇ ਕਿਉਂ ਨਾ ਹੋਣ ਕਿਉਂਕਿ ਉਨ੍ਹਾਂ ਦਾ ਭੋਜਨ, ਉਨ੍ਹਾਂ ਨੂੰ, ਓਥੇ ਨਹੀਂ ਮਿਲਦਾ। ਉਨ੍ਹਾਂ ਦਾ ਖਾਣਾ (ਹੰਸਾਂ ਵਾਂਗ) ਹੀਰੇ-ਮੋਤੀ ਨਹੀਂ, ਉਨ੍ਹਾਂ ਤਾਂ ਹੋਰ-ਹੋਰ ਕੁਝ (ਡੱਡ-ਮੱਛੀਆਂ ਆਦਿ) ਖਾਣਾ ਹੁੰਦਾ ਹੈ:

> ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥
> ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥
> ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥
> ਓਨਾ ਰਿਜਕੁ ਨ ਪਇਓ ਓਥੈ ਓਨ੍ਾ ਹੋਰੋ ਖਾਣਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 956)

ਬਗਲਾ ਭਾਵੇਂ ਲੱਖ ਪਿਆ ਕੋਸ਼ਿਸ਼ ਕਰੇ, ਉਹ ਹੰਸਾਂ ਵਿਚ ਬੈਠ ਕੇ ਵੀ ਉਨ੍ਹਾਂ ਜਿਹਾ ਨਹੀਂ ਬਣ ਸਕਦਾ ਕਿਉਂਕਿ ਉਹ ਮਾਨਸਿਕ ਤੌਰ 'ਤੇ ਮੱਛੀਆਂ ਵਿਚ ਸੁਰਤ ਜੋੜੀ ਬੈਠਾ ਹੁੰਦਾ ਹੈ। ਉਸਦਾ ਵਿਹਾਰ ਹੰਸਾਂ ਜਿਹਾ ਕਦੇ ਨਹੀਂ ਹੋ ਪਾਉਂਦਾ। ਹੰਸ, ਜਿੱਥੇ, ਹੀਰੇ-ਮੋਤੀ ਚੁਗਦੇ ਹਨ, ਓਥੇ ਬਗਲਾ, ਡੱਡ-ਮੱਛੀਆਂ ਭਾਲਦਾ ਫਿਰਦਾ ਹੈ। ਦਾਲ ਨਾ ਗਲ਼ਦੀ ਦੇਖ ਕੇ, ਬਗਲਾ, ਓਥੋਂ (ਹੰਸ ਸਭਾ ਵਿੱਚੋਂ) ਉਡਾਰੀ ਮਾਰ ਜਾਂਦਾ ਹੈ ਮਤਾ ਉਸ ਦਾ ਪਤਾ ਲੱਗ ਜਾਵੇ। ਹੰਸ, ਸਰੋਵਰ ਦਾ ਤਿਆਗ ਨਹੀਂ ਕਰ ਸਕਦੇ। ਦੂਜੇ ਪਾਸੇ, ਹੰਸ ਜੇਕਰ ਕਿਸੇ ਛੱਪੜੀ 'ਤੇ ਉੱਤਰ ਵੀ ਆਉਣ ਤਾਂ ਵੀ ਉਹ ਉਸ ਵਿਚ ਚੁੰਝ ਨਹੀਂ ਡੋਬਦੇ ਸਗੋਂ ਉਨ੍ਹਾਂ ਦਾ ਧਿਆਨ ਤਾਂ ਕਿਸੇ ਵੀ ਪਲ ਓਥੋਂ ਉੱਡ ਜਾਣ ਵੱਲ ਹੁੰਦਾ ਹੈ:

ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ॥
ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ ਤਾ ਬਗਾ ਨਾਲਿ ਜੋੜੁ ਕਦੇ ਨ ਆਵੈ॥
ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥
ਉਡਰਿਆ ਵੇਚਾਰਾ ਬਗੁਲਾ ਮਤੁ ਹੋਵੈ ਮੰਞੁ ਲਖਾਵੈ॥

... ... ... ... ... ... ...

ਸਰਵਰ ਹੰਸੁ ਦੂਰਿ ਨ ਹੋਈ ਕਰਤੈ ਏਵੈ ਭਾਵੈ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 960)

ਕਲਰ ਕੇਰੀ ਛਪੜੀ ਆਇ ਉਲਥੇ ਹੰਝ॥
ਚਿੰਜੁ ਬੋੜ੍ਨਿ ਨ ਪੀਵਹਿ ਉਡਣ ਸੰਦੀ ਡੰਝ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਜੀਆਂ ਤੋਂ ਵਿਹੂਣਾ ਘਰ (ਜਿੱਥੇ ਕੋਈ ਨਾ ਵਸਦਾ ਹੋਵੇ) ਕਾਂ ਲਈ ਦੁੱਖ ਦਾ ਕਾਰਨ ਬਣਦਾ ਹੈ ਕਿਉਂਕਿ ਓਥੋਂ ਉਸਨੂੰ ਖਾਣ ਲਈ ਕੁਝ ਨਹੀਂ ਲੱਭਦਾ। ਕਾਂ ਸਰਵ-ਆਹਾਰੀ (ਸ਼ਾਕਾਹਾਰੀ ਅਤੇ ਮਾਸਾਹਾਰੀ ਦੋਵੇਂ ਰੁਚੀਆਂ ਵਾਲਾ) ਹੈ:

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥
ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 524)

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)
ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਹੇਠ ਲਿਖੀਆਂ ਪੰਕਤੀਆਂ ਵਿਚ ਘੋੜੇ ਉੱਪਰ ਚੜ੍ਹ ਕੇ ਖੇਡੀ ਜਾਂਦੀ 'ਖੂੰਡੀ ਦੀ ਖੇਡ' ਦਾ ਜ਼ਿਕਰ ਹੈ। ਇਨ੍ਹਾਂ ਪੰਕਤੀਆਂ ਵਿਚ ਹੀ ਹੰਸ ਦੀ ਲੰਮੀ ਉਡਾਰੀ ਵੱਲ ਇਸ਼ਾਰਾ ਹੈ ਕਿਉਂਕਿ ਕੁੱਕੜ ਵਾਂਗ ਥੋੜ੍ਹੀ ਜਿਹੀ ਉਡਾਰੀ ਭਰਨ ਵਾਲਾ ਪੰਛੀ ਹੰਸ ਜਿਹੀ (ਲੰਮੀ) ਉਡਾਰੀ ਭਰਨ ਦਾ ਸੁਪਨਾ ਲੈਂਦਾ ਦਿਖਾਇਆ ਗਿਆ ਹੈ:

ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ॥
ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 322)

ਹੇਠ ਲਿਖੀ ਪੰਕਤੀ ਵਿਚ ਸਾਕਤਾਂ ਨੂੰ ਬਗਲਿਆਂ ਨਾਲ ਤੁਲਨਾ ਦਿੱਤੀ ਗਈ ਹੈ ਅਤੇ ਉਨ੍ਹਾਂ (ਬਗਲਿਆਂ) ਦੀ ਧਸ ਕੇ ਬਹਿਣ ਦੀ ਪ੍ਰਵਿਰਤੀ ਦਾ ਉਲੇਖ ਕੀਤਾ ਗਿਆ ਹੈ। ਬਗਲੇ ਦੀ ਪਖੰਡੀ ਪ੍ਰਵਿਰਤੀ ਦਾ ਉਲੇਖ ਹੇਠ ਲਿਖੇ ਤੁਕਾਂਗ ਵਿਚ ਹੈ। ਥੋੜ੍ਹੀ ਗਹਿਰਾਈ ਵਾਲੇ ਪਾਣੀ ਵਿਚ ਰਹਿ ਕੇ ਡੱਡ-ਮੱਛੀਆਂ ਫੜਨ ਵਾਲਾ ਬਗਲਾ ਜੇਕਰ ਹੰਸਾਂ ਵੱਲ ਦੇਖ ਕੇ, ਡੂੰਘੇ ਪਾਣੀਆਂ ਵਿਚ ਤੈਰਨਾ ਚਾਹੇ ਤਾਂ ਉਹ ਉਨ੍ਹਾਂ (ਡੂੰਘੇ ਪਾਣੀਆਂ) ਵਿਚ ਡੁੱਬ ਕੇ ਆਪਣਾ ਆਪ ਗੁਆ ਲਵੇਗਾ ਭਾਵ ਹੈ ਕਿ ਬਗਲਾ ਥੋੜ੍ਹੇ ਪਾਣੀ ਵਿਚ ਹੀ ਆਪਣਾ ਵਿਹਾਰ ਨਿਭਾਉਣ ਵਾਲਾ ਪੰਛੀ ਹੈ:

> ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਇ ਘੁਸਰਿ ਬਗੁਲਾਰੇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 312)
>
> ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 315)
>
> ਹੰਸਾ ਵੇਖਿ ਤਰੰਦਿਆ ਬਗਾਂ ਭਿ ਆਇਆ ਚਾਉ॥
>
> ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 585)

"ਭੇਡਾ ਵਾਗੀ ਸਿਰੁ ਖੋਹਾਇਨਿ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 149) ਤੁਕਾਂਗ ਵਿਚ ਭੇਡ ਦਾ ਜ਼ਿਕਰ ਹੈ। ਹੇਠ ਲਿਖੀ ਪੰਕਤੀ ਵਿਚ ਆਪ-ਹੁਦਰੇ ਮਨੁੱਖਾਂ ਦੀ ਤੁਲਨਾ ਭੇਡਾਂ ਨਾਲ ਕਰਦੇ ਹੋਏ ਆਖਿਆ ਗਿਆ ਹੈ ਕਿ ਉਹ ਭੇਡਾਂ ਵਾਂਗ ਹੀ ਗੰਦ ਨੂੰ ਮੂੰਹ ਮਾਰਦੇ ਹਨ:

> ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 312)

ਹੇਠ ਲਿਖੀਆਂ ਪੰਕਤੀਆਂ ਵਿਚ ਮੱਛੀ, ਕੁੱਤੇ ਅਤੇ ਗਊਆਂ ਦੇ ਵੱਗ ਦਾ ਜ਼ਿਕਰ ਹੈ। ਮੱਛੀ (ਤੈਰਨਾ, ਜਿਸਦੀ ਪ੍ਰਕ੍ਰਿਤੀ ਹੈ) ਨੂੰ ਪਾਣੀ (ਡੋਬਣ ਵਾਲਾ) ਕੀ ਕਰ ਸਕਦਾ ਹੈ? ਕੁੱਤੇ ਨੂੰ ਚੰਦਨ ਲਗਾ ਦੇਣ ਨਾਲ ਉਸਦਾ ਸੁਭਾਅ ਨਹੀਂ ਬਦਲ ਜਾਂਦਾ। ਗਾਵਾਂ ਦੇ ਵੱਗ ਨੂੰ ਘਾਹ ਵਿਚ ਸੋਨਾ ਮਿਲਾ ਕੇ ਪਾ ਦਿਉ, ਉਹ ਸੋਨਾ ਨਹੀਂ, ਘਾਹ ਹੀ ਖਾਣਗੀਆਂ। "ਨਾ ਮਿਲਹੀ ਵਗਿ ਸਗਿ" (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1413) ਅਨੁਸਾਰ ਕੁੱਤੇ ਕਦੇ ਗਾਵਾਂ ਦੇ ਵੱਗ ਵਿਚ ਨਹੀਂ ਰਲਦੇ। ਮੀਂਹ ਪੈਣ ਦੇ ਨਾਲ ਘਾਹ ਉੱਗਦਾ ਅਤੇ ਮੌਲਦਾ ਹੈ ਤੇ ਗਾਵਾਂ ਦਾ ਆਹਾਰ ਬਣਦਾ ਹੈ। ਤਦ ਦੁੱਧ ਉਪਜਦਾ ਹੈ ਅਤੇ ਸੁਆਣੀ ਦਹੀਂ ਰਿੜਕਦੀ ਹੈ:

> ਮਛੀ ਤਾਰੂ ਕਿਆ ਕਰੇ
>
> ... ...
>
> ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ॥
>
> ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਬਿਲੋਵੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 150)

ਹੇਠ ਲਿਖੀ ਪੰਕਤੀ ਵਿਚ ਕੁੱਤੇ, ਗਿੱਦੜ ਅਤੇ ਖੋਤੇ ਦਾ ਜ਼ਿਕਰ ਮਿਲਦਾ ਹੈ:

> ਉਦਿਆਨ ਬਸਨੰ ਸੰਸਾਰੰ ਸਨਬੰਧੀ ਸਾਨ ਸਿਆਲ ਖਰਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਤੇਲੀ ਦੁਆਰਾ ਰੱਖਿਆ ਹੋਇਆ ਬਲਦ, ਰੋਜ਼ ਸਵਖਤੇ, ਜੋਤ ਲਿਆ ਜਾਂਦਾ ਸੀ। (ਕਿਸਾਨ ਦਾ) ਬਲਦ ਮੀਂਹ ਪੈਣ 'ਤੇ ਬਲਦ ਦੁਖ ਮਹਿਸੂਸ ਕਰਦਾ ਸੀ ਕਿਉਂਕਿ ਤਦ ਉਸਨੂੰ ਖੇਤੀ ਲਈ (ਵੱਤਰ ਨੂੰ ਧਿਆਨ ਵਿਚ ਰੱਖ ਕੇ) ਜੋਤ ਲਿਆ ਜਾਂਦਾ ਸੀ:

ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭ ਜੋਇਆ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 309)

ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥

ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਸੂਰਜ ਦੀ ਟਿੱਕੀ ਦਿਸਣ ਤੋਂ ਪਹਿਲਾਂ ਚਿੜੀਆਂ ਦੇ ਚਹਿਕਣ ਦਾ ਜ਼ਿਕਰ ਨਿਮਨ ਤੁਕਾਂਗ ਵਿਚ ਹੈ:

ਚਿੜੀ ਚੁਹਕੀ ਪਹੁ ਫੁਟੀ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 319)

ਹੇਠ ਲਿਖੀਆਂ ਪੰਕਤੀ ਵਿਚ ਮਾਸਖੋਰੇ ਜਾਨਵਰ ਸ਼ੇਰ ਅਤੇ (ਹੋਰ) ਮਾਸਖੋਰੇ ਪੰਛੀਆਂ ਦਾ ਜ਼ਿਕਰ ਹੈ। ਬਾਜ਼ ਬਗਲੇ ਦਾ ਸ਼ਿਕਾਰ ਵੀ ਕਰ ਸਕਦੇ ਹਨ। ਬਘਿਆੜ ਦੁਆਰਾ ਮਨੁੱਖ ਉੱਪਰ ਹਮਲਾ ਕੀਤੇ ਜਾਣ ਦਾ ਵੀ ਜ਼ਿਕਰ ਹੈ:

ਸੀਹਾ ਬਾਜਾ [119]ਚਰਗਾ [120]ਕੁਹੀਆ ਏਨਾ ਖਵਾਲੇ ਘਾਹ॥ (ਮਹਲਾ 1, *ਸ੍ਰੀ ਗੁਰੂ ਗ੍ਰੰਥ ਸਾਹਿਬ* 144)

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥

ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਮਹਾਵਤ ਹਾਥੀ ਨੂੰ ਨਿਯੰਤ੍ਰਿਤ ਕਰਦਾ ਸੀ। ਇਸ ਨਿਯੰਤ੍ਰਨ ਵਿਚ ਹਾਥੀ ਦੇ ਸਿਰ 'ਤੇ ਲਾਇਆ ਹੋਇਆ ਕੁੰਡਾ ਉਸਦਾ (ਮਹਾਵਤ ਦਾ) ਸਹਾਇਕ ਹੁੰਦਾ ਸੀ। ਉਹ ਕੁੰਡੇ ਦੀ ਸਹਾਇਤਾ ਨਾਲ ਹਾਥੀ ਨੂੰ ਜਿੱਧਰ ਚਾਹੇ ਖਿੱਚ ਸਕਦਾ ਸੀ, ਮੋੜ ਸਕਦਾ ਸੀ। ਕੁੰਡੇ ਤੋਂ ਬਾਹਰਾ ਹਾਥੀ ਅਨਿਯੰਤ੍ਰਿਤ ਰਹਿੰਦਾ ਸੀ ਅਤੇ ਆਪਣੀ ਮਰਜ਼ੀ ਕਰਦਾ ਸੀ:

ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ॥

ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 516)

ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ॥

ਅੰਕਸੁ ਗ੍ਯ਼ਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਰੇਤ ਵਿਚ ਖਿੱਲਰੀ ਹੋਈ ਖੰਡ ਹਾਥੀ ਨਹੀਂ ਚੁਗ ਸਕਦਾ। ਇਹ ਕੰਮ ਤਾਂ ਕੀੜੀ ਹੀ ਕਰ ਸਕਦੀ ਹੈ। ਅਗਲੀਆਂ ਪੰਕਤੀਆਂ ਵਿਚ ਹਾਥੀ ਦੀ ਭਾਰੀ ਖ਼ੁਰਾਕ ਵੱਲ ਇਸ਼ਾਰਾ ਹੈ। ਉਹ ਵੱਡੀ ਮਾਤਰਾ ਵਿਚ ਖ਼ੁਰਾਕ ਖਾਂਦਾ ਹੈ, ਉਸਨੂੰ ਡਕਾਰਦਾ (ਡਕਾਰ ਮਾਰਦਾ) ਹੈ ਅਤੇ ਮਦ-ਮਸਤ ਹੋ ਕੇ ਖੇਹ ਉਡਾਉਂਦਾ ਹੈ ਅਤੇ ਅੰਤ (ਅੰਤਮ ਸਮੇਂ) ਉਸਦੀ ਇਹ ਸਾਰੀ ਨੱਠ-ਭੱਜ ਮੁੱਕ ਜਾਂਦੀ ਹੈ। ਥੋੜ੍ਹੀ ਖ਼ੁਰਾਕ ਖਾਣ ਵਾਲੀ ਚਿੜੀ ਬੋਲਦੀ-ਬੋਲਦੀ ਅੰਬਰ ਤੱਕ ਉਡਾਰੀ ਭਰ ਜਾਂਦੀ ਹੈ। ਤਾਕਤਵਰ ਸ਼ੇਰ ਸੈਂਕੜੇ ਹਿਰਨਾਂ ਨੂੰ ਮਾਰ ਸੁੱਟਦਾ ਹੈ। ਜਦੋਂ ਸ਼ੇਰ ਆਪਣੇ ਸ਼ਿਕਾਰ ਦਾ ਮਾਸ ਖਾ ਕੇ ਤਸੱਲੀ ਕਰ ਲੈਂਦਾ ਹੈ ਤਾਂ ਬਾਕੀ ਬਚੀ ਰਹਿੰਦ-ਖੂੰਹਦ ਤੋਂ ਕਈ ਹੋਰ ਕਈ ਜਾਨਵਰ ਆਪਣਾ ਢਿੱਡ ਭਰਦੇ ਹਨ। ਅੱਕ-ਟਿੱਡਾ ਅੱਕ ਦੀ ਡਾਲੀ ਖਾਂਦਾ ਹੈ। ਮੱਖੀ ਮਿੱਠੇ ਦੇ ਲਾਲਚ ਵਿਚ ਆਪਣਾ-ਆਪ ਗੁਆ ਲੈਂਦੀ ਹੈ:

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥

ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ॥

ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥

… … … … … … … …

ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਗਈ ਬਿਲਲਾਇ॥

… … … … … … … …

ਸਕਤਾ ਸੀਹੁ ਮਾਰੈ ਸੈ ਮਿਰਿਆ ਸਭ ਪਿਛੈ ਪੈ ਖਾਇ॥

… … … … … … … …

ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ॥

… … … … … … … …

ਮਖੰੀ ਮਿਠੈ ਮਰਣਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਨ੍ਹਾ-ਧੋ ਕੇ ਹਾਥੀ ਫਿਰ ਆਪਣਾ ਪਿੰਡਾ ਮਿੱਟੀ ਨਾਲ ਭਰ ਲੈਂਦਾ ਹੈ। "ਹਸਤੀ ਸਿਰ ਜਿਉ ਅੰਕਸੁ ਹੈ" (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 647) ਤੁਕਾਂਗ ਵਿਚ ਵੀ ਹਾਥੀ ਦੇ ਸਿਰ 'ਤੇ ਲੱਗੇ ਕੁੰਡੇ (ਅੰਕਸੁ) ਦਾ ਜ਼ਿਕਰ ਹੈ। "ਨਕਿ ਨਥ ਖਸਮ ਹਥ" (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 653) ਤੁਕਾਂਗ ਵਿਚ ਪਸ਼ੂਆਂ ਨੂੰ ਨਿਯੰਤ੍ਰਿਤ ਕਰਨ ਲਈ, ਮਾਲਕ ਵੱਲੋਂ, ਪਸ਼ੂਆਂ ਨੂੰ ਪਾਈ ਹੋਈ ਨੱਥ ਦਾ ਜ਼ਿਕਰ ਹੈ। "ਗੁਰੁ ਕੁੰਜੀ ਪਾਹੂ [121]ਨਿਵਲੁ" (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1237) ਤੁਕਾਂਗ ਵਿਚ ਪਸ਼ੂਆਂ ਦੇ ਪੈਰੀਂ ਲਾਉਣ ਵਾਲੇ ਜੰਦਰੇ ਦਾ ਜ਼ਿਕਰ ਹੈ। ਅਗਲੇ ਸਲੋਕ ਵਿਚ (ਕੁੱਤੇ ਦੇ ਗਲ਼ ਦੇ) ਪਟੇ ਦਾ ਉਲੇਖ ਹੈ। ਘਰਾਂ ਵਿਚ ਕੁੱਤੇ ਰੱਖੇ ਜਾਂਦੇ ਸਨ ਜਿਹੜੇ ਆਪਣੇ ਮਾਲਕ ਦੇ ਘਰ ਵਿਚ ਰਹਿੰਦੇ ਹੋਏ ਘਰ ਦੀ ਰਾਖੀ ਕਰਦੇ ਸਨ:

ਜਲਿ ਹਸਤੀ ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1314)

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1428)

ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥
ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਸੁਆਮੀ ਕਉ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1428)

ਹਿਰਨ ਆਪਣੇ ਅੰਦਰ ਮੌਜੂਦ ਕਸਤੂਰੀ ਦੀ ਹੋਂਦ ਬਾਰੇ ਨਹੀਂ ਜਾਣਦਾ ਅਤੇ ਸੁਗੰਧ (ਕਸਤੂਰੀ ਦੀ) ਦੇ ਸ੍ਰੋਤ ਦੀ ਭਾਲ ਵਿਚ ਇੱਧਰ-ਉੱਧਰ ਭਟਕਦਾ ਫਿਰਦਾ ਹੈ। ਹਿਰਨ ਨੂੰ ਤੱਕ ਕੇ ਸ਼ਿਕਾਰੀ ਉਸ ਉੱਪਰ ਸ਼ਸਤਰ ਨਾਲ ਵਾਰ ਕਰਦਾ ਹੈ। ਉਸਦਾ ਸ਼ਿਕਾਰ ਕਰਨ ਲਈ ਸ਼ਿਕਾਰੀ ਬਹੁਤ ਨੀਵਾਂ ਹੁੰਦਾ (ਝੁਕਦਾ) ਹੈ। ਫਾਹੀ ਵਿਚ ਫਸੇ ਹਿਰਨ ਨੂੰ ਆਪਣਾ ਅੰਤ ਨੇੜੇ ਆ ਗਿਆ ਪ੍ਰਤੀਤ ਹੁੰਦਾ ਹੈ। ਸਿਖਾਏ ਹੋਏ ਹਿਰਨ ਅਤੇ ਬਾਜ਼ ਵੀ ਆਪਣੇ ਹਮ-ਨਸਲਾਂ ਨੂੰ ਫਾਹੀ ਵਿਚ ਫਸਾਉਣ ਲਈ ਆਪਣੇ ਮਾਲਕ ਦੀ ਸਹਾਇਤਾ ਕਰਦੇ ਸਨ:

ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 644)

ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ਹ [122]ਆਵਧਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1354)

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 470)

ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜ੍ਹਿਆ ਨਾਉ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਮੱਛੀ ਜਲ-ਸ੍ਰੋਤ ਦਾ ਤਿਆਗ ਨਹੀਂ ਕਰ ਸਕਦੀ। ਥੋੜ੍ਹੇ ਜਲ ਦੀ ਮੱਛੀ ਜਲਦ ਹੀ ਫੜੀ ਜਾ ਸਕਦੀ ਹੈ।[123] ਪਪੀਹਾ ਬੱਦਲ਼ਾਂ ਵਾਲੇ ਇਲਾਕੇ ਦਾ ਤਿਆਗ ਨਹੀਂ ਕਰ ਸਕਦਾ। ਨਾਦ (ਆਵਾਜ਼) ਦਾ ਦੀਵਾਨਾ ਹੋਇਆ ਹਿਰਨ ਤੀਰ ਨਾਲ ਵੇਧਿਆ ਜਾਂਦਾ ਹੈ ਅਤੇ ਜਾਨ ਗੁਆ ਬਹਿੰਦਾ ਹੈ। ਭੰਵਰਾ, ਫੁੱਲ ਦੀ ਸੁਗੰਧੀ ਵਿਚ ਗੁਆਚਿਆ ਹੋਇਆ, ਫੁੱਲ ਵਿਚ ਹੀ ਬੱਝ ਜਾਂਦਾ ਹੈ:

ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ॥
ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 708)

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1426)

ਹੇਠ ਲਿਖੀ ਪੰਕਤੀ ਵਿਚ ਵੀ ਪਪੀਹੇ ਦਾ ਉਲੇਖ ਹੈ। ਪਪੀਹਾ ਸੁਆਂਤੀ-ਬੂੰਦ ਦੀ ਆਸ ਵਿਚ ਬੱਦਲ਼ਾਂ ਵਾਲੇ ਇਲਾਕੇ ਵਿਚ ਵਸਦਾ ਸੀ ਪਰ ਜੇਕਰ, ਉਸਨੂੰ ਇਸ ਇਲਾਕੇ ਵਿਚ ਰਹਿ ਕੇ ਵੀ ਸੁਆਂਤੀ ਬੂੰਦ ਦੀ ਪ੍ਰਾਪਤੀ ਨਾ ਹੋਵੇ ਤਾਂ ਭਾਵੇਂ ਸਾਰੇ ਸਰੋਵਰ ਅਤੇ ਤਲਾਬ (ਮੀਂਹ ਨਾਲ) ਭਰੇ ਰਹਿਣ, ਉਸਦੇ ਕਿਸੇ ਕੰਮ ਨਹੀਂ:

ਬਾਬੀਹਾ ਜਿਸ ਨੋ ਤੂ ਪੂਕਾਰਦਾ ਤਿਸ ਨੋ ਲੋਚੈ ਸਭੁ ਕੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1281)

ਕਬੀਰ ਅੰਬਰਹ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ॥
ਚਾਤ੍ਰਿਕ ਜੀਉ ਤਰਸਤ ਰਹੇ ਤਿਨ ਕੋ ਕਉਨੁ ਹਵਾਲੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)
ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮਿ ਪਿਆਰਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1419)

ਬਾਬੀਹੇ ਤਨਿ ਮਨਿ ਸੁਖੁ ਹੋਇ ਜਾਂ ਤਤੁ ਬੂੰਦ ਮੁਹਿ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1420)

ਗੁੜ ਦੀ ਗਿੱਲੀ ਭੇਲੀ ਕੋਲ ਮੱਖੀ ਉੱਡ ਕੇ ਵਾਰ-ਵਾਰ ਆਉਂਦੀ ਹੈ। ਲਾਲਚ-ਵੱਸ ਜੇਕਰ ਇੱਕ ਵਾਰ ਵੀ ਬੈਠ ਗਈ ਤਾਂ ਰੱਬ ਹੀ ਉਸਦਾ ਰਾਖਾ। ਚੰਦਨ ਉੱਪਰ ਬੈਠਣਾ ਮੱਖੀ ਦਾ ਕੰਮ ਨਹੀਂ, ਉਹ ਤਾਂ ਬੈਠਣ ਲਈ ਗੰਦਗੀ ਦੀ ਭਾਲ ਕਰਦੀ ਹੈ:

ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ॥
ਜੋ ਬੈਠੇ ਸੇ ਫਾਧਿਆ ਉਬਰੇ ਭਾਗ ਮਥਾਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1097)

ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਇੱਲ, ਚਾਰੇ ਪਾਸੇ ਭਉਂਦੀ ਫਿਰਦੀ ਰਹਿੰਦੀ ਹੈ, ਕੀ ਪਰਬਤ, ਕੀ ਜੰਗਲ। ਜਿੱਥੇ ਕਿਤੇ ਉਸਨੂੰ ਮਿਰਤਕ ਦੇਹ ਦਿਖਾਈ ਪੈਂਦੀ ਹੈ, ਓਥੇ ਉੱਤਰ ਕੇ ਬਹਿ ਜਾਂਦੀ ਹੈ:

ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥

ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 322)

ਮਾਇਆ ਨੂੰ ਨਾਗਿਨ ਨਾਲ ਤੁਲਨਾਇਆ ਗਿਆ ਹੈ। ਜਿਹੜਾ ਕੋਈ ਨਾਗਿਨ ਨੂੰ ਸਾਂਭਦਾ-ਸੰਭਾਲਦਾ ਹੈ, ਮੌਕਾ ਮਿਲਦਿਆਂ, ਇਹ ਉਸੇ ਨੂੰ ਹੀ ਖ਼ਤਮ ਕਰ ਦਿੰਦੀ ਹੈ। ਵਰਮੀ ਨੂੰ ਭੰਨਿਆਂ, ਉਸ ਵਿਚ ਰਹਿਣ ਵਾਲੇ, ਸੱਪ ਦਾ ਨਾਸ਼ ਨਹੀਂ ਹੁੰਦਾ। ਸੱਪ ਨੂੰ ਮੰਤਰ ਰਾਹੀਂ ਵੱਸ ਵਿਚ ਕੀਤਾ ਜਾ ਸਕਦਾ ਸੀ। ਸੱਪਣੀ ਆਪਣੇ ਜਾਇਆਂ (ਬੱਚਿਆਂ) ਨੂੰ ਖਾ ਲੈਂਦੀ ਹੈ। ਮੀਂਹ ਪੈਣ 'ਤੇ ਸੱਪ, ਹਿਰਨ ਅਤੇ ਮੱਛੀਆਂ ਦਾ ਚਿੱਤ ਪ੍ਰਸੰਨ ਹੁੰਦਾ ਹੈ। ਸੱਪ ਨਿਸ਼ਚਿਤ ਸਮੇਂ ਮਗਰੋਂ ਆਪਣੀ ਕੁੰਜ ਉਤਾਰਦਾ ਹੈ। ਇਹ (ਸੱਪ) ਚੰਦਨ (ਦੇ ਰੁੱਖ) ਦੁਆਲੇ ਲਿਪਟੇ ਹੋਏ ਦੇਖੇ ਜਾਂਦੇ ਹਨ:

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥

ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 510)

ਵਰਮੀ ਮਾਰੀ ਸਾਪੁ ਨ ਮਰੈ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 588)

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥

ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ॥

ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਕਮਰ ਨਾਲ ਕਟਾਰਾ ਬੱਧਾ ਹੋਇਆ ਹੋਵੇ ਅਤੇ ਘੋੜੇ ਦੀ ਸਵਾਰੀ ਹੋਵੇ; ਹੰਕਾਰ ਆਪਣੇ ਆਪ ਹੀ ਹੋ ਜਾਂਦਾ ਸੀ। ਘੋੜੇ, ਸ਼ਾਹੀ ਫੌਜ ਦਾ ਅਹਿਮ ਹਿੱਸਾ ਹੋਇਆ ਕਰਦੇ ਸਨ। ਅਗਲੀ ਪੰਕਤੀ ਵਿਚ ਘੋੜੇ ਦੀ ਪੂਛ ਨੂੰ ਪਾਉਣ ਵਾਲੇ ਰੱਸੇ (ਸਾਖ਼ਤੀ) ਦਾ ਜ਼ਿਕਰ ਹੈ:

ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥

ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 956)

ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

ਹੈਵਰਿ ਊਪਰਿ ਛਤ੍ਰ [124]ਤਰ ਤੇ ਫੁਨਿ ਧਰਨੀ ਗਾਡ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਇਕਨ੍ਹਾ ਹੋਈ [125]ਸਾਖਤੀ ਇਕਨਾ ਹੋਈ [126]ਸਾਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1244)

ਮਿਰਤਕ ਦੇਹ (ਨੂੰ ਖਾਣਾ) ਕੁੱਤਿਆਂ ਦਾ ਮਨਪਸੰਦ ਭੋਜਨ ਦੱਸਿਆ ਗਿਆ ਹੈ:

ਕਲਿ ਹੋਈ ਕੁਤੇ ਮੁਹੀ [127]ਖਾਜੁ ਹੋਆ ਮੁਰਦਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1242)

ਰਤੁ ਪਿਤੁ ਕੁਤਿਹੋ ਚਟਿ ਜਾਹੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

ਬਿਨਾ ਕਿਸੇ ਗੁਣ ਤੋਂ ਹੀ ਹੰਕਾਰ ਨਾਲ ਫੂੰ-ਫੂੰ ਕਰਨ ਵਾਲੇ ਮਨੁੱਖਾਂ ਦੀ ਤੁਲਨਾ ਖੋਤੇ ਨਾਲ ਕੀਤੀ ਗਈ ਹੈ:

ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1246)

"ਬਿਸਟਾ ਅੰਦਰਿ ਕੀਟ ਸੇ" (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1247) ਤੁਕਾਂਗ ਵਿਚ ਗੰਦਗੀ ਦੇ ਕੀੜਿਆਂ ਦਾ ਜ਼ਿਕਰ ਹੈ। ਲੱਕ ਨਾਲ ਛੱਜ ਬੰਨ੍ਹ ਕੇ ਚੂਹਾ ਖੁੱਡ ਵਿਚ ਨਹੀਂ ਵੜ ਸਕਦਾ:

ਚੂਹਾ ਖਡ ਨ ਮਾਵਈ ਤਿਕਲਿ ਬੰਨੈ੍ ਛਜ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਹੇਠ ਲਿਖੀ ਪੰਕਤੀ ਵਿਚ ਕੀੜੀ ਦਾ ਉਲੇਖ ਹੈ। ਅਗਲੀ ਪੰਕਤੀ ਵਿਚ ਮੱਛਰ ਅਤੇ ਕੀੜੀ ਦਾ ਜ਼ਿਕਰ ਹੈ:

ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ॥

(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1354)

ਮਸਕੰ[128] ਭਗਨੰਤ ਸੈਲੰ [129]ਕਰਦਮੰ ਤਰੰਤ ਪਪੀਲਕਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਹੇਠ ਲਿਖੀਆਂ ਪੰਕਤੀਆਂ ਵਿਚ ਕੁੱਤੇ, ਸੂਰ, ਗਧੇ, ਕਾਂ ਅਤੇ ਸੱਪ ਦਾ ਉਲੇਖ ਹੈ। ਸੂਰ ਗੰਦਗੀ ਖਾ ਕੇ ਪਿੰਡ ਨੂੰ ਸਾਫ਼ ਰੱਖਦੇ ਸਨ। ਗਧੀ ਉੱਪਰ ਭਾਰ ਲੱਦਿਆ ਅਤੇ ਢੋਇਆ ਜਾਂਦਾ ਸੀ:

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥

ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1356)

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਗਾਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਹੇਠ ਲਿਖੀ ਪੰਕਤੀ ਵਿਚ ਬੱਕਰੀ ਅਤੇ ਸ਼ੇਰ ਦਾ ਜ਼ਿਕਰ ਹੈ। ਅਗਲੀ ਪੰਕਤੀ ਵਿਚ ਬਾਂਦਰ ਦੇ ਟੱਪਣ ਦਾ ਉਲੇਖ ਹੈ:

ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

ਨਿਰਤ੍ਹੰ ਕਰੋਤਿ ਜਥਾ ਮਰਕਟਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)

ਚੁਗ ਰਹੀ ਕੂੰਜ ਦਾ ਧਿਆਨ ਵੀ ਆਪਣੇ ਬੱਚਿਆਂ ਵਿਚ ਰਹਿੰਦਾ ਹੈ। ਚਕਵੀ (ਸੁਰਖ਼ਾਬ) ਰਾਤ ਦੀ (ਆਪਣੇ ਪ੍ਰੀਤਮ, ਚਕਵੇ ਤੋਂ) ਵਿਛੜੀ ਹੋਈ ਸਵੇਰ ਵੇਲੇ ਆਪਣੇ ਪ੍ਰੀਤਮ ਨੂੰ ਮਿਲ ਪੈਂਦੀ ਹੈ:

ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੈ॥

ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਦੀਆਂ ਕਾਂ ਅਥਵਾ ਬਗਲੇ ਜਿਹੀਆਂ ਕੋਝੀਆਂ ਪ੍ਰਵਿਰਤੀਆਂ ਨੂੰ ਹੰਸ ਵਰਗੀਆਂ ਸਵੱਛ ਪ੍ਰਵਿਰਤੀਆਂ ਵਿਚ ਰੂਪਾਂਤਰਿਤ ਕਰਨ ਦੀ ਇੱਛੁਕ ਹੈ। ਚੰਗੀ ਬਿਰਤੀ ਵਾਲੇ ਮਨੁੱਖ ਬੁਰੇ ਹਾਲਾਤਾਂ ਵਿਚ ਵੀ ਆਪਣਾ ਸੁਭਾਅ ਨਹੀਂ ਬਦਲਦੇ ਜਦਕਿ ਬੁਰੀਆਂ ਪ੍ਰਵਿਰਤੀਆਂ ਦੇ ਸੁਆਮੀ ਮਨੁੱਖਾਂ ਉੱਪਰ ਚੰਗੀ ਸੰਗਤ ਦਾ ਵੀ ਬਹੁਤਾ ਅਸਰ ਨਹੀਂ ਹੁੰਦਾ। ਉਹ ਆਪਣੇ ਲਾਭ ਲਈ ਤਾਂ ਚੰਗੇ ਮਨੁੱਖਾਂ ਦਾ ਸੰਗ ਕਰਦੇ ਹਨ ਪਰ ਆਪਣਾ ਸੁਭਾਅ ਬਦਲਨ ਲਈ ਨਹੀਂ। ਕੁੱਤੇ ਗਾਵਾਂ ਦੇ ਵੱਗ ਵਿਚ ਕਦੇ ਨਹੀਂ ਰਲ਼ ਸਕਦੇ। ਮਨੁੱਖ ਦੇ ਸਕੇ-ਸਬੰਧੀ ਮਾਸ-ਖੋਰੇ ਜਾਨਵਰਾਂ ਵਾਂਗ ਉਸ ਪਾਸੋਂ ਆਪਣਾ ਹਿੱਤ ਪੂਰਦੇ ਹਨ। ਗੁਰੂ ਦਾ ਗਿਆਨ ਮਨੁੱਖ ਦੇ ਅਨੁਸ਼ਾਸਨ ਦਾ ਆਧਾਰ ਹੈ। ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਹਾਥੀ ਲਈ (ਉਸਨੂੰ ਨਿਯੰਤ੍ਰਿਤ ਕਰਨ ਵਾਲਾ) ਕੁੰਡਾ। ਨਿਮਰਤਾ ਧਾਰਨ ਕਰਨ ਵਾਲਾ ਮਨੁੱਖ ਗੁਣਾਂ ਦਾ ਸੰਗ੍ਰਹਿ ਕਰ ਸਕਦਾ ਹੈ, ਜਿਵੇਂ ਕੀੜੀ ਰੇਤਾ ਵਿਚ ਕਿਰੀ ਹੋਈ ਖੰਡ ਚੁਗ ਲੈਂਦੀ ਹੈ, ਜਦਕਿ ਇਹ ਗੱਲ ਵੱਡ-ਆਕਾਰੇ ਹਾਥੀ ਦੇ ਵੱਸ ਦੀ ਨਹੀਂ। ਸਿੱਖੇ ਹੋਏ ਜਾਨਵਰਾਂ ਦੀ ਤਰ੍ਹਾਂ ਆਪਣੇ ਹੀ ਹਮ-ਨਸਲਾਂ ਨੂੰ ਫਸਾ ਦੇਣਾ ਕੋਈ ਚੰਗੀ ਵਿੱਦਿਆ ਨਹੀਂ ਆਖੀ ਜਾ ਸਕਦੀ, ਇਹ ਤਾਂ ਚੰਗੀ ਤਾਂ ਹੈ ਜੇਕਰ ਦੂਜਿਆਂ ਦਾ ਭਲਾ ਕੀਤਾ ਜਾਵੇ। ਲਾਲਚੀ ਮਨੁੱਖ ਅਖ਼ੀਰ ਵਿਚ ਆਪਣਾ-ਆਪ ਗੁਆ ਬੈਠਦਾ ਹੈ, ਜਿਵੇਂ ਮਿੱਠੇ ਪਦਾਰਥ ਵਿਚ ਫਸ ਚੁੱਕੀ ਮੱਖੀ। ਜਿਵੇਂ ਚੁਗਦੀ ਹੋਈ ਕੂੰਜ ਦਾ ਧਿਆਨ ਹਮੇਸ਼ਾ ਆਪਣੇ ਬੱਚਿਆਂ ਵਿਚ ਰਹਿੰਦਾ ਹੈ, ਉਸੇ ਤਰ੍ਹਾਂ ਕਿਸੇ ਵੀ ਕੰਮ ਨੂੰ ਕਰਦਿਆਂ ਮਨੁੱਖ ਦਾ ਧਿਆਨ ਆਪਣੇ ਟੀਚੇ ਵੱਲ ਰਹਿਣਾ ਚਾਹੀਦਾ ਹੈ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿੱਚ ਉਕਤ ਦਰਸਾਏ ਹੋਏ ਕਈ ਪੰਛੀ ਗਿਣਤੀ ਵਿੱਚ ਘੱਟ ਹੋ ਰਹੇ ਹਨ। "ਪੰਜਾਬੀਆਂ ਦੀ ਹੱਡ ਭੰਨਵੀਂ ਮਿਹਨਤ ਨਾਲ ਏਥੇ ਹਰੀ ਕ੍ਰਾਂਤੀ ਤਾਂ ਆਈ ਪਰ ਉਸਦੇ ਫਲਸਰੂਪ ਏਥੋਂ ਦਾ ਵਾਤਾਵਰਨ ਕੁਝ ਅਜਿਹਾ ਵਿਗੜਿਆ ਤੇ ਤਹਿਸ ਨਹਿਸ ਹੋਇਆ ਕਿ ਬਾਕੀ ਸਾਰੀ ਜ਼ਿੰਦਗੀ ਦਾ ਮੂੰਹ ਮੁਹਾਂਦਰਾ ਬੁਰੀ ਤਰ੍ਹਾਂ ਝੁਲਸਿਆ, ਧੁਆਂਖਿਆ ਤੇ ਵਲੂੰਧਰਿਆ ਗਿਆ। ਧਰਤੀ ਦੇ ਹਰ ਜ਼ੱਰੇ ਅੰਦਰ ਘੁਲੀ ਮਾਰੂ ਜ਼ਹਿਰ ਦੇ ਫਲਸਰੂਪ ਕਈ ਪੇੜ ਪੌਦੇ ਤੇ ਜੀਵ ਜੰਤੂ ਇਸ ਧਰਤੀ ਤੋਂ ਸਦਾ ਲਈ ਕੂਚ ਕਰ ਗਏ ਤੇ ਕਈ ਹੋਰ ਪੰਜਾਬੀਆਂ ਨੂੰ ਆਪਣੀ ਆਖ਼ਰੀ ਸਲਾਮ ਕਹਿਣ ਦੀ ਤਿਆਰੀ ਵਿਚ ਹਨ। ਬਚੀ ਹੋਈ ਜ਼ਿੰਦਗੀ ਆਪਣੀ ਹੋਂਦ ਬਣਾਈ ਰੱਖਣ ਲਈ ਬੜੀ ਬੁਰੀ ਤਰ੍ਹਾਂ ਜੂਝ ਰਹੀ ਹੈ ਤੇ ਸਚਾਈ ਇਹ ਹੈ ਕਿ ਉਨ੍ਹਾਂ ਦਾ ਭਵਿੱਖ ਵੀ ਕੋਈ ਖ਼ਾਸ ਸੁਰੱਖਿਅਤ ਨਹੀਂ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 100-101)

ਅਜੋਕੇ ਦੌਰ ਵਿੱਚ ਸਾਨੂੰ ਇਨ੍ਹਾਂ ਪੰਛੀਆਂ/ ਜਾਨਵਰਾਂ ਦੀ ਤੇਜ਼ੀ ਨਾਲ ਘਟ ਰਹੀ ਗਿਣਤੀ ਸਬੰਧੀ ਚਿੰਤਨ ਕਰਨ ਦੀ ਜ਼ਰੂਰਤ ਹੈ। "ਅੱਜ ਅਸੀਂ ਦੇਖਕੇ ਅਣਦੇਖਿਆ ਤੇ ਅਣਗੌਲਿਆ ਕਰੀ ਜਾਈਏ, ਘੇਸਲ ਵੱਟੀ ਰੱਖੀਏ, ਢੀਠ ਬਣੇ ਰਹੀਏ ਜਾਂ ਜਾਣ ਬੁੱਝਕੇ ਬਹਾਨੇਬਾਜ਼ੀ ਕਰੀ ਜਾਈਏ ਤਾਂ ਗੱਲ ਵੱਖਰੀ ਹੈ, ਪਰ ਇਹ ਸੱਚਾਈ ਜੱਗ ਜ਼ਾਹਿਰ ਹੈ ਕਿ ਸਾਡੀਆਂ ਕੋਝੀਆਂ ਤੇ ਆਪਾ ਮਾਰੂ ਹਰਕਤਾਂ ਕਰਕੇ ਸਾਡੇ ਆਲੇ-ਦੁਆਲੇ ਵਿਚ ਇਕ ਬੜੀ ਮਹੱਤਵਪੂਰਨ ਤਬਦੀਲੀ ਆਈ ਹੈ, ਵਾਤਾਵਰਨਿਕ ਸੰਤੁਲਨ ਵਿਗੜਿਆ ਹੈ ਤੇ ਇਸ ਸਭ ਕਾਸੇ ਦੇ ਫਲਸਰੂਪ ਸਾਡਾ ਕੁਦਰਤੀ ਵਿਰਸਾ (ਖ਼ਾਸ ਕਰਕੇ ਜੰਗਲੀ ਜਨ-ਜੀਵਨ) ਬੜੀ ਤੇਜ਼ ਰਫ਼ਤਾਰ ਨਾਲ ਸੁੱਕੀ ਰੇਤ ਦੇ ਕਿਣਕਿਆਂ ਵਾਂਗ ਨਾ ਚਾਹੁੰਦਿਆਂ ਹੋਇਆਂ ਵੀ ਸਾਡੀ ਮੁੱਠੀ 'ਚੋਂ ਕਿਰਗਿਆ ਅਤੇ ਕਿਰ ਰਿਹਾ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 101)

## 2.1.16 ਰੁੱਤਾਂ ਅਤੇ ਮੌਸਮ

ਮਨੁੱਖਾ ਜਨਮ ਨੂੰ ਰੁੱਤ ਨਾਲ ਤੁਲਨਾ ਦਿੱਤੀ ਗਈ ਹੈ। ਜਿਸ ਤੋਂ ਤਤਕਾਲੀ ਦੌਰ ਵਿਚ ਰੁੱਤਾਂ ਦੀ ਵੰਡ ਦੇ ਪ੍ਰਚਲਨ ਦਾ ਗਿਆਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ ਕਿ ਜੇਕਰ ਮਨੁੱਖ ਏਨਾ ਸਮਰੱਥਾਵਾਨ ਹੋ ਜਾਵੇ ਕਿ ਉਸਨੂੰ ਕੱਪੜਿਆਂ ਦੀ ਲੋੜ ਹੀ ਨਾ ਰਹਿ ਜਾਵੇ, ਸਗੋਂ ਗਰਮੀ ਤੇ ਸਰਦੀ ਹੀ ਉਸਦੇ ਤਨ ਦੇ ਕੱਪੜੇ ਹੋ ਜਾਣ, ਤਾਂ ਇਨ੍ਹਾਂ ਬਚਨਾਂ ਵਿਚ ਵੀ ਗਰਮੀ ਅਤੇ ਸਰਦੀ ਦੀ ਰੁੱਤ ਦਾ ਉਲੇਖ ਮਿਲ ਜਾਂਦਾ ਹੈ। ਅਗਲੀਆਂ ਪੰਕਤੀਆਂ ਵਿਚ ਵੀ ਗਰਮੀ ਅਤੇ ਸਰਦੀ ਦੀ ਰੁੱਤ ਦਾ ਉਲੇਖ ਹੈ। ਕਿਸੇ ਮਨੁੱਖ ਨੂੰ ਕੋਈ ਤੇ ਕਿਸੇ ਨੂੰ ਕੋਈ ਰੁੱਤ ਤੇ ਦਿਨ ਸੁਹਾਵੇ ਲੱਗਦੇ ਹਨ। ਇਸ ਖ਼ਿਆਲ ਦੇ ਸਨਮੁਖ ਗੁਰੂ ਸਾਹਿਬ ਆਪਣਾ ਵਿਚਾਰ ਰੱਖਦੇ ਹਨ ਕਿ ਦਿਨ ਅਤੇ ਰੁੱਤ ਸੋਈ ਚੰਗੀ ਹੈ ਜਦੋਂ ਰੱਬ ਚੇਤੇ ਆਵੇ:

> ਮੁਦਤਿ ਭਈ ਚਿਰਾਣੀਆ ਫਿਰਿ ਕਡੂ ਆਵੈ ਰੁਤਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1095)
>
> ਅਗੀ ਪਾਲਾ ਕਪੜੁ ਹੋਵੈ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)
>
> ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥
>
> ਜਿਤੁ ਦਿਨਿ ਵਿਸਰੈ ਪਾਰਬ੍ਰਹਮ ਫਿਟੁ ਭਲੇਰੀ ਰੁਤਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 318)

ਗੁਰੂ ਸਾਹਿਬ ਦੁਨੀਆ ਦੇ ਵਰਤਾਰੇ ਨੂੰ ਆਕਾਸ਼ੀ ਬਿਜਲੀ ਦੀ ਚਮਕ ਨਾਲ ਤੁਲਨਾਉਂਦੇ ਹਨ। ਕੁਦਰਤੀ ਵਰਤਾਰੇ ਕਾਰਨ ਮੀਂਹ ਦਾ ਸਬੱਬ ਬਣਦਾ ਦੱਸਿਆ ਗਿਆ ਹੈ:

> ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਥੇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 319)
>
> ਪਾਰਬ੍ਰਹਮਿ ਫੁਰਮਾਇਆ ਮੀਹੁ ਵੁਠਾ ਸਹਜਿ ਸੁਭਾਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 321)

ਚੰਦਨ ਅਤੇ ਚੰਦਰਮਾ ਦੀ ਤਾਸੀਰ ਵਾਂਗ ਸਰਦੀ ਦੀ ਰੁੱਤ ਵੀ ਠੰਢਕ ਦੇਣ ਵਾਲੀ ਹੁੰਦੀ ਹੈ ਪਰ ਇਨ੍ਹਾਂ (ਚੰਦਨ ਅਤੇ ਚੰਦਰਮਾ) ਵਿਚ ਵੀ ਐਨੀ ਸਮਰੱਥਾ ਨਹੀਂ ਕਿ ਮਨੁੱਖ ਦੀ ਅੰਦਰੂਨੀ ਤਪਸ਼ ਨੂੰ ਸ਼ਾਂਤ ਕਰ ਸਕਣ। ਇਹ ਕਾਰਜ ਤਾਂ ਪਰਮਾਤਮਾ ਦਾ ਨਾਮ ਹੀ ਕਰਨ ਦੇ ਸਮਰੱਥ ਹੈ। ਅਗਲੀ ਪੰਕਤੀ ਵਿਚ ਬਸੰਤ ਦੇ ਆਗਮਨ ਦਾ ਜ਼ਿਕਰ ਹੈ। ਇਸ ਰੁੱਤ ਵਿਚ ਬਨਸਪਤੀ ਮੌਲਦੀ ਹੈ। ਪ੍ਰਭੂ ਹੀ ਸਾਰੀ ਕੁਦਰਤ ਦਾ ਕਰਤਾ ਹੈ:

> ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥
>
> ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 709)
>
> ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥
>
> ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 791)

ਹੇਠ ਲਿਖੀਆਂ ਪੰਕਤੀਆਂ ਵਿਚ ਮੀਂਹ ਦੀ ਰੁੱਤ ਨੂੰ ਸਾਵਣ ਆਖੇ ਜਾਣ ਬਾਰੇ ਪਤਾ ਲੱਗਦਾ ਹੈ। ਅਗਲੀ ਪੰਕਤੀ ਵਿਚ ਪਤਝੜ ਦਾ ਉਲੇਖ ਹੈ:

> ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥

ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਰੁੱਤਾਂ ਦੇ ਨਾਮ ਤਾਂ ਪ੍ਰਚੱਲਤ ਹਨ ਪਰ ਮੁੱਖ ਤੌਰ 'ਤੇ ਅੰਗਰੇਜ਼ੀ ਮਹੀਨੇ ਹੀ ਜੀਵਨ ਦੇ ਹਰ ਪੱਖ ਵਿਚ ਪ੍ਰਚੱਲਤ ਅਤੇ ਪ੍ਰਵਾਨਿਤ ਹਨ। ਕਈ ਭੂਗੋਲਿਕ ਕਾਰਨਾਂ ਕਰਕੇ ਮੌਸਮ ਅਤੇ ਰੁੱਤਾਂ ਦਾ ਚੱਕਰ ਵੀ ਪ੍ਰਭਾਵਿਤ ਹੋਇਆ ਹੈ। "ਪੰਜਾਬ ਰਾਂਗਲੀਆਂ ਤੇ ਮਨਮੋਹਕ ਰੁੱਤਾਂ ਵਾਲਾ ਪ੍ਰਾਂਤ ਹੈ ਜਿੱਥੇ ਗਰਮੀ ਵੀ ਲੋਹੜੇ ਦੀ ਪੈਂਦੀ ਹੈ ਤੇ ਸਰਦੀ ਵੀ ਕਾਂਬਾ ਛੇੜ ਦਿੰਦੀ ਹੈ। ਸਾਉਣ ਮਹੀਨੇ ਦੀਆਂ ਫੁਹਾਰਾਂ ਰੂਹਾਂ ਨੂੰ ਤਰੋਤਾਜਾ ਕਰਦੀਆਂ ਹਨ ਤੇ ਬਸੰਤ ਰੁੱਤ 'ਚ ਧਰਤੀ ਮੌਲਦੀ ਹੈ ਤੇ ਨਵਾਂ ਨਿਖ਼ਾਰ ਆਉਂਦਾ ਹੈ। ਪੰਜਾਬੀ ਇਨ੍ਹਾਂ ਵੰਨ-ਸੁਵੰਨੀਆਂ ਰੁੱਤਾਂ ਦੇ ਰੰਗਾਂ ਨੂੰ ਮਨੋਰੰਜਣ ਭਰਪੂਰ ਤਿਉਹਾਰ ਮਨਾ ਕੇ ਮਾਣਦੇ ਹਨ।" (ਸੁਖਦੇਵ ਮਾਦਪੁਰੀ, *ਰੋਜ਼ਾਨਾ ਪੰਜਾਬੀ ਜਾਗਰਣ, ਮਿਤੀ 25.11.2017*, 4) ਵੱਖ-ਵੱਖ ਮਨੁੱਖਾਂ ਦੀ ਅਲੱਗ-ਅਲੱਗ ਰੁੱਤਾਂ ਵਿੱਚ ਦਿਲਚਸਪੀ ਹੈ। ਕਈਆਂ ਨੂੰ ਸਰਦੀ ਪਸੰਦ ਹੈ ਤੇ ਕਈਆਂ ਨੂੰ ਗਰਮੀ ਦੀ ਰੁੱਤ ਠੀਕ ਜਾਪਦੀ ਹੈ।

### 2.1.17 ਪਿੰਡ ਅਤੇ ਛੋਟੇ-ਵੱਡੇ ਸ਼ਹਿਰ

"ਤਿਸੁ ਜੋਗੀ ਕੀ [130]ਨਗਰੀ ਸਭੁ ਕੋ ਵਸੈ" (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 556) ਤੁਕਾਂਗ ਵਿਚ ਗੁਰੂ ਸਾਹਿਬ ਸਰੀਰ ਨੂੰ ਨਗਰੀ ਆਖਦੇ ਹਨ। ਸੰਸਾਰ ਨੂੰ 'ਛਲ ਨਗਰੀ'[131] ਵੀ ਕਿਹਾ ਗਿਆ ਹੈ। ਮਨੁੱਖੀ ਹਿਰਦੇ ਨੂੰ ਸ਼ਹਿਰ (ਪਟਣ) ਲਿਖਿਆ ਗਿਆ ਹੈ। ਇਨ੍ਹਾਂ ਹਵਾਲਿਆਂ ਤੋਂ ਤਤਕਾਲੀ ਦੌਰ ਵਿਚ ਨਗਰੀ ਅਤੇ ਸ਼ਹਿਰ ਦੇ ਵਜੂਦ ਬਾਰੇ ਸੂਚਨਾ ਮਿਲਦੀ ਹੈ:

ਅਉਹਠ [132]ਪਟਣ ਮਹਿ ਭੀਖਿਆ ਕਰੈ॥ ਸੋ ਅਉਧੂਤੀ ਸਿਵ ਪੁਰਿ ਚੜੈ॥

(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

ਸ਼ਹਿਰ, ਚਹਿਲ-ਪਹਿਲ ਦੇ ਕੇਂਦਰ ਹੁੰਦੇ ਸਨ। ਅਗਲੀ ਪੰਕਤੀ ਵਿਚ ਉਲੇਖ ਹੈ ਕਿ ਪ੍ਰਭੂ ਦੀ ਕਿਰਪਾ ਨਾਲ ਜਦੋਂ ਮਨੁੱਖ ਅੰਦਰ ਧਰਮ ਦੇ ਲੱਛਣ ਪਰਗਟ ਹੁੰਦੇ ਹਨ ਤਾਂ ਡਰਾਉਣਾ ਜੰਗਲ ਤਕੜਾ ਵਸਦਾ ਸ਼ਹਿਰ (ਮਹਾਂਨਗਰ) ਲੱਗਣ ਲੱਗ ਜਾਂਦਾ ਹੈ ਭਾਵ ਡਰ ਦਾ ਨਾਸ਼ ਹੋ ਜਾਂਦਾ ਹੈ:

ਕਬੀਰ ਪਾਟਨ ਤੇ ਊਜਰੁ ਭਲਾ ਰਾਮ ਭਗਤ ਜਿਹ ਠਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਭੈ ਅਟਵੀਅੰ ਮਹਾ ਨਗਰ ਬਾਸੰ ਧਰਮ ਲਖ੍ਯਣ ਪ੍ਰਭ ਮਇਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)

ਹੇਠ ਲਿਖੀਆਂ ਪੰਕਤੀਆਂ ਵਿਚ ਪਿੰਡ ਦਾ ਉਲੇਖ ਹੈ:

ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਕਬੀਰ ਸੋਈ ਮੁਖੁ ਧੰਨਿ ਹੈਜਾ ਮੁਖਿ ਕਹੀਐ ਰਾਮੁ॥

ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਹੇਠ ਲਿਖੀਆਂ ਪੰਕਤੀਆਂ ਵਿਚ ਲਾਹੌਰ ਸ਼ਹਿਰ ਦਾ ਜ਼ਿਕਰ ਹੈ:

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥ (ਮਹਲਾ 3, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਵੱਡੇ-ਛੋਟੇ ਸ਼ਹਿਰ ਅਤੇ ਪਿੰਡ ਹੋਂਦ ਵਿਚ ਹਨ। "ਅੱਧੀ ਤੋਂ ਵੱਧ ਅਬਾਦੀ ਪਿੰਡਾਂ ਵਿਚ ਵਸਦੀ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 6) "ਪਿੰਡਾਂ ਦੇ ਲੋਕ ਲਗਾਤਾਰ ਸ਼ਹਿਰਾਂ ਵਿੱਚ ਆ ਕੇ ਵੱਸ ਰਹੇ ਹਨ ਅਤੇ ਸ਼ਹਿਰਾਂ ਦੇ ਵਿਕਾਸ ਨਾਲ ਕਈ ਪਿੰਡ ਸ਼ਹਿਰਾਂ ਵਿਚ ਸ਼ਾਮਲ ਹੋ ਗਏ ਹਨ ਫਿਰ ਵੀ ਅਬਾਦੀ ਦੇ ਲਿਹਾਜ ਅਜੇ ਵੀ ਪੰਜਾਬ ਨੂੰ ਮੁੱਖ ਤੌਰ ਤੇ ਪੇਂਡੂ ਪ੍ਰਧਾਨ ਸੂਬਾ ਆਖਿਆ ਜਾ ਸਕਦਾ ਹੈ। ਭਾਵੇਂ ਅਬਾਦੀ ਦੇ ਪੱਖੋਂ ਪੰਜਾਬ ਦੀ ਜ਼ਿਆਦਾ ਅਬਾਦੀ ਪਿੰਡਾਂ ਵਿਚ ਰਹਿੰਦੀ ਹੈ ਪਰ ਆਮਦਨ ਅਤੇ ਰੁਜ਼ਗਾਰ ਦੇ ਲਈ ਇਸ ਅਬਾਦੀ ਦੀ ਨਿਰਭਰਤਾ ਖੇਤੀ ਤੋਂ ਲਗਾਤਾਰ ਘਟਦੀ ਜਾ ਰਹੀ ਹੈ। ਖੇਤੀ ਖੇਤਰ ਵਿਚ ਪੇਂਡੂ ਲੋਕਾਂ ਨੂੰ ਰੁਜ਼ਗਾਰ ਅਤੇ ਆਮਦਨ ਦੇਣ ਦੀ ਸਮਰੱਥਾ ਉਸ ਦਰ ਤੇ ਨਹੀਂ ਵੱਧ ਰਹੀ, ਜਿਸ ਦਰ ਤੇ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਵੱਧ ਰਹੀ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 28)

ਪਿੰਡਾਂ ਵਿੱਚ ਰਹਿਣ ਵਾਲੇ ਲੋਕ ਸ਼ਹਿਰੀ ਸਭਿਆਚਾਰ ਤੋਂ ਬੜੀ ਤੇਜ਼ੀ ਨਾਲ ਪ੍ਰਭਾਵਿਤ ਹੋ ਰਹੇ ਹਨ। "ਸ਼ਹਿਰੀ ਪੀਜ਼ਾ ਕਲਚਰ ਕਾਫ਼ੀ ਵਿਕਸਿਤ ਹੋ ਰਿਹਾ ਹੈ ਤੇ ਪਿੰਡਾਂ ਤੇ ਵੀ ਅਸਰ ਪਾ ਰਿਹਾ ਹੈ। ਪਿੰਡਾਂ ਦੇ ਲੋਕ ਪੁਰਾਣੇ ਰਹਿਣ ਸਹਿਣ ਦੇ ਤਰੀਕਿਆਂ ਤੋਂ ਅੱਕ ਗਏ ਹਨ। ਲੜਕੇ, ਲੜਕੀਆਂ ਦਾ ਸੁਪਨਾ ਚੰਡੀਗੜ੍ਹ, ਕੈਲਗਰੀ, ਟੋਰਾਂਟੋ, ਗ੍ਰੀਕ ਵਿਚ ਰਹਿਣਾ ਹੈ ਨਾ ਕਿ ਪਛੜੇ ਪਿੰਡਾਂ ਵਿਚ। ਉਹ ਸਮਝਦੇ ਹਨ ਕਿ ਅੰਗਰੇਜ਼ੀ ਬੋਲਣ ਨਾਲ ਉਹ ਆਧੁਨਿਕ ਹੋ ਜਾਣਗੇ, ਪਰ ਇਹ ਆਧੁਨਿਕਤਾ ਨਹੀਂ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 46)

ਸ਼ਹਿਰਾਂ ਦੀ ਹਾਲਤ ਵੀ ਕੋਈ ਬਹੁਤੀ ਜ਼ਿਆਦਾ ਵਧੀਆ ਨਹੀਂ। "ਸ਼ਹਿਰੀਕਰਨ ਸਮਕਾਲੀ ਸਮਾਜ ਦੀ ਇਕ ਘਟਨਾ ਹੈ। ਇਸ ਦੇ ਕਾਰਨਾਂ ਅਤੇ ਸਮੱਸਿਆਵਾਂ ਤੋਂ ਅਸੀਂ ਜਾਣੂ ਹਾਂ। ਸ਼ਹਿਰੀਕਰਨ ਦੀਆਂ ਸਮੱਸਿਆਵਾਂ (ਮਕਾਨਾਂ ਦੀ ਘਾਟ, ਮਿਉਂਸਪਲ ਸੇਵਾਵਾਂ ਦੀ ਘਾਟ, ਰੁਜ਼ਗਾਰ ਦੇ ਅਵਸਰਾਂ ਦੀ ਥੁੜ, ਅਸਵੱਛ ਵਾਤਾਵਰਣ, ਜਨਸੰਖਿਆ ਦਾ ਦਬਾਉ, ਗੰਦੀਆਂ ਬਸਤੀਆਂ ਦਾ ਪ੍ਰਸਾਰ ਆਦਿ) ਲੋਕ ਪ੍ਰਸ਼ਾਸਨ ਲਈ ਗੰਭੀਰ ਚੁਣੌਤੀਆਂ ਹਨ ਕਿਉਂਕਿ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਲਈ ਮਿਉਂਸਪਲ ਪ੍ਰਸ਼ਾਸਨ ਨੂੰ ਕਾਫ਼ੀ ਜੱਦੋ-ਜਹਿਦ ਕਰਨੀ ਪੈਂਦੀ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 196)

### 2.1.18 ਰੋਗ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਕਈ ਪ੍ਰਕਾਰ ਦੇ ਰੋਗਾਂ, ਉਨ੍ਹਾਂ ਦੇ ਲੱਛਣਾਂ ਅਤੇ ਦਾਰੂ (ਇਲਾਜ) ਆਦਿ ਦੇ ਉਲੇਖ ਮਿਲਦੇ ਹਨ। (ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ* 20) ਹੇਠ ਲਿਖੀ ਪੰਕਤੀ ਵਿਚ ਕੋਹੜ ਦੇ ਰੋਗ ਦਾ ਜ਼ਿਕਰ ਹੈ। ਧੋਖੇਬਾਜ਼, ਵਿਕਾਰ-ਗ੍ਰਸਤ ਅਤੇ ਝੂਠੇ ਮਨੁੱਖ ਨੂੰ ਕੋਹੜੀ ਆਖਿਆ ਗਿਆ ਹੈ ਅਤੇ ਕਰਤੇ (ਪ੍ਰਭੂ) ਵੱਲੋਂ ਵੱਖ ਕਰ ਦਿੱਤੇ ਜਾਣ (ਪ੍ਰਗਟ ਕਰ ਦੇਣ) ਦਾ ਜ਼ਿਕਰ ਕੀਤਾ ਗਿਆ ਹੈ ਇਸ ਤੋਂ ਪਤਾ ਲੱਗਦਾ ਹੈ ਕੋਹੜੀ ਮਨੁੱਖ ਨੂੰ ਘਰ ਵਾਲੇ ਵੱਖ ਕਰ ਦਿੰਦੇ ਸਨ। ਅਗਲੀ ਪੰਕਤੀ ਤੋਂ ਕੋਹੜ ਰੋਗ ਦੀ ਸੰਕ੍ਰਾਮਕਤਾ ਬਾਰੇ ਗਿਆਨ ਹੁੰਦਾ ਹੈ:

ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ [133]ਜਜਮਾਲੇ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 304)

ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 309)

ਹੇਠ ਲਿਖੀ ਪੰਕਤੀ ਵਿਚ ਅੰਤੜੀ ਦੇ ਦੁਖਦਾਈ ਫੋੜੇ (ਉਮਰਥਲ) ਦਾ ਉਲੇਖ ਹੈ। "ਭੋਗੰ ਤ ਰੋਗੰ" (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1354) ਅਨੁਸਾਰ ਆਪਣੀ ਸਰੀਰਕ ਸਮਰੱਥਾ ਤੋਂ ਪਰ੍ਹੇ ਜਾ ਕੇ ਸੁਆਦਾਂ ਦੇ ਰਸ ਮਾਨਣੇ ਮਨੁੱਖ ਨੂੰ ਮਹਿੰਗੇ ਪੈਂਦੇ ਸਨ। ਅਗਲੀ ਪੰਕਤੀ ਵਿਚ ਦਰਦ (ਸੂਲ) ਦੇ ਹਟਣ (ਮਰ ਜਾਣ) ਦਾ ਜ਼ਿਕਰ ਹੈ:

ਜਿਨਾ ਅੰਦਰਿ [134]ਉਮਰਥਲ ਸੇਈ ਜਾਣਨਿ ਸੂਲੀਆ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 311)

ਨਾਨਕ ਜੋ ਪ੍ਰਭ ਭਾਣੀਆ ਮਰਉ ਵਿਚਾਰੀ ਸੂਲਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 519)

ਹੇਠ ਲਿਖੀ ਪੰਕਤੀ ਤੋਂ ਸਪਸ਼ਟ ਹੁੰਦਾ ਹੈ ਕਿ ਲੋਕ ਜਾਣਦੇ ਸਨ ਕਿ ਕਿਸੇ ਰੋਗ ਦਾ ਦਵਾਈ ਦੇ ਮਾਧਿਅਮ ਰਾਹੀਂ ਨਿਵਾਰਨ ਸੰਭਵ ਹੈ। ਜੇਕਰ ਇੱਕ ਤਰ੍ਹਾਂ ਦੀ ਦਵਾਈ ਠੀਕ ਨਾ ਰਹੇ ਤਾਂ ਹੋਰ ਦਾ ਉਪਯੋਗ ਵੀ ਕੀਤਾ ਜਾ ਸਕਦਾ ਹੈ। ਨਿੰਦਕ ਪੁਰਸ਼ ਦੀ ਇਸ ਬੁਰੀ ਆਦਤ ਨੂੰ ਦੂਰ ਕਰ ਦੇਣਾ ਕਿਸੇ ਵੀ ਦਵਾਈ-ਦਾਰੂ ਦੀ ਸਮਰੱਥਾ ਤੋਂ ਬਾਹਰ ਦੱਸਿਆ ਗਿਆ ਹੈ। ਤਤਕਾਲੀ ਦੌਰ ਵਿਚ ਜ਼ਖਮ ਨੂੰ ਦਵਾਈ-ਦਾਰੂ ਨਾਲ ਧੋ ਕੇ ਸਾਫ਼ ਕੀਤਾ ਜਾਂਦਾ ਸੀ ਤਾਂ ਜੋ ਉਸਨੂੰ ਠੀਕ ਕੀਤਾ ਜਾ ਸਕੇ। ਸੱਚ-ਰੂਪੀ ਦਾਰੂ ਪਾਪ-ਰੂਪ ਰੋਗ ਨੂੰ ਮਨੁੱਖੀ ਹਿਰਦੇ ਵਿੱਚੋਂ ਧੋ ਦਿੰਦਾ ਹੈ:

ਅਵਖਧ ਸਭੇ ਕੀਤਿਅਨੁ ਨਿੰਦਕੁ ਕਾ ਦਾਰੂ ਨਾਹਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 315)

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਹੇਠ ਲਿਖੀਆਂ ਪੰਕਤੀਆਂ ਵਿਚ ਵੱਡੇ ਰੋਗ ਅਤੇ ਅਸਾਧ ਰੋਗ (ਜਿਸਦਾ ਇਲਾਜ ਨਾ ਹੋ ਸਕੇ) ਦਾ ਉਲੇਖ ਹੈ। ਸੁੱਖ ਜਿਥੇ ਮਗਰੋਂ ਸਰੀਰ ਵਿੱਚੋਂ ਰੋਗ ਬਣ ਕੇ ਫੁੱਟਦੇ ਹਨ ਓਥੇ ਦੁੱਖ-ਰੂਪੀ ਅਲਾਮਤ ਸਰੀਰ ਨੂੰ ਚੰਬੜਨ 'ਤੇ ਮਨੁੱਖ 'ਲੋੜ ਕਾਢ ਦੀ ਮਾਂ ਹੈ' ਅਨੁਸਾਰ ਉਸਦਾ ਇਲਾਜ ਲੱਭਦਾ ਹੈ। ਇਸ ਤਰ੍ਹਾਂ ਦੁੱਖ ਦਾ ਅੰਤ ਦਾਰੂ (ਦੀ ਕਾਢ) ਨਾਲ ਹੂੰਦਾ ਹੈ। ਰਸਾਇਣਾਂ ਦਾ ਮਾਰੂ ਪ੍ਰਭਾਵ ਖ਼ਤਮ ਕਰ ਕੇ (ਕੁਸ਼ਤਾ ਕਰ ਕੇ) ਉਨ੍ਹਾਂ ਨੂੰ ਦਵਾਈ ਦੇ ਰੂਪ ਵਿਚ ਵਰਤਿਆ ਜਾਂਦਾ ਸੀ:

ਆਰੋਗੵੰ ਮਹਾ ਰੋਗੵੰ ਬਿਸਿਮ੍ਰਿਤੇ ਕਰੁਣਾ ਮਯਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1356)

ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥

ਬੈਦੵੰ ਪਾਰਬ੍ਰਹਮ ਪਰਮੇਸਰ ਆਰਾਧਿ ਨਾਨਕ ਹਰਿ ਹਰਿ ਹਰੇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)

ਦੁਖੁ ਦਾਰੂ ਸੁਖੁ ਰੋਗ ਭਇਆ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਨਾਨਕ ਮਾਇਆ ਕਾ [135]ਮਾਰਣੁ ਹਰਿ ਨਾਮੁ ਹੈ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)

ਹੇਠ ਲਿਖੀਆਂ ਪੰਕਤੀਆਂ ਵਿਚ ਅੱਖਾਂ ਵਿਚ ਜਾਲ੍ਹਾ ਪੈਦਾ ਹੋਣ ਤੋਂ ਉਤਪੰਨ ਹੋਏ ਰੋਗ ਦਾ ਉਲੇਖ ਹੈ। ਪ੍ਰਭੂ ਦਾ ਨਾਮ ਹਿਰਦੇ ਦੇ ਭਰਮ ਦੂਰ ਕਰਦਾ ਹੈ। ਅਗਲੀ ਪੰਕਤੀ ਵਿਚ ਮੂੰਹ ਵਿੱਚੋਂ ਆਉਣ ਵਾਲੀ ਬਦਬੂ ਦਾ ਉਲੇਖ ਹੈ:

ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ [136]ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ॥

ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 554)

ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਰੋਗ ਦੂਰ ਕਰਨ ਵਾਲੇ ਨੂੰ ਵੈਦ ਆਖਿਆ ਜਾਂਦਾ ਸੀ। ਉਹ ਨਬਜ਼ ਟਟੋਲ ਕੇ ਰੋਗ ਬਾਰੇ ਅੰਦਾਜ਼ਾ ਲਗਾਉਂਦਾ ਸੀ। ਰੋਗ ਦੇ ਲੱਛਣ ਸਰੀਰ ਉੱਪਰ ਵੀ ਦਿਖਾਈ ਦੇਣ ਲੱਗ ਜਾਂਦੇ ਸਨ। ਵੈਦ ਨੂੰ ਆਪਣੀ ਵਿਲੱਖਣਤਾ, ਕਿ ਮੈਂ ਦੂਜਿਆਂ ਦੇ ਰੋਗ ਕੱਟ ਸਕਦਾ ਹਾਂ, ਉੱਪਰ ਬੜਾ ਮਾਣ ਹੁੰਦਾ ਸੀ ਭਾਵੇਂ ਉਹ ਵੀ ਹੋਰਨਾਂ ਦੀ ਤਰ੍ਹਾਂ ਅੰਤ ਵਿਚ ਕਾਲ ਦਾ ਗ੍ਰਾਸ ਬਣ ਜਾਂਦਾ ਸੀ। ਉਸ ਵੈਦ ਨੂੰ ਵਧੀਆ ਮੰਨਿਆ ਜਾਂਦਾ ਸੀ, ਜਿਹੜਾ ਪਹਿਲਾਂ ਰੋਗ ਦੇ ਲੱਛਣਾਂ ਦੇ ਆਧਾਰ 'ਤੇ ਉਸਦੀ ਪਛਾਣ ਕਰੇ ਅਤੇ ਫਿਰ ਢੁਕਵਾਂ ਇਲਾਜ ਕਰੇ। ਅਜਿਹੇ ਇਲਾਜ ਸਦਕਾ ਰੋਗ ਦਾ ਅੰਤ ਹੁੰਦਾ ਸੀ। ਰੋਗ ਦਾ ਅੰਤ ਹੋਣ ਨਾਲ ਸਰੀਰ ਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਸੀ:

ਆਪੇ ਵੈਦ ਆਪਿ ਨਾਰਾਇਣੁ॥ ਏਹਿ ਵੈਦ ਜੀਆ ਕਾ ਦੁਖੁ ਲਾਇਣ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 962)

ਕਬੀਰ ਬੈਦੁ ਮੂਆ ਰੋਗੀ ਮੂਆ ਮੂਆ ਸਭੁ ਸੰਸਾਰੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ॥
ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥ ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥
ਜਿਉ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ॥ ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦ ਸਦਾਇ॥
(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੈਦ ਦੀ ਥਾਂ ਡਾਕਟਰਾਂ ਨੇ ਲੈ ਲਈ ਹੈ। ਰੋਗ ਦੀ ਨਵਿਰਤੀ ਲਈ ਲੋਕ ਚੰਗੇ ਡਾਕਟਰ ਦੀ ਭਾਲ ਕਰਦੇ ਹਨ, ਜਿਹੜਾ ਰੋਗ ਦੀ ਪਛਾਣ ਕਰ ਕੇ ਉਸਦਾ ਇਲਾਜ ਕਰੇ। ਨਬਜ਼ ਟਟੋਲਣ ਦੀ ਥਾਂ ਹੁਣ ਤਰ੍ਹਾਂ-ਤਰ੍ਹਾਂ ਦੇ ਟੈਸਟ ਕਰ ਕੇ ਰੋਗ ਦੀ ਜੜ੍ਹ ਦਾ ਪਤਾ ਲਗਾਇਆ ਜਾਂਦਾ ਹੈ। ਪਰ ਅਜੋਕੇ ਦੌਰ ਵਿੱਚ ਵੀ ਅਸੀਂ ਰੋਗਾਂ ਦੀ ਮਾਰੂ ਪਰਵਿਰਤੀ ਦੀ ਸਮਝ ਤੋਂ ਅਭਿੱਜ ਹੀ ਹਾਂ। ਲਾਗ ਦਿਆਂ ਰੋਗਾਂ ਤੋਂ, ਅਸਾਨੂੰ ਜਾਪਦਾ ਹੈ ਕਿ ਅਸੀਂ ਛੁਟਕਾਰਾ ਪਾ ਲਿਆ ਪਰ ਨਿਰੋਲ ਬੇਸਮਝੀ ਕਾਰਨ ਅੱਜ ਇਹ ਵਾਧੇ ਤੇ ਹਨ। ਸਰੀਰ ਨੂੰ ਮਾਮੂਲੀ ਬੁਖ਼ਾਰ, ਖੰਘ-ਖਾਂਸੀ, ਜ਼ੁਕਾਮ ਜਾਂ ਸਿਰਦਰਦ ਤੋਂ ਬਚਾਉਣ ਲਈ ਅਸੀਂ ਦਵਾਈਆਂ ਨੂੰ ਖ਼ੁਰਾਕ ਸਮਝ ਕੇ ਫਕਦੇ ਰਹਿੰਦੇ ਹਾਂ ਅਤੇ ਸਰੀਰ ਦੀ ਕੁਦਰਤੀ ਰੋਗ ਵਿਰੋਧਤਾ ਨੂੰ ਜਾਗ ਪੈਣ ਦਾ ਅਵਸਰ ਵੀ ਨਹੀਂ ਦਿੰਦੇ। ਇਹ ਸੁੱਤੀ ਦੀ ਸੁੱਤੀ ਰਹਿ ਜਾਂਦੀ ਹੈ ਅਤੇ ਵਰਤੋਂ 'ਚ ਨਾ ਆਉਣ ਕਰਕੇ ਜ਼ੰਗਾਲੀ ਜਾਂਦੀ ਹੈ। ਕੁਦਰਤ ਦਾ ਅਸਾਨੂੰ ਰੋਗਾਂ ਵਿਰੁੱਧ ਲੜਨ ਲਈ ਅਰਪਣ ਕੀਤਾ ਹੋਇਆ ਇਹ ਹਥਿਆਰ, ਇਸ ਪ੍ਰਕਾਰ, ਲੋੜ ਪੈਣ ਤੇ ਵੀ ਵਰਤਿਆ ਨਹੀਂ ਜਾ ਸਕਦਾ। ਫਿਰ ਦਵਾਈਆਂ ਜਿਹੜੀਆਂ ਅਸੀਂ ਭੋਜਨ ਬਣਾ ਕੇ ਛਕਦੇ ਹਾਂ, ਉਨ੍ਹਾਂ ਦਾ ਵੀ ਸਰੀਰ ਉਪਰ ਸੰਚਵਾਂ ਉਲਟਾ ਪ੍ਰਭਾਵ ਪੈਂਦਾ ਹੈ। ਦਵਾਈਆਂ ਬਿਨਾਂ ਤੋੜ-ਭੰਨ ਕੀਤਿਆਂ ਸਰੀਰ ਅੰਦਰ ਸੁਧਾਰ ਨਹੀਂ ਕਰਦੀਆਂ: ਸੁਧਾਰ ਨਾ ਲੋੜਦਾ ਬਹੁਤ ਅਰੋਗ, ਇਨ੍ਹਾਂ ਦੀ ਭੇਂਟ; ਅੰਵਾਈ ਚੜ੍ਹਦਾ ਰਹਿੰਦਾ ਹੈ। ਇਸ ਪੱਖੋਂ ਨਾ ਐਸਪ੍ਰੀਨ ਜਾਂ ਪੈਰਾਸਿਟਾਮੋਲ ਬੇਲਾਗ ਹਨ ਅਤੇ ਨਾ ਹੀ ਵਿਟਾਮਿਨਾਂ ਦੀਆਂ ਗੋਲੀਆਂ ; ਅਤੇ ਨਾ ਹੀ ਭਸਮਾਂ ਜਾਂ ਕੁਸ਼ਤੇ। ਜੈਵਿਕ ਵਿਰੋਧੀ ਦਵਾਈਆਂ ਸਰੀਰ ਅੰਦਰਲੇ ਜੀਵਾਣੂਆਂ ਨੂੰ ਜਦ ਨਸ਼ਟ ਕਰਦੀਆਂ ਹਨ ਤਾਂ ਬਿਨਾਂ ਇਸ ਤਮੀਜ਼ ਦੇ ਕਰਦੀਆਂ ਹਨ ਕਿ

ਕਿਹੜੇ ਇਨ੍ਹਾਂ 'ਚੋਂ ਸਰੀਰ ਲਈ ਲਾਭਦਾਇਕ ਹਨ ਅਤੇ ਕਿਹੜੇ ਹਾਨੀਕਾਰਕ। ਅਸਾਨੂੰ ਤਾਂ ਹੁਣ ਸਮਝ ਆਉਣ ਲੱਗੀ ਹੈ ਕਿ ਅਨੇਕਾਂ ਅਜਿਹੇ ਜੀਵਾਣੂ ਅਸਾਡੀਆਂ ਆਂਦਰਾਂ ਅੰਦਰ ਰਹਿੰਦੇ ਹਨ ਜਿਨ੍ਹਾਂ ਬਿਨ੍ਹਾਂ ਅਰੋਗਤਾ ਬਣਾਈ ਰੱਖਣਾ ਸੰਭਵ ਨਹੀਂ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ 77*)

ਅਜੋਕੇ ਦੌਰ ਦੀਆਂ ਭੋਜਨ ਸਬੰਧੀ ਆਦਤਾਂ ਨੇ ਵੀ ਵੱਡੇ ਪੱਧਰ 'ਤੇ ਰੋਗਾਂ ਨੂੰ ਹੱਲਾਸ਼ੇਰੀ ਦਿੱਤੀ ਹੈ। "ਕਦੀ ਅਰੋਗਤਾ ਦੀ ਉਦਾਹਰਣ ਬਣਨ ਵਾਲਾ ਜੱਟ-ਕਿਸਾਨ ਅੱਜ ਰੋਗਾਂ 'ਚ ਘਿਰ ਗਿਆ ਹੈ। ਇਕ-ਦੋ ਨਹੀਂ ਇਸ ਨੂੰ ਕਈ ਪ੍ਰਕਾਰ ਦੇ ਰੋਗ ਚੰਬੜ ਰਹੇ ਹਨ। ਅੱਜ ਇਹ ਸ਼ਹਿਰੀਆਂ ਨਾਲੋਂ ਵੀ ਵੱਧ ਡਾਕਟਰੀ ਸਹਾਇਤਾ ਉਪਰ ਨਿਰਭਰ ਜੀਵਨ ਜਿਉ ਰਿਹਾ ਹੈ। ਅਪਣਾਏਜੀਵਨ-ਢੰਗ ਨੇ ਇਸ ਦੀ ਦੇਹ ਨੂੰ ਖੋਖਲਾ ਅਤੇ ਮੁਸ਼ੱਕਤੀ ਨਿਪੁੰਨਤਾ ਵਲੋਂ ਕੋਰਾ ਬਣਾ ਛੱਡਿਆ ਹੈ। ਇਸ ਦਾ ਭੋਜਨ ਵੀ ਨਾ ਸ਼ੁੱਧ ਹੈ, ਨਾ ਸੰਤੁਲਿਤ ਅਤੇ ਜੇਕਰ ਇਹ ਸਮ੍ਰਿਧ ਹੈ ਤਾਂ ਸਰੀਰ ਨੂੰ ਬੋਝਲ ਬਣਾਉਣ ਵਾਲੇ ਤੱਤਾਂ 'ਚ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 76) "A recent Global Nutritional Report suggested 16 per cent of adult men and 22 per cent of adult women are overweight in India, making them vulrenable to diabetes and related diseases." (Deep Dutta, *The Tribune Dated 18.11.2017* 4)

ਅਜੋਕੇ ਦੌਰ ਵਿੱਚ ਵੀ ਉਨ੍ਹਾਂ ਬੀਮਾਰੀਆਂ ਨੇ ਭਾਰਤੀ ਲੋਕਾਂ ਨੂੰ ਗ੍ਰਿਫ਼ਤ ਵਿੱਚ ਲਿਆ ਹੋਇਆ ਹੈ, ਜਿਨ੍ਹਾਂ ਉੱਪਰ ਕਾਬੂ ਪਾ ਲਿਆ ਗਿਆ ਸਮਝ ਲਿਆ ਗਿਆ ਹੋਇਆ ਹੈ। "ਅਜ਼ਾਦੀ ਮਿਲਣ ਤੋਂ ਸੱਠ ਸਾਲ ਬਾਅਦ ਵੀ ਅਚੰਭੇ ਜਨਕ ਵਿਗਿਆਨਕ ਲੱਭਤਾਂ, ਲੋੜੀਂਦੇ ਸਾਧਨ-ਸਰੋਤਾਂ ਤੇ ਤਕਨੀਕ ਅਤੇ ਯੋਗ ਮਨੁੱਖ ਸ਼ਕਤੀ ਹਾਸਲ ਹੋਣ ਦੇ ਬਾਵਜੂਦ ਕੁਪੋਸ਼ਣ, ਪ੍ਰਦੂਸ਼ਤ ਪਾਣੀ ਤੋਂ ਪੈਦਾ ਹੋਣ ਵਾਲੇ ਰੋਗਾਂ ਹੈਜ਼ਾ, ਦਸਤ-ਕੈਆਂ, ਟਾਈਫ਼ਾਈਡ, ਟੀ.ਬੀ. ਵਰਗੇ ਮੁਕੰਮਲ ਇਲਾਜ ਤੇ ਬਚਾਅ ਯੋਗ ਰੋਗਾਂ ਤੋਂ ਛੁਟਕਾਰਾ ਪਾਇਆ ਨਹੀਂ ਗਿਆ, ਉਲਟਾ ਨਵੇਂ ਰੋਗਾਂ ਨੇ ਆ ਪੈਰ ਧਰਿਆ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 96)

ਮਾਨਸਿਕ ਰੋਗ ਬੜੀ ਤੇਜ਼ੀ ਨਾਲ ਪਸਰ ਰਹੇ ਹਨ। "ਇੱਕੀਵੀਂ ਸਦੀ ਵਿਚ ਬੀਮਾਰੀਆਂ ਦੀ ਸੂਚੀ ਵਿਚ ਮਨੋਰੋਗ ਪਹਿਲੇ ਨੰਬਰ 'ਤੇ ਆ ਜਾਣਗੇ।"(ਦੀਪਤੀ, *ਗੁਰਮਤਿ ਪ੍ਰਕਾਸ਼ ਜਨਵਰੀ 2000* 62) "ਮਨੁੱਖੀ ਸਿਹਤ ਪੱਖੋਂ ਵੀ ਦੇਸ਼ ਦੀ ਹਾਲਤ ਚਿੰਤਾਜਨਕ ਹੈ। ਕੈਂਸਰ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਤੇ ਜਿਗਰ ਦੇ ਰੋਗ ਤੇਜ਼ੀ ਨਾਲ ਫੈਲ ਰਹੇ ਹਨ।" (ਨਰਿੰਦਰ ਸਿੰਘ, *ਰੋਜ਼ਾਨਾ 'ਪੰਜਾਬੀ ਜਾਗਰਣ', ਮਿਤੀ 20.11.2017* 4) "ਸਾਡੀ ਜੀਵਨ ਸ਼ੈਲੀ ਹੀ ਬਿਮਾਰੀਆਂ ਦਾ ਕਾਰਨ ਬਣਦੀ ਹੈ। ਜੇ ਅਸੀਂ ਸੰਤੁਲਿਤ ਅਤੇ ਸਰਲ ਜੀਵਨ ਜਿਊਣ ਦੀ ਕਲਾ ਅਪਣਾ ਲਈਏ ਤਾਂ ਅਸੀਂ ਕਿਸੇ ਰੋਗ ਦਾ ਸ਼ਿਕਾਰ ਹੋਵਾਂਗੇ ਹੀ ਨਹੀਂ।" (ਤਾਲੁਕਦਾਰ, *ਰੋਜ਼ਾਨਾ ਅਜੀਤ ਮਿਤੀ 01.12.2017* 2)

### 2.1.19 ਨਾਜਾਇਜ਼ ਫਸਣਾ

ਤਤਕਾਲੀ ਦੌਰ ਵਿਚ ਕਈ ਮਨੁੱਖ ਬਿਨਾ ਕਸੂਰ ਕੀਤੇ ਕਸੂਰਵਾਰ ਬਣ ਜਾਂਦੇ ਸਨ। ਹੇਠ ਲਿਖੀ ਪੰਕਤੀ ਵਿਚ ਇਸੇ ਗੱਲ ਦਾ ਜ਼ਿਕਰ ਹੈ:

ਅਣਹੋਦੇ ਝਗੜੇ ਦਯਿ ਓਸ ਦੇ ਗਲ ਪਾਇਆ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 303)

ਹੇਠ ਲਿਖੇ ਤੁਕਾਂਗ ਵਿਚ ਉਲੇਖ ਹੈ ਕਿ ਮਨੁੱਖ ਦੂਜਿਆਂ ਨੂੰ ਧੋਖਾ ਦੇ ਕੇ, ਦੂਜਿਆਂ ਉੱਪਰ ਨਾਜਾਇਜ਼ ਦੂਸ਼ਣ ਲਾ ਕੇ ਧਨ-ਮਾਲ ਇਕੱਤਰ ਕਰਦਾ ਹੈ ਭਾਵ ਕੋਈ ਹੋਰ ਨਾਜ਼ਾਇਜ਼ ਤੌਰ 'ਤੇ ਦੂਸ਼ਣ ਦਾ ਸ਼ਿਕਾਰ ਹੁੰਦਾ ਸੀ:

ਸੰਚੰਤਿ ਬਿਖਿਆ ਛਲੰ ਛਿਦ੍ਰੰ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 708)

**ਅਜੋਕੀ ਸਥਿਤੀ:** ਅਜੋਕੇ ਹਾਲਾਤਾਂ ਵਿਚ ਵੀ ਦੂਸ਼ਣਬਾਜ਼ੀ ਦੇ ਦੌਰ ਖ਼ੂਬ ਚੱਲਦੇ ਹਨ। ਕਈ ਵਾਰ ਲੋਕ ਨਾਜਾਇਜ਼ ਤੌਰ 'ਤੇ ਫਸ ਵੀ ਜਾਂਦੇ ਹਨ। ਦੂਜਿਆਂ ਨੂੰ ਧੋਖਾ ਦੇ ਕੇ, ਉਨ੍ਹਾਂ ਨਾਲ ਛਲ ਕਰ ਕੇ, ਉਨ੍ਹਾਂ ਦਾ ਧਨ-ਮਾਲ ਲੁੱਟਣ ਦੀ ਪਰਵਿਰਤੀ ਅਜੋਕੇ ਯੁੱਗ ਵਿੱਚ ਭਾਰੀ ਹੈ। ਕਈ ਮਨੁੱਖ ਨਾਜ਼ਾਇਜ਼ ਫਸ ਕੇ ਦੁੱਖ ਭੋਗਦੇ ਹਨ।

### 2.1.20 ਕਲੰਕ ਲੱਗਣਾ

ਪਰ-ਪੁਰਸ਼ ਗਾਮੀ ਇਸਤਰੀ ਸਮਾਜ ਵਿਚ ਬਦਨਾਮੀ ਖੱਟਦੀ ਸੀ। ਜਿਹੜਾ ਮਨੁੱਖ ਛੁੱਟੜ (ਦੁਹਾਗਣ) ਇਸਤਰੀ ਜਾਂ ਬਦਨਾਮ ਮਨੁੱਖ ਨਾਲ ਸਬੰਧ ਰੱਖਦਾ ਸੀ, ਉਹ ਵੀ ਸਮਾਜ ਵਿਚ ਬਦਨਾਮੀ ਦਾ ਭਾਗੀਦਾਰ ਬਣ ਜਾਂਦਾ ਸੀ:

ਓਹੁ ਘਰਿ ਘਰਿ ਫਿਰੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 303)

ਗੁਰੂ ਸਾਹਿਬ ਦਾ ਉਕਤ ਕਥਨ ਚੰਗੀ ਸੁਹਬਤ ਕਰਨ ਲਈ ਪ੍ਰੇਰਨਾ ਹੈ।

**ਅਜੋਕੀ ਸਥਿਤੀ:** ਅਜੋਕੇ ਸਮਿਆਂ ਵਿਚ ਬਦਨਾਮ ਮਨੁੱਖਾਂ ਨਾਲ ਸਬੰਧ ਰੱਖਣ ਵਾਲਿਆਂ ਨੂੰ ਬੁਰੇ ਘੱਟ ਹੀ ਮੰਨਿਆ ਜਾਂਦਾ ਹੈ। ਅਜੋਕੇ ਦੌਰ ਵਿਚ ਜਿਹੜਾ ਆਦਮੀ ਸਾਡੇ ਲਈ ਲਾਹੇਵੰਦ ਹੋਵੇ, ਭਾਵੇਂ ਉਹ ਹੋਰਾਂ ਲਈ ਕਿੰਨਾ ਵੀ ਬੁਰਾ ਜਾਂ ਘਟੀਆ ਕਿਉਂ ਨਾ ਹੋਵੇ, ਉਸਨੂੰ ਘਟੀਆ ਨਹੀਂ ਗਿਣਿਆ ਜਾਂਦਾ। ਸਾਰਾ ਸਿਲਸਿਲਾ ਨਿੱਜੀ ਮੁਫ਼ਾਦ 'ਤੇ ਟਿਕਿਆ ਹੋਇਆ ਹੈ।

## 2.2 ਮਾਨਸਿਕ ਪ੍ਰਵਿਰਤੀਆਂ ਦੀ ਪੇਸ਼ਕਾਰੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿੱਚੋਂ ਤਤਕਾਲੀ ਮਨੁੱਖ ਦੀਆਂ ਪ੍ਰਵਿਰਤੀਆਂ ਦਾ ਯਥਾਯੋਗ ਗਿਆਨ ਹੁੰਦਾ ਹੈ। ਇਨ੍ਹਾਂ ਦੀ ਚਰਚਾ ਨਿਮਨਲਿਖਿਤ ਪੰਕਤੀਆਂ ਵਿਚ ਕੀਤੀ ਜਾ ਰਹੀ ਹੈ:

### 2.2.1 ਕੁਲ-ਭਾਵ

ਗੁਰਬਾਣੀ ਰਚਨਾ-ਕਾਲ ਦੌਰਾਨ ਸਾਧਾਰਨ ਮਨੁੱਖ ਦੇ ਅੰਦਰ ਆਪਣੀ ਕੁਲ ਪ੍ਰਤਿ ਵਿਸ਼ੇਸ਼ ਲਗਾਅ ਹੁੰਦਾ ਸੀ। ਉਹ ਸਮਾਜ ਨਾਲੋਂ ਆਪਣੇ ਕੁਨਬੇ ਨੂੰ ਵਧੇਰੇ ਮਹੱਤਵ ਦਿੰਦਾ ਸੀ। ਆਪਣੇ ਆਪ ਨੂੰ ਉੱਚੀ ਕੁਲ ਦੇ ਜਾਨਣ ਵਾਲੇ ਸਮੂਹਾਂ ਵਿਚ ਇਹ ਭਾਵ ਵਧੇਰੇ ਹੁੰਦਾ ਸੀ। ਨਿਮਨ ਪੰਕਤੀ ਵਿਚ ਭਗਤ ਕਬੀਰ ਜੀ ਪ੍ਰਭੂ ਦੀ ਪ੍ਰੀਤ ਤੋਂ ਬਲਿਹਾਰ ਜਾਂਦੇ ਹਨ ਜਿਸ ਰਾਹੀਂ ਜਾਤ, ਵਰਨ ਅਤੇ ਕੁਲ ਭਾਵ ਦੇ ਕਰੜੇ ਬੰਧਨਾਂ ਤੋਂ ਆਜ਼ਾਦੀ ਮਿਲ ਜਾਂਦੀ ਹੈ ਅਤੇ ਸਾਰੇ ਮਨੁੱਖ ਇੱਕ-ਸਮਾਨ ਨਜ਼ਰ ਆਉਣ ਲੱਗਦੇ ਹਨ:

ਬਲਿਹਾਰੀ ਇਹ ਪ੍ਰੀਤਿ ਕਉ ਜਿਹ ਜਾਤਿ ਬਰਨੁ ਕੁਲੁ ਜਾਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਇਸ ਪੰਕਤੀ ਤੋਂ ਸਪਸ਼ਟ ਹੈ ਕਿ ਉਸ ਦੌਰ ਵਿਚ ਕੁਲ-ਭਾਵ ਦੀ ਮਾਨਸਿਕਤਾ ਚੋਖੀ ਸਰਗਰਮ ਸੀ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਰਾਮ ਦਾਸ ਜੀ ਵਰਣਨ ਕਰਦੇ ਹਨ ਕਿ ਮਨੁੱਖ ਕੁਨਬਾ-ਪ੍ਰੇਮ ਦੀ ਝੂਠੀ ਮਾਨਸਿਕਤਾ ਵਿਚ ਫਸਿਆ ਹੋਇਆ ਹੈ। ਉਹ ਹਮੇਸ਼ਾ ਆਪਣੇ ਕੁਨਬੇ ਦਾ ਹਿੱਤ ਮੁਖ ਰੱਖਦਾ ਹੋਇਆ ਚਿੰਤਾਗ੍ਰਸਤ ਰਹਿੰਦਾ ਹੈ ਜਦਕਿ ਇਹ ਭਾਵਨਾ ਨਿਰਰਥਕ ਹੈ। ਮਨੁੱਖ ਨੇ ਤਾਂ ਹਰ ਇੱਕ ਨੂੰ ਬਰਾਬਰ ਸਮਝਣਾ ਹੈ:

ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ॥
ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1424)

ਗੁਰੂ ਅਰਜਨ ਦੇਵ ਜੀ ਸੁੰਦਰਤਾ, ਚਤੁਰਾਈ, ਗਿਆਨ ਅਤੇ ਧਨ ਦੇ ਹੰਕਾਰ ਵਾਲੀ ਸ਼੍ਰੇਣੀ ਵਿਚ ਹੀ ਕੁਲ ਦੇ ਹੰਕਾਰ ਨੂੰ ਖੜ੍ਹਾਉਂਦੇ ਹਨ। ਗੁਰੂ ਸਾਹਿਬ ਅਨੁਸਾਰ ਸੱਤਾ, ਰੂਪ, ਧਨ-ਦੌਲਤ ਦਾ ਹੰਕਾਰ ਤੇ ਕੁਲ-ਸ੍ਰੇਸ਼ਟਤਾ ਦਾ ਭਾਵ ਛਲਾਵਾ ਮਾਤਰ ਹਨ, ਜਿਨ੍ਹਾਂ ਵਿਚ ਮਨੁੱਖ ਫਸਿਆ ਹੋਇਆ ਹੈ। ਸਪਸ਼ਟ ਹੈ ਕਿ ਗੁਰੂ ਸਾਹਿਬ ਇਹ ਸਭ ਕੁਝ ਤਤਕਾਲੀ ਦੌਰ ਵਿੱਚੋਂ ਅਨੁਭਵ ਕਰਦੇ ਹਨ। ਆਪ ਉਸੇ ਦੇ ਆਧਾਰ 'ਤੇ ਹੀ ਆਖ ਰਹੇ ਹਨ:

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 253)
ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 708)

ਯੋਗ ਪੁੱਤਰ ਕੁਲ ਨੂੰ ਲੱਗਿਆ ਹੋਇਆ ਦਾਗ਼ ਮਿਟਾਉਣ ਦੇ ਸਮਰੱਥ ਜਾਣਿਆ ਜਾਂਦਾ ਸੀ ਤੇ ਜਿਹੜਾ ਯੋਗ ਹੋ ਕੇ ਆਪਣੀ ਹੀ ਨਸਲ ਨੂੰ ਨੁਕਸਾਨ ਪਹੁੰਚਾਉਂਦਾ ਫਿਰੇ, ਉਸਨੂੰ ਧਿਰਕਾਰ ਦਿੱਤੀ ਗਈ ਹੈ। ਆਪਣੇ ਵੰਸ਼ਜਾਂ ਦੇ ਸ਼ੁਭ-ਆਦਰਸ਼ਾਂ ਉੱਪਰ ਨਾ ਚਲਣ ਵਾਲੇ ਪੁੱਤਰ ਨੂੰ ਭਗਤ ਕਬੀਰ ਜੀ 'ਕੁਲ ਡੋਬਣ ਵਾਲਾ' ਆਖਦੇ ਹਨ:

ਅਪਜਸੰ ਮਿਟੰਤ ਸਤ ਪੁਤ੍ਰਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1361)
ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)
ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਕੁਲ ਦੁਆਰਾ ਸਥਾਪਿਤ ਨਿਯਮਾਂ ਦੀ ਪਾਲਣਾ ਕਰਦਾ ਹੋਇਆ (ਭਾਵੇਂ ਸਰਬ-ਹਿੱਤ ਵਿਚ ਨਾ ਵੀ ਹੋਣ ਪਰ ਫਿਰ ਵੀ ਆਪਣੀ ਕੁਲ ਦੇ ਸਿਆਣਿਆਂ ਦੁਆਰਾ ਨਿਰਧਾਰਿਤ ਹੋਏ ਹੋਣ ਕਾਰਨ ਮੰਨ ਕੇ) ਮਨੁੱਖ ਘਾਟਾ ਵੀ ਖਾਂਦਾ ਸੀ:

ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਵੀ ਕੁਲ-ਭਾਵ ਵਿਚ ਫਸਿਆ ਹੋਇਆ ਹੈ। ਆਪਣੇ ਨਾਮ ਦੇ ਪਿੱਛੇ ਗੋਤ ਲਗਾ ਕੇ ਆਪਣੀ (ਅਖੌਤੀ) ਕੁਲ-ਸ੍ਰੇਸ਼ਟਤਾ ਨੂੰ ਦਰਸਾਉਣਾ ਅੱਜ ਦੇ ਮਨੁੱਖ ਦੀ ਫ਼ਿਤਰਤ ਹੈ। ਮਨੁੱਖ ਆਪਣਿਆਂ ਦੇ ਪਿਆਰ ਵਿੱਚ ਏਨਾ ਅੰਨ੍ਹਾ ਹੋ ਜਾਂਦਾ ਹੈ ਕਿ ਉਸਨੂੰ ਹੋਰ ਕੋਈ ਦਿਖਾਈ ਹੀ ਨਹੀਂ ਦਿੰਦਾ। ਸਿਆਣੇ ਆਖਦੇ ਹਨ, "ਅੰਨ੍ਹਾ ਵੰਡੇ ਰਿਉੜੀਆਂ, ਮੁੜ-ਮੁੜ ਆਪਣਿਆਂ

ਨੂੰ।" ਚਾਚਾ-ਭਤੀਜਾਵਾਦ ਦੀ ਪਰਵਿਰਤੀ ਏਸੇ ਵਿੱਚੋਂ ਹੀ ਉਪਜਦੀ ਹੈ। ਅਜੋਕੀ ਰਾਜਨੀਤੀ ਵਿੱਚ ਵੀ ਪਰਿਵਾਰਵਾਦ ਅਤੇ ਕੁਨਬਾਪ੍ਰਸਤੀ ਭਾਰੂ ਹੈ। ਅਜੋਕਾ ਮਨੁੱਖ ਸਿਆਣਿਆਂ ਦੇ ਕਥਨ ਵਿਸਾਰ ਕੇ ਗਲ਼ੀਆਂ ਦੇ ਕੱਖਾਂ ਵਾਂਗ ਰੁਲ਼ ਰਿਹਾ ਹੈ।

### 2.2.2 ਆਲਸ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਤਤਕਾਲੀ ਮਨੁੱਖ ਦੀ ਆਲਸੀ ਪ੍ਰਵਿਰਤੀ ਦਾ ਵੀ ਗਿਆਨ ਹੁੰਦਾ ਹੈ। ਬਾਣੀਕਾਰ ਥਾਂ-ਪੁਰ-ਥਾਂ ਮਨੁੱਖ ਨੂੰ ਆਲਸ ਦਾ ਤਿਆਗ ਕਰਨ ਤੇ ਉੱਦਮ ਦਾ ਰਾਹ ਅਪਨਾਉਣ ਦੀ ਪ੍ਰੇਰਨਾ ਕਰਦੇ ਹਨ। ਪ੍ਰੋ. ਪਿਆਰਾ ਸਿੰਘ ਪਦਮ ਦੇ ਵਿਚਾਰ ਇੱਥੇ ਬੜੇ ਮਹੱਤਵਪੂਰਨ ਹਨ,"ਭਾਰਤੀ ਧਰਮਾਂ ਵਿਚ ਇਹ ਗ਼ਲਤ ਨਿਸ਼ਚਾ ਦ੍ਰਿੜ੍ਹਾਇਆ ਗਿਆ ਹੈ ਕਿ ਦੁਨਿਆਵੀ ਕੰਮ ਕਲਿਆਣਕਾਰੀ ਨਹੀਂ, ਇਨ੍ਹਾਂ ਦਾ ਤਿਆਗ਼ ਹੀ ਠੀਕ ਹੈ। ਇਸ ਭੁਲੇਖੇ ਨੇ ਇਨ੍ਹਾਂ ਧਰਮੀ ਲੋਕਾਂ ਨੂੰ ਆਲਸੀ ਬਣਾ ਦਿੱਤਾ ਤੇ ਉਹ ਨਿਰੁੱਦਮੀ ਹੋ ਗਏ।" (*ਸਭਿਆਚਾਰ ਪਤ੍ਰਿਕਾ ਜਨਵਰੀ 2004* 69) ਭਗਤ ਕਬੀਰ ਜੀ ਆਖਦੇ ਹਨ:

ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਆਪ ਆਖਦੇ ਹਨ ਕਿ ਕੱਲ੍ਹ-ਕੱਲ੍ਹ ਦੀ ਰਟ ਲਗਾ ਕੇ ਆਲਸ ਦਾ ਪਰਿਚਯ ਨਾ ਦਿਓ। ਜਿਹੜਾ ਕੰਮ ਅੱਜ ਕਰਨ ਯੋਗ ਹੈ ਉਸ ਨੂੰ ਅੱਜ ਹੀ ਕਰੋ, ਅੱਜ ਹੀ ਨਹੀਂ ਸਗੋਂ ਹੁਣ ਹੀ ਉਸ ਕੰਮ ਨੂੰ ਕਰਨ ਵੱਲ ਕਦਮ ਵਧਾਓ। ਕੱਲ੍ਹ ਕਿਸ ਨੇ ਦੇਖਿਆ ਹੈ? ਪਤਾ ਨਹੀਂ ਫਿਰ ਸਮਾਂ ਮਿਲੇ, ਨਾ ਮਿਲੇ। ਇਹ ਬਚਨ ਅਵੱਛ ਆਲਸੀ ਪ੍ਰਵਿਰਤੀ ਵਾਲੇ ਇਨਸਾਨਾਂ ਲਈ ਟਕੋਰ ਹਨ, ਪ੍ਰੇਰਨਾ ਹਨ। ਗੁਰੂ ਅਰਜਨ ਦੇਵ ਜੀ ਪਿੱਛੇ (ਅਤੀਤ ਵੱਲ) ਮੁੜ-ਮੁੜ ਕੇ ਦੇਖਦੇ ਹੋਏ, ਦੁਖੀ ਹੋ ਰਹੇ ਮਨੁੱਖ ਨੂੰ, ਨਵੀਂ ਸਵੇਰ ਵਿਚ ਕੁਝ ਨਵਾਂ, ਕੁਝ ਚਾਅ ਭਰਿਆ, ਕੁਝ ਉਮਾਹ ਭਰਿਆ, ਕਰਨ ਦੀ ਪ੍ਰੇਰਨਾ ਦਿੰਦੇ ਹਨ ਅਤੇ ਆਪਣੇ ਭਵਿੱਖ ਨੂੰ ਸੁੰਦਰ ਬਨਾਉਣ ਦੀ ਸਲਾਹ ਦਿੰਦੇ ਹਨ।

ਬਾਬਾ ਫਰੀਦ ਜੀ ਮਨੁੱਖ ਨੂੰ ਸਵੇਰੇ ਸਮੇਂ ਸਿਰ ਉੱਠਣ ਅਤੇ ਆਪਣਾ ਫ਼ਰਜ਼ ਪੂਰਾ ਕਰਨ ਲਈ ਆਖਦੇ ਹਨ। ਇਹ ਵਿਵਹਾਰ ਦੀ ਗੱਲ ਹੀ ਹੈ ਕਿ ਜਦੋਂ ਮਨੁੱਖ ਸਵੇਰੇ ਸਮੇਂ ਸਿਰ ਉੱਠ ਕੇ ਆਪਣੇ ਫ਼ਰਜ਼ਾਂ ਨੂੰ ਨਿਭਾਉਣ ਲੱਗਦਾ ਹੈ ਤਾਂ ਉਹ ਆਪਣੇ ਦਿਨ ਦੇ ਸਾਰੇ ਕੰਮ ਵਧੀਆ ਢੰਗ ਨਾਲ ਅਤੇ ਠੀਕ ਸਮੇਂ 'ਤੇ ਨਬੇੜ ਲੈਂਦਾ ਹੈ। ਇਸ ਤਰ੍ਹਾਂ ਵਿਚਰ ਕੇ ਉਸ ਦੇ ਮਨ ਨੂੰ ਇੱਕ ਸੰਤੁਸ਼ਟੀ ਦਾ ਅਹਿਸਾਸ ਹੁੰਦਾ ਹੈ ਤੇ ਰਾਤੀਂ ਸੌਣ ਲੱਗਿਆਂ ਦੂਜੇ (ਆਉਣ ਵਾਲੇ) ਦਿਨ ਦੇ ਕੰਮਾਂ ਨੂੰ ਵੀ ਠੀਕ ਸਮੇਂ 'ਤੇ ਕਰਨ ਦੀ ਇੱਕ ਅਚੇਤ ਜਿਹੀ ਊਰਜਾ ਉਸ ਦੇ ਸਰੀਰ ਵਿਚ ਕਿਤੇ ਉਮਗ ਪੈਂਦੀ ਹੈ:

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਸਿਰਫ਼ ਰੋਟੀ-ਪਾਣੀ ਜੋਗਾ ਜੁਗਾੜ ਕਰਨ ਵਾਲੇ ਮਨੁੱਖ ਨੂੰ ਬਾਬਾ ਫਰੀਦ ਜੀ ਸਮਝਾਉਂਦੇ ਹਨ ਕਿ ਕੁਝ ਐਸਾ ਕਰ ਜਿਸ ਨਾਲ ਤੇਰਾ ਜੀਵਨ ਵਾਕਈ ਰਹਿਣਯੋਗ ਹੋਵੇ ਤੇ ਤੂੰ ਜੀਵਨ ਦਾ ਆਨੰਦ ਮਾਣ ਸਕੇਂ:

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ॥
ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ॥ (ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਆਲਸ ਦਾ ਤਿਆਗ ਕਰਨ ਦੀ ਪ੍ਰੇਰਨਾ ਦਿੰਦੇ ਹਨ:

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1096)

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 456)

ਭੋਰੇ ਭੋਰੇ ਰੂਹੜੇ ਸੇਵੇਦੇ ਆਲਕੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1095)

**ਅਜੋਕੀ ਸਥਿਤੀ:** ਇਹ ਆਲਸ ਦੀ ਹੀ ਨਿਸ਼ਾਨੀ ਹੈ ਕਿ ਪੰਜਾਬ ਮੋਟਾਪੇ ਦਾ ਸ਼ਿਕਾਰ ਹੋ ਰਿਹਾ ਹੈ, ਓਥੇ ਨਾਲ ਦੀ ਨਾਲ ਬੀਮਾਰੀਆਂ ਤੋਂ ਵੀ ਗ੍ਰਸਤ ਹੁੰਦਾ ਜਾ ਰਿਹਾ ਹੈ। ਕਿਸੇ ਵੀ ਕੰਮ ਨੂੰ ਕੱਲ੍ਹ-ਕੱਲ੍ਹ, ਫਿਰ ਕਦੀ, ਲਈ ਟਾਲ੍ਹੀ ਜਾਣਾ ਸਾਡੀ ਫ਼ਿਤਰਤ ਹੈ। ਅਜੋਕਾ ਮਨੁੱਖ ਫ਼ੈਸ਼ਨਪ੍ਰਸਤੀ ਤਾਂ ਪੂਰੀ ਕਰਨੀ ਚਾਹੁੰਦਾ ਹੈ ਪਰ ਡੱਕਾ ਤੋੜ ਕੇ ਰਾਜ਼ੀ ਨਹੀਂ। ਪੰਜਾਬੀ ਗੱਭਰੂ ਬ੍ਰਾਂਡਡ ਚੀਜ਼ਾਂ ਨੂੰ ਤਰਜੀਹ ਦਿੰਦੇ ਹਨ ਜਦਕਿ ਕੰਮ ਦਾ ਨਾਂ ਤਾਂ ਉਨ੍ਹਾਂ ਕੋਲ਼ ਕੋਈ ਵੀ ਨਾ ਲਵੇ। ਇਹ ਸਵੇਰੇ ਦੇਰ ਨਾਲ ਉੱਠਦੇ ਹਨ ਤੇ ਕੰਮ ਤੋਂ ਬਿਨਾ ਹੋਰ ਸਾਰਾ ਕੁਝ ਇਨ੍ਹਾਂ ਦੇ ਰੁਟੀਨ ਸ਼ਡਿਊਲ ਵਿੱਚ ਹੁੰਦਾ ਹੈ। ਅਜੋਕਾ ਮਨੁੱਖ ਆਰਾਮਪ੍ਰਸਤੀ ਨੂੰ ਤਰਜੀਹ ਦਿੰਦਾ ਹੈ। "ਮੁੰਡੇ-ਕੁੜੀਆਂ ਵਿਚ ਹੁਣ ਘਰੇਲੂ ਕੰਮ ਕਰਨ ਦੀ ਦਿਲਚਸਪੀ ਨਹੀਂ ਰਹੀ। ਹਰ ਕੋਈ ਰਾਤੋ-ਰਾਤ ਅਮੀਰ ਹੋਣਾ ਚਾਹੁੰਦਾ।" (ਚੌਹਾਨ, *ਰੋਜ਼ਾਨਾ ਪੰਜਾਬੀ ਜਾਗਰਣ 28.10.2017* 2)

### 2.2.3 ਖ਼ੁਸ਼ਾਮਦ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਇਸ ਪ੍ਰਵਿਰਤੀ ਦਾ ਵੀ ਉਲੇਖ ਮਿਲਦਾ ਹੈ, ਜਿਸਦਾ ਸਿੱਧਾ-ਪੱਧਰਾ ਭਾਵ ਤਤਕਾਲੀ ਦੌਰ ਵਿਚ ਇਸ ਮਾਨਸਿਕਤਾ ਦਾ ਮੌਜੂਦ ਹੋਣਾ ਹੈ। ਖ਼ੁਸ਼ਾਮਦੀ ਦਾ ਕੰਮ ਦੂਜੇ ਨੂੰ, ਜਿਸਦੀ ਖ਼ੁਸ਼ਾਮਦ ਉਹ ਕਰ ਰਿਹਾ ਹੈ, ਝੂਠੀ ਸਿਫ਼ਤ ਸੁਣਾ ਕੇ ਉਸ ਤੋਂ ਆਪਣਾ ਮਤਲਬ ਕੱਢਣਾ ਹੁੰਦਾ ਸੀ। "ਮਨਮੁਖ ਅਹੰਕਾਰੁ ਸਲਾਹਦੇ" (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 301) ਰਾਹੀਂ ਗੁਰੂ ਸਾਹਿਬ ਉਲੇਖ ਕਰਦੇ ਹਨ ਕਿ ਆਪ ਹੁਦਰੇ ਮਨੁੱਖਾਂ ਨੂੰ ਉਹ ਮਨੁੱਖ ਚੰਗਾ ਲੱਗਦਾ ਹੈ, ਜਿਹੜਾ ਉਨ੍ਹਾਂ ਦੇ ਹੰਕਾਰ-ਭਾਵ ਵਿਚ ਵਾਧਾ ਕਰੇ ਭਾਵ ਉਨ੍ਹਾਂ ਦੇ ਹੰਕਾਰ-ਭਾਵ ਨੂੰ ਹੋਰ ਹਵਾ ਦੇਵੇ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਅਮਰਦਾਸ ਜੀ ਝੂਠੇ ਮਨੁੱਖ ਦੀ ਹੋਣ ਵਾਲੀ ਵਡਿਆਈ ਨੂੰ ਵੀ ਝੂਠਾ ਹੀ ਦੱਸਦੇ ਹਨ। ਗੁਰੂ ਸਾਹਿਬ ਦਾ ਇਹ ਕਥਨ ਚੰਗੇ ਕੰਮ ਕੀਤੇ ਜਾਣ ਦੀ ਪ੍ਰੇਰਨਾ ਹੈ। ਲੋਕ ਆਪਣਾ ਮਤਲਬ ਕੱਢਣ ਲਈ ਝੂਠੇ ਮਨੁੱਖ ਦੀ ਖ਼ੁਸ਼ਾਮਦ ਕਰਦੇ ਹਨ:

ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ॥

ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 311)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਮਨੁੱਖ ਆਪਣਾ ਕੰਮ ਕੱਢਣ ਲਈ ਦੂਜੇ ਮਨੁੱਖ (ਜਿਸ ਤੋਂ ਉਸਦਾ ਕੰਮ ਸਿੱਧ ਹੋਣਾ ਹੁੰਦਾ ਹੈ) ਦੀ ਸੱਚੀ-ਝੂਠੀ ਪ੍ਰਸੰਸਾ ਕਰਦਾ ਹੈ। ਉਹ ਦੂਜੇ ਮਨੁੱਖ ਦੇ ਕਿਸੇ ਔਗੁਣ ਵੱਲ ਧਿਆਨ ਨਹੀਂ ਧਰਦਾ। ਉਹ ਤਾਂ ਸੱਚ-ਝੂਠ ਬੋਲ ਕੇ, ਦੂਜੇ ਨੂੰ ਖ਼ੁਸ਼ ਕਰਕੇ, ਆਪਣਾ ਕਾਰਜ ਸਿੱਧ ਕਰਨਾ ਚਾਹੁੰਦਾ ਹੈ। ਜਦੋਂ ਉਸਦਾ ਕੰਮ ਨਿੱਕਲ ਜਾਂਦਾ ਹੈ ਤਾਂ ਉਹ ਪੱਤਰਾ ਵਾਚ ਜਾਂਦਾ ਹੈ। ਅਹੰਕਾਰੀ ਤੇ ਖ਼ੁਸ਼ਾਮਦ ਪਸੰਦ ਤਾਕਤਵਰ ਮਨੁੱਖ ਨੂੰ ਦਿਲ ਤੋਂ ਤਾਂ ਭਾਵੇਂ ਕੋਈ ਪਸੰਦ ਨਾ ਵੀ ਕਰਦਾ ਹੋਵੇ ਪਰ ਆਪਣੇ ਹਿੱਤ ਖ਼ਾਤਰ ਉਸਦੀ ਖ਼ੁਸ਼ਾਮਦ ਕੀਤੀ ਜਾਣੀ ਲਾਜ਼ਮੀ ਹੁੰਦੀ ਹੈ, ਜਿਸ ਚੀਜ਼ ਦਾ ਉਹ ਬੁਰੀ ਤਰ੍ਹਾਂ ਭੁੱਖਾ ਹੁੰਦਾ ਹੈ ਜਦਕਿ ਭਲੇ ਮਨੁੱਖ ਐਸੀਆਂ ਝੂਠੀਆਂ ਭੁੱਖਾਂ ਤੋਂ ਕੋਹਾਂ ਦੂਰ ਵਸਦੇ ਹੋਏ ਦਿਲੀ ਸਤਿਕਾਰ ਪ੍ਰਾਪਤ ਕਰਦੇ ਹਨ।

## 2.2.4 ਹੰਕਾਰ

"ਹੰਕਾਰ ਸਾਡੇ ਸਰੀਰ ਅੰਦਰ ਇਕ ਝੂਠੀ ਹਸਤੀ ਹੈ।" (ਅਜਾਇਬ ਸਿੰਘ, *ਗਿਆਨ ਦਾ ਸਾਗਰ* 85)"ਹਉਮੈ ਇਸ ਦੀ ਮੂਲ ਪ੍ਰਵਿਰਤੀ ਹੈ। ਉਸ ਦੇ ਆਧਾਰ ਤੇ ਜੋ ਮਨੁੱਖ ਨੂੰ ਆਪਣੇ ਆਪ ਤੇ ਅਯੋਗ ਮਾਣ ਹੋ ਜਾਂਦਾ ਹੈ, ਉਹ ਅਹੰਕਾਰ ਹੈ।" (ਪਦਮ, *ਸਭਿਆਚਾਰ ਪਤ੍ਰਿਕਾ ਜਨਵਰੀ 2004* 63) ਗੁਰੂ ਨਾਨਕ ਦੇਵ ਜੀ ਤਤਕਾਲੀ ਹਾਲਾਤ ਦਾ ਉਲੇਖ ਕਰਦੇ ਹੋਏ ਦੱਸਦੇ ਹਨ ਕਿ ਹਰ ਕੋਈ ਹੰਕਾਰ-ਰੂਪੀ ਹਵਾ ਨਾਲ ਭਰਿਆ ਹੋਇਆ ਹੈ, ਕੋਈ ਵੀ ਸਮਝਾਇਆਂ ਨਹੀਂ ਸਮਝਦਾ। ਦੁਨੀਆ ਹੰਕਾਰ ਤੋਂ ਗ੍ਰਸਤ ਹੋ ਕੇ ਖੋਟੀ ਮੱਤ, ਮਾਇਕ-ਪਦਾਰਥਾਂ ਅਤੇ ਵਿਕਾਰਾਂ ਵਿਚ ਫਸੀ ਹੋਈ ਹੈ। ਲੋਕਾਈ ਹੰਕਾਰ ਵਿਚ ਫੂੰ-ਫੂੰ ਕਰ ਰਹੀ ਹੈ:

ਸਭੁ ਕੋ ਭਰਿਆ ਫੂਕਿ ਆਖਣਿ ਕਹਣਿ ਨ ਥੰਮ੍ਹੀਐ ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1244)

ਅੰਧੀ ਫੂਕਿ ਮੁਈ ਦੇਵਾਨੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 312)

ਹੰਕਾਰ ਮਾਨਸਿਕ ਅਸ਼ਾਂਤੀ ਦਾ ਘਰ ਹੈ ਅਤੇ ਹੰਕਾਰ-ਗ੍ਰਸਤ ਮਨੁੱਖ ਦਾ ਸਾਰਾ ਜੀਵਨ ਹੀ ਫਿਰ ਅਸ਼ਾਂਤੀ ਵਿਚ ਗੁਜ਼ਰ ਜਾਂਦਾ ਹੈ। ਸਾਰੀ ਉਮਰ ਸਰੀਰ ਨਾਲ ਚੱਲਣ ਕਾਰਨ ਇਹ ਵੱਡਾ ਰੋਗ ਹੈ। ਹੰਕਾਰ ਮਨੁੱਖ ਨੂੰ ਦੁਨਿਆਵੀ ਚਸਕਿਆਂ ਪ੍ਰਤਿ ਵੀ ਪ੍ਰੇਰਦਾ ਹੈ:

ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ॥

ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 592)

ਹਉਮੈ ਰੋਗ ਕਮਾਵਣਾ ਅਤਿ ਦੀਰਘੁ ਬਹੁ ਸੁਆਉ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 850)

ਹੰਕਾਰੀ ਮਨੁੱਖ ਤਾਂ ਕਿਸੇ ਸਮਾਜਿਕ ਵਰਜਨਾ ਦੀ ਵੀ ਪਰਵਾਹ ਨਹੀਂ ਕਰਦਾ। ਉਸ ਦਾ ਮਨ ਤਾਂ ਸਦਾ ਵਿਕਾਰ ਹੀ ਚਿਤਵਦਾ ਹੈ। ਗੁਰੂ ਅਰਜਨ ਦੇਵ ਜੀ ਹੰਕਾਰ ਦੇ ਸਰੂਪ ਦਾ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਇਹ ਜੀਵ ਦੇ ਜਨਮ-ਮਰਨ ਦੇ ਬੰਧਨ ਦਾ ਮੂਲ ਹੈ ਭਾਵ ਇਸ ਦੇ ਤਿਆਗ ਤੋਂ ਬਿਨਾ ਜਨਮ-ਮਰਨ ਦਾ ਗੇੜ ਮੁੱਕ ਨਹੀਂ ਸਕਦਾ। ਇਹ ਮਿੱਤਰਾਂ ਦੀ ਗਿਣਤੀ ਘਟਾ ਕੇ ਵੈਰੀਆਂ ਦੀ ਸੰਖਿਆ ਵਧਾਉਂਦਾ ਹੈ ਅਤੇ ਇਸ ਦੇ ਅਧੀਨ ਹੋ ਕੇ ਮਨੁੱਖ ਸੰਸਾਰ ਵਿਚ ਕਈ ਖਿਲਾਰੇ-ਪਸਾਰੇ ਵਧਾਉਂਦਾ ਹੈ:

ਮਨਮੁਖ ਬੋਲਿ ਨ ਜਾਣਨ੍ਹੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥

ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1248)

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ॥

ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸਤੀਰਨਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)

ਹੰਕਾਰੀ ਮਨੁੱਖ ਦਾ ਮਨ ਇਕਾਗਰ ਨਹੀਂ ਹੋ ਪਾਉਂਦਾ, ਉਹ ਹਮੇਸ਼ਾ ਦੁਚਿੱਤੀ ਵਿਚ ਹੀ ਰਹਿੰਦਾ ਹੈ। ਹੰਕਾਰੀ ਮਨੁੱਖ ਗੁਣਵਾਨਾਂ ਦੇ ਨਜ਼ਦੀਕ ਵਿਚਰਦਾ ਹੋਇਆ ਵੀ, ਆਪਣੀ ਹਉਮੈ ਕਾਰਨ, ਉਨ੍ਹਾਂ ਦੇ ਗੁਣਾਂ ਨੂੰ ਗ੍ਰਹਿਣ ਨਹੀਂ ਕਰ ਪਾਉਂਦਾ। ਹੰਕਾਰ ਦੇ ਆਧਾਰ-ਰੂਪ ਕਈ ਹਨ ਜਿਹੜੇ ਮਨੁੱਖ ਲਈ ਹੰਕਾਰ ਦਾ ਆਧਾਰ ਬਣਦੇ ਹਨ:

ਮਨੁਮਖੁ ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 314)

ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1415)

ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ॥

ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1360)

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥

ਏਨੀਂ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

**2.2.4.1 ਵਿੱਦਿਆ ਦਾ ਹੰਕਾਰ:** ਤਤਕਾਲੀ ਮਨੁੱਖ ਨੂੰ ਬੜੀ ਤੀਖਣ ਇੱਛਾ ਹੁੰਦੀ ਸੀ ਕਿ ਉਹ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰੇ ਅਤੇ ਵੱਡਾ ਵਿਦਵਾਨ ਬਣੇ, ਜਿਸ ਨਾਲ ਉਸਦਾ ਸਿੱਕਾ ਸਾਰੇ ਪਾਸੇ ਚੱਲੇ। ਉਹ ਵੱਧ ਤੋਂ ਵੱਧ ਪੁਸਤਕਾਂ (ਗ੍ਰੰਥ) ਪੜ੍ਹਨਾ ਚਾਹੁੰਦਾ ਸੀ। ਅਜਿਹੇ ਮਨੁੱਖਾਂ ਨੂੰ ਸੰਬੋਧਿਤ ਹੁੰਦੇ ਹੋਏ ਹੀ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਪੁਸਤਕਾਂ ਨੂੰ ਪੜ੍ਹ-ਪੜ੍ਹ ਕੇ ਕੋਈ ਭਾਵੇਂ ਗੱਡੀਆਂ ਭਰ ਲਵੇ, ਪੁਸਤਕਾਂ ਦੇ ਢੇਰ ਲਾ ਲਵੇ, ਬੇੜੀਆਂ ਪੂਰ ਲਵੇ, ਟੋਏ ਭਰ ਦੇਵੇ, ਉਸਦੇ ਹਰ ਸਾਹ ਵਿਚ ਅਧਿਐਨ ਰਚਿਆ-ਵਸਿਆ ਹੋਵੇ ਤੇ ਉਸਦੀ ਇਹ ਪ੍ਰਵਿਰਤੀ ਭਾਵੇਂ ਸਾਰੀ ਉਮਰ ਹੀ ਕਿਉਂ ਨਾ ਬਣੀ ਰਹੇ ਫਿਰ ਵੀ ਪ੍ਰਭੂ ਦੇ ਨਾਮ ਤੋਂ ਬਿਨਾ ਉਸਦਾ ਗਿਆਨ ਕਿਸੇ ਲੇਖੇ ਨਹੀਂ। ਇਹ ਸਾਰੀ ਚਰਚਾ, ਤਤਕਾਲੀ ਮਨੁੱਖ ਦੀ, ਆਪਣੇ ਆਪ ਨੂੰ ਵੱਡਾ ਗਿਆਨਵਾਨ ਲਖਾਉਣ ਦੀ ਪ੍ਰਵਿਰਤੀ ਨੂੰ ਰੂਪਮਾਨ ਕਰਦੀ ਹੈ। ਦੇਖੋ:

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਵੈਦ ਨੂੰ ਆਪਣੀ ਵੈਦਗੀ (ਰੋਗਾਂ ਦੇ ਇਲਾਜ ਦੇ ਗਿਆਨ) ਦਾ ਬੜਾ ਮਾਣ ਹੁੰਦਾ ਸੀ ਕਿ ਕਿਸੇ ਰੋਗ ਦਾ ਦਾਰੂ ਬੱਸ, ਉਸਦੇ ਕੋਲ ਹੀ ਹੈ:

ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ॥

ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਆਪਣੇ ਆਪ ਨੂੰ ਸਿਆਣੇ ਜਾਨਣ ਵਾਲੇ ਨਿਮਰਤਾ ਨਹੀਂ ਸਨ ਰੱਖ ਪਾ ਰਹੇ ਤਾਂ ਹੀ ਤਾਂ ਫਰੀਦ ਜੀ ਨੂੰ ਕਹਿਣਾ ਪਿਆ ਕਿ ਤੂੰ ਬੇਸ਼ੱਕ ਮੱਤ ਵਾਲਾ ਰਹੁ ਪਰ ਨਿਮਰਤਾ ਦਾ ਗੁਣ ਜ਼ਰੂਰ ਧਾਰਨ ਕਰ। ਆਪਣੇ-ਆਪ ਨੂੰ ਚਤੁਰ ਜਾਨਣ ਵਾਲੇ ਤਾਂ ਆਪਣੀ ਸਿਆਣਪ ਨਸ਼ਰ ਕਰਨ ਲਈ ਸਤਿਪੁਰਖਾਂ ਦੇ ਬਚਨਾਂ 'ਪੁਰ ਵੀ ਖਾਹ-ਮਖਾਹ ਪ੍ਰਸ਼ਨ ਚਿੰਨ੍ਹ ਲਗਾਉਂਦੇ ਸਨ:

ਬਹੁਤੁ ਸਿਆਣਪ ਹਉਮੈ ਮੇਰੀ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1251)

ਮਤਿ ਹੋਦੀ ਹੋਇ ਇਆਣਾ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1384)

ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਈ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1422)

**2.2.4.2 ਧਨ-ਪਦਾਰਥਾਂ ਦਾ ਹੰਕਾਰ:** ਕਈ ਮਨੁੱਖਾਂ ਲਈ ਅਥਾਹ ਧਨ-ਦੌਲਤ ਹੰਕਾਰ ਲਈ ਮੰਚ ਪ੍ਰਦਾਨ ਕਰਦੀ ਹੈ। ਅਜਿਹੇ ਵਿਚ ਸਤਿ-ਮਾਰਗ ਵੱਲ ਅਗਰਸਰ ਹੋਣਾ ਕਠਿਨ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਚੂਨਾ-ਗੱਚ ਪਰਬਤਾਂ ਜਿਹੇ ਮਹੱਲਾਂ ਦਾ ਮਾਣ ਨਾ ਕਰ। ਅਸਾਂ ਤਾਂ ਅਜਿਹੇ ਕਈ ਉਸਰਦੇ ਤੇ ਢੱਠਦੇ ਤੱਕੇ ਹਨ:

ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥ (ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)
ਗਚੁ ਜਿ ਲਗਾ [137]ਗਿੜਵੜੀ ਸਖੀਏ ਧਉਲਹਰੀ॥
ਸੇ ਭੀ ਢਹਦੇ ਡਿਠ ਮੈ ਮੁੰਧ ਨ ਗਰਬ ਥਣੀ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਧਨ-ਪਦਾਰਥਾਂ ਦੀ ਹਉਮੈ ਅਧੀਨ ਵਿਵੇਕ ਤਾਂ ਕਿਤੇ ਗੁੰਮ ਹੀ ਜਾਂਦਾ ਹੈ। ਲੱਕ ਦੇ ਦੁਆਲੇ ਖ਼ੰਜਰ ਲਪੇਟਿਆ ਹੋਵੇ, ਸੁੰਦਰ-ਸੋਹਣੇ ਘੋੜੇ ਦੀ ਸਵਾਰੀ ਹੋਵੇ; ਹੰਕਾਰ ਤੋਂ ਕੋਈ ਕਿਵੇਂ ਬਚ ਸਕਦਾ ਹੈ? ਸੁੰਦਰ ਮਕਾਨਾਂ ਦਾ ਸ਼ੁਮਾਰ ਵੀ ਹੰਕਾਰ ਵਧਾਉਣ ਵਾਲੇ ਸਾਮਾਨ ਵਿਚ ਹੀ ਕਰਨਾ ਬਣਦਾ ਹੈ। ਜਿਨ੍ਹਾਂ ਕੋਲ਼ ਕੁਝ ਨਹੀਂ ਉਨ੍ਹਾਂ ਵੱਲ ਦੇਖ ਕੇ, ਉਨ੍ਹਾਂ ਦੇ ਵਿਹਾਰ ਵੱਲ ਦੇਖ ਕੇ, ਉਨ੍ਹਾਂ ਦੇ ਕ੍ਰਿਆ-ਕਲਾਪਾਂ ਵੱਲ ਦੇਖ ਕੇ, ਧਨ-ਪਦਾਰਥਾਂ ਦੇ ਮਦ ਵਿਚ ਮਸਤ ਲੋਕਾਂ ਨੂੰ ਹਾਸਾ ਆਉਂਦਾ ਸੀ। ਕਿਸੇ ਦਾ ਦਿਲ ਨਾ ਦੁਖਾਉਣ ਦੀ ਹਦਾਇਤ ਕੀਤੀ ਗਈ ਹੈ:

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)
ਕਮਰਿ ਕਟਾਰਾ ਬੰਕੁੜਾ ਬੰਕੇ ਕੇ ਅਸਵਾਰੁ॥
ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 956)
ਕਬੀਰ ਗਰਬੁ ਨ ਕੀਜੀਐ ਉਚਾ ਦੇਖਿ ਅਵਾਸੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)
ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)
ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

**2.2.4.3 ਤਨ ਦਾ ਮਾਣ:** ਮਨੁੱਖ ਨੂੰ ਆਪਣੇ ਸਰੀਰ ਉੱਪਰ ਬੜਾ ਮਾਣ ਹੁੰਦਾ ਹੈ। ਦੇਹ ਦਾ, ਰੰਗ-ਰੂਪ ਦਾ ਬੜਾ ਸਰੂਰ ਹੁੰਦਾ ਹੈ:

ਗਰਬੁ ਕਰਤ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 321)
ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ॥
ਰੰਗ ਰੂਪ ਰਸ ਬਾਦਿ ਕਿ ਕਰਹਿ ਪਰਾਣੀਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 321)

ਸੁਗੰਧੀਆਂ ਨਾਲ ਲਬਰੇਜ਼ ਹੋਣ ਦੇ ਬਾਵਜੂਦ ਮਨੁੱਖੀ ਦੇਹ ਫਿਰ ਗੰਦੀ ਹੋ ਜਾਂਦੀ ਹੈ। ਮਨੁੱਖ ਇਹ ਵੀ ਨਹੀਂ ਸਮਝਦਾ ਕਿ ਚਮੜੀ ਦੇ ਪਰਦੇ ਹੇਠ ਢਕੇ ਹੋਏ ਲਹੂ ਆਦਿਕ ਤਰਲ ਕਿੰਨੀ ਦੁਰਗੰਧ ਵਾਲੇ ਹਨ:

ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹ ਮਲੀਣੰ॥
ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1360)

ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਜਵਾਨੀ ਦੀ ਅਵਸਥਾ ਵਿਚ ਤਾਕਤ ਦਾ ਵੀ ਮਨੁੱਖ ਨੂੰ ਬੜਾ ਹੰਕਾਰ ਹੁੰਦਾ ਹੈ। ਉਸ ਨੂੰ ਮਾਣ ਹੁੰਦਾ ਹੈ ਕਿ ਉਹ ਕਿਸੇ ਔਰਤ ਨਾਲ ਵੀ ਧੱਕੇਸ਼ਾਹੀ ਕਰ ਸਕਦਾ ਹੈ:

ਗਰਬੰਤਿ ਨਾਰੀ ਮਦੋਨ ਹੰਤ॥ ਬਲਵੰਤ ਬਲਾਤ ਕਾਰਣਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਉਹ ਜਵਾਨ ਇਸਤਰੀ ਜੋ ਆਪਣੀ ਜਵਾਨੀ ਦੇ ਮਾਣ ਕਾਰਨ ਆਪਣੀ ਬੁੱਢੀ ਸੱਸ ਦੇ ਅੱਗੇ ਨਿਉਂ ਨਹੀਂ ਪਾ ਰਹੀ, ਦਾ ਉਲੇਖ ਕਰਦੇ ਹੋਏ ਗੁਰੂ ਨਾਨਕ ਦੇਵ ਜੀ, ਉਸ ਨੂੰ ਸਮਝਦਾਰੀ ਭਰਿਆ ਅਤੇ ਸੱਭਿਅ ਮਸ਼ਵਰਾ ਦਿੰਦੇ ਹਨ। ਆਪ ਉਸ ਨੂੰ ਇਸ ਪੱਖ ਤੋਂ ਗੰਭੀਰ ਹੋਣ ਦੀ ਸਲਾਹ ਦਿੰਦੇ ਹਨ। ਬਾਬਾ ਫਰੀਦ ਮਨੁੱਖ ਨੂੰ ਆਖਦੇ ਹਨ ਕਿ ਜੇਕਰ ਤੇਰੇ ਸਰੀਰ ਵਿਚ ਜ਼ੋਰ ਹੈ ਵੀ ਤਾਂ ਤੂੰ ਇਸਨੂੰ ਕਿਸੇ ਨਾਲ ਧੱਕੇਸ਼ਾਹੀ ਕਰਨ ਵਿਚ ਨਾ ਵਰਤ:

[138]ਉਤੰਗੀ [139]ਪੈਓਹਰੀ [140]ਗਹਿਰੀ ਗੰਭੀਰੀ। ।

ਸਸੁੜਿ [141]ਸੁਹੀਆ ਕਿਵ ਕਰੀ ਨਿਵਣੁ ਨ ਜਾਇ [142]ਥਣੀ। । (*ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਤਾਣ ਹੋਦੇ ਹੋਇ ਨਿਤਾਣਾ॥ (ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

**2.2.4.4 ਤੀਰਥ-ਯਾਤਰਾ ਕੀਤੇ ਹੋਣ ਦਾ ਹੰਕਾਰ:** ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਜਦ ਮਨੁੱਖ ਕਈ ਤੀਰਥ ਘੁੰਮ ਲੈਂਦਾ ਹੈ ਤਾਂ ਹੁਣ ਉਹ ਓਨੇ ਹੀ ਵਧੇਰੇ ਥਾਵਾਂ 'ਤੇ ਫਿਰ-ਫਿਰ ਕੇ ਦੱਸਦਾ ਫਿਰਦਾ ਹੈ ਕਿ ਮੈਂ ਤੀਰਥ ਯਾਤਰਾ ਕਰ ਆਇਆ ਹੈ। ਸੰਜਮ ਅਤੇ ਦਾਨ ਕਰਨਾ ਵੀ ਕਈ ਮਨੁੱਖਾਂ ਦੇ ਹੰਕਾਰ ਦਾ ਕਾਰਨ ਸੀ। ਗੁਰੂ ਸਾਹਿਬ ਅਜਿਹੇ ਫੋਕਟ ਕਰਮਾਂ ਨੂੰ ਨਿਹਫਲ ਦੱਸਦੇ ਹਨ:

ਬਹੁ ਤੀਰਥ ਭਵਿਆ॥ [143]ਤੇਤੋ [144]ਲਵਿਆ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ॥

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1428)

**2.2.4.5 ਕੀਤੀ ਹੋਈ ਸੇਵਾ ਦਾ ਹੰਕਾਰ:** ਗੁਰੂ ਰਾਮ ਦਾਸ ਜੀ ਗਿਣ-ਗਿਣ ਕੇ, ਜਤਾ-ਜਤਾ ਕੇ ਕੀਤੀ ਗਈ ਸੇਵਾ ਨੂੰ ਅਜਾਈਂ ਗਈ ਦੱਸਦੇ ਹਨ:

ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1246)

**2.2.4.6 ਕੋਲ ਪਈ ਅਮਾਨਤ ਦਾ ਹੰਕਾਰ:** ਹੰਕਾਰੀ ਮਨੁੱਖਾਂ ਦੀ ਇੱਕ ਇਹ ਵੀ ਸ਼੍ਰੇਣੀ ਸੀ। ਕੋਈ ਦੂਜਾ ਮਨੁੱਖ ਉਨ੍ਹਾਂ ਪਾਸ ਆਪਣੀ ਕੋਈ ਕੀਮਤੀ ਵਸਤੂ ਅਮਾਨਤ ਵਜੋਂ ਸੰਭਾਲ ਦੇਵੇ, ਬਸ ਉਹ ਫੁੱਲੇ ਨਹੀਂ ਸਨ ਸਮਾਉਂਦੇ। ਪਰਾਈ ਵਸਤੂ ਤਾਂ ਆਖ਼ਰ ਪਰਾਈ ਹੀ ਹੈ, ਵਾਪਸ ਕਰਨੀ ਹੀ ਪਵੇਗੀ; ਇਸਦਾ ਹੰਕਾਰ ਕਾਹਦਾ? ਪਰ ਫਿਰ ਵੀ ਐਸੇ ਕਈ ਸਨ:

ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖ ਹੋਇ॥

... ... ... ... ... ... ... ...

ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪਿ ਗਣਾਏ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1249)

**2.2.4.7 ਧਨ-ਪਦਾਰਥਾਂ ਦੇ ਤਿਆਗ ਦਾ ਹੰਕਾਰ:** ਧਨ-ਪਦਾਰਥਾਂ ਤੋਂ ਪੈਦਾ ਹੋਣ ਵਾਲੇ ਹੰਕਾਰ ਤੋਂ ਬਚਣ ਹਿੱਤ ਜੇਕਰ ਉਨ੍ਹਾਂ ਪਦਾਰਥਾਂ ਨੂੰ ਹੀ ਛੱਡ ਦਿੱਤਾ ਤਾਂ ਹੁਣ ਉਨ੍ਹਾਂ ਦੇ ਛੱਡਣ (ਤਿਆਗ) ਦਾ ਹੀ ਹੰਕਾਰ ਹੋ ਗਿਆ। ਅਜਿਹੇ ਤਿਆਗ ਦਾ ਕੀ ਲਾਭ? :

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

**2.2.4.8 ਗੁਣ ਕੋਈ ਵੀ ਨਹੀਂ ਫਿਰ ਵੀ ਹੰਕਾਰ:** ਗੁਰੂ ਨਾਨਕ ਦੇਵ ਜੀ ਅਜਿਹੇ ਵਿਅਕਤੀਆਂ ਦਾ ਵੀ ਉਲੇਖ ਕਰਦੇ ਹਨ ਜਿਹੜੇ ਬਿਨਾ ਕਿਸੇ ਗੁਣ ਦੇ ਵੀ ਆਪਣੇ ਆਪ ਨੂੰ ਗੁਣਵਾਨ ਮੰਨਦੇ ਹੋਏ ਹੰਕਾਰ-ਗ੍ਰਸਤ ਰਹਿੰਦੇ ਸਨ:

ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1246)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਮਨੁੱਖ ਹੰਕਾਰ ਤੋਂ ਗ੍ਰਸਤ ਹੈ। ਅਜੋਕੇ ਮਨੁੱਖ ਅੰਦਰ ਆਪਣੀ ਵਿੱਦਿਆ, ਧਨ-ਦੌਲਤ, ਸੁੰਦਰਤਾ, ਧਾਰਮਿਕ ਪਰਵੀਨਤਾ ਦਾ, ਪੁੱਤਰਾਂ ਦਾ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਹੰਕਾਰ ਹਨ। ਹੰਕਾਰ ਸਾਡੇ ਆਪਸੀ ਰਿਸ਼ਤਿਆਂ ਨੂੰ ਖ਼ਰਾਬ ਕਰਦਾ ਹੈ। "If we analyse the core issues behind relationship problems we find they focus on the inability to handle anger and stay calm, or it's our ego. Mostproblems arise when people disagree with each other. Each one feels he is right and the other is wrong. Anger swells up. If we are unable to stay calm, we end up saying or doing something hurtful to the other. This escalation leads to retaliation. Soon, what began as a disagreement becomes a fight; it may even become a long-term feud. The relationship suffers." (Sant Rajinder Singh, *The Times of India*, *16. 10. 2016* 12)

ਪੜ੍ਹਿਆ-ਲਿਖਿਆ ਮਨੁੱਖ ਆਪਣੇ ਆਪ ਨੂੰ ਦੂਜਿਆਂ ਨਾਲੋਂ ਵੱਧ ਗੁਣਵਾਨ ਸਮਝਦਾ ਹੈ। ਕਈ ਵਾਰ ਉਹ ਦੂਜਿਆਂ ਨੂੰ ਬੰਦਾ ਨਹੀਂ ਸਮਝਦਾ। ਉਹ ਸੋਚਦਾ ਹੈ ਕਿ ਉਸਦੇ ਸਿਰ 'ਤੇ ਵਿੱਦਿਆ-ਰੂਪੀ ਇੱਕ ਵਿਸ਼ੇਸ਼ ਕਲਗੀ ਲੱਗੀ ਹੋਈ ਹੈ। ਵੱਡੇ ਘਰਾਂ ਦਾ, ਗੱਡੀਆਂ ਦਾ ਅਤੇ ਹੋਰ ਸਾਜ਼ੋ-ਸਾਮਾਨ ਦਾ ਵੱਖਰਾ ਹੀ ਨਸ਼ਾ ਹੈ। ਮਨੁੱਖ ਆਪਣੇ ਆਲੇ-ਦੁਆਲੇ ਨਾਲੋਂ ਵਿਸ਼ੇਸ਼ ਹੋਣ ਦੀ ਖ਼ਾਤਰ ਕਈ ਤਰ੍ਹਾਂ ਦੇ ਕਰਜ਼ੇ ਚੁੱਕ ਕੇ ਵਧੀਆ ਸਾਜ਼ੋ-ਸਾਮਾਨ ਖ਼ਰੀਦਦਾ ਹੈ ਤਾਂ ਜੋ ਆਲੇ-ਦੁਆਲੇ ਵਿੱਚ ਉਹ ਚਰਚਾ ਦਾ ਵਿਸ਼ਾ ਬਣ ਸਕੇ ਅਥਵਾ ਆਪਣੇ ਗੁਣ ਆਪ ਗਾ ਸਕੇ। ਮਨੁੱਖ ਨੂੰ ਜੁਆਨੀ ਦਾ ਬੜਾ ਮਾਣ ਹੁੰਦਾ ਹੈ। ਇਸੇ ਮਾਣ ਕਰਕੇ ਉਹ ਬਹੁਤੀ ਵਾਰ ਦੂਜਿਆਂ ਨਾਲ ਧੱਕਾ ਕਰ ਜਾਂਦਾ ਹੈ। ਉਹ ਇਹ ਨਹੀਂ ਸੋਚਦਾ ਕਿ ਉਸਦਾ ਸੁੰਦਰ ਸਰੀਰ ਇੱਕ ਦਿਨ ਜਰਜਰ ਹੋ ਜਾਣਾ ਹੈ। "ਇਸ ਤਨ ਨੇ ਮੁੱਕ ਜਾਣਾ, ਭਾਵੇਂ ਰੋਜ਼ ਮਾਲਸ਼ਾਂ ਕਰੀਏ।"

ਅਜੋਕਾ ਮਨੁੱਖ ਹੰਕਾਰ ਦੇ ਪ੍ਰਭਾਵ ਅਧੀਨ ਫੂੰ-ਫੂੰ ਕਰਦਾ ਫਿਰਦਾ ਹੈ। ਹੰਕਾਰ ਉਸਦੇ ਮਨ ਨੂੰ ਬੁਰੀ ਤਰ੍ਹਾਂ ਅਸ਼ਾਂਤ ਕਰ ਰਿਹਾ ਹੈ। ਜੋ ਸੁੱਖ ਨਿਮਰਤਾ ਅਤੇ ਹਲੀਮੀ ਵਿੱਚ ਹੈ, ਉਹ ਹੰਕਾਰ ਵਿੱਚ ਕਿੱਥੇ? ਹੰਕਾਰ ਫਿਰ ਵਿਕਾਰਾਂ ਨੂੰ ਵੀ ਜਨਮ ਦਿੰਦਾ ਹੈ ਕਿਉਂਕਿ ਮਨੁੱਖ ਦੂਜਿਆਂ ਤੋਂ ਸ੍ਰੇਸ਼ਟ ਦਿਸਣਾ ਚਾਹੁੰਦਾ ਹੈ। ਅਜਿਹੇ ਵਿੱਚ ਉਹ ਕਈ ਇਹੋ ਜਿਹੇ ਕੰਮ ਕਰ ਜਾਂਦਾ ਹੈ, ਜਿਹੜੇ ਵਿਕਾਰੀ ਹੁੰਦੇ ਹਨ। ਇਸ ਤਰ੍ਹਾਂ ਉਹ ਆਪਣੇ ਦੁਸ਼ਮਣਾਂ ਦੀ ਗਿਣਤੀ ਵਧਾ ਲੈਂਦਾ ਹੈ। ਗੁਣ ਵੀ ਉਸਦਾ ਸਾਥ ਛੱਡ ਕੇ ਪਰ੍ਹਾਂ ਹੋ ਜਾਂਦੇ ਹਨ।

### 2.2.5 ਮੋਹ

"ਅਨੁਚਿਤ ਲਗਾਉ ਮੋਹ ਹੈ।" (ਪਦਮ, *ਸਭਿਆਚਾਰ ਪਤ੍ਰਿਕਾ" ਜਨਵਰੀ 2004* 63) ਮੋਹ ਦੇ ਦੋ ਅੰਗ ਹਨ 'ਹਰਖ' ਅਤੇ 'ਸੋਗ'। ਜਿਸ ਚੀਜ਼ ਦੀ ਮਨੁੱਖ ਨੂੰ ਚਾਹ ਹੁੰਦੀ ਹੈ ਜਦੋਂ ਉਹ ਚੀਜ਼ ਉਸ ਨੂੰ ਮਿਲ ਜਾਂਦੀ ਹੈ ਤਾਂ ਉਸਨੂੰ ਖ਼ੁਸ਼ੀ (ਹਰਖ) ਹੁੰਦੀ ਹੈ ਅਤੇ ਉਸ ਚੀਜ਼ ਦੇ ਹੱਥੋਂ ਨਿਕਲ ਜਾਣ ਜਾਂ ਹੱਥ ਨਾ ਆਉਣ (ਨਾ ਮਿਲਣ) 'ਤੇ ਗ਼ਮ (ਸੋਗ) ਹੁੰਦਾ ਹੈ। ਮਨੁੱਖ ਨੂੰ ਆਪਣੇ ਨਿਵਾਸ-ਸਥਾਨ ਅਤੇ ਔਲਾਦ ਨਾਲ ਬੜਾ ਮੋਹ ਹੁੰਦਾ ਸੀ। ਆਪਣੇ ਤਨ ਸਮੇਤ ਪੁੱਤਰ ਅਤੇ ਪਤਨੀ ਨਾਲ ਵੀ ਵਿਸ਼ੇਸ਼ ਲਗਾਉ ਹੁੰਦਾ ਸੀ:

ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥
ਹਰਖ ਸੋਗ ਦਾਝੈ ਨਹੀ ਤਬ ਹਰਿ ਆਪੇ ਆਪਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)
ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ॥
ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)
ਪੁਤੁ ਕਲਤੁ ਮੋਹੁ ਹੇਤੁ ਹੈ ਅੰਤਿ ਬੇਲੀ ਕੋ ਨ ਸਖਾਈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1414)
ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਕਿਹਾ ਜਾ ਸਕਦਾ ਹੈ ਕਿ ਤਤਕਾਲੀ ਮਨੁੱਖ ਨੂੰ ਤਨ ਤੇ ਧਨ ਨਾਲ ਮਨੁੱਖ ਅਕਹਿ ਮੋਹ ਸੀ। ਇਸੇ ਲਈ ਕਬੀਰ ਇਨ੍ਹਾਂ ਨੂੰ (ਜੋ ਮਨੁੱਖ ਨੂੰ ਸਭ ਤੋਂ ਵੱਧ ਪਿਆਰੀਆਂ ਸਨ) ਵੀ ਰੱਬ ਦੇ ਰਾਹ 'ਤੇ ਕੁਰਬਾਨ ਕਰਨ ਲਈ ਆਖਦੇ ਹਨ। ਹੋਮ ਯੱਗ ਕਰਨ, ਤੀਰਥ ਰਟਨ ਅਤੇ ਪੁਰਾਣਾਂ ਦੇ (ਕੇਵਲ) ਪਾਠ ਦੁਆਰਾ ਵੀ ਧਨ-ਪਦਾਰਥਾਂ ਦਾ ਮੋਹ ਦੂਰ ਨਹੀਂ ਹੁੰਦਾ ਸੀ। ਧਨ-ਪਦਾਰਥਾਂ ਦੇ ਮੋਹ ਵਿਚ ਫਸੇ ਮਨੁੱਖ ਦਾ ਆਤਮ ਵਿਵੇਕ ਧੁੰਦਲਾ ਹੋ ਜਾਂਦਾ ਸੀ ਭਾਵ ਉਹ ਸਿਰਫ਼ ਆਪਣੇ ਹੀ ਹਿੱਤ ਨੂੰ ਤਰਜੀਹ ਦਿੰਦਾ ਸੀ:

ਕਬੀਰ ਰਾਮੁ ਨ ਛੋਡੀਐ ਤਨੁ ਧਨੁ ਜਾਇ ਤ ਜਾਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)
ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ॥
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1417)
ਮਾਇਆ ਮੋਹਿ ਪਲੇਟਿਆ ਅੰਤਰਿ ਅਗਿਆਨੁ ਗੁਬਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1417)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਉਕਤ ਵਰਣਿਤ ਮੋਹ ਦੇ ਆਧਾਰਕ ਬੰਧਨਾਂ ਵਿਚ ਫਸਿਆ ਹੋਇਆ ਹੈ। ਉਹ ਆਪਣੇ ਤਨ, ਪਰਿਵਾਰ, ਧਨ, ਘਰ ਆਦਿ ਦੇ ਮੋਹ ਵਿਚ ਫਸ ਕੇ ਕਈ ਪਰਕਾਰ ਦੇ ਉਚਿਤ-ਅਨੁਚਿਤ ਕੰਮਾਂ ਨੂੰ ਅੰਜਾਮ ਦਿੰਦਾ ਹੈ। ਇਹ ਔਲਾਦ ਦਾ ਮੋਹ ਹੀ ਤਾਂ ਹੈ ਜਿਸ ਕਾਰਨ ਅਜੋਕਾ ਮਨੁੱਖ ਦੂਜਿਆਂ ਦੇ ਬੱਚਿਆਂ ਦੀ ਬਲੀ ਦੇਣ ਤੋਂ ਵੀ ਬਾਜ਼ ਨਹੀਂ ਆਉਂਦਾ। "ਮੋਹ ਦਾ ਮਾਦਾ ਹੋਰ ਪ੍ਰਾਣੀਆਂ ਦੇ ਮੁਕਾਬਲੇ ਇਨਸਾਨ ਵਿਚ ਕੁਝ ਜ਼ਿਆਦਾ ਹੀ ਹੁੰਦਾ ਹੈ। ਆਪਣੀ ਔਲਾਦ ਨੂੰ ਮੋਹ ਤਾਂ ਤਕਰੀਬਨ ਸਾਰੇ ਜੀਵ ਹੀ ਕਰਦੇ ਹਨ ਪਰ ਇਨਸਾਨ ਇਸ ਮਾਮਲੇ ਵਿਚ ਜ਼ਿਆਦਾ ਹੀ ਉਲਝਿਆ ਰਹਿੰਦਾ ਹੈ। ਸ਼ਾਇਦ ਇਨਸਾਨ ਹੀ ਹੈ ਜੋ ਆਪਣੀ ਔਲਾਦ ਤੋਂ ਇਲਾਵਾ ਹੋਰ ਰਿਸ਼ਤੇਦਾਰਾਂ ਸਬੰਧੀਆਂ ਨੂੰ ਵੀ ਮੋਹ ਕਰਦਾ ਹੈ ਤੇ ਇਸੇ ਮੋਹ ਨੂੰ ਉਹ ਆਪਣੀ ਜ਼ਿੰਦਗੀ ਦਾ ਮੂਲ ਮੰਤਵ ਬਣਾ ਲੈਂਦਾ ਹੈ। ਸਿਰਫ਼ ਇਨਸਾਨ ਹੀ ਹੈ ਜਿਹੜਾ ਆਪਣੀ ਔਲਾਦ ਦੀ ਔਲਾਦ ਨੂੰ ਆਪਣੀ ਔਲਾਦ ਨਾਲੋਂ ਵੱਧ ਪਿਆਰ ਕਰਦਾ ਹੈ। ਇਸੇ

ਕਰਕੇ ਹੀ ਲੋਕ ਇਸ ਲਈ ਮੂਲ ਨਾਲੋਂ ਵਿਆਜ ਪਿਆਰਾ ਸ਼ਬਦ ਵਰਤਦੇ ਹਨ।" (ਰਮੇਸ਼ ਸੇਠੀ ਬਾਦਲ, *ਰੋਜ਼ਾਨਾ ਅਜੀਤ 29.10.2017* 15)

### 2.2.6 ਚਿੰਤਾ

"ਚਿੰਤਾ ਮਨ ਦਾ ਵੱਡਾ ਰੋਗ ਹੈ। ... ... ਧਰਮ ਦੀ ਸਾਰੀ ਰਹਤ ਇਨ੍ਹਾਂ ਮਾਨਸਿਕ ਰੋਗਾਂ ਨੂੰ ਨਸ਼ਟ ਕਰਨ ਲਈ ਹੈ। ਬੇਫ਼ਿਕਰ ਮਨ ਸੁਰਗ ਦਾ ਹੂਟਾ ਹੁੰਦਾ ਹੈ। ਜੇ ਮਨ ਅਰੋਗ ਹੋ ਜਾਵੇ ਤਾਂ ਸ੍ਰੀਰ ਸੁਤੇ ਹੀ ਅਰੋਗ ਰਹਿੰਦਾ ਹੈ। (ਜੋਧ ਸਿੰਘ, *ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ* 174) ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਗੁਰਬਾਣੀ ਰਚਨਾ-ਕਾਲ ਦਾ ਮਨੁੱਖ ਵੀ ਚਿੰਤਾ ਤੋਂ ਸੱਖਣਾ ਨਹੀਂ ਸੀ। ਭਵਿੱਖ ਵਿਚ ਕਿਤੇ ਕੁਝ ਮਾੜਾ ਨਾ ਹੋ ਜਾਵੇ, ਇਸ ਗੱਲ ਦਾ ਫ਼ਿਕਰ, ਉਸ ਨੂੰ ਵੀ ਲੱਗਾ ਰਹਿੰਦਾ ਸੀ। ਗੁਰੂ ਸਾਹਿਬ ਬਚਨ ਕਰਦੇ ਹਨ ਕਿ ਕਈ ਵਾਰ ਜਦੋਂ ਮਨੁੱਖ ਸੁੱਤਾ ਪਿਆ ਹੁੰਦਾ ਹੈ ਅਤੇ ਉਸਦਾ ਆਪਣਾ ਹੀ ਹੱਥ ਉਸਦੀ ਛਾਤੀ 'ਤੇ ਰੱਖਿਆ ਜਾਂਦਾ ਹੈ ਤਾਂ ਉਹ ਇਸਦਾ ਦਬਾਅ ਮਹਿਸੂਸ ਕਰਦਾ ਹੈ। ਚਿੰਤਾ ਵੀ ਜਿਉਂਦੇ-ਜਾਗਦੇ ਜੀਵਨ ਲਈ ਇਸੇ ਪ੍ਰਕਾਰ ਦਾ ਦਬਾਅ ਹੈ ਜਿਸ ਵਿਚ ਮਨੁੱਖ ਦੀ ਸਾਰੀ ਉਮਰ ਲੰਘ ਜਾਂਦੀ ਹੈ। ਉਹ ਕਦੀ ਵੀ ਆਪਣੇ ਆਪ ਨੂੰ ਹਰ ਪਾਸਿਓਂ ਵਿਹਲਾ ਨਹੀਂ ਪਾਉਂਦਾ:

ਰੇ ਜਨ [145]ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 651)

ਜਦੋਂ ਮਨੁੱਖ ਚਿੰਤਾ-ਗ੍ਰਸਤ ਹੁੰਦਾ ਸੀ ਤਾਂ ਉਸਨੂੰ ਰਾਤ ਨੂੰ ਨੀਂਦ ਵੀ ਨਹੀਂ ਸੀ ਆਉਂਦੀ। ਆਰਾਮ ਨਾਲ ਸੌਣ ਦਾ ਸਾਰਾ ਸਾਜੋ-ਸਾਮਾਨ ਉਸਨੂੰ ਵੱਢ-ਵੱਢ ਖਾਂਦਾ ਸੀ:

ਅੰਤਰਿ ਚਿੰਤਾ ਨੀਦ ਨ ਸੋਵੈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 646)

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਮਨੁੱਖ ਦੇ ਸੋਚਿਆਂ ਕੁਝ ਨਹੀਂ ਹੁੰਦਾ ਤਾਂ ਚਿੰਤਾ ਵਿਚ ਆਪਣਾ-ਆਪਾ ਕਿਉਂ ਗਵਾਉਣਾ? ਉਹੀ ਸਮਾਂ ਪੂਰੀ ਇਕਾਗਰਤਾ ਨਾਲ ਉਸ ਕੰਮ ਵੱਲ (ਜਿਹੜਾ ਚਿੰਤਾ ਦਾ ਕਾਰਨ ਬਣਿਆ ਹੋਇਆ ਹੈ) ਕਿਉਂ ਨਾ ਲਗਾਇਆ ਜਾਵੇ? ਜਿਹੜੀ ਘਟਨਾ ਨੂੰ ਹੋਣ ਤੋਂ ਰੋਕਿਆ ਹੀ ਨਹੀਂ ਜਾ ਸਕਦਾ, ਉਸਦੇ ਸਬੰਧ ਵਿਚ ਵੀ ਮਨੁੱਖ ਚਿੰਤਾਤੁਰ ਰਹਿੰਦਾ ਹੈ। ਤਦ ਹੀ ਗੁਰੂ ਸਾਹਿਬ ਅਜਿਹੀ ਚਿੰਤਾ ਤੋਂ ਵਰਜਦੇ ਹਨ। ਚਿੰਤਾ-ਮੁਕਤ ਹੋਏ ਬਿਨਾ ਜੀਵਨ ਦਾ ਪੂਰਾ ਆਨੰਦ ਕਿੱਥੇ? :

ਕਬੀਰ ਜੋ ਮੈ ਚਿਤਵਉ ਨਾ ਕਰੇ ਕਿਆ ਮੇਰੇ ਚਿਤਵੇ ਹੋਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1429)

ਚਿੰਤਾ ਧਾਵਤ ਰਹਿ ਗਏ ਤਾਂ ਮਨ ਭਇਆ ਅਨੰਦੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1415)

**ਅਜੋਕੀ ਸਥਿਤੀ:** ਅਜੋਕੇ ਦੌਰ ਦੇ ਮਨੁੱਖ ਨੂੰ ਚਿੰਤਾ-ਰੂਪੀ ਰੋਗ ਬੁਰੀ ਤਰ੍ਹਾਂ ਨਾਲ ਚਿੰਬੜਿਆ ਹੋਇਆ ਹੈ ਤੇ ਇਸ ਚਿੰਤਾ-ਰੂਪੀ ਰੋਗ ਕਾਰਨ ਮਨੁੱਖ ਨੂੰ ਕਈ ਹੋਰ ਬੀਮਾਰੀਆਂ ਨੇ ਘੇਰਿਆ ਹੋਇਆ ਹੈ। ਪੱਛਮੀ ਸਿਹਤ ਮਾਹਰ ਚਿੰਤਾ ਨੂੰ ਹੀ ਸਾਰੀਆਂ ਬੀਮਾਰੀਆਂ ਦਾ ਮੂਲ ਮੰਨਦੇ ਹਨ। (Burne, *The Secret* 127) ਉਨੀਂਦਰਾ, ਹਾਈਪੋ-ਟੈਂਸ਼ਨ, ਹਾਈਪਰ-ਟੈਂਸ਼ਨ, ਉੱਚ ਲਹੂ-ਦਬਾਅ ਆਦਿ ਅਨੇਕ ਪਰੇਸ਼ਾਨੀਆਂ ਮਗਰੋਂ ਗੰਭੀਰ ਰੋਗਾਂ ਦਾ ਕਾਰਨ ਬਣਦੀਆਂ ਹਨ, ਜਿਨ੍ਹਾਂ ਦਾ ਮੂਲ ਚਿੰਤਾ ਹੀ ਹੈ। ਅਜੋਕੇ ਮਨੁੱਖ ਲਈ ਉਸਦਾ ਆਪਣੇ ਸੁੱਖ ਲਈ ਤਿਆਰ ਕੀਤਾ ਸਮਾਨ ਹੀ ਉਸਦੀ ਚਿੰਤਾ ਦਾ ਕਾਰਨ ਬਣਿਆ ਹੋਇਆ ਹੈ। "ਸੰਚਾਰ ਸਾਧਨਾਂ ਨੇ ਖਪਤਕਾਰ ਨੂੰ ਬਹੁਤ

ਹੁਲਾਰਾ ਦਿੱਤਾ ਹੈ ਤੇ ਇਸ ਪਰਵਿਰਤੀ ਅਧੀਨ ਲੋਕ ਆਪਣੇ ਵਿਤੋਂ ਬਾਹਰੀਆਂ ਉਹ ਚੀਜ਼ਾਂ ਵੀ ਖ਼ਰੀਦ ਰਹੇ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਬਹੁਤੀ ਜ਼ਰੂਰਤ ਨਹੀਂ। ਮੱਧ ਵਰਗੀ ਲੋਕਾਂ ਵਿੱਚ ਕਰਜ਼ਾ ਲੈਣ ਦੀ ਰੁਚੀ ਵਿੱਚ ਬਹੁਤ ਵਾਧਾ ਹੋਇਆ ਹੈ। ਨਤੀਜੇ ਵਜੋਂ ਚਿੰਤਾਵਾਂ ਅਤੇ ਮਾਨਸਿਕ ਦਬਾਉ ਵਧੇ ਹਨ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 204)

ਭਾਵੇਂ ਵਿਗਿਆਨ ਨੇ ਮਨੁੱਖ ਦੇ ਜੀਵਨ ਨੂੰ ਸੁਖਾਲ਼ਾ ਬਣਾਉਣ ਲਈ ਕਈ ਤਰ੍ਹਾਂ ਦੇ ਉਪਕਰਨ ਪੈਦਾ ਕੀਤੇ ਹਨ ਪਰ ਮੂਲ ਰੂਪ ਵਿੱਚ ਮਨੁੱਖ ਅਜੇ ਵੀ ਦੁਖੀ ਹੈ। "ਹਾਲਾਂ ਕਿ ਸਚਾਈ ਇਹ ਹੈ ਕਿ ਵਿਗਿਆਨ ਨੇ ਮਾਨਵ-ਸਮਾਜ ਲਈ ਤਨ ਨੂੰ ਸੁਖ ਪਹੁੰਚਾਣ ਵਾਲੇ, ਦੁਖ ਪਹੁੰਚਾਣ ਵਾਲੇ ਅਤੇ ਤਬਾਹੀ ਮਚਾਉਣ ਵਾਲੇ ਤਾਂ ਬੇਅੰਤ ਸਾਧਨ ਪੈਦਾ ਕਰ ਦਿੱਤੇ ਹਨ ਪਰ ਮਨ ਦੀ ਸ਼ਾਂਤੀ ਲਈ ਕੋਈ ਉਪਰਾਲਾ ਨਹੀਂ ਕੀਤਾ। ਏਹੋ ਕਾਰਨ ਹੈ ਕਿ ਸੰਸਾਰ ਦਾ ਸਭ ਤੋਂ ਵੱਧ ਅਮੀਰ ਤੇ ਵਿਕਸਤ ਦੇਸ਼ ਅਮਰੀਕਾ ਮਨੁੱਖਾਂ ਨੂੰ ਪਾਗਲਖਾਨਿਆਂ ਵਿਚ ਭੇਜਣ ਹਿਤ ਪਹਿਲੇ ਨੰਬਰ ਤੇ ਹੈ।" (ਸਾਬਰ, *ਨਾਨਕ ਪ੍ਰਕਾਸ਼ ਪਤ੍ਰਿਕਾ ਜੂਨ 2004* 4)

ਅਜੋਕੇ ਦੌਰ ਦੀ ਹਰ ਵੇਲ਼ੇ ਦੀ ਦੌੜ-ਭੱਜ ਕਈ ਤਰ੍ਹਾਂ ਦੀਆਂ ਮਾਨਸਿਕ ਅਤੇ ਸਰੀਰਕ ਪਰੇਸ਼ਾਨੀਆਂ ਨੂੰ ਜਨਮ ਦੇ ਰਹੀ ਹੈ। "ਵਿਸ਼ਵ ਸਿਹਤ ਸੰਸਥਾ ਦੀ ਇਕ ਰਿਪੋਰਟ ਮੁਤਾਬਿਕ ਇਕ ਅਰਬ ਤੋਂ ਜ਼ਿਆਦਾ ਲੋਕ ਤਣਾਅ ਕਾਰਨ ਮਾਨਸਿਕ ਰੋਗਾਂ ਦਾ ਸਾਹਮਣਾ ਕਰ ਰਹੇ ਹਨ। ਅੱਜ ਮਹਿੰਗਾਈ ਦੇ ਇਸ ਯੁੱਗ ਭੱਜ-ਦੌੜ ਤੇ ਤਣਾਅ ਭਰੇ ਵਾਤਾਵਰਨ 'ਚ ਅਸੀਂ ਸਿਰਫ਼ ਪੈਸਾ ਕਮਾਉਣ ਦੀ ਦੌੜ 'ਚ ਸ਼ਾਮਲ ਹੋ ਕੇ ਰਹਿ ਗਏ ਹਾਂ। ਸਾਡੀਆਂ ਲੋੜਾਂ ਵੱਧ ਰਹੀਆਂ ਹਨ ਤੇ ਦਿਨ-ਬ-ਦਿਨ ਵੱਧ ਰਹੀਆਂ ਇਨ੍ਹਾਂ ਲੋੜਾਂ ਸਾਹਮਣੇ ਸਾਡੀ ਆਮਦਨੀ ਘੱਟ ਰਹੀ ਹੈ। ਜ਼ਿੰਦਗੀ ਦੀਆਂ ਰੋਜ਼ ਵੱਧ ਰਹੀਆਂ ਜ਼ਰੂਰਤਾਂ ਤੇ ਇੱਛਾਵਾਂ ਨੇ ਸਾਡਾ ਦਿਨ ਦਾ ਚੈਨ ਤੇ ਰਾਤਾਂ ਦੀ ਨੀਂਦ ਖੋਹ ਲਈ ਹੈ। ਦਿਨ ਰਾਤ ਦੀ ਇਦ ਭੱਜ ਦੌੜ ਦੌਰਾਨ ਜਦੋਂ ਸਾਡੀਆਂ ਜ਼ਰੂਰਤਾਂ ਤੇ ਇੱਛਾਵਾਂ ਪੂਰੀਆਂ ਨਹੀਂ ਹੁੰਦੀਆਂ ਤੇ ਸਾਡੇ ਪੱਲੇ ਰਸਰਫ਼ ਨਿਰਾਸ਼ਾ ਹੀ ਰਹਿ ਜਾਂਦੀ ਹੈ ਤਾਂ ਅਜਿਹੇ ਤਣਾਅ (ਡਿਪਰੈਸ਼ਨ) ਭਰੇ ਹਾਲਾਤ 'ਚ ਸਾਡੀ ਮਾਨਸਿਕ ਸਥਿਤੀ ਡਾਵਾਂਡੋਲ ਹੋਣ ਲੱਗਦੀ ਹੈ।" (ਸਾਦਿਕ, *ਪੰਜਾਬੀ ਜਾਗਰਣ 12.10.2017* 10)

### 2.2.7 ਡਰ

ਡਰ ਲਈ 'ਭੈਅ' ਅਤੇ 'ਭਉ' ਪ੍ਰਯਾਯਵਾਚ ਵਰਤੇ ਗਏ ਹਨ। "ਡਰ ਇਕ ਮਨੋਵਿਗਿਆਨਕ ਪ੍ਰਵਿਰਤੀ ਹੈ। ਇਸ ਦੀ ਉਪਜ ਮਨ 'ਚੋਂ ਹੁੰਦੀ ਹੈ, ਭਾਵੇਂ ਇਸ ਦਾ ਪ੍ਰਗਟਾਅ ਸਰੀਰਕ ਹਰਕਤਾਂ ਰਾਹੀਂ ਹੀ ਹੁੰਦਾ ਹੈ। ਇਸ ਡਰ ਪਿੱਛੇ ਅਨੇਕਾਂ ਕਾਰਣ ਹੋ ਸਕਦੇ ਹਨ, ਪਰ ਮੁੱਖ ਤੌਰ 'ਤੇ ਮਨੁੱਖ ਦੀਆਂ ਘਟੀਆ ਕਰਤੂਤਾਂ ਅਜਿਹੀ ਦਸ਼ਾ ਲਈ ਜ਼ਿੰਮੇਂਵਾਰ ਹੁੰਦੀਆਂ ਹਨ। ਜੀਵ ਬਹੁਤ ਸਾਰੇ ਅਜਿਹੇ ਪਾਪ ਕਰਦਾ ਹੈ, ਜਿਨ੍ਹਾਂ ਦੀ ਜ਼ਿੰਮੇਂਵਾਰੀ ਤੋਂ ਬਚਣ ਲਈ ਉਹ ਹੋਰ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ।" (ਰਾਮ ਸਿੰਘ, *ਰੱਬੀ ਰਿਸ਼ਮਾਂ* 1) "ਭੈ, ਬਦੀ ਤੇ ਕਮਜ਼ੋਰੀ ਦਾ ਸਬੂਤ ਹੈ, ਜੋ ਬੁਰਿਆਈ ਕਰਦਾ ਹੈ, ਉਹ ਡਰ ਦਾ ਸ਼ਿਕਾਰ ਅਵੱਸ਼ ਹੁੰਦਾ ਹੈ। ਫਿਰ ਜਿਸ ਦੇ ਅੰਦਰ ਪ੍ਰਭੂ ਵਿਸ਼ਵਾਸ ਨਹੀਂ, ਸਿਦਕ ਨਹੀਂ, ਉਹ ਭੈ ਖਾਂਦਾ ਹੈ।" (ਪਦਮ, *ਸਭਿਆਚਾਰ ਪਤ੍ਰਿਕਾ ਜਨਵਰੀ 2004* 67) ਗੁਰੂ ਅੰਗਦ ਦੇਵ ਜੀ ਫ਼ਰਮਾਉਂਦੇ ਹਨ ਜਿਹੜੇ ਰੱਬ ਦਾ ਭੈਅ ਰੱਖਦੇ ਹਨ ਉਨ੍ਹਾਂ ਨੂੰ ਕੋਈ ਹੋਰ ਡਰ ਨਹੀਂ ਰਹਿੰਦਾ ਤੇ ਜਿਹੜੇ ਰੱਬ ਤੋਂ ਖ਼ੌਫ਼ ਨਹੀਂ ਖਾਂਦੇ, ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੇ ਡਰ ਚੰਬੜੇ ਰਹਿੰਦੇ ਹਨ। ਜਿਨ੍ਹਾਂ ਨੂੰ ਰੱਬ ਦਾ ਭੈਅ ਨਹੀਂ, ਉਹ ਗਿਣਤੀ ਪੱਖੋਂ ਵੀ ਬਹੁਤੇ ਹਨ। ਭਾਵ ਡਰ ਨੇ ਬਹੁ-ਗਿਣਤੀ ਮਨੁੱਖਾਂ ਨੂੰ ਘੇਰ ਰੱਖਿਆ ਹੈ:

ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ॥

ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 586)

ਜਵਾਨੀ ਦੇ ਚਲੇ ਜਾਣ ਅਤੇ ਬੁਢਾਪੇ ਦੇ ਆਉਣ ਦਾ ਆਪਣਾ ਹੀ ਡਰ ਹੁੰਦਾ ਹੈ। ਜਦੋਂ ਸਮਾਜ ਵਿਚ ਕਿਸੇ ਨੂੰ ਬੇਇੱਜ਼ਤੀ ਦਾ ਸ਼ਿਕਾਰ ਹੋਣਾ ਪੈਂਦਾ ਹੈ ਤਾਂ ਉਸਨੂੰ, ਡਰ ਅਤੇ ਚਿੰਤਾ ਕਾਰਨ, ਰੁਕ-ਰੁਕ ਕੇ ਸਾਹ ਆਉਂਦੇ ਸਨ:

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ [146]ਉਭੇ ਸਾਸ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 643)

**ਅਜੋਕੀ ਸਥਿਤੀ:** ਅਜੋਕੇ ਦੌਰ ਦੇ ਮਨੁੱਖ ਦੇ ਅੰਦਰ ਤਰ੍ਹਾਂ-ਤਰ੍ਹਾਂ ਦੇ ਡਰ ਵਿੱਦਮਾਨ ਹਨ, ਜਿਨ੍ਹਾਂ ਕਾਰਨ ਉਹ ਹਰ ਵੇਲੇ ਚਿੰਤਾਤੁਰ ਰਹਿੰਦਾ ਹੈ। ਰੱਬ ਦਾ ਡਰ ਕਿਸੇ ਵਿਰਲੇ ਮਨੁੱਖ ਦੇ ਅੰਦਰ ਹੀ ਹੈ ਪਰ ਹੋਰ-ਹੋਰ ਤਰ੍ਹਾਂ ਦੇ ਡਰ ਮਨੁੱਖ ਨੂੰ ਘੇਰੀ ਬੈਠੇ ਹਨ। ਅਜੋਕਾ ਮਨੁੱਖ ਡਰ ਦੇ ਸਾਏ ਹੇਠ ਜੀਵਨ ਬਤੀਤ ਕਰ ਰਿਹਾ ਹੈ। ਇੱਕ ਆਦਮੀ ਨੂੰ ਦੂਜੇ ਦਾ ਯਕੀਨ ਨਹੀਂ ਹੈ ਭਾਵੇਂ ਉਹ ਉਸ ਨਾਲ ਮਿਲ-ਵਰਤ ਵੀ ਰਿਹਾ ਹੈ। ਅਜਿਹੇ ਵਿਚ ਮਨੁੱਖੀ ਮਨ ਦੇ ਡਰ ਦੇ ਖ਼ਤਮ ਹੋਣ ਦੀ ਕਾਮਨਾ ਕਿਵੇਂ ਕੀਤੀ ਜਾ ਸਕਦੀ ਹੈ?

"ਕੋਈ ਕਾਰੋਬਾਰ ਨੂੰ ਲੈ ਕੇ ਤਾਂ ਕੋਈ ਪਰਿਵਾਰ ਨੂੰ ਲੈ ਕੇ ਫਿਕਰ ਵਿਚ ਡੁੱਬਿਆ ਹੈ। ਬੇਟਿਆਂ ਦੇ ਫਿਕਰ ਵਿਚ ਪਤਲੇ ਹੁੰਦੇ ਜਾ ਰਹੇ ਅਨੇਕਾਂ ਪਿਤਾ ਤੁਹਾਨੂੰ ਮਿਲ ਜਾਣਗੇ, ਜਦੋਂਕਿ ਇਸ ਤਰ੍ਹਾਂ ਦਾ ਸੁਭਾਅ ਆਦਮੀ ਨੂੰ ਆਲਸੀ ਤੇ ਡਰਪੋਕ ਬਣਾਉਂਦਾ ਹੈ, ਜਦੋਂ ਆਤਮਨਿਰਭਰ ਬਣਨ ਦੀ ਆਦਤ ਪੁਰਸ਼ਾਰਥੀ, ਤੇਜਸਵੀ ਤੇ ਹਿੰਮਤੀ ਬਣਾਉਂਦੀ ਹੈ।" (ਗਿਆਨ ਅੰਮ੍ਰਿਤ, *ਰੋਜ਼ਾਨਾ ਜਗ ਬਾਣੀ 29.10.2017* 11)

### 2.2.8 ਪਾਪ

"ਜਿਸ ਤੋਂ ਆਪਣੇ ਆਪ ਨੂੰ ਬਚਾਈਏ, ਅਜੇਹਾ ਕਰਮ.ਦੋਸ਼.ਗੁਨਾਹ.ਕੁਕਰਮ." (ਨਾਭਾ, *ਮਹਾਨ ਕੋਸ਼* 764) "ਜੁਰਮ ਜਾਂ ਅਪਰਾਧ ਕਿਸੇ ਕਾਨੂੰਨ ਦੀ ਜਾਣ ਬੁੱਝ ਕੇ ਕੀਤੀ ਉਲੰਘਣਾ ਹੈ। ... ... ...ਅਪਰਾਧ ਕਾਨੂੰਨੀ ਭਾਸ਼ਾ ਵਿਚ ਵਰਤਿਆ ਜਾਣ ਵਾਲਾ ਸ਼ਬਦ ਹੈ। ਧਰਮ ਦੇ ਨੇਮ ਕਾਨੂੰਨੀ ਦੀ ਥਾਂ ਰੱਬੀ ਮੰਨੇ ਜਾਂਦੇ ਹਨ। ... ... ...ਇਸ ਲਈ ਅਪਰਾਧ ਦੀ ਥਾਂ ਤ੍ਰਿਸ਼ਨਾ ਅਤੇ ਪਾਪ ਆਦਿਕ ਸ਼ਬਦਾਂ ਦੀ ਵਰਤੋਂ, ਹਰ ਅਯੋਗ ਵਤੀਰੇ ਦੇ ਪ੍ਰਗਟਾਅ ਲਈ ਕੀਤੀ ਜਾਂਦੀ ਸੀ।" (ਪੂਰਨ ਸਿੰਘ, *ਸਾਇੰਸ ਦਾ ਸੰਸਾਰ*98) ਭਗਤ ਕਬੀਰ ਜੀ ਆਖਦੇ ਹਨ ਕਿ ਮਨੁੱਖ ਜਿੰਨੇ ਵੀ ਪਾਪ ਕਰਦਾ ਹੈ, ਕਿਉਂਕਿ ਉਹ ਸਮਾਜਿਕ ਜ਼ਾਬਤੇ ਦੀ ਉਲੰਘਣਾ ਹੁੰਦੇ ਹਨ, ਸੋ, ਉਨ੍ਹਾਂ ਨੂੰ ਦੁਨੀਆ ਤੋਂ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ। ਜਿੱਥੇ ਝੂਠ ਜੰਮ ਪਵੇ, ਪਾਪ ਵੀ ਉਸਦੇ ਨਾਲ ਹੀ ਉੱਗ ਪੈਂਦਾ ਹੈ:

ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਜਹਾ ਝੂਠੁ ਤਹ ਪਾਪੁ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਗੁਰੂ ਨਾਨਕ ਦੇਵ ਉਲੇਖ ਕਰਦੇ ਹਨ ਕਿ ਪੁੰਨ ਕਰਮ ਤੋਂ ਸਵਰਗ ਦੀ ਪ੍ਰਾਪਤੀ ਹੋਣਾ ਅਤੇ ਪਾਪ ਕਰਮ ਤੋਂ ਨਰਕਾਂ ਵਿਚ ਵਾਸਾ ਹੋਣਾ, ਵੇਦ-ਦਰਸ਼ਨ ਹੈ। ਮਨੁੱਖ ਆਪਣੇ ਕਰਮਾਂ ਦੀ ਖੱਟੀ ਖਾਂਦਾ ਹੋਇਆ, ਇਹ ਜਾਣ ਲੈਂਦਾ ਹੈ ਕਿ ਉਸਨੇ ਜੋ ਬੀਜਿਆ ਸੀ, ਉਹੀ, ਉਹ ਵੱਢ ਰਿਹਾ ਹੈ। ਇਸ਼ਾਰਾ ਚੰਗੇ ਕੰਮ ਕਰਨ ਵੱਲ ਹੈ। ਗੁਰੂ ਅੰਗਦ ਦੇਵ ਜੀ ਵੀ ਗੁਰੂ ਨਾਨਕ ਦੇਵ ਜੀ ਦੇ ਉਕਤ ਖ਼ਿਆਲ ਦੀ ਪੁਸ਼ਟੀ ਕਰਦੇ ਹੋਏ ਆਖਦੇ ਹਨ ਕਿ ਵੇਦਾਂ ਦੇ ਇਸ ਦਰਸ਼ਨ ਅਨੁਸਾਰ ਮਨੁੱਖ ਆਪਣਾ ਦਿੱਤਾ ਹੀ ਮੁੜ ਹਾਸਲ ਕਰਦਾ ਹੈ:

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ॥

ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਕਥਾ ਕਹਾਣੀ ਬੇਦੰੀ ਆਣੀ ਪਾਪੁ ਪੁੰਨੁ ਬੀਚਾਰੁ॥

ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਪਾਪੀ ਮਨੁੱਖ ਨੂੰ ਕੋਈ ਚੰਗਾ ਕੰਮ ਕਰਨਾ ਜਚਦਾ ਨਹੀਂ:

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

**ਅਜੋਕੀ ਸਥਿਤੀ:** ਜਿਵੇਂ ਕਿ ਉੱਪਰ ਆਖਿਆ ਗਿਆ ਹੈ ਕਿ ਧਰਮ ਦੇ ਖੇਤਰ ਵਿਚ 'ਪਾਪ' ਆਖਿਆ ਜਾਣ ਵਾਲਾ ਕਰਮ ਸਮਾਜਿਕ ਜੀਵਨ ਵਿਚ 'ਜੁਰਮ' ਅਖਵਾਉਂਦਾ ਹੈ ਤਾਂ ਅਜੋਕੇ ਮਨੁੱਖੀ ਜੀਵਨ ਦਾ ਪੰਨਾ-ਪੰਨਾ ਜੁਰਮਾਂ-ਰੂਪੀ ਇਬਾਰਤਾਂ ਨਾਲ ਭਰਿਆ ਹੋਇਆ ਹੈ। ਜੀਵਨ ਦੇ ਹਰ ਖੇਤਰ ਵਿਚ ਜੁਰਮ ਦਾ ਪਸਾਰਾ ਹੈ। ਅਜੋਕੇ ਦੌਰ ਵਿੱਚ ਬਹੁਤੇ ਮਨੁੱਖ ਅਜਿਹੇ ਹਨ, ਜਿਹੜੇ ਆਪਣੇ ਕੀਤੇ ਜੁਰਮ ਨੂੰ ਛੁਪਾਉਂਦੇ ਹਨ ਪਰ ਕਈ ਅਜਿਹੇ ਵੀ ਹਨ, ਜਿਹੜੇ ਜੁਰਮ ਨੂੰ ਅੰਜਾਮ ਦੇਣ ਤੋਂ ਬਾਅਦ ਆਪਣੇ ਆਪ ਨੂੰ ਜਾਣ-ਬੁੱਝ ਕੇ ਨਸ਼ਰ ਕਰਦੇ ਹਨ।

ਕਈ ਗੁਨਾਹਗਾਰ ਕਿਸੇ ਜੁਰਮ ਨੂੰ ਅੰਜਾਮ ਦੇਣ ਤੋਂ ਬਾਅਦ ਫੇਸਬੁਕ ਆਦਿ ’ਤੇ ਆਪਣਾ ਸਟੇਟਸ ਅਪਡੇਟ ਕਰਦੇ ਹਨ ਤੇ ਕੀਤੇ ਹੋਏ ਕਾਰੇ ਦੀ ਜ਼ਿੰਮੇਵਾਰੀ ਸ਼ਰੇਆਮ ਆਪਣੇ ਸਿਰ ਲੈਂਦੇ ਹਨ। ਅਸਲ ਵਿੱਚ ਉਹ ਸਮਾਜ ਵਿੱਚ ਆਪਣਾ ਦਬਦਬਾ ਬਣਾਉਣਾ ਲੋਚਦੇ ਹੁੰਦੇ ਹਨ ਤੇ ਹੀਰੋ ਬਣਨ ਦੇ ਤਾਂਘੀ ਹੁੰਦੇ ਹਨ।

### 2.2.9 ਨਿੰਦਾ

"ਜੋ ਔਗੁਣ ਕਿਸੇ ਵਿਚ ਨਹੀਂ, ਉਹ ਆਰੋਪ ਕੇ ਵਿਰੋਧ ਕਰਨਾ ਨਿੰਦਾ ਹੈ।" (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004* 68) ਗੁਰਬਾਣੀ ਰਚਨਾ-ਕਾਲ ਦੇ ਮਨੁੱਖ ਦੇ ਵਿਅਕਤਿਤਵ ਦੀ ਇਹ ਵੀ ਇੱਕ ਪ੍ਰਵਿਰਤੀ ਸੀ। ਸਲੋਕ ਬਾਣੀ-ਰੂਪ ਵਿਚ ਨਿੰਦਾ ਸਬੰਧੀ ਕਈ ਉਲੇਖ ਮਿਲਦੇ ਹਨ। ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ ਕਿ ਕਿਸੇ ਦੀ ਨਿੰਦਾ ਕਰ ਕੇ ਮਨੁੱਖ ਆਪਣੇ ਮਨ ਅੰਦਰ ਖੋਟ ਜਮ੍ਹਾਂ ਕਰਦਾ ਰਹਿੰਦਾ ਹੈ। ਗੁਰੂ ਰਾਮ ਦਾਸ ਜੀ ਦਾ ਕਥਨ ਹੈ ਕਿ ਨਿੰਦਕ ਜਿਹੋ ਜਿਹਾ ਆਪਣੇ ਅੰਦਰ ਭਾਵ ਰੱਖਦਾ ਹੈ, ਉਹੋ ਜਿਹਾ ਫਲ਼ ਪਾ ਲੈਂਦਾ ਹੈ:

ਪਰ ਨਿੰਦਾ ਕਰੇ ਅੰਤਰਿ ਮਲੁ ਲਾਏ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 88)

ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 316)

ਜਿਨ੍ਹਾਂ ਮਨੁੱਖਾਂ ਨੂੰ ਗਿਆਨ ਦੇਣ ਵਾਲਾ ਆਪ ਹੀ ਗਿਆਨਹੀਣ ਹੋਵੇ ਉਸਦੇ ਚੇਲੇ-ਚਾਟੜੇ ਵਿਕਾਰਾਂ ਵਿਚ ਫਸ ਕੇ ਦੂਜਿਆਂ ਦੀ ਨਿੰਦਾ ਕਰਨ ਜਿਹੇ ਕਰਮ ਕਮਾਉਂਦੇ ਹਨ। ਨਿੰਦਕਾਂ ਕੋਲੋਂ ਕਿਸੇ ਦੀ ਹੋ ਰਹੀ ਵਡਿਆਈ ਝੱਲੀ ਨਹੀਂ ਜਾਂਦੀ। "ਦਰਅਸਲ ਹਉਮੈ ਵਾਲਾ ਪੁਰਸ਼ ਦੂਜਿਆਂ ਨੂੰ ਨਾ ਪਸੰਦ ਕਰਦਾ ਹੈ ਤੇ ਉਨ੍ਹਾਂ ਦੀ ਨਿਖੇਧੀ ਕਰਕੇ ਖੁਸ਼ ਹੁੰਦਾ ਹੈ... ...।" (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004* 68) ਚੰਗਾ ਕੰਮ ਕਰ ਰਹੇ ਮਨੁੱਖ ਨੂੰ ਵੀ ਨਿੰਦਕ ਬਖ਼ਸ਼ਦੇ ਨਹੀਂ ਤੇ ਕਈ ਹੋਰ ਲੋਕ (ਜਿਨ੍ਹਾਂ ਦੀ ਨਿੰਦਿਆ ਉਹ ਕਰਦੇ ਹਨ) ਨਿੰਦਕਾਂ ਦੇ ਪ੍ਰਭਾਵ ਹੇਠ ਆ ਕੇ ਚੰਗਿਆਈ ਦਾ ਤਿਆਗ ਵੀ ਕਰ ਦਿੰਦੇ ਸਨ। ਹੇਠ ਲਿਖੀ ਪੰਕਤੀ ਵਿਚ ਭਗਤ ਕਬੀਰ

ਜੀ ਆਖਦੇ ਹਨ ਕਿ ਮੈਂ ਉਨ੍ਹਾਂ ਵਿੱਚੋਂ ਨਹੀਂ ਜਿਹੜੇ ਨਿੰਦਕਾਂ ਦੇ ਪ੍ਰਭਾਵ ਹੇਠ ਆ ਕੇ ਚੰਗਿਆਈ ਦਾ ਤਿਆਗ ਕਰ ਦੇਣ। ਮੈਂ ਤਾਂ ਆਪਣਾ ਕੰਮ ਕਰਾਂਗਾ, ਤੁਸੀਂ ਜੋ ਮਰਜ਼ੀ ਪਏ ਆਖੋ। ਕਿਸੇ ਦੁਆਰਾ ਕੀਤੀ ਜਾ ਰਹੀ ਨਿੰਦਾ ਦੀ ਪਰਵਾਹ ਕਰਕੇ ਆਪਣਾ ਰਸਤਾ ਬਦਲ ਲੈਣਾ ਚੰਗਾ ਨਹੀਂ ਸਮਝਿਆ ਗਿਆ:

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥
ਕੂੜੁ ਕੁਸਤੁ ਸਦਾ ਕਮਾਵਦੇ ਪਰ ਨਿੰਦਾ ਸਦਾ ਕਰੇਨਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 305)

ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 307)

ਜਿਸਨੂੰ ਪਰਾਈ ਨਿੰਦਾ ਦੀ ਚੇਟਕ ਹੋਵੇ ਉਸਨੂੰ ਇਸ ਵਿੱਚੋਂ ਅੰਬ ਚੂਸਣ ਜਿਹਾ ਸੁਆਦ ਆਉਂਦਾ ਹੈ। ਨਿੰਦਕ ਕੇਵਲ ਮੂੰਹ ਨਾਲ ਹੀ ਕੂੜ ਪਰਚਾਰ ਨਹੀਂ ਕਰਦੇ, ਮੌਕਾ ਮਿਲੇ ਤਾਂ ਉਹ, ਜਿਸਦੀ ਨਿੰਦਾ ਕਰਦੇ ਹਨ ਉਸ ਉੱਪਰ, ਹਮਲਾ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ ਪਰ ਸੱਚ ਦੇ ਮਾਰਗ 'ਪੁਰ ਚੱਲਣ ਵਾਲਿਆਂ ਦਾ ਨਿੰਦਕ ਕੁਝ ਵਿਗਾੜ ਨਹੀਂ ਪਾਉਂਦੇ। ਉਨ੍ਹਾਂ ਦੀ ਨਿੰਦਾ ਕਰਨ ਵਾਲੇ ਨੂੰ ਤਾਂ ਲੋਕਾਈ ਦੇ ਸਾਹਵੇਂ ਸ਼ਰਮਿੰਦਾ ਹੀ ਹੋਣਾ ਪੈਂਦਾ ਸੀ। ਸੋ, ਉਨ੍ਹਾਂ (ਨਿੰਦਕਾਂ) ਨੂੰ ਇਹ ਸੌਦਾ ਘਾਟੇ ਵਾਲਾ ਹੀ ਬੈਠਦਾ ਸੀ:

ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 307)

ਸਹਣ ਸੀਲ ਸੰਤੰ ਸਮ ਮਿਤ੍ਰਸ੍ਯ ਦੁਰਜਨਹ॥
ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਉਪਤਿਸਟਤੇ[147]॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1356)

ਮਨਮੁਖੁ ਤਿਨ ਕੀ ਬਖੀਲੀ ਕਿ ਕਰੇ ਜਿ ਸਚੈ ਸਬਦਿ ਸਵਾਰੇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1249)

ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ॥
(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 302)

ਜੋ ਨਿੰਦਾ ਕਰੇ ਸਤਿਗੁਰ ਕੀ ਤਿਸੁ ਕਰਤਾ ਮਾਰ ਦਿਵਾਵੈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 303)

ਨਿੰਦਕਾ ਕੇ ਮੁਹ ਕਾਲੇ ਕਰੇ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 307)

ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 316)

ਮਰਵਾਹੇ ਖੱਤਰੀ ਦੁਆਰਾ ਜਦੋਂ, ਆਪਣੇ ਨੌਕਰ ਰਾਹੀਂ, ਬਾਦਸ਼ਾਹ ਅਕਬਰ ਪਾਸ ਗੁਰੂ ਅਮਰਦਾਸ ਜੀ ਦੀ ਝੂਠੀ ਸ਼ਿਕਾਇਤ ਕੀਤੀ ਗਈ (ਸ਼. ਗੁ. ਪ. ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 306) ਤਾਂ, ਗੁਰੂ ਰਾਮ ਦਾਸ ਜੀ ਅਨੁਸਾਰ, ਉਨ੍ਹਾਂ ਦੋਹਾਂ (ਮਰਵਾਹੇ ਖੱਤਰੀ ਅਤੇ ਉਸਦੇ ਨੌਕਰ) ਨੂੰ ਮੂੰਹ ਦੀ ਖਾਣੀ ਪਈ। ਇੱਕ ਤਪੇ (ਜੋ ਗੁਰੂ ਅਮਰਦਾਸ ਜੀ ਦਾ ਵਿਰੋਧੀ ਸੀ ਅਤੇ ਉਨ੍ਹਾਂ ਦੀ ਨਿੰਦਾ ਕਰਦਾ ਸੀ) ਦਾ ਹਾਲ ਗੁਰੂ ਰਾਮ ਦਾਸ ਜੀ ਆਪਣੀ ਬਾਣੀ ਦੀਆਂ ਪੰਕਤੀਆਂ ਵਿੱਚ ਬਿਆਨ ਕਰਦੇ ਹਨ। ਬੇਮਖਿ ਨਿੰਦਕ ਗੁਰੂ

ਸਾਹਿਬ ਦੀ ਵਡਿਆਈ ਨੂੰ ਉਜਾਗਰ ਹੋਣ ਤੋਂ ਕਿਸੇ ਵੀ ਹੀਲੇ ਰੋਕ ਨਾ ਸਕੇ। ਉਨ੍ਹਾਂ ਨੇ ਜਿੰਨਾ ਕੂੜ ਪਰਚਾਰ ਕੀਤਾ, ਗੁਰੂ ਸਾਹਿਬ ਦੀ ਨਿਰਮਲ ਉਸ ਤੋਂ ਕਈ ਗੁਣਾ ਵੱਧ ਸੰਸਾਰ ਵਿੱਚ ਫੈਲੀ:

ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 306)

ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ॥
ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੈ ਨੋ ਫਲੁ ਲਗਾ ਸਭੁ ਗਇਆ ਤਪੈ ਦਾ ਘਾਲਿਆ॥
(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 315)

ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੋਕਾਈ॥
ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ॥
ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ॥
ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ ਪਾਈ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 307)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਵੀ ਨਿੰਦਾ ਤੋਂ ਸੱਖਣਾ ਨਹੀਂ। ਅਜੋਕੇ ਮਨੁੱਖ ਦੇ ਮੂੰਹ ਤੋਂ ਕਿਸੇ ਦੀ ਸਿਫ਼ਤ ਵਿਚ ਦੋ ਸ਼ਬਦ ਕਿਸੇ ਮਜਬੂਰੀ ਜਾਂ ਲਾਲਚ ਵੱਸ ਤਾਂ ਭਾਵੇਂ ਨਿੱਕਲ ਆਉਣ ਪਰ ਪ੍ਰਸੰਨ ਚਿੱਤ ਹੋ ਕੇ ਉਹ ਕਿਸੇ ਦੀ ਤਾਰੀਫ਼ ਕਰ ਦੇਵੇ, ਇਹ ਮੁਸ਼ਕਿਲ ਹੀ ਹੈ। ਅਸੀਂ ਦੂਜਿਆਂ ਦੀ ਨਿੰਦਾ ਕਰ ਕੇ, ਉਨ੍ਹਾਂ ਨੂੰ ਬੁਰੇ ਬਣਾ ਕੇ, ਆਪ ਚੰਗਾ ਬਣਨਾ ਚਾਹੁੰਦੇ ਹਾਂ। ਪਰ ਸੱਚ ਇੱਕ ਦਿਨ ਸਾਹਮਣੇ ਆ ਹੀ ਜਾਂਦਾ ਹੈ ਤੇ ਝੂਠੇ, ਨਿੰਦਕ ਮਨੁੱਖ ਨੂੰ ਮੂੰਹ ਦੀ ਖਾਣੀ ਪੈਂਦੀ ਹੈ।

ਸੱਚ ਦੇ ਕਦਮ ਵਧਣੋਂ ਕਦੋਂ ਰੁਕ ਸਕਦੇ ਹਨ। ਅਖ਼ੀਰ ਨਿੰਦਕ ਲੋਕ ਹਾਰ ਹੰਭ ਕੇ ਆਪ ਹੀ ਬੈਠ ਜਾਂਦੇ ਹਨ। ਆਧੁਨਿਕ ਖੋਜਾਂ ਦੱਸਦੀਆਂ ਹਨ ਕਿ ਮਨੁੱਖ ਨੂੰ ਦੂਜੇ ਦੀ ਨਿੰਦਿਆ ਕਰ ਕੇ ਬੜਾ ਆਰਾਮ ਅਤੇ ਸੁਆਦ ਮਿਲਦਾ ਹੈ। ਨਿੰਦਕ ਮਨੁੱਖਾਂ ਨੂੰ ਕਿਸੇ ਦੀ ਵੀ ਸ਼ੋਭਾ ਅਤੇ ਵਡਿਆਈ ਚੰਗੀ ਨਹੀਂ ਲਗਦੀ। ਉਹ ਤਾਂ ਹਰ ਮਨੁੱਖ ਵਿੱਚ ਨੁਕਸ ਹੀ ਕੱਢਦੇ ਫਿਰਦੇ ਹਨ।

ਚੰਗੇ ਰਾਹ 'ਤੇ ਤੁਰਨ ਵਾਲੇ ਕਈ ਮਨੁੱਖ ਇਨ੍ਹਾਂ ਨਿੰਦਕਾਂ ਦੇ ਪਿੱਛੇ ਲੱਗ ਕੇ ਸੱਚਾਈ ਦਾ ਰਸਤਾ ਛੱਡ ਕੇ ਗ਼ਲਤ ਰਾਹਾਂ 'ਤੇ ਤੁਰ ਪੈਂਦੇ ਹਨ। ਅਜਿਹੇ ਵਿੱਚ ਨਿੰਦਕ ਲੋਕ ਆਪਣੀ ਸਫ਼ਲਤਾ ਸਮਝਦੇ ਹਨ। ਪਰ ਆਪਣੇ ਟੀਚੇ ਨੂੰ ਪੂਰਨ ਸਮਰਪਿਤ ਮਨੁੱਖ ਕਿਸੇ ਦੀ ਵੀ ਪਰਵਾਹ ਨਹੀਂ ਕਰਦੇ। ਉਹ ਕਹਿੰਦੇ ਹਨ, "ਕੁੱਤੇ ਭੌਂਕਦੇ ਰਹਿੰਦੇ ਹਨ ਤੇ ਹਾਥੀ ਤੁਰੇ ਜਾਂਦੇ ਹਨ।" ਉਹ ਆਪਣੇ ਟੀਚੇ ਪ੍ਰਤੀ ਇਕਾਗਰ ਹੋਏ, ਉਸ ਵੱਲ ਵਧਦੇ ਹੀ ਜਾਂਦੇ ਹਨ ਤੇ ਇੱਕ ਦਿਨ ਸਫ਼ਲਤਾ ਪ੍ਰਾਪਤ ਕਰਦੇ ਹਨ। ਅਜਿਹੇ ਵਿੱਚ ਨਿੰਦਕਾਂ ਦੇ ਹੱਥ-ਪੱਲੇ ਕੁਝ ਨਹੀਂ ਪੈਂਦਾ ਤੇ ਉਨ੍ਹਾਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ।

### 2.2.10 ਤ੍ਰਿਸ਼ਨਾ

ਭਾਈ ਕਾਨ੍ਹ ਸਿੰਘ ਨਾਭਾ ਨੇ ਤ੍ਰਿਸ਼ਨਾ ਨੂੰ "ਪ੍ਰਾਪਤੀ ਦੀ ਪ੍ਰਬਲ ਇੱਛਾ"(ਨਾਭਾ, *ਮਹਾਨ ਕੋਸ਼* 606) ਆਖਿਆ ਹੈ। ਗੁਰੂ ਨਾਨਕ ਦੇਵ ਜੀ "ਤ੍ਰਿਸਨਾ ਧਾਤੁ" (*ਸ੍ਰੀ ਗੁਰੂ ਗ੍ਰੰਥ ਸਾਹਿਬ* 553) ਆਖ ਕੇ ਮਨੁੱਖ ਦੀ ਸਾਰੀ ਨੱਠ-ਭੱਜ ਦਾ ਮੂਲ ਤ੍ਰਿਸ਼ਨਾ ਨੂੰ ਹੀ

ਮੰਨਦੇ ਹਨ। ਗੁਰੂ ਅਮਰਦਾਸ ਜੀ ਦੱਸਦੇ ਹਨ ਕਿ ਸਮੁੱਚੀ ਲੋਕਾਈ ਹੀ ਤ੍ਰਿਸ਼ਨਾ ਰੂਪੀ ਅੱਗ ਵਿਚ ਮਚ ਰਹੀ ਹੈ। ਇਸਦੀ ਪਕੜ ਨੇ ਸਾਰੇ ਸੰਸਾਰ ਨੂੰ ਜਕੜ ਰੱਖਿਆ ਹੈ। ਗੱਭਰੂਆਂ ਦੇ ਸਮੇਤ ਇਹ ਬਿਰਧਾਂ ਨੂੰ ਵੀ ਆਪਣੀ ਲਪੇਟ ਵਿਚ ਲਏ ਹੋਏ ਹੈ:

ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 588)

ਲਖ ਚਉਰਾਸੀਹ ਮੇਦਨੀ ਤਿਸਨਾ ਜਲਤੀ ਕਰੇ ਪੁਕਾਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1416)

ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 851)

ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 649)

ਮਨੁੱਖ ਦੇ ਮਨ ਵਿਚ ਪਲ-ਪਲ ਦੌਰਾਨ ਤ੍ਰਿਸ਼ਨਾ ਦੀਆਂ ਕਈ ਲਹਿਰਾਂ ਉੱਠਦੀਆਂ ਹਨ। ਇਹ ਨਹੀਂ ਕਿ ਵਾਰ-ਵਾਰ ਕਿਸੇ ਕੰਮ ਨੂੰ (ਜਿਸ ਵਿੱਚੋਂ ਮਨ ਨੂੰ ਆਪਣੀ ਭੁੱਖ ਮਿਟਦੀ ਪ੍ਰਤੀਤ ਹੁੰਦੀ ਹੈ) ਦੁਹਰਾਉਣ ਨਾਲ ਤ੍ਰਿਸ਼ਨਾ-ਰੂਪੀ ਭੁੱਖ ਮਿਟ ਜਾਵੇਗੀ, ਇਹ ਤਾਂ ਫਿਰ-ਫਿਰ ਚਮਕ ਉੱਠੇਗੀ। ਦੂਜੇ ਦਾ ਧਨ ਮੇਰੇ ਕੋਲ ਆ ਜਾਵੇ, ਦੂਜਾ ਮੇਰੇ ਨਾਲੋਂ ਵੱਧ ਉੱਨਤ ਨਾ ਹੋ ਜਾਵੇ(ਉਸਦੇ ਕੰਮਾਂ ਦੇ ਰਾਹ ਵਿਚ ਰੋੜਾ ਅਟਕਾਉਣਾ), ਦੂਜਿਆਂ ਬਾਰੇ ਬੋਲ-ਕੁਬੋਲ ਬੋਲਣੇ(ਆਪਣਾ ਮਤਲਬ ਸਿੱਧ ਕਰਨਾ), ਧਨ-ਪਦਾਰਥਾਂ ਵੱਲੋਂ ਸਦਾ ਅਤ੍ਰਿਪਤ ਰਹਿਣਾ, ਸੂਰਾਂ ਦੀ ਨਿਆਈਂ ਮਲ-ਭਖ ਕਰਨਾ, ਇਹ ਸਾਰੇ ਲੱਛਣ "ਮੈਂ ਲੈ ਲਵਾਂ, ਮੈਂ ਲੈ ਲਵਾਂ" ਕਰਦੇ ਤ੍ਰਿਸ਼ਨਾਲੂ ਮਨੁੱਖ ਦੇ ਹਨ:

ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1088)

ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ॥
ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ॥

(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1360)

ਤ੍ਰਿਸ਼ਨਾ-ਰੂਪੀ ਭੁੱਖ ਦੀ ਤ੍ਰਿਪਤੀ ਲਈ ਮਨੁੱਖ ਬੜੇ ਕਰਮ, ਬੜੇ ਯਤਨ ਕਰਦਾ ਹੈ; ਸਭ ਕੁਝ ਕਰਦਾ ਥੱਕ ਜਾਂਦਾ ਹੈ ਪਰ ਨਿਹਫਲ। ਤੇ ਸਿਰਫ਼ ਥੱਕਿਆ ਹੀ ਨਹੀਂ, ਮਨੁੱਖ ਦਾ ਤਾਂ ਆਪਣਾ-ਆਪਾ ਇਨ੍ਹਾਂ ਭੁੱਖਾਂ ਨੂੰ ਤ੍ਰਿਪਤ ਕਰਦਾ ਕਰਦਾ ਮੁੱਕ ਗਿਆ ਪਰ ਇਹ ਤ੍ਰਿਸ਼ਨਾਵਾਂ ਨਹੀਂ ਮੁੱਕੀਆਂ। ਤ੍ਰਿਸ਼ਨਾ ਮਨ ਦੀ ਇਕਾਗਰਤਾ ਬਣਨ ਨਹੀਂ ਦਿੰਦੀ। ਤ੍ਰਿਸ਼ਨਾ-ਰੂਪੀ ਭੁੱਖ ਤਾਂ ਪਰਮਾਤਮਾ ਦਾ ਨਾਮ ਜੱਪਣ ਨਾਲ ਸ਼ਾਂਤ ਹੁੰਦੀ ਹੈ। ਤ੍ਰਿਸ਼ਨਾ ਦੇ ਪ੍ਰਭਾਵ ਅਧੀਨ ਧਾਰਮਿਕ ਕਰਮ ਕਰਨ ਦਾ ਵੀ ਕੋਈ ਲਾਭ ਨਹੀਂ। ਇਨ੍ਹਾਂ ਕਾਰਜਾਂ ਵਿਚ ਇਕਾਗਰਤਾ ਬਣੇ ਤਾਂ ਕੀਤਾ ਕਾਰਜ ਸਫ਼ਲ ਹੈ:

ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 257)

ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 517)

ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ॥
ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

**ਅਜੋਕੀ ਸਥਿਤੀ:** ਪ੍ਰਾਪਤੀ ਦੀ ਇਹ ਪ੍ਰਬਲ ਇੱਛਾ (ਤ੍ਰਿਸ਼ਨਾ) ਅਜੋਕੇ ਮਨੁੱਖ ਨੂੰ ਵੀ ਬੜੀ ਬੁਰੀ ਤਰ੍ਹਾਂ ਚੰਬੜੀ ਹੋਈ ਹੈ। ਮਨੁੱਖ ਮਿੱਥੀ ਹੋਈ ਚੀਜ਼ ਦੀ ਪ੍ਰਾਪਤੀ ਹਿੱਤ ਸਿਰ-ਪੈਰ ਤੋਂ ਜ਼ੋਰ ਲਾਉਂਦਾ ਹੈ ਅਤੇ ਉਸ ਚੀਜ਼ ਦੀ ਪ੍ਰਾਪਤੀ ਲਈ ਹਰ ਜਾਇਜ਼-ਨਾਜਾਇਜ਼ ਢੰਗ ਅਪਣਾਉਂਦਾ ਹੈ। ਇਸੇ ਤ੍ਰਿਸ਼ਨਾ ਕਾਰਨ ਹੀ ਅੱਜ ਦੇ ਮਨੁੱਖ ਨੂੰ ਦਿਨ ਨੂੰ ਤਾਂ ਕੀ, ਰਾਤ ਨੂੰ ਵੀ ਚੈਨ ਨਹੀਂ। ਉਹ ਦਿਨ-ਰਾਤ ਬੇਚੈਨ ਹੈ।

"ਸੁਖੀ ਜੀਵਨ ਦੀ ਪਹਿਲੀ ਪੌੜੀ ਹੈ ਸੰਤੁਸ਼ਟੀ। ਅੱਜ ਦੇ ਜ਼ਮਾਨੇ ਵਿਚ ਸੰਤੁਸ਼ਟ ਵਿਅਕਤੀ ਦੀਵਾ ਲੈ ਕੇ ਲੱਭਣ 'ਤੇ ਵੀ ਸ਼ਾਇਦ ਨਹੀਂ ਮਿਲੇਗਾ। ਕੋਈ ਕਾਰੋਬਾਰ ਨੂੰ ਲੈ ਕੇ ਤਾਂ ਕੋਈ ਪਰਿਵਾਰ ਨੂੰ ਲੈ ਕੇ ਫਿਕਰ ਵਿਚ ਡੁੱਬਿਆ ਹੈ। ਬੇਟਿਆਂ ਦੇ ਫਿਕਰ ਵਿਚ ਪਤਲੇ ਹੁੰਦੇ ਜਾ ਰਹੇ ਅਨੇਕਾਂ ਪਿਤਾ ਤੁਹਾਨੂੰ ਮਿਲ ਜਾਣਗੇ, ਜਦੋਂਕਿ ਇਸ ਤਰ੍ਹਾਂ ਦਾ ਸੁਭਾਅ ਆਦਮੀ ਨੂੰ ਆਲਸੀ ਤੇ ਡਰਪੋਕ ਬਣਾਉਂਦਾ ਹੈ, ਜਦੋਂ ਆਤਮਨਿਰਭਰ ਬਣਨ ਦੀ ਆਦਤ ਪੁਰਸ਼ਾਰਥੀ, ਤੇਜਸਵੀ ਤੇ ਹਿੰਮਤੀ ਬਣਾਉਂਦੀ ਹੈ। ਸੰਤੁਸ਼ਟੀ ਨਾ ਹੋਣ ਕਾਰਨ ਵਿਕਾਸ ਵੀ ਅਸੰਤੁਲਿਤ ਹੁੰਦਾ ਹੈ।" (ਗਿਆਨ ਅੰਮ੍ਰਿਤ, *ਰੋਜ਼ਾਨਾ ਜਗ ਬਾਣੀ ਮਿਤੀ 29.10.2017* 11)

ਅਜੋਕਾ ਮਨੁੱਖ ਬੁਰੀ ਤਰ੍ਹਾਂ ਤ੍ਰਿਸ਼ਨਾ ਦੇ ਪ੍ਰਭਾਵ ਹੇਠ ਹੈ। ਉਸ ਦੀ ਭੁੱਖ ਕਿਧਰੇ ਵੀ ਮਿਟਦੀ ਦਿਖਾਈ ਨਹੀਂ ਦੇ ਰਹੀ। ਉਹ ਤਾਂ ਸਾਰੇ ਸੰਸਾਰ ਨੂੰ ਆਪਣੀ ਮੁੱਠੀ ਵਿੱਚ ਕਰਨਾ ਚਾਹੁੰਦਾ ਹੈ। ਆਪਣੀਆਂ ਅਕਾਂਖਿਆਵਾਂ ਦੀ ਤ੍ਰਿਪਤੀ ਹਿਤ ਉਹ ਦੂਜਿਆਂ ਦੇ ਰਾਹ ਵਿੱਚ ਰੋੜਾ ਬਣਦਾ ਹੈ। ਉਹ ਦੂਜਿਆਂ ਨੂੰ ਬੁਰਾ-ਭਲਾ ਆਖਦਾ ਹੈ। ਇਸੇ ਦੌੜ ਵਿੱਚ ਉਸਦੇ ਦਿਨ-ਰਾਤ ਬੀਤ ਰਹੇ ਹਨ ਪਰ ਉਸਨੂੰ ਕਿਧਰੇ ਵੀ ਸਬਰ ਪੈਂਦਾ ਦਿਖਾਈ ਨਹੀਂ ਦੇ ਰਿਹਾ।

### 2.2.11 ਲਾਲਚ

"ਲੋਭ ਅਤੇ ਖ਼ੁਦਗਰਜ਼ੀ ਬਹੁਤ ਪੁਰਾਣੇ ਮਾਨਸਿਕ ਰੋਗ ਹਨ।" (ਪੂਰਨ ਸਿੰਘ, *ਸਾਇੰਸ ਦਾ ਸੰਸਾਰ* 62) "ਲੋਭ ਲਾਲਚ ਨੂੰ 'ਕੁੱਤਾ' ਕਿਹਾ ਗਿਆ ਹੈ...।" (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004* 62) "ਜਦ ਲੋੜ ਨਹੀਂ ਤਾਂ ਇਨ੍ਹਾਂ ਨੂੰ ਬੰਨ੍ਹ ਕੇ ਨਾਲ ਲੈ ਟੁਰਨਾ ਲੋਭ ਹੈ।"(ਵੀਰ ਸਿੰਘ, *ਭਾਈ ਮਰਦਾਨਾ* 16) ਭਾਈ ਕਾਨ੍ਹ ਸਿੰਘ ਨਾਭਾ ਨੇ ਲਾਲ ਦੇ ਅਰਥ "ਲੋਭ. ਲਾਲਸਾ" (*ਮਹਾਨ ਕੋਸ਼* 1064) ਕੀਤੇ ਹਨ। '(ਗੁਰੂ ਨਾਨਕ ਦੇਵ ਜੀ) ਨਵਾਬ ਦੌਲਤ ਖਾਂ ਦੇ ਮੋਦੀ ਬਣੇ। ਅਜਿਹੀ ਥਾਈਂ ਰਿਸ਼ਵਤ ਚੱਲਣੀ ਆਮ ਗੱਲ ਹੋਇਆ ਕਰਦੀ ਹੈ। ਪਰ ਪੁਰਾਣਾ ਇਤਿਹਾਸ ਲਿਖਦਾ ਹੈ, "ਗੁਰੂ ਨਾਨਕ ਜੀ ਕਿਸੀ ਕੀ ਦਮੜੀ ਨਾ ਰਖੈ। ਬੜੀ ਸੋਭਾ ਹੋਈ। ਜਿਤਨੀ ਰਈਅਤ ਸਭ ਦੁਆਈਂ ਲੱਗੀ ਦੇਵਣ।" ' (ਸਾਹਿਬ ਸਿੰਘ,*ਸਿਧ ਗੋਸਟਿ ਸਟੀਕ* 8) ਇਸ (ਅੰਤਲੇ) ਹਵਾਲੇ ਦੀ ਦੂਜੀ ਪੰਕਤੀ ਤਤਕਾਲੀ ਮਨੁੱਖ ਦੀ ਲੋਭੀ ਪ੍ਰਵਿਰਤੀ ਦੀ ਲਖਾਇਕ ਹੈ। ਲਾਲਚ ਮਨੁੱਖ ਨੂੰ ਦੌੜਾਈ ਫਿਰਦਾ ਰਹਿੰਦਾ ਹੈ। ਸਲੋਕ ਬਾਣੀ ਵਿਚਲੇ ਉਲੇਖਾਂ ਤੋਂ ਪਤਾ ਲੱਗਦਾ ਹੈ ਕਿ ਗੁਰਬਾਣੀ ਰਚਨਾ-ਕਾਲ ਦੌਰਾਨ ਵਿਚਰਨ ਕਰਦਾ ਹੋਇਆ ਮਨੁੱਖ ਇਸ ਰੁਚੀ ਵਾਲਾ ਵੀ ਸੀ। ਗੁਰੂ ਸਾਹਿਬ ਦੱਸਦੇ ਹਨ ਕਿ ਮਨੁੱਖ ਲਾਲਚ ਅਧੀਨ ਹੋ ਕੇ ਨਿਕੰਮੇ (ਜਿਸ ਵਿਚ ਹੋਰਾਂ ਦਾ ਭਾਵੇਂ ਨੁਕਸਾਨ ਹੀ ਹੋ ਜਾਵੇ) ਕਾਰਜਾਂ ਵਿਚ ਲੱਗਾ ਰਹਿੰਦਾ ਹੈ:

ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 304)

ਲਾਲਚ ਦਾ ਮਾਰਿਆ ਮਨੁੱਖ ਆਪਣੇ ਚੰਗੇ ਭਵਿੱਖ ਬਾਰੇ ਵੀ ਕੁਝ ਨਹੀਂ ਸੋਚਦਾ, ਉਹ ਇਹ ਨਹੀਂ ਵਿਚਾਰਦਾ ਕਿ ਜਿਹੜੇ ਕਾਰਜ ਉਹ ਕਰ ਰਿਹਾ ਹੈ, ਭਵਿੱਖ ਵਿਚ ਉਹ ਕਾਰਜ ਉਸ ਲਈ ਲਾਹੇਵੰਦ ਨਹੀਂ ਹੋਣਗੇ। ਗੁਰੂ ਸਾਹਿਬ ਆਖਦੇ ਹਨ ਕਿ ਇਸ ਲੋਕ-ਮਾਰੂ ਪ੍ਰਵਿਰਤੀ ਦਾ ਤਿਆਗ ਕਰ ਕੇ ਆਪਣੇ ਚੰਗੇਰੇ ਭਵਿੱਖ ਲਈ ਯਤਨ ਕਰ। ਭਾਵ ਹੱਕ ਦੀ ਕਮਾਈ ਕਰ। ਲਾਲਚੀ

ਪ੍ਰਵਿਰਤੀ-ਰੂਪ ਛਤਰੀ ਹੇਠਾਂ ਝੂਠ ਅਤੇ ਬੇਲੋੜਾ ਲਗਾਓ ਆਦਿ ਵਿਕਾਰ ਆਪਣੇ-ਆਪ ਫੁੱਟ ਪੈਂਦੇ ਹਨ। ਲਾਲਚੀ ਮਨੁੱਖ 'ਧਨ ਹੀ ਧਨ' ਦੀ ਰਟ ਲਗਾਈ ਰੱਖਦਾ ਹੈ। ਲੋਭੀ ਪ੍ਰਵਿਰਤੀ ਅਧੀਨ ਮਨੁੱਖ ਕਈ ਮਾਨਸਿਕ ਉਤਾਰ-ਚੜ੍ਹਾਵਾਂ ਵਿਚ ਵਿਚਰਦਾ ਹੈ। ਲਾਲਚੀ ਪ੍ਰਵਿਰਤੀ ਅਧੀਨ ਉਹ ਕਈ ਤਰ੍ਹਾਂ ਦੀ ਨੱਠ-ਭੱਜ ਕਰਦਾ ਹੈ ਅਤੇ ਲਾਭ-ਹਾਨੀ ਦੇ ਜੋੜ-ਤੋੜ ਕਰਦਾ ਰਹਿੰਦਾ ਹੈ। ਇਸ ਪ੍ਰਵਿਰਤੀ ਅਧੀਨ ਤਾਂ ਉਹ ਆਪਣੇ ਹਿੱਤ ਦੀ ਖ਼ਾਤਰ ਆਪਣੇ ਮਿੱਤਰਾਂ, ਇਸ਼ਟ, ਸਬੰਧੀਆਂ ਅਤੇ ਮਾਤਾ-ਪਿਤਾ ਨੂੰ ਵੀ ਵਰਤ ਜਾਂਦਾ ਹੈ। ਕਿਸੇ ਦੀ ਸ਼ਰਮ ਨਾ ਮੰਨਦਾ ਹੋਇਆ ਧਿਰਕਾਰ ਯੋਗ ਕਰਮ ਕਰਦਾ ਹੈ, ਜਿਹੜੀ ਚੀਜ਼ ਨਾ ਖਾਣ ਯੋਗ ਹੈ ਉਹ ਖਾਂਦਾ ਹੈ ਅਤੇ ਲਾਲਚ ਅੱਟਿਆ ਨਾ-ਮੁਮਕਿਨ (ਮਨੁੱਖਤਾ ਤੋਂ ਗਿਰੇ ਹੋਏ) ਕੰਮਾਂ ਨੂੰ ਹੱਥ ਪਾਉਂਦਾ ਹੈ:

ਲਾਲਚਿ ਅਟਿਆ ਨਿਤ ਫਿਰੈ ਸੁਆਰਥੁ ਕਰੇ ਨ ਕੋਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 321)

ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 252)

ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹੁ ਸਭ ਕੂਰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 250)

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ॥

ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ॥

ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਮਾਤ ਪਿਤਾ ਤਵ ਲਜਯਾ॥

ਅਕਰਣੰ ਕਰੋਤਿ ਅਖਾਦ੍ਹਿ ਖਾਦ੍ਹੰ ਅਸਾਜ੍ਹੰ ਸਾਜਿ ਸਮਜਯਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)

ਲਾਲਚੀ ਮਨੁੱਖ ਦਾ ਪਿਆਰ ਵੀ ਦਿਖਾਵੇ ਦਾ ਹੀ ਹੁੰਦਾ ਹੈ। ਲਾਲਚੀ ਮਨੁੱਖ ਨਾਲ ਕੀਤੀ ਪ੍ਰੀਤ ਦਾ ਮੁੱਲ ਕੌਡੀ ਵੀ ਨਹੀਂ ਹੁੰਦਾ। ਝੂਠੀ ਪ੍ਰੀਤ ਦੀ ਕੀਮਤ ਵੀ ਝੂਠੀ ਹੀ ਹੁੰਦੀ ਹੈ। ਗੁਰੂ ਅਮਰਦਾਸ ਜੀ ਜਿੱਥੋਂ ਤੱਕ ਹੋ ਸਕੇ, ਲੋਭੀ ਦਾ ਯਕੀਨ ਨਾ ਕਰਨ ਦੀ ਸਲਾਹ ਦਿੰਦੇ ਹਨ। ਭਗਤ ਕਬੀਰ ਜੀ ਆਖਦੇ ਹਨ ਕਿ ਲਾਲਚ ਦੇ ਵੇਸ ਹੇਠ ਅਸਲ ਵਿਚ ਮੌਤ ਹੀ ਲੁਕੀ ਹੋਈ ਹੁੰਦੀ ਹੈ। ਮਿੱਠੇ ਮਗਰ ਮੱਖੀ ਆਪਣੀ ਜਾਨ ਹੀ ਗੁਆ ਬਹਿੰਦੀ ਹੈ। ਲੋਭੀ ਪ੍ਰਵਿਰਤੀ ਅਧੀਨ ਮਨੁੱਖ ਦੀ ਮੱਤ ਵਿਸਰ ਜਾਂਦੀ ਹੈ। ਹਿੱਤ ਦਾ ਬੱਧਾ ਮੂਰਖ ਥਾਂ-ਕੁਥਾਂ ਵੀ ਨਹੀਂ ਜਾਣਦਾ। ਲਾਲਚੀ ਮਨੁੱਖ ਆਪਣਾ ਇੱਜ਼ਤ-ਮਾਣ ਗੁਆ ਬਹਿੰਦਾ ਹੈ। ਇਸ ਲਈ ਲਾਲਚੀ ਬਿਰਤੀ ਦਾ ਤਿਆਗ ਕਰਨਾ ਜ਼ਰੂਰੀ ਹੈ:

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1417)

ਜਹਾ ਲੋਭੁ ਤਹ ਕਾਲੁ ਹੈ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਮਖੰੀ ਮਿਠੈ ਮਰਣਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਲੋਭਿ ਲਹਰਿ ਸੁਧਿ ਮਤਿ ਗਈ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1250)

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1427)

ਮਹਲੁ ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 649)

ਕੂੜੈ ਲਾਲਚਿ ਲਗਿਆ ਨਾ ਉਰਵਾਰੁ ਨ ਪਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 512)

ਗੁਰੂ ਨਾਨਕ ਦੇਵ ਜੀ ਲੋਭ ਨੂੰ ਮਨ ਦੀ ਗੰਦਗੀ ਦੱਸਦੇ ਹਨ। ਗੁਰੂ ਅਰਜਨ ਦੇਵ ਜੀ, ਲੋਭ-ਲਹਿਰ ਵਿਚ ਗ੍ਰਸੇ ਪ੍ਰਾਣੀਆਂ ਨੂੰ, ਹੋਰ ਵਿਕਾਰਾਂ ਸਮੇਤ, ਇਸਦਾ ਵੀ ਤਿਆਗ ਕਰਨ ਦਾ ਉਪਦੇਸ਼ ਦਿੰਦੇ ਹਨ:

ਮਨ ਕਾ ਸੂਤਕੁ ਲੋਭੁ ਹੈ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 519)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਬੁਰੀ ਤਰ੍ਹਾਂ ਲਾਲਚ ਦਾ ਸ਼ਿਕਾਰ ਹੈ। ਉਹ ਵੱਧ ਤੋਂ ਵੱਧ ਪਾਉਣਾ ਚਾਹੁੰਦਾ ਹੈ। ਮਨੁੱਖ ਦੀ ਇਸੇ ਲਾਲਚੀ ਪ੍ਰਵਿਰਤੀ ਨੇ ਉਸਦੇ ਰਿਸ਼ਤੇ ਵੀ ਵਿਕਾਊ ਬਣਾ ਦਿੱਤੇ ਹਨ। ਅਜੋਕਾ ਮਨੁੱਖ ਲਾਲਚ ਵੱਸ ਹੋਇਆ ਹੋਇਆ ਰਿਸ਼ਤਿਆਂ ਦਾ ਵੀ ਮੁੱਲ ਵੱਟਦਾ ਹੈ। ਉਹ ਓਥੇ ਹੀ ਸਬੰਧ ਬਣਾਉਂਦਾ ਤੇ ਨਿਭਾਉਂਦਾ ਹੈ ਜਿੱਥੋਂ ਉਸਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਰਹਿਣ ਜਾਂ ਹੋ ਸਕਣ। ਆਪਣੇ ਹਿੱਤ ਕਾਰਨ ਵੱਡੇ ਤੋਂ ਵੱਡੇ ਸਬੰਧ ਦੀ ਬਲੀ ਦੇ ਦਿੱਤੀ ਜਾਂਦੀ ਹੈ। "ਪਿਛਲੇ ਦੌਰ ਤੋਂ ਵਿਸ਼ਵ ਦੇ ਸਮਾਜਾਂ ਅਤੇ ਸਭਿਆਚਾਰਾਂ ਵਿਚ ਜੋ ਸੰਕਟ ਪੈਦਾ ਹੋਣੇ ਸ਼ੁਰੂ ਹੋਏ ਉਨ੍ਹਾਂ ਵਿਚ ਇਕ ਸੰਕਟ ਨਿਰੋਲ ਪਦਾਰਥਵਾਦੀ ਸੋਚ ਦੇ ਉਦੈ ਹੋਣ ਕਰਕੇ ਹੈ।" (ਭੱਠਲ ਅਤੇ ਸੁਰਜੀਤ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ : ਵਿਭਿੰਨ ਪਾਸਾਰ* 42) "ਮਨੁੱਖ ਨੇ ਜ਼ਿੰਦਗੀ ਦੇ ਹਰ ਖੇਤਰ ਵਿਚ ਹੀ ਪ੍ਰਗਤੀ ਦੀਆਂ ਬੇਸ਼ੁਮਾਰ ਪਲਾਂਘਾਂ ਪੁੱਟੀਆਂ ਹਨ। ਆਪਣੇ ਜੀਵਨ ਨੂੰ ਸੁਖਦਾਈ ਬਣਾਉਣ ਲਈ ਮਨੁੱਖ ਨੇ ਨਿੱਜੀ ਹਿਤਾਂ ਦੀ ਖਾਤਰ ਲਾਲਚ ਤੇ ਸਵਾਰਥ ਦਾ ਰਾਹ ਫੜ ਲਿਆ ਹੈ। ਇਸ ਸੱਭਿਅਕ ਮਨੁੱਖੀ ਸਮਾਜ ਵਿਚ ਮਨੁੱਖ ਦੀ ਜ਼ਿੰਦਗੀ ਭਿਆਨਕ ਦਰਿੰਦਗੀ ਨਾਲ ਭਰੀ ਪਈ ਹੈ। ਸੱਭਿਅਤਾ ਦਾ ਨਕਾਬ ਪਾਈ ਅਜੋਕਾ ਮਨੁੱਖ ਏਨਾ ਲਾਲਚੀ, ਸਵਾਰਥੀ ਅਤੇ ਅਣਮਨੁੱਖੀ ਰੁਚੀਆਂ ਵਾਲਾ ਹੋ ਗਿਆ ਹੈ ਕਿ ਉਹਸਮਾਜ ਦੀਆਂ ਸਭ ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਨੂੰ ਉਲੰਘ ਕੇ ਉਸ ਰਾਹ 'ਤੇ ਤੁਰ ਪਿਆ ਹੈ, ਜਿਹੜਾ ਹਨੇਰੀ ਤੇ ਅੰਨ੍ਹੀ ਗੁਫ਼ਾ ਵੱਲ ਜਾਂਦਾ ਹੈ। ਧੰਨ ਤੇ ਜਾਇਦਾਦ ਦੇ ਲਾਲਚ ਵਿਚ ਮਨੁੱਖ ਇਸ ਕਦਰ ਅੰਨ੍ਹਾ ਹੋ ਚੁੱਕਾ ਹੈ ਕਿ ਉਹ ਸਭ ਕੁਝ ਹੜੱਪ ਜਾਣ ਲਈ ਖ਼ੂਨ ਦੇ ਰਿਸ਼ਤਿਆਂ ਦਾ ਘਾਣ ਕਰਨ ਲੱਗਾ ਵੀ ਪਲ ਨਹੀਂ ਲਾਉਂਦਾ।" (ਗੁਰਬਿੰਦਰ ਸਿੰਘ ਮਾਣਕ, *ਅਜੀਤ ਰੋਜ਼ਾਨਾ 19.10.2017* 4) "ਆਮ ਲੋਕਾਂ ਦੀ ਹਉਮੈ ਨੂੰ ਪੱਠੇ ਪਦਾਰਥਵਾਦੀ ਚੀਜ਼ਾਂ ਤੇ ਸਾਮਾਨ ਦੀ ਬਹੁਲਤਾ ਪਾਉਂਦੀ ਹੈ। ਇਹ ਲਾਲਚ ਉਹਨਾਂ ਨੂੰ ਨਿਚੱਲਿਆਂ ਬੈਠਣ ਨਹੀਂ ਦਿੰਦਾ, ਜਿਸ ਨਾਲ ਮਾਨਸਿਕ ਤਣਾਅ ਵਧਦਾ ਹੈ। ਸਾਡੇ ਅੰਗਾਂ ਯਾਨੀ ਹੱਥਾਂ, ਬਾਹਾਂ, ਲੱਤਾਂ, ਦਿਮਾਗ਼, ਕੰਨ ਅਤੇ ਅੱਖਾਂ ਆਦਿ 'ਚ ਤਾਂ ਭਾਵੇਂ ਫਰਕ ਨਹੀਂ ਪਿਆ ਪਰ ਇਹਨਾਂ ਦੀ ਤਾਕਤ ਆਧੁਨਿਕ ਸਭਿਅਤਾ ਨੇ ਕਾਫੀ ਵਧਾ ਦਿਤੀ ਹੈ। ਸਾਡੀਆਂ ਇਹਨਾਂ ਸ਼ਕਤੀਆਂ ਦਾ ਪਸਾਰਾ ਹੁਣ ਦੁਨੀਆਂ ਦੇ ਕੋਨੇ-ਕੋਨੇ ਤੱਕ ਫੈਲ ਗਿਆ ਹੈ, ਜਿਸਦੇ ਨਾਲ ਲਾਲਚ (Greed), ਸੁਆਰਥਪੁਣਾ (Selfishness) ਅਤੇ ਹਉਮੈ (Ego) ਵੀ ਵਧੀਆਂ ਹਨ।" (ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ* 96) ਉਹ ਸੁੱਖ ਲਾਲਚੀ ਘੁਮੱਕੜ ਨੂੰ ਨਹੀਂ ਜੋ ਘਰ ਬੈਠੇ ਸੰਤੋਖੀ ਨੂੰ ਹੈ। ਅੱਜ ਦੇ ਯੁੱਗ ਵਿਚ ਪਦਾਰਥਵਾਦ ਜ਼ਿਆਦਾ ਫੈਲਣ ਨਾਲ ਮਨੁੱਖ ਸਵਾਰਥ ਅਤੇ ਮੋਹ ਕਾਰਨ ਭ੍ਰਿਸ਼ਟਾਚਾਰੀ ਤੇ ਅਨੈਤਿਕ ਹੁੰਦਾ ਜਾ ਰਿਹਾ ਹੈ।

### 2.2.12 ਦੁਚਿੱਤੀ

ਦੁਚਿੱਤੀ ਦਾ ਅਰਥ ਹੈ,"ਚਿੱਤ ਦੀ ਅਸਥਿਰਤਾ.ਚਿੱਤ ਦਾ ਇੱਕ ਬਾਤ ਪੁਰ ਨਾ ਲਗਣਾ.ਦੋ ਵੱਲ ਚਿੱਤ ਦੇ ਹੋਣ ਦਾ ਭਾਵ." (ਨਾਭਾ, *ਮਹਾਨ ਕੋਸ਼* 642)। ਦੁਚਿੱਤੀ ਅਥਵਾ ਦੁਬਿਧਾ ਕਾਰਨ ਮਨ ਦੀ ਇਕਾਗਰਤਾ ਨਹੀਂ ਬਣ ਪਾਉਂਦੀ, ਜਿਸ ਕਾਰਨ ਮਨੁੱਖ ਦਾ ਮਨ ਉਸ ਦੁਆਰਾ ਕੀਤੇ ਜਾ ਰਹੇ ਕੰਮ ਵਿਚ ਪੂਰਾ ਨਹੀਂ ਲੱਗਦਾ। ਸਿੱਟਾ ਇਹ ਹੁੰਦਾ ਹੈ ਕਿ ਉਸ ਦੁਆਰਾ ਕੀਤੇ ਗਏ ਕੰਮ ਦਾ ਨਤੀਜਾ ਪੂਰਾ ਸਾਰਥਕ ਨਹੀਂ ਰਹਿੰਦਾ। ਸਲੋਕ ਬਾਣੀ-ਰੂਪ ਵਿਚ ਦੁਚਿੱਤੀ ਜਾਂ ਦੁਬਿਧਾ ਬਾਰੇ ਕਈ ਉਲੇਖ ਮਿਲਦੇ ਹਨ। ਭਗਤ ਕਬੀਰ ਜੀ ਆਖਦੇ ਹਨ ਕਿ ਦੁਚਿੱਤੀ ਕਾਰਨ ਮਨੁੱਖ ਦੀ ਮਾਨਸਿਕ ਇਕਾਗਰਤਾ ਖੰਡਿਤ ਰਹਿੰਦੀ ਹੈ। ਦੁਬਿਧਾ ਦਾ ਮੁੱਖ ਕਾਰਨ ਵਿਕਾਰਾਂ ਵਿਚ ਖੰਡਿਤ ਮਨ ਹੈ। ਧਾਰਮਿਕ ਕਿਰਿਆ-ਕਲਾਪਾਂ ਦੌਰਾਨ ਵੀ ਮਨੁੱਖ ਜਦੋਂ ਦੁਬਿਧਾ ਦਾ ਸ਼ਿਕਾਰ ਰਹਿੰਦਾ ਹੈ ਤਾਂ ਉਸ ਨੂੰ ਪੂਰਾ ਲਾਭ ਪ੍ਰਾਪਤ ਨਹੀਂ ਹੁੰਦਾ। ਸਤਿਗੁਰੂ ਦੀ ਕਿਰਪਾ ਹੋਵੇ, ਮਨੁੱਖ ਦਾ ਧਿਆਨ ਇੱਕ ਵਿਚ ਜੁੜੇ, ਤਾਂ ਮਨ ਦੀ ਇਕਾਗਰਤਾ ਬਣ ਸਕਦੀ ਹੈ ਅਤੇ ਕਾਇਮ ਰਹਿ ਸਕਦੀ ਹੈ:

ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1364)
ਅਧ ਵਿਚਿ ਫਿਰੈ ਮਨਮੁਖੁ ਵੇਚਾਰਾ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 305)
ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ॥
ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ॥
(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 553)

ਦੁਬਿਧਾ ਨੇ ਸਾਰੇ ਸੰਸਾਰ ਨੂੰ ਹੀ ਆਪਣੇ ਪ੍ਰਭਾਵ ਹੇਠ ਲਿਆ ਹੋਇਆ ਹੈ। ਹੋਰ ਤਾਂ ਹੋਰ ਧਾਰਮਿਕ ਭੇਖਾਂ ਵਾਲੇ ਵੀ ਇਸਦੀ ਮਾਰ ਤੋਂ ਆਪਣਾ ਆਪ ਬਚਾਅ ਨਹੀਂ ਸਕੇ:

ਨਾਨਕ ਸਚਾ ਏਕੁ ਹੈ ਦੂਹੁ ਵਿਚਿ ਹੈ ਸੰਸਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 950)
ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ॥
ਖਟ ਦਰਸਨ[148] ਸੰਸੇ ਪਰੇ ਅਰੁ ਚਉਰਾਸੀਹ ਸਿਧ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

**ਅਜੋਕੀ ਸਥਿਤੀ:** ਅਜੋਕੀ ਸਥਿਤੀ ਵਿਚ ਤਾਂ ਇਹ ਗੱਲ ਮਸ਼ਹੂਰ ਹੀ ਹੈ ਕਿ ਹਰ ਕੰਮ (ਜਿਸਨੂੰ ਕੀਤਾ ਜਾਣਾ ਹੁੰਦਾ ਹੈ ਜਾਂ ਜਿਸ ਦੇ ਕਰਨ ਬਾਰੇ ਸੋਚਿਆ ਹੁੰਦਾ ਹੈ) ਹੋਣ ਦੀ 50-50 ਪ੍ਰਤੀਸ਼ਤ ਸੰਭਾਵਨਾ ਹੁੰਦੀ ਹੈ। ਇਹ ਤੱਥ ਦੁਬਿਧਾ ਦੇ ਪ੍ਰਭਾਵ ਵਿੱਚੋਂ ਹੀ ਉਪਜਿਆ ਹੈ। ਅਸਿੱਧਾ ਭਾਵ ਇਹ ਹੈ ਕਿ ਮਨੁੱਖ ਦਾ ਮਨ ਹਰ ਵੇਲ਼ੇ ਖੰਡਿਤ ਰਹਿੰਦਾ ਹੈ।

ਜੇਕਰ ਮਨੁੱਖ ਮਨ ਦੀ ਵਧੇਰੇ ਸ਼ਕਤੀ ਨਾਲ ਕਿਸੇ ਕੰਮ ਨੂੰ ਹੱਥ ਪਾਵੇਗਾ ਤਾਂ ਉਹ ਕੰਮ ਪੂਰਾ ਹੋ ਜਾਵੇਗਾ ਅਤੇ ਜੇਕਰ ਉਹ ਅੱਧੇ-ਅਧੂਰੇ ਮਨ ਨਾਲ ਕਿਸੇ ਕੰਮ ਦੀ ਸ਼ੁਰੂਆਤ ਕਰੇਗਾ ਤਾਂ ਉਹ ਕੰਮ ਨੇਪਰੇ ਨਹੀਂ ਚੜ੍ਹ ਸਕੇਗਾ। "ਖ਼ੁਦੀ ਨੂੰ ਬੁਲੰਦ ਕਰਨਾ" ਖੰਡਿਤ ਮਨ ਨੂੰ ਇਕਸੁਤ ਕਰਨਾ ਹੀ ਤਾਂ ਹੈ, ਜਿਸ ਸਦਕਾ ਖ਼ੁਦਾ ਵੀ ਮਨੁੱਖ ਨੂੰ ਪੁੱਛ ਕੇ ਕੋਈ ਕੰਮ ਕਰਦਾ ਦੱਸਿਆ ਗਿਆ ਹੈ। ਡਾ. ਇਕਬਾਲ ਆਖਦੇ ਹਨ, "ਖ਼ੁਦੀ ਕੋ ਕਰ ਬੁਲੰਦ ਇਤਨਾ/ ਕਿ ਹਰ ਤਦਬੀਰ ਸੇ ਪਹਿਲੇ/ ਖ਼ੁਦਾ ਬੰਦੇ ਸੇ ਯੇ ਪੂਛੇ/ ਬਤਾ ਤੇਰੀ ਰਜ਼ਾ ਕਿਆ ਹੈ।"

## 2.2.13 ਗੁੱਸਾ

"ਕ੍ਰੋਧ ਨੂੰ ਅੱਗ ਯਾ ਚੰਡਾਲ ਦੇ ਪ੍ਰਤੀਕਾਂ ਨਾਲ ਵਰਨਿਆ ਗਿਆ ਹੈ। ਇਹ ਅਗਨੀ ਐਸੀ ਹੈ ਜੋ ਦੋਹਾਂ ਨੂੰ ਸਾੜਦੀ ਹੈ। ਕ੍ਰੋਧ ਕਾਰਨ ਸਹਜ ਸੰਤੁਲਨ (balance) ਗੁਆਚਦਾ ਤੇ ਵਾਦ-ਵਿਵਾਦ ਅਤੇ ਵੈਰ ਵਿਰੋਧ ਜਾਂ ਜਜ਼ਬਾ ਅਜਿਹਾ ਭੜਕਦਾ ਹੈ ਕਿ ਮਨੁੱਖ ਸਾਰੀ ਉਮਰ ਝਗੜਦਾ ਹੀ ਮਰ ਜਾਂਦਾ ਹੈ।" (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004* 61) ਸਲੋਕ ਬਾਣੀ-ਰੂਪ ਵਿਚ ਬਾਣੀਕਾਰਾਂ ਨੇ ਮਨੁੱਖ ਨੂੰ ਥਾਂ-ਪੁਰ-ਥਾਂ ਕ੍ਰੋਧ ਦਾ ਤਿਆਗ ਕਰਨ ਲਈ ਆਖਿਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਤਤਕਾਲੀ ਦੌਰ ਵਿਚ ਇਸ ਪ੍ਰਵਿਰਤੀ ਦਾ ਕਿੰਨਾ ਪ੍ਰਭਾਵ ਸੀ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)
ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 519)

ਗੁਰੂ ਅਰਜਨ ਦੇਵ ਜੀ ਕ੍ਰੋਧ ਦਾ ਸਰੂਪ ਬਿਆਨ ਕਰਦੇ ਹੋਏ ਬਚਨ ਕਰਦੇ ਹਨ ਕਿ ਕ੍ਰੋਧ ਜੋ ਹੈ ਉਹ ਝਗੜਿਆਂ ਦਾ ਮੂਲ ਹੈ। ਕ੍ਰੋਧੀ ਮਨੁੱਖ ਦੇ ਅੰਦਰੋਂ ਦਇਆ-ਭਾਵ ਖ਼ਤਮ ਹੋ ਜਾਂਦਾ ਹੈ। ਇਹ ਵਿਕਾਰ-ਗ੍ਰਸਤ ਜੀਵਾਂ ਨੂੰ ਵੱਸ ਵਿਚ ਕਰ ਕੇ ਉਨ੍ਹਾਂ ਨੂੰ ਬਾਂਦਰ ਵਾਂਗ ਨਚਾਉਂਦਾ ਹੈ:

ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥
ਬਿਖਯੰਤ ਜੀਵੰ ਵਸ੍ਯੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)

ਕ੍ਰੋਧ ਅਧੀਨ ਮਨੁੱਖ ਥਾਂ-ਕੁਥਾਂ ਨਹੀਂ ਚਿਤਵਦਾ ਅਤੇ ਜੋ ਉਸਦੇ ਮਨ ਆਉਂਦਾ ਹੈ, ਕਹਿ ਛੱਡਦਾ ਹੈ। ਕ੍ਰੋਧ-ਗ੍ਰਸਤ ਵਿਅਕਤੀ ਗ਼ਲਤ ਬੋਲ ਕੇ ਮਗਰੋਂ ਖ਼ੁਆਰ ਹੁੰਦਾ ਹੈ। ਗੁੱਸੇ ਵਿਚ ਆਇਆ ਮਨੁੱਖ ਆਪਣਾ ਕਸੂਰ ਨਹੀਂ ਸੀ ਵਿਚਾਰਦਾ ਸਗੋਂ ਦੂਜੇ ਸਿਰ ਹੀ ਸਾਰਾ ਦੋਸ਼ ਮੜ੍ਹਦਾ ਸੀ। ਗੁੱਸੇ ਦੀ ਅਗਨੀ ਵਿਚ ਮਨੁੱਖ ਜਾਣੋ ਆਪਣੇ ਆਪ ਨੂੰ ਸਾੜਦਾ ਸੀ। ਇਸ ਲਈ ਗੁਰੂ ਸਾਹਿਬ ਇਸ ਵਿਕਾਰ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਹਨ:

ਮਨਮੁਖ ਬੋਲਿ ਨ ਜਾਣਨੀ੍ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥
ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1248)
ਭੰਉਕੈ ਕੋਪੁ ਖੁਆਰੁ ਹੋਇ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)
ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪ ਬੀਚਾਰਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 259)
ਆਪਣੈ ਰੋਹਿ ਆਪੇ ਹੀ ਦਝੈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1418)
ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1415)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਤਾਂ ਗੁੱਸੇ ਦੇ ਭਾਂਬੜ ਹਰ ਪਾਸੇ ਬਲ਼ ਰਹੇ ਹਨ। ਕਿਸੇ ਦੀ ਹਉਂ ਨੂੰ ਮਾੜੀ ਜਿਹੀ ਠੇਸ ਪੁਜਾ ਕੇ ਦੇਖੋ, ਅਗਲਾ ਮਾਰਨ ਤੱਕ ਜਾਂਦਾ ਹੈ। ਬਾਹਰੋਂ ਨਿਮਰ ਭਾਵ ਵਾਲੇ ਦਿਖਾਈ ਦਿੰਦੇ ਸਰੀਰ ਵੀ ਆਪਣੀ ਹਉਂ ਨੂੰ ਪੁੱਜਦੀ ਮਾੜੀ ਜਿਹੀ ਠੇਸ ਨੂੰ ਵੀ ਸਹਾਰ ਨਹੀਂ ਪਾਉਂਦੇ ਅਤੇ ਅੱਗ-ਬਬੂਲਾ ਹੋ ਜਾਂਦੇ ਹਨ।

"ਹਰ ਦਿਨ ਅਸੀਂ ਅਜਿਹੀਆਂ ਕਈ ਹਾਲਾਤਾਂ ਵਿਚੋਂ ਲੰਘਦੇ ਹਾਂ, ਜਿਨ੍ਹਾਂ ਵਿਚ ਗੁੱਸੇ ਦੀ ਬਹੁਤ ਸੰਭਾਵਨਾ ਹੁੰਦੀ ਹੈ। ਜਦ ਕੋਈ ਸਾਨੂੰ ਤਕਲੀਫ ਪਹੁੰਚਾਉਂਦਾ ਹੈ ਜਾਂ ਵਿਰੋਧ ਕਰਦਾ ਹੈ ਤਾਂ ਕਈ ਵਾਰ ਗੁੱਸਾ ਵੀ ਆ ਜਾਂਦਾ ਹੈ। ਕਈ ਵਾਰ ਅਸੀਂ ਉਦੋਂ ਗੁੱਸੇ ਵਿਚ ਆ ਜਾਂਦੇ ਹਾਂ, ਜਦੋਂ ਅਸੀਂ ਕਿਸੇ ਨਾਲ ਕੁਝ ਗਲਤ ਹੋ ਰਿਹਾ ਹੋਵੇ ਤਾਂ ਸਾਨੂੰ ਉਸਦੀ ਅਣਦੇਖੀ ਨਹੀਂ ਕਰਨੀ ਚਾਹੀਦੀ... ।" (ਗਿਆਨ ਅੰਮ੍ਰਿਤ, *ਜਗ ਬਾਣੀ ਰੋਜ਼ਾਨਾ, 16.10.2017* 9) "ਅੱਜਕਲ੍ਹ ਦੇਖਣ ਵਿਚ ਆਉਂਦਾ ਹੈ ਕਿ ਛੋਟੀ ਜਿਹੀ ਗੱਲ ਤੋਂ ਲੋਕ ਲੜਨਾ ਸ਼ੁਰੂ ਕਰ ਦਿੰਦੇ ਹਨ ਤੇ ਕਈ ਵਾਰ ਤਾਂ ਇਹ ਲੜਾਈ ਘਾਤਕ ਸਿੱਧ ਹੋ ਸਕਦੀ ਹੈ। ਜੋ ਲੋਕ ਆਤਮਹੱਤਿਆ ਕਰਦੇ ਹਨ, ਉਨ੍ਹਾਂ ਵਿਚ ਬਹੁਤੇ ਗੁੱਸੇ ਕਰਕੇ ਹੀ ਅਜਿਹਾ ਕਰਦੇ ਹਨ ਤੇ ਜਿਹੜੇ ਬਚ ਜਾਂਦੇ ਹਨ, ਉਹ ਬਾਅਦ ਵਿਚ ਪਛਤਾਉਂਦੇ ਹਨ ਕਿ ਅਸੀਂ ਇਹ ਕਿਉਂ ਕੀਤਾ।" (ਗੁਰਪ੍ਰੀਤਇੰਦਰ ਸਿੰਘ, *ਰੋਜ਼ਾਨਾ ਅਜੀਤ 01.12.2017* 2)

### 2.2.14 ਕਾਮ

ਸਰੀਰਕ ਭੋਗ ਦੀ ਰੁਚੀ ਕਾਮ ਨਾਲ ਜੁੜੀ ਹੋਈ ਹੈ। ਇਹ ਰੂਪ ਅਥਵਾ ਸੁੰਦਰਤਾ ਨਾਲ ਜੁੜਿਆ ਹੋਇਆ ਦੱਸਿਆ ਗਿਆ ਹੈ ਭਾਵ ਰੂਪ ਦਾ ਸੁਹੱਪਣ ਇਸ ਰੁਚੀ ਨੂੰ ਬਲਵਾਨ ਕਰਦਾ ਹੈ। ਇਹ ਵਿਵੇਕ ਨੂੰ ਹਰਨ ਵਾਲਾ, ਚਿੱਤ ਨੂੰ ਚੰਚਲ ਬਨਾਉਣ ਵਾਲਾ, ਜਪ-ਤਪ ਅਤੇ ਸੰਜਮ ਨੂੰ ਸਮਾਪਤ ਕਰਨ ਵਾਲਾ ਹੈ। ਭੋਗ ਦਾ ਥੋੜ੍ਹ ਚਿਰਾ ਸੁੱਖ, ਮਨੁੱਖ ਨੂੰ ਧਨ-ਹੀਨ ਕਰਨ ਵਾਲਾ ਹੈ। ਇਹ ਜੀਵਾਂ ਦੀਆਂ ਸਭ ਕਿਸਮਾਂ (ਨਸਲਾਂ) ਵਿਚ ਸਰਗਰਮ ਦੱਸਿਆ ਗਿਆ ਹੈ। ਕਾਮ ਦੇ ਪ੍ਰਭਾਵ ਅਧੀਨ ਮਨੁੱਖ ਥਾਂ-ਕੁਥਾਂ ਨਹੀਂ ਦੇਖਦਾ ਅਤੇ ਚਿਤ ਅੰਦਰ ਵਿਕਾਰ ਹੀ ਚਿਤਵਦਾ ਹੈ। ਕਾਮੀ ਮਨੁੱਖ ਦਾ ਅਜਿਹਾ ਖ਼ਾਕਾ ਖਿੱਚਦੇ ਹੋਏ ਬਾਣੀਕਾਰ ਇਸ ਪ੍ਰਵਿਰਤੀ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਹਨ। ਸੰਜਮ ਦੀ ਹਦਾਇਤ ਦਿੱਤੀ ਗਈ ਹੈ:

ਰੂਪੈ ਕਾਮੈ ਦੋਸਤੀ (ਮਹਲਾ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥

ਚਿਤ ਹਰਣੰ ਤ੍ਰੈ ਲੋਕ ਗੰਮ੍ਯ੍ਯੰ ਜਪ ਤਪ ਸੀਲ ਬਿਦਾਰਣਹ॥

ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)

ਮਨਮੁਖੁ ਬੋਲਿ ਨ ਜਾਣਨ੍ਹੀ ਓਨਾ ਅੰਤਰਿ ਕਾਮੁ ਕ੍ਰੋਧੁ ਅਹੰਕਾਰੁ॥

ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1248)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਮਨੁੱਖ ਦੀ ਇਹ ਪ੍ਰਵਿਰਤੀ ਬੜੀ ਸਬਲ ਹੈ। ਇਸ ਰੁਚੀ ਨੂੰ ਪ੍ਰਬਲ ਕਰਨ ਵਿਚ ਮੀਡੀਆ ਦਾ ਬੜਾ ਜ਼ੋਰ ਲੱਗਾ ਹੋਇਆ ਹੈ। ਕਾਮ-ਉਤੇਜਨਾ ਦੀਆਂ ਵਸਤੂਆਂ ਦੀ ਬਾਜ਼ਾਰ ਵਿੱਚ ਭਰਮਾਰ ਹੈ। ਅਖ਼ਬਾਰਾਂ ਅਤੇ ਹੋਰ ਪ੍ਰਿੰਟਡ ਸਮਗਰੀ ਵਿੱਚ ਇਨ੍ਹਾਂ ਚੀਜ਼ਾਂ ਦੀ ਭਰਮਾਰ ਹੁੰਦੀ ਹੈ। ਹਰ ਪਾਸੇ ਨੰਗੇਜ਼ ਪਰੋਸਿਆ ਜਾ ਰਿਹਾ ਹੈ, ਜਿਹੜਾ ਇਸ ਵਿਕਾਰ ਨੂੰ ਹੋਰ ਹਵਾ ਦਿੰਦਾ ਹੈ।

ਇਸ ਪ੍ਰਵਿਰਤੀ ਅਧੀਨ ਹੋ ਕੇ ਮਾਸੂਮ ਬੱਚਿਆਂ ਅਤੇ ਬੁੱਢੇ-ਬਜ਼ੁਰਗਾਂ ਨੂੰ ਵੀ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਣਾ ਇਸ ਪ੍ਰਵਿਰਤੀ ਦੀਆਂ ਸਿਖ਼ਰਾਂ ਹੀ ਤਾਂ ਹਨ। ਕਾਮ-ਵਾਸ਼ਨਾ ਤੋਂ ਗ੍ਰਸਤ ਮਨੁੱਖ ਸਭ ਤਰ੍ਹਾਂ ਦੀਆਂ ਸਮਾਜਿਕ ਅਤੇ ਧਾਰਮਿਕ ਵਰਜਨਾਵਾਂ ਨੂੰ

ਉਲੰਘ ਜਾਂਦਾ ਹੈ। ਮਨੁੱਖ ਕਾਮ ਸਬੰਧਾਂ ਪ੍ਰਤੀ ਪੂਰੀ ਆਜ਼ਾਦੀ ਮਾਨਣਾ ਚਾਹੁੰਦਾ ਹੈ। 'ਲਿਵ ਇਨ ਰਿਲੇਸ਼ਨਸ਼ਿਪ' ਜਿਹੇ ਪ੍ਰਚਲਨ ਇਸੇ ਵਾਸ਼ਨਾ ਦੇ ਪ੍ਰਭਾਵ ਹੇਠ ਹੀ ਹੋਂਦ ਵਿੱਚ ਆਉਂਦੇ ਹਨ।

**2.2.15 ਈਰਖਾ**

"ਜਿਸ ਦੇ ਅੰਦਰ ਇਹ ਐਬ ਹੋਵੇ ਉਸ ਦਾ ਕਦੀ ਭਲਾ ਨਹੀਂ ਹੁੰਦਾ ਕਿਉਂਕਿ ਉਹ ਸਦਾ ਦੂਜੇ ਦੀ ਹਾਨੀ ਵਿਚ ਲਗਾ, ਖ਼ੁਦ ਸੜਦਾ-ਬਲਦਾ ਰਹਿੰਦਾ ਹੈ।" (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004* 68) ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਤਤਕਾਲੀ ਮਨੁੱਖ ਅੰਦਰ ਕਾਰਜਰਤ ਇਸ ਪ੍ਰਵਿਰਤੀ ਦਾ ਵੀ ਗਿਆਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਜਿਸ ਮਨੁੱਖ ਦੇ ਅੰਦਰ ਈਰਖਾ ਦਾ ਤਾਪ ਹੈ ਉਸਦਾ ਮਨ, ਬਾਣੀ ਅਤੇ ਸਰੀਰ, ਤਿੰਨੇ ਹੀ ਭਰਿਸ਼ਟੇ ਜਾਂਦੇ ਹਨ:

ਅਤਿ ਡਾਹਪਣਿ ਦੁਖੁ ਘਣੋ ਤੀਨੇ ਥਾਵ ਭਰੀਡੁ॥ (ਮਹਲਾ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1091)

ਕਈ ਮਨੁੱਖ ਈਰਖਾ ਵੱਸ ਹੋਰਨਾਂ ਚੰਗੇ ਗੁਣਾਂ ਵਾਲੇ ਮਨੁੱਖਾਂ ਦੀ ਬੁਰਿਆਈ ਕਰ ਕੇ ਉਨ੍ਹਾਂ ਨੂੰ ਬਦਨਾਮ ਕਰਦੇ ਹੋਣਗੇ ਪਰ ਜਿਨ੍ਹਾਂ ਦੇ ਅੰਦਰ ਸੱਚ ਹੋਵੇ ਉਨ੍ਹਾਂ ਨੂੰ ਅੱਗੇ ਆਉਣ ਤੋਂ ਕੌਣ ਰੋਕ ਸਕਦਾ ਹੈ? :

ਨਾਨਕ ਜਿਨ ਅੰਦਰਿ ਸਚੁ ਹੈ ਸੇ ਜਨ ਛਪਹਿ ਨ ਕਿਸੈ ਦੇ ਛਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 850)

ਗੁਰੂ ਜੀ ਦੱਸਦੇ ਹਨ ਕਿ ਜਿਸ ਮਨੁੱਖ ਦੇ ਅੰਦਰ ਦੂਜਿਆਂ ਪ੍ਰਤਿ ਈਰਖਾ ਹੋਵੇ ਉਸ ਦਾ ਭਲਾ ਕਦੇ ਨਹੀਂ ਹੁੰਦਾ। ਉਸ ਦਾ ਕਿਹਾ ਵੀ ਕੋਈ ਨਹੀਂ ਮੰਨਦਾ ਤੇ ਅਖ਼ੀਰ ਉਹ ਇਕੱਲਾ ਹੀ ਰਹਿ ਜਾਂਦਾ ਹੈ। ਸਪਸ਼ਟ ਹੈ ਕਿ ਈਰਖਾ ਦੇ ਭਵਿੱਖਤ ਨੁਕਸਾਨ ਦੱਸ ਕੇ ਇਸਨੂੰ ਤਿਆਗਣ ਦੀ ਗੁਰੂ ਸਾਹਿਬ ਦੀ ਇਹ ਸਿੱਖਿਆ ਈਰਖਾਲੂ ਪ੍ਰਵਿਰਤੀ ਦੇ ਮਨੁੱਖਾਂ ਨੂੰ ਹੀ ਸੀ:

ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥
ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 308)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਈਰਖਾ-ਰੂਪੀ ਸਾੜੇ ਦੀ ਅੱਗ ਵਿਚ ਝੁਲਸਦਾ ਹੋਇਆ ਦਿਖਾਈ ਦਿੰਦਾ ਹੈ। ਆਪਣੇ ਮਕਾਨ ਬਣਾਉਣ ਲੱਗਿਆਂ ਇਸਦੀ ਛੱਤ ਗੁਆਂਢੀ ਦੇ ਮਕਾਨ (ਜਿਹੜਾ ਪਹਿਲਾਂ ਬਣਿਆ ਹੋਇਆ ਹੈ) ਤੋਂ ਉੱਚੀ ਰੱਖੀ ਜਾਂਦੀ ਹੈ। ਅਜੋਕੇ ਮਨੁੱਖ ਦੀ ਕੋਸ਼ਿਸ਼ ਦੂਜੇ ਨਾਲੋਂ ਵੱਡੀ ਗੱਡੀ ਖਰੀਦਣ ਦੀ ਹੁੰਦੀ ਹੈ ਭਾਵੇਂ ਮਗਰੋਂ ਉਹ ਕਰਜ਼ਾ ਉਤਾਰਦੇ ਹੋਏ ਔਖਾ ਹੀ ਕਿਉਂ ਨਾ ਹੋਏ। ਅਜੋਕਾ ਮਨੁੱਖ ਦੂਜਿਆਂ ਨੂੰ ਸਬਕ ਸਿਖਾਉਣਾ ਚਾਹੁੰਦਾ ਹੈ। ਇਹ ਸਭ ਈਰਖਾ ਦੇ ਹੀ ਤਾਂ ਪ੍ਰਗਟਾਵੇ ਹਨ। "ਇਨਸਾਨੀ ਸੁਭਾਅ ਦੀ ਕਮਜ਼ੋਰੀ ਹੈ ਕਿ ਅਸੀਂ ਕਿਸੇ ਨੂੰ ਤਰੱਕੀ ਕਰਦੇ ਦੇਖ ਕੇ ਖੁਸ਼ ਨਹੀਂ ਹੁੰਦੇ। ਸਗੋਂ ਆਪਣੇ ਘਟੀਆਪਨ ਨੂੰ ਤਸੱਲੀ ਦੇਣ ਲਈ ਉਸ ਦੀ ਨੁਕਤਾਚੀਨੀ ਕਰਨ ਲੱਗ ਪੈਂਦੇ ਹਾਂ ... ... ਸਾਡਾ ਦਿਮਾਗ ਫਿਰ ਇਹ ਕਿਵੇਂ ਕਬੂਲ ਕਰ ਲਵੇ ਕਿ ਫਲਾਣਾ ਇਨਸਾਨ ਮੇਰੇ ਨਾਲੋਂ ਜ਼ਿਆਦਾ ਚੰਗਾ ਹੈ।" (ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ* 11) "ਅੱਜ ਰੂਹਾਨੀ ਰਿਸ਼ਤਿਆਂ ਦੀ ਥਾਂ ਸਵਾਰਥ, ਈਰਖ਼ਾ, ਇਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਤੇ ਹੰਕਾਰ ਵਰਗੇ ਵੱਕਾਰ ਰਿਸ਼ਤਿਆਂ ਦਾ ਘਾਣ ਕਰ ਰਹੇ ਹਨ।" (ਪਰਮਜੀਤ ਕੌਰ ਸਰਹਿੰਦ, *ਪੰਜਾਬੀ ਜਾਗਰਣ ਰੋਜ਼ਾਨਾ 21.10.2017* 10) "ਅਜੋਕੇ ਦਿਖਾਵੇ ਅਤੇ ਇਕ-ਦੂਜੇ ਤੋਂ ਅੱਗੇ ਵਧਣ ਦੀ ਦੌੜ ਵਿਚ ਲੱਗੇ ਲੋਕ ਵੱਡੀਆਂ-ਵੱਡੀਆਂ ਕਾਰਾਂ-ਕੋਠੀਆਂ ਭਾਲ਼ਦੇ ਦਿਮਾਗ਼ੀ ਤਣਾਅ ਸਹੇੜ ਲੈਂਦੇ ਹਨ।" (ਪਰਮਜੀਤ ਕੌਰ ਸਰਹਿੰਦ, *ਪੰਜਾਬੀ ਜਾਗਰਣ ਰੋਜ਼ਾਨਾ 21.10.2017* 6)

**2.2.16 ਝੂਠ**

ਗੁਰੂ ਨਾਨਕ ਦੇਵ ਜੀ ਨੇ "ਜਿਹਵਾ ਸੂਤਕੁ ਕੂੜੁ" (*ਸ੍ਰੀ ਗੁਰੂ ਗ੍ਰੰਥ ਸਾਹਿਬ* 472) ਆਖ ਕੇ ਝੂਠ ਨੂੰ ਮਨੁੱਖ ਦੀ ਜੀਭ ਭ੍ਰਿਸ਼ਟ ਕਰਨ ਵਾਲਾ ਦੱਸਿਆ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਸੱਚ ਤਾਂ ਵਿਰਲੇ ਮਨੁੱਖਾਂ ਦੇ ਹੀ ਪੱਲੇ ਹੈ। ਗੁਰੂ ਅਮਰਦਾਸ ਜੀ ਮੁਤਾਬਕ ਮਨੁੱਖ ਆਪਣੀ ਦੇਹ ਨੂੰ ਝੂਠ ਬੋਲ-ਬੋਲ ਕੇ ਹੀ ਪਾਲਦਾ ਹੈ। ਗੁਰੂ ਸਾਹਿਬ ਝੂਠ ਦਾ ਤਿਆਗ ਕਰਨ ਲਈ ਆਖਦੇ ਹਨ:

ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1100)

ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ॥

ਏਸ ਨੋ ਕੂੜੁ ਬੋਲਿ ਕਿ ਖਵਾਲੀਐ ਜਿ ਚਲਦਿਆ ਨਾਲਿ ਨ ਜਾਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 510-11)

ਜਿਸ ਮਨੁੱਖ ਦੇ ਮਨ ਵਿਚ ਝੂਠ ਹੋਵੇ, ਉਹ ਝੂਠ ਦਾ ਵਪਾਰ ਹੀ ਕਰਦਾ ਹੈ। ਜਿੱਥੇ ਝੂਠ ਹੋਵੇ ਉੱਥੇ ਪਾਪ ਵੀ ਜ਼ਰੂਰ ਹੋਵੇਗਾ। ਝੂਠੇ ਮਨੁੱਖ ਦੇ ਮੂੰਹ ਵਿਚ ਝੂਠ ਹੀ ਵਸਦਾ ਹੈ, ਇਸ ਝੂਠੇ ਤਾਣੇ-ਬਾਣੇ ਕਾਰਨ ਉਸਨੂੰ ਨਿੱਤ ਬੇਇੱਜ਼ਤ ਹੋਣਾ ਪੈਂਦਾ ਹੈ। ਝੂਠੇ ਮਨੁੱਖ ਦੀ ਜੇਕਰ ਸਿਫ਼ਤ ਵੀ ਹੋਵੇ, ਉਹ ਵੀ ਝੂਠੀ (ਖ਼ੁਸ਼ਾਮਦ) ਹੀ ਹੁੰਦੀ ਹੈ:

ਮਨ ਕਾ ਝੂਠਾ ਝੂਠੁ ਕਮਾਵੈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 948)

ਜਹਾ ਝੂਠੁ ਤਹ ਪਾਪੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਜੁਠੇ ਜੁਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1100)

ਗੁਰੂ ਅਮਰਦਾਸ ਜੀ ਅਨੁਸਾਰ ਮਨੁੱਖ ਝੂਠ ਬੋਲਦੇ ਹੋਏ ਭੌਂਕਦੇ ਜਿਹੇ ਲੱਗਦੇ ਹਨ ਅਤੇ ਝੂਠ ਬੋਲ ਕੇ ਦੁਨਿਆਵੀ ਪਦਾਰਥ ਇਕੱਠੇ ਕਰਦੇ ਹੋਏ ਮਾਨੋ ਜ਼ਹਿਰ ਖਾ ਰਹੇ ਹਨ। ਝੂਠਾ ਮਨੁੱਖ ਜਿੱਥੇ ਜਾਂਦਾ ਹੈ, ਆਪਣੀ ਬਾਣ (ਆਦਤ) ਨਹੀਂ ਬਦਲ ਪਾਉਂਦਾ ਤੇ ਹਮੇਸ਼ਾ ਝੂਠ ਹੀ ਬੋਲਦਾ ਹੈ। ਪਹਿਲਾਂ ਤਾਂ ਕਈਆਂ ਨੂੰ ਚੰਗਾ ਵੀ ਲੱਗੇ ਪਰ ਅੰਤ ਉਸਨੂੰ ਕੋਈ ਚੰਗਾ ਨਹੀਂ ਜਾਣਦਾ। ਸੱਚ ਦੇ ਸਾਹਮਣੇ ਝੂਠ ਟਿਕ ਨਹੀਂ ਸਕਦਾ। ਝੂਠ ਦੇ ਮੁਕਾਬਲੇ ਸੱਚ ਕਦੇ ਵੀ ਪੁਰਾਣਾ ਨਹੀਂ ਹੁੰਦਾ। ਉਹ ਵਿਅਕਤੀ ਜਾਂ ਇਸਤਰੀ ਜੋ ਪਰ-ਇਸਤਰੀ/ਪਰ-ਪੁਰਖ ਰਮਣ ਕਰਦਾ/ਕਰਦੀ ਹੈ, ਆਪਣਾ ਵਿਆਹੁਤਾ ਧਰਮ ਅਤੇ ਸੰਜਮ ਗੁਆ ਕੇ ਸਦਾ ਝੂਠ ਹੀ ਝੂਠ ਬੋਲਦਾ/ਬੋਲਦੀ ਹੈ। ਜਦੋਂ ਕਿਸੇ ਕੰਮ ਦੀ ਨੀਂਹ ਹੀ ਝੂਠ 'ਪੁਰ ਰੱਖੀ ਜਾਵੇ ਤਦ ਉਸ ਦਾ ਅਗਲਾ ਸਾਰਾ ਵਿਸਤਾਰ ਵੀ ਝੂਠ ਹੀ ਝੂਠ ਹੁੰਦਾ ਹੈ:

ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1248)

ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ॥

ਓਸੁ ਸੀਲ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖ ਕਰਮ ਖੁਆਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 786)

ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ॥

ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਕੂੜਿ ਕਮਾਣੈ ਕੂੜੋ ਹੋਵੈ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 474)

ਜਿਹੜਾ ਗੁਰੂ ਗਿਆਨ ਤੋਂ ਸੱਖਣਾ ਹੋਵੇ, ਉਸਦੇ ਚੇਲੇ ਵੀ ਆਪ-ਹੁਦਰੇ ਵਿਚਰਦੇ ਹਨ। ਉਹ ਸਦਾ ਝੂਠ ਬੋਲਦੇ ਹਨ, ਝੂਠ ਕਮਾਉਂਦੇ ਹਨ ਅਤੇ ਪਰਾਈ ਨਿੰਦਾ-ਚੁਗ਼ਲੀ ਵਿਚ ਸਦਾ ਵਿਅਸਤ ਰਹਿੰਦੇ ਹਨ। ਝੂਠ ਤਾਂ ਰੁੱਖ ਦੀ ਛਾਂ ਜਿਹਾ ਹੁੰਦਾ ਹੈ, ਕੀ ਕਿਸੇ ਬਿਰਖ ਦੀ ਛਾਂ ਵੀ ਕਦੇ ਹਮੇਸ਼ਾ ਇੱਕ ਥਾਂ ਟਿਕੀ ਹੈ? :

ਕੂੜੁ ਬੋਲਿ ਬੋਲਿ ਨਿਤ ਭਉਕਦੇ ਬਿਖੁ ਖਾਧੇ ਦੂਜੈ ਭਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1415)

ਕੂੜੁ ਬੋਲਿ ਬਿਖੁ ਖਾਇਆ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 948)

ਜਿਥੈ ਓਹੁ ਜਾਇ ਤਿਥੈ ਓਹੁ ਝੂਠਾ ਕੂੜੁ ਬੋਲੇ ਕਿਸੈ ਨ ਭਾਵੈ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 653)

ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 786)

ਝੂਠ ਨੂੰ ਸੱਚ ਦੇ ਸਾਹਵੇਂ ਅੰਤ ਹਾਰਨਾ ਹੀ ਪੈਂਦਾ ਹੈ। ਇਸ ਲਈ ਗੁਰੂ ਸਾਹਿਬ ਸੱਚ ਦਾ ਪੱਲਾ ਪਕੜਨ ਲਈ ਆਖਦੇ ਹਨ:

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 956)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਝੂਠ ਜੀਵਨ ਦੇ ਹਰ ਪਹਿਲੂ ਵਿਚ ਪ੍ਰਧਾਨ ਹੈ। ਮਨੁੱਖ ਦਾ ਮਕਸਦ ਤਾਂ ਆਪਣੇ ਟੀਚੇ ਨੂੰ ਪ੍ਰਾਪਤ ਕਰਨਾ ਹੋ ਗਿਆ ਹੈ, ਉਸ ਲਈ ਭਾਵੇਂ ਉਹ ਸੱਚ ਦਾ ਸਹਾਰਾ ਲਈਏ ਭਾਵੇਂ ਝੂਠ ਦਾ, ਕੋਈ ਫ਼ਰਕ ਨਹੀਂ ਰਹਿ ਗਿਆ।

ਅਜੋਕਾ ਮਨੁੱਖ ਤਾਂ ਝੂਠ ਰੂਪੀ ਭ੍ਰਿਸ਼ਟਣ ਵਿੱਚ ਆਪਣੀ ਜੀਭ ਹਰ ਵੇਲੇ ਲਿੱਬੜੀ ਹੋਈ ਹੀ ਰੱਖਣੀ ਚਾਹੁੰਦਾ ਹੈ। ਉਹ ਝੂਠ ਦੇ ਆਸਰੇ ਹੀ ਆਪਣੇ ਕਿੱਤੇ ਨੂੰ ਪ੍ਰਫੁਲਿਤ ਹੁੰਦਾ ਦੇਖਣਾ ਚਾਹੁੰਦਾ ਹੈ। ਅਜਿਹੇ ਵਿੱਚ ਉਸਨੂੰ ਆਪਣੀ ਇੱਜ਼ਤ ਜਾਂ ਬੇ-ਇੱਜ਼ਤੀ ਦੀ ਕੋਈ ਪਰਵਾਹ ਨਹੀਂ ਹੁੰਦੀ। ਉਹ ਜਾਣਦਾ ਹੈ ਕਿ ਜਦੋਂ ਉਸਦਾ ਕਾਰੋਬਾਰ ਪ੍ਰਫੁਲਿਤ ਹੋ ਗਿਆ ਤਾਂ ਹਰ ਪਾਸੇ ਉਸਦੀ ਵਾਹ-ਵਾਹ ਹੀ ਹੋਣੀ ਹੈ। ਕਿਸੇ ਨੇ ਵੀ ਇਹ ਨਹੀਂ ਪੁੱਛਣਾ ਕਿ ਤੂੰ ਧਨ ਕਮਾਇਆ ਕਿਵੇਂ ਹੈ। ਪਰ ਫਿਰ ਵੀ, ਝੂਠ ਸਦਾ–ਸਦੀਵੀ ਨਹੀਂ ਹੁੰਦਾ। ਸੱਚ ਦੇ ਸਾਹਮਣੇ ਇਸਨੂੰ ਹਾਰਨਾ ਹੀ ਪੈਂਦਾ ਹੈ। "ਵਾਸਤਵ ਵਿਚ ਮਨੁੱਖ ਹੈ ਹੀ ਮੌਕਾ ਭਾਂਪਣ ਵਿਚ ਪ੍ਰਬੀਨ, ਸਮੇਂ ਦੀ ਅਨੁਕੂਲਤਾ ਨੂੰ ਸਮਝਣ ਅਤੇ ਪਰਖਣ ਵਾਲਾ। ਅਨਪੜ੍ਹ ਅਤੇ ਮਾਣ-ਮਰਿਆਦਾ ਵਲੋਂ ਕੋਰੇ ਵਿਅਕਤੀ ਵੀ ਇਸ ਵਿਚ ਮਾਹਿਰ ਹੁੰਦੇ ਹਨ। ਕੋਈ ਵੀ ਅਜਿਹਾ ਅਵਸਰ ਅਜਾਈਂ ਨਹੀਂ ਗੁਆਉਂਦਾ ਜਿਸ ਦਾ ਉਸਨੂੰ ਲਾਭ ਹੋ ਸਕਦਾ ਹੋਵੇ। ਅਵਸਰ ਅਜਾਈਂ ਨਾ ਗੁਆਉਣ ਦਾ ਅਰਥ ਹਨ ਮੁਸਕਰਾਹਟਾਂ ਬਿਖੇਰਨੀਆਂ, ਮੇਜ਼ਬਾਨੀ ਨਿਭਾਉਣੀ, ਕੋਮਲ ਵਿਹਾਰ ਅਪਣਾਉਂਦੇ ਰਹਿਣਾ ਅਤੇ ਆਪਣੇ ਆਪ ਨੂੰ ਈਮਾਨਦਾਰ, ਸੱਚਾ ਅਤੇ ਖਰਾ ਦਰਸਾਉਂਦੇ ਰਹਿਣਾ, ਬੋਲਾਂ ਰਾਹੀਂ ਵੀ ਅਤੇ ਵਰਤਾਓ ਰਾਹੀਂ ਵੀ। ਅੱਜ ਦੀ ਵਪਾਰਕ ਅਤੇ ਵਿਹਾਰਕ ਨਿਪੁੰਨਤਾ ਮਨੁੱਖੀ ਸੁਭਾਅ ਦੀਆਂ ਇਨ੍ਹਾਂ ਵਿਸ਼ੇਸ਼ਤਾਵਾਂ ਦੇ ਵਿਖਾਵੇ ਉਪਰ ਟਿਕੀ ਹੋਈ ਹੈ। ਅੰਦਰੋ-ਅੰਦਰ ਭਾਵੇਂ ਕੋਈ ਕਿੰਨਾ ਹੀ ਸੜੇ ਜਾਂ ਬੇਈਮਾਨ ਬਣਿਆ ਰਹੇ ਪਰ ਉਪਰੋਂ ਪੂਰਾ ਯਤਨ ਹੁੰਦਾ ਹੈ, ਵਿਅਕਤੀ ਦਾ ਵੀ ਅਤੇ ਸੰਸਥਾ ਦਾ ਵੀ, ਕਿ ਉਪਰੋਕਤ ਕਰਦਾਂ ਦਾ ਉਦਾਰ ਵਿਖਾਵਾ ਕੀਤਾ ਜਾਵੇ।" (ਢਿੱਲੋਂ, *ਸਭਿਆਚਾਰ ਤੇ ਜੀਵਨ ਜਾਚ* 14)

### 2.2.17 ਦੁਸ਼ਮਣੀ

ਦੁਸ਼ਮਣ ਦੁੱਖ ਦੇਣ ਵਾਲਾ ਹੁੰਦਾ ਹੈ। ਉਹ ਦਿਲ ਵਿਚ ਕੰਡੇ ਵਾਂਗ ਚੁੱਭਵਾਂ ਹੁੰਦਾ ਹੈ। ਦੁਸ਼ਮਣ ਦਾ ਮੁੱਖ ਕੰਮ ਵਿਰੋਧੀ ਦਾ ਨੁਕਸਾਨ ਕਰਨਾ ਹੁੰਦਾ ਹੈ। ਹੇਠ ਲਿਖੇ ਸਲੋਕ ਵਿਚ ਬੁਢਾਪੇ ਨੂੰ ਜਵਾਨੀ ਦਾ ਵੈਰੀ ਦੱਸਿਆ ਗਿਆ ਹੈ ਜੋ ਜਵਾਨੀ ਨੂੰ ਰੋਲ਼ ਕੇ ਰੱਖ

ਦਿੰਦਾ ਹੈ। ਕਈ ਵਾਰ ਆਪਣਾ ਵੈਰ ਕੱਢਣ ਲਈ ਦੁਸ਼ਮਣ ਮਿੱਠ-ਬੋਲੜਾ ਵੀ ਬਣਦਾ ਹੈ ਅਤੇ ਨਿਮਰਤਾ ਦਾ ਢੌਂਗ ਰਚਦਾ ਹੈ ਪਰ ਭਲੇ (ਵਿਵੇਕੀ) ਪੁਰਖ ਵੈਰੀ ਦੀ ਨੀਅਤ ਜਾਣ ਜਾਂਦੇ ਹਨ:

ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ॥
ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ ਨ ਸਕੈ ਕੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 586)
ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ॥
ਤਿਸ ਕਾ ਸਰੀਕ ਕੋ ਨਹੀ ਨਾ ਕੋ ਕੰਟਕੁ ਵੈਰਾਈ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 592)
ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ॥
ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਇ ਮਰੰਨਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 788)
ਸਿਆਮਲੰ ਮਧੁਰ ਮਾਨੁਖੵੰ ਰਿਦਯੰ ਭੂਮਿ ਵੈਰਣਹ॥
ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸੰਤ ਸਵਜਨਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਨਿਰਵੈਰ ਬਿਰਤੀ ਵਾਲਿਆਂ ਨਾਲ ਵੈਰ ਕਰਨ ਵਾਲਿਆਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਇਸ ਲਈ ਖ਼ੁਦ ਵੀ ਨਿਰਵੈਰ ਬਿਰਤੀ ਧਾਰਨ ਕਰੋ। ਅਜਿਹਾ ਕਰਨ ਨਾਲ ਨਾ ਤਾਂ ਤੁਸੀਂ ਖ਼ੁਦ ਵੈਰ-ਵਿਰੋਧ ਦੀ ਅੱਗ ਵਿਚ ਝੁਲਸੋਗੇ ਅਤੇ ਨਾ ਹੀ ਕੋਈ ਹੋਰ ਤੁਹਾਡਾ ਕੁਝ ਵਿਗਾੜ ਸਕੇਗਾ। ਜਦੋਂ ਕੋਈ ਮਰ ਜਾਂਦਾ ਹੈ ਤਾਂ ਉਸ ਨਾਲ ਦੂਜਿਆਂ ਦੇ ਸਾਰੇ ਵੈਰ ਵੀ ਮੁੱਕ ਜਾਂਦੇ ਹਨ:

ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ ਘਰਿ ਲੂਕੀ ਲਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1415)
ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਕਿਸੇ ਮਨੁੱਖ ਦੀ ਆਪਣੇ ਵੈਰੀ ਬਾਰੇ ਮਨੋ-ਸਥਿਤੀ ਉਕਤ ਵਰਗੀ ਹੀ ਹੈ। ਉਹ ਆਪਣੇ ਵੈਰੀ ਨੂੰ ਕਿਸੇ ਵੀ ਮੌਕੇ ਸਬਕ ਸਿਖਾਉਣਾ ਚਾਹੁੰਦਾ ਹੈ। ਵੈਰੀ ਦਿਲ ਵਿਚ ਚੁੱਭਦੇ ਕੰਡੇ ਵਾਂਗ ਵੀ ਤਾਂ ਹੁੰਦਾ ਹੈ। ਵੈਰ-ਵਿਰੋਧ ਦੇ ਭਾਵ ਪੀੜ੍ਹੀ-ਦਰ-ਪੀੜ੍ਹੀ ਤੁਰਦੇ ਜਾਂਦੇ ਹਨ। ਕਈ ਵਾਰ ਦੁਸ਼ਮਣ ਮਨੁੱਖ ਬੜਾ ਮਿੱਠਾ ਬੋਲਦਾ ਹੈ ਅਤੇ ਨਿਮਰਤਾ ਦਾ ਪ੍ਰਦਰਸ਼ਨ ਕਰਦਾ ਹੈ ਪਰ ਸਿਆਣੇ ਮਨੁੱਖ ਅਜਿਹੀ ਹਮਦਰਦੀ ਪ੍ਰਤੀ ਸੁਚੇਤ ਰਹਿਣ ਦੀ ਸਿੱਖਿਆ ਦਿੰਦੇ ਹਨ।

"ਮਨੁੱਖੀ ਜੀਵਨ ਅਦਭੁਤ ਹੈ। ਇਹ ਜੀਵਨ ਮਾਣਦਿਆਂ ਜਿੱਥੇ ਕੁਝ ਮਨੁੱਖ ਇਕ-ਦੂਸਰੇ ਨੂੰ ਪਿਆਰ ਕਰਦੇ ਹਨ ਉੱਥੇ ਕੁਝ ਨਫ਼ਰਤ ਕਰਦੇ ਹੋਏ ਨਜ਼ਰ ਆਉਂਦੇ ਹਨ... ... ਜੋ ਵਸਤੂ ਤੁਹਾਨੂੰ ਪਿਆਰੀ ਹੁੰਦੀ ਹੈ ਉਸੇ ਨਾਲ ਨਫ਼ਰਤ ਹੋ ਜਾਂਦੀ ਹੈ। ਦੋਸਤ ਦੁਸ਼ਮਣ ਬਣ ਜਾਂਦਾ ਹੈ ਤੇ ਦੁਸ਼ਮਣ ਦੋਸਤ।" (ਪਾਇਲਟ ਬਾਬਾ, *ਰੋਜ਼ਾਨਾ ਪੰਜਾਬੀ ਜਾਗਰਣ 29.10.2017* 6)

### 2.2.18 ਚੁਗਲੀ

ਭਾਈ ਕਾਨ੍ਹ ਸਿੰਘ ਨਾਭਾ ਚੁਗਲੀ ਦੇ ਅਰਥ "ਪਿੱਠ ਪਿੱਛੇ ਕੀਤੀ ਬੁਰਾਈ. ਗ਼ੈਰਹਾਜ਼ਿਰੀ ਵਿੱਚ ਕੀਤੀ ਨਿੰਦਾ" (ਨਾਭਾ, *ਮਹਾਨ ਕੋਸ਼* 472) ਕਰਦੇ ਹਨ। ਗੁਰੂ ਨਾਨਕ ਦੇਵ ਜੀ ਤਤਕਾਲੀ ਹਾਲਾਤਾਂ ਦਾ ਨਕਸ਼ਾ ਖਿੱਚਦੇ ਹੋਏ ਦੱਸਦੇ ਹਨ ਕਿ ਦੇਸੀ ਨੁਮਾਇੰਦੇ (ਆਗੂ) ਤੁਰਕ ਸੱਤਾਧਾਰੀਆਂ ਦੇ ਕੰਨਾਂ ਅਤੇ ਮਨਾਂ ਵਿਚ ਰਈਅਤ ਬਾਰੇ ਜ਼ਹਿਰ ਭਰਦੇ ਹਨ। ਉਹ ਉਨ੍ਹਾਂ ਪਾਸ ਜਾ ਕੇ ਇਨ੍ਹਾਂ ਦੀਆਂ ਚੁਗਲੀਆਂ ਲਾਉਂਦੇ ਹਨ ਜਿਹੜੀਆਂ ਰਈਅਤ ਦੀ (ਤੁਰਕਾਂ ਦੁਆਰਾ) ਲੁੱਟ ਦਾ ਕਾਰਨ ਬਣਦੀਆਂ ਹਨ। ਇਹ ਆਪਣੇ ਭਰਾ-

ਭਾਈਆਂ ਦੀਆਂ ਚੁਗਲੀਆਂ ਉਨ੍ਹਾਂ ਪਾਸ ਕਰ ਕੇ ਆਪ (ਉਨ੍ਹਾਂ ਅੱਗੇ) ਚੰਗੇ ਬਣਦੇ ਹਨ। ਗੁਰੂ ਸਾਹਿਬ ਚੁਗਲੀ ਨੂੰ ਕੰਨ ਦੀ ਅਪਵਿੱਤਰਤਾ (ਸੂਤਕ) ਮੰਨਦੇ ਹਨ। ਅੰਤ ਚੁਗਲਖ਼ੋਰਾਂ ਦੇ ਹੱਥ ਕੁਝ ਵੀ ਨਹੀਂ ਲੱਗਦਾ। ਇਸ਼ਾਰਾ ਇਸ ਆਦਤ ਤੋਂ ਦੂਰ ਰਹਿਣ ਬਾਰੇ ਹੈ:

ਤੁਰਕ ਮੰਤ੍ਰ ਕਨਿ ਰਿਦੈ ਸਮਾਹਿ॥

ਲੋਕ ਮੁਹਾਵਹਿ ਚਾੜੀ ਖਾਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

ਕੰਨੀ ਸੂਤਕੁ ਕੰਨਿ ਪੈ [149]ਲਾਇਤਬਾਰੀ ਖਾਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)

ਚੁਗਲ ਨਿੰਦਕ ਭੁਖੇ ਰੁਲਿ ਮੁਏ ਹਥੁ ਨ ਕਿਥਾਊ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1417)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਚੁਗਲੀ ਦੀ ਆਦਤ ਪ੍ਰਧਾਨ ਹੈ। ਕਿਸੇ ਬਾਰੇ ਚੁਗਲੀ ਕਰਕੇ ਉਸਦਾ ਕੋਈ ਬਣ ਰਿਹਾ ਕੰਮ ਵਿਗਾੜ ਦਿੱਤਾ ਜਾਂਦਾ ਹੈ। ਕਿਸੇ ਦੂਸਰੇ ਦੀ ਚੁਗਲੀ ਕਰਕੇ ਆਪਣੇ-ਆਪ ਨੂੰ ਚੰਗਾ ਦਰਸਾਇਆ ਜਾਂਦਾ ਹੈ।

"ਸਾਡਾ ਸਮਾਜ ਚੁਗ਼ਲਖੋਰਾਂ ਨਾਲ ਭਰਿਆ ਪਿਆ ਹੈ। ਚੁਗ਼ਲਖੋਰ ਤੁਹਾਡੇ ਗਲੀ-ਮੁਹੱਲੇ, ਆਂਢ-ਗੁਆਂਢ 'ਚ, ਨੌਕਰੀ ਵਿਚ ਕੰਮ ਕਰਦੇ ਸਾਥੀਆਂ ਅਤੇ ਤੁਹਾਡੇ ਰਿਸ਼ਤਿਆਂ ਵਿਚ ਹੀ ਲੁਕੇ ਬੈਠੇ ਹਨ। ਇਨ੍ਹਾਂ ਕਰਕੇ ਹੀ ਰਿਸ਼ਤੇ, ਬਿਖਰਦੇ ਪਰਿਵਾਰ, ਅੱਜ-ਕੱਲ੍ਹ ਘਰ-ਘਰ ਦੀ ਸਮੱਸਿਆ ਬਣ ਗਏ ਹਨ। ਭੋਲੇ-ਭਾਲੇ ਲੋਕ ਅਜਿਹੇ ਚੁਗਲਖੋਰਾਂ ਦੀ ਪਕੜ ਵਿਚ ਜਲਦੀ ਆ ਜਾਂਦੇ ਹਨ... ... ਰਿਸ਼ਤਿਆਂ ਵਿਚ ਦਰਾੜਾਂ ਵੀ ਬਹੁਤੀ ਵਾਰ ਇਨ੍ਹਾਂ ਚੁਗਲਖੋਰਾਂ ਦੀਆਂ ਮਿਹਰਬਾਨੀਆਂ ਦਾ ਹੀ ਨਤੀਜਾ ਹੁੰਦੀਆਂ ਹਨ। ਕੰਨਾਂ ਦੇ ਕੱਚੇ ਅਜਿਹੇ ਲੋਕ ਅਕਸਰ ਉਨ੍ਹਾਂ ਗਲਤੀਆਂ ਲਈ ਤੁਹਾਡੇ ਨਾਲ ਨਰਾਜ਼ ਰਹਿਣ ਲੱਗ ਪੈਂਦੇ ਹਨ, ਜਿਹੜੀਆਂ ਤੁਸੀਂ ਕਦੇ ਕੀਤੀਆਂ ਹੀ ਨਹੀਂ ਹੁੰਦੀਆਂ।" (ਸ਼ਰਮਾ, *ਰੋਜ਼ਾਨਾ ਪੰਜਾਬੀ ਜਾਗਰਣ11.11.2017* 2)

### 2.2.19 ਪਰ-ਪੁਰਖ/ਪਰ-ਇਸਤਰੀ ਗਮਨ

ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਤਤਕਾਲੀ ਮਨੁੱਖ ਦੀ ਇਸ ਪ੍ਰਵਿਰਤੀ ਦਾ ਅਹਿਸਾਸ ਵੀ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਸੰਸਾਰ ਵਿਚ ਬੇਅੰਤ ਚੋਰ, ਪਰ-ਇਸਤਰੀ ਗਾਮੀ, ਝੂਠੇ, ਭੈੜੇ ਤੇ ਵਿਕਾਰੀ ਮਨੁੱਖ ਹਨ। ਸੰਸਾਰ ਵਿਚ (ਅਨੇਕ) ਚੋਰੀਆਂ, ਪਰ-ਇਸਤਰੀ ਗਮਨ, ਧੋਖੇ-ਬਾਜ਼ੀਆਂ ਅਤੇ ਕੁਬੋਲਾਂ (ਗਾਲ੍ਹਾਂ) ਦਾ ਪ੍ਰਚਲਨ ਹੈ। ਚੋਰਾਂ, ਵਿਭਚਾਰੀ ਮਨੁੱਖਾਂ, ਪਰ-ਪੁਰਖ ਰਮਣ ਵਾਲੀਆਂ ਔਰਤਾਂ ਅਤੇ ਦੱਲੀਆਂ ਦੀ ਮਜਲਿਸ ਦੇਖੀ ਜਾਂਦੀ ਹੈ (ਇੱਕੋ ਜਿਹੀ ਸੋਚ ਦੇ ਹੋਣ ਕਾਰਨ ਇਕੱਠੇ ਦਿਖਾਈ ਦਿੰਦੇ ਹਨ)। ਗੁਰੂ ਨਾਨਕ ਦੇਵ ਜੀ ਪਰਾਈ ਇਸਤਰੀ, ਧਨ ਅਤੇ ਰੂਪ ਦੇ ਤੱਕਣ ਨੂੰ ਅੱਖਾਂ ਦਾ ਸੂਤਕ (ਭ੍ਰਿਸ਼ਟਣ) ਖ਼ਿਆਲ ਕਰਦੇ ਹਨ:

ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 466)

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਦੁਹਾਗਣ ਇਸਤਰੀ ਸੁੰਦਰ ਪਹਿਰਾਵਾ ਪਾ ਕੇ ਪਰ-ਪੁਰਖ ਰਮਣ ਲਈ ਜਾਂਦੀ ਹੈ। ਉਸਦਾ ਆਪਣਾ ਪਤੀ ਘਰ ਬੈਠਾ ਹੈ ਜਦਕਿ ਉਹ ਦੂਜਿਆਂ ਦੇ ਮੋਹ ਵਿਚ ਫਸੀ ਹੋਈ ਹੈ। ਆਪਣਾ ਸੋਹਣਾ, ਬਾਂਕਾ ਪਤੀ ਛੱਡ ਕੇ ਭੈੜੀ ਮੱਤ ਵਾਲੀ ਅਤੇ ਮੰਦੇ ਕਰਮਾਂ ਵਾਲੀ

ਬੁਰੇ ਲੱਛਣਾਂ ਵਾਲਿਆਂ ਨਾਲ ਸਨੇਹ-ਸਬੰਧ ਬਣਾ ਰਹੀ ਹੈ। ਪਰ-ਪੁਰਖਾਂ ਵਿਚ ਬਿਰਤੀ ਟਿਕਾ ਕੇ ਉਸ ਨੇ (ਮਾਨੋ) ਆਪਣੇ ਪਤੀ ਦਾ ਤਿਆਗ ਹੀ ਕੀਤਾ ਹੋਇਆ ਹੈ। ਪਰ-ਪੁਰਖ ਰਮਣ ਦੀ ਬਿਰਤੀ ਵਾਲੀ ਔਰਤ ਘਰ-ਘਰ ਫਿਰਦੀ ਹੈ, ਉਹ ਸਮਾਜ ਵਿਚ ਦੁਰਾਚਾਰੀ ਇਸਤਰੀ ਵਜੋਂ ਬਦਨਾਮ ਹੁੰਦੀ ਹੈ। ਗ੍ਰਹਿਸਥ ਸੰਜਮ ਦੀ ਪਾਲਣਾ ਜ਼ਰੂਰੀ ਹੈ:

ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ॥
ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 785)
ਦੁਰਜਨ ਸੇਤੀ ਨੇਹੁ ਰਚਾਇਆ ਦਸਿ ਵਿਖਾ ਮੈ ਕਾਰਣੁ॥
... ... ... ... ... ... ... ...
ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 959)
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 89)
ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ॥
ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 645)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਪਰ-ਪੁਰਖ/ਪਰ-ਇਸਤਰੀ ਗਮਨ ਪ੍ਰਚੱਲਤ ਹੈ। ਪਰ-ਪੁਰਖ/ਪਰ-ਇਸਤਰੀ ਪਿੱਛੇ ਆਪਣੇ ਬੱਚੇ ਅਤੇ ਬਾਕੀ ਪਰਿਵਾਰ ਤਿਆਗ ਦਿੱਤੇ ਜਾਣ ਦੀਆਂ ਖ਼ਬਰਾਂ ਅਕਸਰ ਸੁਣੀਂਦੀਆਂ ਹਨ। ਪਰ-ਪੁਰਖ/ਪਰ-ਇਸਤਰੀ ਦੇ ਮਗਰ ਲੱਗ ਕੇ ਆਪਣੇ ਜੀਵਨ-ਸਾਥੀ ਨੂੰ ਮਾਰ ਦਿੱਤੇ ਜਾਣ ਦੀਆਂ ਖ਼ਬਰਾਂ ਵੀ ਅਕਸਰ ਪੜ੍ਹਨ-ਸੁਣਨ ਵਿਚ ਆਉਂਦੀਆਂ ਹਨ। ਅਜੋਕਾ ਮਨੁੱਖ ਪਰ-ਰੂਪ ਤੱਕਣ ਅਤੇ ਮਾਨਣ ਲਈ ਬੜਾ ਉਤਸੁਕ ਰਹਿੰਦਾ ਹੈ। ਵਿਕਾਰੀ ਮਨੁੱਖ ਅਕਸਰ ਟੋਲੀਆਂ ਵਿੱਚ ਦੇਖੇ ਜਾਂਦੇ ਹਨ ਅਤੇ ਆਪਣੀ ਏਕਤਾ ਦਰਸਾਉਂਦੇ ਹਨ। ਅਜੋਕੇ ਦੌਰ ਵਿੱਚ ਦੁਰਾਚਾਰੀ ਮਨੁੱਖ ਨੂੰ ਕੋਈ ਵੀ ਚੰਗਾ ਨਾ ਸਮਝਦਾ ਹੋਵੇ ਪਰ ਉਸਦੇ ਮੂੰਹ 'ਤੇ ਉਸਨੂੰ ਕੌਣ ਮਾੜਾ ਆਖਦਾ ਹੈ?

### 2.2.20 ਮਿੱਤਰ-ਭਾਵ

ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਤਤਕਾਲੀ ਦੌਰ ਵਿਚ ਮਿੱਤਰਤਾ ਦਾ ਬੜਾ ਮਹੱਤਵ ਸੀ। ਇਹ ਸਬੰਧ ਏਨਾ ਨੇੜੇ ਦਾ ਅਤੇ ਦਿਲ ਨਾਲ ਜੁੜਿਆ ਹੋਇਆ ਸੀ ਕਿ ਬਾਣੀਕਾਰਾਂ ਨੇ ਪ੍ਰਭੂ ਨਾਲ ਮਿੱਤਰ ਵਜੋਂ ਸਬੰਧ ਜੋੜੇ ਹਨ। ਮਿੱਤਰ, ਮਿੱਤਰ ਦੀ ਗੱਲ ਨਹੀਂ ਸੀ ਟਾਲਦਾ। ਬਾਣੀਕਾਰਾਂ ਨੇ ਮਨੁੱਖ ਨੂੰ ਸਮਝਾਉਣ ਲਈ ਉਸਨੂੰ ਆਪਣੇ ਮਿੱਤਰ ਦੇ ਤੌਰ 'ਤੇ ਸੰਬੋਧਿਤ ਕੀਤਾ ਹੈ ਜਿਸਦਾ ਭਾਵ ਹੈ ਕਿ ਮਿੱਤਰ, ਮਿੱਤਰ ਦੀ ਕਹੀ ਗੱਲ ਦੀ ਬੜੀ ਕਦਰ ਕਰਦਾ ਸੀ:

ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 519)
ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 320)

ਵਫ਼ਾਦਾਰੀ, ਮਿੱਤਰ ਦਾ ਮੁੱਢਲਾ ਗੁਣ ਸੀ। ਮਿੱਤਰਤਾ ਉਦੋਂ ਹੀ ਹੋ ਸਕਦੀ ਸੀ, ਜਦੋਂ ਦੋਹਾਂ ਪੱਖਾਂ ਦੀਆਂ ਰੁਚੀਆਂ ਰਲਦੀਆਂ-ਮਿਲਦੀਆਂ ਹੋਣ। ਦੋਹੇਂ ਪੱਖ ਇੱਕੋ ਦ੍ਰਿਸ਼ਟੀਕੋਣ ਤੋਂ ਸੋਚਣ ਲੱਗਣ ਤਾਂ ਸਮਝੋ ਦੋਸਤੀ ਹੋ ਗਈ। ਮਿੱਤਰ ਦਾ ਰਿਸ਼ਤਾ ਤਾਂ ਦੁੱਖ-ਸੁੱਖ ਦਾ ਸਾਂਝੀਵਾਲ

ਰਿਸ਼ਤਾ ਹੁੰਦਾ ਸੀ। ਉਸਦੇ ਸਾਥ ਛੱਡ ਜਾਣ ਦਾ ਦੁੱਖ ਅਕਹਿ ਹੁੰਦਾ ਸੀ। ਮਿੱਤਰਾਂ ਨੂੰ ਮਿਲਣ ਲਈ ਮਨੁੱਖ ਬੜੇ ਦੁੱਖ ਸਹਾਰ ਸਕਦਾ ਸੀ:

ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 517)

ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1284)

ਕਬੀਰ ਸਭ ਤੇ ਹਮ ਬੁਰੇ ਹਮ ਹਮ ਤਜ ਭਲੋ ਸਭੁ ਕੋਇ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1364)

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥
ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਮਿੱਤਰ ਡਿਗਦੇ ਮਨੋਬਲ ਦੌਰਾਨ ਧਰਵਾਸ ਦਿੰਦਾ ਸੀ। ਮਿੱਤਰ ਦੁੱਖ ਵਿਚ ਆਸਰਾ ਬਣਦਾ ਸੀ। ਅੰਤ ਵੇਲੇ ਜਦੋਂ ਕੋਈ ਨੇੜੇ ਨਹੀਂ ਆਉਂਦਾ ਤਾਂ ਪ੍ਰਭੂ ਨੂੰ ਵੀ ਤਾਂ ਮਿੱਤਰ ਵਜੋਂ ਹੀ ਚਿਤਵਿਆ ਗਿਆ ਹੈ, ਜਿਸ ਤੋਂ ਮਿੱਤਰ ਦੇ ਮੁਸ਼ਕਿਲ ਸਮੇਂ ਬਹੁੜਨ ਦੀ ਗੱਲ ਤਸਦੀਕ ਹੁੰਦੀ ਹੈ। ਤਦ ਹੀ ਤਾਂ ਮਿੱਤਰ ਨੂੰ ਦੁੱਖ ਸਮੇਂ ਯਾਦ ਕੀਤਾ ਜਾਂਦਾ ਸੀ। ਜਦੋਂ ਮਿੱਤਰ 'ਤੇ ਕੋਈ ਮੁਸੀਬਤ ਬਣ ਆਵੇ ਤਾਂ ਉਸਨੂੰ ਮੁਸੀਬਤ ਵਿੱਚੋਂ ਕੱਢਣ ਲਈ ਆਹਰ ਕੀਤਾ ਜਾਂਦਾ ਸੀ। ਇਸ ਤਰ੍ਹਾਂ ਗੁਰੂ ਸਾਹਿਬ ਪਰਮਾਤਮਾ ਨਾਲ ਮਿੱਤਰਤਾ ਵਾਲਾ ਰਿਸ਼ਤਾ ਕਾਇਮ ਕਰਨ ਦਾ ਸੁਨੇਹਾ ਦੇ ਜਾਂਦੇ ਹਨ। ਇਹ ਰਿਸ਼ਤਾ ਐਸਾ ਹੈ, ਜਿਸ ਵਿਚ ਆਪਣੇ ਹਿੱਤ ਨੂੰ ਕੋਈ ਵਿਸ਼ੇਸ਼ਤਾ ਨਹੀਂ ਦਿੱਤੀ ਜਾਂਦੀ, ਸਗੋਂ ਦੂਜੇ ਦੀਆਂ ਲੋੜਾਂ ਦਾ ਖ਼ਿਆਲ ਵੱਧ ਰੱਖਿਆ ਜਾਂਦਾ ਹੈ:

ਦੇਹ ਛਿਜੰਦੜੀ ਊਣ ਮਝੂਣਾ ਗੁਰਿ ਸਜਣਿ ਜੀਉ ਧਰਾਇਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 964)

ਨਾਨਕ ਗੁਰਮੁਖਿ ਬਖਸਿ ਲਏ ਅੰਤਿ ਬੇਲੀ ਹੋਇ ਭਗਵਾਨੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1284)

ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 953)

ਅੰਞਾਣ ਨਾਲ ਕੀਤੀ ਦੋਸਤੀ ਨਿਭਦੀ ਨਹੀਂ। ਆਪਣੇ ਜਿਹੀ ਸਮਝ-ਪੱਧਰ ਵਾਲੇ ਅਤੇ ਆਪਣੇ ਜਿਹੇ ਵਿੱਤੀ ਪੱਧਰ ਵਾਲੇ ਮਨੁੱਖ ਨਾਲ ਦੋਸਤੀ ਚੰਗੀ ਨਿਭਦੀ ਹੈ। ਉੱਚਿਆਂ ਨਾਲ ਲਾਈਆਂ ਯਾਰੀਆਂ ਪਾਣੀ ਵਿਚ ਪਈ ਹੋਈ ਲੀਕ ਵਾਂਗ ਹੁੰਦੀਆਂ ਹਨ:

ਨਾਲ ਇਆਣੇ ਦੋਸਤੀ ਕਦੇ ਨ ਆਵੈ ਰਾਸਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 953)

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥
ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 474)

ਆਪ-ਹੁਦਰੇ ਮਨੁੱਖ ਨਾਲ ਦੋਸਤੀ ਬਹੁਤਾ ਚਿਰ ਨਹੀਂ ਸੀ ਕੱਢਦੀ। ਉਹ ਝੱਟ ਹੀ ਟੁੱਟ ਜਾਂਦੀ ਸੀ ਤੇ ਅਜਿਹੀ ਦੋਸਤੀ ਵਿਚ ਕਈ ਭੈੜਾਂ (ਬੁਰਾਈਆਂ) ਹੁੰਦੀਆਂ ਸਨ। ਜਿਹੜੇ ਸਿਰਫ਼ ਆਪਣੇ ਹੀ ਹਿੱਤ ਨੂੰ ਪਹਿਲ ਦੇਣ, ਹੰਕਾਰ-ਰੂਪੀ ਵਿਕਾਰ ਤੋਂ ਗ੍ਰਸਤ ਹੋਣ, ਉਹ ਸੱਜਣ ਕਦੋਂ ਦੇ ਹੋਏ? ਅਜਿਹੇ ਮਨੁੱਖ ਮਿੱਤਰ ਨਹੀਂ ਸਗੋਂ ਕੁਮਿੱਤਰ ਆਖੇ ਜਾਂਦੇ ਸਨ ਜਿਹੜੇ ਦੁੱਖ ਵਿਚ ਇੱਕ ਕਦਮ ਵੀ ਨਾਲ

ਨਹੀਂ ਚੱਲਦੇ ਸਨ। ਜਿਹੜੇ ਹਰ ਦੁੱਖ-ਸੁੱਖ ਵਿਚ ਨਾਲ ਨਿਭਣ ਉਹ ਸੁਮਿੱਤਰ ਆਖੇ ਗਏ ਹਨ। ਸੁਮਿੱਤਰਾਂ ਨਾਲ ਹੀ ਮਿੱਤਰਤਾ ਦੇ ਸਬੰਧ ਕਾਇਮ ਕਰਨੇ ਚਾਹੀਦੇ ਹਨ:

ਮਨਮੁਖੁ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ॥
ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲੈ ਵਿਕਾਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 587)
ਦੂਜੇ ਭਾਇ ਲਗੇ ਸਜਣ ਨ ਆਖੀਅਹਿ ਜਿ ਅਭਿਮਾਨੁ ਕਰਹਿ ਵੇਕਾਰ॥
(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 643)
ਤਿਨ੍ ਸੰਗਿ ਸੰਗੁ ਨ ਕੀਜਈ ਨਾਨਕ ਜਿਨਾ ਆਪਣਾ ਸੁਆਉ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 520)
ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 318)
ਹਰਿ ਲਬਧੋ ਮਿਤ੍ਰ ਸੁਮਿਤੋ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1361)

ਆਪ-ਹੁਦਰੇ ਮਨੁੱਖਾਂ ਨਾਲ ਕੀਤੀ ਮਿੱਤਰਤਾ ਸਿਰਫ਼ ਧਨ-ਪਰਾਦਥਾਂ ਦੀ ਸਾਂਝ ਤੱਕ ਹੀ ਸੀਮਿਤ ਰਹਿੰਦੀ ਸੀ। ਉਨ੍ਹਾਂ ਨਾਲ ਦੋਸਤੀ ਵਾਲੇ ਪੱਕੇ ਸਬੰਧ ਕਦੇ ਨਹੀਂ ਸਨ ਜੁੜਦੇ ਅਤੇ ਇਹਨਾਂ ਦਾ ਦੋਸਤੀ ਛੱਡ ਕੇ ਭੱਜਦਿਆਂ ਦਾ ਪਤਾ ਹੀ ਨਹੀਂ ਸੀ ਲੱਗਦਾ। ਜਿੰਨਾ ਚਿਰ ਮਨੋਰਥ ਪੂਰੇ ਹੁੰਦੇ ਰਹਿਣ ਓਨਾ ਚਿਰ ਸਬੰਧ ਬਣਾਈ ਰੱਖਦੇ ਸਨ। ਜਿਸ ਦਿਨ ਮਿੱਤਰ ਧਨ ਪੱਖੋਂ ਖ਼ਾਲੀ ਹੋ ਜਾਂਦਾ ਸੀ ਉਸ ਦਿਨ ਉਨ੍ਹਾਂ ਦੀ ਗੱਲ-ਬਾਤ ਹੀ ਬਦਲ ਜਾਂਦੀ ਸੀ। ਉਹ ਮਿੱਤਰ ਦੇ ਦਿਲ ਨੂੰ ਕਿੱਥੇ ਸਮਝ ਸਕਦੇ ਸਨ? ਝੂਠ ਉੱਪਰ ਟਿਕਿਆ ਇਹ ਸਬੰਧ ਤਾਂ ਇਸ ਤਰ੍ਹਾਂ ਸੀ ਜਿਵੇਂ ਪੱਥਰਾਂ ਨੂੰ ਚਿੱਕੜ ਨਾਲ ਆਪਸ ਵਿਚ ਜੋੜਿਆ ਗਿਆ ਹੋਵੇ:

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥
ਜਿਚਰੁ ਪੈਨਨਿ ਖਾਵਨੇ੍ ਤਿਚਰੁ ਰਖਨਿ ਗੰਢੁ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨੁ ਬੋਲਨਿ ਗੰਧੁ॥
ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ॥
ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 956)

ਕਈ ਵਾਰ ਮਨੁੱਖ ਕਿਸੇ ਲਾਲਚ-ਵੱਸ ਹੋ ਕੇ ਦੋਸਤੀ ਗੁਆ ਬਹਿੰਦਾ ਸੀ। ਮਨੁੱਖ ਦੇ ਅੰਦਰਲਾ ਹੰਕਾਰ ਵੀ ਮਿੱਤਰਾਂ ਦੀ ਗਿਣਤੀ ਘਟਾ ਦਿੰਦਾ ਸੀ। ਆਪ-ਹੁਦਰੇ ਮਨੁੱਖਾਂ ਨਾਲ ਦੋਸਤੀ ਦੇ ਸਬੰਧ ਜੋੜ ਕੇ ਵੀ ਕਦੇ ਕਿਸੇ ਨੂੰ ਕੋਈ ਸੁੱਖ ਮਿਲਿਆ ਹੈ? ਭਗਤ ਕਬੀਰ ਜੀ ਬਹੁਤੇ ਮਿੱਤਰਾਂ ਵਾਲਿਆਂ ਨੂੰ ਦੁਖੀ ਦੇਖ ਕੇ ਹੀ ਆਖ ਰਹੇ ਹੋਣਗੇ ਕਿ ਮਿੱਤਰਤਾ ਦੇ ਸਬੰਧ ਥੋੜ੍ਹਿਆਂ ਨਾਲ ਹੀ ਬਣਾਓ:

ਕਬੀਰ ਸੁਖੁ ਨ ਏਂਹ ਜੁਗਿ ਕਰਹਿ ਜੁ ਬਹੁਤੇ ਮੀਤ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

"It is really a blessing from God to have good friends. In fact, we should not think of having many of them. Instead, those we have should be good and supportive." (Benny Joseph (Ed) *Stream of Wisdom* 9)

**ਅਜੋਕੀ ਸਥਿਤੀ:** ਅਜੋਕੇ ਸਮੇਂ ਵਿਚ ਸੱਚੇ ਮਿੱਤਰ ਦਾ ਮਿਲ ਪਾਉਣਾ ਅਸੰਭਵ ਜਿਹਾ ਹੋ ਗਿਆ ਹੈ। ਦੁੱਖ ਦੇ ਸਮੇਂ ਕੋਈ ਐਸਾ ਮੋਢਾ ਦਿਖਾਈ ਨਹੀਂ ਦਿੰਦਾ ਜਿਸ ਉੱਪਰ ਆਪਣਾ ਸਿਰ ਰੱਖ ਕੇ ਮਨੁੱਖ ਆਪਣੇ ਮਨ ਦਾ ਭਾਰ ਹੌਲ਼ਾ ਕਰ ਸਕੇ। ਗੱਲਾਂ ਵਾਲੇ ਮਿੱਤਰ ਅਣ-ਗਿਣਤ ਹਨ ਪਰ ਸੱਚਾ ਮਿੱਤਰ ਦੁਰਲੱਭ ਹੋ ਗਿਆ ਹੈ। "ਮੰਡੀ ਆਰਥਿਕਤਾ ਤੇ ਖ਼ਪਤਕਾਰੀ ਸਭਿਆਚਾਰ ਨੇ ਜ਼ਿੰਦਗੀ ਦੀ ਸਹਿਜ ਤੋਰ, ਜਮਾਂਦਰੂ ਕਦਰਾਂ-ਕੀਮਤਾਂ, ਪਰਿਵਾਰਕ ਤੇ ਭਾਈਚਾਰਕ ਤੰਦਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਗ਼ੈਰ ਸਿਹਤਮੰਦ ਮੁਕਾਬਲੇਬਾਜ਼ੀ, ਇਕ ਦੂਜੇ ਦੀ ਲਾਸ਼ ਤੇ ਪੈਰ ਧਰ ਕੇ ਉਪਰ ਚੜ੍ਹਨ ਦੇ ਸਿਰਵੱਢ ਸਰਮਾਏਦਾਨਾ ਸੱਭਿਆਚਾਰ ਨੇ ਪੰਜਾਬੀ ਸਮਾਜ ਨੂੰ ਕਰੂਪ ਕਰ ਦਿੱਤਾ ਹੈ। ਪੁਰਾਣੇ ਜ਼ਮੀਨੀ ਰਿਸ਼ਤੇ ਟੁੱਟਣ ਨਾਲ ਪਰਿਵਾਰ ਖਿੰਡ ਰਹੇ ਹਨ, ਸਾਂਝਾ-ਸੱਥਾਂ ਖ਼ਤਮ ਹੋ ਰਹੀਆਂ ਹਨ। ਰਿਸ਼ਤੇ ਸੁੰਗੜ ਰਹੇ ਹਨ। ਅਧਿਆਪਕ ਤੇ ਡਾਕਟਰੀ ਵਰਗੇ ਪਵਿੱਤਰ ਕਿੱਤਿਆਂ, ਯਾਰੀਆਂ-ਦੋਸਤੀਆਂ, ਰਿਸ਼ਤੇ-ਨਾਤੇਦਾਰੀਆਂ ਵਿਚ ਵਪਾਰਕ ਸਭਿਆਚਾਰ ਦੀ ਸੜ੍ਹਿਆਂਦ ਆਉਂਦੀ ਹੈ।" (ਗਾਂਧੀ, *ਸਮਕਾਲੀ ਪੰਜਾਬੀ ਸਮਾਜ* 97) "ਰਵਾਇਤੀ ਰਿਸ਼ਤਿਆਂ ਦੇ ਕਮਜ਼ੋਰ ਹੋ ਜਾਣ ਨਾਲ ਹੁਣ ਸੰਬੰਧਾਂ ਦਾ ਦਾਰੋਮਦਾਰ ਮੁੱਖ ਤੌਰ 'ਤੇ ਦੋਸਤਾਂ 'ਤੇ ਹੈ। ਇਸ ਲਈ ਉਨ੍ਹਾਂ ਦੀ ਚੋਣ ਚੰਗੀ ਤਰ੍ਹਾਂ ਸੋਚ-ਵਿਚਾਰ ਕੇ ਕਰਨੀ ਚਾਹੀਦੀ ਹੈ। ਖ਼ੂਨ ਦੇ ਰਿਸ਼ਤਿਆਂ ਤੋਂ ਵੱਧ ਪੁਖਤਾ ਉਹ ਹਨ ਜੋ ਮਾੜਾ ਵਕਤ ਪੈਣ 'ਤੇ ਹੱਥ ਫੜ ਲੈਂਦੇ ਹਨ। ਖੁਸ਼ਹਾਲੀ ਦੇ ਦੌਰ ਵਿਚ ਮਿੱਤਰ ਮੰਡਰਾਉਣ ਲੱਗਦੇ ਹਨ। ਖਰੇ ਮਿੱਤਰ ਦੀ ਪਰਖ ਬਿਪਤਾ ਵੇਲ਼ੇ ਜਾਂ ਔਖੀ ਘੜੀ ਵਿਚ ਹੁੰਦੀ ਹੈ। ... ... ਅਮਰੀਕੀ ਪੱਤਰਕਾਰ ਰਾਬਰਟ ਬ੍ਰਾਲਟ ਕਹਿੰਦੇ ਹਨ, 'ਮਾਨਸਿਕ ਰੋਗੀਆਂ ਨੂੰ ਮਨੋਵਿਗਿਆਨੀਆਂ ਦੀ ਘੱਟ, ਮਿੱਤਰ ਦੀ ਵੱਧ ਜ਼ਰੂਰਤ ਹੁੰਦੀ ਹੈ।" (ਬੜਥਵਾਲ, *ਰੋਜ਼ਾਨਾ ਪੰਜਾਬੀ ਜਾਗਰਣ 20.11.2017*, 4) "ਸਮਾਜਿਕ ਤਾਣੇ ਬਾਣੇ ਵਿਚ ਘਿਰੀ ਕੁਲ ਲੋਕਾਈ ਲਈ ਅਜੋਕੇ ਪਦਾਰਥਵਾਦੀ ਦੌਰ ਵਿਚ ਤਣਾਅ ਮੁਕਤ ਰਹਿਣ ਦਾ ਇੱਕੋ ਇਕ ਆਨੰਦਮਈ ਅਹਿਸਾਸ ਉਸ ਦਾ ਪਿਆਰਾ ਸੱਜਣ ਹੁੰਦਾ ਹੈ, ਜਿਸ ਨਾਲ ਆਪਣੇ ਦਿਲ ਦੀ ਹਰ ਗੱਲ ਨੂੰ ਸਾਂਝਾ ਕੀਤਾ ਜਾ ਸਕਦਾ ਹੈ। ਇਹ ਸੱਜਣ ਹਰ ਦੁੱਖ-ਸੁੱਖ ਵਿਚ ਆਪਣੇ ਪਿਆਰਿਆਂ ਦਾ ਸਾਥ ਦਿੰਦਾ ਹੈ। ਹਰ ਮੁਸ਼ਕਿਲ ਸਮੇਂ ਵਿਚ ਉਸ ਦੀ ਢਾਲ ਬਣ ਕੇ ਖੜ੍ਹਦਾ ਹੈ। ... ... ਸੱਜਣ ਤਾਂ ਦਿਲ-ਮਿਲਿਆਂ ਦੇ ਮੇਲੇ ਵਾਂਗ ਹੁੰਦੇ ਹਨ।" (ਕੈਂਥ, *ਰੋਜ਼ਾਨਾ ਪੰਜਾਬੀ ਜਾਗਰਣ 28.10.2017* 2)

### 2.2.21 ਖਾਣ-ਪੀਣ ਦਾ ਸ਼ੌਕ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਕੁਝ ਉਲੇਖ ਤਤਕਾਲੀ ਖਾਣ-ਪੀਣ ਦੇ ਸ਼ੌਕ ਵੱਲ ਇਸ਼ਾਰਾ ਕਰਦੇ ਹਨ। ਗੁਰੂ ਨਾਨਕ ਦੇਵ ਜੀ ਮਨੁੱਖ ਦੀ ਸਿਰਫ਼ ਖਾਣ ਤੱਕ ਸੀਮਤ ਰਹਿ ਕੇ ਪੇਟ ਵਧਾਉਣ ਦੀ ਪ੍ਰਵਿਰਤੀ ਨੂੰ ਨਿੰਦਦੇ ਹਨ:

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਗੁਰੂ ਨਾਨਕ ਦੇਵ ਜੀ ਮਨੁੱਖਾ ਜੀਵਨ ਨੂੰ ਦਸ ਅੰਤਰਾਲਾਂ ਵਿਚ ਵੰਡਦੇ ਹੋਏ ਇਨ੍ਹਾਂ ਦਸ ਅੰਤਰਾਲਾਂ ਅਧੀਨ ਮਨੁੱਖ ਦੀਆਂ ਮੁੱਖ ਪ੍ਰਵਿਰਤੀਆਂ ਦਾ ਬਿਆਨ ਕਰਦੇ ਹਨ। ਪੰਜਵੇਂ ਅੰਤਰਾਲ ਅਧੀਨ ਮਨੁੱਖ ਦੀ ਖਾਣ-ਪੀਣ ਦੀ ਰੁਚੀ ਵਿਚ ਵਾਧੇ ਦਾ ਉਲੇਖ ਕਰਦੇ ਹਨ:

ਪੰਜਵੈ ਖਾਣ ਪੀਅਣ ਕੀ ਧਾਤੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 137)

ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 145)

ਗੁਰੂ ਜੀ ਮਨੁੱਖ ਨੂੰ ਉਸ ਪਾਸ ਖਾਧ-ਪਦਾਰਥਾਂ ਦੀ ਬਹੁਤਾਤ ਤੋਂ ਪ੍ਰਾਪਤ ਹੋਣ ਵਾਲੀ ਬੇਹੱਦ ਖ਼ੁਸ਼ੀ ਦਾ ਉਲੇਖ ਕਰਦੇ ਹਨ ਜਿਸਦਾ ਭਾਵ ਹੈ ਕਿ ਮਨੁੱਖ ਇਨ੍ਹਾਂ ਵਸਤੂਆਂ ਨੂੰ ਪਾ ਕੇ ਅਤਿਅੰਤ ਪ੍ਰਸੰਨ ਹੁੰਦਾ ਸੀ:

ਨਦੀਆ ਹੋਵਹਿ ਧੇਵਣਾ ਸੁਮ ਹੋਵਹਿ ਦੁਧੁ ਘੀਉ॥

ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 141-42)

ਭਾਰ ਅਠਾਰਹ ਮੇਵਾ ਹੋਵੈ [150]ਗਰੁੜਾ ਹੋਇ [151]ਸੁਆਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 412)

ਗੁਰੂ ਸਾਹਿਬ ਮਨੁੱਖ ਨੂੰ ਆਖਦੇ ਹਨ ਕਿ ਤੇਰੇ ਚੰਗਾ ਖਾਣ (ਜਿਸਦਾ ਉਹਨੂੰ ਬੜਾ ਸ਼ੌਂਕ ਸੀ) ਨਾਲ ਕੀ ਹੋ ਜਾਵੇਗਾ? ਤੇਰੇ ਚੰਗਾ ਪਹਿਨਣ ਨਾਲ (ਇਸਦਾ ਵੀ ਮਨੁੱਖ ਨੂੰ ਸ਼ੌਂਕ ਸੀ) ਵੀ ਕੀ ਹੋ ਜਾਵੇਗਾ? ਮਨੁੱਖ ਨੂੰ ਚੰਗੇ ਲੱਗਣ ਵਾਲੇ ਖਾਧ-ਪਦਾਰਥਾਂ ਵਿਚ ਮੇਵਾ, ਘਿਓ, ਗੁੜ, ਮੈਦੇ ਅਤੇ ਮਾਸ ਦੀ ਗਿਣਤੀ ਕੀਤੀ ਗਈ ਹੈ:

ਕਿਆ ਖਾਧੇ ਕਿਆ ਪੈਧੈ ਹੋਇ॥

... ... ... ... ...

ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਗੁਰੂ ਅਰਜਨ ਦੇਵ ਜੀ ਜੀਭ ਦੀ ਮਿੱਠੇ ਪਦਾਰਥਾਂ ਨੂੰ ਚਖਣ ਦੀ ਆਦਤ ਦਾ ਉਲੇਖ ਕਰਦੇ ਹਨ:

ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਖਾਂਦਿਆ ਖਾਂਦਿਆ ਮੁਹੁ ਘੁਠਾ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 523)

ਨਾਰਾਇਣ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 298)

'ਗਯਾਨ ਰਤਨਾਵਲੀ' ਵਿਚ ਕੀਤੇ ਗਏ 44ਵੀਂ ਪਉੜੀ ਦੇ ਟੀਕੇ ਦੇ ਹਵਾਲੇ ਨਾਲ, ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਨਾਨਕ ਦੇਵ ਜੀ ਦੁਆਰਾ ਮੁਲਤਾਨ ਵਾਸੀ ਪੀਰ ਰੁਕਨੁਦੀਨ ਨੂੰ ਦਿੱਤੇ ਇੱਕ ਸੁਆਲ ਦੇ ਜੁਆਬ ਬਾਰੇ ਲਿਖਦੇ ਹਨ, "ਰੁਕਨੁਦੀਨ ਪੁੱਛਿਆ- ਬਜ਼ੁਰਗਾਂ ਦੇ ਕੀ ਲੱਛਣ ਹੈਨ? ਤਾਂ ਬਾਬੇ ਕਹਿਆ---ਜੈਸਾ ਖਾਵਣ ਦਾ ਅਮਲ ਦਾ ਵਯਸਨ ਹੈ, ਤੈਸੇ ਗੁਰਾਂ ਦੇ ਸਬਦ ਦਾ ਤੇ ਆਤਮ ਗਯਾਨਦਾ ਵਯਸਨ ਕਰੇ..." (*ਗੁਰਮਤ ਮਾਰਤੰਡ ਭਾਗ ਪਹਿਲਾ* 200) ਇਨ੍ਹਾਂ ਪੰਕਤੀਆਂ ਤੋਂ ਵੀ ਤਤਕਾਲੀ ਮਨੁੱਖ ਦੀ ਖਾਣ-ਪੀਣ ਦੀ ਰੁਚੀ ਦਾ ਗਿਆਨ ਹੁੰਦਾ ਹੈ। ਵਿੱਤ ਤੋਂ ਵੱਧ ਖਾਣਾ ਸਿਹਤ ਲਈ ਅਖ਼ੀਰ ਬੁਰਾ ਦੱਸਿਆ ਗਿਆ ਹੈ:

ਮਿਠਾ ਕਉੜਾ ਦੋਵੇ ਰੋਗ॥ ਨਾਨਕ ਅੰਤਿ ਵਿਗੁਤੇ ਭੋਗ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 785)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਖਾਣ ਦੀ ਰੁਚੀ ਪ੍ਰਬਲ ਹੈ। ਡਾਕਟਰ ਅਤੇ ਸਿਹਤ ਮਾਹਰ ਤਲ਼ੇ ਹੋਏ, ਮਸਾਲੇਦਾਰ, ਮੈਦੇ ਤੋਂ ਬਣੇ ਖਾਧ-ਪਦਾਰਥਾਂ ਅਤੇ ਜੰਕ-ਫ਼ੂਡ ਦੇ ਖ਼ਤਰਿਆਂ ਤੋਂ ਲੋਕਾਂ ਨੂੰ ਵਾਰ-ਵਾਰ ਜਾਗਰੂਕ ਕਰਦੇ ਰਹਿੰਦੇ ਹਨ। ਬਾਵਜੂਦ ਇਸਦੇ ਅਜੋਕਾ ਮਨੁੱਖ ਇਨ੍ਹਾਂ ਪਦਾਰਥਾਂ ਦਾ ਸੇਵਨ ਕਰਕੇ ਸਿਹਤ ਸਬੰਧੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਉਹ ਜੀਭ ਦੇ ਸੁਆਦ ਕਾਰਨ ਇਨ੍ਹਾਂ ਗੱਲਾਂ ਦੀ ਪਰਵਾਹ ਨਾ ਕਰਦਾ ਹੋਇਆ ਮਗਰੋਂ ਅਨੇਕ ਬੀਮਾਰੀਆਂ ਦਾ ਸਾਹਮਣਾ ਕਰਦਾ ਹੈ। ਖਾਣ-ਪੀਣ ਦੀ ਪ੍ਰਬਲ ਰੁਚੀ ਸਿਹਤ ਸਬੰਧੀ ਦਿੱਤੀਆਂ ਗਈਆਂ ਚੇਤਾਵਨੀਆਂ ਦਾ ਉਸ ਉੱਪਰ ਕੋਈ ਅਸਰ ਨਹੀਂ ਹੋਣ ਦਿੰਦੀ। ਬਾਜ਼ਾਰ ਵਿਚ ਕਈ ਉਤਪਾਦਨ

ਐਸੇ ਹਨ ਜਿਨ੍ਹਾਂ ਵਿਚ ਇਹ ਵਿਸ਼ਵਾਸ ਦੁਆਇਆ ਗਿਆ ਹੁੰਦਾ ਹੈ ਕਿ ਤੁਸੀਂ ਜੋ ਮਰਜ਼ੀ ਖਾਓ, ਤੁਹਾਡਾ ਭਾਰ ਨਹੀਂ ਵਧੇਗਾ। ਦਿੱਤੇ ਜਾਂਦੇ ਇਸ ਤਰ੍ਹਾਂ ਦੇ ਵਿਸ਼ਵਾਸ ਮਨੁੱਖ ਦੀ ਖਾਣ-ਪੀਣ ਦੀ ਪ੍ਰਬਲ ਰੁਚੀ ਦੀ ਹਾਮੀ ਭਰਦੇ ਹਨ ਜਦਕਿ ਸੰਤੁਲਿਤ ਅਤੇ ਜ਼ਰੂਰੀ ਤੱਤਾਂ ਤੋਂ ਯੁਕਤ ਭੋਜਨ ਸਾਡੀ ਮਾਨਸਿਕ ਸਿਹਤ[152] ਅਤੇ ਸਰੀਰਕ ਸਿਹਤ ਲਈ ਬਰਾਬਰ ਲਾਹੇਵੰਦ ਰਹਿੰਦਾ ਹੈ।[153]

### 2.2.22 ਜੀਵਨ-ਪਿਆਰ ਦੀ ਰੁਚੀ ਤੇ ਮੌਤ ਦਾ ਡਰ

ਤਤਕਾਲੀ ਮਨੁੱਖ ਅੰਦਰ ਮੌਤ ਦਾ ਬੜਾ ਖ਼ੌਫ਼ ਸੀ ਅਤੇ ਜਿਊਣ ਪ੍ਰਤਿ ਬੜਾ ਮੋਹ ਸੀ। ਮਨੁੱਖ ਧਰਤੀ ਉੱਪਰ ਸਦੀਵੀ ਤੌਰ 'ਤੇ ਰਹਿਣ ਲਈ ਬੜੇ ਯਤਨ ਕਰਦਾ ਸੀ। "ਮਨੁੱਖ ਜਦ ਤੋਂ ਹੀ ਇਸ ਮ੍ਰਿਤ ਮੰਡਲ ਵਿਚ ਆਇਆ ਹੈ, ਉਸ ਦੀ ਇਹ ਬੜੀ ਤੀਬਰ ਇੱਛਾ ਰਹੀ ਹੈ ਕਿ ਉਹ ਕਿਵੇਂ ਨਾ ਕਿਵੇਂ ਅਮਰ ਹੋ ਸਕੇ, ਭਾਵ ਮੌਤ ਦੇ ਡਰ ਤੋਂ ਸਦਾ ਵਾਸਤੇ ਛੁਟਕਾਰਾ ਪ੍ਰਾਪਤ ਕਰ ਸਕੇ।" (ਰਾਮ ਸਿੰਘ, *ਰੱਬੀ ਰਿਸ਼ਮਾਂ* 45) ਗੁਰੂ ਸਾਹਿਬ ਦੱਸਦੇ ਹਨ ਕਿ ਸਾਰਾ ਸੰਸਾਰ ਮਰਨ ਤੋਂ ਡਰਦਾ ਹੈ ਅਤੇ ਜਿਊਣਾ ਚਾਹੁੰਦਾ ਹੈ ਪਰ ਮੌਤ ਅਟੱਲ ਹੈ। ਅਨੇਕ ਜਤਨ ਕਰ ਕੇ ਵੀ ਮਨੁੱਖ ਸਰੀਰਕ ਸਦੀਵਤਾ ਪ੍ਰਾਪਤ ਨਹੀਂ ਕਰ ਸਕਦਾ। ਬੁਢਾਪੇ ਦੌਰਾਨ ਆਪਣੀ ਦੇਹ ਨੂੰ ਛਿੱਜਦੀ ਹੋਈ ਦੇਖ ਕੇ ਮਨੁੱਖ ਉਦਾਸ ਹੋ ਜਾਂਦਾ ਸੀ। ਫਰੀਦ ਜੀ ਉਲੇਖ ਕਰਦੇ ਹਨ ਕਿ ਮੌਤ ਤੋਂ ਡਰਦੇ ਮਨੁੱਖ ਨੂੰ ਕਬਰ ਕੁਝ ਆਖਦੀ ਹੈ। ਕਬਰ ਆਖਦੀ ਹੈ ਕਿ ਹੇ ਮਨੁੱਖ! ਅੰਤ ਤੂੰ ਮੇਰੀ ਹੀ ਗੋਦ ਵਿਚ ਆ ਟਿਕਣਾ ਹੈ:

> ਝਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਉ ਮੀਤ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 255)
>
> ਜੀਵਨ ਲੋਰਹਿ ਭਰਮ ਮੋਹ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 254)
>
> ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 555)
>
> ਦੇਹ ਛਿਜੰਦੜੀ ਊਣ ਮਝੂਣਾ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 964)
>
> ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥
>
> ਸਰਪਰ ਮੈਥੈ ਆਵਣਾ ਮਰਣਹੁ ਨ ਡਰੀਆਹੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਮੌਤ ਦੇ ਡਰ ਤੋਂ ਦੁਖੀ ਅਤੇ ਪਰੇਸ਼ਾਨ ਮਨੁੱਖ ਲਈ ਨਿਮਨਲਿਖਿਤ ਸਤਰਾਂ ਕਿੰਨੀਆਂ ਧਰਵਾਸ ਵਾਲੀਆਂ ਹਨ। ਗੁਰੂ ਸਾਹਿਬ ਆਖਦੇ ਹਨ ਕਿ ਮੌਤ ਤੋਂ ਡਰਨ ਵਾਲੇ ਮਨੁੱਖ! ਨਿਰਭਉ ਪ੍ਰਭੂ ਨੂੰ ਸਿਮਰ। ਤਾਂ ਜੋ ਤੂੰ ਵੀ ਨਿਰਭਉ ਹੋ ਸਕੇਂ। ਇਹ ਪੱਕਾ ਹੈ ਕਿ ਜੇਕਰ ਤੂੰ ਨਿਰਭਉ ਪ੍ਰਭੂ ਨੂੰ ਸਿਮਰੇਂਗਾ ਤਾਂ ਤੇਰੇ ਮਨ ਦਾ (ਮੌਤ ਦਾ) ਡਰ ਮੁੱਕ ਜਾਵੇਗਾ:

> ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ॥
>
> ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 555)

ਜਿਊਂਦੇ ਜੀਅ ਆਪਣਾ ਤਨ ਫੂਕਣ ਵਾਲਾ ਕੌਣ ਸੀ? ਭਾਵ ਸਾਰੇ ਜਿਊਣ ਦੀ ਤਾਂਘ ਰੱਖਣ ਵਾਲੇ ਸਨ:

> ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

**ਅਜੋਕੀ ਸਥਿਤੀ:** "ਰੰਗਲੀ ਦੁਨੀਆ ਤੋਂ, ਜੀਅ ਨਹੀਂ ਜਾਣ ਨੂੰ ਕਰਦਾ" ਪੰਜਾਬੀ ਗੀਤ, ਮਨੁੱਖ ਦੀ ਜਿਉਂਦੇ ਰਹਿਣ ਦੀ ਤਾਂਘ ਨੂੰ ਪ੍ਰਗਟਾਉਂਦਾ ਹੈ। ਮਨੁੱਖ ਸਦਾ ਜਵਾਨ ਦਿਸਣਾ ਅਤੇ ਰਹਿਣਾ ਚਾਹੁੰਦਾ ਹੈ। ਉਹ ਨਾ ਤਾਂ ਬੁੱਢਾ ਹੋਣਾ ਚਾਹੁੰਦਾ ਹੈ ਅਤੇ ਨਾ ਹੀ 'ਬੁੱਢਾ'

ਅਖਵਾਉਣਾ ਚਾਹੁੰਦਾ ਹੈ। ਇਸ ਲਈ ਉਹ ਜਵਾਨ ਰਹਿਣ ਦੇ ਲਈ ਕਈ ਪ੍ਰਕਾਰ ਦੇ ਯਤਨ ਕਰਦਾ ਹੈ। ਕਾਰਨ ਇਹ ਹੈ ਕਿ ਬੁਢਾਪੇ ਤੋਂ ਅਗਲਾ ਪ੍ਰਕਰਣ ਮੌਤ ਦਾ ਹੈ, ਤੇ ਉਹ ਮਰਨਾ ਨਹੀਂ ਚਾਹੁੰਦਾ।

"ਮੌਤ ਦੇ ਮੂੰਹ ਵਿਚੋਂ ਬਚ ਨਿਕਲਣ ਵਾਲਿਆਂ ਨੂੰ ਜ਼ਿੰਦਗੀ ਦਾ ਮੁੱਲ ਪੁੱਛਿਓ। ਜਿਹੜਾ ਇਨਸਾਨ ਹੁਣੇ-ਹੁਣੇ ਹਾਦਸੇ ਵਿਚੋਂ ਬਚਿਆ ਹੋਵੇ ਜਾਂ ਜਿਸ ਦੇ ਨਾਲ ਦੇ ਤੁਰ ਗਏ ਹੋਣ ਤੇ ਉਹ ਅਚਾਨਕ ਵਾਲ-ਵਾਲ ਬਚ ਗਿਆ ਹੋਵੇ, ਜ਼ਿੰਦਗੀ ਦੀ ਅਸਲ ਕੀਮਤ ਉਹੀ ਦੱਸ ਸਕਦਾ ਹੈ। ਜਾਨਲੇਵਾ ਰੋਗ ਤੋਂ ਪੀੜਤ ਮਰੀਜ਼ ਨੂੰ ਜ਼ਿੰਦਗੀ ਦੀ ਕੀਮਤ ਦਾ ਗਿਆਨ ਹੁੰਦਾ ਹੈ। ਜਦੋਂ ਡਾਕਟਰ ਨੇ ਕਿਹਾ ਹੋਵੇ ਕਿ ਤੁਸੀਂ ਕੁਝ ਦੇਰ ਦੇ ਪ੍ਰਾਹੁਣੇ ਹੋ ਤਾਂ ਮਰੀਜ਼ ਅੰਦਰ ਜ਼ਿੰਦਗੀ ਪ੍ਰਤੀ ਕੀ ਵਲਵਲੇ ਉੱਠਦੇ ਹਨ, ਇਹ ਕੋਈ ਹੋਰ ਨਹੀਂ ਜਾਣ ਸਕਦਾ।"[154]

### 2.2.23 ਇਸਤਰੀ ਸੁੰਦਰਤਾ ਪ੍ਰਤਿ ਆਕਰਸ਼ਣ

ਹੇਠ ਲਿਖੀ ਪੰਕਤੀ ਵਿਚ ਤਤਕਾਲੀ ਮਨੁੱਖ ਦੀ ਉਕਤ ਪ੍ਰਵਿਰਤੀ ਦਾ ਉਲੇਖ ਹੈ। "ਸੁਰਮੇ ਦੀ ਵੀ ਚੋਭ ਮਹਿਸੂਸ ਕਰਨ ਵਾਲੀਆਂ ਅੱਖਾਂ, ਜਿਨ੍ਹਾਂ ਨੇ ਦੁਨੀਆ ਨੂੰ ਮੋਹਿਆ ਹੋਇਆ ਸੀ, ਵਿਚ ਅਸਾਂ ਪੰਛੀਆਂ ਨੂੰ ਬਿੱਠਾਂ ਕਰਦੇ ਤੱਕਿਆ।" ਹੁਣ ਦੇਖੋ, ਇਨ੍ਹਾਂ ਪੰਕਤੀਆਂ ਵਿਚ ਸੁਰਮੇ ਵਾਲੀਆਂ ਅੱਖਾਂ ਉੱਪਰ ਸੰਸਾਰ ਦੇ ਮੋਹਿਤ ਹੋਣ ਦਾ ਉਲੇਖ ਹੈ ਜੋ ਤਤਕਾਲੀ ਵਿਅਕਤੀ ਦੀ ਉਕਤ ਦਰਸਾਈ ਪ੍ਰਵਿਰਤੀ ਦਾ ਸੂਚਕ ਹੈ।

ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)
ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ॥
ਭੀ ਤੂਹੈ ਸਾਲਾਹਣਾ ਆਖਣ ਲਹੈ ਨ ਚਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਉਕਤ (ਅਖ਼ੀਰਲੀਆਂ ਦੋ) ਪੰਕਤੀਆਂ ਵਿਚ ਜ਼ਿੰਦਗੀ ਦੇ ਪਰਮ ਸੁੱਖ-ਸਾਧਨਾਂ, ਜਿਨ੍ਹਾਂ ਦੀ ਮਨੁੱਖ ਕਾਮਨਾ ਕਰ ਸਕਦਾ ਹੈ, ਦਾ ਜ਼ਿਕਰ ਹੈ। ਸਵਰਗ ਦੀਆਂ ਸੁੰਦਰ ਇਸਤਰੀਆਂ, ਜੋ ਦੁਨਿਆਵੀ ਸੁੰਦਰਤਾ ਦੇ ਮੁਕਾਬਲਤਨ ਉੱਤਮ ਮੰਨੀਆਂ ਗਈਆਂ ਹਨ, ਹੋਣ, ਤੇ ਉਹ ਵੀ ਭਾਵੇਂ ਕਿਉਂ ਨਾ ਚਲੀਆਂ ਜਾਣ, ਮੇਰੀ ਭੁੱਖ ਤਾਂ ਤੇਰੇ ਨਾਮ ਨਾਲ ਹੀ ਲੱਥੇਗੀ। ਇਨ੍ਹਾਂ ਪੰਕਤੀਆਂ ਵਿਚ, ਜਿਹੜੀਆਂ ਇਸਤਰੀ ਸੁੰਦਰਤਾ ਪ੍ਰਤਿ ਆਮ ਮਨੁੱਖ ਦੀ ਆਸੱਕਤਤਾ ਨੂੰ ਬਿਆਨ ਕਰਦੀਆਂ ਹਨ, ਪ੍ਰਭੂ ਨਾਮ ਨੂੰ ਸ੍ਰੇਸ਼ਟ ਮੰਨਿਆ ਗਿਆ ਹੈ। ਦੂਜੇ ਨਜ਼ਰੀਏ ਤੋਂ ਦੇਖਿਆਂ ਇਨ੍ਹਾਂ ਪੰਕਤੀਆਂ ਵਿਚ ਤਤਕਾਲੀ ਮਨੁੱਖ ਦੀ ਉਕਤ ਵਰਣਿਤ ਪ੍ਰਵਿਰਤੀ ਦਾ ਉਲੇਖ ਹੈ। ਗੁਰੂ ਸਾਹਿਬ ਦਾ ਆਖਣਾ ਹੈ ਕਿ ਸੰਸਾਰਕ ਭੋਗ ਭੋਗਦਿਆਂ ਹੋਇਆਂ ਵੀ ਪ੍ਰਭੂ ਨੂੰ ਵਿਸਾਰਨਾ ਨਹੀਂ ਹੈ, ਸਗੋਂ ਉਸ ਸਰਬ-ਸੁੱਖ ਦਾਤਾ ਨੂੰ ਸੁੱਖਾਂ ਦੇ ਦੌਰ ਅੰਦਰ ਵੀ ਹਿਰਦੇ ਵਿਚ ਵਸਾਈ ਰੱਖਣਾ ਹੈ। ਤਾਂ ਜੋ ਸੁੱਖਾਂ ਦਾ ਅਸਲ ਆਨੰਦ ਭੋਗਿਆ ਜਾ ਸਕੇ।

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਸੁੰਦਰਤਾ ਦਾ ਮੁਰੀਦ ਹੈ। ਅਜੋਕੇ ਸਾਹਿਤ ਦਾ ਵੱਡਾ ਭਾਗ ਇਸਤਰੀ ਦੀ ਸੁੰਦਰਤਾ ਨੂੰ ਹੀ ਤਾਂ ਕਦੇ ਕਿਸੇ, ਕਦੇ ਕਿਸੇ ਵਸਤੂ ਨਾਲ ਤੁਲਨਾਉਂਦਾ ਹੈ। ਇਸੇ ਆਧਾਰ ਨੂੰ ਮੁੱਖ ਰੱਖ ਕੇ ਵਿਭਿੰਨ ਕੰਪਨੀਆਂ ਵਾਲੇ ਆਪਣੇ ਉਤਪਾਦ ਵੇਚਦੇ ਹਨ। ਸੁੰਦਰਤਾ ਵਧਾਉਣ ਵਾਲੇ ਉਤਪਾਦ ਬਾਜ਼ਾਰ ਵਿਚ ਧੜਾ-ਧੜ ਆ ਰਹੇ ਅਤੇ ਵਿਕ ਰਹੇ ਹਨ।

### 2.2.24 ਸੇਜ ਸੁਖਾਲੀ

ਤਤਕਾਲੀ ਮਨੁੱਖ ਸੁੱਖ ਦੀ ਸੇਜ ਭੋਗਣਾ ਚਾਹੁੰਦਾ ਸੀ। ਗੁਰੂ ਸਾਹਿਬ ਸੁੱਖ ਦੇ ਸਾਜ਼ੋ-ਸਾਮਾਨ, ਪਹਿਰਾਵੇ ਅਤੇ ਸੁੰਦਰ ਸੇਜ ਦੇ ਸੁੱਖਾਂ ਨੂੰ, ਨਾਮ ਤੋਂ ਬਿਨਾ ਵਿਅਰਥ ਦੱਸਦੇ ਹਨ। ਇਸ ਪੰਕਤੀ ਵਿਚ ਸੁੱਖਾਂ ਦੀ ਸੇਜ ਦੀ ਗਿਣਤੀ ਦੇਹ ਨੂੰ ਆਨੰਦਿਤ ਕਰਨ ਵਾਲੇ ਸਾਜ਼ੋ-ਸਾਮਾਨ ਵਿਚ ਹੀ ਹੁੰਦੀ ਹੈ। ਸਾਰੇ ਜਫਰ ਜਾਲ਼ ਕੇ ਜੇਕਰ ਸੁੱਖਾਂ ਭਰੀ ਸੇਜ ਮਾਨਣ ਲਈ ਮਿਲ ਜਾਵੇ ਤਾਂ ਵੀ ਠੀਕ ਸੀ (ਕੀਤੀ ਮਿਹਨਤ ਦਾ ਮੁੱਲ ਮੁੜ ਗਿਆ ਸਮਝਿਆ ਜਾਂਦਾ ਸੀ):

ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ॥

ਤਾ ਹਉ ਸੁਖਿ ਸੁਖਾਲੀ ਸੁਤੀ ਜਾ ਗੁਰ ਮਿਲਿ ਸਜਣੁ ਮੈ ਲਧਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 963)

ਕਾਮਣ ਦੀ ਕਾਮਨਾ ਹੁੰਦੀ ਸੀ ਕਿ ਉਸਦਾ ਕੰਤ ਨਾਲ ਮਿਲਾਪ ਹੋਵੇ। ਮਿਲਾਪ ਦੇ ਇਸ ਸਮੇਂ ਦੌਰਾਨ ਉਸਨੂੰ ਆਪਣੇ ਗਲ਼ ਵਿਚ ਪਾਇਆ ਹਾਰ ਵੀ ਰੜਕਦਾ ਸੀ:

ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ॥

ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1095)

ਸੁਖਾਲੀ ਸੇਜ, ਜੋ ਮਨੁੱਖ ਦਾ ਸੁਪਨਾ ਹੁੰਦਾ ਸੀ, ਹਾਸਲ ਕਰਨੀ ਔਖੀ ਜ਼ਰੂਰ ਸੀ ਪਰ ਅਸੰਭਵ ਨਹੀਂ:

ਨਚ ਦੁਰਲਭੰ ਬਨਿਤਾ ਬਿਲਾਸਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਉਨ੍ਹਾਂ ਕੁਝ ਪਲਾਂ ਲਈ ਤਰਲੋ-ਮੱਛੀ ਹੁੰਦਾ ਹੈ ਜਦੋਂ ਉਹ ਚਿੰਤਾ-ਮੁਕਤ ਹੋ ਕੇ ਸੇਜ-ਸੁੱਖ ਮਾਣ ਸਕੇ। "50 ਸਾਲ ਪਹਿਲਾਂ ਦਾ ਮਨੁੱਖ ਬੇ-ਆਰਾਮੀ ਵਿਚ ਭੀ ਆਰਾਮ ਮਹਿਸੂਸ ਕਰਦਾ ਸੀ। ਅੱਜ ਦਾ ਮਨੁੱਖ ਸਾਰੇ ਆਰਾਮ ਦੇ ਸਾਧਨ ਹੁੰਦੇ ਹੋਏ ਭੀ ਬੇ-ਆਰਾਮੀ ਮਹਿਸੂਸ ਕਰ ਰਿਹਾ ਹੈ।" (ਮਹਿੰਦਰ ਪ੍ਰਤਾਪ, *ਜੀਵਨ ਜਾਚ* 40)

### 2.2.25 ਚੰਗੇ ਪਹਿਰਾਵੇ ਦਾ ਚਾਅ

ਬਾਬਾ ਫਰੀਦ ਜੀ ਆਖਦੇ ਹਨ ਕਿ ਮਨੁੱਖ ਕਤਾਉਂਦਾ ਤਾਂ ਉੱਨ ਫਿਰਦਾ ਹੈ ਪਰ ਪਹਿਨਣਾ ਰੇਸ਼ਮ ਚਾਹੁੰਦਾ ਹੈ। ਇਹ ਪੰਕਤੀਆਂ ਇਸ਼ਾਰਾ ਕਰਦੀਆਂ ਹਨ ਕਿ ਤਤਕਾਲੀ ਮਨੁੱਖ ਦੀ ਰੀਝ ਸੋਹਣਾ, ਸੁੰਦਰ, ਮਹਿੰਗਾ ਪਹਿਰਾਵਾ ਪਹਿਨਣ ਦੀ ਸੀ। ਭਾਵੇਂ ਉਸਦੇ ਸਾਧਨ ਉਸਨੂੰ ਉੱਨ ਦੇ ਕੱਪੜਿਆਂ ਤੱਕ ਹੀ ਸੀਮਤ ਰੱਖਣਾ ਚਾਹੁੰਦੇ ਸਨ ਜਾਂ ਰੱਖਦੇ ਸਨ ਪਰ ਫਿਰ ਵੀ ਉਹ ਰੇਸ਼ਮੀ ਲਿਬਾਸ ਪਾਉਣ ਦਾ ਇਛੁੱਕ ਜ਼ਰੂਰ ਸੀ:

ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਗੁਰੂ ਸਾਹਿਬ ਵਿਅੰਗਾਤਮਕ ਨਜ਼ਰੀਏ ਨਾਲ ਆਖਦੇ ਹਨ ਕਿ ਚੰਗਾ ਖਾਣ ਅਤੇ ਚੰਗਾ ਪਹਿਨਣ (ਜਿਨ੍ਹਾਂ ਨੂੰ ਮਨੁੱਖ ਆਪਣੀ ਵੱਡੀ ਪ੍ਰਾਪਤੀ ਮੰਨਦਾ ਸੀ) ਨਾਲ ਹੋ ਕੀ ਜਾਏਗਾ? ਅਸਲ ਸੁੰਦਰਤਾ ਤਾਂ ਪ੍ਰਭੂ ਦੇ ਨਾਮ ਨੂੰ ਹਿਰਦੇ ਅੰਦਰ ਵਸਾਉਣ ਵਿਚ ਹੈ। ਇਹ ਕਟਾਖ਼ਸ਼ ਵੀ ਤਤਕਾਲੀ ਦੌਰ ਦੀ ਉਕਤ ਪ੍ਰਵਿਰਤੀ ਦਾ ਪ੍ਰਮਾਣ ਹੈ। ਗੁਰੂ ਸਾਹਿਬ ਉਲੇਖ ਕਰਦੇ ਹਨ ਕਿ ਸੁੰਦਰ ਸੋਹਣੇ ਪਹਿਰਾਵੇ ਦੀ ਤਾਂਘ ਦੀ ਪੂਰਤੀ ਕਰਨਾ ਵੀ ਅਸੰਭਵ ਨਹੀਂ:

ਕਿਆ ਖਾਧੈ ਕਿਆ ਪੈਧੈ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਨਚੰ ਦੁਰਲਭੰ ਸਵਛ ਅੰਬਰਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਸੁੰਦਰ ਸੋਹਣੇ ਪਹਿਰਾਵੇ ਨੂੰ ਤਰਜੀਹ ਦਿੰਦਾ ਹੈ। ਵੱਖ-ਵੱਖ ਕੱਪੜਿਆਂ ਨੂੰ ਵਿਭਿੰਨ ਢੰਗਾਂ ਨਾਲ ਸ਼ਿੰਗਾਰ ਕੇ ਉਨ੍ਹਾਂ ਦੀ ਦਿੱਖ ਅਤਿ-ਸੁੰਦਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਸ ਪਿੱਛੇ ਉਕਤ ਪ੍ਰਵਿਰਤੀ ਹੀ ਛੁਪੀ ਹੋਈ ਹੈ। ਮਨੁੱਖ ਅੰਦਰੋਂ ਭਾਵੇਂ ਕਿੰਨਾ ਵੀ ਮੈਲਾ ਕਿਉਂ ਨਾ ਹੋਵੇ, ਉਹ ਸੁੰਦਰ ਪਹਿਰਾਵੇ ਰਾਹੀਂ ਆਪਣੀਆਂ ਕਮੀਆਂ ਨੂੰ ਲੁਕੋ ਲੈਣਾ ਚਾਹੁੰਦਾ ਹੈ। ਗ਼ਰੀਬ ਲੋਕਾਂ ਦੇ ਬੱਚੇ ਅਮੀਰਾਂ ਦੇ ਦਿੱਤੇ ਹੋਏ ਬ੍ਰਾਂਡਡ ਕੱਪੜੇ ਬੜੇ ਚਾਅ ਨਾਲ ਪਾਉਂਦੇ ਹਨ ਤੇ ਉਨ੍ਹਾਂ ਨੂੰ ਪਹਿਨ ਕੇ ਬੜਾ ਫ਼ਖ਼ਰ ਸਮਝਦੇ ਹਨ।

### 2.2.26 ਸੁੱਖ ਦੀ ਨੀਂਦ

ਤਤਕਾਲੀ ਮਨੁੱਖ ਲਈ ਸੁੱਖ ਦੀ ਨੀਂਦ (ਸਾਰੇ ਫ਼ਿਕਰਾਂ ਦਾ ਅੰਤ) ਦੁਨੀਆ ਜਿੱਤ ਲੈਣ ਦੇ ਬਰਾਬਰ ਸੀ। ਹਰ ਤਰ੍ਹਾਂ ਦੀ ਚਿੰਤਾ ਦੂਰ ਹੋਵੇ ਤਾਂ ਹੀ ਇਹ ਆਨੰਦ ਮਿਲਦਾ ਸੀ। ਦੁਨਿਆਵੀ ਫ਼ਰਜ਼ਾਂ ਪ੍ਰਤਿ ਅਵੇਸਲੇ ਅਤੇ ਮੱਖੀ ਤੇ ਮੱਖੀ ਮਾਰਨ ਵਾਲਿਆਂ ਲਈ ਇਹ ਬੜਾ ਆਸਾਨ ਸੌਦਾ ਸੀ:

ਦੇਹ ਛਿਜੰਦੜੀ ਊਣ ਮਝੂਣਾ ਗੁਰਿ ਸਜਣਿ ਜੀਉ ਧਰਾਇਆ॥

ਹਭੇ ਸੁਖ ਸੁਹੇਲੜਾ ਸੁਤਾ ਜਿਤਾ ਜਗੁ ਸਬਾਇਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 964)

ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ॥

ਗੁਰ ਪ੍ਰਸਾਦੀ ਬੁਝੀਐ ਸਾ ਧਨ ਸੁਤੀ ਨਿਚਿੰਦੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1415)

ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ॥

ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਸੁੱਖ ਦੇ ਆਨੰਦ ਵਿਚ ਆ ਕੇ ਸੌਣ ਵਾਲਿਆਂ (ਜਿਸ ਵਾਸਤੇ ਦੁਨੀਆ ਨੱਠੀ-ਭੱਜੀ ਫਿਰਦੀ ਸੀ) ਦੀ ਤਸ਼ਬੀਹ ਦੇ ਕੇ ਗੁਰੂ ਸਾਹਿਬ ਮਨੁੱਖ ਨੂੰ ਚੰਗਾ ਜੀਵਨ-ਪੰਧ ਅਖ਼ਤਿਆਰ ਕਰਨ ਦੀ ਸਲਾਹ ਦਿੰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਜੇ ਤੂੰ ਚੰਗਾ ਜੀਵਨ-ਪੰਧ ਅਪਣਾਅ ਲਵੇਂ ਤਾਂ ਤੂੰ ਸੁੱਖ ਦੀ ਨੀਂਦ ਸੌਂ ਸਕਦਾ ਹੈਂ। ਭਾਵ ਆਪਣੇ ਇਸ ਮੁੱਖ ਟੀਚੇ ਨੂੰ ਹਾਸਲ ਕਰ ਸਕਦਾ ਹੈਂ। ਇਸ ਵਿਚਾਰ ਵਿਚ ਸੁੱਖ ਦੀ ਨੀਂਦ ਦਾ ਤਤਕਾਲੀ ਮਹੱਤਵ ਸਪਸ਼ਟ ਹੁੰਦਾ ਹੈ:

ਜਨ ਨਾਨਕ ਸੁਖਿ ਸਵੰਨਿ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 302)

**ਅਜੋਕੀ ਸਥਿਤੀ:** ਝਮੇਲਿਆਂ ਦਾ ਝੰਬਿਆ ਹੋਇਆ ਅਜੋਕੇ ਦੌਰ ਦਾ ਮਨੁੱਖ ਵੀ ਸੁੱਖ ਦੀ ਨੀਂਦ ਸੌਣਾ ਲੋਚਦਾ ਹੈ। ਦੁਨਿਆਵੀ ਸੁੱਖਾਂ ਦੀ ਨੱਠ-ਭੱਜ ਉਸਨੂੰ, ਸੁੱਤੇ ਹੋਏ ਨੂੰ ਵੀ, ਦੌੜਾਈ ਫਿਰਦੀ ਹੈ ਜਿਸ ਕਾਰਨ ਉਹ ਸੁੱਖ ਦੀ ਨੀਂਦ ਦਾ ਪੂਰਨ ਅਨੁਭਵ ਨਹੀਂ ਕਰ ਪਾਉਂਦਾ ਤੇ ਉਸ ਲਈ ਤਰਸਦਾ ਹੈ। "ਪੰਜਾਬੀ ਕੌਮ ਦਾ ਤਿੰਨ ਚੌਥਾਈ ਦੇ ਕਰੀਬ ਹਿੱਸਾ, ਅੱਜ ਸ਼ਰਾਬ, ਭੁੱਕੀ, ਅਫ਼ੀਮ, ਨਸ਼ੇ ਜਾਂ ਨੀਂਦ ਵਾਲੀਆਂ ਗੋਲੀਆਂ ਖਾ ਕੇ ਸੌਂਦਾ ਹੈ। ਜ਼ਾਹਰ ਹੈ ਕਿ ਨਿੱਜੀ ਜ਼ਿੰਦਗੀ ਪਰਿਵਾਰ, ਸਰਕਾਰ ਤੇ ਸਮਾਜ. ਉਹ ਹਰ ਪਾਸਿਓਂ ਅਸੰਤੁਸ਼ਟ ਹੈ।"[155]

### 2.2.27 ਦਿਨ ਵੇਲ਼ੇ ਆਰਾਮ

ਤਤਕਾਲੀ ਮਨੁੱਖ ਦਿਨ ਵਿਚ ਵੀ ਕੁਝ ਚਿਰ ਆਰਾਮ ਕਰਦਾ ਸੀ:

ਚਉਥੈ[156] ਆਈ ਊਂਘ ਅਖੀ ਮੀਟਿ [157]ਪਵਾਰਿ ਗਇਆ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 146)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਦਿਨ (ਦੁਪਹਿਰ) ਵੇਲ਼ੇ ਕੁਝ ਪਲ ਆਰਾਮ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਪਰ ਅਜੋਕੀ ਦੌੜ-ਭੱਜ ਵਿਚ ਇਹ ਸਮਾਂ ਕਿਸੇ ਵਿਰਲੇ ਨੂੰ ਹੀ ਨਸੀਬ ਹੁੰਦਾ ਹੈ।

### 2.2.27 ਲੰਮੀ, ਤੰਦਰੁਸਤ ਤੇ ਖ਼ੁਸ਼ੀਆਂ ਭਰਪੂਰ ਆਯੂ

ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਕਈ ਮਨੁੱਖ ਵੱਡੀ ਉਮਰ ਭੋਗਦੇ ਹਨ ਤੇ ਕਈ ਛੋਟੀ ਉਮਰੇ ਦੁਨੀਆ ਛੱਡ ਕੇ (ਜਾਣ ਲੱਗੇ) ਦੁਖੀ ਹੁੰਦੇ ਹਨ। ਭਾਵ ਜਦੋਂ ਉਨ੍ਹਾਂ ਨੂੰ ਕਿਸੇ ਅਸਾਧ ਰੋਗ ਦੇ ਲੱਗ ਜਾਣ ਕਾਰਨ ਅਨੁਮਾਨ ਹੋ ਜਾਂਦਾ ਹੈ ਕਿ ਉਹ ਹੁਣ ਬਹੁਤੀ ਦੇਰ ਸੰਸਾਰ ਵਿਚ ਨਹੀਂ ਰਹਿਣਗੇ ਤਾਂ ਉਹ ਦੁਖੀ ਰਹਿੰਦੇ ਹਨ। ਇਹ ਉਲੇਖ ਤਤਕਾਲੀ ਮਨੁੱਖ ਦੀ ਲੰਮੀ ਉਮਰ ਪ੍ਰਤਿ ਇੱਛਾ ਦਾ ਸੂਚਕ ਹੈ:

ਇਕਨਾ ਵਡੀ ਆਰਜਾ ਇਕਿ ਮਰਿ ਹੋਹਿ [158]ਜਹੀਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1289)

ਮਨੁੱਖ ਕੇਵਲ ਲੰਮੀ ਉਮਰ ਹੀ ਨਹੀਂ ਚਾਹੁੰਦਾ ਸੀ, ਉਸ ਦੀ ਇੱਛਾ ਤਾਂ ਸੀ ਕਿ ਉਹ ਚਿੰਤਾ-ਮੁਕਤ ਹੋ ਕੇ ਲੰਮੀ ਉਮਰ ਗੁਜ਼ਾਰੇ ਕਿਉਂਕਿ ਚਿੰਤਾ-ਗ੍ਰਸਤ ਰਹਿੰਦਿਆਂ ਸੁੱਖ ਵੀ ਤਾਂ ਪੂਰਾ ਆਨੰਦ ਨਹੀਂ ਦਿੰਦੇ:

ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ ਦੁਖੁ ਪਇਆ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 307)

ਹੇਠ ਲਿਖੀ ਪੰਕਤੀ ਵਿਚ ਗੁਰੂ ਜੀ ਘਰ ਦੀਆਂ ਖ਼ੁਸ਼ੀਆਂ ਲਈ ਤਰਲੇ ਲੈਂਦੇ ਮਨੁੱਖ ਨੂੰ ਸੁੱਖ-ਮਾਰਗ ਦਰਸਾਉਂਦੇ ਹਨ। ਜਿਨ੍ਹਾਂ ਦੇ ਮਨ ਵਿਚ ਉਲਾਸ ਰਹੇ, ਚਾਅ ਰਹੇ, ਖੇੜਾ ਅਤੇ ਕੁਝ ਨਵਾਂ ਕਰਨ ਦੀ ਚਾਹ ਰਹੇ ਉਨ੍ਹਾਂ ਦੀ ਰਾਤ-ਰੂਪੀ ਜ਼ਿੰਦਗੀ ਖ਼ੁਸ਼ੀਆਂ ਵਿਚ ਗੁਜ਼ਰਦੀ ਹੈ:

ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 319)

ਰਾਤਿ ਨ ਵਿਹਾਵੀ ਸਾਕਤਾਂ ਜਿਨ੍ਾ ਵਿਸਰੈ ਨਾਉ॥

ਰਾਤੀ ਦਿਨਸ ਸੁਹੇਲੀਆ ਨਾਨਕ ਹਰਿ ਗੁਣ ਗਾਂਉ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1284)

ਭਿੰਨੀ ਰੈਣਿ ਜਿਨ੍ਾ ਮਨਿ ਚਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਪ੍ਰਭੂ ਦੇ ਭੈਅ ਤੋਂ ਬਿਨਾ ਜੇਕਰ ਮਨੁੱਖ ਲੰਮੀ ਉਮਰ ਭੋਗ ਵੀ ਲਵੇ ਅਤੇ ਖ਼ੁਸ਼ੀਆਂ ਵੀ ਮਾਣ ਲਵੇ (ਭਾਵ ਜੇਕਰ ਉਸਦੀ ਇਹ ਇੱਛਾ ਵੀ ਪੂਰੀ ਹੋ ਜਾਵੇ) ਤਾਂ ਵੀ ਉਹ ਸੰਸਾਰ ਤੋਂ ਜਾਂਦੇ ਹੋਏ ਮੁਕਾਲਖ਼ ਖੱਟ ਕੇ ਜਾਵੇਗਾ। ਹੁਣ ਇੱਥੇ ਇਸ਼ਾਰਾ ਹੈ ਕਿ ਮਨੁੱਖ ਦੀ ਇਹ ਸਹਿਜ ਪ੍ਰਵਿਰਤੀ (ਇੱਛਾ) ਸੀ ਕਿ ਉਹ ਲੰਮਾ ਜੀਵਨ ਭੋਗੇ, ਜਿਹੜਾ ਖ਼ੁਸ਼ੀਆਂ ਭਰਪੂਰ ਹੋਵੇ। ਇਨ੍ਹਾਂ ਭੋਗਾਂ ਵਿਚ ਰੁੱਝ ਕੇ ਹੀ ਤਾਂ ਉਹ ਪਰਮਾਤਮਾ ਨੂੰ ਨਹੀਂ ਸੀ ਚੇਤਦਾ:

ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ॥

ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 149)

ਖਾਤ ਪੀਤ [159]ਬਿਲਛਤ ਰਹੇ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 253)

ਗੁਰੂ ਜੀ ਕਟਾਖ਼ਸ਼ ਕਰਦੇ ਹਨ ਕਿ ਮਨੁੱਖ ਦੀ ਇੱਛਾ, ਕਿ ਉਸਦਾ ਬਹੁਤਿਆਂ ਦੇ ਨਾਲ ਪਿਆਰ ਹੋਵੇ (ਸਬੰਧ ਹੋਣ), ਬੜਾ ਲੰਮਾ ਜੀਵਨ ਹੋਵੇ ਅਤੇ ਖ਼ੁਸ਼ੀਆਂ ਵਾਲਾ ਹੋਵੇ, ਪੂਰੀ ਹੋ ਵੀ ਜਾਵੇ ਤਾਂ ਵੀ ਕੀ ਹੋ ਜਾਵੇਗਾ? ਇਹ ਪੰਕਤੀ ਵੀ ਤਤਕਾਲੀ ਮਨੁੱਖ ਦੀ ਉਕਤ ਇੱਛਾ ਵੱਲ ਇਸ਼ਾਰਾ ਕਰਦੀ ਹੈ:

ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ ਖੁਸੀਆ ਕਿਆ ਚਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਨਿਰੋਗ ਲੰਮਾ ਜੀਵਨ ਭੋਗਣਾ ਚਾਹੁੰਦਾ ਹੈ। ਉਹ ਆਪਣੇ ਬੁਢਾਪੇ ਨੂੰ ਸੁਨਿਹਰੀ ਸ਼ਾਮ ਦੀ ਤਰ੍ਹਾਂ ਮਾਨਣਾ ਲੋਚਦਾ ਹੈ। ਮਨੁੱਖ ਦੀ ਇਸੇ ਇੱਛਾ ਦੇ ਮੱਦੇ-ਨਜ਼ਰ ਬੀਮਾ ਕੰਪਨੀਆਂ, ਬੁਢਾਪੇ ਵਿਚ ਨਿਸ਼ਚਿਤ ਆਮਦਨ ਦੇ ਉਤਪਾਦਨ ਨੂੰ ਮੁੱਖ ਰੱਖ ਕੇ, ਕਈ ਬੀਮਾ ਪਾਲਿਸੀਆਂ ਬਾਜ਼ਾਰ ਵਿਚ ਉਤਾਰਦੀਆਂ ਹਨ। ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੇ 'ਪ੍ਰਸੰਨ ਲੰਮੀ ਉਮਰ' ਅਤੇ 'ਸਾਵੀਂ-ਪੱਧਰੀ ਜ਼ਿੰਦਗੀ' ਜਿਹੇ ਲੇਖ[160] ਮਨੁੱਖ ਦੀ ਇਸੇ ਤਾਂਘ ਉੱਪਰ ਹੀ ਆਧਾਰਤ ਹਨ। "ਮਨੁੱਖ ਕਈ ਗੱਲਾਂ ਤੋਂ ਡਰਦਾ ਹੈ ਪਰ ਅੰਤਿਮ ਨਿਖੇੜੇ ਵਿਚ ਬਹੁਤੇ ਭੈ ਮੌਤ ਦੇ ਖ਼ੌਫ ਨਾਲ ਜੁੜੇ ਹੋਏ ਹਨ। ਆਪਣੀ ਸਰੀਰਿਕ ਹੋਂਦ ਨੂੰ ਵੱਧ ਤੋਂ ਵੱਧ ਲੰਮੇ ਸਮੇਂ ਲਈ ਬਣਾਈ ਰੱਖਣਾ ਸੁਭਾਵਿਕ ਮਨੁੱਖੀ ਰੁਚੀ ਹੈ।"[161]

"ਫ਼ਸਲਾਂ ਦਾ ਜਿਹੜਾ ਝਾੜ ਵੀ ਅਸੀਂ ਪ੍ਰਾਪਤ ਕਰਦੇ ਹਾਂ ਉਸ ਅੰਦਰ ਰਚਿਆ ਵਿਸ਼ੈਲਾਪਣਾ ਕੀਤੇ ਗਏ ਕੀਟਨਾਸ਼ਕੀ ਛੜਕਾਓ ਦੇ ਅਨੁਪਾਤ ਵਾਲਾ ਹੁੰਦਾ ਹੈ। ਕੀਟਾਂ ਨੂੰ ਤਾਂ ਇਨ੍ਹਾਂ ਦੁਆਰਾ ਨਾ ਅਮਰੀਕਨ ਨਸ਼ਟ ਕਰ ਸਕੇ ਹਨ ਅਤੇ ਨਾ ਪੰਜਾਬੀ, ਹਾਂ ਇਨ੍ਹਾਂ ਨੇ ਆਪਣੇ ਜੀਵਨ 'ਚ ਇਨ੍ਹਾਂ ਦੁਆਰਾ ਜ਼ਹਿਰ ਜ਼ਰੂਰ ਘੋਲ ਲਿਆ ਹੈ। ਜਦ ਤਕ ਇਹ ਸਥਿਤੀ ਰਹੇਗੀ, ਅਰੋਗ ਜੀਵਨ ਵੀ ਤਦ ਤਕ, ਇਕ ਸੁਪਨਾ ਬਣਿਆ ਰਹੇਗਾ... ...।"[162]

ਕੋਈ ਸਮਾਂ ਸੀ ਕਿ ਪੰਜਾਬ ਆਰਥਿਕ ਤੇ ਜਿਸਮਾਨੀ ਸਿਹਤ ਪੱਖੋਂ ਦੇਸ਼ ਦਾ ਨੰਬਰ ਇੱਕ ਸੂਬਾ ਗਿਣਿਆ ਜਾਂਦਾ ਸੀ। ਪੰਜਾਬ ਦੀ ਖ਼ੁਸ਼ਹਾਲੀ ਤੇ ਪੰਜਾਬੀ ਲੋਕਾਂ ਦੀ ਜਿਸਮਾਨੀ ਸਿਹਤ ਦੀਆਂ ਉਦਾਹਰਣਾਂ ਦਿੱਤੀਆਂ ਜਾਂਦੀਆਂ ਸਨ ਪਰ ਪਿਛਲੇ 35-40 ਸਾਲਾਂ ਦੌਰਾਨ, ਸਮਾਜਿਕ ਵਿਕਾਸ ਤੇ ਇਨ੍ਹਾਂ ਦੋ ਮਹੱਤਵਪੂਰਨ ਮਾਪਦੰਡਾਂ (Indices) ਦੇ ਮਾਮਲੇ ਵਿਚ ਪੰਜਾਬ, ਤਸ਼ਵੀਸਨਾਕ ਹੱਦ ਤੱਕ ਪੱਛੜ ਚੁੱਕਾ ਹੈ।"[163] "ਡਾਕਟਰੀ ਵਿਗਿਆਨ ਨੇ ਮਨੁੱਖ ਦੀ ਔਸਤਨ ਉਮਰ ਨੂੰ ਵਧਾਇਆ ਹੈ, ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਡਾਕਟਰੀ ਵਿਗਿਆਨ ਮਨੁੱਖ ਦੀ ਉਮਰ ਕੁਝ ਵਰ੍ਹੇ ਹੋਰ ਵੱਧ ਕਰ ਲਵੇ... ... ਮਨੁੱਖ ਦੀ ਮਨੋਬਿਰਤੀ ਅਤੇ ਵਿਵਹਾਰ ਅਜਿਹਾ ਹੈ ਕਿ ਜਿਵੇਂ ਇਸ ਨੇ ਕਦੇ ਇੱਥੋਂ ਜਾਣਾ ਹੀ ਨਾ ਹੋਵੇ, ਮਨੁੱਖਤਾ ਨੂੰ ਦਰਪੇਸ਼ ਅਜੋਕੇ ਦੌਰ ਦੀਆਂ ਜ਼ਿਆਦਾਤਰ ਸਮੱਸਿਆਵਾਂ/ਮੁਸ਼ਕਿਲਾਂ ਵੀ ਮਨੁੱਖ ਦੀ ਇਸੇ ਮਨੋਬਿਰਤੀ ਦੀ ਉਪਜ ਹਨ।"[164]

"ਕਸਰਤ ਛੱਡਣ ਨਾਲ ਸੰਸਾਰ ਦੀ ਜੋ ਦੁਰਗਤੀ ਹੋਈ ਹੈ, ਉਹ ਸਾਡੀਆਂ ਅੱਖਾਂ ਦੇ ਸਾਹਮਣੇ ਹੈ। ਅੱਜ ਕੀ ਬੱਚਾ, ਕੀ ਜਵਾਨ, ਸਭ ਰੋਗੀ ਹਨ। ਸਾਡੀ ਉਮਰ ਸਾਰੇ ਦੇਸ਼ਾਂ ਨਾਲੋਂ ਘੱਟ ਹੈ। ਇਸ ਦੇਸ਼ ਵਿਚ ਸੌ ਸਾਲ ਤੋਂ ਪਹਿਲਾਂ ਕੋਈ ਨਹੀਂ ਮਰਦਾ ਸੀ।"[165]

### 2.2.29 ਵਿਚਾਰ-ਚਰਚਾ ਹੁੰਦੀ ਸੀ

ਤਤਕਾਲੀ ਸਮੇਂ ਦੌਰਾਨ ਬੈਠ ਕੇ ਕਿਸੇ ਵਿਸ਼ੇ ਬਾਰੇ ਵਿਚਾਰ-ਚਰਚਾ ਕੀਤੀ ਜਾਂਦੀ ਸੀ। ਸਲੋਕ ਬਾਣੀ-ਰੂਪ ਵਿਚ ਇਸ ਸਬੰਧ ਵਿਚ ਕੁਝ ਉਲੇਖ ਮਿਲਦੇ ਹਨ। "(ਗੁਰੂ ਅੰਗਦ ਦੇਵ ਜੀ ਦੇ ਸਮੇਂ) ਜੋਗੀ, ਜੰਗਮ, ਸੰਨਿਆਸੀ ਅਨੇਕ ਤਰ੍ਹਾਂ ਦੇ ਨਿਸ਼ਚਿਆਂ ਤੇ ਭੇਖਾਂ ਦੇ ਲੋਕ ਸਨ, ਜੋ ਪਰਸਪਰ ਚਰਚਾਂ ਵਿਚ ਲਗੇ ਰਹਿੰਦੇ ਸਨ।" (ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ* 18) ਕਈ ਪੜ੍ਹੇ ਹੋਏ ਮਨੁੱਖ ਆਪਣੀ ਅਕਲ ਦਾ ਇਸਤੇਮਾਲ ਵਾਦ-ਵਿਵਾਦ ਕਰਨ ਹਿੱਤ ਵੀ ਕਰਦੇ ਸਨ ਤਾਂ ਜੋ ਆਪਣੇ ਆਪ ਨੂੰ ਵੱਡਾ ਵਿਦਵਾਨ ਸਿੱਧ ਕਰ ਸਕਣ। ਵਿਦਵਾਨ ਲੋਕ ਮਾਇਆ ਦੀ ਖ਼ਾਤਰ ਧਰਮ-ਪੁਸਤਕਾਂ ਦੀ ਚਰਚਾ ਕਰਦੇ ਸਨ। ਬਾਣੀਕਾਰ ਮਨੁੱਖ ਨੂੰ ਗੁਣਵਾਨ ਮਨੁੱਖਾਂ ਨਾਲ ਸੁਹਿਰਦ ਚਰਚਾ ਕਰਨ ਦੀ ਸਲਾਹ ਦਿੰਦੇ ਹਨ:

> ਭਗਤਨ ਸੇਤੀ [166]ਗੋਸਟੇ ਜੋ ਕੀਨੇ ਸੋ ਲਾਭ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)
> ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)
> ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1249)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਕਿਸੇ ਮੁੱਦੇ ਉੱਪਰ ਚਰਚਾ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਇਕੱਠ ਹੁੰਦੇ ਹਨ। ਇਨ੍ਹਾਂ (ਇਕੱਠਾਂ) ਵਿਚ ਤੇ ਆਮ ਗੱਲ-ਬਾਤ ਵਿਚ (ਜਿੱਥੇ ਚਾਰ ਆਦਮੀ ਜੁੜੇ ਹੋਏ ਹੋਣ) ਆਪਣੀ ਅਕਲ ਅਤੇ ਵਿਦਵਤਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਤੇ ਆਪਣੇ-ਆਪ ਨੂੰ ਲਖਾਇਆ ਜਾਂਦਾ ਹੈ। ਜੁੜੇ ਹੋਏ ਇਕੱਠਾਂ (ਸੰਗਤ) ਵਿਚ ਕਥਾ-ਵਾਰਤਾ ਵੀ ਹੁੰਦੀ ਹੈ। "ਪੰਜਾਬ ਦੀਆਂ ਬਹੁਤੀਆਂ ਸੱਥਾਂ 'ਚ ਆਦਮੀ, ਗਲੀ ਮੁਹੱਲਿਆਂ ਦੀਆਂ ਗਲੀਆਂ 'ਚ ਬੈਠੀਆਂ ਔਰਤਾਂ ਕਿਸੇ ਵੀ ਹੋਰ ਮੁੱਦੇ ਨਾਲੋਂ ਟੈਲੀਵਿਜ਼ਨ ਦੇ ਪ੍ਰੋਗਰਾਮਾਂ ਬਾਰੇ ਚਰਚਾ ਕਰਨੀ ਵਧੇਰੇ ਜ਼ਰੂਰੀ ਸਮਝਦੇ ਹਨ।"[167]

### 2.2.30 ਸਹਿਮਤੀ ਦੇਣਾ

ਕਿਸੇ ਮਨੁੱਖ ਦਾ ਜਾਂ ਸਮੂਹ ਦਾ ਕਿਸੇ ਮੁੱਦੇ 'ਤੇ ਪ੍ਰਵਾਨਗੀ ਦੇਣ ਦਾ ਭਾਵ ਸੀ ਕਿ ਉਹ ਮਨੁੱਖ ਅਥਵਾ ਸਮੂਹ ਉਸ ਮੁੱਦੇ ਪ੍ਰਤਿ ਸਹਿਮਤ ਹੈ। ਸਹਿਮਤੀ ਜਾਂ ਪ੍ਰਵਾਨਗੀ ਦਾ ਭਾਵ ਪਰਗਟ ਕਰਦਾ ਇਹੀ ਸੰਕਲਪ ਨਿਮਨਲਿਖਿਤ ਪੰਕਤੀਆਂ ਵਿਚ (ਅਸਿੱਧੇ ਤੌਰ 'ਤੇ) ਆਇਆ ਹੈ:

> ਜਾਚਿਕੁ ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 323)
> ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 643)
> ਏਹੁ ਸਭੁ ਕਿਛੁ ਆਵਣ ਜਾਣੁ ਹੈ ਜੇਤਾ ਹੈ ਆਕਾਰੁ॥
> ਜਿਨਿ ਏਹੁ ਲੇਖਾ ਲਿਖਿਆ ਸੋ ਹੋਆ ਪਰਵਾਣੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 516)

ਅਸਲ ਪ੍ਰਵਾਨਗੀ ਤਾਂ ਪ੍ਰਭੂ ਦੇ ਦਰ 'ਤੇ ਕਬੂਲ ਹੋਣਾ ਹੈ।

**ਅਜੋਕੀ ਸਥਿਤੀ:** ਅਜੋਕੇ ਲੋਕਤੰਤਰੀ ਦੌਰ ਵਿਚ ਕਿਸੇ ਮੁੱਦੇ ਪ੍ਰਤਿ ਬਹੁ-ਗਿਣਤੀ ਦਾ ਸਹਿਮਤ ਹੋਣਾ ਲਾਜ਼ਮੀ ਹੈ।

## 2.2.31 ਧੱਕੇਸ਼ਾਹੀ

ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਦੀ ਦਰਗਾਹ ਵਿਚ ਮਨੁੱਖ ਦੀ ਅਖੌਤੀ ਉੱਚ ਜਾਤੀ ਦੀ ਹੈਂਕੜ ਅਤੇ ਧੱਕੇਸ਼ਾਹੀ ਦਾ ਕੋਈ ਜ਼ੋਰ ਨਹੀਂ ਚੱਲਦਾ। ਇਸਦਾ ਸਿੱਧਾ ਭਾਵ ਹੈ ਕਿ ਦੁਨਿਆਵੀ ਤੌਰ 'ਤੇ ਮਨੁੱਖ ਜਾਤੀ ਹੈਂਕੜ ਨਾਲ ਆਪਣੀ ਹਉਂ ਪਾਲਦਾ ਸੀ ਤੇ ਦੂਜਿਆਂ ਨਾਲ ਧੱਕੇਸ਼ਾਹੀ ਵੀ ਕਰਦਾ ਸੀ:

ਅਗੈ ਜਾਤਿ ਨ ਜੋਰੁ ਹੈ (*ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਗੁਰੂ ਅੰਗਦ ਦੇਵ ਜੀ ਤਤਕਾਲੀ ਹਾਲਾਤਾਂ 'ਪੁਰ ਟਿੱਪਣੀ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਸ਼ਰਾਰਤੀ ਮਨੁੱਖ ਚੌਧਰੀ ਬਣਿਆ ਬੈਠਾ ਹੈ ਅਤੇ ਝੂਠੇ ਨੂੰ ਸਤਿਕਾਰ ਮਿਲਦਾ ਹੈ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ਕਿ ਵਿਅਕਤੀ ਨਾਰੀ ਨਾਲ ਧੱਕੇਸ਼ਾਹੀ ਕਰਕੇ ਆਪਣੇ ਆਪ ਨੂੰ ਬੜਾ ਬਲਸ਼ਾਲੀ ਜਾਣਦਾ ਹੈ। ਭਗਤ ਕਬੀਰ ਜੀ ਧੱਕੇਸ਼ਾਹੀ ਕਰਨ ਵਾਲੇ ਮਨੁੱਖ ਨੂੰ ਰੱਬ ਦਾ ਖ਼ੌਫ਼ ਰੱਖਣ ਦੀ ਸਲਾਹ ਦਿੰਦੇ ਹਨ। ਫਰੀਦ ਜੀ ਭਗਤ ਦੇ ਗੁਣਾਂ ਦੀ ਚਰਚਾ ਕਰਦੇ ਹੋਏ ਦੱਸਦੇ ਹਨ ਕਿ ਉਸ ਦਾ ਇੱਕ ਗੁਣ ਇਹ ਹੈ ਕਿ ਉਹ ਜ਼ੋਰਾਵਰ ਹੁੰਦਾ ਹੋਇਆ ਵੀ ਕਿਸੇ ਨਾਲ ਧੱਕੇਸ਼ਾਹੀ ਨਾ ਕਰੇ। ਫਰੀਦ ਜੀ ਦੁਆਰਾ ਕੀਤੀ ਹੋਈ ਇਹ ਮਨਾਹੀ ਤਤਕਾਲੀ ਦੌਰ ਦੀ ਉਕਤ ਪ੍ਰਵਿਰਤੀ ਦਾ ਪ੍ਰਮਾਣ ਹੈ:

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਗਰਬੰਤਿ ਨਾਰੀ ਮਦੋਨ ਹੰਤ॥ ਬਲਵੰਤ ਬਲਾਤ ਕਾਰਣਹ॥

ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧ੍ਰਿਗੁ ਜਨਮਨਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥

ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

ਤਾਣ ਹੋਦੇ ਹੋਇ ਨਿਤਾਣਾ॥

... ... ... ...

ਕੋ ਐਸਾ ਭਗਤੁ ਸਦਾਏ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਧੱਕੇਸ਼ਾਹੀ ਪ੍ਰਧਾਨ ਹੈ। ਤਕੜੇ ਦਾ 'ਸੱਤੀ ਵੀਹੀਂ ਸੌ' ਹੈ ਤੇ ਮੱਝ ਦਾ ਮਾਲਕ ਉਹੀ ਹੈ, ਜਿਸ ਦੇ ਹੱਥ ਵਿਚ ਲਾਠੀ ਹੈ। ਗ਼ਰੀਬ ਅਤੇ ਲਾਚਾਰ ਮਨੁੱਖ ਨਾਲ ਹਰ ਥਾਂ ਧੱਕਾ ਹੁੰਦਾ ਹੈ। ਅਜੋਕਾ ਮਨੁੱਖ ਕਮਜ਼ੋਰ ਮਨੁੱਖ ਉੱਪਰ ਰੋਅਬ ਪਾ ਕੇ ਆਪਣੇ ਆਪ ਨੂੰ ਬੜਾ ਬਲਸ਼ਾਲੀ ਸਮਝਦਾ ਹੈ। ਤਕੜੇ ਨਾਲ ਕੋਈ ਵੀ ਮੱਥਾ ਲਾਉਣ ਨੂੰ ਤਿਆਰ ਨਹੀਂ, ਸਗੋਂ ਉਸਦੀ ਅਧੀਨਗੀ ਮਾਨਣ ਨੂੰ ਹਰ ਕੋਈ ਕਾਹਲ਼ਾ ਰਹਿੰਦਾ ਹੈ।

## 2.2.32 ਤਤਕਾਲੀ ਸੱਤਾ ਸੱਭਿਆਚਾਰ ਨੂੰ ਪ੍ਰਭਾਵਿਤ ਕਰਦੀ ਸੀ

"ਸੰਨ 1526 ਈ. ਵਿਚ ਬਾਬਰ ਭਾਰਤ ਉਪਰ ਵਿਜਈ ਹੋਇਆ ਅਤੇ ਲੋਧੀਆਂ ਨੂੰ ਹਟਾ ਕੇ ਮੁਗ਼ਲ ਵੰਸ਼ ਦਾ ਅਧਿਕਾਰ ਅਰੰਭ ਹੋ ਗਿਆ। ... ... ਦਿਨੋ ਦਿਨ ਹਿੰਦੂ ਸਭਿਆਚਾਰ ਕਮਜ਼ੋਰ ਹੋ ਰਿਹਾ ਸੀ ਅਤੇ ਹਾਕਮਾਂ ਦਾ ਸਭਿਆਚਾਰ, ਬੋਲੀ, ਪਹਿਰਾਵਾ ਰਸਮਾਂ-ਰੀਤਾਂ, ਧਰਮ-ਕਰਮ, ਰਹਿਣੀ ਬਹਿਣੀ ਦਾ ਜ਼ੋਰ ਵਧ ਰਿਹਾ ਸੀ। ਭਾਰਤੀ ਭੈ-ਤ੍ਰਾਸ ਜਾਂ ਲੋਭ-ਲਾਲਚ ਵਸ ਹੋ ਕੇ ਆਪਣਾ

ਸਭਿਆਚਾਰ ਤੇ ਧਰਮ ਤਿਆਗ ਰਹੇ ਸਨ।"[168] "ਤੁਰਕ ਪਠਾਣੀ ਰਾਜ (ਅਮਲ) ਹੋਣ ਨਾਲ ਲੋਕਾਂ ਦੇ ਧਾਰਮਕ ਵਿਸ਼ਵਾਸ ਅਤੇ ਸਭਿਆਚਾਰ (ਪੁਸ਼ਾਕ ਆਦਿ) ਮੁਸਲਮਾਣੀ ਹੋ ਗਏ ਹਨ, ਗ਼ੈਰਤ ਨਹੀਂ ਰਹੀ, ਅਣਖ ਮਰ ਗਈ ਹੈ ਤੇ ਹਰ ਤਰ੍ਹਾਂ ਦੀ ਗਿਰਾਵਟ ਆ ਗਈ ਹੈ।"[169] ਹਿੰਦੂ ਲੋਕ ਨੀਲੇ ਵਸਤੂਰ ਪਹਿਨ ਕੇ ਹੀ ਮੁਸਲਿਮ ਹਾਕਮਾਂ ਦੀ ਨਜ਼ਰ ਵਿਚ ਪ੍ਰਵਾਨ ਹੁੰਦੇ ਸਨ। ਜਿਨ੍ਹਾਂ ਨੂੰ ਉਹ ਮਲੇਛ ਆਖਦੇ ਸਨ ਉਨ੍ਹਾਂ ਪਾਸੋਂ ਧਨ ਲੈ ਕੇ ਹੀ ਆਪਣੇ ਧਾਰਮਿਕ ਕਿਰਿਆ-ਕਰਮ ਨਿਪਟਾਉਂਦੇ ਸਨ। ਜਿਸ ਭਾਸ਼ਾ ਨੂੰ 'ਅਭਾਖਿਆ' ਕਹਿੰਦੇ ਸਨ ਉਸੇ ਨੂੰ ਬੋਲ ਕੇ ਹਲਾਲ ਕੀਤਾ ਗਿਆ ਬੱਕਰਾ ਖਾਂਦੇ ਸਨ। ਇਹ ਸਭ ਸੱਤਾ ਦੇ ਜ਼ੋਰ ਕਾਰਨ ਹੀ ਸੀ। ਹਿੰਦੂ ਲੋਕ ਮੁਸਲਿਮ ਹਾਕਮਾਂ ਦੇ ਡਰੋਂ ਅੰਦਰ ਵੜ ਕੇ ਆਪਣੇ ਧਾਰਮਿਕ ਅਕੀਦੇ ਨਿਭਾਉਂਦੇ ਸਨ ਪਰ ਲੋਕਾਂ ਦੇ ਸਾਹਮਣੇ ਮੁਸਲਿਮ ਰਹਿਣੀ-ਬਹਿਣੀ ਬਣਾ ਕੇ ਰੱਖਦੇ ਸਨ। ਹਿੰਦੂ ਆਗੂ ਤੁਰਕਾਂ ਦਾ ਹੁਕਮ ਹੀ ਆਪਣੇ ਕੰਨ ਅਤੇ ਹਿਰਦੇ ਵਿਚ ਟਿਕਾ ਕੇ ਰੱਖਦੇ ਸਨ:

ਨੀਲ ਬਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨ ਲੇ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)
ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

ਗੁਰੂ ਸਾਹਿਬ ਚਾਹੁੰਦੇ ਹਨ ਕਿ ਮਨੁੱਖ ਅੰਦਰੋਂ-ਬਾਹਰੋਂ ਇੱਕੋ ਜਿਹਾ ਹੋਵੇ। ਸੱਤਾ ਦੁਆਰਾ ਨਾਗਰਿਕਾਂ ਦੀ ਧਾਰਮਿਕ ਸੁਤੰਤਰਤਾ ਪ੍ਰਤਿ ਪ੍ਰਤੀਬੱਧਤਾ ਹੀ ਅਜਿਹਾ ਅਮਲ ਹੋਂਦ ਵਿਚ ਲਿਆ ਸਕਦੀ ਹੈ।

**ਅਜੋਕੀ ਸਥਿਤੀ:** "ਸਿੱਖ ਰਾਜ ਸਥਾਪਿਤ ਹੋ ਜਾਣ ਨਾਲ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਸਿੰਘ ਸਜ ਗਏ ਸਨ।"[170] "ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਦੀ ਅਬਾਦੀ ਵਿਚ ਬਹੁਤ ਵਾਧਾ ਹੋਇਆ ਸੀ ਪਰ 1849 ਦੀ ਹਾਰ ਪਿੱਛੋਂ ਤੁਰੰਤ ਬਣੇ ਸਿੱਖਾਂ ਨੇ ਆਪਣਾ ਰੂਪ ਵਟਾ ਲਿਆ।"[171] ਅਜੋਕੇ ਦੌਰ ਦਾ ਮਨੁੱਖ ਵੀ ਸੱਤਾ ਤੋਂ ਪ੍ਰਭਾਵਿਤ ਹੋ ਕੇ ਆਪਣਾ ਸੱਭਿਆਚਾਰਕ ਅਮਲ ਬਦਲਦਾ ਹੈ ਭਾਵੇਂ ਉਪਰੇ ਤੌਰ 'ਤੇ ਅਤੇ ਥੋੜ੍ਹੇ ਚਿਰ ਲਈ ਹੀ ਸਹੀ। ਸੱਤਾ ਤਬਦੀਲ ਹੋਣ ਨਾਲ ਲੋਕਾਂ ਦਾ ਉਪਰਾ ਦਿਖਾਵਾ ਕੁਝ-ਕੁਝ ਬਦਲ ਜਾਂਦਾ ਹੈ ਤੇ ਓਹੋ ਜਿਹਾ ਵਟ ਜਾਂਦਾ ਹੈ ਜਿਹੋ ਜਿਹੇ ਨੂੰ ਸੱਤਾ ਪ੍ਰਾਥਮਿਕਤਾ ਦਿੰਦੀ ਹੈ।

### 2.2.33 ਨਸ਼ਾਖੋਰੀ

ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਤਤਕਾਲੀ ਨਸ਼ਾਖੋਰੀ ਦੀ ਪ੍ਰਵਿਰਤੀ ਦਾ ਵੀ ਗਿਆਨ ਹੁੰਦਾ ਹੈ। ਭਗਤ ਕਬੀਰ ਜੀ ਆਖਦੇ ਹਨ ਕਿ ਨਸ਼ਾਖੋਰੀ ਕਰਨ ਵਾਲਾ ਚਾਹੇ ਜੋ ਵੀ ਧਰਮ-ਕਰਮ ਕਰਦਾ ਫਿਰੇ, ਉਸਨੂੰ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਜ਼ਰੂਰੀ ਹੈ ਕਿ ਇਹ ਟਿੱਪਣੀ ਤਤਕਾਲੀ ਹਾਲਾਤਾਂ 'ਤੇ ਹੀ ਹੈ:

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਹੇਠ ਲਿਖੀ ਪੰਕਤੀ ਵਿਚ ਗੁਰੂ ਸਾਹਿਬ ਮੋਹ ਦੀ ਤੁਲਨਾ ਸ਼ਰਾਬ ਦੇ ਮਦ (ਨਸ਼ੇ) ਨਾਲ ਕਰਦੇ ਹਨ ਭਾਵ ਜਿਵੇਂ ਸ਼ਰਾਬੀ ਵਿਅਕਤੀ ਸ਼ਰਾਬ ਦੇ ਨਸ਼ੇ ਦੀ ਲੋਰ ਵਿਚ ਸਾਵੇਂ ਜੀਵਨ-ਪੰਧ ਤੋਂ ਥਿੜਕ ਜਾਂਦਾ ਹੈ ਉਸੇ ਤਰ੍ਹਾਂ ਮੋਹ-ਗ੍ਰਸਤ ਵਿਅਕਤੀ ਵੀ ਅਣਉਚਿੱਤ ਲਗਾਅ ਕਾਰਨ ਜੀਵਨ ਦੇ ਸਿਧਾਂਤਾਂ ਤੋਂ ਥਿੜਕ ਜਾਂਦਾ ਹੈ:

ਬਿਖਮ ਸਥਾਨ ਮਨ ਮੋਹ ਮਦਿਰੰ ਮਹਾਂ ਅਸਾਧ ਪੰਚ ਤਸਕਰਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਗੁਰੂ ਸਾਹਿਬ ਕਥਨ ਕਰਦੇ ਹਨ ਕਿ ਨਸ਼ਾਖੋਰੀ ਕਰਨ ਵਾਲੇ ਮਨੁੱਖ ਦੀ ਮੱਤ ਮਾਰੀ ਜਾਂਦੀ ਹੈ ਤੇ ਉਹ ਝੱਲ ਪਾਉਂਦਾ ਫਿਰਦਾ ਹੈ। ਉਸਨੂੰ ਆਪਣੇ-ਪਰਾਏ ਦੀ ਕੋਈ ਸੋਝੀ ਨਹੀਂ ਰਹਿੰਦੀ। ਅਜਿਹੇ ਵਿਚ ਉਸਨੂੰ ਪ੍ਰਭੂ ਦਾ ਕੋਈ ਡਰ ਨਹੀਂ ਰਹਿੰਦਾ। ਸੋ ਜਿੰਨਾ ਜੋ ਸਕੇ, ਨਸ਼ਾਖੋਰੀ ਤੋਂ ਬਚਣਾ ਚਾਹੀਦਾ ਹੈ:

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਨ ਪੀਚਈ ਜੇ ਕਾ ਪਾਰਿ ਵਸਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 554)

ਸਤਿਗੁਰੂ ਆਖਦੇ ਹਨ ਕਿ ਕਲਯੁੱਗ ਸ਼ਰਾਬ ਦੀ ਮੱਟੀ ਜਿਹਾ ਹੈ, ਕਾਮ ਨਸ਼ਾ-ਰੂਪ ਹੈ ਅਤੇ ਮਨ ਪੀਵਣਹਾਰਾ ਹੈ। ਕ੍ਰੋਧ-ਰੂਪੀ ਕਟੋਰੀ ਮੋਹ ਨਾਲ ਭਰੀ ਹੋਈ ਹੈ ਅਤੇ ਹੰਕਾਰ ਵਰਤਾਵਾ ਹੈ। ਝੂਠੇ ਲਾਲਚ ਦੀ ਮਹਿਫ਼ਲ ਸਜੀ ਹੋਈ ਹੈ, ਜਿਸ ਵਿੱਚ ਮਨੁੱਖ ਮਦ-ਮਸਤ ਹੋ ਕੇ ਖੱਜਲ ਹੋ ਰਿਹਾ ਹੈ। ਗੁਰੂ ਸਾਹਿਬ ਕਰਮ ਨੂੰ ਸ਼ਰਾਬ ਬਨਾਉਣ, ਜਿਸ ਵਿਚ ਸੱਚ-ਰੂਪ ਗੁੜ ਹੋਵੇ, ਦੀ ਵਕਾਲਤ ਕਰਦੇ ਹਨ। ਆਪ ਆਖਦੇ ਹਨ ਕਿ ਅਜਿਹੀ ਸ਼ਰਾਬ ਦਾ ਸੇਵਨ ਕਰਨ ਲਈ ਗੁਣ-ਰੂਪੀ ਰੋਟੀਆਂ ਹੋਣ, ਚੰਗਾ ਸੁਭਾਓ ਘਿਓ ਹੋਵੇ ਅਤੇ ਹਯਾ, ਮਾਸ-ਰੂਪ ਹੋਵੇ। ਨਸ਼ਾਖੋਰੀ ਦੀ ਆਦਤ ਵਿਚ ਮਨੁੱਖ ਕਈ ਵਿਕਾਰਾਂ ਵਿਚ ਗ਼ਲਤਾਨ ਹੁੰਦਾ ਹੈ:

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ॥
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ॥ (ਮਹਲਾ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 553)

ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥ (ਮਰਦਾਨਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 553)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਨਸ਼ਿਆਂ ਦਾ ਵਿਕਰਾਲ-ਰੂਪ ਸਾਹਮਣੇ ਹੈ। ਵੱਖ-ਵੱਖ ਤਰ੍ਹਾਂ ਦੇ ਨਸ਼ੇ ਪ੍ਰਚਲਨ ਵਿਚ ਹਨ ਜੋ ਜਵਾਨੀ ਨੂੰ ਖੋਰਾ ਲਾ ਕੇ ਦੇਸ਼ ਨੂੰ ਬਰਬਾਦ ਕਰ ਰਹੇ ਹਨ। "ਪੇਂਡੂ ਪੰਜਾਬ ਦੀ ਇਕ ਹੋਰ ਸਮੱਸਿਆ ਹੈ। ਨਸ਼ੇ ਦੀ ਸਮੱਸਿਆ। ਹੁਣੇ-ਹੁਣੇ ਡਬਲਯੂ. ਐਚ. ੳ. ਦੀ ਰਿਪੋਰਟ ਦੇ ਅਨੁਸਾਰ 16-25 ਸਾਲ ਦੀ ਉਮਰ ਦੇ 53% ਨੌਜਵਾਨ ਨਸ਼ਿਆਂ ਦੀ ਗ੍ਰਿਫ਼ਤ ਵਿਚ ਹਨ (ਦੀ ਟ੍ਰਿਬਿਊਨ-2001)। ਪੀ.ਏ.ਯੂ. ਲੁਧਿਆਣਾ ਦੀ ਰਿਪੋਰਟ ਅਨੁਸਾਰ 23% ਪਿੰਡ ਵੀ ਨਸ਼ਿਆਂ ਦੀ ਲਪੇਟ ਵਿਚ ਹਨ। ਹੁਣੇ-ਹੁਣੇ ਹੋਈਆਂ ਅਜਨਾਲਾ ਦੀਆਂ ਚੋਣਾਂ ਵਿਚ ਸਭ ਤੋਂ ਵੱਧ ਸ਼ਰਾਬ ਨਾਲ ਵੋਟਾਂ ਖ਼ਰੀਦੀਆਂ ਗਈਆਂ।" (ਧਨਵੰਤ ਕੌਰ (ਸੰਪਾ), *ਸਮਕਾਲੀ*

*ਪੰਜਾਬੀ ਸਮਾਜ* 47) "ਅੱਜ ਸ਼ਰਾਬਨੋਸ਼ੀ ਅਤੇ ਜੁਆਬਾਜ਼ੀ ਇਕ ਫੈਸ਼ਨ ਜਿਹਾ ਬਣਦੀ ਜਾ ਰਹੀ ਹੈ, ਜਿਸ ਕਾਰਨ ਵੱਡੀ ਗਿਣਤੀ ਵਿਚ ਪਰਿਵਾਰ ਤਬਾਹ ਹੋ ਰਹੇ ਹਨ।" (ਚੋਪੜਾ, *ਰੋਜ਼ਾਨਾ ਜਗ ਬਾਣੀ 10.10.2017* 6) "ਤ੍ਰਾਸਦੀ ਇਸ ਹੱਦ ਤਕ ਵਧ ਚੁੱਕੀ ਹੈ ਕਿ ਜਵਾਨੀ ਤੋਂ ਬਾਅਦ ਹੁਣ ਬਚਪਨ ਵੀ ਕਾਫ਼ੀ ਹੱਦ ਤਕ ਨਸ਼ਿਆਂ ਦੇ ਮਾਰੂ ਪ੍ਰਭਾਵ ਹੇਠ ਆ ਚੁੱਕਾ ਹੈ।" (*ਰੋਜ਼ਾਨਾ ਪੰਜਾਬੀ ਜਾਗਰਣ ਮਿਤੀ 28.07.2016* 10) "ਤੰਬਾਕੂ, ਭੰਗ, ਪੋਸਤ, ਗਾਂਜਾ, ਚਰਸ, ਸ਼ਰਾਬ, ਅਫੀਮ, ਹੈਰੋਇਨ, ਕੋਕੀਨ, ਮਾਰਫੀਨ, ਫੈਂਸੀ ਡਰਿਲ, ਨਿਕੋਟੀਨ, ਬ੍ਰਾਊਨ ਸ਼ੂਗਰ, ਕੰਪੋਜ, ਵਿਲੀਅਮ, ਲਿਬਰੀਅਮ ਆਦਿ ਨਸ਼ੇ ਸਮਾਜ ਦਾ ਹਿੱਸਾ ਬਣੇ ਹਨ।" (*ਰੋਜ਼ਾਨਾ ਪੰਜਾਬੀ ਜਾਗਰਣ ਮਿਤੀ 12.08.2016* 6) "ਅੱਜ ਦੀ ਪੀੜ੍ਹੀ ਨਵੇਂ ਨੈਤਿਕ ਮੁੱਲ ਤੇ ਨਵੀਆਂ ਕਦਰਾਂ-ਕੀਮਤਾਂ ਲਿਆ ਰਹੀ ਹੈ। ਨੌਜਵਾਨਾਂ ਲਈ ਸ਼ਰਾਬ, ਤੰਬਾਕੂ ਦਾ ਸੇਵਨ ਕਰਨਾ ਆਮ ਗੱਲ ਹੈ। 72% ਨੌਜਵਾਨ ਅਲਕੋਹਲ ਦੀ ਵਰਤੋਂ ਕਰਦੇ ਹਨ 44% ਨੌਜਵਾਨ ਤੰਬਾਕੂ ਦਾ ਸੇਵਨ ਕਰਦੇ ਹਨ ਜੋ ਕਿ ਹਲੇ ਹਾਈ ਸਕੂਲ ਵਿਚ ਹੀ ਪੜ੍ਹਦੇ ਹਨ।"[172]

### 2.2.34 ਧਨ ਜੋੜਨਾ ਤੇ ਧਨ ਦਾ ਹੰਕਾਰ

ਗੁਰੂ ਅਮਰਦਾਸ ਜੀ ਹੇਠ ਲਿਖੀਆਂ ਪੰਕਤੀਆਂ ਵਿਚ ਤਤਕਾਲੀ ਮਨੁੱਖ ਦੀ ਇਸ ਫ਼ਿਤਰਤ ਦਾ ਚਿੱਤਰ ਖਿੱਚਦੇ ਹਨ:

ਮਨਮੁਖ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥
ਅਨਦਿਨੁ ਫਿਰਦਾ ਸਦਾ ਰਹੈ ਭੁਖ ਕਦੇ ਨ ਜਾਇ॥
ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ॥
ਸਦਾ ਚਿੰਤਾ ਚਿਤਵਦਾ ਰਹੈ ਸਹਸਾ ਕਦੇ ਨ ਜਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1092)

ਗੁਰੂ ਜੀ ਫ਼ਰਮਾਉਂਦੇ ਹਨ ਕਿ ਆਪ-ਹੁਦਰਾ ਮਨੁੱਖ ਹਰ ਵੇਲ਼ੇ ਮਾਇਆ ਹੀ ਮਾਇਆ ਕੂਕਦਾ ਹੈ। ਉਹ ਧਨ-ਪਦਾਰਥਾਂ ਦੀ ਵੱਧ ਤੋਂ ਵੱਧ ਪ੍ਰਾਪਤੀ ਕਰਨ ਹਿੱਤ ਸਦਾ ਹੀ ਨੱਠਾ-ਭੱਜਾ ਫਿਰਦਾ ਰਹਿੰਦਾ ਹੈ ਪਰ ਉਸਦੀ ਧਨ-ਪਦਾਰਥਾਂ ਦੀ ਭੁੱਖ ਤਦ ਵੀ ਨਹੀਂ ਮੁੱਕਦੀ। ਇਸ ਸਥਿਤੀ ਵਿਚ ਵਿਚਰਦਿਆਂ ਨਾ ਤਾਂ ਉਸ ਦੇ ਮਨ ਨੂੰ ਚੈਨ ਆਉਂਦੀ ਹੈ ਅਤੇ ਨਾ ਉਸਨੂੰ ਸੁੱਖ ਹੀ ਨਸੀਬ ਹੁੰਦਾ ਹੈ। ਉਹ ਮਾਇਕ-ਪਦਾਰਥਾਂ ਦੀ ਪ੍ਰਾਪਤੀ ਲਈ ਭਟਕਦਾ ਹਮੇਸ਼ਾ ਚਿੰਤਾਤੁਰ ਰਹਿੰਦਾ ਹੈ ਅਤੇ ਕਈ ਪ੍ਰਕਾਰ ਦੇ ਤੌਖ਼ਲੇ ਉਸ ਦੇ ਅੰਦਰ ਬਣੇ ਰਹਿੰਦੇ ਹਨ। ਬੜਾ ਤੰਗ ਹੋ ਕੇ, ਬੜੀਆਂ ਔਕੜਾਂ ਸਹਿ ਕੇ, ਉਹ ਕੌਡੀ-ਕੌਡੀ ਜੋੜਦਾ ਹੈ। ਇਸ ਤਰ੍ਹਾਂ ਕਰਕੇ ਉਸਦੀ ਮਨਸ਼ਾ ਲੱਖਾਂ-ਕਰੋੜਾਂ ਜੋੜਨ ਦੀ ਹੈ:

ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਜਿਹੜੇ ਧਨ-ਪਦਾਰਥ ਮਨੁੱਖ ਦੇ ਨਾਲ ਨਿਭਣ ਵਾਲੇ ਵੀ ਨਹੀਂ, ਪਤਾ ਨਹੀਂ ਉਨ੍ਹਾਂ ਦੇ ਇਕੱਤਰੀਕਰਨ ਨੂੰ ਕਿਉਂ ਏਨਾ ਚਿੰਬੜਿਆ ਹੋਇਆ ਹੈ? ਧਨ-ਪਦਾਰਥਾਂ ਦਾ ਮੋਹ ਤਾਂ ਇੱਕ ਪਲ ਲਈ ਵੀ ਇਸ ਦੇ ਮਨ ਵਿੱਚੋਂ ਨਹੀਂ ਨਿਕਲਦਾ, ਸਦਾ ਪੈਸਾ-ਪੈਸਾ ਹੀ ਕਰਦਾ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ ਕਿ ਮਨੁੱਖ ਧਨ-ਪਦਾਰਥਾਂ ਨੂੰ ਸਤਿ ਜਾਣ ਕੇ ਇਨ੍ਹਾਂ ਨੂੰ ਅੱਗੇ-ਅੱਗੇ (ਹੋਰ-ਹੋਰ, ਵੱਧ ਤੋਂ ਵੱਧ) ਇਕੱਤਰ ਕਰਨ ਵਿਚ ਲੱਗਾ ਦਿਖਾਈ ਦਿੰਦਾ ਹੈ:

ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1093)
ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1093)

ਸਚੁ ਜਾਣੈ ਕਚੁ ਵੈਦਿਓ ਤੂ ਆਘੁ ਆਘੈ ਸਲਵੇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1095)

ਗੁਰੂ ਜੀ ਦੱਸਦੇ ਹਨ ਕਿ ਮਨੁੱਖ ਧਨ-ਪਦਾਰਥਾਂ ਨੂੰ ਬੜੀਆਂ ਔਕੜਾਂ ਨਾਲ ਇਕੱਤਰ ਕਰਦਾ ਹੈ ਪਰ ਜਦੋਂ ਇਹ ਉਸਦੇ ਹੱਥੋਂ ਖੁੱਸਦੇ ਹਨ ਤਾਂ ਉਹ ਦੁਖੀ ਹੋਏ ਬਿਨਾ ਰਹਿ ਨਹੀਂ ਪਾਉਂਦਾ:

ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

ਗੁਰੂ ਜੀ ਆਖਦੇ ਹਨ ਕਿ ਮਾਇਆ ਲਈ ਉਤਸ਼ਾਹੀ (ਲਾਲਚੀ) ਦੀ ਇਹ ਨਿਸ਼ਾਨੀ ਹੈ ਕਿ ਉਸ ਦੇ ਘਰ ਖਾਧ-ਪਦਾਰਥਾਂ ਦੀ ਤੋਟ ਨਹੀਂ ਆਉਂਦੀ ਪਰ ਨਾਲ-ਨਾਲ ਉਸ ਦੇ ਮਨ ਵਿਚ ਇਹ ਸਹਿਮ ਵੀ ਰਹਿੰਦਾ ਹੈ ਕਿ ਉਸ ਕੋਲੋਂ ਕਿਤੇ ਕੋਈ ਮੰਗ ਨਾ ਲਵੇ। ਉਹ ਆਪਣਾ ਖੱਟਿਆ-ਕਮਾਇਆ ਦੂਜਿਆਂ ਨੂੰ ਦੇਣਾ ਨਹੀਂ ਚਾਹੁੰਦਾ। ਉਹ ਇਕੱਤਰ ਕੀਤੇ ਧਨ-ਪਦਾਰਥਾਂ ਨਾਲ ਦੁਨੀਆ ਦੇ ਸੁੱਖ ਮਾਨਣਾ ਲੋਚਦਾ ਹੈ। ਗੁਰੂ ਨਾਨਕ ਦੇਵ ਜੀ ਸਰੀਰਕ ਅਵਸਥਾ ਦੇ ਆਧਾਰ 'ਪੁਰ ਮਨੁੱਖ ਦੇ ਜੀਵਨ-ਕਾਲ ਨੂੰ ਦਸ ਅਵਸਥਾਵਾਂ ਵਿਚ ਵੰਡਦੇ ਹਨ। ਸੱਤਵੇਂ ਕ੍ਰਮ ਵਿਚ ਗੁਰੂ ਜੀ, ਮਨੁੱਖ ਦੁਆਰਾ, ਧਨ ਜੋੜ ਕੇ ਘਰ ਬਨਾਉਣ ਦਾ ਜ਼ਿਕਰ ਕਰਦੇ ਹਨ:

ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ॥

... ... ... ... ... ... ...

ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਥਾਉ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਸਤਵੈ ਸੰਜਿ ਕੀਆ ਘਰੁ ਵਾਸੁ॥ (ਮਹਲਾ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 137)

ਮਾਇਆ ਦੇ ਪੁਜਾਰੀ (ਸਾਕਤ) ਧਨ-ਪਦਾਰਥਾਂ ਨੂੰ ਵੱਧ ਤੋਂ ਵੱਧ ਜਮ੍ਹਾਂ ਕਰਨ ਲਈ ਮਰਨ ਤੱਕ ਜਾਂਦੇ ਸਨ। ਇਨ੍ਹਾਂ ਪਦਾਰਥਾਂ ਦੇ ਇਕੱਤਰੀਕਰਨ ਲਈ ਦੌੜੇ-ਭੱਜੇ ਤਾਂ ਸਾਰੇ ਫਿਰਦੇ ਹਨ ਪਰ ਇਹ ਨਿਭਦੀ ਕਿਸੇ ਨਾਲ ਨਹੀਂ। ਧਨ-ਪਦਾਰਥਾਂ ਦੇ ਜਮ੍ਹਾਂ ਕਰਨ ਹਿੱਤ ਨਿੱਤ ਨਵੀਆਂ ਵਿਉਂਤਾਂ ਬਣਾਈਆਂ ਜਾਂਦੀਆਂ ਹਨ। ਗੁਰੂ ਅੰਗਦ ਦੇਵ ਜੀ ਇਸ ਤਤਕਾਲੀ ਪ੍ਰਵਿਰਤੀ ਦਾ ਉਲੇਖ ਕਰਦੇ ਹੋਏ ਦੱਸਦੇ ਹਨ ਕਿ ਮਨੁੱਖ ਨੇ ਇਸ ਸੰਸਾਰ 'ਤੇ ਸਦਾ ਨਹੀਂ ਰਹਿਣਾ ਫਿਰ ਵੀ ਉਸਦਾ ਧਿਆਨ ਧਨ-ਪਦਾਰਥਾਂ ਦੇ ਸੰਗ੍ਰਹਿ ਵੱਲ ਹੀ ਹੈ:

ਸੰਚਿ ਸੰਚਿ ਸਾਕਤ ਮੂਏ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 257)

ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 84)

ਨਿਤ ਉਪਾਵ ਕਰੈ ਮਾਇਆ ਧਨ ਕਾਰਣਿ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 307)

ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ॥

ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ॥ (ਮਹਲਾ ੨, ਸ੍ਰੀ ਗੁਰੂ ਗ੍ਰੰਥ ਸਾਹਿਬ 787)

ਗੁਰੂ ਨਾਨਕ ਦੇਵ ਜੀ ਜ਼ਿਕਰ ਕਰਦੇ ਹਨ ਕਿ ਮਨੁੱਖ ਸਹੀ-ਗ਼ਲਤ ਢੰਗਾਂ ਨਾਲ ਧਨ ਸੰਚਦਾ ਹੈ। ਇਸ ਧਨ ਨੂੰ ਸੰਗ੍ਰਹਿ ਕਰਨ ਦੇ ਢੰਗ (ਸਹੀ ਜਾਂ ਗ਼ਲਤ) ਦੀ ਪਛਾਣ ਮਾਲਕ ਦੀ ਦਰਗਾਹ ਵਿਚ ਹੋਵੇਗੀ। ਇਨ੍ਹਾਂ ਪੰਕਤੀਆਂ ਵਿਚ ਜਿੱਥੇ ਤਤਕਾਲੀ ਦੌਰ ਵਿਚ ਯੋਗ-ਅਯੋਗ ਢੰਗ ਨਾਲ ਧਨ-ਸੰਚਯ ਦਾ ਜ਼ਿਕਰ ਹੈ ਓਥੇ ਮਨੁੱਖ ਦੀ ਅਯੋਗ ਢੰਗ ਨਾਲ ਧਨ ਇਕੱਤਰ ਕਰਨ ਦੀ ਲੋਕ-ਮਾਰੂ ਪ੍ਰਵਿਰਤੀ ਲਈ ਵਰਜਨਾ ਵੀ ਹੈ:

ਨਾਨਕ [173]ਬਦਰਾ ਮਾਲ ਕਾ ਭੀਤਰਿ ਧਰਿਆ ਆਣਿ॥

ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 789)

ਧਨ-ਪਦਾਰਥਾਂ ਦੀ ਬਹੁਤਾਤ ਨਾਲ ਹੰਕਾਰ ਦਾ ਆ ਜਾਣਾ ਸੁਭਾਵਕ ਹੀ ਸੀ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਨਾਨਕ ਦੇਵ ਜੀ ਇਸੇ ਮਾਨਸਿਕਤਾ ਨੂੰ ਮੁੱਖ ਰੱਖ ਕੇ ਪ੍ਰਭੂ ਅੱਗੇ ਦੁਨਿਆਵੀ ਜੀਵ ਵੱਲੋਂ ਅਰਜ਼ੋਈ ਕਰਦੇ ਹਨ ਕਿ ਬਹੁਤੇਰੇ ਧਨ ਅਤੇ ਕੀਮਤੀ ਪਦਾਰਥਾਂ ਨਾਲ ਮਨ ਵਿਚ ਹੰਕਾਰ ਦੀ ਉਤਪਤੀ (ਪ੍ਰਭੂ ਨੂੰ ਭੁੱਲ ਕੇ) ਨਾ ਹੋ ਜਾਵੇ, ਮਨੁੱਖ ਫਿਰ ਵੀ ਪ੍ਰਭੂ ਨੂੰ ਯਾਦ ਹੀ ਰੱਖੇ:

ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ॥

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 142-43)

ਕਿਤੇ ਨਾ ਕਿਤੇ ਹਉਮੈ ਦੀ ਕੁੰਡੀ ਮਾਇਕ ਪਦਾਰਥਾਂ ਦੇ ਮੋਹ ਨਾਲ ਜੁੜੀ ਹੋਈ ਸੀ ਤਾਂ ਹੀ ਤਾਂ ਹੇਠ ਲਿਖੀ ਪੰਕਤੀ ਵਿਚ ਮਾਇਆ ਦੇ ਮੋਹ ਦੇ ਤਿਆਗ ਨਾਲ ਹੰਕਾਰ ਦੇ ਵੀ ਤਿਆਗ ਦੀ ਗੱਲ ਕੀਤੀ ਗਈ ਹੈ। ਲੱਕ ਦੇ ਦੁਆਲੇ ਸੋਹਣਾ ਖ਼ੰਜਰ ਲਪੇਟਿਆ ਹੋਇਆ ਹੋਵੇ, ਸਵਾਰੀ ਵੀ ਸੁੰਦਰ ਘੋੜੇ ਦੀ ਹੋਵੇ, ਅਜਿਹੀ ਸਥਿਤੀ ਵਿਚ ਘੋੜ-ਸਵਾਰ ਦਾ ਮਾਣ-ਗ੍ਰਸਤ ਹੋ ਜਾਣਾ ਸੁਭਾਵਕ ਹੈ; ਗੁਰੂ ਸਾਹਿਬ ਅਜਿਹੀ ਸਥਿਤੀ ਵਿਚ ਸਾਵਧਾਨ ਰਹਿਣ ਭਾਵ ਹੰਕਾਰ ਤੋਂ ਬਚਣ ਦੀ ਸਲਾਹ ਦਿੰਦੇ ਹਨ:

ਤਜਿ ਮਾਇਆ ਅਹੰਕਾਰੁ ਤਜਾਵੈ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 141)

ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥

ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 956)

ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਮਨ ਤੋਂ ਧਨ ਦਾ ਹੰਕਾਰ ਲਾਹੁਣ ਲਈ ਵੰਡ ਕੇ ਖਾਣ ਦੇ ਗੁਣ ਨੂੰ ਮਿਸਕਲ (ਉਹ ਔਜ਼ਾਰ ਜਿਸ ਨਾਲ ਜੰਗਾਲ ਲਾਹੀਦਾ ਹੈ) ਰੂਪ ਬਣਾ। ਭਾਵ ਇਸ ਗੁਣ ਨੂੰ ਧਾਰਨ ਕਰ ਤਾਂ ਜੋ ਤੇਰੇ ਮਨ ਵਿਚ ਧਨ-ਪਦਾਰਥਾਂ ਤੋਂ ਹੰਕਾਰ ਭਾਵ ਨਾ ਉਪਜੇ। ਸਪਸ਼ਟ ਹੁੰਦਾ ਹੈ ਕਿ ਧਨ-ਪਦਾਰਥਾਂ ਦੇ ਇਕੱਤਰੀਕਰਨ ਨਾਲ ਮਨ ਵਿਚ ਹੰਕਾਰ-ਭਾਵ ਪੈਦਾ ਹੁੰਦਾ ਸੀ।

ਗੁਰੂ ਸਾਹਿਬ ਇਹ ਨਹੀਂ ਕਹਿੰਦੇ ਕਿ ਪ੍ਰਭੂ ਦਾ ਨਾਮ ਤਦ ਹੀ ਜੱਪਿਆ ਜਾ ਸਕਦਾ ਹੈ, ਜੇਕਰ ਧਨ ਪਦਾਰਥਾਂ ਦਾ ਤਿਆਗ ਕਰ ਦਿੱਤਾ ਜਾਵੇ। ਗੁਰੂ ਸਾਹਿਬ ਦਾ ਆਸ਼ਾ ਤਾਂ ਹੈ ਕਿ ਸਤਿਗੁਰੂ ਦੇ ਦੱਸੇ ਮਾਰਗ 'ਤੇ ਚਲਦੇ ਹੋਏ, ਮਨ ਨੂੰ ਨਿਯੰਤ੍ਰਿਤ ਰੱਖਣਾ ਹੈ ਅਤੇ ਧਨ ਪਦਾਰਥਾਂ ਦਾ ਭੋਗ ਕਰਨਾ ਹੈ। ਇਸ ਤਰ੍ਹਾਂ ਧਨ ਪਦਾਰਥਾਂ ਦਾ ਭੋਗ ਕਰਦਾ ਹੋਇਆ ਮਨੁੱਖ ਹੰਕਾਰ ਗ੍ਰਸਤ ਹੋ ਕੇ ਰਸਤੇ ਤੋਂ ਭਟਕੇਗਾ ਨਹੀਂ। ਵੰਡ ਕੇ ਛਕਣਾ ਮਨੁੱਖ ਦੇ ਹਿਰਦੇ ਨੂੰ ਸ਼ਾਂਤ ਅਤੇ ਪ੍ਰਸੰਨ ਰੱਖੇਗਾ:

ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ॥

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 141-42)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਵੱਧ ਤੋਂ ਵੱਧ ਧਨ-ਪਦਾਰਥ ਇਕੱਤਰ ਕਰਨਾ ਚਾਹੁੰਦਾ ਹੈ। ਇਸ ਤਰ੍ਹਾਂ ਕਰ ਕੇ ਉਹ ਜੀਵਨ ਦੇ ਸਾਰੇ ਸੁੱਖ ਮਾਨਣਾ ਚਾਹੁੰਦਾ ਹੈ। ਧਨ-ਪਦਾਰਥਾਂ ਦੇ ਇਕੱਤਰੀਕਰਨ ਦੀ ਇਸ ਦੌੜ ਵਿਚ ਕਦਰਾਂ-ਕੀਮਤਾਂ ਕਿਤੇ ਬਹੁਤ ਪਿੱਛੇ ਹੀ ਛੁੱਟ ਗਈਆਂ ਹਨ। ਚੰਗੇਰੇ ਜੀਵਨ ਪੰਧ ਤੋਂ ਭਟਕੇ ਹੋਏ ਮਨੁੱਖ ਦੇ ਜੀਵਨ ਦੀਆਂ ਸੁੱਖ-ਸਹੂਲਤਾਂ ਮਨੁੱਖ ਦੇ ਅੰਦਰ ਹੰਕਾਰ ਪੈਦਾ

ਕਰਦੀਆਂ ਹਨ। ਮਨੁੱਖ ਦੂਜੇ ਨਾਲੋਂ ਵੱਡਾ ਦਿਸਣਾ ਚਾਹੁੰਦਾ ਹੈ ਤਾਂ ਜੋ ਦੂਜਾ ਉਸਦੇ ਸਾਹਮਣੇ ਛੋਟਾ ਦਿਖਾਈ ਦੇਵੇ। ਉਹ ਦੂਜਿਆਂ ਦੀ ਮਾਇਕ ਸਹਾਇਤਾ ਵੀ ਆਪਣੇ-ਆਪ ਨੂੰ ਵੱਡਾ ਅਤੇ ਸੰਪੰਨ ਦਿਖਾਉਣ ਲਈ ਹੀ ਕਰਦਾ ਹੈ। "ਮੁਨਾਫ਼ੇ ਦਾ ਮੋਹ ਰਾਸ਼ਟਰਵਾਦ ਨਾਲੋਂ ਕਿਤੇ ਵੱਧ ਭਿਆਨਕ ਰੋਗ ਹੈ। ਇਹ ਆਪਣੇ ਪਰਾਏ ਦੀ ਪਛਾਣ ਭੁਲਾ ਦਿੰਦਾ ਹੈ।" (ਪੂਰਨ ਸਿੰਘ *ਸਾਇੰਸ ਦਾ ਸੰਸਾਰ* 62) "ਵਧਿਆ ਹੋਇਆ ਵਿਅਕਤੀਵਾਦ ਕਿਸੇ ਵੀ ਸਮਾਜ ਦੀ ਸਥਿਰਤਾ ਲਈ ਹਾਨੀਕਾਰਕ ਸਿੱਧ ਹੋ ਸਕਦਾ ਹੈ।" (ਪੂਰਨ ਸਿੰਘ *ਸਾਇੰਸ ਦਾ ਸੰਸਾਰ* 64)

### 2.2.35 ਦੂਜਿਆਂ ਦੇ ਕੰਮ ਵਿਚ ਰੋੜਾ ਅਟਕਾਉਣਾ

ਕਈ ਮਨੁੱਖ ਦੂਜਿਆਂ ਦੇ ਕੰਮ ਵਿਚ ਰੋੜਾ ਅਟਕਾਉਣ ਦੀ ਪ੍ਰਵਿਰਤੀ ਵਾਲੇ ਸਨ। ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ ਕਿ ਜੋ ਮਨੁੱਖ ਆਪਣੀ ਖ਼ਾਤਰ ਪਰਾਇਆ ਧਨ ਚੁਰਾਉਂਦਾ ਹੈ, ਦੂਜਿਆਂ ਦੇ ਕੰਮਾਂ 'ਚ ਰੁਕਾਵਟਾਂ ਖੜ੍ਹੀਆਂ ਕਰਦਾ ਹੈ, ਕਈ ਤਰ੍ਹਾਂ ਦੇ ਬੋਲ (ਕੁਬੋਲ) ਬੋਲਦਾ ਹੈ, ਤ੍ਰਿਸ਼ਨਾ ਦੇ ਅਧੀਨ ਹੋ ਕੇ 'ਮੈਂ ਲੈ ਲਵਾਂ, ਮੈਂ ਲੈ ਲਵਾਂ' ਕਰਦਾ ਹੈ ਅਤੇ ਸਦਾ ਅਤ੍ਰਿਪਤ ਰਹਿੰਦਾ ਹੈ, ਉਹ ਮਨੁੱਖ ਸੂਰ ਦੀ ਨਿਆਈਂ ਹੈ (ਜਿਹੜਾ ਗੰਦਗੀ ਖਾਂਦਾ ਹੈ):

ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ॥
ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1360)

ਸਪਸ਼ਟ ਹੈ ਕਿ ਉਕਤ ਉਲੇਖ ਤਤਕਾਲੀ ਸੰਦਰਭ ਅਧੀਨ ਹੈ। ਭਗਤ ਕਬੀਰ ਜੀ ਉਲੇਖ ਕਰਦੇ ਹਨ ਕਿ ਜਦੋਂ ਕੋਈ ਮਨੁੱਖ ਚੰਗੇ ਰਸਤੇ 'ਤੇ ਤੁਰਦਾ ਹੈ (ਜਿਸ 'ਤੇ ਚੱਲ ਕੇ ਉਸਦਾ ਭਲਾ ਹੋਣਾ ਹੈ) ਤਾਂ ਅਨੇਕ ਐਸੇ ਉੱਠ ਪੈਂਦੇ ਹਨ, ਜਿਹੜੇ ਉਸਨੂੰ ਉਸਦੇ ਰਸਤੇ ਤੋਂ ਭਟਕਾਉਣਾ ਲੋਚਦੇ ਹਨ ਪਰ ਭਲੇ ਰਾਹ ਦਾ ਪਾਂਧੀ ਬਣ ਚੁੱਕਾ ਮਨੁੱਖ ਫਿਰ ਆਪਣਾ ਰਸਤਾ ਨਹੀਂ ਬਦਲਦਾ ਭਾਵੇਂ ਉਹ (ਭਟਕਣਾ ਲਾਉਣ ਵਾਲੇ) ਕਿੰਨਾ ਵੀ ਜ਼ੋਰ ਕਿਉਂ ਨਾ ਲਾਉਂਦੇ ਰਹਿਣ:

ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ॥
ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1375)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਆਪ ਸਫ਼ਲਤਾ ਹਾਸਲ ਕਰਨ ਹਿੱਤ ਦੂਜੇ ਦੇ ਰਾਹ ਵਿਚ ਅਨੇਕਾਂ ਤਰ੍ਹਾਂ ਦੀਆਂ ਔਕੜਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ। ਚੁਗਲੀ ਦਾ ਸਹਾਰਾ ਲਿਆ ਜਾਂਦਾ ਹੈ ਅਤੇ ਕਈ ਤਰ੍ਹਾਂ ਦੇ ਹੋਰ ਛੜਯੰਤਰ ਰਚੇ ਜਾਂਦੇ ਹਨ। "ਇੱਥੇ ਇਕ ਗੱਲ ਬੜੀ ਮਹੱਤਵਪੂਰਨ ਅਤੇ ਯਾਦ ਰੱਖਣ ਵਾਲੀ ਹੈ ਕਿ ਦੂਜੇ ਨੂੰ ਠਿੱਬੀ ਲਾ ਕੇ ਅੱਗੇ ਲੰਘਣ ਦੀ ਬਿਰਤੀ ਸਦੀਵੀ ਘਾਟੇ ਵਾਲੀ ਹੁੰਦੀ ਹੈ ਜਿਸ ਨਾਲ ਸ਼ਖ਼ਸੀਅਤ ਦੇ ਭਵਿੱਖੀ ਪ੍ਰਭਾਵ ਘਸਮੈਲੇ ਅਤੇ ਸ਼ੱਕੀ ਹੋ ਜਾਂਦੇ ਹਨ। ਕਦਰਾਂ-ਕੀਮਤਾਂ ਅਤੇ ਨੈਤਿਕਤਾ ਭਰਪੂਰ ਨਜ਼ਰੀਆ ਬਰਕਤਾਂ ਅਤੇ ਬਖ਼ਸ਼ੀਸ਼ਾਂ ਭਰਪੂਰ ਸਿੱਧ ਹੁੰਦਾ ਹੈ।" (ਜੁਗਿੰਦਰ ਸਿੰਘ ਫੁੱਲ, *ਰੋਜ਼ਾਨਾ ਪੰਜਾਬੀ ਜਾਗਰਣ ਮਿਤੀ 27.11.2017* 4)

### 2.2.36 ਦੇਖਾ-ਦੇਖੀ (ਨਕਲ ਕਰਨ) ਦੀ ਪ੍ਰਵਿਰਤੀ

ਸਲੋਕ ਬਾਣੀ-ਰੂਪ ਦੇ ਕੁਝ ਉਲੇਖ ਦੇਖਾ-ਦੇਖੀ (ਨਕਲ ਕਰਨ) ਦੀ ਪ੍ਰਵਿਰਤੀ ਬਾਰੇ ਜਾਣਕਾਰੀ ਦਿੰਦੇ ਹਨ। ਭਗਤ ਕਬੀਰ ਜੀ ਆਖਦੇ ਹਨ ਕਿ ਲੋਕ ਦੇਖਾ-ਦੇਖੀ ਦੀ ਪ੍ਰਵਿਰਤੀ ਕਾਰਨ ਠਾਕੁਰ ਮੁੱਲ ਖ਼ਰੀਦ ਕੇ ਉਸਦਾ ਪੂਜਨ ਕਰਦੇ ਹਨ ਅਤੇ ਮਨ ਦੇ ਹਠ

ਕਾਰਨ ਤੀਰਥਾਂ 'ਤੇ ਜਾਂਦੇ ਹਨ। ਭਾਵ ਬਿਨਾ ਕਿਸੇ ਆਧਾਰ ਨੂੰ ਸਮਝਦੇ ਹੋਏ, ਜਿਵੇਂ ਹੋਰ ਲੋਕ ਕਰ ਰਹੇ ਹਨ, ਉਸੇ ਤਰ੍ਹਾਂ ਹੀ ਕਰਨਾ ਸ਼ੁਰੂ ਕਰ ਦਿੰਦੇ ਹਨ। ਜਦਕਿ ਤਰਕ ਨੂੰ ਆਧਾਰ ਬਣਾਉਣਾ ਜ਼ਰੂਰੀ ਹੈ:

ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥
ਦੇਖਾ ਦੇਖੀ ਸਵਾਂਗ ਧਰਿ ਭੂਲੇ ਭਟਕਾ ਖਾਹਿ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਸ਼ੇਖ਼ ਫਰੀਦ ਜੀ ਦਾ ਕਥਨ ਹੈ ਕਿ ਲੋਕ ਇੱਕ-ਦੂਜੇ ਵੱਲ ਦੇਖ ਕੇ ਭਲੇ ਪੁਰਸ਼ਾਂ ਨੂੰ ਨਿੰਦਣਾ ਸ਼ੁਰੂ ਕਰ ਦਿੰਦੇ ਹਨ। ਉਹ ਉਨ੍ਹਾਂ ਦੇ ਗੁਣਾਂ ਦੀ ਕਦਰ ਨਾ ਕਰਦੇ ਹੋਏ, ਦੁਨਿਆਵੀ ਵਹਿਣ ਵਿਚ ਵਹਿੰਦੇ ਹੋਏ, ਦੁਨੀਆ ਵਾਲੀ ਬਿਰਤੀ ਹੀ ਅਪਨਾਅ ਲੈਂਦੇ ਹਨ। ਫਰੀਦ ਜੀ ਆਖਦੇ ਹਨ ਕਿ ਹੰਸ ਕਿਤੇ ਕੋਧਰੇ ਦੇ ਖੇਤ ਵਿਚ ਉੱਤਰ ਪਿਆ ਤਾਂ ਲੋਕ ਉਸਨੂੰ ਉਡਾਉਣ ਤੁਰ ਪਏ (ਕਿ ਬਾਕੀਆਂ ਪੰਛੀਆਂ ਦੀ ਤਰ੍ਹਾਂ ਕਿਤੇ ਫ਼ਸਲ ਨਾ ਖ਼ਰਾਬ ਕਰੇ) ਪਰ ਇਹ ਨਹੀਂ ਸੋਚਦੇ ਕਿ ਹੰਸ ਤਾਂ ਕੋਧਰਾ ਖਾਂਦਾ ਹੀ ਨਹੀਂ। ਇੱਥੇ ਹੰਸ ਭਲੇ-ਪੁਰਸ਼ ਦਾ ਚਿੰਨ੍ਹ ਹੈ। ਭਲਾ-ਪੁਰਸ਼ ਵੀ ਦੇਖਣ ਨੂੰ ਲੋਕਾਈ ਵਾਲਾ ਕਾਰ-ਵਿਹਾਰ ਕਰਦਾ ਦਿਖਾਈ ਦਿੰਦਾ ਹੈ ਪਰ ਅਸਲ ਵਿਚ ਉਹ ਨਿਰਲੇਪ ਹੁੰਦਾ ਹੈ। ਦੁਨੀਆ ਨੂੰ ਇਸ ਨਿਰਲੇਪਤਾ ਦੇ ਭਾਵ ਦੀ ਸਮਝ  (ਵਿਕਾਰਾਂ ਵਿਚ ਫਸੇ ਹੋਏ ਹੋਣ ਕਾਰਨ) ਨਹੀਂ ਹੈ। ਇਸ ਕਰਕੇ ਉਹ ਭਲੇ-ਪੁਰਸ਼ਾਂ ਨੂੰ ਵੀ ਆਪਣੇ ਜਿਹਾ ਹੀ ਸਮਝਣ ਦੀ ਭੁੱਲ ਕਰ ਬੈਠਦੇ ਹਨ ਅਤੇ ਨਿੰਦਾ ਦਾ ਪਾਤਰ ਬਣਾ ਲੈਂਦੇ ਹਨ। ਇਸ਼ਾਰਾ, ਕਿਸੇ ਗੱਲ ਅਥਵਾ ਘਟਨਾ ਦੀ ਡੂੰਘਾਈ ਵਿਚ ਉੱਤਰਨ ਵੱਲ ਹੈ:

ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ॥
ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1381)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਦੇਖਾ-ਦੇਖੀ (ਨਕਲ ਕਰਨ) ਦੀ ਇਹ ਪ੍ਰਵਿਰਤੀ ਬਲਵਾਨ ਹੈ। ਬਹੁਤੀਆਂ ਰੀਤਾਂ-ਰਸਮਾਂ ਇਸੇ ਕਾਰਨ ਹੀ ਨਿਭਾਈਆਂ ਜਾਂਦੀਆਂ ਹਨ ਕਿ ਪੁਰਾਤਨ ਸਮਿਆਂ ਵਿਚ ਉਨ੍ਹਾਂ ਦੀ ਪਾਲਣਾ ਕੀਤੀ ਜਾਂਦੀ ਸੀ। ਲੋਕ ਮਨ ਅੰਦਰ ਸੰਪੰਨ ਲੋਕਾਂ ਦੀ ਨਕਲ ਕਰਨ ਦੀ ਪ੍ਰਵਿਰਤੀ ਹੈ। ਮਨੁੱਖ ਉਨ੍ਹਾਂ ਲੋਕਾਂ ਜਿਹਾ ਸੁੱਖ-ਸੰਪੰਨ ਜੀਵਨ ਜਿਊਣਾ ਲੋਚਦਾ ਹੈ ਭਾਵੇਂ ਬਹੁਤੀ ਵਾਰ ਅਜਿਹੀ ਨਕਲ ਕਰਦਿਆਂ ਉਸਦਾ ਝੁੱਗਾ ਚੌੜ ਵੀ ਹੋ ਜਾਂਦਾ ਹੈ। "ਬਹੁਤੇ ਲੋਕ ਭੇਡਚਾਲ 'ਚ ਹੀ ਜ਼ਿੰਦਗੀ ਬਸਰ ਕਰਦੇ ਹਨ ਅਤੇ ਇਹ ਭੇਡ ਚਾਲੀਏ ਹੀ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਦੀ ਫਿਲਾਸਫੀ ਨੂੰ ਲੋਕਾਚਾਰੀ ਜਾਂ ਸਿਆਣਪ ਦਾ ਦਰਜਾ ਦਿੰਦੇ ਹਨ ਅਤੇ ਆਪਣੀ ਹੀ ਕਿਸਮ ਦੇ ਬੰਦਿਆਂ ਨੂੰ ਮੂਰਖ, ਪਾਗਲ ਜਾਂ ਸਿਰਫਿਰਿਆ ਠਹਿਰਾਉਂਦੇ ਹਨ। ਮਜ਼ੇਦਾਰ ਗੱਲ ਇਹ ਵੀ ਹੈ ਕਿ ਇਨ੍ਹਾਂ ਲੋਕਾਚਾਰ ਦੇ ਧਾਰਨੀਆਂ 'ਚੋਂ ਕੋਈ ਵੀ ਕਦੇ ਆਪਣੇ ਅਸੂਲਾਂ 'ਤੇ ਨਹੀਂ ਖੜ੍ਹਦੇ ਅਤੇ ਇਹ ਭੇਡਚਾਲੀਏ ਹੀ ਹਨ ਜੋ ਗੰਗਾ ਜਾਣ ਤਾਂ ਗੰਗਾ ਰਾਮ ਅਤੇ ਜਮਨਾ ਜਾਣ ਤਾਂ ਜਮਨਾ ਦਾਸ ਦੀ ਨੀਤੀ ਵਰਤਦੇ ਹਨ।" (ਹਰੀਸ਼ ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ* 42) "ਬਿਨਾਂ ਸੋਚੇ ਸਮਝੇ, ਦੂਸਰਿਆਂ ਦੇ ਪਿੱਛੇ ਲੱਗ ਕੇ ਉਨ੍ਹਾਂ ਦੀ ਸੋਚ ਅਨੁਸਾਰ ਕੰਮ ਕਰਨ ਵਾਲੇ ਲੋਕ ਹੀ ਲਾਈਲੱਗ ਹੁੰਦੇ ਹਨ। ਅਜਿਹੇ ਲੋਕਾਂ ਵਿਚ ਆਤਮ-ਵਿਸ਼ਵਾਸ ਅਤੇ ਆਪਣੇ ਕੰਮ ਪ੍ਰਤੀ ਸਮਰਪਣ ਦੀ ਕਮੀ ਹੁੰਦੀ ਹੈ... ... ਅਜਿਹੇ ਲੋਕ ਆਪਣੀ ਵਿਸ਼ਵਾਸਯੋਗਤਾ ਖੋ ਬੈਠਦੇ ਹਨ, ਜਿਸ ਨਾਲ ਉਨ੍ਹਾਂ ਦੀ ਸ਼ਖ਼ਸੀਅਤ ਬੌਣੀ ਬਣ ਜਾਂਦੀ ਹੈ।" (ਕੈਲਾਸ਼ ਚੰਦਰ ਸ਼ਰਮਾ, *ਰੋਜ਼ਾਨਾ ਪੰਜਾਬੀ ਜਾਗਰਣ ('ਫੁਲਕਾਰੀ' ਸਪਲੀਮੈਂਟ) ਮਿਤੀ 11.11.2017* 2)

## 2.3 ਮਾਨਵੀ ਚਰਿੱਤਰਾਂ ਸਬੰਧੀ ਵਰਣਨ

ਸ੍ਰੀ ਗੁਰੂ ਗ੍ਰੰਥ ਸਾਹਿਬ  ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਵਿਭਿੰਨ ਤਤਕਾਲੀ ਚਰਿੱਤਰਾਂ ਅਤੇ ਉਨ੍ਹਾਂ ਦੇ ਸੁਭਾਅ ਵਿਸ਼ੇਸ਼ ਬਾਰੇ ਉਲੇਖ ਮਿਲਦੇ ਹਨ। ਇਨ੍ਹਾਂ ਵਿਭਿੰਨ ਤਤਕਾਲੀ ਚਰਿੱਤਰਾਂ ਬਾਰੇ ਹੇਠ ਲਿਖੀਆਂ ਪੰਕਤੀਆਂ ਵਿਚ ਚਰਚਾ ਕੀਤੀ ਜਾ ਰਹੀ ਹੈ:

### 2.3.1 ਗੁਰਮੁਖ

"ਜਿਨ੍ਹਾਂ ਨੇ ਗੁਰੂ ਦੇ ਉਪਦੇਸ਼ 'ਤੇ ਪੂਰਾ ਅਮਲ ਕੀਤਾ ਹੈ, ਉਨ੍ਹਾਂ ਦੀ ਗੁਰਮੁਖ ਅਥਵਾ ਸਨਮੁਖ ਸੰਗਯਾ ਹੈ। (*ਗੁਰਮਤ ਮਾਰਤੰਡ ਭਾਗ  ਪਹਿਲਾ* 397) ਭਾਈ ਕਾਨ੍ਹ ਸਿੰਘ ਨਾਭਾ ਦਾ ਇਹ ਕਥਨ ਸਪਸ਼ਟ ਕਰਦਾ ਹੈ ਕਿ ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ ਆਖੇ ਅਨੁਸਾਰ ਵਿਚਰਦੇ ਹੋਏ ਆਪਣੇ ਮਨ ਵਿੱਚੋਂ ਔਂਗੁਣ ਕੱਢ ਕੇ ਮਾਨਵੀ ਗੁਣਾਂ ਦਾ ਉਪਾਰਜਨ ਕਰ ਲਿਆ, ਉਹ ਗੁਰਮੁਖ ਹਨ। ਅਜਿਹੇ ਮਨੁੱਖ ਸ਼ੁਭ ਗੁਣਾਂ ਦਾ ਸੋਮਾ ਸਨ। " 'ਸ੍ਰੀ ਗੁਰੂ ਗ੍ਰੰਥ ਸਾਹਿਬ ' ਵਿਚ ਸ਼ੁਭ ਗੁਣਾਂ ਦਾ ਪ੍ਰਤੀਕ ਵਿਅਕਤੀ ਗੁਰਮੁਖ ਹੈ। ਗੁਰਮੁਖ ਦਾ ਸਦਾਚਾਰਕ ਜੀਵਨ ਆਦਰਸ਼ ਮਨੁੱਖ ਦਾ ਜੀਵੰਤ ਰੂਪ ਹੈ।" (ਥਿੰਦ, *ਮੱਧਕਾਲੀ ਪੰਜਾਬੀ ਸਾਹਿਤ ਸਮੀਖਿਆ* 8) ਡਾ. ਰਾਜਵੰਤ ਕੌਰ ਪੰਜਾਬੀ ਦਾ ਕਥਨ ਹੈ, "ਅਧਿਆਤਮਿਕ ਗਿਆਨ ਕਿਸੇ ਸਾਧਕ ਨੂੰ ਸਦਾਚਾਰਿਕ ਗਿਆਨ ਵਿਚ ਵੀ ਦ੍ਰਿੜ੍ਹ ਕਰਦਾ ਹੈ।" (*ਸਭਿਆਚਾਰ ਪਤ੍ਰਿਕਾ, ਜਨਵਰੀ 2004* 154)

ਗੁਰਮੁਖ ਦਾ ਜੀਵਨ ਨਿਯਮਾਂ ਅਨੁਸਾਰ ਚਲਦਾ ਸੀ। ਉਹ ਸਵੇਰੇ ਜਲਦੀ ਉੱਠਦਾ ਅਤੇ ਇਸ਼ਨਾਨ ਕਰਦਾ। ਉਹ ਸਦਾ ਹੀ ਲੋਕਾਈ ਦਾ ਭਲਾ ਲੋਚਦਾ:

ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 305-6)

"ਆਤਮਵਾਨ ਵਿਅਕਤੀ ਆਰਥਿਕ ਪੱਖੋਂ ਕਮਜ਼ੋਰ ਹੁੰਦਿਆਂ ਵੀ ਕਮਜ਼ੋਰ ਨਹੀਂ ਰਹਿੰਦਾ। ਉਹ ਸਚਾਈ ਦਾ ਬਲ ਪ੍ਰਾਪਤ ਕਰ ਕੇ ਚਰਿੱਤਰ  (ਵਾਨ) ਬਣ ਜਾਂਦਾ ਹੈ ਅਤੇ ਧਨ-ਬਲ, ਸੱਤਾ-ਸ਼ਾਸਨ ਵਾਲਿਆਂ ਨੂੰ ਵੰਗਾਰਦਾ ਹੈ-ਨਿਰਭਉ, ਨਿਰਵੈਰ, ਨਿਸ਼ੰਗ ਅਤੇ ਸੱਚੇ ਅਰਥਾਂ ਵਿਚ ਬਹਾਦਰ ਹੁੰਦਾ ਹੈ, ਅਤੇ ਆਰਥਿਕ ਦ੍ਰਿਸ਼ਟੀ ਤੋਂ ਰੱਜੇ-ਪੁੱਜੇ, ਬਲਵਾਨਾਂ 'ਤੇ ਵੀ ਭਾਰੀ ਪੈਂਦਾ ਹੈ।" (ਵੰਸ਼ੀ, *ਸੱਤ ਭਾਰਤੀ ਸੰਤ ਜੀਵਨ-ਦਰਸ਼ਨ ਅਤੇ ਸੰਦੇਸ਼* 33) ਅਨੁਸ਼ਾਸਨ ਅਤੇ ਸ਼ੁੱਧ-ਆਚਰਨ ਵਾਲਾ ਜੀਵਨ ਜਿਉਂਦੇ ਹੋਏ ਅਜਿਹੇ ਮਨੁੱਖ ਨੂੰ ਮਾੜੀ-ਮਾੜੀ ਚੀਜ਼ ਲਈ ਦੁਨੀਆ ਮਗਰ ਨਹੀਂ ਸੀ ਘੁੰਮਣਾ ਪੈਂਦਾ ਸਗੋਂ ਉਸ ਦੁਆਰਾ ਸ਼ੁਰੂ ਕੀਤਾ ਹੋਇਆ ਹਰ ਕੰਮ ਸਿਰੇ ਲੱਗਦਾ

ਸੀ ਕਿਉਂਕਿ ਉਹ ਆਪਣੀ ਦਿਨਚਰਯਾ ਵਿਚ ਅਨੁਸ਼ਾਸਨ ਦਾ ਪਾਲਣ ਕਰਦਾ ਹੋਇਆ ਆਪਣੇ ਕੰਮ ਵੱਲ ਪੂਰੇ ਮਨ ਨਾਲ ਧਿਆਨ ਦਿੰਦਾ ਸੀ:

ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ॥
ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ॥
ਜਾਂ ਕਰਤਾ ਵਲਿ ਤਾ ਸਭਿ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ॥
ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ਸਭਿ ਜਨ ਕਉ ਆਇ ਕਰਹਿ ਰਹਰਾਸਿ॥
ਗੁਰ ਪੂਰੇ ਕੀ ਵਡੀ ਵਡਿਆਈ ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ॥
ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ ਨਿਤ ਬਖਸੇ ਚੜੈ ਸਵਾਇਆ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 305)

ਸਤਿਗੁਰੂ ਦਾ ਉਪਦੇਸ਼ ਕਮਾਉਂਦਿਆਂ ਨਿਰਭਉ, ਨਿਰਵੈਰਤਾ, ਪਰਉਪਕਾਰ ਆਦਿ ਸਦਗੁਣ, ਜੋ ਸਤਿਗੁਰੂ ਅੰਦਰ ਕਾਰਜਸ਼ੀਲ ਹੁੰਦੇ ਹਨ, ਗੁਰਸਿਖ ਅੰਦਰ ਵੀ ਘਰ ਕਰ ਲੈਂਦੇ ਹਨ ਤੇ ਗੁਰਸਿਖ ਇਨ੍ਹਾਂ ਸ਼ੁਭ ਗੁਣਾਂ ਦਾ ਮੁਜੱਸਮਾ ਹੋ ਨਿੱਬੜਦਾ ਹੈ। ਅਜਿਹੇ ਮਨੁੱਖ ਦਾ ਜੀਵਨ ਫਿਰ ਸਾਵਾਂ-ਪੱਧਰਾ ਹੋ ਜਾਂਦਾ ਹੈ ਅਤੇ ਉਹ ਫ਼ਿਕਰਾਂ-ਸੰਸਿਆਂ ਤੋਂ ਮੁਕਤ ਹੋ ਜਾਂਦਾ ਹੈ:

ਸਤਿਗੁਰ ਕੇ ਜੀਅ ਸਾਰ ਨ ਜਾਪੈ ਕਿ ਪੂਰੈ ਸਤਿਗੁਰ ਭਾਵੈ॥
ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥
ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 317)

ਗੁਰਮੁਖਿ ਸੰਸਾ ਮੂਲਿ ਨ ਹੋਵਈ ਚਿੰਤਾ ਵਿਚਹੁ ਜਾਇ॥
ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਛੂ ਨ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 853)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਭਲੇ ਪੁਰਸ਼ਾਂ ਦੀ ਬੜੀ ਘਾਟ ਹੈ। ਭਲਾਈ ਦਾ ਮੁਖੌਟਾ ਪਾ ਕੇ ਫਿਰਨ ਵਾਲੇ ਬਥੇਰੇ ਹਨ ਜਿਨ੍ਹਾਂ ਦਾ ਪਾਖੰਡ ਮਗਰੋਂ ਦੁਨੀਆ ਦੇ ਸਾਹਮਣੇ ਆ ਹੀ ਜਾਂਦਾ ਹੈ।

### 2.3.2 ਮਨਮੁਖ

"ਜਿਨ੍ਹਾਂ ਨੇ ਗੁਰੂ ਦੇ ਉਪਦੇਸ਼ 'ਤੇ ਪੂਰਾ ਅਮਲ ਕੀਤਾ ਹੈ, ਉਨ੍ਹਾਂ ਦੀ ਗੁਰਮੁਖ ਅਥਵਾ ਸਨਮੁਖ ਸੰਗਯਾ ਹੈ। ਇਨ੍ਹਾਂ ਤੋਂ ਵਿਰੁੱਧ ਆਚਰਨ ਵਾਲੇ ਮਨਮਤੀਏ ਮਨਮੁਖ ਅਥਵਾ ਵੇਮੁਖ (ਵਿਮੁਖ) ਕਹੇ ਜਾਂਦੇ ਹਨ।" (ਨਾਭਾ, *ਗੁਰਮਤ ਮਾਰਤੰਡ' ਭਾਗ ਪਹਿਲਾ* 397) ਪ੍ਰੋ. ਸਾਹਿਬ ਸਿੰਘ 'ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਪੰਨਾ 2143 'ਤੇ 'ਮਨਮੁਖ' ਦਾ ਅਰਥ 'ਆਪ-ਹੁਦਰਾ' ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਮਨਮੁਖ ਦਾ ਚੰਗਾ-ਚੋਖਾ ਚਰਿੱਤਰ-ਚਿੱਤਰਨ ਕੀਤਾ ਹੋਇਆ ਮਿਲਦਾ ਹੈ। ਉਹ ਆਪ-ਹੁਦਰੇਪਨ ਵਿਚ ਕਈ ਤਰ੍ਹਾਂ ਦੇ ਮੰਦ-ਕਰਮ ਕਰਦਾ ਸੀ। ਦੂਜਿਆਂ ਦੇ ਸੁੱਖ-ਆਨੰਦ ਨਾਲ ਉਸ ਦਾ ਕੋਈ ਲੈਣ-ਦੇਣ ਨਹੀਂ ਸਗੋਂ ਉਸ ਨੂੰ ਤਾਂ ਕੇਵਲ ਆਪਣਾ ਹੀ ਫ਼ਿਕਰ ਸੀ। ਆਪਣੇ ਲਾਭ ਲਈ ਉਹ ਕਿਸੇ ਦਾ ਵੱਡਾ ਨੁਕਸਾਨ ਵੀ ਕਰ ਸਕਦਾ ਸੀ। ਉਸਦੇ

ਬੋਲ ਵੀ ਖਰ੍ਹਵੇਂ ਅਤੇ ਚੁਭਵੇਂ ਹੁੰਦੇ ਸਨ। ਮਨਮੁਖ ਲਈ 'ਸਾਕਤ' ਸ਼ਬਦ ਦਾ ਵੀ ਪ੍ਰਯੋਗ ਕੀਤਾ ਗਿਆ ਹੈ ਕਿਉਂਕਿ ਉਹ ਸਦਾ ਸ਼ਕਤੀ (ਮਾਇਆ) ਨੂੰ ਹੀ ਮੁੱਖ ਰੱਖਦਾ ਹੈ:

ਮਨਮੁਖ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ॥
ਸਕਤੀ ਅੰਦਰਿ ਵਰਤਦਾ ਕੂੜੁ ਤਿਸੁ ਕਾ ਹੈ ਉਪਾਉ॥
ਤਿਸ ਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 511)

ਵੱਧ ਤੋਂ ਵੱਧ ਧਨ ਇਕੱਠਾ ਕਰਨ ਲਈ ਉਹ ਹਰ ਹੀਲਾ ਵਰਤਦਾ ਸੀ। ਉਹਦੇ ਬੋਲਾਂ ਵਿਚ ਕੋਈ ਮਿਠਾਸ ਨਹੀਂ ਸੀ ਹੁੰਦੀ, ਸਗੋਂ ਕੁੜੱਤਣ ਹੁੰਦੀ ਸੀ। ਕੁੜੱਤਣ ਵੀ ਥੋੜ੍ਹੀ ਨਹੀਂ ਸਗੋਂ ਤੁੰਮੀ, ਤੁੰਮੇ, ਜ਼ਹਿਰ, ਅੱਕ, ਧਤੂਰੇ, ਨਿੰਮ ਜਿਹੀ ਕੁੜੱਤਣ। ਧਨ ਦੀ ਇਕੱਤਰਤਾ ਪ੍ਰਤਿ ਮੋਹ ਹੋਣ ਕਾਰਨ ਉਹ ਮਨੁੱਖਤਾ ਨਾਲੋਂ ਟੁੱਟਿਆ ਹੋਇਆ ਹੁੰਦਾ ਸੀ ਅਤੇ ਧਨ-ਪਦਾਰਥਾਂ ਦੇ ਹੰਕਾਰ ਕਾਰਨ ਦੂਜਿਆਂ ਨੂੰ ਬੰਦੇ ਨਹੀਂ ਸਮਝਦਾ। ਉਹ ਦੂਜਿਆਂ ਨਾਲ ਲੜਦਾ-ਭਿੜਦਾ ਹੀ ਆਪਣੇ ਦਿਨ ਬਿਤਾਉਂਦਾ ਹੈ। ਗੁਰੂ ਸਾਹਿਬ ਅਜਿਹੇ ਮਨੁੱਖਾਂ ਦੀ ਸੰਗਤ ਕਰਨ ਤੋਂ ਵਰਜਦੇ ਹਨ:

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ॥
ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 147)
ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ॥
ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ॥
ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 316)

ਉਸਦੇ ਅੰਦਰਲਾ ਧੋਖਾ ਹਰ ਵੇਲੇ ਕਾਰਜਸ਼ੀਲ ਰਹਿੰਦਾ ਹੈ। ਉਹ ਕਪਟ ਦਾ ਭਰਿਆ ਝੂਠ ਹੀ ਝੂਠ ਬੋਲਦਾ ਜਾਂਦਾ ਹੈ। ਆਪਣੀ ਲੋੜ ਲਈ ਕਈ ਵਾਰ ਉਪਦੇਸ਼ਕਾਂ ਵਾਂਗ ਗੱਲਾਂ ਵੀ ਕਰਦਾ ਹੈ ਪਰ ਅੰਦਰੋਂ ਉਸ ਦਾ ਉਦੇਸ਼ ਆਪਣੇ ਹਿੱਤ ਦੀ ਪੂਰਤੀ ਕਰਨਾ ਹੀ ਹੁੰਦਾ ਹੈ:

ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ॥
ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ॥
ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 512)

ਧਨ-ਪਦਾਰਥ ਜੋੜਦਾ ਉਹ ਉਨ੍ਹਾਂ ਨਾਲ ਏਨਾ ਲਿਪਤ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਛੱਡਣਾ ਨਹੀਂ ਚਾਹੁੰਦਾ; ਉਹ ਮਰਨਾ ਵੀ ਨਹੀਂ ਚਾਹੁੰਦਾ ਭਾਵ ਮੌਤ ਤੋਂ ਬਹੁਤ ਡਰਦਾ ਹੈ। ਧਨ-ਪਦਾਰਥਾਂ ਦੀ ਭੱਜ-ਨੱਠ ਵਿਚ ਉਹ ਆਪਣੀ ਸਿਹਤ ਦਾ ਧਿਆਨ ਵੀ ਨਹੀਂ ਰੱਖ ਪਾਉਂਦਾ ਅਤੇ ਕਰੂਪ ਜਿਹਾ ਦਿਸਦਾ ਹੈ। ਭਾਵੇਂ ਉਹ ਆਪਣਾ ਨੱਕ ਉੱਚਾ ਸਮਝਦਾ ਹੈ ਪਰ ਲੋਕਾਂ ਦੇ ਮਨਾਂ ਵਿਚ ਉਹ ਇੱਜ਼ਤਦਾਰ ਸਮੂਹ ਅਧੀਨ ਨਹੀਂ ਆਉਂਦਾ। ਇਸ ਲਈ, ਅਸਲੀਅਤ ਨੂੰ ਮੁੱਖ ਰੱਖ ਕੇ, ਅਜਿਹੇ ਚਰਿੱਤਰ ਨੂੰ ਧਾਰਨ ਕਰਨਾ ਚੰਗਾ ਨਹੀਂ:

ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ॥

ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 591)

ਅਜਿਹੇ ਲੋਭੀ ਅਤੇ ਸਵਾਰਥੀ ਨਾਲ ਜੇ ਕੋਈ ਦੋਸਤੀ ਵੀ ਕਰ ਬੈਠੇ ਤਾਂ ਇਹ ਦੋਸਤੀ ਕਿੰਨੇ ਕੁ ਦਿਨ ਨਿਭ ਸਕਦੀ ਹੈ? ਲੋਭੀ ਅਤੇ ਸਵਾਰਥੀ ਮਨੁੱਖ ਤਾਂ ਲੋੜ ਪੈਣ 'ਤੇ ਆਪਣੇ ਮਿੱਤਰ ਨੂੰ ਵੀ ਵਰਤਣ ਤੋਂ ਗੁਰੇਜ਼ ਨਹੀਂ ਕਰੇਗਾ। ਅਜਿਹੇ ਮਨੁੱਖ ਨੂੰ ਤਾਂ ਸਦਾ ਆਪਣੇ ਹਿੱਤ ਦੀ ਚਿੰਤਾ ਹੀ ਰਹਿੰਦੀ ਹੈ। ਥਾਂ ਭਾਵੇਂ ਕੋਈ ਵੀ ਹੋਵੇ ਉਹ ਆਪਣੇ ਹਿੱਤ ਨੂੰ ਹੀ ਪਹਿਲ ਦਿੰਦਾ ਹੈ। ਉਨ੍ਹਾਂ ਲਈ ਕਿਸੇ ਸਬੰਧ ਦੀ ਕੋਈ ਮਹੱਤਤਾ ਨਹੀਂ ਹੁੰਦੀ। ਉਹ ਤਾਂ ਗੁਰੂ ਘਰ ਨੂੰ ਵੀ ਨਹੀਂ ਬਖ਼ਸ਼ਦੇ। ਇਹ ਬਗਲੇ-ਰੂਪੀ ਮਨਮੁਖ ਹੰਸ-ਰੂਪੀ ਸਿਦਕਵਾਨ ਗੁਰਮੁਖਾਂ ਵਿਚ ਵੜ ਕੇ ਬੈਠ ਜਾਂਦੇ ਸਨ ਅਤੇ ਦਿਖਾਵੇ ਭਰੀ ਨਿਮਰਤਾ ਨਾਲ ਗੁਰੂ ਅੱਗੇ ਝੁਕਦੇ ਹਨ ਪਰ ਸੱਚ ਅੱਗੇ ਝੂਠ ਦੀ ਕਿੰਨੀ ਕੁ ਪੇਸ਼ ਜਾਵੇ; ਪਕੜੇ ਜਾਂਦੇ ਸਨ ਕਿਉਂਕਿ ਬਗਲਿਆਂ ਦੀਆਂ ਆਦਤਾਂ ਹੰਸਾਂ ਨਾਲ ਤਾਂ ਨਹੀਂ ਮਿਲ ਸਕਦੀਆਂ। ਅਜਿਹੇ ਸੁਆਰਥੀ ਮਨੁੱਖਾਂ ਤੋਂ ਫਿਰ ਲੋਕਾਂ ਦਾ ਇਤਬਾਰ ਚੁੱਕਿਆ ਜਾਂਦਾ ਸੀ। ਇਸ ਲਈ ਇਨ੍ਹਾਂ ਦੀ ਸੰਗਤ ਨੂੰ ਧਿਰਕਾਰਯੋਗ ਆਖਿਆ ਗਿਆ ਹੈ:

ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ॥

ਇਸੁ ਪਰੀਤੀ ਤੁਟਦੀ ਬਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ॥

(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 587)

ਮਨਮੁਖ ਬੋਲਿ ਨ ਜਾਣਨ੍ਹੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥

ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1248)

ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ॥

ਜਾ ਗੁਰ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ॥

ਗੁਰਸਿਖਾ ਅੰਦਰਿ ਸਤਿਗੁਰੂ ਵਰਤੈ ਚੁਣਿ ਕਢੈ ਲਧੋਵਾਰੇ॥

ਓਇ ਆਗੈ ਪਿਛੈ ਬਹਿ ਮੁਹੁ ਛੁਪਾਇਨਿ ਨ ਰਲਨੀ ਖੋਟੇਆਰੇ॥

ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ॥

ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ॥

ਹਰਿ ਸਾਕਤੁ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ 312)*

ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 643)

ਅਜਿਹੇ ਮਾਨਸਿਕ ਚੌਗਿਰਦ ਵਿਚ ਵਿਚਰਦਾ ਉਹ ਸਥਿਰ ਕਿਵੇਂ ਰਹਿ ਸਕਦਾ ਹੈ? ਮਾਨਸਿਕ ਪੱਧਰ 'ਤੇ ਉਹ ਹਮੇਸ਼ਾ ਦੁਚਿੱਤੀ ਦਾ ਸ਼ਿਕਾਰ ਹੀ ਰਹਿੰਦਾ ਹੈ। ਦੇਖਣ ਵਿਚ ਭਾਵੇਂ ਉਹ ਧਨ-ਪਦਾਰਥਾਂ ਦਾ ਸੁਆਮੀ ਲੱਗਦਾ ਹੈ ਪਰ ਉਸਦਾ ਜੀਵਨ ਦੁੱਖਾਂ-ਰੂਪੀ ਕੰਡਿਆਂ ਦੀ ਵਾੜ ਵਿਚ ਹੀ ਗੁਜ਼ਰਦਾ ਹੈ। ਇਸ ਲਈ ਸਾਵਾਂ-ਪੱਧਰਾ ਜੀਵਨ ਜਿਊਣ ਵਾਲੇ ਗੁਰਮੁਖਾਂ ਦੀ ਸੰਗਤ ਕਰਨੀ ਚਾਹੀਦੀ ਹੈ ਤਾਂ ਜੋ ਮਨੁੱਖ ਨੂੰ ਉਨ੍ਹਾਂ (ਗੁਰਮੁਖਾਂ) ਦੀ ਰਹਿਣੀ-ਬਹਿਣੀ ਦਾ ਰੰਗ ਲੱਗ ਸਕੇ:

ਮਨਮੁਖੁ ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 314)

ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ॥

ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖ ਵਿਹਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 515)

**ਅਜੋਕੀ ਸਥਿਤੀ:** ਬਹੁ-ਗਿਣਤੀ ਦਾ ਮਾਨਸਿਕ ਅਤੇ ਵਿਹਾਰਕ ਪੱਧਰ ਇਹੀ ਹੈ। ਸਾਡੇ ਬੋਲਾਂ ਵਿਚ ਮਿਠਾਸ ਨਹੀਂ (ਭਾਵੇਂ ਕੁਝ ਚਿਰ ਲਈ ਦਿਖਾਉਂਦੇ ਜ਼ਰੂਰ ਹਾਂ), ਮਨੁੱਖੀ ਮਨ ਧੋਖੇ ਨਾਲ ਭਰਿਆ ਹੋਇਆ ਹੈ ਅਤੇ ਉਹ ਜੋੜ-ਤੋੜ ਦੀ ਸਿਆਸਤ ਵਿਚ ਯਕੀਨ ਰੱਖਦਾ ਹੈ। ਮਨੁੱਖ ਆਪਣੇ ਹਿੱਤਾਂ ਨੂੰ ਪਹਿਲ ਦਿੰਦਾ ਹੈ। ਦੁਚਿੱਤੀ ਸਾਡੇ ਜੀਵਨ ਦਾ ਅਭਿੰਨ ਅੰਗ ਬਣ ਗਈ ਹੈ।

### 2.3.3 ਪ੍ਰੇਮੀ

ਸਲੋਕ ਬਾਣੀ-ਰੂਪ ਵਿਚ 'ਪ੍ਰੇਮੀ' ਲਈ 'ਆਸਕੁ' ਸ਼ਬਦ ਵੀ ਵਰਤਿਆ ਗਿਆ ਹੈ। ਗੁਰੂ ਅਰਜਨ ਦੇਵ ਜੀ ਪ੍ਰੇਮੀ ਦੀ ਪਰਿਭਾਸ਼ਾ ਦੱਸਦੇ ਹੋਏ ਆਖਦੇ ਹਨ ਕਿ ਪ੍ਰੇਮੀ ਤਾਂ ਬਸ ਪ੍ਰੇਮ ਦਾ ਭੁੱਖਾ ਹੀ ਹੁੰਦਾ ਹੈ, ਹੋਰ ਉਸ ਦੇ ਅੰਦਰ ਕੋਈ ਇੱਛਾ ਬਾਕੀ ਨਹੀਂ ਹੁੰਦੀ:

ਆਸਕੁ ਆਸਾ ਬਾਹਰਾ ਮੂ ਮਨਿ ਵਡੀ ਆਸ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1100)

ਪ੍ਰੇਮੀ ਦੇ ਸੁਭਾਅ ਨੂੰ ਬਿਆਨ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਉਹ ਆਪਣੇ ਪਿਆਰੇ ਤੋਂ ਵਿਛੋੜਾ ਪੈਣ ਦੀ ਗੱਲ ਸੁਣ ਕੇ ਹੀ ਡਰ ਜਾਂਦਾ ਹੈ, ਉਹ ਆਪਣੇ ਪਿਆਰੇ ਨੂੰ ਦੇਖੇ ਬਿਨਾ ਮਰਨ ਤੱਕ ਜਾਂਦਾ ਹੈ, ਉਸਦਾ ਮਨ ਆਪਣੇ ਪਿਆਰੇ ਦੇ ਸੰਗ ਤੋਂ ਬਿਨਾ ਧੀਰਜ ਪ੍ਰਾਪਤ ਨਹੀਂ ਕਰਦਾ:

ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥

ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੋਦਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1100)

ਇਹ ਤਾਂ ਸੀ ਪ੍ਰੇਮੀ ਦੀ ਪਰਿਭਾਸ਼ਾ ਪਰ ਤਤਕਾਲੀ ਦੌਰ ਵਿਚ ਪ੍ਰੇਮੀਆਂ ਦੀ ਹਾਲਤ ਕੁਝ ਹੋਰ ਹੀ ਸੀ ਜਿਸਦਾ ਜ਼ਿਕਰ ਨਿਮਨ ਪੰਕਤੀਆਂ ਵਿੱਚੋਂ ਮਿਲਦਾ ਹੈ। ਗੁਰੂ ਸਾਹਿਬ ਚਰਚਾ ਕਰਦੇ ਹਨ ਕਿ ਪ੍ਰੇਮੀ ਤਾਂ ਉਹ ਆਖਿਆ ਜਾਂਦਾ ਜੋ ਅੱਠੇ-ਪਹਿਰ ਆਪਣੇ ਪਿਆਰੇ ਦੀ ਯਾਦ ਵਿਚ ਖੁੱਭਾ ਰਹੇ ਪਰ ਏਥੇ ਹਾਲਾਤ ਹੋਰ ਹਨ। ਤਤਕਾਲੀ ਪ੍ਰੇਮੀ ਪਿਆਰੇ ਦੇ ਬਿਨਾ ਹੋਰ ਪਾਸੇ ਵੀ ਚਿੱਤ ਜੋੜੀ ਫਿਰਦੇ ਹਨ। ਪ੍ਰੇਮੀ ਤਾਂ ਉਸਨੂੰ ਕਿਹਾ ਜਾਵੇ ਜੋ ਹਰ ਹਾਲ ਵਿਚ ਪਿਆਰੇ ਦੇ ਕੀਤੇ ਦਾ ਭਲਾ ਮਨਾਵੇ ਪਰ ਇਹ ਅਖੌਤੀ ਪ੍ਰੇਮੀ, ਪਿਆਰੇ ਦੇ ਚੰਗੇ ਕੀਤੇ ਨੂੰ ਤਾਂ ਚੰਗਾ ਕਹਿੰਦੇ ਹਨ ਪਰ ਉਸ ਦੇ ਕਿਸੇ ਕੀਤੇ ਕੰਮ ਦੀ, ਜੋ ਇਨ੍ਹਾਂ ਨੂੰ ਨਹੀਂ ਭਾਉਂਦਾ, ਅਲੋਚਨਾ ਕਰਨੀ ਸ਼ੁਰੂ ਕਰ ਦਿੰਦੇ ਹਨ। ਗੁਰੂ ਜੀ ਆਖਦੇ ਹਨ ਕਿ ਇਹ ਨਾਂ ਦੇ ਪ੍ਰੇਮੀ ਤਾਂ ਭਾਵੇਂ ਹੋਣ ਪਰ ਅਸਲੀਅਤ ਦੇ ਨਹੀਂ ਕਿਉਂਕਿ ਇਹ ਤਾਂ ਲੇਖਾ-ਜੋਖਾ (ਵਾਧਾ-ਘਾਟਾ) ਪਹਿਲਾਂ ਚਿਤਵ ਕੇ, ਮਗਰੋਂ ਪ੍ਰੇਮ ਦਾ ਸਿਲਸਿਲਾ ਅੱਗੇ ਵਧਾਉਂਦੇ ਹਨ:

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥

ਨਾਨਕ ਆਸਕ ਕਾਂਢੀਐ ਸਦ ਹੀ ਰਹੈ ਸਮਾਇ॥

ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥

ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 474)

**ਅਜੋਕੀ ਸਥਿਤੀ:** ਅਜੋਕੇ ਦੌਰ ਦੇ ਹਾਲਾਤ ਇਹ ਹਨ ਕਿ ਜਿੱਥੇ ਮਨੁੱਖ ਨੂੰ ਕੋਈ ਗ਼ਰਜ਼ ਹੋਵੇ ਓਥੇ ਪ੍ਰੇਮ ਵਾਲੇ ਸਬੰਧ ਬਣਾ ਲੈਂਦਾ ਹੈ ਅਤੇ ਜਦੋਂ ਉਸਦੇ ਹਿੱਤ ਦੀ ਪੂਰਤੀ ਹੋ ਜਾਂਦੀ ਹੈ ਤਾਂ ਸਬੰਧਾਂ ਦੇ ਟੁੱਟਣ ਦਾ ਪਤਾ ਵੀ ਨਹੀਂ ਲੱਗਦਾ। ਪ੍ਰੇਮ ਦਾ ਆਧਾਰ ਸਮਰਪਣ ਨਾ

ਰਹਿ ਕੇ ਗ਼ਰਜ਼ ਹੋ ਗਿਆ ਹੈ। ਭਾਈ ਵੀਰ ਸਿੰਘ ਦੇ ਕਥਨ "ਗ਼ਰਜ਼ ਲਈ ਅਰਜ਼ ਕਰਨੀ ਜੋ, ਬਣਾ ਦੇਵੇ ਇਸ਼ਕ ਫਰਜ਼ੀ" (*ਆਵਾਜ਼ ਆਈ* 8) ਅਤੇ "ਦਿਲ ਦੇਵਣਾ ਫਿਰ ਬੋਲਣਾ, ਦਿਲ ਰੱਖਣਾ ਹੈ ਸੁਹਣਿਓ!" (*ਆਵਾਜ਼ ਆਈ* 13) ਅਜੋਕੇ ਪ੍ਰੇਮ-ਦਰਸ਼ਨ ਦੇ ਸੰਦਰਭ ਵਿਚ ਬੜੀਆਂ ਢੁਕਵੇਂ ਜਾਪਦੇ ਹਨ।

### 2.3.4 ਪਤਵੰਤੇ

ਗੁਰੂ ਨਾਨਕ ਦੇਵ ਜੀ ਸਮਝਦਾਰ ਮਨੁੱਖ ਦੇ ਲੱਛਣ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜਿਹੜਾ ਮਨੁੱਖ ਆਪਣੀ ਗੱਲ ਕਹਿਣਾ ਜਾਣਦਾ ਹੋਵੇ ਅਤੇ ਦੂਜੇ ਦਾ ਕਹਿਆ ਸਮਝੇ, ਉਹ ਸਿਆਣਾ ਮਨੁੱਖ ਹੁੰਦਾ ਹੈ। ਉਹ ਮਨੁੱਖ ਸ਼ਿਰੋਮਣੀ ਹੁੰਦੇ ਹਨ ਜਿਨ੍ਹਾਂ ਨੇ ਦਇਆ ਅਤੇ ਖਿਮਾ ਵਾਲੇ ਗੁਣ ਧਾਰਨ ਕਰ ਲਏ ਹੋਣ:

ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1246)
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪ੍ਰਧਾਨ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਮੁਖੀ ਵਿਅਕਤੀ ਮੋਹਰੀ ਆਦਮੀ ਹੁੰਦਾ ਹੈ ਜਿਸ ਦੇ ਮਗਰ ਬਾਕੀ ਮਨੁੱਖ ਚੱਲਦੇ ਹਨ। ਉਹ ਦੂਜਿਆਂ ਦੀ ਅਗਵਾਈ ਕਰਦਾ ਹੈ। ਗੁਰੂ ਅਰਜਨ ਦੇਵ ਜੀ ਲੋਭ-ਰੂਪੀ ਵਿਕਾਰ ਨੂੰ ਕਈ ਹੋਰ ਵਿਕਾਰਾਂ ਦੇ ਮੁਖੀ ਵਜੋਂ ਚਿਤਰਦੇ ਹਨ ਕਿਉਂਕਿ ਜਿਸ ਮਨੁੱਖ ਦੇ ਅੰਦਰ ਲੋਭ ਦੀ ਪ੍ਰਵਿਰਤੀ ਭਾਰੂ ਹੋ ਜਾਵੇ, ਉਹ ਮਾਨਸਿਕ ਉਤਰਾਅ-ਚੜ੍ਹਾਅ ਵਿਚ ਡੋਲਦਾ ਰਹਿੰਦਾ ਹੈ ਅਤੇ ਲੋਭ ਦਾ ਘਰ ਪੂਰਾ ਕਰਨ ਲਈ ਹਰ ਵੇਲ਼ੇ ਉਧੇੜ-ਬੁਣ ਵਿਚ ਲੱਗਾ ਰਹਿੰਦਾ ਹੈ:

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ॥
ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)

ਗੁਰੂ ਅਮਰਦਾਸ ਜੀ ਦਾ ਵਿਰੋਧੀ ਤਪਾ ਜਦੋਂ ਗੁਰੂ ਜੀ ਦੁਆਰਾ ਕੀਤੇ ਭੰਡਾਰੇ ਵਿਚ ਨਾ ਆਇਆ ਪਰ ਮਗਰੋਂ ਲਾਲਚ ਵੱਸ ਆਪਣੇ ਪੁੱਤਰ ਨੂੰ ਭੰਡਾਰੇ ਵਿਚ ਭੇਜ ਦਿੱਤਾ ਤਾਂ ਤਪੇ ਦੀ ਇਹ ਪ੍ਰਵਿਰਤੀ ਤੱਕ ਕੇ ਉਥੇ ਹਾਜ਼ਰ ਪਤਵੰਤੇ ਹੱਸਣ ਲੱਗ ਪਏ। ਹੁਣ ਤੱਕ ਉਹ (ਤਪਾ) ਪਤਵੰਤਿਆਂ ਵਿਚ ਬਹਿ ਕੇ ਆਪਣੇ ਆਪ ਨੂੰ ਤਪਾ ਅਖਵਾ ਕੇ ਬੜਾ ਖ਼ੁਸ਼ ਰਹਿੰਦਾ ਸੀ ਪਰ ਲੁਕਵੇਂ ਰੂਪ ਵਿਚ ਪਾਪਾਂ ਤੋਂ ਕੋਈ ਗੁਰੇਜ਼ ਨਹੀਂ ਸੀ ਕਰਦਾ। ਅਖ਼ੀਰ ਪਤਵੰਤਿਆਂ ਦੀ ਪਰ੍ਹਿਆ ਵਿਚ ਨਸ਼ਰ ਹੋ ਹੀ ਗਿਆ:

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥
ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥

... ... ... ... ... ...

ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥
ਅੰਦਰਿ ਬਹੈ ਤਪਾ ਪਾਪ ਕਮਾਏ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 315)

ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਜਿਨ੍ਹਾਂ ਦੇ ਪੱਲੇ ਧਨ-ਪਦਾਰਥ ਹਨ, ਸੰਸਾਰ ਉਨ੍ਹਾਂ ਦੀ ਇੱਜ਼ਤ ਕਰਦਾ ਹੈ ਅਤੇ ਉਨ੍ਹਾਂ ਨੂੰ ਧਰਮੀ ਖ਼ਿਆਲਦਾ ਹੈ। ਅਸਲ ਵਿਚ ਇੱਜ਼ਤ-ਪੱਤ ਵਾਲੇ ਅਤੇ ਧਰਮ ਦੇ ਪੂਰੇ-ਸੂਰੇ ਤਾਂ ਉਹ ਹੋਣ, ਜਿਨ੍ਹਾਂ ਦੇ ਪੱਲੇ ਪ੍ਰਭੂ ਦਾ ਨਾਮ-ਰੂਪੀ ਧਨ ਹੋਵੇ:

ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਹੋਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1287)

ਗੁਰੂ ਅਰਜਨ ਦੇਵ ਜੀ ਤਤਕਾਲੀ ਵਿਵਸਥਾ ਦਾ ਚਿਤਰਾਂਕਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਸ਼ਰਾਰਤੀ ਆਦਮੀ ਚੌਧਰੀ ਬਣਿਆ ਫਿਰ ਰਿਹਾ ਹੈ ਅਤੇ ਝੂਠੇ ਆਦਮੀ ਨੂੰ ਸਤਿਕਾਰ ਮਿਲ ਰਿਹਾ ਹੈ। ਗੁਰੂ ਜੀ ਫ਼ਰਮਾਉਂਦੇ ਹਨ ਕਿ ਅਰਾਜਕਤਾ ਦੇ ਦੌਰ ਵਿਚ ਇਨਸਾਫ਼ ਦਾ ਇਹੀ ਤਕਾਜ਼ਾ ਹੈ। ਜਦੋਂ ਕਿ ਚਾਹੀਦਾ ਤਾਂ ਇਹ ਹੈ ਕਿ ਮਨੁੱਖਾਂ ਦੇ ਮੋਹਰੀ ਤਾਂ ਉਹ ਹੋਣ ਜਿਹੜੇ ਪਰਮਾਤਮਾ ਦਾ ਡਰ ਮੰਨਣ ਵਾਲੇ ਹੋਣ ਅਤੇ ਉਸਦੀ ਖ਼ਲਕਤ ਨੂੰ ਪਿਆਰ ਕਰਨ ਵਾਲੇ ਹੋਣ:

ਜਿਨ੍ਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1102)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਸਮਾਜ ਵਿਚ ਸਤਿਕਾਰ ਪ੍ਰਾਪਤ ਮਨੁੱਖ ਦੂਜਿਆਂ ਦੇ ਮਸਲੇ ਹੱਲ ਕਰਦੇ ਹਨ। ਕਈ ਮਨੁੱਖ (ਅਖੌਤੀ ਪ੍ਰਧਾਨ) ਗੁਣਾਂ ਦੇ ਮੁਜੱਸਮੇ ਵੀ ਨਹੀਂ ਹੁੰਦੇ, ਕਈ ਤਾਂ ਘੜੰਮ ਚੌਧਰੀ ਵੀ ਹੁੰਦੇ ਹਨ, ਜਿਨ੍ਹਾਂ ਦਾ ਪ੍ਰਭਾਵ ਗੁਣਾਂ ਦੀ ਬਜਾਇ ਕਿਸੇ ਹੋਰ ਤਾਕਤ ਕਾਰਨ ਬਣਿਆ ਹੁੰਦਾ ਹੈ। ਉਹ ਮਸਲਿਆਂ ਨੂੰ ਸੁਲਝਾਉਣ ਦੀ ਬਜਾਇ ਉਲਝਾ ਕੇ ਰਾਜਨੀਤਕ ਜਾਂ ਨਿੱਜੀ ਲਾਭ ਪ੍ਰਾਪਤ ਕਰਦੇ ਹਨ ਪਰ ਸਮਾਜ ਵਿਚ ਉਨ੍ਹਾਂ ਦੀ ਪਤਵੰਤਿਆਂ ਜਿਹੀ ਪੈਂਠ ਬਣੀ ਹੁੰਦੀ ਹੈ।

### 2.3.5 ਅੰਗਹੀਣ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਵਿਸ਼ੇਸ਼ ਢੰਗ ਨਾਲ ਯੋਗਤਾ (ਅੰਗਹੀਣਤਾ) ਬਾਰੇ ਵੀ ਜ਼ਿਕਰ ਮਿਲਦਾ ਹੈ। ਬਾਣੀਕਾਰਾਂ ਦੀ ਨਜ਼ਰ ਵਿਚ ਅੰਗਹੀਣ ਸਿਰਫ਼ ਉਹ ਹੀ ਨਹੀਂ ਜੋ ਕੁਦਰਤੀ ਤੌਰ 'ਤੇ ਜਨਮ, ਬਚਪਨ ਜਾਂ ਮਗਰੋਂ, ਕਿਸੇ ਦੁਰਘਟਨਾ ਤੋਂ ਗ੍ਰਸਤ ਹੋ ਕੇ ਇਸ ਸਥਿਤੀ ਵਿਚ ਪੁੱਜੇ ਹਨ। ਸਗੋਂ ਇਹ ਕਈ ਆਧਾਰਾਂ 'ਤੇ ਵੰਡੇ ਜਾ ਸਕਦੇ ਹਨ।

### 2.3.5.1 ਪਹਿਲੀ ਵੰਨਗੀ ਦੇ (ਵਿਸ਼ੇਸ਼ ਢੰਗ ਨਾਲ ਯੋਗਤਾ ਵਾਲੇ) ਮਨੁੱਖ ਬਾਰੇ ਹੇਠ ਲਿਖੇ ਅਨੁਸਾਰ ਉਲੇਖ ਮਿਲਦੇ ਹਨ:

ਤੁਰਨ ਤੋਂ ਅਸਮਰੱਥ, ਬਾਹਾਂ ਤੋਂ ਅਵਾਜ਼ਾਰ ਅਤੇ ਅੱਖਾਂ ਤੋਂ ਵਿਹੀਨ ਮਨੁੱਖ ਭੱਜ ਕੇ ਕਿਸੇ ਦੇ ਗਲ਼ ਨਹੀਂ ਲੱਗ ਸਕਦਾ। ਜਿਸਨੂੰ ਕੰਨਾਂ ਤੋਂ ਸੁਣਾਈ ਨਹੀਂ ਦਿੰਦਾ, ਉਸ ਦੇ ਅੱਗੇ ਧਾਰਮਿਕ ਗ੍ਰੰਥਾਂ ਦਾ ਭਾਵੇਂ ਕਿੰਨਾ ਵੀ ਪਾਠ ਕਿਉਂ ਨਾ ਕਰਦੇ ਰਹੋ; ਕੋਈ ਅਰਥ ਨਹੀਂ। ਦੇਖਣ ਤੋਂ ਅਸਮਰੱਥ ਮਨੁੱਖ ਲਈ ਇੱਕ ਤਾਂ ਕੀ, ਪੰਜਾਹ ਦੀਵੇ ਵੀ ਚਾਨਣ ਨਹੀਂ ਕਰ ਸਕਦੇ। ਦੇਖਣ ਅਤੇ ਸੁਣਨ ਤੋਂ ਅਸਮਰੱਥ ਮਨੁੱਖ ਲਈ ਰਸਤੇ ਤੋਂ ਭਟਕ ਜਾਣਾ ਬੜਾ ਸਹਿਜ ਹੈ ਕਿਉਂਕਿ ਦੇਖਣ ਤੋਂ ਅਸਮਰੱਥ ਮਨੁੱਖ ਨੂੰ ਦਿਖਾਈ ਨਹੀਂ ਦਿੰਦਾ ਤੇ ਸੁਣਨ ਤੋਂ ਅਸਮਰੱਥ ਮਨੁੱਖ ਨੂੰ ਕਿਸੇ ਦਾ ਬੋਲ ਕੇ ਦੱਸਿਆ (ਸਮਝਾਇਆ) ਹੋਇਆ (ਰਸਤਾ) ਸਮਝ ਨਹੀਂ ਆਉਂਦਾ। ਜਿਸਨੂੰ ਅੱਖਾਂ ਤੋਂ ਦਿਖਾਈ ਨਾ ਦਿੰਦਾ ਹੋਵੇ, ਉਸ ਮਨੁੱਖ ਦੀ ਟਟ੍ਹੋਲ ਆਪਣੀ ਹੀ ਤਰ੍ਹਾਂ ਦੀ ਹੁੰਦੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਉਸਦੇ ਅੰਦਰ ਹਰ ਵਸਤੂ/ਥਾਂ ਬਾਰੇ ਇੱਕ ਪ੍ਰਤੀਬਿੰਬ ਬਣਿਆ ਹੋਇਆ ਹੁੰਦਾ ਹੈ ਜਿਸ ਦੇ ਆਧਾਰ 'ਪੁਰ ਉਹ ਵਿਚਰਦਾ ਹੈ। ਪ੍ਰਭੂ ਦੀ ਕਿਰਪਾ ਹੋ ਜਾਵੇ ਤਾਂ ਇਹ ਮਨੁੱਖ ਕੁਸ਼ਲ ਹੋ ਸਕਦੇ ਹਨ:

ਰੁਹਲਾ ਟੁੰਡਾ ਅੰਧੁਲਾ ਕਿਉ ਗਲ ਲਗੈ ਧਾਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 139)

ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤ ਪਾਠ॥

ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਅੰਨਾ ਬੋਲਾ ਉਝੜਿ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 314)

ਢੂੰਢਤ ਡੋਲਹਿ ਅੰਧ ਗਤਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਸਾਹਿਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ॥

ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 954)

**2.3.5.2 ਵਧਦੀ ਉਮਰ ਦੇ ਅਸਰ ਕਾਰਨ:** ਵਧਦੀ ਹੋਈ ਉਮਰ ਕਾਰਨ ਵੀ ਸਰੀਰ ਵਿਚ ਕਈ ਤਰ੍ਹਾਂ ਦੀਆਂ ਅਸਮਰੱਥਾਵਾਂ ਪੈਦਾ ਹੋ ਜਾਂਦੀਆਂ ਹਨ। ਹੇਠ ਲਿਖੀ ਪੰਕਤੀ ਵਿਚ ਗੁਰੂ ਤੇਗ ਬਹਾਦਰ ਜੀ ਬੁਢਾਪੇ ਦੇ ਅਸਰ ਵਿਚ ਕਮਜ਼ੋਰ ਹੋ ਗਈ ਨਜ਼ਰ ਦਾ ਉਲੇਖ ਕਰਦੇ ਹਨ। ਗੁਰੂ ਸਾਹਿਬ ਸਮੇਂ ਅਨੁਸਾਰ ਜ਼ਿੰਮੇਵਾਰੀਆਂ ਨਿਭਾ ਲੈਣ ਦੀ ਪ੍ਰੇਰਨਾ ਦਿੰਦੇ ਹਨ:

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ॥

ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1429)

**2.3.5.3 ਜਿਨ੍ਹਾਂ ਨੂੰ ਕਿਸੇ ਵਿਸ਼ੇ ਬਾਰੇ ਗਿਆਨ ਨਹੀਂ:** ਹੇਠ ਲਿਖੇ ਸਲੋਕ ਵਿਚ ਉਸ ਮਨੁੱਖ ਨੂੰ (ਗਿਆਨ ਦੀ ਕਮੀ ਨੂੰ ਮੁੱਖ ਰੱਖ ਕੇ) ਅੱਖਾਂ-ਵਿਹੀਨ ਦੱਸਿਆ ਗਿਆ ਹੈ ਜਿਸਨੂੰ ਰਤਨਾ ਦੀ ਪਰਖ ਤਾਂ ਹੈ ਨਹੀਂ ਅਤੇ ਤੁਰ ਪੈਂਦਾ ਹੈ ਰਤਨਾਂ ਦੀ ਪਰਖ ਕਰਨ। ਸੋ, ਕਿਸੇ ਵਿਸ਼ੇ ਬਾਰੇ ਚੰਗੀ ਜਾਣਕਾਰੀ ਲੈ ਕੇ ਹੀ ਉਸ ਖੇਤਰ ਵਿਚ ਪੈਰ ਰੱਖਣਾ ਚਾਹੀਦਾ ਹੈ, ਨਹੀਂ ਤਾਂ ਨੁਕਸਾਨ ਹੀ ਝੱਲਣਾ ਪਵੇਗਾ:

ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ॥

ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 954)

**2.3.5.4 ਵਿਕਾਰ ਗ੍ਰਸਤ ਸ਼ਖ਼ਸੀਅਤਾਂ:** ਗੁਰੂ ਸਾਹਿਬਾਨ ਅਨੁਸਾਰ ਉਹ ਮਨੁੱਖ ਪੂਰੇ ਨਹੀਂ ਗਿਣੇ ਜਾ ਸਕਦੇ ਜਿਹੜੇ ਸਵਾਰਥੀ ਅਥਵਾ ਆਤਮ-ਕੇਂਦ੍ਰਿਤ ਹਨ। ਉਹ ਤਾਂ ਖੂਹ ਦੇ ਡੱਡੂ ਹੀ ਹਨ ਜਿਨ੍ਹਾਂ ਨੂੰ ਅਜੇ ਸਮੁੱਚੀ ਮਾਨਵਤਾ ਦੇ ਹਿੱਤ ਵਿਚ ਸੋਚਣਾ ਨਹੀਂ ਆਇਆ। ਸੋ, ਪੂਰੇ-ਸੂਰੇ ਹੋਣ ਲਈ ਚੰਗੇ ਗੁਣ ਧਾਰਨ ਕਰੋ:

ਮਾਇਆਧਾਰੀ ਅਤਿ ਅੰਨਾ ਬੋਲਾ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 313)

ਮਨਮੁਖੁ ਅੰਧਾ ਆਵੈ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 314)

ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 509)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ (ਉਕਤ ਵਰਣਿਤ) ਪਹਿਲੀ ਪ੍ਰਕਾਰ ਦੇ ਵਿਸ਼ੇਸ਼ ਢੰਗ ਨਾਲ ਯੋਗ (ਅੰਗਹੀਣ) ਮਨੁੱਖ, ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਕਈ ਸਹੂਲਤਾਂ (ਇਲਾਜਾਂ) ਦੇ ਬਾਵਜੂਦ, ਸਮਾਜ ਵਿਚ ਦੇਖੇ ਜਾਂਦੇ ਹਨ। ਇਸੇ ਸ਼੍ਰੇਣੀ ਨੂੰ ਹੀ ਉਕਤ ਸਿਰਲੇਖ (ਅੰਗਹੀਣ) ਅਧੀਨ ਮੰਨਿਆ ਜਾਂਦਾ ਹੈ ਤੇ ਇਸ ਸ਼੍ਰੇਣੀ ਦੇ ਆਧਾਰ 'ਤੇ ਕਈ ਸਰਕਾਰੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

### 2.3.6 ਖੁਸਰੇ

ਗੁਰੂ ਨਾਨਕ ਦੇਵ ਜੀ ਕ੍ਰਿਤ ਹੇਠ ਲਿਖੀ ਪੰਕਤੀ ਵਿਚ ਤਤਕਾਲੀ ਸਮਾਜਿਕ ਪਾਤਰ 'ਖੁਸਰੇ' ਦਾ ਉਲੇਖ ਮਿਲਦਾ ਹੈ। ਗੁਰੂ ਸਾਹਿਬ ਆਖਦੇ ਹਨ ਕਿ ਠੰਢ ਜਿੰਨੀ ਮਰਜ਼ੀ ਹੋਵੇ, ਪੱਥਰ ਦਾ ਉਸ (ਠੰਢ) ਨਾਲ ਕੋਈ ਲੈਣ-ਦੇਣ ਨਹੀਂ (ਭਾਵ ਪੱਥਰ ਨੂੰ ਕੋਈ ਫ਼ਰਕ ਨਹੀਂ) ਤੇ ਖੁਸਰੇ ਦਾ ਘਰ ਵਸਾਉਣ ਦੇ ਨਾਲ ਕੋਈ ਤਾਅਲੁਕ ਨਹੀਂ:

ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਖੁਸਰੇ ਸਮਾਜ ਦਾ ਇੱਕ ਮਹੱਤਵਪੂਰਨ ਅੰਗ ਹਨ। ਸਰਕਾਰ ਵੱਲੋਂ ਇਨ੍ਹਾਂ ਨੂੰ ਤੀਜੇ ਲਿੰਗ ਵਜੋਂ ਮਾਨਤਾ ਦਿੱਤੀ ਗਈ ਹੈ। ਪਿਛਲੇ ਦਿਨੀਂ ਇੱਕ ਟ੍ਰਾਂਸਜੈਂਡਰ ਦੀ ਪਹਿਲੇ ਜੱਜ ਵਜੋਂ ਨਿਯੁਕਤ ਹੋਈ ਹੈ, "ਉਹ (ਜੋਤੀਯਾ ਮੰਡਲ) ਇਸ (ਟ੍ਰਾਂਸਜੈਂਡਰ) ਭਾਈਚਾਰੇ ਦੇ ਉਨ੍ਹਾਂ ਕੁਝ ਲੋਕਾਂ ਵਿਚੋਂ ਹੈ ਜਿਨ੍ਹਾਂ ਨੇ ਸਾਰੀਆਂ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਕਾਮਯਾਬੀ ਹਾਸਿਲ ਕੀਤੀ ਹੈ।"[174]

### 2.3.7 ਮੂਰਖ

ਮੂਰਖ ਦੇ ਲੱਛਣਾਂ ਦਾ ਜ਼ਿਕਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਮੂਰਖ ਉਸ ਦੁਆਰਾ ਕੀਤੀਆਂ ਗਈਆਂ ਬੇਅਰਥ ਗੱਲਾਂ ਤੋਂ ਪਛਾਣਿਆ ਜਾਂਦਾ ਹੈ। ਇੱਕ-ਅੱਧੀ ਵਾਰ ਜੇ ਉਸਦਾ ਕੀਤਾ ਕੰਮ ਉਸਨੂੰ ਸਿਆਣਾ ਸਾਬਤ ਕਰਨ ਵੱਲ ਹਾਮੀ ਭਰ ਵੀ ਦੇਵੇ ਤਾਂ ਵੀ ਉਸਦੇ ਅਗਲੇ (ਹੋਰ) ਕੀਤੇ ਕੰਮਾਂ ਤੋਂ ਉਸਦੇ ਉਕਤ ਲੱਛਣ ਉਜਾਗਰ ਹੋ ਹੀ ਜਾਂਦੇ ਹਨ ਭਾਵ ਮੂਰਖ ਦਾ ਆਪਣਾ ਅਸਲਾ ਨਸ਼ਰ ਹੋ ਹੀ ਜਾਂਦਾ ਹੈ:

ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ॥

ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 474)

ਰਾਤਾਂ ਭਾਵੇਂ ਘੋਰ ਕਾਲੀਆਂ ਹੋਣ, ਸਫ਼ੈਦ ਚੀਜ਼ਾਂ ਸਫ਼ੈਦ ਹੀ ਰਹਿੰਦੀਆਂ ਹਨ। ਦਿਨ ਭਾਵੇਂ ਜਿੰਨੇ ਮਰਜ਼ੀ ਚਿੱਟੇ-ਤਪਦੇ ਹੋਣ, ਕਾਲੇ ਰੰਗ ਦੀਆਂ ਵਸਤੂਆਂ ਦਾ ਰੰਗ ਨਹੀਂ ਬਦਲਦਾ (ਭਾਵ ਉਹ ਸਫ਼ੈਦ ਦਿਖਾਈ ਨਹੀਂ ਦੇਣ ਲੱਗ ਜਾਂਦੀਆਂ)। ਮੂਰਖਾਂ ਨੂੰ ਜਿੰਨਾ ਮਰਜ਼ੀ ਸਮਝਾਈ ਜਾਵੋ, ਉਨ੍ਹਾਂ ਦੀਆਂ ਆਦਤਾਂ ਨਹੀਂ ਬਦਲਦੀਆਂ। ਮੂਰਖ ਆਦਮੀ ਆਪਣੀਆਂ ਬੇਤੁਕੀਆਂ ਗੱਲਾਂ ਨਾਲ ਦੂਜਿਆਂ ਤੋਂ ਮਾਰ (ਜੁੱਤੀਆਂ) ਖਾ ਬੈਠਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਮੂਰਖ ਦਾ ਇਲਾਜ ਵੀ ਤਾਂ ਇਹੀ ਹੈ। ਉਹ ਮੂੰਹ 'ਤੇ ਮਾਰ ਪਿਆਂ ਹੀ ਸੁਤ ਹੁੰਦਾ ਹੈ। ਜਿਹੜਾ ਮੂਰਖ ਦੀ ਗੱਲ ਮੰਨ ਲਵੇ, ਉਹ ਵੀ ਮੂਰਖ ਹੀ ਗਿਣਿਆ ਜਾਂਦਾ ਕਿਉਂਕਿ ਕੋਈ ਸਮਝਦਾਰ ਤਾਂ ਮੂਰਖ ਦੀ ਗੱਲ ਦਾ ਯਕੀਨ ਨਹੀਂ ਕਰਦਾ। ਸਮਝਦਾਰ ਮਨੁੱਖ ਤਾਂ ਮੂਰਖ ਦੇ ਆਖੇ ਲੱਗ ਦੇ ਕਦੇ ਕੁਰਾਹੇ ਨਹੀਂ ਪੈਂਦਾ:

ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ॥

ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ॥

ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 789)

ਫਿਕਾ ਮੂਰਖ ਆਖੀਐ ਪਾਣਾ ਲਹੈ ਸਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)

ਮੂਰਖ ਗੰਢੁ ਪਵੈ ਮੁਹਿ ਮਾਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 953)

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥

ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 954)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਸਮਾਜ ਵਿਚ ਮੂਰਖ ਲੋਕ ਦੇਖੇ ਜਾਂਦੇ ਹਨ। ਉਨ੍ਹਾਂ ਦੀ ਬੋਲੀ ਅਤੇ ਵਿਹਾਰ ਉਨ੍ਹਾਂ ਦਾ ਖ਼ਾਸਾ ਪਰਗਟ ਕਰ ਦਿੰਦੇ ਹਨ।

### 2.3.8 ਚਤੁਰ

ਕੁਝ ਵਿਅਕਤਿਤਵ ਅਜਿਹੇ ਵੀ ਸਨ ਜਿਹੜੇ ਖ਼ੁਦ ਨੂੰ ਬੜੇ ਸਿਆਣੇ ਗਿਣਦੇ ਸਨ ਅਥਵਾ ਲੋਕ ਉਨ੍ਹਾਂ ਨੂੰ ਸਿਆਣਾ ਸਮਝਦੇ ਸਨ। ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਅਸਲ ਚਤੁਰ, ਸਿਆਣਾ ਤਾਂ ਉਹ ਹੈ ਜੋ ਆਪਾ-ਭਾਵ ਤਿਆਗ ਦੇਵੇ। ਭਗਤ ਕਬੀਰ ਜੀ ਆਖਦੇ ਹਨ ਕਿ ਜੇਕਰ ਤੂੰ ਪ੍ਰਭੂ ਨੂੰ ਹਿਰਦੇ ਵਿਚ ਵਸਾ ਲਵੇਂ ਤਾਂ ਤੇਰੇ ਜਿਹਾ ਚਤੁਰ ਕੋਈ ਨਹੀਂ (ਇਹ ਪੰਕਤੀਆਂ ਤਤਕਾਲੀ ਦੌਰ ਦੇ ਉਕਤ ਚਰਿੱਤਰ ਦੀ ਹਾਮੀ ਭਰਦੀਆਂ ਹਨ):

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥

ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 253)

ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 297)

ਕਬੀਰ ਚਤੁਰਾਈ ਅਤਿ ਘਨੀ ਹਰਿ ਜਪਿ ਹਿਰਦੈ ਮਾਹਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਸਿਆਣਿਆਂ ਦੀ ਗਿਣਤੀ ਤਾਂ ਭਾਵੇਂ ਘੱਟ ਹੈ ਪਰ ਆਪਣੇ-ਆਪ ਨੂੰ ਸਿਆਣਾ ਸਮਝਣ ਜਾਂ ਜਤਾਉਣ ਵਾਲਿਆਂ ਦੀ ਗਿਣਤੀ ਬੇ-ਸ਼ੁਮਾਰ ਹੈ।

### 2.3.9 ਗਿਆਨਵਾਨ

ਗਿਆਨਵਾਨਾਂ ਬਾਰੇ ਉਲੇਖ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ ਕਿ ਅਸਲ ਵਿਚ ਗਿਆਨਵਾਨ ਤੂੰ ਤਦ ਹੋਵੇਂਗਾ ਜਦ ਮਨ ਅੰਦਰ ਸਤਿਗੁਰੂ ਦੀ ਮਤ ਧਾਰਨ ਕਰ ਲਏਂਗਾ। ਫ਼ੋਕਾ ਗਿਆਨ ਕਈ ਵਾਰ ਅਭਿਮਾਨ ਦਾ ਕਾਰਨ ਵੀ ਬਣ ਜਾਂਦਾ ਹੈ:

ਮਤਿ ਪੂਰੀ ਪ੍ਰਧਾਨ ਤੇ ਗੁਰ ਪੂਰੇ ਮਨ ਮੰਤ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 259)

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥

ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 253)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਬਹੁਤੇ ਗਿਆਨਵਾਨ (ਵਿਦਵਾਨ) ਲੋਕ ਹਉਮੈ ਤੋਂ ਪੀੜਤ ਹਨ। ਆਮ ਲੋਕਾਂ ਲਈ ਲਿਖਣਾ (ਕਿ ਵੱਧ ਤੋਂ ਵੱਧ ਲੋਕ ਮੇਰੀਆਂ ਲਿਖ਼ਤਾਂ ਨੂੰ ਪੜ੍ਹਨ), ਪਰ ਭਾਸ਼ਾ ਉਨ੍ਹਾਂ ਲੋਕਾਂ ਦੇ ਪੱਧਰ ਤੋਂ ਬੜੀ ਉੱਚੀ ਰੱਖਣਾ (ਜਿਹੜੀ ਇਨ੍ਹਾਂ ਦੀ ਵਿਦਵਤਾ ਨੂੰ ਦਰਸਾਉਂਦੀ ਹੋਵੇ) ਅਜੋਕੇ ਗਿਆਨਵਾਨਾਂ ਦਾ ਖ਼ਾਸਾ ਹੈ। ਸਾਧਾਰਨ ਲੋਕਾਂ ਤੋਂ ਦੂਰੀ ਬਣਾ ਕੇ ਰੱਖਣਾ ਇਨ੍ਹਾਂ ਲੋਕਾਂ ਦੀ ਹਉਂ ਨੂੰ ਦਰਸਾਉਂਦਾ ਤੱਥ ਹੀ ਤਾਂ ਹੈ।

## 2.3.10 ਵਿਹਲੜ/ਨਿਕੰਮੇ

ਤਤਕਾਲੀ ਦੌਰ ਵਿਚ ਕਈ ਮਨੁੱਖ ਹੱਡ-ਹਰਾਮੀ ਵੀ ਸਨ, ਜੋ ਵਿਹਲੀਆਂ ਖਾ ਕੇ ਖ਼ੁਸ਼ ਸਨ। ਅਜਿਹਿਆਂ ਮਨੁੱਖਾਂ ਵੱਲ ਇਸ਼ਾਰਾ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਇਨ੍ਹਾਂ ਨੇ ਪਿਛਲਿਆਂ (ਬਜ਼ੁਰਗਾਂ) ਦੀ ਕੀਤੀ ਖੱਟੀ ਦਾ ਹੀ ਭੋਗ ਸਾਰੀ ਉਮਰ ਕੀਤਾ, ਆਪ ਹੱਥ ਨਹੀਂ ਹਿਲਾਇਆ, ਕੋਈ ਕੰਮ ਨਹੀਂ ਕੀਤਾ। ਕਈ ਹੱਡ-ਹਰਾਮੀ ਹੋ ਕੇ ਕੰਨ ਪੜਵਾ ਬਹਿੰਦੇ ਹਨ ਅਤੇ ਵਿਹਲੀਆਂ ਖਾਣ ਦਾ ਪ੍ਰਬੰਧ ਹੋ ਗਿਆ ਸਮਝ ਲੈਂਦੇ ਹਨ:

> ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 466)
> ਮਖਟੂ ਹੋਇ ਕੈ ਕੰਨ ਪੜਾਏ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਭਗਤ ਕਬੀਰ ਜੀ ਆਖਦੇ ਹਨ ਕਿ ਕੰਮ ਛੱਡ ਕੇ ਵਿਹਲੇ ਬਹਿ ਰਹਿਣਾ ਤੇ ਉੱਪਰੋਂ-ਉੱਪਰੋਂ ਰੱਬ ਦਾ ਨਾਂ ਲੈ ਛੱਡਣਾ, ਅਤੇ ਸੋਚਣਾ ਕਿ ਅਸਮਾਨ ਤੋਂ ਥਾਲੀਆਂ ਉੱਤਰ ਆਉਣਗੀਆਂ, ਚੰਗੀ ਸੋਚ ਨਹੀਂ। ਆਪਣੇ ਫ਼ਰਜ਼ਾਂ ਦੀ ਪੂਰੀ ਪਾਲਣਾ ਕਰਨੀ ਚਾਹੀਦੀ ਹੈ ਤੇ ਕਿਸੇ ਗੁਣ (ਹੁਨਰ) ਦੀ ਪ੍ਰਾਪਤੀ ਹਿੱਤ ਮਰਨ ਤੱਕ ਜਾਣਾ ਚਾਹੀਦਾ ਹੈ (ਸਖ਼ਤ ਮਿਹਨਤ ਕਰਨੀ ਚਾਹੀਦੀ ਹੈ) ਕਿਉਂਕਿ ਗ਼ੈਰ-ਹੁਨਰੇ ਆਦਮੀ ਦੀ ਸਮਾਜ ਵਿਚ ਕੋਈ ਵੁੱਕਤ ਨਹੀਂ:

> ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ॥
> ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)
> ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ॥
> ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਮਾਂ-ਬਾਪ ਦੀ ਕਮਾਈ 'ਤੇ ਐਸ਼ ਕਰਨ ਵਾਲਿਆਂ ਦੀ ਗਿਣਤੀ ਕਾਫ਼ੀ ਹੈ। ਕਈ ਲੋਕ ਹੱਡ-ਹਰਾਮੀ ਹੋ ਕੇ ਧਾਰਮਿਕ ਸਥਾਨਾਂ ਦੀ ਟੇਕ ਲੈ ਕੇ ਬੈਠੇ ਹੋਏ ਵੀ ਮਿਲ ਜਾਂਦੇ ਹਨ। "ਖੇਤੀ ਸੈਕਟਰ ਦੀ ਇਸ ਇਤਿਹਾਸਕ ਕਾਇਆ ਕਲਪ ਨੇ ਜਿੱਥੇ ਪੰਜਾਬ ਦੇ ਪਿੰਡਾਂ, ਮੰਡੀਆਂ, ਕਸਬਿਆਂ ਤੇ ਸ਼ਹਿਰਾਂ ਵਿਚ ਮੁਕਾਬਲਤਨ ਖ਼ੁਸ਼ਹਾਲੀ ਦਾ ਇਕ ਨਵਾਂ ਦੌਰ ਲੈ ਆਂਦਾ ਉਥੇ ਬਾਅਦ ਵਿਚ ਥੋੜ੍ਹ ਚਿਰੇ ਸਾਬਤ ਹੋਏ ਇਸ ਦੌਰ ਨੇ, ਪੰਜਾਬੀ ਲੋਕਾਂ ਦੇ ਰਹਿਣ-ਸਹਿਣ ਵਿਚ ਕਈ ਵਿਗਾੜ ਪੈਦਾ ਕੀਤੇ। ਵਿਆਪਕ ਮਸ਼ੀਨੀਕਰਨ ਨੇ ਜਿਥੇ ਵਿਹਲ ਪੈਦਾ ਕੀਤੀ ਉਥੇ ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ, ਪੇਂਡੂ ਮਜ਼ਦੂਰਾਂ ਤੇ ਗਰੀਬ ਕਿਸਾਨੀ ਨੂੰ ਛੱਡ ਕੇ, ਕਿਸਾਨੀ ਦਾ ਵੱਡਾ ਹਿੱਸਾ ਸਰੀਰਕ ਕੰਮ ਨੂੰ ਮੁਕੰਮਲ ਤਿਲਾਂਜਲੀ ਦੇਣ ਦੀ ਹੱਦ ਤੱਕ ਚਲਾ ਗਿਆ। ... ... ਪੰਜਾਬ ਦੀ ਵਸੋਂ ਦਾ ਇੱਕ ਹਿੱਸਾ, ਜਿਥੇ ਥੁੜ੍ਹਾਂ, ਘੋਰ ਗੁਰਬਤ ਤੇ ਕੁਪੋਸ਼ਣ ਦੀਆਂ ਬੀਮਾਰੀਆਂ ਨਾਲ ਮਰ ਰਿਹਾ ਹੈ, ਉਥੇ ਇਕ ਹੋਰ ਹਿੱਸਾ ਬਹੁਲਤਾ, ਅਮੀਰੀ, ਬੇਢੰਗੇ ਖਾਣ ਕੁਢੰਗੇ ਜੀਉਣ ਦੀਆਂ ਬਿਮਾਰੀਆਂ ਨਾਲ ਮਰਨ ਪਈ ਸਰਾਪਿਆ ਜਾ ਰਿਹਾ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 97)

"ਸ਼ਹਿਰੀਕਰਣ ਦੀ ਬਦੌਲਤ ਦਿਨੋ ਦਿਨ ਘਟ ਰਹੀ ਖੇਤੀਯੋਗ ਜ਼ਮੀਨ, ਕਈ ਪੀੜ੍ਹੀਆਂ ਤੋਂ ਬਣਾਈ ਗਈ ਜ਼ਮੀਨ ਦਾ ਕਿੱਲਿਆਂ ਤੋਂ ਗ਼ਜ਼ਾਂ ਵਿਚ ਵਟ ਕੇ ਵਿਕਣ ਦੀ ਪ੍ਰਕਿਰਿਆ ਵਿਚ ਪ੍ਰਾਪਤ ਹੋਈ ਤਾਜ਼ਾ ਦੌਲਤ ਨੇ ਇਕ ਅਜਿਹਾ ਨਵਧਨਾਢ ਵਰਗ ਪੈਦਾ ਕਰ ਦਿੱਤਾ ਹੈ ਜਿਸ ਦੀ ਅਮੀਰੀ ਮਨਸੂਈ ਹੈ ਤੇ ਕਮਾਏ ਪੈਸੇ ਦਾ 'ਅਨਪ੍ਰੋਡਕਟਿਵ' ਵਸਤਾਂ ਵਿਚ ਇਸਤੇਮਾਲ ਨੇ ਆਰਥਿਕ ਤਵਾਜ਼ਨ ਤਾਂ

ਵਿਗਾੜਿਆ ਹੀ ਹੈ, ਸਮਾਜਿਕ ਤਵਾਜ਼ਨ ਵੀ ਵਿਗਾੜ ਦਿੱਤਾ ਹੈ। ਆਲੀਸ਼ਾਨ ਕੋਠੀਆਂ, ਮੋਬਾਈਲ ਫੋਨਾਂ, ਵਿਆਹ ਇੰਡਸਟਰੀ ਦਾ ਫੈਲਾਅ, ਗਾਇਕਾਂ ਦਾ ਹੜ੍ਹ, ਪੱਛਮੀ ਮੁਲਕਾਂ ਵੱਲ ਭੱਜ ਦੌੜ ਆਦਿ ਪੰਜਾਬ ਦੀ 'ਦਿਸਦੀ ਅਮੀਰੀ' ਦੇ ਚਿੰਨ੍ਹ ਜਾਪਦੇ ਹਨ ...।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 162-63)

**2.3.11 ਆਰਾਮ-ਪ੍ਰਸਤ (ਨੌਕਰ ਚਾਕਰ ਰੱਖਣੇ)**

ਕਈ ਮਨੁੱਖ ਸੁੱਖਾਂ ਦਾ ਸਾਮਾਨ ਇਕੱਠਾ ਕਰ ਕੇ ਅਤੇ ਉਸ ਸਾਮਾਨ ਨੂੰ ਵਰਤ ਕੇ ਬੜੇ ਖ਼ੁਸ਼ ਹੋਇਆ ਕਰਦੇ ਸਨ। ਮੁਲਾਇਮ, ਬਾਰੀਕ, ਹਵਾ ਜਿਹੇ ਕੱਪੜੇ ਪਹਿਨ ਕੇ ਕਈ ਬੜੇ ਫੁੱਲਦੇ ਸਨ। ਕਈਆਂ ਨੂੰ ਲੰਮੇ-ਚੌੜੇ ਸਬੰਧਾਂ, ਲੰਮੀਆਂ ਉਮਰਾਂ, ਖ਼ੁਸ਼ੀਆਂ ਅਤੇ ਚਾਉ ਭਰੇ ਜੀਵਨ ਦੀ ਬੜੀ ਇੱਛਾ ਹੁੰਦੀ ਸੀ। ਸੁੰਦਰ ਪਹਿਰਾਵੇ ਦਾ ਚਾਅ, ਸੁਖਾਲ਼ੀ ਸੇਜ ਦੀ ਖ਼ੁਸ਼ੀ, ਲਾਮ-ਲਸ਼ਕਰ ਦੀ ਇੱਛਾ, ਅਧੀਨ ਅਮਲੇ (ਨੌਕਰ ਚਾਕਰਾਂ) ਦੀ ਚਾਹਤ, ਵੈਭਵ-ਸਮੱਗਰੀ ਦੀ ਆਸ ਹਰ ਕੋਈ ਕਰਦਾ ਸੀ। ਗੁਰੂ ਸਾਹਿਬ ਦੱਸਦੇ ਹਨ ਕਿ ਪ੍ਰਭੂ ਦੇ ਨਾਮ ਤੋਂ ਬਿਨਾ ਇਹ ਚੀਜ਼ਾਂ ਹਉਮੈ ਪੈਦਾ ਕਰਦੀਆਂ ਹਨ:

> ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 319)
> ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ ਖੁਸੀਆ ਕਿਆ ਚਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)
> ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥
> ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ॥
> ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਆਰਾਮ-ਪ੍ਰਸਤ ਮਨੁੱਖ ਚਾਹੁੰਦਾ ਸੀ ਕਿ ਸੂਰਜ ਅਤੇ ਚੰਦ ਉਸਦੇ ਨੌਕਰ ਹੋਣ ਜੋ ਉਸਦੀ ਸੇਵਾ ਵਿਚ ਹਰ ਵੇਲ਼ੇ ਕਾਰਜਰਤ ਰਹਿਣ ਤੇ ਉਸਦਾ ਸਿੱਕਾ ਬਿਨਾ ਕਿਸੇ ਰੋਕ-ਟੋਕ ਦੇ ਚੱਲੇ। ਗੁਰੂ ਅਮਰਦਾਸ ਜੀ ਦੀ ਸ਼ਿਕਾਇਤ ਕਰਨ ਲਈ ਜਦੋਂ ਮਰਵਾਹਾ ਖੱਤਰੀ ਆਪਣੇ ਨੌਕਰ ਸਮੇਤ ਅਕਬਰ ਪਾਸ ਪੁੱਜਾ ਤਾਂ ਬੇਇੱਜ਼ਤ ਹੋ ਕੇ ਮੁੜਿਆ (ਇਸ ਘਟਨਾ ਤੋਂ ਨੌਕਰ ਰੱਖਣ ਦੇ ਤਤਕਾਲੀ ਪ੍ਰਚਲਨ ਦਾ ਪਤਾ ਲੱਗਦਾ ਹੈ)। ਨੌਕਰ ਵੀ ਤਾਂ ਹੀ ਰੱਜ ਕੇ ਖਾ ਸਕਦਾ ਸੀ, ਜੇਕਰ ਉਸਦਾ ਮਾਲਕ ਰੱਜਿਆ-ਪੁੱਜਿਆ ਅਤੇ ਵੱਡੇ ਦਿਲ ਵਾਲਾ ਹੋਵੇ:

> ਚੰਦੁ ਸੂਰਜ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)
> ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 306)
> ਸਾਹਿਬ ਜਿਸ ਦਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ॥
> (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 306)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਵੀ ਆਰਾਮ-ਪ੍ਰਸਤੀ ਚਾਹੁੰਦਾ ਹੈ। (ਆਮ ਤੌਰ 'ਤੇ) ਅਜੋਕੀਆਂ ਅਣ-ਵਿਆਹੀਆਂ ਲੜਕੀਆਂ ਦੀ ਇਹ ਇੱਛਾ ਹੁੰਦੀ ਹੈ ਕਿ ਉਸਨੂੰ ਅਜਿਹਾ ਸਹੁਰਾ ਪਰਿਵਾਰ ਮਿਲੇ ਜਿਸ ਵਿਚ ਨੌਕਰ-ਚਾਕਰ ਹੋਣ ਅਤੇ ਸੁੱਖ-ਸੁਵਿਧਾਵਾਂ ਦੀ ਬਹੁਤਾਤ ਹੋਵੇ। "ਖੇਤੀ ਸੈਕਟਰ ਦੀ ਇਸ ਇਤਿਹਾਸਕ ਕਾਇਆ ਕਲਪ ਨੇ ਜਿੱਥੇ ਪੰਜਾਬ ਦੇ ਪਿੰਡਾਂ, ਮੰਡੀਆਂ, ਕਸਬਿਆਂ ਤੇ ਸ਼ਹਿਰਾਂ ਵਿਚ ਮੁਕਾਬਲਤਨ ਖ਼ੁਸ਼ਹਾਲੀ ਦਾ ਇਕ ਨਵਾਂ ਦੌਰ ਲੈ ਆਂਦਾ ਉਥੇ ਬਾਅਦ ਵਿਚ ਥੋੜ੍ਹ ਚਿਰੇ ਸਾਬਤ ਹੋਏ ਇਸ ਦੌਰ ਨੇ,

ਪੰਜਾਬੀ ਲੋਕਾਂ ਦੇ ਰਹਿਣ-ਸਹਿਣ ਵਿਚ ਕਈ ਵਿਗਾੜ ਪੈਦਾ ਕੀਤੇ। ਵਿਆਪਕ ਮਸ਼ੀਨੀਕਰਨ ਨੇ ਜਿਥੇ ਵਿਹਲ ਪੈਦਾ ਕੀਤੀ ਉਥੇ ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ, ਪੇਂਡੂ ਮਜ਼ਦੂਰਾਂ ਤੇ ਗਰੀਬ ਕਿਸਾਨੀ ਨੂੰ ਛੱਡ ਕੇ, ਕਿਸਾਨੀ ਦਾ ਵੱਡਾ ਹਿੱਸਾ ਸਰੀਰਕ ਕੰਮ ਨੂੰ ਮੁਕੰਮਲ ਤਿਲਾਂਜਲੀ ਦੇਣ ਦੀ ਹੱਦ ਤੱਕ ਚਲਾ ਗਿਆ। ਖਾਣ-ਪੀਣ ਤੇ ਨਸ਼ਿਆਂ, ਵਿਸ਼ੇਸ਼ ਕਰਕੇ ਸ਼ਰਾਬ ਦੇ ਮਾਮਲੇ ਵਿਚ ਰੱਜ ਕੇ 'ਬਦਤਮੀਜ਼ੀ' ਕੀਤੀ ਗਈ। ਇਸੇ ਸਮੇਂ ਦੌਰਾਨ, ਮੁਲਾਜ਼ਮਤ ਰਾਹੀਂ ਮੱਧ-ਵਰਗ ਵਿਚ ਸ਼ਾਮਲ ਹੋਏ ਲੋਕਾਈ ਦੇ ਇਕ ਹੋਰ ਗਿਣਨਯੋਗ ਹਿੱਸੇ ਨੇ ਵੀ ਇਹੋ ਤਰਜੇ ਜ਼ਿੰਦਗੀ ਅਪਣਾ ਲਈ। ਇਸ ਸਭ ਕਾਸੇ ਦੇ ਸਿੱਟੇ ਵਜੋਂ ਪੰਜਾਬੀ ਵਸੋਂ ਦਾ ਚੋਖਾ ਹਿੱਸਾ ਸਮੇਤ ਪੇਂਡੂ ਲੋਕਾਂ ਦੇ, ਅੱਜ ਨਵੀਂ ਤਰਜ਼ੇ ਜ਼ਿੰਦਗੀ, ਦੇ ਰੋਗਾਂ (Life style diseases) ਮੋਟਾਪਾ, ਬਲੱਡ ਪਰੈਸ਼ਰ, ਸ਼ੂਗਰ, ਹਾਰਟ ਅਟੈਕ ਆਦਿ ਦਾ ਸ਼ਿਕਾਰ ਹੋ ਚੁੱਕਾ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 97)

### 2.3.12 ਗ਼ਰੀਬ

ਭਗਤ ਕਬੀਰ ਜੀ ਤਤਕਾਲੀ ਦੌਰ ਵਿਚ ਅਮੀਰਾਂ ਦੁਆਰਾ, ਹਉਮੈ ਵੱਸ, ਗ਼ਰੀਬਾਂ ਦਾ ਮਜ਼ਾਕ ਉਡਾਏ ਜਾਣ ਦਾ ਉਲੇਖ ਕਰਦੇ ਹਨ। ਗੁਰੂ ਅੰਗਦ ਦੇਵ ਜੀ ਦੇ ਜੀਵਨ-ਕਾਲ ਦੇ ਤਤਕਾਲੀ ਹਾਲਾਤਾਂ ਦਾ ਵੇਰਵਾ ਪ੍ਰਸਤੁਤ ਕਰਦੇ ਹੋਏ ਡਾ. ਤਾਰਨ ਸਿੰਘ ਲਿਖਦੇ ਹਨ, "ਉੱਚੇ ਜਾਂ ਮੱਧ ਵਰਗ ਦੇ ਲੋਕ ਖ਼ੁਸ਼ਹਾਲ ਸਨ ਪਰ ਥਲੀਆਂ ਸ਼੍ਰੇਣੀਆਂ ਦੇ ਲੋਕ ਬਹੁਤ ਗਰੀਬ ਸਨ।" (*ਗੁਰੂ ਅੰਗਦ ਦੇਵ ਜੀ* 19) ਬਾਬਾ ਫਰੀਦ ਜੀ ਸਲਾਹ ਦੇ ਰਹੇ ਹਨ ਕਿ ਦੂਜਿਆਂ ਦੀ ਐਸ਼-ਪ੍ਰਸਤੀ ਵਾਲੀ ਜ਼ਿੰਦਗੀ ਵੱਲ ਤੱਕ ਕੇ ਆਪਣਾ ਮਨ ਨਾ ਤਰਸਾਓ:

ਕਬੀਰ ਗਰੁਬ ਨ ਕੀਜੀਐ ਰੰਕੁ ਨ ਹਸੀਐ ਕੋਇ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)
ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਆਖ਼ਰ ਸਾਦ-ਮੁਰਾਦੀ ਵੀ ਤਾਂ ਪੇਟ ਭਰਦੀ ਹੀ ਹੈ:

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਪਰ ਕਈ ਤਾਂ ਐਸੇ ਵੀ ਸਨ ਜਿਨ੍ਹਾਂ ਦੇ ਘਰ ਲੂਣ ਤੱਕ ਵੀ ਨਹੀਂ (ਭਾਵ ਕੁਝ ਵੀ ਨਹੀਂ) ਸੀ ਹੁੰਦਾ। ਗ਼ਰੀਬਾਂ ਦੀ ਹਾਲਤ ਇਹ ਸੀ ਕਿ ਉਹ [175]ਕੋਧਰੇ ਦੀ ਰੋਟੀ ਖਾ ਕੇ ਗੁਜ਼ਾਰਾ ਕਰਦੇ ਸਨ। ਤੰਗੀ ਦੇ ਅਜਿਹੇ ਹਾਲਾਤਾਂ ਵਿਚ ਰਹਿਣ ਦੇ ਬਾਵਜੂਦ ਵੀ ਜੇਕਰ ਕੋਈ ਰੱਬ ਨੂੰ ਯਾਦ ਰੱਖਦਾ ਹੈ ਤਾਂ ਬਾਬਾ ਫਰੀਦ ਜੀ ਉਸ ਤੋਂ ਸਦਕੇ ਜਾਂਦੇ ਹਨ। ਭਾਵ ਹੈ ਕਿ ਮਨੁੱਖ ਨੂੰ ਗ਼ਰੀਬੀ ਦੇ ਦੌਰ ਵਿਚ ਵੀ ਮਨ ਨਹੀਂ ਡੁਲਾਉਣਾ ਚਾਹੀਦਾ ਅਤੇ ਸਿਦਕ ਧਾਰਨ ਕਰਨਾ ਚਾਹੀਦਾ ਹੈ। ਸਿਦਕ ਰੱਖਣ ਵਾਲਿਆਂ ਦੇ ਹਾਲਾਤ ਸੁਧਰ ਹੀ ਜਾਂਦੇ ਹਨ:

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿਨ੍ਾ ਵਾਸੁ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਵਰਖਾ ਹੋਣ ਲੱਗ ਪਵੇ ਤਾਂ ਗ਼ਰੀਬ ਨੂੰ ਫ਼ਿਕਰ ਲੱਗ ਜਾਂਦਾ ਹੈ ਕਿ ਉਸਦੀ ਦਿਹਾੜੀ ਖ਼ਰਾਬ ਹੋ ਜਾਵੇਗੀ। ਦੁੱਖ ਗ਼ਰੀਬੀ ਦਾ ਪੱਕਾ ਸਾਥੀ ਹੈ। ਹੇਠ ਲਿਖੀਆਂ ਪੰਕਤੀਆਂ ਵਿਚ 'ਦੁਖੁ' ਸ਼ਬਦ 'ਦਾਲਦੁ' (ਗ਼ਰੀਬੀ) ਸ਼ਬਦ ਦੇ ਨਾਲ ਰਚਿਆ-ਮਿਚਿਆ ਹੋਇਆ ਦੇਖੋ ਕਿੰਵ ਬੈਠਾ ਹੈ:

ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥

ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਨਾਨਕ ਹਰਿ ਹਰਿ ਚਉਦਿਆ ਸਭੁ ਦਾਲਦੁ ਦੁਖੁ ਲਹਿ ਜਾਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1316)

ਸਦਾ ਸਦਾ ਗੁਣ ਉਚਰੈ ਦੁਖੁ ਦਾਲਦੁ ਗਇਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 321)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਭਾਰਤ ਵਿਚ ਗ਼ਰੀਬ ਲੋਕਾਂ ਦੀ ਗਿਣਤੀ ਬਹੁਤ ਹੈ। ਕਰੋੜਾਂ ਲੋਕ ਹਨ ਜਿਨ੍ਹਾਂ ਨੂੰ ਭਰ ਪੇਟ ਭੋਜਨ ਨਹੀਂ ਮਿਲ ਰਿਹਾ। "ਭਾਰਤ ਦੀ ਸਵਾ ਸੌ ਕਰੋੜ ਤੋਂ ਵੱਧ ਦੀ ਅਬਾਦੀ ਵਿਚੋਂ ਤਕਰੀਬਨ 13 ਕਰੋੜ ਲੋਕ ਬੇਘਰ ਹਨ ਜੋ ਅਸਮਾਨ ਦੀ ਛੱਤ ਹੇਠ ਗੁਜ਼ਾਰਾ ਕਰਦੇ ਹਨ ਜਦਕਿ 19 ਕਰੋੜ ਦੇ ਲਗਭਗ ਲੋਕ ਝੁੱਗੀ-ਝੌਂਪੜੀਆਂ ਦੀ ਆੜ ਹੇਠ ਦਿਨ ਕਟੀ ਕਰ ਰਹੇ ਹਨ।" (ਕਲਸੀ, *ਰੋਜ਼ਾਨਾ ਪੰਜਾਬੀ ਜਾਗਰਣ 26.07.2016* 6) "ਅੱਜ ਦੇਸ਼ ਦੀ ਲਗਪਗ ਅੱਧੀ ਵਸੋਂ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੀ ਹੈ। ਬਹੁਗਿਣਤੀ ਬੱਚੇ ਪੇਟ ਦੀ ਅੱਗ ਬੁਝਾਉਣ ਖਾਤਰ ਪੜ੍ਹਨ ਦੀ ਉਮਰੇ ਹਰ ਕਿਸਮ ਦੀ ਮਿਹਨਤ ਮਜ਼ਦੂਰੀ ਕਰਨ ਲਈ ਮਜਬੂਰ ਹਨ। ਬੇਕਾਰੀ ਨੇ ਕੰਮ ਕਰਨਯੋਗ ਕੁੱਲ ਹੱਥਾਂ 'ਚੋਂ ਲਗਪਗ ਤੀਸਰਾ ਹਿੱਸਾ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ।" (ਮੰਗਤ ਰਾਮ ਪਾਸਲਾ, *ਰੋਜ਼ਾਨਾ ਅਜੀਤ 10.10.2017* 4)

"ਮੁੱਠੀ ਭਰ ਪੇਂਡੂ ਤੇ ਸ਼ਹਿਰੀ ਧਨਾਢਾਂ, ਭ੍ਰਿਸ਼ਟ ਤੇ ਬੇਈਮਾਨ ਸਿਆਸਤਦਾਨਾਂ ਤੇ ਅਫ਼ਸਰਸ਼ਾਹਾਂ ਅਤੇ ਸਿਸਟਮ ਦਾ ਭੇਤ ਪਾ ਚੁੱਕੇ ਅਤੇ ਇਸ ਨੂੰ ਚੂੰਡਣ-ਚੱਟਣ ਦਾ ਵੱਲ ਸਿੱਖ ਚੁੱਕੇ ਕੁਝ 'ਚੁਸਤ-ਚਲਾਕ' ਬੰਦਿਆਂ ਨੂੰ ਛੱਡ ਕੇ, ਲੋਕਾਈ ਦਾ ਇਕ ਵੱਡਾ ਹਿੱਸਾ, ਅਜੋਕੇ ਬਹੁ-ਚਰਚਿਤ ਵਿਕਾਸ ਦੇ ਹਾਸ਼ੀਏ ਤੇ ਖੜ੍ਹਾ ਹੈ। ਇੱਕੀਵੀਂ ਸਦੀ ਦੇ ਹਾਣ ਦੀਆਂ ਸੁਵਿਧਾਵਾਂ-ਸਹੂਲਤਾਂ ਤੋਂ ਸੱਖਣਾ ਇਹ ਪੰਜਾਬ ਗਰੀਬੀ, ਅਨਪੜ੍ਹਤਾ, ਜ਼ਹਾਲਤ, ਤੇ ਜਲਾਲਤ ਭਰੀ ਜ਼ਿੰਦਗੀ ਜਿਉਣ ਲਈ ਸਰਾਪਿਆ ਹੋਇਆ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 95) ਮੌਸਮ ਦੀਆਂ ਕਰੋਪੀਆਂ ਦਾ ਸਭ ਤੋਂ ਵੱਧ ਖ਼ਮਿਆਜ਼ਾ ਇਨ੍ਹਾਂ ਗ਼ਰੀਬ ਲੋਕਾਂ ਨੂੰ ਹੀ ਭੁਗਤਣਾ ਪੈਂਦਾ ਹੈ। ਗ਼ਰੀਬੀ ਕਾਰਨ ਭਰ ਪੇਟ ਭੋਜਨ ਨਾ ਮਿਲਣ ਕਰਕੇ ਇਨ੍ਹਾਂ ਲੋਕਾਂ ਨੂੰ ਕਈ ਪ੍ਰਕਾਰ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ।

"ਜੀਵਨ ਜਿਊਣ ਦੀਆਂ ਜ਼ਰੂਰਤਾਂ ਉਸ (ਗ਼ਰੀਬ) ਨੂੰ ਨਿਰਾਸ਼ਾ ਵੱਲ ਧੱਕ ਰਹੀ ਹੈ। ਅਸਲ ਵਿਚ ਗ਼ਰੀਬੀ ਅਤੇ ਇਸ ਦੀ ਉਪਜ, ਭੁੱਖਮਰੀ, ਭਾਰਤ ਵਰਗੇ ਲੋਕਤੰਤਰ ਦੇ ਮੱਥੇ ਉੱਤੇ ਕਲੰਕ ਵਾਂਗ ਦਿਖਾਈ ਦੇਣ ਲੱਗੀ ਹੈ।" (ਗੁਰਮੀਤ ਪਲਾਹੀ, *ਰੋਜ਼ਾਨਾ ਪੰਜਾਬੀ ਜਾਗਰਣ 17.10.2017* 6) "ਜਿਸ ਮਨੁੱਖ ਨੂੰ ਸਿਰਫ ਢਿੱਡ ਵਿਚਲੀ ਅੱਗ ਬੁਝਾਉਣ ਦਾ ਫਿਕਰ ਹੋਵੇ, ਉਹਦੇ ਲਈ ਸਿਆਸੀ, ਧਾਰਮਿਕ ਅਤੇ ਜ਼ਿੰਦਗੀ ਬਾਬਤ ਵਿਚਾਰ ਕੋਈ ਮਾਇਨਾ ਨਹੀਂ ਰੱਖਦੇ। ਉਹਦਾ ਸਵੈ-ਅਭਿਮਾਨ ਖਤਮ ਹੈ ਤੇ ਉਹਨੂੰ ਹਰ ਗੱਲ 'ਚ 'ਦੋ ਅਤੇ ਦੋ ਚਾਰ ਰੋਟੀਆਂ' ਹੀ ਨਜ਼ਰ ਆਉਂਦੀਆਂ ਹਨ... ...।" (ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ* 66)

### 2.3.13 ਮੰਗਤੇ

ਸਲੋਕ ਬਾਣੀ-ਰੂਪ ਦੀਆਂ ਕਈ ਪੰਕਤੀਆਂ ਹਨ ਜਿਨ੍ਹਾਂ ਵਿਚ ਜੀਵ, ਮੰਗਤਾ ਰੂਪ ਹੋ ਕੇ, ਪ੍ਰਭੂ ਦੇ ਦਰਬਾਰ 'ਤੇ ਖਲੋਤਾ ਹੈ। ਇਹ (ਜਾਚਕੁ) ਦੁਨਿਆਵੀ ਮੰਗਤੇ ਦਾ ਚਿੰਨ੍ਹ ਹੈ ਜੋ ਭਿੱਖਿਆ ਲਈ ਜਾਚਨਾ ਕਰਦਾ ਹੈ। ਜੀਵ ਵੀ ਪ੍ਰਭੂ ਦੇ ਦਰਵਾਜ਼ੇ 'ਤੇ ਖੜ੍ਹਾ ਭਿੱਖਿਆ ਲਈ ਬੇਨਤੀ ਕਰਦਾ ਹੈ। ਜੀਵ ਮੰਗਤਾ-ਰੂਪ ਹੋ ਕੇ, ਪ੍ਰਭੂ ਦੀ ਦਰਵੱਟਣੀ ਉੱਤੇ ਬੈਠ ਕੇ, ਨਾਮ-ਰੂਪੀ ਰੋਜ਼ੀ ਲਈ ਪੁਕਾਰ ਕਰਦਾ ਹੈ, ਜਦੋਂ ਮਿਲਦੀ ਹੈ ਤਾਂ ਖਾਂਦਾ (ਤ੍ਰਿਪਤਦਾ) ਹੈ। ਇਹ ਪੰਕਤੀਆਂ ਤਤਕਾਲੀ ਦੌਰ ਵਿਚ ਮੰਗਤਿਆਂ ਦੀ ਹੋਂਦ ਪ੍ਰਤਿ ਨਿਰਣਾਜਨਕ ਹਨ।

ਗੁਰੂ ਅਰਜਨ ਦੇਵ ਜੀ ਅਨੁਸਾਰ ਭੁੱਖੇ ਮਨੁੱਖ ਲਈ ਆਦਰ, ਨਿਰਾਦਰ ਅਤੇ ਕੁਬੋਲ ਕੋਈ ਮਾਇਨਾ ਨਹੀਂ ਰੱਖਦੇ ਕਿਉਂਕਿ ਭੁੱਖ ਦੇ ਵੱਡੇ ਸੁਆਲ ਅੱਗੇ 'ਲੱਜਾ' ਕਿਸੇ ਵੱਡੇ ਅਰਥ ਵਾਲਾ ਸ਼ਬਦ ਨਹੀਂ:

ਜਾਚਕੁ ਮੰਗੈ ਦਾਨੁ ਦੇਹਿ ਪਿਆਰਿਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 320)

ਜਾਚਿਕੁ ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 323)

ਹਰਿ ਆਪੇ ਭਿਖਿਆ ਪਾਇਦਾ ਸਭ ਸਿਸਟਿ ਉਪਾਈ ਜੀਅ ਜੰਤ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1315)

ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥ ਦਾਤਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਜੇਤੇ ਜੀਅ ਫਿਰੈ ਅਉਧੂਤੀ ਆਪੇ ਭਿਖਿਆ ਪਾਵੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1238)

ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)

ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 317)

ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਕੋਈ ਦਰ 'ਪੁਰ ਪੁਕਾਰ ਕਰ ਕੇ, ਕੋਈ ਤੁੱਰੀ (ਨਾਦ) ਵਜਾ ਕੇ, ਕੋਈ ਸਿੰਙੀ ਵਜਾ ਕੇ ਅਤੇ ਕੋਈ ਅਸੀਸ ਦੇ ਕੇ ਮੰਗਦਾ ਹੈ। ਗੁਰੂ ਜੀ ਆਖਦੇ ਹਨ ਕਿ ਦੁਨਿਆਵੀ ਦਰ ਤੋਂ ਤਾਂ ਕੋਈ (ਮੰਗਤਾ) ਖ਼ਾਲੀ ਮੁੜ ਸਕਦਾ ਹੈ ਪਰ ਕਰਤਾਰ ਦਾ ਦਰ ਐਸਾ ਭਰਿਆ-ਪੂਰਾ ਹੈ ਕਿ ਓਥੋਂ ਖ਼ਾਲੀ ਮੁੜਨ ਦਾ ਸੁਆਲ ਹੀ ਨਹੀਂ। ਗੁਰੂ ਜੀ ਰੂਪ ਵਟਾ ਕੇ ਸਾਂਗ ਰਚਣ ਵਾਲਿਆਂ, ਜੋ ਨੱਚ-ਨੱਚ ਕੇ ਤਾਲ ਪੂਰਦੇ ਹਨ, ਨੂੰ ਵੀ ਮੰਗਤਿਆਂ ਦੀ ਸ਼੍ਰੇਣੀ ਵਿਚ ਤਸਲੀਮ ਕਰਦੇ ਹਨ (ਭਾਵੇਂ ਉਹ ਲੋਕ ਆਪਣੇ ਇਸ ਕਰਮ ਨੂੰ ਭਗਤੀ ਮੰਨਦੇ ਸਨ)। ਕਈ ਹੱਡ-ਹਰਾਮੀ ਕੰਨ ਪੜਵਾ, ਫ਼ੱਕਰ ਹੋ ਕੇ, ਲੋਕਾਂ ਦੇ ਦਰਾਂ 'ਤੇ ਮੰਗਦੇ ਫਿਰਦੇ ਸਨ:

ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ॥

ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਨਾਨਕ ਪੁਰ ਦਰ ਵੇਪਰਵਾਹ ਤਉ ਦਰਿ ਊਣਾ ਨਾਹਿ ਕੋ ਸਚਾ ਵੇਪਰਵਾਹੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਮੰਗਤਿਆਂ ਦੀ ਭਰਮਾਰ ਹੈ। ਚੌਂਕਾਂ ਵਿਚ ਫਟੇਹਾਲ ਖੜ੍ਹੇ ਬੱਚੇ, ਬੱਚੀਆਂ ਅਤੇ ਔਰਤਾਂ ਪੈਸੇ-ਪੈਸੇ ਲਈ ਹੱਥ ਪਸਾਰਦੇ ਦਿਖਾਈ ਦਿੰਦੇ ਹਨ। "ਪੰਜਾਬ ਦੀ ਵਸੋਂ ਦਾ ਇੱਕ ਹਿੱਸਾ, ਜਿਥੇ ਥੁੜ੍ਹਾਂ, ਘੋਰ ਗੁਰਬਤ ਤੇ ਕੁਪੋਸ਼ਣ ਦੀਆਂ ਬੀਮਾਰੀਆਂ ਨਾਲ ਮਰ ਰਿਹਾ ਹੈ, ਉਥੇ ਇਕ ਹੋਰ ਹਿੱਸਾ ਬਹੁਲਤਾ, ਅਮੀਰੀ, ਬੇਢੰਗੇ ਖਾਣ ਕੁਢੰਗੇ ਜੀਉਣ ਦੀਆਂ ਬਿਮਾਰੀਆਂ ਨਾਲ ਮਰਨ ਪਈ ਸਰਾਪਿਆ ਜਾ ਰਿਹਾ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 97) "ਸਾਡੇ ਦੇਸ਼ ਦੀ ਬਹੁਤੀ ਜਨਤਾ ਅਨਪੜ੍ਹ ਜਾਂ ਗ਼ਰੀਬੀ ਨਾਲ ਘੁਲਦੀ ਕੇਵਲ ਦੋ ਵਕਤ ਦੀ ਰੋਟੀ ਦਾ ਇੰਤਜ਼ਾਮ ਕਰਨ ਲਈ ਜ਼ਿੰਦਗੀ ਗੁਜ਼ਾਰ ਰਹੀ ਹੈ। ਵੋਟਾਂ ਦੇ ਦਿਨਾਂ ਵਿਚ ਸਾਡੇ ਘਾਗ ਲੀਡਰ ਧੋਤੀਆਂ, ਟੋਪੀਆਂ ਗ਼ਰੀਬ ਲੋਕਾਂ ਵਿਚ ਵੰਡਦੇ ਹਨ ਜਾਂ ਸ਼ਰਾਬ ਦੇ ਸ਼ੌਕੀਨਾਂ ਨੂੰ ਪਰਚਾਉਣ ਲਈ ਚੋਰੀ ਛਿਪੇ ਰਾਤ-ਬਰਾਤੇ ਨਸ਼ਾ ਘਰ ਤੱਕ ਪਹੁੰਚਾਉਂਦੇ ਹਨ ਤੇ ਤੰਗੀ ਤੁਰਸ਼ੀ ਦੇ ਮਾਰੇ ਲੋਕਾਂ ਲਈ ਕੁਝ ਦਿਨਾਂ ਦਾ ਮੇਲਾ ਲੱਗ ਜਾਂਦਾ ਹੈ ਤੇ ਲੀਡਰ ਵੋਟਾਂ

ਬਟੋਰ ਕੇ ਰਾਜ ਗੱਦੀਆਂ ਸੰਭਾਲ ਲੈਂਦੇ ਹਨ।" (ਮਾਨ, *ਰੋਜ਼ਾਨਾ ਅਜੀਤ 03.11.2017* 4) "ਭੁੱਖਮਰੀ ਵਾਲੀ ਸੰਸਾਰ ਦੀ ਸਾਰੀ ਆਬਾਦੀ ਦਾ ਹਿੱਸਾ ਭਾਰਤ ਵਿਚ ਵਸਦਾ ਹੈ। ਦੇਸ਼ ਵਿਚ 53.3 ਫ਼ੀਸਦੀ ਔਰਤਾਂ ਅਤੇ ਬੱਚੇ ਭੁੱਖਮਰੀ ਦਾ ਸ਼ਿਕਾਰ ਹਨ। ਕੁਪੋਸ਼ਣ ਕਾਰਨ ਹਰ ਸਾਲ ਪੰਜ ਤੋਂ ਘੱਟ ਉਮਰ ਦੇ ਦਸ ਲੱਖ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਲੱਖਾਂ ਬੱਚੇ ਸਕੂਲਜਾਣ ਦੀ ਉਮਰ ਵਿਚ ਬਾਲ ਮਜ਼ਦੂਰੀ ਕਰ ਕੇ ਦਿਨ ਕਟੀ ਕਰਨ ਲਈ ਮਜਬੂਰ ਹਨ। ਭੁੱਖ ਸਬੰਧੀ ਸੂਚੀ ਭਾਰਤ ਦਾ ਵਿਸ਼ਵ ਵਿਚ 119 ਵਿੱਚੋਂ 100ਵਾਂ ਸਥਾਨ ਹੈ।" (ਨਰਿੰਦਰ ਸਿੰਘ, *ਰੋਜ਼ਾਨਾ ਪੰਜਾਬੀ ਜਾਗਰਣ 20.11.2017* 4)

### 2.3.14 ਲੁਟੇਰੇ

ਧਾੜਵੀ ਲੁਟੇਰੇ ਤੁਰੇ ਜਾ ਰਹੇ ਕਾਫ਼ਲਿਆਂ ਉੱਪਰ ਹਮਲਾ ਕਰ ਕੇ ਉਨ੍ਹਾਂ ਨੂੰ ਲੁੱਟਦੇ ਸਨ। ਭਗਤ ਕਬੀਰ ਜੀ ਹੋਰ-ਹੋਰ ਲੁੱਟਾਂ ਛੱਡ ਕੇ ਰਾਮ-ਨਾਮ ਦਾ ਖ਼ਜ਼ਾਨਾ ਲੁੱਟਣ ਦਾ ਸੰਦੇਸ਼ ਦਿੰਦੇ ਹਨ:

ਮੁਠੜੇ ਸੇਈ ਸਾਥ ਜਿਨੀ ਸਚੁ ਨ ਲਦਿਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 319)

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥

ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਰਾਹਗੀਰਾਂ ਨੂੰ ਰੋਕ ਕੇ ਉਨ੍ਹਾਂ ਦੀ ਨਕਦੀ, ਹੋਰ ਸਾਮਾਨ ਅਤੇ ਵਾਹਨ ਅਕਸਰ ਖੋਹ ਲਏ ਜਾਂਦੇ ਹਨ। "ਜੰਗਾਂ, ਜੁਧਾਂ, ਹਮਲਿਆਂ, ਲੁਟਾਂ ਆਦਿ ਦਾ ਫਲ ਸਰੂਪ ਇਹ ਹੈ ਕਿ ਇਹ (ਪੰਜਾਬੀ) ਆਪਣੇ ਸਰੀਰ ਨੂੰ ਸ਼ਕਤੀ ਵਾਨ ਅਤੇ ਬਲਵਾਨ ਬਣਾਈ ਰਖਣ ਲਈ ਕਸਰਤਾਂ ਦੇ ਸ਼ੌਕੀਨ ਹਨ।" (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 146)

### 2.3.15 ਅਮੀਰੀ ਦੇ ਗ਼ਰੂਰ ਵਿਚ ਬੇਸ਼ਰਮ

ਤਤਕਾਲੀ ਚਰਿੱਤਰਾਂ ਦੀ ਇਹ ਵੀ ਇੱਕ ਵੰਨਗੀ ਸੀ। ਇਹ ਧਨ ਦੇ ਨਸ਼ੇ ਵਿਚ ਚੂਰ ਹੋ ਕੇ ਅਲੋਕਾਰੇ ਕੰਮ ਕਰਦੇ ਸਨ। ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਸੱਤਾ, ਧਨ, ਸੁੰਦਰਤਾ, ਜਾਤ ਦਾ ਹੰਕਾਰ ਅਤੇ ਜਵਾਨੀ ਦਾ ਗ਼ਰੂਰ ਪੰਜ ਐਸੇ ਮਹਾਂ-ਠਗ ਹਨ, ਜਿਨ੍ਹਾਂ ਦਾ ਠਗਿਆ ਹੋਇਆ ਵਿਅਕਤੀ ਚਾਹ ਕੇ ਵੀ ਆਪਣੀ ਗੁਆਚੀ ਇੱਜ਼ਤ ਮੁੜ ਪ੍ਰਾਪਤ ਨਹੀਂ ਕਰ ਸਕਦਾ। ਭਾਵ ਇਨ੍ਹਾਂ ਪੰਜਾਂ ਦਾ ਨਸ਼ਾ ਮਨੁੱਖ ਪਾਸੋਂ ਅਜਿਹੇ ਅਸੱਭਿਯ ਕੰਮ ਕਰਵਾ ਦਿੰਦਾ ਹੈ ਕਿ ਉਹ (ਮਨੁੱਖ) ਚਾਹ ਕੇ ਵੀ ਮੁੜ ਪਹਿਲਾਂ ਜਿਹਾ ਨਹੀਂ ਬਣ ਪਾਉਂਦਾ। ਸੱਤਾ ਅਤੇ ਧਨ ਦੇ ਗ਼ਰੂਰ ਵਿਚ ਮਨੁੱਖ ਸੱਭਿਆਚਾਰ ਦੀਆਂ ਧਜੀਆਂ ਉਡਾ ਦਿੰਦਾ ਹੈ। ਹੋਰਾਂ ਨਾਲ ਧੱਕਾ ਕਰ ਕੇ, ਉਨ੍ਹਾਂ 'ਤੇ ਜ਼ੁਲਮ ਕਰ ਕੇ, ਉਹ ਬੜਾ ਚੌੜਾ ਹੁੰਦਾ ਹੈ:

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥

ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਰਾਜਿ ਰੰਗੁ ਮਾਲਿ ਰੰਗੁ॥ ਰੰਗਿ ਰਤਾ ਨਚੈ ਨੰਗੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਜੋਰ ਜੁਲਮ ਫੂਲਹਿ ਘਨੋ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 255)

ਰਾਜੇ-ਰਾਣੀਆਂ ਦੇ ਸਾਂਗ ਕਰਦੇ ਹੋਏ ਰਾਸਧਾਰੀਏ ਉਨ੍ਹਾਂ ਦੀਆਂ ਕੀਤੀਆਂ ਹੋਈਆਂ ਉਲਟ-ਪੁਲਟ ਗੱਲਾਂ ਦੀਆਂ ਨਕਲਾਂ ਲਾਉਂਦੇ ਹਨ, ਜਿਨ੍ਹਾਂ ਤੋਂ ਉਨ੍ਹਾਂ ਦੇ ਅਸਲ ਜੀਵਨ ਬਾਰੇ ਪਤਾ ਲੱਗਦਾ ਹੈ। ਭਗਤ ਕਬੀਰ ਜੀ ਬਿਆਨ ਕਰਦੇ ਹਨ ਕਿ ਅਮੀਰੀ ਦੇ

ਨਸ਼ੇ ਵਿਚ ਮਦ-ਮਸਤ ਮਨੁੱਖ ਓਪਰੇ ਤੌਰ 'ਤੇ ਧੋਤੀ ਹੋਈ ਲਾਖ ਵਰਗਾ ਚਮਕਦਾਰ ਲਗਦਾ ਹੈ ਪਰ ਉਹ ਵਿਹਾਰ ਦਾ ਚੰਚਲ ਅਤੇ ਜੀਵਨ ਗੰਦਾ ਹੁੰਦਾ ਹੈ:

ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ ਲਾਖ॥

ਦੀਸੈ ਚੰਚਲੁ ਬਹੁ ਗੁਨਾ ਮਤਿ ਹੀਨਾ ਨਾਪਾਕ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਵੀ ਇਸ ਭਾਵ ਤੋਂ ਅਛੂਤਾ ਨਹੀਂ। ਅਮੀਰੀ ਦੇ ਨਸ਼ੇ ਵਿਚ ਗ਼ਲਤਾਨ ਮਨੁੱਖ ਦੂਜਿਆਂ ਨੂੰ ਹੀਣੇ ਸਮਝਦੇ ਹਨ ਤੇ ਅਕਸਰ ਉਨ੍ਹਾਂ ਨਾਲ ਧੱਕਾ ਕਰਦੇ ਹਨ। "ਪੰਜਾਬ ਦੀ ਵਸੋਂ ਦਾ ਇੱਕ ਹਿੱਸਾ, ਜਿਥੇ ਥੁੜ੍ਹਾਂ, ਘੋਰ ਗੁਰਬਤ ਤੇ ਕੁਪੋਸ਼ਣ ਦੀਆਂ ਬੀਮਾਰੀਆਂ ਨਾਲ ਮਰ ਰਿਹਾ ਹੈ, ਉਥੇ ਇਕ ਹੋਰ ਹਿੱਸਾ ਬਹੁਲਤਾ, ਅਮੀਰੀ, ਬੇਢੰਗੇ ਖਾਣ ਕੁਢੰਗੇ ਜੀਉਣ ਦੀਆਂ ਬਿਮਾਰੀਆਂ ਨਾਲ ਮਰਨ ਪਈ ਸਰਾਪਿਆ ਜਾ ਰਿਹਾ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 97) "ਸ਼ਹਿਰੀਕਰਣ ਦੀ ਬਦੌਲਤ ਦਿਨੋ ਦਿਨ ਘਟ ਰਹੀ ਖੇਤੀਯੋਗ ਜ਼ਮੀਨ, ਕਈ ਪੀੜ੍ਹੀਆਂ ਤੋਂ ਬਣਾਈ ਗਈ ਜ਼ਮੀਨ ਦਾ ਕਿੱਲਿਆਂ ਤੋਂ ਗ਼ਜ਼ਾਂ ਵਿਚ ਵਟ ਕੇ ਵਿਕਣ ਦੀ ਪ੍ਰਕਿਰਿਆ ਵਿਚ ਪ੍ਰਾਪਤ ਹੋਈ ਤਾਜ਼ਾ ਦੌਲਤ ਨੇ ਇਕ ਅਜਿਹਾ ਨਵਧਨਾਢ ਵਰਗ ਪੈਦਾ ਕਰ ਦਿੱਤਾ ਹੈ ਜਿਸ ਦੀ ਅਮੀਰੀ ਮਨਸੂਈ ਹੈ ਤੇ ਕਮਾਏ ਪੈਸੇ ਦਾ 'ਅਨਪ੍ਰੋਡਕਟਿਵ' ਵਸਤਾਂ ਵਿਚ ਇਸਤੇਮਾਲ ਨੇ ਆਰਥਿਕ ਤਵਾਜ਼ਨ ਤਾਂ ਵਿਗਾੜਿਆ ਹੀ ਹੈ, ਸਮਾਜਿਕ ਤਵਾਜ਼ਨ ਵੀ ਵਿਗਾੜ ਦਿੱਤਾ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 162-163) "ਅਮੀਰੀ ਫਿਰ ਸਭ ਪਰਦੇ ਢੱਕ ਲੈਂਦੀ ਹੈ। ਚਾਹੇ ਅਮੀਰਜ਼ਾਦੇ ਕੋਲ ਕੋਈ ਪੜ੍ਹਾਈ ਦੀ ਡਿਗਰੀ ਹੈ ਜਾਂ ਨਹੀਂ, ਉਹ ਪੜ੍ਹਿਆ ਲਿਖਿਆ, ਖਾਨਦਾਨੀ ਅਤੇ ਸਾਊ ਕਹਾਉਂਦਾ ਹੈ। ਉਹਦੇ ਧਾਰਮਿਕ ਅਤੇ ਸਿਆਸੀ ਵਿਚਾਰਾਂ ਦੀ ਕਦਰ ਹੁੰਦੀ ਹੈ। ਉਹਨੂੰ ਆਜ਼ਾਦੀ ਹੈ, ਜੋ ਮਰਜ਼ੀ ਕਰੇ ਤੇ ਉਹਦੇ ਲਈ ਕੋਈ ਸਰਕਾਰੀ ਕਾਨੂੰਨ ਕੰਮ ਨਹੀਂ ਕਰਦੇ ਤੇ ਉਹ ਉਸ ਮੁਲਕ ਦਾ ਕਦੀ ਵੀ ਨੁਮਾਇੰਦਾ ਬਣ ਸਕਦੈ।" (ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ* 23)

### 2.3.16 ਜੁਆਰੀਏ

ਸਲੋਕ ਬਾਣੀ-ਰੂਪ ਦੀ ਨਿਮਨਲਿਖਿਤ ਪੰਕਤੀ ਵਿਚ ਗੁਰੂ ਅਮਰਦਾਸ ਜੀ ਜੂਏ ਦਾ ਦ੍ਰਿਸ਼ਟਾਂਤ ਮਨੁੱਖ ਦੇ ਸਨਮੁਖ ਰੱਖਦੇ ਹੋਏ ਉਸਨੂੰ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਜੁਆਰੀਆ ਜੂਏ ਵਿਚ ਆਪਣਾ ਮਾਲ-ਧਨ ਹਾਰ ਜਾਂਦਾ ਹੈ, ਉਸੇ ਤਰ੍ਹਾਂ ਇਹ ਮਨੁੱਖ ਗੁੱਸੇ ਦੇ ਵੇਗ ਅਧੀਨ ਆਪਣੀ ਮੱਤ ਹਾਰ ਬੈਠਦਾ ਹੈ। ਗੁਰੂ ਰਾਮਦਾਸ ਜੀ ਪ੍ਰਭੂ ਨੂੰ ਯਾਦ ਨਾ ਕਰਨ ਵਾਲੇ ਮਨੁੱਖ ਦੇ ਜੀਵਨ ਦੀ ਤੁਲਨਾ ਜੂਏ ਵਿਚ ਸਾਰਾ ਧਨ ਹਾਰ ਕੇ ਤੁਰ ਪਏ ਮਨੁੱਖ ਨਾਲ ਕਰਦੇ ਹਨ। ਇਹ ਪੰਕਤੀਆਂ, ਜਿਨ੍ਹਾਂ ਵਿਚ ਜੂਏ ਵਿਚ ਮਾਲ-ਧਨ ਹਾਰਨ ਦਾ ਜ਼ਿਕਰ ਹੈ, ਤਤਕਾਲੀ ਦੌਰ ਵਿਚ ਜੂਏ ਦੇ ਪ੍ਰਚਲਨ 'ਪੁਰ ਝਾਤ ਪੁਆਉਂਦੀਆਂ ਹਨ:

ਅੰਤਰਿ ਕ੍ਰੋਧੁ ਜੂਐ ਮਤਿ ਹਾਰੀ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 314)

ਜਿਨ ਹਰਿ ਹਰਿ ਨਾਮੁ ਨ ਚੇਤਿਓ ਤਿਨ ਜੂਐ ਜਨਮੁ ਸਭੁ ਹਾਰਿਓ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1314)

**ਅਜੋਕੀ ਸਥਿਤੀ:** ਅਖ਼ਬਾਰਾਂ ਵਿਚ ਜੂਆ ਖੇਡਦੇ ਜੁਆਰੀਆਂ ਨੂੰ ਰੰਗੇ ਹੱਥੀਂ ਫੜੇ ਜਾਣ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਹਨ, ਜਿਨ੍ਹਾਂ ਤੋਂ ਅਜੋਕੇ ਦੌਰ ਵਿਚ ਇਸ ਪ੍ਰਥਾ ਦੇ ਪ੍ਰਚਲਨ ਬਾਰੇ ਪਤਾ ਲੱਗਦਾ ਹੈ।

## 2.3.17 ਠਗ

ਠਗਾਂ ਦਾ ਇਤਿਹਾਸ ਬੜਾ ਪੁਰਾਣਾ ਹੈ। ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ-ਕਾਲ ਵਿਚ ਵੀ ਇਹ ਸਰਗਰਮ ਸਨ। "ਮੁਹੰਮਦ ਸਾਹਿਬ (570 ਈ:-632 ਈ: ਸੰਨ) (*ਇਸਲਾਮ ਤੇ ਗੁਰਮਤਿ 1)* ਅਰਬ ਵਾਸੀਆਂ ਦੀ ਧਾਰਮਿਕ ਅਤੇ ਸਮਾਜਕ ਦਸ਼ਾ ਤੋਂ ਬਹੁਤ ਚਿੰਤਾਤੁਰ ਸਨ। ... ... ਉਹ ਅਰਬਾਂ ਵਿਚ ਡਾਕੂਆਂ, ਲੁਟੇਰਿਆਂ, ਠੱਗਾਂ, ਚੋਰਾਂ, ਵਿਭਚਾਰੀਆਂ ਦੀ ਹੋਂਦ ਅਤੇ ਵੱਖ-ਵੱਖ ਕਬੀਲਿਆਂ ਵਿਚ ਲੜਾਈ ਤੋਂ ਬਹੁਤ ਦੁਖੀ ਸਨ।" (*ਇਸਲਾਮ ਤੇ ਗੁਰਮਤਿ 2)* ਸੱਜਣ ਠਗ[176] ਨੂੰ ਕੌਣ ਨਹੀਂ ਜਾਣਦਾ? ਸਲੋਕ ਬਾਣੀ-ਰੂਪ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਠਗਾਂ ਬਾਰੇ ਉਲੇਖ ਮਿਲਦੇ ਹਨ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਗੁਰਬਾਣੀ ਰਚਨਾ-ਕਾਲ ਵਿਚ ਵੀ ਠਗ ਸਰਗਰਮ ਸਨ। ਇਹ ਧਨ ਨੂੰ ਹਰਨ ਵਾਲੇ ਸਨ। ਹੇਠਲੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਪ੍ਰਭੂ ਦੇ ਨਾਮ-ਧਨ ਦੀ ਵਿਸ਼ੇਸ਼ਤਾ ਦਰਸਾਉਂਦੇ ਹੋਏ ਫ਼ਰਮਾਉਂਦੇ ਹਨ ਕਿ ਦੁਨਿਆਵੀ ਧਨ ਵਾਂਗ ਇਸ ਧਨ ਨੂੰ ਕੋਈ ਚੋਰ ਅਥਵਾ ਠਗ ਹਰ ਨਹੀਂ ਸਕਦਾ:

ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ॥
ਇਸੁ ਧਨੁ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 511)

ਸੱਤਾ, ਧਨ, ਸੁੰਦਰਤਾ, ਜਾਤੀ ਅਹੰਕਾਰ ਅਤੇ ਜਵਾਨੀ ਦੇ ਮਾਣ ਦੀ ਤੁਲਨਾ ਠਗਾਂ ਨਾਲ ਕਰਦੇ ਹੋਏ ਗੁਰੂ ਸਾਹਿਬ ਇਸ਼ਾਰਾ ਕਰਦੇ ਹਨ ਕਿ ਇਨ੍ਹਾਂ ਦੁਆਰਾ ਠਗੇ ਗਏ ਮਨੁੱਖ ਦੇ ਪੱਲੇ ਕੁਝ ਨਹੀਂ ਬਚਦਾ। ਜਿਵੇਂ ਠਗ ਸਭ ਕੁਝ ਹਰ ਕੇ ਲੈ ਜਾਂਦੇ ਹਨ ਤਿਵੇਂ ਹੀ ਇਹ ਠਗ ਵੀ ਬੰਦੇ ਦਾ ਬੰਦਾਪੁਣਾ (ਇਨਸਾਨੀਅਤ) ਠਗ ਲੈ ਜਾਂਦੇ ਹਨ। ਠਗਿਆ ਗਿਆ ਦਾ ਭਾਵ ਸੀ, ਲੁੱਟਿਆ ਗਿਆ:

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥
ਏਨੀਂ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥
ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਨਾਨਕ ਠਗਿਆ ਮੁਠਾ ਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਗੁਰੂ ਤੇਗ ਬਹਾਦਰ ਜੀ ਮਨੁੱਖ ਦੀ ਮਾਨਸਿਕ ਅਵਸਥਾ ਦਾ ਜ਼ਿਕਰ ਕਰਦੇ ਹੋਏ ਦੱਸਦੇ ਹਨ ਕਿ ਮਨੁੱਖ ਵੀ ਤਾਂ ਜੀਵਨ ਭਰ ਹੋਰਾਂ ਨੂੰ ਠਗਣ ਦੀਆਂ ਵਿਉਂਤਾਂ ਹੀ ਸੋਚਦਾ ਰਹਿੰਦਾ ਹੈ। ਅਜਿਹੀਆਂ ਵਿਉਂਤਾ ਬਣਾਉਂਦਿਆਂ-ਬਣਾਉਂਦਿਆ ਹੀ ਉਸਦਾ ਅੰਤ ਕਾਲ ਉਸਦੇ ਨੇੜੇ ਆ ਅੱਪੜਦਾ ਹੈ। ਮਨੁੱਖ ਨੂੰ ਆਪਣਾ ਸਮਾਂ ਚੰਗੇ ਪਾਸੇ ਲਾਉਣਾ ਚਾਹੀਦਾ ਹੈ:

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲ ਪਰੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਠਗ, ਹੱਥ ਆਏ ਮਨੁੱਖ ਨੂੰ ਮਿੱਠੀਆਂ ਗੱਲਾਂ ਵਿਚ ਫਸਾ ਕੇ ਉਸ ਨੂੰ ਠਗਮੂਰੀ (ਠਗਉਲੀ) ਖਵਾ ਕੇ ਬੇਹੋਸ਼ ਕਰ ਲੈਂਦੇ ਸਨ ਤੇ ਉਸਦਾ ਸਮਾਨ ਲੁੱਟ ਲੈਂਦੇ ਸਨ। ਹੇਠ ਲਿਖੀ ਪੰਕਤੀ ਵਿਚ ਗੁਰੂ ਸਾਹਿਬ ਮੋਹ-ਰੂਪੀ ਠਗਮੂਰੀ ਦੀ ਗੱਲ ਕਰਦੇ ਹਨ, ਜਿਸ ਦੇ ਅਸਰ ਅਧੀਨ ਮਨੁੱਖ ਬੁਰੇ ਕੰਮਾਂ ਨੂੰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਠਗਾਂ ਨਾਲ ਠਗ ਰਲ਼ ਕੇ ਬੜੇ ਖ਼ੁਸ਼ ਰਹਿੰਦੇ ਹਨ। ਠਗ

ਭਾਵੇਂ ਆਪਣੇ ਆਪ ਨੂੰ ਜਿੰਨਾ ਮਰਜ਼ੀ ਲੁਕਾਵੇ, ਅਖ਼ੀਰ (ਉਹ) ਉਜਾਗਰ ਹੋ ਹੀ ਜਾਂਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਠਗਾਂ ਨਾਲੋਂ ਪ੍ਰੀਤ ਤੋੜ ਲੈਣ ਦੀ ਸਲਾਹ ਦਿੰਦੇ ਹਨ:

ਮੋਹ [177]ਠਗਉਲੀ ਪਾਈਅਨੁ ਬਹੁ ਦੂਜੈ ਭਾਇ ਵਿਕਾਰ॥

ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 643)

ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 960)

ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਕੂੜੁ ਠਗੀ ਗੁਝੀ ਨ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 311)

ਠਗਾ ਨੀਹੁਮ ਤ੍ਰੋੜਿ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1098)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਠਗ ਸਰਗਰਮ ਹਨ। ਰੇਲਵੇ ਸਫ਼ਰ ਦੌਰਾਨ ਕਿਸੇ ਅਨਜਾਣ ਵਿਅਕਤੀ ਪਾਸੋਂ ਕੋਈ ਚੀਜ਼ ਨਾ ਲੈ ਕੇ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਕੀਮਾਂ ਰਾਹੀਂ ਸਬਜ਼ਬਾਗ ਦਿਖਾ ਕੇ ਕਈ ਲੋਕ ਹੋਰਾਂ ਨੂੰ ਠਗੀ ਦਾ ਸ਼ਿਕਾਰ ਬਣਾਉਂਦੇ ਦੇਖੀਦੇ ਹਨ।

### 2.3.18 ਚੋਰ

ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਸੰਸਾਰ ਵਿਚ ਬੇਸ਼ੁਮਾਰ ਚੋਰ, ਪਰ-ਇਸਤਰੀ ਗਾਮੀ, ਝੂਠੇ, ਭੈੜੇ ਅਤੇ ਵਿਕਾਰ-ਗ੍ਰਸਤ ਮਨੁੱਖ ਹਨ:

ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 466)

ਗੁਰੂ ਅਮਰਦਾਸ ਜੀ ਦੇ ਸਮਕਾਲੀ ਦੌਰ ਵਿਚ ਵੀ ਚੋਰਾਂ ਦਾ ਉਲੇਖ ਮਿਲਦਾ ਹੈ ਜੋ ਇਕੱਲੇ-ਇਕਹਿਰੇ ਰਾਹੀ ਨੂੰ ਲੁੱਟ ਲੈਂਦੇ ਸਨ, "ਅਕਬਰ ਦੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਅਤੇ ਆਪਣੇ ਪਰਚਾਰ ਦੀ (ਸ਼ਬਦਾਰਥ ਦੇ ਸੰਪਾਦਕ ਪੰਨਾ 1116 ਉਤੇ ਕਹਿੰਦੇ ਹਨ ਕਿ ਗੁਰੂ ਜੀ ਨੇ ਇਹ ਯਾਤਰਾ ਬਾਦਸ਼ਾਹ ਦੇ ਆਖੇ ਲਗ ਕੇ ਨਹੀਂ ਸਗੋਂ ਆਪਣੀ ਮਰਜ਼ੀ ਨਾਲ ਲੋਕਾਂ ਦੇ ਉਧਾਰ ਹਿਤ ਕੀਤੀ ਸੀ। , ਪੰਜਾਬੀ ਦੁਨੀਆ, ਗੁਰੂ ਰਾਮਦਾਸ ਅੰਕ, ਨਵੰਬਰ 62, ਪੰਨਾ 28) ਖਾਤਰ ਗੁਰੂ ਜੀ ਨੇ ਹਰਦਵਾਰ ਦੀ ਯਾਤਰਾ ਉਤੇ ਜਾਣ ਦਾ ਨਿਸਚਾ ਕੀਤਾ ਭਾਵੇਂ ਉਹ ਉਸ ਸਮੇਂ ਕਾਫ਼ੀ ਬਿਰਧ ਸਨ। ਬੀਬੀ ਭਾਨੀ, ਜੇਠਾ ਜੀ ਕੁੱਛ ਸਿੱਖ ਉਹਨਾਂ ਦੇ ਨਾਲ ਸਨ। ਰਸਤੇ ਵਿੱਚ ਬਹੁਤ ਸਾਰੇ ਲੋਕ ਤੇ ਸ਼ਰਧਾਲੂ ਨਾਲ ਰਲਦੇ ਗਏ ਕਿਉਂਕਿ ਇਕ ਤਾਂ ਜ਼ਜ਼ੀਆ ਮੁਆਫ਼ ਸੀ। ਫੇਰ ਇਤਨੀ ਵੱਡੀ ਸੰਗਤ ਦੇ ਨਾਲ ਹੋਣ ਕਰਕੇ ਰਸਤੇ ਦੇ ਦੁੱਖ-ਕਸ਼ਟ ਚੋਰ ਡਾਕੂ ਦਾ ਖਤਰਾ ਨਹੀਂ ਸੀ।" (ਸੋਢੀ, *ਗੁਰੂ ਰਾਮ ਦਾਸ: ਜੀਵਨ ਤੇ ਰਚਨਾ* 1) ਗੁਰੂ ਤੇਗ ਬਹਾਦਰ ਜੀ ਦੇ ਜੀਵਨ-ਕਾਲ ਦੌਰਾਨ ਵੀ ਚੋਰਾਂ ਦਾ ਉਲੇਖ ਮਿਲਦਾ ਹੈ, "ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦੇਸ਼ ਦੀ ਜਨਤਾ ਨੂੰ ਪਹਿਲਾਂ ਅਧਿਆਤਮਿਕ ਤੌਰ 'ਤੇ ਬਲਵਾਨ ਕੀਤਾ ਅਤੇ ਜੀਵਨ ਦੇ ਸਭ ਖੇਤਰਾਂ ਨੂੰ ਹਰਾ-ਭਰਾ ਕੀਤਾ। ... ... ਲੋਕ ਉਨ੍ਹਾਂ ਦੇ ਉਪਦੇਸ਼ਾਂ ਨੂੰ ਬੜੇ ਧਿਆਨ ਗਹੁ ਨਾਲ ਸੁਣਦੇ ਸਨ। ਆਪ ਨੇ ਚੋਰਾਂ ਤੇ ਡਾਕੂਆਂ ਨੂੰ ਧਰਮ ਦੀ ਕਮਾਈ ਕਰਨ ਵਾਲੇ ਨੇਕ ਬੰਦੇ ਬਣਾਉਣ ਦਾ ਯਤਨ ਕੀਤਾ ਜਿਹਨਾਂ ਵਿਚੋਂ ਅਨੇਕਾਂ ਨੇ ਮਾਰ ਕੁਟਾਈ ਤੇ ਕਤਲਾਂ ਨਾਲ ਦੂਜਿਆਂ ਕੋਲੋਂ ਧਨ ਖੋਹਣ ਤੇ ਚੋਰੀ ਦੇ ਕਿੱਤੇ ਛੱਡ ਕੇ ਧਰਮ ਦੇ ਰਾਹ ਦੁਆਰਾ ਦਸਾਂ ਨਹੁੰਆਂ ਦੀ ਹੱਕ ਦੀ ਕਮਾਈ ਦੇ ਕਿੱਤੇ ਫੜ ਲਏ।" (ਭਗਤ ਪੂਰਨ ਸਿੰਘ, *ਆਦਰਸ਼ਕ ਜੀਵਨ ਲਈ ਸੇਧਾਂ*

35) ਸਲੋਕ ਬਾਣੀ-ਰੂਪ ਵਿਚ ਪੰਜ ਮਹਾਂ-ਵਿਕਾਰਾਂ ਦੀ ਤੁਲਨਾ ਪੰਜ ਚੋਰਾਂ ਨਾਲ ਕੀਤੀ ਗਈ ਮਿਲਦੀ ਹੈ। ਜਿਸ ਤਰ੍ਹਾਂ ਚੋਰ ਮਨੁੱਖ ਦਾ ਮਾਲ-ਅਸਬਾਬ ਚੁਰਾ ਲੈਂਦੇ ਹਨ, ਉਸੇ ਪ੍ਰਕਾਰ ਇਹ ਪੰਜ ਚੋਰ ਮਨੁੱਖ ਦੇ ਮਾਨਵੀ ਗੁਣ ਹਰ ਲੈਂਦੇ ਹਨ। ਇਸ ਲਈ ਇਨ੍ਹਾਂ ਤੋਂ ਬਚਣ ਦਾ ਹੀਲਾ ਕਰਨਾ ਚਾਹੀਦਾ ਹੈ:

ਮਹਾ ਅਸਾਧ ਪੰਚ ਤਸਕਰਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਕਈ ਵਾਰ ਚੋਰ ਘਰ ਦੀ ਕੰਧ ਪਾੜ ਕੇ ਚੋਰੀ ਕਰਦੇ ਸਨ, ਜਿਸ ਨੂੰ 'ਸੰਨ੍ਹ ਲਾਉਣਾ' ਕਿਹਾ ਜਾਂਦਾ ਸੀ। ਹੇਠ ਲਿਖੀ ਪੰਕਤੀ ਵਿਚ ਗੁਰੂ ਸਾਹਿਬ ਇਸੇ ਢੰਗ ਨੂੰ ਆਧਾਰ ਬਣਾ ਕੇ ਮਨੁੱਖ ਉੱਪਰ ਪੈਂਦੇ ਪੰਜ ਮਹਾਂ-ਵਿਕਾਰ ਰੂਪੀ ਚੋਰਾਂ ਦੇ ਪ੍ਰਭਾਵ ਦਾ ਵਖਿਆਨ ਕਰਦੇ ਹਨ। ਗੁਰੂ ਜੀ ਮਨੁੱਖ ਦੀ ਸ਼ਖ਼ਸੀਅਤ ਨੂੰ ਲਗਦੀ ਹਉਮੈ-ਰੂਪੀ ਸੰਨ੍ਹ ਦਾ ਜ਼ਿਕਰ ਕਰਦੇ ਹਨ, ਜਿਸ ਰਾਹੀਂ ਸਾਰੇ ਵਿਕਾਰ ਮਨੁੱਖ ਦੀ ਸ਼ਖ਼ਸੀਅਤ ਅੰਦਰ ਦਾਖ਼ਲ ਹੋ ਜਾਂਦੇ ਹਨ। ਇਸ਼ਾਰਾ ਇਨ੍ਹਾਂ (ਵਿਕਾਰਾਂ) ਤੋਂ ਬਚਾਅ ਦੇ ਸਾਧਨ ਇਖ਼ਤਿਆਰ ਕਰਨ ਵੱਲ ਹੈ:

ਪੰਚ ਚੋਰ ਤਿਨਾ ਘਰੁ ਮੁਹਨਿ ਹਉਮੈ ਅੰਦਰਿ ਸੰਨ੍ਹਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 854)

ਆਪਣੇ ਜਹਿਆਂ (ਦੁਰਾਚਾਰੀਆਂ) ਦੀ ਮਜਲਿਸ ਵਿਚ ਬੈਠੇ ਇਹ (ਚੋਰ) ਬੜੇ ਫ਼ਬਦੇ ਹਨ। ਜਦੋਂ ਰਾਤ ਦਾ ਹਨੇਰਾ ਹੁੰਦਾ ਹੈ ਤਾਂ ਇਹ ਚੋਰ ਸਰਗਰਮ ਹੋ ਜਾਂਦੇ ਹਨ ਅਤੇ ਚੋਰੀ ਕਰਨ ਲਈ ਨਿਕਲ ਪੈਂਦੇ ਹਨ। ਚੋਰੀ ਕਰਨ (ਸੰਨ੍ਹ ਲਾਉਣ) ਦਾ ਲੋੜੀਂਦਾ ਸਮਾਨ ਕੋਲ ਲੈ ਕੇ ਇਹ ਹੱਲੇ ਵਾਸਤੇ ਤੁਰ ਪੈਂਦੇ ਹਨ। ਇਹ ਚੋਰੀ ਕੀਤਾ ਮਾਲ ਵਰਤਦੇ ਹਨ ਅਤੇ ਮੌਜਾਂ ਲੁੱਟਦੇ ਹਨ। ਚੋਰੀ ਦੇ ਮਾਲ ਨਾਲ ਇਹ ਆਪਣੇ ਲਈ ਵੈਭਵ ਦੀਆਂ ਵਸਤੂਆਂ ਇਕੱਤਰ ਕਰਕੇ ਸੰਸਾਰ ਨੂੰ ਆਪਣੀ ਸ਼ਾਨ ਦਿਖਾਉਂਦੇ ਹਨ:

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਕਬੀਰ ਰਾਤੀ ਹੋਵਹਿ ਕਾਰੀਆ ਕਾਰੇ ਊਭੇ ਜੰਤ॥

ਲੈ ਫਾਹੇ ਉਠਿ ਧਾਵਤੇ ਸਿ ਜਾਨਿ ਮਾਰੇ ਭਗਵੰਤ॥

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 965)

ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਕਈ ਚੋਰ ਐਸੇ ਵੀ ਸਨ, ਜਿਹੜੇ ਚੋਰੀ ਦੇ ਮਾਲ ਨਾਲ ਐਸ਼ ਕਰਨ ਦੇ ਨਾਲ-ਨਾਲ ਉਸ ਵਿੱਚੋਂ ਕੁਝ ਧਨ (ਆਪਣੇ ਆਪ ਨੂੰ ਸਚਿਆਰੇ ਦੱਸਣ ਲਈ) ਧਰਮ ਦੇ ਕੰਮਾਂ ਵਿਚ ਵੀ ਲਾਉਂਦੇ ਸਨ। ਗੁਰੂ ਨਾਨਕ ਸਾਹਿਬ ਐਸੇ ਪਖੰਡੀਆਂ ਨੂੰ ਸਮਝਾਉਂਦੇ ਹਨ ਕਿ ਤੁਸੀਂ ਅਜਿਹੀ ਕੂੜ-ਕਮਾਈ ਆਪਣੇ ਪਿਤਰਾਂ ਦੇ ਨਾਂ 'ਤੇ ਖ਼ਰਚਦੇ ਹੋਏ ਸਗੋਂ ਉਨ੍ਹਾਂ ਦਾ ਨਾਂ ਰੋਲ਼ ਰਹੇ ਹੋ। ਅਸਲੀਅਤ ਵਿਚ ਭਲੇ ਤਾਂ ਉਹ ਹਨ, ਜੋ ਤੁਹਾਡੇ ਵਾਂਗ, ਲੋਕਾਂ ਦਾ ਧਨ ਲੁੱਟ ਕੇ, ਐਸ਼ ਨਹੀਂ ਕਰਦੇ (ਧਰਮ ਦੇ ਕੰਮ ਵੀ ਨਹੀਂ), ਸਗੋਂ ਸਾਫ਼-ਸੁਥਰਾ ਜੀਵਨ ਜਿਉਂਦੇ ਹਨ:

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥

ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 789)

ਗੁਰੂ ਨਾਨਕ ਦੇਵ ਜੀ ਮਿੱਟੀ ਤੋਂ ਬਣੀ ਇਸ ਦੇਹੀ ਵਿਚ ਬੈਠੇ ਮਨ ਨੂੰ ਵੀ ਚੋਰ ਵਜੋਂ ਚਿਤਰਦੇ ਹਨ, ਜਿਹੜਾ ਹਰ ਵੇਲੇ ਪਰਾਇਆ ਮਾਲ ਆਪਣਾ ਬਣਾਉਣ ਲਈ ਤਤਪਰ ਰਹਿੰਦਾ ਹੈ:

ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ॥

ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1244)

ਚੋਰੀ ਕਰਦਿਆਂ ਚੋਰ ਪਕੜਿਆ ਜਾਵੇ ਤਾਂ ਉਸ ਨੂੰ ਬੰਨ੍ਹ ਕੇ ਕੁੱਟਿਆ ਜਾਂਦਾ ਸੀ। ਪ੍ਰਭੂ ਦਾ ਨਾਮ ਵਿਸਾਰਨ ਵਾਲਿਆਂ ਦੇ ਵੀ (ਇਸੇ ਤਰ੍ਹਾਂ) ਬੁਰੇ ਹਾਲ ਹੁੰਦੇ ਹਨ:

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ॥

ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ੀ ਉਪਰਿ ਚੋਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1247)

**ਅਜੋਕੀ ਸਥਿਤੀ:** ਅਜੋਕੇ ਸਮਿਆਂ ਵਿਚ ਵੀ ਚੋਰ ਸਰਗਰਮ ਹਨ। ਚੋਰੀ ਦੀਆਂ ਘਟਨਾਵਾਂ ਸਮਾਜ ਵਿਚ ਅਕਸਰ ਹੁੰਦੀਆਂ ਰਹਿੰਦੀਆਂ ਹਨ।

### 2.3.19 ਸਾਧਾਰਣ ਮਨੁੱਖ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਆਮ ਨਾਗਰਿਕ ਦੇ ਜੀਵਨ-ਚੱਕਰ ਦਾ ਭਰਪੂਰ ਉਲੇਖ ਮਿਲਦਾ ਹੈ। ਉਹ ਜੀਵਨ ਕਾਲ ਦੇ ਵੱਖ-ਵੱਖ ਪੜਾਵਾਂ ਵਿਚ ਕਿਨ੍ਹਾਂ ਪ੍ਰਵਿਰਤੀਆਂ ਪ੍ਰਤਿ ਆਸੱਕਤ ਰਹਿੰਦਾ ਸੀ ਅਤੇ ਉਸਦੀ ਦਿਨਚਰਯਾ ਕੈਸੀ ਸੀ, ਦਾ ਯਥਾਯੋਗ ਵੇਰਵਾ ਇਸ ਬਾਣੀ-ਰੂਪ ਵਿੱਚੋਂ ਪ੍ਰਾਪਤ ਹੁੰਦਾ ਹੈ। ਹੇਠ ਲਿਖੀਆਂ ਸਤਰਾਂ ਵਿਚ ਸਾਧਾਰਣ ਮਨੁੱਖ ਦੇ ਜੀਵਨ-ਚੱਕਰ ਦਾ ਬਿਓਰਾ ਦਿੱਤਾ ਜਾ ਰਿਹਾ ਹੈ:

ਮਨੁੱਖ ਦੀ ਨਗਰੀ-ਰੂਪੀ ਦੇਹ ਦਾ ਨਿਰਮਾਣ ਮਿੱਟੀ ਨੂੰ ਇੱਕ ਥਾਂ ਇਕੱਠੀ ਕਰ ਕੇ (ਸੰਗਠਿਤ ਕਰ ਕੇ) ਹੋਇਆ। ਪਵਨ, ਪਾਣੀ ਅਤੇ ਅਗਨੀ ਦੇ ਸੁਮੇਲ ਤੋਂ ਇਸ ਸਰੀਰ ਦਾ ਢਾਂਚਾ ਨਿਰਮਿਤ ਹੋਇਆ। ਮਾਤਾ ਦੀ ਕੁੱਖ ਵਿਚ ਇਹ ਕਈ ਤਰ੍ਹਾਂ ਦੀਆਂ ਅਵਸਥਾਵਾਂ ਵਿੱਚੋਂ ਦੀ ਗੁਜ਼ਰਿਆ। ਏਥੇ (ਮਾਂ ਦੀ ਕੁੱਖ ਵਿਚ) ਇਸ ਜੀਵ ਦੇ ਪੈਰ ਉਤਾਂਹ ਦੀ ਤਰਫ਼ ਅਤੇ ਸਿਰ ਹੇਠਾਂ ਵੱਲ ਸੀ। ਮਗਰੋਂ ਧਰਤੀ ਦੇ ਇਸ ਪੁੱਤਰ 'ਮਨੁੱਖ' ਨੇ ਜਨਮ ਲਿਆ। ਪੈਦਾ ਹੋਣ ਮੌਕੇ ਇਸ ਜੀਵ ਦਾ ਨਾੜੂ ਕੱਟਿਆ ਗਿਆ:

ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਪਉਣੈ ਪਾਣੀ ਅਗਨੀ ਜੀਉ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1289)

ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ਨਹ ਛੇਦੰਤ ਜਠਰ ਰੋਗਣਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਮੁਖੁ ਤਲੈ ਪੈਰ ਉਪਰੇ ਵਸੰਦੜੋ ਕੁਹਥੜੈ ਥਾਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 706)

ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਉ ਨਾਉ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਫਰੀਦਾ ਜਿ ਦਿਹਿ ਨਾਲਾ ਕਪਿਆ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਉਪਰੰਤ ਜੀਵਨ ਦੇ ਪ੍ਰਥਮ ਪੜਾਅ 'ਬਾਲਪਨ' ਦੀ ਸ਼ੁਰੂਆਤ ਹੁੰਦੀ ਹੈ। ਬਾਲਪਨ ਵਿਚ ਜੀਵ ਨੂੰ ਮਾਤਾ-ਪਿਤਾ ਤੋਂ ਗੂੜ੍ਹਾ ਪਿਆਰ-ਸਨੇਹ ਮਿਲਦਾ ਹੈ। ਹੌਲੀ-ਹੌਲੀ ਇਹ ਵੱਡਾ ਹੁੰਦਾ ਹੋਇਆ ਜਵਾਨੀ ਵਿਚ ਪੈਰ ਧਰਦਾ ਹੈ ਤੇ ਇਸਨੂੰ ਆਪਣੀ ਮੱਤ-ਚਤੁਰਾਈ

ਉੱਪਰ ਗ਼ੁਮਾਨ ਹੋ ਜਾਂਦਾ ਹੈ। ਜਵਾਨੀ ਦੀ ਤਾਕਤ ਦੇ ਅਭਿਮਾਨ ਵਿਚ ਇਹ ਸੁੰਦਰ ਬਣ-ਬਣ ਕੇ ਲੋਕਾਂ ਦੇ ਸਾਹਮਣੇ ਆਉਂਦਾ ਹੈ। ਇਹ ਸੋਹਣੇ ਘਰਾਂ ਵਿਚ ਰਹਿਣਾ ਚਾਹੁੰਦਾ ਹੈ ਅਤੇ ਇਸਨੂੰ ਸੁੰਦਰ ਪਹਿਰਾਵੇ ਦਾ ਬੜਾ ਚਾਅ ਹੁੰਦਾ ਹੈ। ਇਸ ਤਰ੍ਹਾਂ ਹੌਲੀ-ਹੌਲੀ ਇਹ ਸੰਸਾਰ ਵਿਚ ਆਪਣਾ ਖ਼ਿਆਲ ਵਿਸਥਾਰਦਾ ਜਾਂਦਾ ਹੈ। ਅਜਿਹੇ ਵਿਚ ਫਿਰ ਰੱਬ ਕਿਸ ਨੂੰ ਯਾਦ ਰਹਿੰਦਾ ਹੈ? ਇਹ ਆਪਣੇ ਜ਼ੋਰ ਕਾਰਨ ਬੜਾ ਮਦਮਾਤਾ ਰਹਿੰਦਾ ਹੈ ਅਤੇ ਕਿਸੇ ਦੀ ਪਰਵਾਹ ਨਹੀਂ ਮੰਨਦਾ। ਗੁਰੂ ਸਾਹਿਬ ਮਨੁੱਖ ਨੂੰ ਹਰ ਹਾਲ ਵਿਚ ਪ੍ਰਭੂ ਨੂੰ ਯਾਦ ਰੱਖਣ ਦਾ ਸੰਦੇਸ਼ ਦਿੰਦੇ ਹਨ:

> ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1428)
>
> ਮੇਰੀ ਮੇਰੀ ਕਿਆ ਕਰਹਿ ਪੁਤ੍ਰ ਕਲਤ੍ਰ ਸਨੇਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1101)
>
> ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1426)
>
> ਜੋਬਨ ਬਹਿਕ੍ਰਮ ਕਨਿਕ ਕੁੰਡਲਹ॥
>
> ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ ਇਤ੍ਯੰਤ ਮਾਇਆ ਬ੍ਯਾਪਿਤੰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1354)
>
> ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 948)
>
> ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ॥
>
> ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 555-56)

ਵਿਆਹ ਮਗਰੋਂ ਮਨੁੱਖ ਦਾ ਧਿਆਨ ਕੇਵਲ ਸੰਸਾਰਕ ਪਦਾਰਥਾਂ ਵਿਚ ਲੱਗਾ ਰਹਿੰਦਾ ਹੈ ਅਤੇ ਉਹ ਆਪਣੇ ਜੀਵਨ ਸਾਥੀ ਨਾਲ ਵਿਅਸਤ, ਰਚਿਤ ਰਹਿੰਦਾ ਹੈ। ਤਤਕਾਲੀ ਦੌਰ ਵਿਚ ਬਾਲ ਵਿਆਹ ਦੀ ਪ੍ਰਥਾ ਵੀ ਪ੍ਰਚੱਲਤ ਸੀ। [178] ਉਹ ਸਵੇਰੇ ਉੱਠਦਾ ਹੈ, ਉਸ ਵੇਲ਼ੇ ਤੋਂ ਹੀ ਉਸਦਾ ਮਨ ਸੰਸਾਰਕ ਧੰਦਿਆਂ ਵਿਚ ਪ੍ਰਵੇਸ਼ ਕਰਨ ਲੱਗਦਾ ਹੈ। ਉਹ ਜੀਵਨ ਦੇ ਵੱਖ-ਵੱਖ ਮੁੱਦਿਆਂ ਵੱਲ ਧਿਆਨ ਲਾਉਂਦਾ ਹੈ ਅਤੇ ਉਨ੍ਹਾਂ ਬਾਰੇ ਸੋਚਦਾ ਰਹਿੰਦਾ ਹੈ। ਸਵੇਰ ਵੇਲ਼ੇ ਦਾ ਭੋਜਨ ਖਾਂਦਾ ਹੈ ਅਤੇ ਦੁਪਹਿਰ ਨੂੰ ਆਰਾਮ ਕਰਦਾ ਹੈ। ਉੱਠਣ ਤੋਂ ਬਾਅਦ ਫਿਰ ਸੰਸਾਰਕ ਧੰਦਿਆਂ ਵਿਚ ਲੱਗ ਜਾਂਦਾ ਹੈ। ਦੂਰ ਦੀਆਂ ਸੋਚਾਂ ਸੋਚਦਾ ਹੈ, ਉਨ੍ਹਾਂ ਅਨੁਸਾਰ ਵਿਉਂਤਾਂ ਬਣਾਉਂਦਾ ਹੈ, ਜਿਵੇਂ ਇਸ ਨੇ ਇਸ ਸੰਸਾਰ ਤੋਂ ਕਦੇ ਜਾਣਾ ਹੀ ਨਹੀਂ ਹੁੰਦਾ। ਮਨੁੱਖ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਸਨੇ ਇਸ ਜਹਾਨ ਵਿਚ ਸਦਾ ਨਹੀਂ ਰਹਿਣਾ:

> ਮਿਰਤ ਮੋਹੰ ਅਲਪ ਬੁਧੵੰ ਰਚੰਤਿ ਬਨਿਤਾ ਬਿਨੋਦ ਸਾਹੰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1354)
>
> ਦੂਜੈ ਪਹਿਰ ਰਾਹ ਮਨ ਕੀਆ ਬਾਤਾ ਖਿੰਡੀਆ॥
>
> ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥
>
> ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ॥
>
> ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ॥
>
> ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥

ਭੀ ਉਠਿ ਰਚਿਓਨੁ ਵਾਦੁ ਸਉ ਵਰ੍ਹਿਆ ਕੀ ਪਿੜ ਬਧੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 145-46)

ਸੂਰਜ ਚੜ੍ਹਦਾ ਹੈ ਤੇ ਮਿਟਦਾ ਹੈ। ਮਨੁੱਖ ਦੇ ਜੀਵਨ ਦੇ ਲੇਖੇ-ਜੋਖੇ ਵਿੱਚੋਂ ਇੱਕ ਦਿਨ ਮਨਫ਼ੀ ਹੋ ਜਾਂਦਾ ਹੈ ਪਰ ਮਨੁੱਖ ਤਾਂ ਸੰਸਾਰਕ ਭੋਗਾਂ ਲਈ ਨੱਠ-ਭੱਜ ਵਿਚ ਰੁੱਝਾ ਰਹਿੰਦਾ ਹੈ। ਇਸ ਦੌੜ ਵਿਚ ਕੋਈ ਅੱਗੇ ਲੰਘ ਜਾਂਦਾ ਹੈ, ਕੋਈ ਪੱਛੜ ਜਾਂਦਾ ਹੈ। ਜਿੱਤਿਆ ਅਤੇ ਹਾਰਿਆ ਦੋਵੇਂ ਅਹੰਕਾਰ ਰੂਪ ਫ਼ੂਕ ਦੇ ਭਰੇ ਹੋਏ ਹਨ, ਕਿਸੇ ਦੀ ਗੱਲ ਕੋਈ ਕਿਉਂ ਸੁਣੇ? ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਲੋਕਾਈ ਹੰਕਾਰ-ਗ੍ਰਸਤ ਹੋ ਕੇ ਫ਼ੂੰ-ਫ਼ੂੰ ਕਰਦੀ ਫਿਰ ਰਹੀ ਹੈ। ਮਨ ਤ੍ਰਿਸ਼ਨਾ ਦੇ ਅਨੇਕ ਰੰਗਾਂ ਵਿਚ ਪਸਰਿਆ ਰਹਿੰਦਾ ਹੈ:

ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ॥

ਤਨੁ ਮਨੁ ਰਤਾ ਭੋਗਿ ਕੋਈ ਹਾਰੈ ਕੋ ਜਿਣੈ॥

ਸਭੁ ਕੋ ਭਰਿਆ ਫੂਕ ਆਖਣਿ ਨ ਥੰਮ੍ੀਐ ॥

ਨਾਨਕ ਵੇਖੈ ਆਪਿ ਫੂਕ ਕਢਾਏ ਢਹਿ ਪਵੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1244)

ਅੰਧੀ ਫੂਕਿ ਮੁਈ ਦੇਵਾਨੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1088)

ਦੁਨੀਆ ਨੂੰ ਨਿੱਤ ਤੱਕ-ਤੱਕ ਕੇ ਵੀ ਅੱਖਾਂ ਦੀ ਪਿਆਸ ਨਹੀਂ ਬੁਝਦੀ। ਇੱਕ 'ਤੇ ਯਕੀਨ ਨਹੀਂ ਬੱਝਦਾ:

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1099)

ਨਾਨਕ ਤਿਨਾ ਖਾਕੁ ਜਿਨਾ ਯਕੀਨਾ ਹਿਕੁ ਸਿਉ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1099)

"his (Guru Nanak 's) aim seems to have been to raise both Hinduism and Islam alike from the lowest depths of barren ceremonialism and mechanical conventionalism into which they had fallen and to preach in addition, a more exclusive monotheism, a nobler doctrine and purer morality based on solid foundation of Divine Grace." (Sewa Ram Singh, *The Divine Master* 8) ਸਭ ਕਾਮ ਅਤੇ ਕ੍ਰੋਧ ਦੇ ਭਰੇ ਹੋਏ ਹਨ। ਮਨੁੱਖ ਚੌਵੀ ਘੰਟੇ ਭੁੱਖ ਦੀ ਨਵਿਰਤੀ ਲਈ ਦੌੜਾ-ਭੱਜਾ ਫਿਰਦਾ ਹੈ। ਉਹ ਸੰਸਾਰਕ ਲੋੜਾਂ ਪੂਰੀਆਂ ਕਰਨ ਲਈ ਸਦਾ ਉੱਦਮਸ਼ੀਲ ਰਹਿੰਦਾ ਹੈ ਅਤੇ, ਹੋਰ ਇਕੱਠਾ ਹੋ ਜਾਵੇ, ਹੋਰ ਜੁੜ ਜਾਵੇ, ਇਸੇ ਦੀ ਹੀ ਰਟਨ ਲਗਾਈ ਰੱਖਦਾ ਹੈ:

ਕਾਮ ਕ੍ਰੋਧ ਕਾ ਚੋਲੜਾ ਸਭ ਗਲਿ ਆਏ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1414)

ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 319)

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 965)

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1093)

ਤਤਕਾਲੀ ਸੰਸਾਰਕ ਧਰਾਤਲ ਦਾ ਚਿੱਤਰ ਖਿੱਚਦਿਆਂ ਗੁਰੂ ਸਾਹਿਬ ਆਖਦੇ ਹਨ ਕਿ ਜਗਤ ਵਿਚ ਕਿਤੇ ਚੋਰ ਸਰਗਰਮ ਹਨ, ਕਿਤੇ ਪਰ-ਇਸਤਰੀ ਗਮਨ ਦਾ ਪ੍ਰਚਲਨ ਹੈ, ਕਿਤੇ ਦੁਰਬਚਨ ਕਹੇ ਜਾਂਦੇ ਹਨ, ਕਿਤੇ ਹੋਰਾਂ ਦਾ ਧਨ-ਮਾਲ ਚੁਸਤੀ ਨਾਲ ਹਰਿਆ ਜਾਂਦਾ ਹੈ ਅਤੇ ਕਿਤੇ ਦੁਨੀਆ ਦੀ ਨਜ਼ਰ ਤੋਂ ਓਹਲੇ ਪਾਪ ਕੀਤੇ ਜਾ ਰਹੇ ਹਨ, ਇਹ ਸਾਰਾ ਕੁਝ ਮਨੁੱਖ ਦੇ ਅਵਚੇਤਨ ਵਿਚ ਬੈਠਾ ਹੋਇਆ ਹੈ। ਦੂਜੇ ਪਾਸੇ ਕੁਦਰਤ ਦਾ ਨਿਆਂ ਐਸਾ ਹੈ ਕਿ ਕੋਈ ਮਨੁੱਖ ਦੁਨੀਆ ਦੀ ਨਜ਼ਰ ਤੋਂ ਉਹਲੇ ਹੋ ਕੇ ਜੋ ਮਰਜ਼ੀ ਪਿਆ ਕਰੇ ਪਰ ਅਸਲੀਅਤ ਇੱਕ ਦਿਨ ਪਰਗਟ ਹੋ ਹੀ ਜਾਂਦੀ ਹੈ ਕਿਉਂਕਿ ਸੱਚ ਲੁਕਾਇਆਂ ਨਹੀਂ ਲੁਕਦਾ। ਜਦੋਂ ਸੱਚ ਪਰਗਟ ਹੋ ਜਾਂਦਾ ਹੈ ਤਾਂ ਝੂਠ ਨੂੰ ਮੂੰਹ ਦੀ ਖਾਣੀ ਪੈਂਦੀ ਹੈ। ਫਿਰ ਵੀ  (ਝੂਠੀਆਂ) ਗੱਲਾਂ ਵਾਲੇ ਬਹੁ-ਗਿਣਤੀ ਵਿਚ ਹਨ ਅਤੇ ਸੱਚ ਕਿਸੇ-ਕਿਸੇ ਦੇ ਹੀ ਪੱਲੇ ਬੰਨ੍ਹਿਆ ਹੋਇਆ ਹੁੰਦਾ ਹੈ। ਇਹ ਨਹੀਂ ਕਿ ਸੰਸਾਰ ਵਿਚ ਸਾਰੇ ਕੰਮ ਮਾੜੇ ਹੀ ਹੋ ਰਹੇ ਹਨ, ਕਿਤੇ ਨੇਕੀ ਦੇ ਕੰਮ ਵੀ ਹੋ ਰਹੇ ਹਨ:

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥

ਲਖ ਠਗੀਆਂ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ॥

ਨਾਨਕ ਵਿਰਲੇ ਜਾਣੀਅਹਿ ਜਿਨੁ ਸਚੁ ਪਲੈ ਹੋਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1100)

ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1428)

ਮਨੁੱਖ ਸਾਰਾ ਦਿਨ ਆਪਣੇ ਕੁਟੰਬ-ਕਬੀਲੇ ਦੇ ਹਿੱਤਾਂ ਲਈ ਅਨੇਕ ਪ੍ਰਕਾਰ ਦੇ ਆਹਰ ਕਰਦਾ ਫਿਰਦਾ ਹੈ। ਅਜਿਹੀ ਖਿੱਚੋਤਾਣ ਵਿਚ ਉਸ ਦਾ ਸਾਰਾ ਸਮਾਂ ਚਿੰਤਾ, ਫ਼ਿਕਰ ਅਤੇ ਦੁੱਖਾਂ ਵਿਚ ਹੀ ਗੁਜ਼ਰਦਾ ਹੈ। ਜਿਸ ਦਾ ਵੀ ਉਹ ਹਾਲ ਪੁੱਛਦਾ ਹੈ ਉਹ ਵੀ ਅੱਗੋਂ ਦੁੱਖ ਨਾਲ ਹੀ ਭਰਿਆ ਪੀਤਾ ਬੈਠਾ ਹੈ:

ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 706)

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ॥

ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ॥

ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ॥

ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

ਮਨੁੱਖ ਸਾਮਾਨ ਤਾਂ ਸੁੱਖਾਂ ਦੀ ਆਸ ਨਾਲ ਇਕੱਤਰ ਕਰਦਾ ਹੈ ਪਰ ਉਨ੍ਹਾਂ ਵਿੱਚੋਂ ਫਿਰ ਦੁੱਖ ਹੀ ਉਪਜਦੇ ਹਨ। ਇਹ ਤੱਕ ਕੇ ਮਨੁੱਖ ਇਨ੍ਹਾਂ ਸਾਮਾਨਾਂ ਦਾ ਤਿਆਗ ਕਰਨ ਦੀ ਗੱਲ ਤਾਂ ਕਰਦਾ ਹੈ ਪਰ ਤਿਆਗਦਾ ਕੋਈ ਨਹੀਂ। ਅੱਖਾਂ ਨੂੰ ਸੋਹਣਾ ਦੇਖਣ ਦੀ ਆਦਤ ਹੈ, ਕੰਨਾਂ ਨੂੰ ਸੁਆਦਲਾ ਸੁਣਨ ਦੀ ਚੂੰਢ ਹੈ, ਜੀਭ ਖੱਟਾ-ਮਿੱਠਾ ਖਾ ਕੇ ਖ਼ੁਸ਼ ਹੈ, ਨੱਕ ਖ਼ੁਸ਼ਬੋਆਂ ਦੀ ਲੱਜ਼ਤ ਦਾ ਦੀਵਾਨਾ ਹੈ ਅਤੇ ਚਮੜੀ ਸੁੱਖ-ਸਾਧਨਾਂ ਦੀ ਤਰਫ਼ ਆਕਰਸ਼ਿਤ ਹੈ। ਇਹ ਸਭ ਰਸ ਪਹਿਲਾਂ ਤਾਂ ਸੁਆਦਲੇ ਪ੍ਰਤੀਤ ਹੁੰਦੇ ਹਨ ਪਰ ਮਗਰੋਂ ਇਨ੍ਹਾਂ ਦੇ ਸਿੱਟੇ ਦੁੱਖ-ਰੂਪ ਵਿਚ ਹੀ ਨਿਕਲਦੇ ਹਨ:

ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੇ ਦੁਖੁ ਹੋਈ॥

ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਫਰੀਦਾ ਇਹੁ ਤਨੁ ਭਉਕਣਾ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥

ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥

ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ॥

ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

ਮਨੁੱਖ ਦੂਜਿਆਂ ਨੂੰ ਧੋਖਾ ਦਿੰਦਾ ਹੈ, ਉਹ ਖ਼ੁਦ ਨੂੰ ਛੱਡ ਦੂਜਿਆਂ ਦੇ ਐਬ ਫਰੋਲਦਾ ਹੈ, ਉਹ ਦੂਜਿਆਂ ਦੇ ਬਣਦੇ ਕੰਮ ਵਿਚ ਰੁਕਾਵਟਾਂ ਖੜ੍ਹੀਆਂ ਕਰਦਾ ਹੈ, ਉਹ ਹੋਰ ਕਈ ਤਰ੍ਹਾਂ ਦੇ ਬੁਰੇ ਕੰਮ ਕਰਦਾ ਹੈ, ਉਹ ਮੋਹ, ਆਦਰ, ਨਿਰਾਦਰ ਅਤੇ ਅਹੰਕਾਰ ਆਦਿ ਭਰਮਾਂ ਵਿਚ ਫਸਿਆ ਹੋਇਆ ਹੈ। ਦੁਨੀਆ ਰੰਗ-ਬਿਰੰਗੇ ਕੌਤਕਾਂ ਨਾਲ ਭਰੀ ਪਈ ਹੈ। ਦੁਨੀਆ ਦੀ ਅਸਲੀਅਤ ਦਾ ਕੁਝ ਪਤਾ ਨਹੀਂ ਲੱਗਦਾ, ਬਾਹਰੋਂ ਤਾਂ ਇਹ ਰੰਗ-ਬਰੰਗੀ ਹੈ ਪਰ ਅਸਲਾ ਸਮਝੋ ਤਾਂ ਪੱਤਿਆਂ ਹੇਠਾਂ ਅੱਗ ਲੁਕੀ ਹੋਈ ਹੈ:

ਛਲੰ ਛਿਦ੍ਰੰ ਕੋਟਿ ਬਿਘਨੰ ਅਪਮਾਨੰ ਕਿਲਬਿਖ ਮਲੰ॥

ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਤੰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)

ਆਪਣੇ ਹਿੱਤ ਖ਼ਾਤਰ ਹਰ ਕੋਈ ਦੂਜਿਆਂ ਦੇ ਅੱਗੇ ਸਿਰ ਨਿਵਾਉਂਦਾ ਹੈ। ਹਰ ਕਿਸੇ ਨੂੰ ਆਪੋ-ਆਪਣੇ ਹਿੱਤ ਦੀ ਪਈ ਹੋਈ ਹੈ। ਸੰਸਾਰ ਵਿਚ ਰਹਿੰਦਿਆਂ ਹੋਇਆਂ ਮਨੁੱਖ ਬੜੀਆਂ ਵਿਉਂਤਾ ਬਣਾਉਂਦਾ ਹੈ, ਬੜੀ ਦੂਰ-ਅੰਦੇਸ਼ੀ ਸੋਚ ਵੀ ਰੱਖਦਾ ਹੈ, ਉਸ ਸੋਚ ਨੂੰ ਅਮਲੀ ਜਾਮਾ ਵੀ ਪਹਿਨਾਉਂਦਾ ਹੈ ਪਰ ਜੋ ਸਿੱਟੇ ਉਹ ਸੋਚ ਕੇ ਬੈਠਾ ਹੁੰਦਾ ਹੈ, ਉਹ ਨਹੀਂ ਨਿਕਲਦੇ। ਉਸਦੀਆਂ ਸੋਚਾਂ ਅਤੇ ਅਮਲ ਧਰੇ ਧਰਾਏ ਰਹਿ ਜਾਂਦੇ ਹਨ:

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 470)

ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੈ ਚਿਤਵੇ ਹੋਇ॥

ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ॥ (ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ 1376)

ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1428)

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1428)

ਦੁਨੀਆ ਦਾ ਪ੍ਰਚਲਨ ਦੇਖ ਕੇ ਹਰੇਕ ਮਨੁੱਖ ਉਸੇ ਰੌਂਅ ਵਿਚ ਹੀ ਵਹਿੰਦਾ ਜਾ ਰਿਹਾ ਹੈ। ਲੋਕ ਬਹੁ-ਸੰਮਤੀ ਦੇ ਨਾਲ ਚੱਲਦੇ ਸੀ, ਭਾਵੇਂ ਉਹ ਕੰਮ ਜਾਂ ਪ੍ਰਚਲਨ ਸਹੀ ਹੋਵੇ ਜਾਂ ਗ਼ਲਤ ਪਰ ਉਨ੍ਹਾਂ ਦੀ ਨਜ਼ਰ ਵਿਚ ਸਹੀ ਹੀ ਸੀ। ਦੁਨੀਆ ਦੇ ਇਸੇ ਰੌਂਅ ਵਿਚ ਵਹਿੰਦਾ ਹੋਇਆ ਮਨੁੱਖ ਸਹੀ ਜੀਵਨ-ਪੰਧ ਤੋਂ ਥਿੜਕ ਕੇ ਕਈ ਵਾਰ ਉਹ ਕੰਮ ਵੀ ਕਰ ਬੈਠਦਾ ਸੀ, ਜੋ ਉਸ ਭਵਿੱਖ ਵਿਚ ਉਸਦੇ ਦੁੱਖਾਂ ਦਾ ਕਾਰਨ ਬਣਦੇ ਸਨ। ਜਦੋਂ ਇਹ ਦੁਖੀ ਹੁੰਦਾ ਸੀ ਤਾਂ ਸਾਰੇ ਇਸ ਤੋਂ ਪਰ੍ਹਾਂ ਹੋ ਜਾਂਦੇ ਸਨ:

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ॥
ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਇੱਕ ਦੂਜੇ ਵੱਲ ਦੇਖ ਕੇ ਹਰ ਮਨੁੱਖ ਸੰਸਾਰਕ ਸਾਧਨ ਇਕੱਠੇ ਕਰਨ ਵਿਚ ਲੱਗਾ ਹੋਇਆ ਹੈ। ਉਹ ਇਹ ਨਹੀਂ ਜਾਣਦਾ ਕਿ ਇਸੇ ਵਹਿਣ ਵਿਚ ਵਹਿੰਦਾ ਹੋਇਆ ਇੱਕ ਦਿਨ ਦੁੱਖਾਂ-ਰੂਪੀ ਡੂੰਘੀ ਦਲਦਲ ਵਿਚ ਧਸ ਜਾਵੇਗਾ:

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥
ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

ਹਰ ਕੋਈ ਆਪਣੇ ਆਪ ਨੂੰ ਪੂਰਾ ਸਿਆਣਾ ਸਮਝਦਾ ਹੈ ਭਾਵ ਇਹ ਕੋਈ ਨਹੀਂ ਆਖਦਾ ਕਿ ਮੇਰੇ ਵਿਚ ਕੋਈ ਊਣਤਾਈ ਵੀ ਹੈ। ਕਈ ਮਨੁੱਖ ਗੱਲਾਂ ਕਰਨ, ਤਰਕ-ਵਿਤਰਕ ਕਰਨ ਵਿਚ ਬੜੇ ਚਤੁਰ ਹਨ ਅਤੇ ਆਪਣੀ ਧਾਂਕ ਜਮਾਉਣ ਦੇ ਬੜੇ ਚਾਹਵਾਨ ਹੁੰਦੇ ਹਨ। ਉਹ ਦੂਜੇ ਬੰਦੇ ਨੂੰ ਚੁੱਪ ਕਰਾ ਕੇ ਹੀ ਸਾਹ ਲੈਂਦੇ ਹਨ। ਉਨ੍ਹਾਂ ਦਾ ਤਾਂ ਦਿਨ ਹੀ ਇਸ ਤਰ੍ਹਾਂ ਲੰਘ ਜਾਂਦਾ ਸੀ। ਉਹ ਰੱਬ ਨਾਲ ਵੀ ਚਤੁਰਾਈਆਂ ਕਰਨੋਂ ਬਾਜ਼ ਨਹੀਂ ਆਉਂਦੇ ਪਰ ਕਰਨੀ ਤੋਂ ਬਿਨਾ ਸਿਰਫ਼ ਗੱਲਾਂ ਨਾਲ ਸੁਆਦ ਨਹੀਂ ਆਉਂਦਾ। ਉਹ ਤਾਂ ਆਪਣੀ ਮੱਤ ਨੂੰ ਹੀ ਸੱਚ ਜਾਣਦੇ ਹਨ, ਇਸੇ ਲਈ ਗੁਰੂ ਸਾਹਿਬ ਨੂੰ ਕਹਿਣਾ ਪਿਆ ਹੋਵੇਗਾ ਕਿ ਐਸੀਆਂ ਮੱਤਾਂ ਕੂੜੀਆਂ ਹਨ। ਵਾਦ-ਵਿਵਾਦ ਵਿਚ ਕਿਸੇ ਨੂੰ ਹਰਾ ਕੇ ਕੋਈ ਕੀ ਖੱਟ ਲਵੇਗਾ? ਜਿਸ ਮਨੁੱਖ ਦੇ ਘਰ ਵਿਚ ਜਿਹੜੀ ਵਸਤੂ ਹੋਵੇਗੀ, ਉਹ ਉਸੇ ਦਾ ਹੀ ਤਾਂ ਭੋਗ ਕਰੇਗਾ:

ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 149)

ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 316)

ਅਮਰੁ ਵੇਪਰਵਾਹੁ ਹੈ ਤਿਸੁ ਨਾਲਿ ਸਿਆਣਪ ਨ ਚਲਈ ਨ ਹੁਜਤਿ ਕਰਣੀ ਜਾਇ॥

(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1251)

ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 590)

ਨਾਨਕ ਮਤੀ ਮਿਥਿਆ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਕੋਈ ਗਲਾ ਕਰੇ ਘਨੇਰੀਆ ਜਿ ਘਰਿ ਵਥੁ ਹੋਵੈ ਸਾਈ ਖਾਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 303)

ਕਿਸੇ ਇੱਕ ਟੀਚੇ/ਵਸਤੂ ਨੂੰ ਪ੍ਰਾਪਤ ਕਰਨ ਦੇ ਇੱਛੁਕ ਜੇਕਰ ਇੱਕ ਤੋਂ ਵਧੀਕ ਹੋਣ ਤਾਂ ਸਾਰੇ ਚਾਹਵਾਨ ਆਪੋ ਆਪਣੀ ਲਗਦੀ ਵਾਹ ਲਾਉਂਦੇ ਹਨ:

ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਵਿਸ਼ੇ ਇੰਦ੍ਰੀਆਂ ਸਰਗਰਮ ਰਹਿੰਦੀਆਂ ਹਨ ਅਤੇ ਇਨ੍ਹਾਂ ਨੂੰ ਨਿੱਸਲ ਕਰਨ ਦਾ ਕੋਈ ਸਾਧਨ ਨਹੀਂ। ਇਨ੍ਹਾਂ ਦੇ ਪ੍ਰਭਾਵ ਅਧੀਨ ਆਇਆ ਮਨੁੱਖ ਬਹੁਤੀ ਵਾਰ ਆਪਣੀ ਪੱਤ ਗੁਆ ਬਹਿੰਦਾ ਹੈ। ਹਰੇਕ ਸੰਸਾਰਕ ਵਿਸ਼ੇ ਦੇ ਦੋ ਪੱਖ ਹਨ, ਜੇਕਰ ਚੰਗਿਆਈ ਹੈ ਤਾਂ ਬੁਰਿਆਈ ਵੀ ਹੈ:

ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ॥

ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 950)

ਮਨੁੱਖ ਦੇ ਮਨ ਵਿਚ ਵੱਡੀਆਂ-ਵੱਡੀਆਂ ਆਸਾਂ ਹਨ। ਉਹ ਹਰ ਕੰਮ ਕਿਸੇ ਆਸ ਨੂੰ ਮੁੱਖ ਰੱਖ ਕੇ ਹੀ ਕਰਦਾ ਹੈ। ਮਨੁੱਖ ਦੇ ਮਨ ਦੀਆਂ ਵੱਡੀਆਂ-ਵੱਡੀਆਂ ਮੰਗਾਂ ਪ੍ਰਤਿ ਇਸ਼ਾਰਾ ਕਰਦੀਆਂ ਨਿਮਨ ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਆਪਣੀਆਂ ਹੋਰ-ਹੋਰ ਮੰਗਾਂ ਨੂੰ ਤਿਆਗ ਕੇ ਪ੍ਰਭੂ ਦੀ ਮੰਗ ਕਰ:

ਆਸਕੁ ਆਸਾ ਬਾਹਰਾ ਮੂ ਮਨਿ ਵਡੀ ਆਸ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1100)

ਜਾਚੜੀਆ ਸਾ ਸਾਰੁ ਜੋ ਜਾਚੰਦੀ ਹੇਕੜੋ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 321)

ਮਨੁੱਖ, ਮਨੁੱਖ ਕੋਲੋਂ ਵੀ ਆਸ ਲਗਾਈ ਬੈਠਾ ਹੈ। ਇਹ ਸੋਚਦਾ ਹੈ ਕਿ ਜੇਕਰ ਮੈਂ ਕਿਸੇ ਦੇ ਨਾਲ ਬੁਰੇ ਵਕਤ ਵਿਚ ਖਲੋਤਾ ਹਾਂ ਤਾਂ ਉਹ ਵੀ ਮੁਸ਼ਕਿਲ ਵੇਲ਼ੇ ਮੇਰਾ ਸਾਥ ਦੇਵੇ। ਮਨੁੱਖ ਦੀ ਮਨੁੱਖ ਕੋਲੋਂ ਕੀਤੀ ਇਹ ਆਸ ਕਈ ਵਾਰੀ ਉਸਦੀ ਬੇ-ਪੱਤੀ ਦਾ ਕਾਰਣ ਵੀ ਬਣਦੀ ਹੈ ਕਿਉਂਕਿ ਇਹ ਮਨੁੱਖ ਨੂੰ ਦੂਜਿਆਂ ਦੇ ਅਧੀਨ ਲਿਆ ਖੜ੍ਹਾ ਕਰਦੀ ਹੈ ਪਰ ਫਿਰ ਵੀ ਸੰਸਾਰ ਇਸੇ ਰੌਂਅ ਵਿਚ ਵਹਿੰਦਾ ਚਲਿਆ ਜਾਂਦਾ ਹੈ:

ਜਿਨਾ ਪਿਛੈ ਹਉ ਗਈ ਸੇ ਮੈ ਪਿਛੈ ਭੀ ਰਵਿਆਸੁ॥

ਜਿਨਾ ਕੀ ਮੈ ਆਸੜੀ ਤਿਨਾ ਮਹਿਜੀ ਆਸ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1097)

ਨਾਨਕ ਆਸੜੀ ਨਿਬਾਹੀ ਮਾਨੁਖ ਪਰਥਾਈ ਲਜੀਵਦੋ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1101)

ਤਿਨ ਚੂਕੀ ਮੁਹਤਾਜੀ ਲੋਕਨ ਕੀ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 305)

ਆਸਾ ਅੰਦਰਿ ਸਭੁ ਕੋ ਕੋਇ ਨਿਰਾਸਾ ਹੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 956)

ਦੂਜੇ ਪਾਸੇ, ਮਨੁੱਖ ਦੀਆਂ ਇਹ ਆਸਾਂ ਬਹੁਤੀਆਂ ਪ੍ਰਫੁਲਤ ਨਹੀਂ ਹੁੰਦੀਆਂ। ਉਸ ਦੇ ਸੰਗੀ ਸਾਥੀ ਉਸਨੂੰ ਰਾਹ ਵਿਚ ਛੱਡ ਹੀ ਤੁਰੇ ਜਾਂਦੇ ਹਨ। ਜੋ ਸੁੱਖ ਵੇਲ਼ੇ ਇਸ ਦੇ ਨੇੜੇ ਹੋ-ਹੋ ਕੇ ਬਹਿੰਦੇ ਸਨ, ਦੁੱਖ ਵੇਲ਼ੇ ਪਤਾ ਹੀ ਨਹੀਂ ਉਹ ਕਿੱਥੇ ਗਏ:

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥

ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1102)

ਸੁਖ ਮੈ ਬਹੁ ਸੰਗੀ ਭਏ ਦੁਖ ਮਹਿ ਸੰਗਿ ਨ ਕੋਇ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1426)

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1429)

ਦੌੜ-ਭੱਜ ਕਰਦਾ ਹੋਇਆ ਮਨੁੱਖ ਕਿਸੇ ਪੱਧਰ ਨੂੰ ਤਾਂ ਪ੍ਰਾਪਤ ਕਰਦਾ ਹੀ ਹੈ। ਕੋਈ ਸਾਧਨਹੀਣ ਰਹਿ ਜਾਂਦਾ ਹੈ ਤੇ ਕੋਈ ਸਾਧਨਾਂ ਦਾ ਸੁਆਮੀ ਬਣ ਜਾਂਦਾ ਹੈ। ਕਿਤੇ ਕੋਈ ਮਨੁੱਖ ਦੁੱਖਾਂ ਨਾਲ ਜੂਝ ਰਿਹਾ ਹੈ ਅਤੇ ਕੋਈ ਸੁੱਖਾਂ ਦੀ ਸੇਜ ਮਾਣ ਰਿਹਾ ਹੈ। ਕਈ ਸਾਧਾਰਣ ਜੀਵਨ ਬਿਤਾ ਰਹੇ ਹਨ, ਕਈਆਂ ਦਾ ਜੀਵਨ ਪੱਧਰ ਨਿੱਘਰਿਆ ਹੋਇਆ ਹੈ ਤੇ ਕੁਝ ਕੁ ਹਨ, ਜਿਹੜੇ ਇਨ੍ਹਾਂ ਦੋਹਾਂ ਸ਼੍ਰੇਣੀਆਂ 'ਤੇ ਆਪਣਾ ਹੁਕਮ ਚਲਾ ਰਹੇ ਹਨ। ਕੁਝ ਵੱਡੀ ਉਮਰ ਭੋਗ ਕੇ ਸੰਸਾਰ ਤੋਂ ਰੁਖ਼ਸਤ ਹੁੰਦੇ ਹਨ ਅਤੇ ਕੁਝ ਰੋਗਾਂ ਦੀ ਮਾਰ ਹੇਠ ਆ ਕੇ ਥੋੜ੍ਹੀ ਉਮਰ ਵਿਚ ਹੀ ਚਲਾਣਾ ਕਰ ਜਾਂਦੇ ਹਨ। ਇੱਕ ਐਸੇ ਹਨ, ਜੋ ਦੂਜਿਆਂ ਨੂੰ ਦਾਨ ਕਰ ਕੇ ਵੀ (ਦੂਜਿਆਂ ਦੀ ਸਹਾਇਤਾ ਕਰ ਕੇ ਵੀ) ਥੁੜਦੇ ਨਹੀਂ ਅਤੇ ਕੁਝ ਐਸੇ ਵੀ ਹਨ,ਜੋ ਮੰਗਦੇ ਫਿਰਦੇ ਹਨ:

ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ॥

ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ॥

ਆਵਹਿ ਨੰਗੇ ਜਾਹਿ ਨੰਗੇ ਵਿਚੇ ਕਰਹਿ ਵਿਥਾਰ॥

ਨਾਨਕ ਹੁਕਮੁ ਨ ਜਾਣੀਐ ਅਗੈ ਕਾਈ ਕਾਰ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1238)

ਪਉਣੈ ਪਾਣੀ ਅਗਨੀ ਜੀਉ ਤਿਨ ਕਿਆ ਖੁਸੀਆ ਕਿਆ ਪੀੜ॥

ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ॥

ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ॥

ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1289)

ਆਪਣੇ ਆਰਾਮ ਲਈ ਮਨੁੱਖ ਧਨ-ਸੰਪਦਾ ਦਾ ਇਕੱਤਰੀਕਰਨ ਕਰਦਾ ਹੈ। ਉਹ ਕਿਸੇ ਧੰਦੇ ਵਿੱਚੋਂ ਲਾਭ ਪ੍ਰਾਪਤ ਕਰਨ ਲਈ ਧਨ ਵੀ ਲਾਉਂਦਾ ਹੈ ਪਰ ਕਈ ਵਾਰੀ ਉਸ ਧੰਦੇ ਵਿੱਚੋਂ ਲਾਭ ਹੋਣ ਦੀ ਬਜਾਇ ਨੁਕਸਾਨ ਵੀ ਹੋ ਜਾਂਦਾ ਹੈ। ਖ਼ਰਚਣ ਲਈ ਉਸ ਨੂੰ ਕਮਾਉਣਾ ਪੈਂਦਾ ਹੈ ਅਤੇ ਕੰਮ ਵਿਚ ਹੋ ਗਿਆ ਨੁਕਸਾਨ ਉਸ ਲਈ ਫ਼ਿਕਰ ਦਾ ਕਾਰਨ ਹੁੰਦਾ ਹੈ:

ਏ ਮਨ ਇਹੁ ਧਨੁ ਨਾਮੁ ਹੈ ਜਿਤੁ ਸਦਾ ਸਦਾ ਸੁਖੁ ਹੋਇ॥

ਤੋਟਾ ਮੂਲਿ ਨ ਆਵਈ ਲਾਹਾ ਸਦ ਹੀ ਹੋਇ॥

ਖਾਧੈ ਖਰਚਿਐ ਤੋਟਿ ਨ ਆਵਈ ਸਦਾ ਸਦਾ ਓਹੁ ਦੇਇ॥

ਸਹਸਾ ਮੂਲਿ ਨ ਹੋਵਈ ਹਾਣਤ ਕਦੇ ਨ ਹੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 555)

ਧਨ-ਸੰਪਦਾ ਹਾਸਲ ਕਰ ਕੇ ਮਨੁੱਖ ਸੁੱਖ ਦੇ ਸਾਧਨ ਇਕੱਤਰ ਕਰਦਾ ਹੈ। ਸੋਹਣੇ ਕੱਪੜੇ ਪਹਿਨਦਾ ਹੈ, ਲੱਕੜ ਦੇ ਘਰੇਲੂ ਸਾਮਾਨ ਨੂੰ ਸ਼ਿੰਗਾਰਦਾ ਹੈ, ਘਰ ਨੂੰ ਲਿਸ਼ਕਦਾ-ਪੁਸ਼ਕਦਾ ਹੈ ਤਾਂ ਜੋ ਦੇਖਣ ਵਾਲੇ ਨੂੰ ਉਹ ਸੁੰਦਰ ਜਾਪੇ। ਉਹ ਸੁੱਖ-ਸਾਧਨਾਂ ਨਾਲ ਆਪਣਾ ਦਿਲ ਪਰਚਾਉਂਦਾ ਹੈ, ਤਰ੍ਹਾਂ-ਤਰ੍ਹਾਂ ਦੇ ਖਾਧ-ਪਦਾਰਥਾਂ ਦਾ ਭੋਗ ਕਰਦਾ ਹੈ। ਘਰ ਵਿਚ ਪ੍ਰਾਹੁਣਿਆਂ ਦੀ ਆਮਦ ਹੁੰਦੀ ਹੈ:

ਕਾਪੜੁ ਕਾਠੁ ਰੰਗਾਇਆ ਰਾਂਗਿ॥

ਘਰ ਗਚ ਕੀਤੇ ਬਾਗੋ ਬਾਗ॥

ਸਾਦ ਸਹਜ ਕਰਿ ਮਨੁ ਖੇਲਾਇਆ॥

ਤੈ ਸਹ ਪਾਸਹੁ ਕਹਣੁ ਕਹਾਇਆ॥

ਮਿਠਾ ਕਰਿ ਕੈ ਕਉੜਾ ਖਾਇਆ॥

ਤਿਨਿ ਕਉੜੈ ਤਨਿ ਰੋਗੁ ਜਮਾਇਆ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 318)

ਵਿਚੋਲੇ ਦੀ ਮਾਰਫ਼ਤ ਦੋ ਪਰਿਵਾਰਾਂ ਦੇ ਸਬੰਧ ਜੁੜਦੇ ਹਨ ਅਤੇ ਵਿਆਹ ਦੀ ਰਸਮ ਹੁੰਦੀ ਹੈ:

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 964)

ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 963)

ਵਰਖਾ ਕਾਰਨ ਜਲ-ਥਲ ਹੋਇਆ ਪਿਆ ਹੋਵੇ, ਠੰਢੀ ਹਵਾ ਝਕੋਲੇ ਦੇ ਰਹੀ ਹੋਵੇ, ਸੇਜ ਕੀਮਤੀ ਪੱਥਰਾਂ, ਹੀਰਿਆਂ ਅਤੇ ਸੋਨੇ ਨਾਲ ਜੜੀ ਹੋਈ ਹੋਵੇ, ਸੁਹਾਗਣ ਨੇ ਆਪਣਾ ਵੇਸ ਵੀ ਧਾਰਨ ਕੀਤਾ ਹੋਇਆ ਹੋਵੇ ਪਰ ਜਿੰਨਾ ਚਿਰ ਉਸ ਨੂੰ ਆਪਣਾ ਪਤੀ ਦਿਖਾਈ ਨਹੀਂ ਦਿੰਦਾ, ਸਭ ਸੁੱਖ-ਸਾਮਾਨ ਦੁੱਖ ਹੀ ਦਿੰਦੇ ਹਨ:

ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ॥

ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ॥

ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ 1102)*

ਮਰਦ ਔਰਤ ਦੇ, ਅਤੇ ਔਰਤ ਮਰਦ ਦੇ ਪ੍ਰੇਮ ਵਿਚ ਏਨੀ ਖਪ ਜਾਂਦੀ ਹੈ ਕਿ ਉਨ੍ਹਾਂ ਨੂੰ ਰੱਬ ਵੀ ਭੁੱਲ ਜਾਂਦਾ ਹੈ:

ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਹੌਲੀ-ਹੌਲੀ ਮਨੁੱਖ ਨੂੰ ਅਹਿਸਾਸ ਹੁੰਦਾ ਹੈ ਕਿ ਇਹ ਪਰਿਵਾਰ, ਜਿਸ ਦੀ ਖ਼ਾਤਰ, ਉਸਨੇ ਇੰਨੇ ਪਰਪੰਚ ਰਚੇ ਹਨ, ਅਸਲ ਵਿਚ ਉਸਦੇ ਲਈ ਜੀਅ ਦਾ ਜੰਜਾਲ ਹੀ ਹੈ। ਮਨੁੱਖ ਜੇਕਰ ਲੰਮਾ ਸਮਾਂ ਵੀ ਇਨ੍ਹਾਂ ਪਦਾਰਥਾਂ ਦੇ ਸੁੱਖਾਂ ਦਾ ਭੋਗ ਕਰਦਾ ਰਹੇ ਤਾਂ ਵੀ

ਦੁੱਖਾਂ/ਰੋਗਾਂ ਦੇ ਰੂਪ ਵਿਚ ਵਟਣ 'ਤੇ ਇਹ ਕਸ਼ਟਦਾਈ ਹੀ ਹੋ ਜਾਂਦੇ ਹਨ। ਫਿਰ ਭੋਗਿਆ ਹੋਇਆ ਸੁੱਖ ਤਾਂ ਵਿਸਰ ਜਾਂਦਾ ਹੈ, ਦੁੱਖ ਦੀ ਡਾਹਢੀ ਚੀਸ ਹੀ, ਜੋ ਸੂਲ ਬਣ ਕੇ ਹਰ ਦਮ ਦਿਲ ਵਿਚ ਖੁੱਭਦੀ ਹੈ; ਹਰ ਵੇਲੇ ਸਰਗਰਮ ਰਹਿੰਦੀ ਹੈ:

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ॥

ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 556)

ਜੇ ਸਉ ਵਰਿਆ ਮਿਠਾ ਖਾਜੈ ਭੀ ਫਿਰਿ ਕਉੜਾ ਖਾਇ॥

ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਸੰਸਾਰ ਵਿਚ ਕੁਝ ਲੋਕ ਅਜਿਹੇ ਹਨ, ਜਿਹੜੇ ਵਾਦਨ ਦੀ ਸੋਝੀ ਨਹੀਂ ਰੱਖਦੇ, ਕਈਆਂ ਨੂੰ ਵਿੱਦਿਆ ਦਾ ਸ਼ੌਕ ਨਹੀਂ, ਕਈਆਂ ਨੂੰ ਰਾਗ ਦੀ ਸਮਝ ਨਹੀਂ। ਕਈ ਸੋਝੀ ਪੱਖੋਂ ਹੀਣੇ ਹਨ ਤੇ ਕਈ ਹੋਰ ਅਕਲ ਵਾਲਾ ਵਰਤਾਓ ਨਹੀਂ ਕਰਦੇ। ਕਈਆਂ ਨੂੰ ਤਾਂ ਇੱਕ ਅੱਖਰ ਵੀ ਪੜ੍ਹਨਾ ਨਹੀਂ ਆਉਂਦਾ। ਕਈਆਂ ਵਿਚ ਗੁਣ ਵੀ ਕੋਈ ਨਹੀਂ ਫਿਰ ਵੀ ਹੰਕਾਰ ਤੋਂ ਗ੍ਰਸਤ ਹਨ। ਗੁਰੂ ਜੀ ਅਨੁਸਾਰ ਅਜਿਹੇ ਲੋਕ ਅਸਲ ਖੋਤੇ ਹਨ:

ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ॥

ਇਕਨਾ ਸੁਧਿ ਨ ਬੁਧਿ ਨ ਅਕਲ ਸਰ ਅਖਰ ਕਾ ਭੇਉ ਨ ਲਹੰਤਿ॥

ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1246)

ਗੁਰੂ ਨਾਨਕ ਦੇਵ ਜੀ ਅਨੁਸਾਰ ਸੰਸਾਰ ਵਿਚ ਖ਼ਰਾਬੀਆਂ ਫ਼ੈਲਾਉਣ ਵਾਲੇ ਬੜੇ ਹਨ। ਮਨੁੱਖ ਚੰਗਾ ਕੰਮ ਕਰਨ ਵੇਲੇ ਤਾਂ ਕਈ ਵਾਰ ਸੋਚਦਾ ਹੈ ਪਰ ਬੁਰਾ ਕੰਮ ਕਰਨ ਵਿਚ ਇੱਕ ਪਲ ਨਹੀਂ ਲਾਉਂਦਾ। ਚੰਗਾ ਕੰਮ ਕਰਨ ਵੇਲੇ ਆਲਸ ਕਰਦਾ ਹੈ ਜਦਕਿ ਬੁਰਾ ਕੰਮ ਕਰਨ ਵੇਲੇ ਸ਼ੇਰ ਦੀ ਤਰ੍ਹਾਂ ਝਪਟ ਪੈਂਦਾ ਹੈ:

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1411)

ਨਹ ਬਿਲੰਬ ਧਰਮੰ ਬਿਲੰਬ ਪਾਪੰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1354)

ਚੰਗਿਆਇਂੀ ਆਲਕੁ ਕਰੇ ਬੁਰਿਆਇਂੀ ਹੋਇ ਸੇਰੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 518)

ਸੁੱਖਾਂ ਦੇ ਸਾਧਨ ਇਕੱਤਰ ਕਰਦਿਆਂ ਵੀ ਮਨੁੱਖ ਦੇ ਮਨ ਨੂੰ ਇੱਕ ਅਜੀਬ ਜਿਹੀ ਚਿੰਤਾ ਖਾਂਦੀ ਰਹਿੰਦੀ ਹੈ। ਉਸਨੂੰ ਉਨ੍ਹਾਂ ਸਾਧਨਾਂ ਦੀ ਪ੍ਰਾਪਤੀ ਮਗਰੋਂ ਉਨ੍ਹਾਂ ਦੇ ਖੁੱਸ ਜਾਣ ਦਾ ਡਰ ਚਿੰਬੜਿਆ ਰਹਿੰਦਾ ਹੈ। ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਬੱਕਰੀ ਖਾਵੇ ਤਾਂ ਹਰੀਆਂ ਪੱਤੀਆਂ ਪਰ ਸ਼ੇਰ ਦੇ ਨੇੜੇ-ਤੇੜੇ ਰਹਿੰਦੀ ਹੋਵੇ। ਮਨੁੱਖ ਜੇਕਰ ਚਾਰ ਦਿਨ ਖ਼ੁਸ਼ੀਆਂ ਮਾਣਦਾ ਹੈ ਤਾਂ ਚਾਰ ਦਿਨ ਦੁੱਖਾਂ ਦੇ ਹਨੇਰੇ ਦੇ ਵੀ ਆਉਂਦੇ ਹਨ। ਚਿੰਤਾ ਤੋਂ ਮੁਕਤੀ ਤਾਂ ਪ੍ਰਭੂ ਨੂੰ ਯਾਦ ਰੱਖਣ ਵਾਲਿਆਂ ਨੂੰ ਹੀ ਮਿਲਦੀ ਹੈ:

ਅਜ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ॥

ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

ਝੋਰਾ ਅਤੇ ਫ਼ਿਕਰ ਤਾਂ ਮਨੁੱਖ ਨੂੰ ਚੰਬੜੇ ਹੀ ਰਹਿੰਦੇ ਹਨ:

ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ ਜਿਨੀ ਸਤਿਗੁਰੁ ਪੁਰਖੁ ਧਿਆਇਆ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 304)

ਤਤਕਾਲੀ ਮਨੁੱਖ ਨੂੰ ਤਿਰਸਕਾਰ ਚੰਗਾ ਨਹੀਂ ਸੀ ਲੱਗਦਾ, ਉਹ ਮਾਣ ਨਾਲ ਜਿਊਣਾ ਚਾਹੁੰਦਾ ਸੀ। ਉਹ ਆਪਣੇ ਆਪ ਨੂੰ ਵਡਿਆਈ ਦਾ ਪਾਤਰ ਜਾਣਦਾ ਸੀ ਅਤੇ ਦੁੱਖਾਂ ਤੋਂ ਹਮੇਸ਼ਾ ਲਈ ਦੂਰ ਰਹਿਣਾ ਲੋਚਦਾ ਸੀ। ਸਲੋਕ ਬਾਣੀ-ਰੂਪ ਦੀਆਂ ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਮਨੁੱਖ ਦੀਆਂ ਇਨ੍ਹਾਂ ਕਾਮਨਾਵਾਂ ਦੀ ਪੂਰਤੀ ਪ੍ਰਭੂ ਨੂੰ ਯਾਦ ਕਰਨ ਵਿਚ ਦੱਸਦੇ ਹਨ:

ਤਿਰਸਕਾਰ ਨਹ ਭਵੰਤਿ ਨਹ ਭਵੰਤਿ ਮਾਨ ਭੰਗਨਹ॥
ਸੋਭਾ ਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ ਦੁਖਨਹ॥
ਗੋਬਿੰਦ ਨਾਮ ਜਪੰਤਿ ਮਿਲਿ ਨਾਨਕ ਸਾਧ ਸੰਗਹ ਨਾਨਕ ਸੇ ਪ੍ਰਾਣੀ ਸੁਖ ਬਾਸਨਹ॥

(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1356)

ਇਹ ਨਹੀਂ ਕਿ ਮਨ ਬੁਰੇ-ਭਲੇ ਵਿਚਕਾਰ ਅੰਤਰ ਨਹੀਂ ਜਾਣਦਾ ਜਾਂ ਬੁਰੇ ਕੰਮ ਇਸ ਕੋਲੋਂ ਆਪਣੇ ਆਪ ਹੀ ਹੋਈ ਜਾਂਦੇ ਹਨ, ਇਹ ਸਭ ਜਾਣਦਾ ਹੈ ਅਤੇ ਜਾਣ-ਬੁੱਝ ਕੇ ਕੁਕਰਮਾਂ ਨੂੰ ਅੰਜਾਮ ਦਿੰਦਾ ਹੈ:

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗੁਨੁ ਕਰੈ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਲੋਕ ਔਗੁਣਾਂ ਦੀਆਂ ਤਾਂ ਪੰਡਾਂ ਬੰਨ੍ਹਦੇ ਜਾਂਦੇ ਹਨ ਪਰ ਗੁਣ ਦੀ ਪੁੱਛ ਕਿਤੇ ਨਹੀਂ। ਕੋਈ ਇੱਕ-ਅੱਧ ਹੀ ਹੈ, ਜੋ ਗੁਣ ਦਾ ਲੈਣ-ਦੇਣ ਕਰਦਾ ਹੈ। ਗੁਣ ਦਾ ਗਾਹਕ ਤਾਂ ਕੋਈ ਵਿਰਲਾ ਹੀ ਹੈ:

ਲੋਕੁ ਅਵਗੁਣਾ ਕੀ ਬੰਨੈ੍ ਗੰਠੜੀ ਗੁਣ ਨ ਵਿਹਾਝੈ ਕੋਇ॥
ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1092)

ਹੰਕਾਰ ਅਧੀਨ ਵਿਚਰਨ ਵਾਲੇ ਮਨੁੱਖ ਨੂੰ ਭਗਤ ਕਬੀਰ ਜੀ ਸਮਝਾਉਂਦੇ ਹਨ ਕਿ ਇਸ (ਹੰਕਾਰ) ਨੇ ਤਾਂ ਮੁਨੀ ਅਤੇ ਉਨ੍ਹਾਂ ਦੇ ਮੁਖੀ (ਮੁਨੀਵਰ) ਵੀ ਨਹੀਂ ਬਖ਼ਸ਼ੇ, ਤੂੰ ਇਸ ਦਾ ਜਿੰਨੀ ਛੇਤੀ ਹੋ ਸਕੇ, ਤਿਆਗ ਕਰ। ਜੋਗੀ-ਜੰਗਮ ਵੀ ਹੰਕਾਰ ਵੱਸ ਹੋ ਕੇ ਆਦਰ ਸਹਿਤ ਦਿੱਤੀ ਹੋਈ ਥੋੜ੍ਹੀ ਭਿੱਖਿਆ ਨਹੀਂ ਕਬੂਲਦੇ, ਸਗੋਂ ਦੇਣ ਵਾਲੇ ਨੂੰ ਘੂਰਦੇ ਹਨ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਅਜਿਹੇ ਸੰਨਿਆਸੀਆਂ (ਭੇਖੀਆਂ) ਨਾਲੋਂ ਤਾਂ ਗ੍ਰਿਹਸਥੀ ਭਲੇ ਹਨ, ਜਿਹੜੇ ਕਿਸੇ ਹੋਰ ਦਾ ਢਿੱਡ ਭਰਨ ਦੀ ਵੀ ਸਮਰੱਥਾ ਰੱਖਦੇ ਹਨ। ਭਾਵ ਕਿ ਗ੍ਰਿਹਸਥੀ ਲੋਕ ਅਭਿਆਗਤ ਦੀ ਯਥਾਯੋਗ ਸਹਾਇਤਾ ਕਰਦੇ ਸਨ:

ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)
ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਾ ਅਹੰਕਾਰ ਬਹੁ ਗਰੁਬ ਵਧਾਇਆ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)
ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੋ ਕੋ ਵਰਸਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 586)

ਜਦੋਂ ਮਨੁੱਖ 'ਤੇ ਕੋਈ ਭਾਰੀ ਪੈਂਦੀ ਹੈ ਤਾਂ ਉਹ ਰੱਬ ਨੂੰ ਯਾਦ ਕਰਦਾ ਹੈ ਪਰ ਆਮ ਕਰਕੇ ਲੋਕ ਰਾਮ-ਨਾਮ ਦਾ ਰਟਨ ਹੀ ਕਰਦੇ ਹਨ। ਭਗਤ ਕਬੀਰ ਜੀ ਹਰ ਵੇਲੇ ਰੱਬ ਨੂੰ ਯਾਦ ਰੱਖਣ ਲਈ ਆਖਦੇ ਹਨ:

ਕਬੀਰ ਕਾਮ ਪਰੈ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 555)

ਜੋ ਜਨ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਮਨੁੱਖ ਕੁਟੰਬ ਦੇ ਹਿੱਤ ਵਿਚ ਕਈ ਬੁਰੇ-ਭਲੇ ਕੰਮ ਵੀ ਕਰ ਜਾਂਦਾ ਹੈ:

ਭਾਈ ਬੰਧੀ ਹੇਤ ਚੁਕਾਇਆ॥

ਦੁਨੀਆ ਕਾਰਣਿ ਦੀਨੁ ਗਵਾਇਆ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਵਰਖਾ ਹੋਣ 'ਤੇ ਲੋਕਾਂ ਨੂੰ ਬੜਾ ਚਾਅ ਚੜ੍ਹਦਾ ਸੀ ਤੇ ਉਹ ਇੰਦਰ ਦੇਵਤਾ ਦਾ ਧੰਨਵਾਦ ਪ੍ਰਗਟਾਉਂਦੇ ਸਨ। ਗੁਰੂ ਸਾਹਿਬ ਇੰਦਰ ਦੇ ਸੁਆਮੀ ਤੋਂ ਬਲਿਹਾਰ ਜਾਂਦੇ ਹਨ। ਤਤਕਾਲੀ ਲੋਕ ਚੰਦਰਮਾ ਨੂੰ ਠੰਢਕ ਦਾ ਸ੍ਰੋਤ ਮੰਨਦੇ ਸਨ, ਬਾਵਨ ਚੰਦਨ[179] ਬਾਰੇ ਵੀ ਅਜਿਹਾ ਹੀ ਖ਼ਿਆਲ ਸੀ। ਸਿਆਲ਼ ਦੀ ਰੁੱਤ ਤਾਂ ਠੰਢੀ ਹੈ ਹੀ ਸੀ:

ਇੰਦੁ ਵਰਸੈ ਕਰਿ ਦਇਆ ਲੋਕਾਂ ਮਨਿ ਉਪਜੈ ਚਾਉ॥

ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ ਕੈ ਸਦ ਬਲਿਹਾਰੈ ਜਾਉ॥

(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1285-86)

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ॥

ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

ਕੀਮਤੀ ਪੱਥਰਾਂ ਦੀ ਪਰਖ ਕਰ ਲੈਣਾ ਸਾਧਾਰਣ ਮਨੁੱਖ ਦੇ ਵੱਸ ਵਿਚ ਨਹੀਂ ਸੀ। ਕੋਈ ਅਨਜਾਣ ਆਦਮੀ ਕਿਸੇ ਪੱਥਰ ਨੂੰ ਸੁੰਦਰ ਸਮਝ ਕੇ ਜੇਕਰ ਸਾਧਾਰਣ ਘਰਾਂ ਵਿਚ ਵੇਚਣ ਤੁਰ ਪੈਂਦਾ ਸੀ ਤਾਂ ਉਸ ਦੇ ਪੱਲੇ ਓਥੋਂ ਅੱਧੀ ਕੌਡੀ ਵੀ ਨਹੀਂ ਸੀ ਪੈਂਦੀ, ਕਾਰਨ ਸੀ ਕਿ ਸਾਧਾਰਣ ਘਰਾਂ ਵਿਚ ਕੀਮਤੀ ਪੱਥਰਾਂ ਦੀ ਪਰਖ ਨਹੀਂ ਸੀ:

ਅੰਨੈ੍ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ॥

ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1249)

ਸੌ ਸਾਲ ਲੰਮੀ ਉਮਰ ਨੂੰ ਤਤਕਾਲੀ ਲੋਕ ਭਰੀ-ਪੁਰੀ ਆਯੂ ਮੰਨਦੇ ਸਨ। ਹੇਠ ਲਿਖੇ ਸਲੋਕ ਵਿਚ ਸ਼ੇਖ਼ ਫਰੀਦ ਜੀ ਦਾ ਇਸ਼ਾਰਾ ਹੈ ਕਿ ਜਿਸ ਉਮਰ ਨੂੰ ਲੋਕ ਭਰੀ-ਪੁਰੀ ਮੰਨਦੇ ਹਨ, ਜੇਕਰ ਓਨੀ ਵੀ ਭੋਗ ਲਈ ਜਾਵੇ ਤਾਂ ਵੀ ਤਾਂ ਇਸ ਤਨ ਨੇ ਖ਼ਾਕ ਹੀ ਹੋਣਾ ਹੈ:

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥

ਜੇ ਸਉ ਵਰ੍ਹਿਆ ਜੀਵਣਾ ਭੀ ਤਨ ਹੋਸੀ ਖੇਹ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਦੌੜ-ਭੱਜ ਵਿਚ ਨੱਠੇ ਫਿਰਦਿਆਂ ਅਖ਼ੀਰ ਮਨੁੱਖ ਦੇ ਜੀਵਨ-ਰੂਪੀ ਦਿਨ ਦੀ ਸ਼ਾਮ ਹੋਣ ਲੱਗਦੀ ਹੈ। ਸਰੀਰਕ ਬਲ ਘਟਣ ਲੱਗਦਾ ਹੈ, ਬੁਢਾਪਾ ਸਰੀਰ ਉੱਪਰ ਆਪਣਾ ਅਸਰ ਦਿਖਾਉਣ ਲੱਗ ਪੈਂਦਾ ਹੈ ਪਰ ਤਦ ਵੀ ਇਹ ਨਹੀਂ ਹੁੰਦਾ ਕਿ ਉਸ ਦੀ ਦੌੜ-ਭੱਜ

ਘਟ ਜਾਂਦੀ ਹੈ ਸਗੋਂ ਵਧਦੀ ਉਮਰ ਨਾਲ ਤਾਂ ਧਨ-ਪਦਾਰਥਾਂ ਪ੍ਰਤਿ ਉਸ ਦਾ ਮੋਹ ਹੋਰ ਵਧਦਾ ਜਾਂਦਾ ਹੈ। ਇੱਛਾਵਾਂ ਦੀ ਗਿਣਤੀ ਉਮਰ ਦੇ ਵਧਦੇ ਸਾਲਾਂ ਦੇ ਨਾਲ-ਨਾਲ ਵਧਦੀ ਜਾਂਦੀ ਹੈ:

ਮਿਥ੍ਰੰਤ ਦੇਹੰ ਖੀਣੰਤ ਬਲਨੰ॥ ਬਰਧੰਤ ਜਰੂਆ ਹਿਤ੍ਰੰਤ ਮਾਇਆ॥

ਅਤ੍ਰੰਤ ਆਸਾ ਆਥਿਤ ਭਵਨੰ॥ ਗਨੰਤ ਸਾਸਾ ਭੈਯਾਨ ਧਰਮੰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1354)

ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1426)

ਮਨੁੱਖ ਦੀ ਦੂਜਿਆਂ ਦਾ ਦਿਲ ਦੁਖਾਉਣ ਦੀ ਆਦਤ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ। ਵਧਦੀ ਉਮਰ ਦੇ ਨਾਲ ਵੀ ਉਹ ਸਾਤਵਿਕ ਰੁਚੀਆਂ ਨੂੰ ਅਪਨਾਅ ਕੇ ਚੰਗੇਰੇ ਜੀਵਨ-ਪੰਧ ਉੱਪਰ ਨਹੀਂ ਤੁਰ ਪਾਉਂਦਾ। ਉਸਦਾ ਹਰ ਦਿਨ ਤੌਖ਼ਲਿਆਂ ਵਿਚ ਹੀ ਲੰਘਦਾ ਹੈ। ਵਿਕਾਰਾਂ ਵਿਚ ਗ੍ਰਸਤ ਰਹਿ ਕੇ ਉਸਨੇ ਆਪਣੇ ਜੀਵਨ ਦਾ ਸਮਾਂ ਗੁਜ਼ਾਰ ਲਿਆ। ਹੁਣ ਉਸਦਾ ਸਰੀਰ ਜੁਆਬ ਦੇਣ ਲੱਗਾ ਤੇ ਦਿਨ ਮੁੱਕਦੇ ਪ੍ਰਤੀਤ ਹੋਣ ਲੱਗੇ। ਹੁਣ ਇਸ ਦਾ ਸਰੀਰ ਇਸ ਨੂੰ ਵਧਦੀ ਹੋਈ ਉਮਰ ਦੇ ਇਸ਼ਾਰੇ ਦੇਣ ਲੱਗ ਪਿਆ ਹੈ ਪਰ ਇਸ ਦੇ ਨੈਣਾਂ ਦੀ ਭੁੱਖ ਅਜੇ ਵੀ ਪੂਰੀ ਨਹੀਂ ਹੋਈ:

ਆਪਣਾ ਆਪੁ ਨ ਪਛਾਣੈ ਮੂੜਾ ਅਵਰਾ ਆਖਿ ਦੁਖਾਏ॥

ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਇ॥

ਸਤਿਗੁਰ ਕੇ ਭੈ ਭੰਨਿ ਨ ਘੜਿਓ ਰਹੈ ਅੰਕਿ ਸਮਾਏ॥

ਅਨਦਿਨੁ ਸਹਸਾ ਕਦੇ ਨ ਚੂਕੈ ਬਿਨੁ ਸਬਦੈ ਦੁਖੁ ਪਾਏ॥

ਕਾਮ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ॥

ਚਰਣ ਕਰ ਦੇਖਤ ਸੁਣਿ ਥਕੇ ਦਿਹ ਮੁਕੇ ਨੇੜੈ ਆਏ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 549-50)

ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ॥

ਅਜਹੂ ਜੀਉ ਨ ਛੋਡਿਓ ਰੰਕਾਈ ਨੈਨਾਹ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਮਨੁੱਖ ਨਹੀਂ ਚਾਹੁੰਦਾ ਸੀ ਕਿ ਉਹ ਕਦੇ ਬੁੱਢਾ ਹੋਵੇ। ਮਹਾਤਮਾ ਬੁੱਧ ਵੀ ਤਾਂ ਜੀਵਨ ਦੇ ਚਾਰ ਕਰੂਰ ਚਿੱਤਰਾਂ (ਜਿਨ੍ਹਾਂ ਵਿੱਚੋਂ ਬੁਢਾਪੇ ਦੀ ਮਾਰ ਸਹਿ ਰਿਹਾ ਵਿਅਕਤੀ ਵੀ ਇੱਕ ਸੀ) ਨੂੰ ਤੱਕ ਕੇ, ਇਨ੍ਹਾਂ ਤੋਂ ਸਰੀਰ ਨੂੰ ਦੂਰ ਰੱਖਣ ਦਾ ਖ਼ਿਆਲ ਚਿਤਵ ਕੇ, ਵੈਰਾਗ਼ ਵਿਚ ਆਏ ਸਨ[180] ਅਤੇ ਉਨ੍ਹਾਂ ਦੇ ਮੱਤ ਵਿਚ ਬੁਢਾਪੇ ਦੀ ਅਸਹਾਇ ਅਵਸਥਾ 'ਤੇ ਜਿੱਤ ਪ੍ਰਾਪਤ ਕਰਨ ਦਾ ਸਿਧਾਂਤ ਵੀ ਸ਼ਾਮਲ ਹੈ[181]। ਹੇਠ ਲਿਖੀ ਪੰਕਤੀ ਵਿਚ ਸ਼ੇਖ਼ ਫਰੀਦ ਜੀ ਦਾ ਇਸ਼ਾਰਾ ਹੈ ਕਿ ਜਿਸ ਤਰ੍ਹਾਂ ਲੋਕ ਚਾਹੁੰਦੇ ਹਨ ਕਿ ਉਹ ਸਦਾ ਹੀ ਜੋਬਨਵੰਤ ਰਹਿਣ, ਮੈਂ ਇਸ ਤਰ੍ਹਾਂ ਨਹੀਂ ਸੋਚਦਾ। ਬੱਸ, ਪਿਆਰੇ ਸੁਆਮੀ ਪ੍ਰਤਿ ਪ੍ਰੀਤ ਵਿਚ ਕਮੀ ਨਾ ਆਵੇ, ਜਵਾਨੀ ਦੇ ਚਲੇ ਜਾਣ ਦਾ ਕੋਈ ਡਰ ਨਹੀਂ:

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁਚੈ ਮਰਿ ਜਾਈ॥

ਪੁਤੁ ਕਲਤੁ ਮੋਹੁ ਹੇਤੁ ਹੈ ਅੰਤਿ ਬੇਲੀ ਕੋ ਨ ਸਖਾਈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1414)

ਭਲਾ ਰੱਜ ਕੇ ਜਿਉਣ ਦੀ ਖ਼ਾਹਸ਼ ਵੀ ਕਦੇ ਕਿਸੇ ਦੀ ਪੂਰੀ ਹੋਈ ਹੈ? ਜੇਕਰ ਇਸ ਤਰ੍ਹਾਂ ਹੋਵੇ ਤਾਂ ਮਨੁੱਖ ਧਰਤੀ ਤੋਂ ਕਦੇ ਵਿਦਾਈ ਲਵੇ ਹੀ ਨਾ। ਕੋਈ ਇਹ ਸੋਚੇ ਕਿ ਮੈਂ ਆਪਣੇ ਸਾਰੇ ਕੰਮ-ਧੰਦੇ ਮੁਕਾ ਕੇ, ਵਿਹਲਾ ਹੋ ਕੇ ਮਰਾਂ, ਇਹ ਵੀ ਸੰਭਵ ਨਹੀਂ। ਉਮਰ ਤਾਂ ਦੇਖਦਿਆਂ-ਦੇਖਦਿਆਂ ਹੀ ਬੀਤ ਜਾਂਦੀ ਹੈ:

ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਰੋਇ॥

... ... ... ... ... ... ...

ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ॥

ਨਾਨਕ ਕਿਸ ਨੋ ਆਖੀਐ ਵਿਣੁ ਪੁਛਿਆ ਹੀ ਲੈ ਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਮਨੁੱਖ ਇਹ ਜਾਣਦਿਆਂ ਅਤੇ ਦੇਖਦਿਆਂ ਕਿ ਜੇਕਰ ਇਸਦੇ ਮਾਪੇ ਇਸ ਧਰਤੀ 'ਤੇ ਸਦਾ ਲਈ ਨਹੀਂ ਰਹਿ ਸਕੇ ਤਾਂ ਇਹ ਕਿਵੇਂ ਰਹਿ ਸਕੇਗਾ? , ਵੀ ਨਹੀਂ ਸਮਝਦਾ:

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ੀ ਤੂ ਜਣਿਓਹਿ॥

ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਜਿਸ ਤਰ੍ਹਾਂ ਤਾਰੇ, ਸਵੇਰ ਵੇਲੇ, ਦੇਖਦਿਆਂ-ਦੇਖਦਿਆਂ ਅੱਖਾਂ ਤੋਂ ਉਹਲੇ ਹੋ ਜਾਂਦੇ ਹਨ, ਉਸੇ ਤਰ੍ਹਾਂ ਇਸ ਸਰੀਰ ਦਾ ਬਲ ਵੀ ਦੇਖਦਿਆਂ-ਦੇਖਦਿਆਂ ਹੀ ਖੀਣ ਹੋ ਜਾਂਦਾ ਹੈ:

ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਰਾਤੀ ਕਾਲੁ ਘਟੈ ਦਿਨਿ ਕਾਲੁ॥

ਛਿਜੈ ਕਾਇਆ ਹੋਇ ਪਰਾਲੁ॥

ਵਰਤਣਿ ਵਰਤਿਆ ਸਰਬ ਜੰਜਾਲੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

"ਸੋ ਇਸਤਰੀਆਂ ਹੋਣ ਜਾਂ ਮਰਦ ਉਮਰ ਦੇ ਢਲ਼ਦੇ ਜਾਣ ਨਾਲ ਉਨ੍ਹਾਂ ਦੀਆਂ ਖੁਸ਼ੀਆਂ ਵੀ ਕਾਫ਼ੂਰ ਹੁੰਦੀਆਂ ਜਾਂਦੀਆਂ ਹਨ। ਚਾਲ਼ੀ ਸਾਲ ਤੱਕ ਤਾਂ ਅਕਸਰ ਮਰਦ ਹੋਵੇ ਜਾਂ ਇਸਤਰੀ ਜੁਆਨੀ ਦਾ ਅਹਿਸਾਸ ਹੀ ਮਨ ਵਿਚ ਪਾਲ਼ੀਂ ਰਖਦੇ ਹਨ। ਇਸ ਵਾਰੇ ਅੰਗਰੇਜੀ ਦੀ ਇੱਕ ਅਖਾਣ ਹੈ,"Thirty as the oldage of youth and forty is the youth of oldage." ਸਾਧਾਰਨ ਮਨੁੱਖ ਤੇ ਇਹ ਅਖਾਣ ਠੀਕ ਢੁੱਕਦੀ ਹੈ। ਇਸ ਅਖਾਣ ਅਨੁਸਾਰ ਤੀਹ ਸਾਲ ਤੇ ਭਰ ਜੁਆਨੀ ਜਾਂ ਫਿਰ ਅੱਖੜ ਜੁਆਨੀ ਸਮਾਪਤ ਹੋ ਜਾਂਦੀ ਹੈ ਤੇ ਤੀਹਾਂ ਦਾ ਮਰਦ ਜਾਂ ਇਸਤਰੀ ਸਰੀਰਕ ਤੌਰ ਤੇ ਵਧਣੋਂ ਫੁਲਣੋਂ ਰੁਕ ਜਾਂਦਾ ਹੈ ਤੇ ਅਗਲੇ ਦਸ ਕੁ ਸਾਲ ਸਥਿਰ ਅਵਸਥਾ ਵਿਚ ਰਹਿੰਦਾ ਹੈ। ਫਿਰ ਚਾਲ਼ੀਆਂ ਤੇ ਜਾਕੇ ਉਸਦਾ ਸਰੀਰ ਢਿੱਲਾ ਪੈਣ ਲੱਗ ਜਾਂਦਾ ਹੈ ਤੇ ਬੁਢਾਪੇ ਦੇ ਹਿਸਾਬ ਨਾਲ ਇਹ ਉਸਦਾ ਸਰੀਰਕ ਤੌਰ ਤੇ ਸਭ ਤੋਂ ਬਲਵਾਨ ਸਮਾਂ ਹੁੰਦਾ ਹੈ। ਇਸ ਪਛਚਾਤ ਉਸਦੇ ਸਰੀਰ ਦੀ ਸ਼ਕਤੀ ਤਿਲਤਿਲ ਕਰਕੇ ਘਟਣ ਲਗਦੀ ਹੈ ਤੇ ਅਗਲੇ ਵੀਹ ਸਾਲਾਂ ਵਿਚ ਇਸ ਘਟੀ ਸ਼ਕਤੀ ਦਾ ਆਭਾਸ ਪ੍ਰਤੱਖ ਵਿਖਾਈ ਦੇਣ ਲਗਦਾ ਹੈ ਤੇ ਇਨਸਾਨ ਅਪਣੇ ਆਪ ਇਸ ਗੱਲ ਨੂੰ ਮਹਿਸੂਸ ਕਰਨ ਲਗਦਾ ਹੈ ਕਿ ਉਸਦਾ ਬਲ ਪਹਿਲਾਂ ਨਾਲੋਂ ਘਟ ਗਿਆ ਹੈ। ਕਈ ਵਾਰ ਉਹ ਜੁਆਨ ਉਮਰ ਦੇ ਮਰਦਾਂ ਇਸਤਰੀਆਂ ਨਾਲ ਮੁਕਾਬਲੇ ਵਿਚ ਆਕੇ ਹਾਰ ਖਾਂਦਾ ਹੈ ਤੇ ਅੰਦਰੋਂ ਛਿੱਥਾ ਜਿਹਾ ਪੈ ਜਾਂਦਾ ਹੈ, ਫਿਰ ਵੀ ਉਸਦਾ ਮਨ ਇਸ

ਗੱਲ ਨੂੰ ਮੰਨਣ ਲਈ ਮੁਸ਼ਕਲ ਨਾਲ ਹੀ ਤਿਆਰ ਹੁੰਦਾ ਹੈ ਕਿ ਹੁਣ ਉਹ ਬੁੱਢਾ ਹੋ ਗਿਆ ਹੈ।" (ਰਾਮ ਨਾਥ ਸ਼ੁਕਲਾ, *ਮਰਨ ਕਿਨਾਰੇ ਆਦਮੀ ਦੀ ਆਤਮ ਕਥਾ* 7-8)

ਅਖ਼ੀਰ ਬੁਢਾਪੇ ਨੇ ਦਸਤਕ ਦੇ ਦਿੱਤੀ। ਅੱਖਾਂ ਦੇ ਝਪਕਣ ਦੇ ਨਾਲ-ਨਾਲ ਉਮਰ ਦਾ ਪਤਾ ਹੀ ਨਹੀਂ ਲੱਗਾ ਕਿ ਕਦ ਬੀਤ ਗਈ। ਜ਼ਿੰਦਗੀ ਦੇ ਦਿਨ ਗਿਣਤੀ ਦੇ ਹੀ ਸਨ ਜਿਹੜੇ ਭੱਜ-ਭੱਜ ਕੇ ਬੀਤ ਗਏ; ਪਤਾ ਹੀ ਨਹੀਂ ਲੱਗਾ ਕਿੱਥੇ ਗਏ। ਦਿਨ ਨੱਠ-ਭੱਜ ਵਿਚ ਬੀਤ ਗਏ ਅਤੇ ਰਾਤਾਂ ਸੌਂ ਕੇ ਗੁਜ਼ਾਰ ਦਿੱਤੀਆਂ। ਜਿਹੜਾ ਵੀ ਦਿਨ ਲੰਘਿਆ ਉਹ ਜ਼ਿੰਦਗੀ ਦੇ ਹਿਸਾਬ ਵਿੱਚੋਂ ਮਨਫ਼ੀ ਹੀ ਤਾਂ ਹੁੰਦਾ ਚਲਾ ਗਿਆ:

ਕਬੀਰਾ ਰਾਮੁ ਨ ਚੇਤਿਓ ਜਰਾ ਪਹੂਚਿਓ ਆਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)
ਕਬੀਰ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)
ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)
ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)
ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਸਿਰ ਦੇ ਵਾਲ਼ ਚਿੱਟੇ ਹੋ ਗਏ ਹਨ ਤੇ ਮੁੱਛਾਂ ਵੀ ਰੰਗ ਵਟਾ ਗਈਆਂ ਹਨ (ਭਾਵ ਸਫ਼ੈਦ ਹੋ ਗਈਆਂ ਹਨ) ਪਰ ਮਨ ਅਜੇ ਵੀ ਦੁਨਿਆਵੀ ਰੰਗ-ਰੰਗੀਨੀਆਂ ਦੀ ਦੌੜ ਮਗਰ ਭੱਜਦਾ ਹੈ। ਦਾਹੜੀ ਦਾ ਰੰਗ ਹੁਣ ਕਾਲਾ ਨਹੀਂ ਰਹਿ ਗਿਆ, ਵਾਲ਼ ਚਿੱਟੇ ਹੋ ਗਏ ਹਨ। ਦੁਨੀਆ ਨੂੰ ਤੱਕ-ਤੱਕ ਕੇ ਅੱਖਾਂ ਕਮਜ਼ੋਰ ਹੋ ਗਈਆਂ, ਸੁਣ-ਸੁਣ ਕੇ ਕੰਨ ਬੋਲ਼ੇ ਹੋ ਗਏ; ਦੇਹ-ਰੂਪੀ ਟਹਿਣੀ ਪੱਕ ਗਈ ਤੇ ਇਸ ਦਾ ਰੰਗ ਬਦਲ ਗਿਆ। ਇਨ੍ਹਾਂ ਅੱਖਾਂ ਨੇ ਆਪਣੇ ਨਾਲ ਦੇ ਕਈ ਸੰਗੀ-ਸਾਥੀ ਜਹਾਨ ਤੋਂ ਤੁਰਦੇ ਹੋਏ ਤੱਕੇ:

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ॥
ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)
ਦੇਖਿ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)
ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ॥
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)
ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਦੰਦ ਜੁਆਬ ਦੇ ਗਏ, ਲੱਤਾਂ ਤੁਰਨ-ਫਿਰਨ ਤੋਂ ਅਸਮਰੱਥ ਹੋ ਗਈਆਂ, ਅੱਖਾਂ ਨਕਾਰਾ ਹੋ ਗਈਆਂ, ਕੰਨ ਬੈਠ ਗਏ। ਇਹ ਸਾਰਾ ਸਿਲਸਿਲਾ ਤੱਕ ਕੇ ਸਰੀਰ ਦੀ ਤਾਂ ਜਿਵੇਂ ਧਾਹ ਹੀ ਨਿਕਲ ਗਈ। ਸਿਰ ਹੁਣ ਆਪਣੇ-ਆਪ ਹਿੱਲਦਾ ਰਹਿੰਦਾ ਹੈ ਅਤੇ ਪੈਰਾਂ 'ਪੁਰ ਖੜ੍ਹਿਆ ਨਹੀਂ ਜਾਂਦਾ, ਅੱਖਾਂ ਦੀ ਜੋਤ ਪਹਿਲਾਂ ਵਰਗੀ ਨਹੀਂ ਰਹੀ। ਜਿਨ੍ਹਾਂ ਲੱਤਾਂ ਨਾਲ ਮਾਰੂਥਲ ਅਤੇ ਪਹਾੜ ਗਾਹ ਆਉਂਦਾ ਸੀ, ਉਨ੍ਹਾਂ ਨੂੰ ਹੁਣ ਨੇੜੇ ਪਿਆ ਕੁੱਜਾ (ਚੁੱਕਣ ਵਿਚ) ਸੌ ਕੋਹਾਂ ਦੂਰ ਪਿਆ ਪ੍ਰਤੀਤ ਹੁੰਦਾ ਹੈ। ਰਾਤਾਂ, ਜੋ ਜਵਾਨੀ ਵੇਲ਼ੇ ਸੁੱਤਿਆਂ ਦੀਆਂ ਝੱਟ ਬੀਤ ਜਾਂਦੀਆਂ ਸਨ, ਉਹ ਹੁਣ ਨੀਂਦ ਨਾ ਆਉਣ ਕਾਰਨ ਬੀਤਦੀਆਂ ਨਹੀਂ ਅਤੇ ਲੰਮੀਆਂ ਪ੍ਰਤੀਤ ਹੁੰਦੀਆਂ ਹਨ। ਉੱਸਲਵੱਟੇ ਲੈਂਦਿਆਂ ਪਾਸੇ ਦੁਖਣ ਲੱਗਦੇ ਹਨ:

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ॥

ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ॥(ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1428)

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥

ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਨਦੀ ਦੇ ਕੰਢੇ ਉੱਪਰ ਖੜ੍ਹਾ ਰੁੱਖ ਕਿੰਨਾ ਕੁ ਚਿਰ ਟਿਕਿਆ ਰਹਿ ਸਕਦਾ ਹੈ? ਕੱਚਾ ਭਾਂਡਾ ਕਿੰਨਾ ਕੁ ਚਿਰ ਪਾਣੀ ਨੂੰ ਸਮੋਈ ਰੱਖ ਸਕਦਾ ਹੈ? ਅਜੇ ਗੋਦੜੀ ਵੀ ਧਾਗੇ-ਰੂਪੀ ਮੇਖਾਂ ਨਾਲ ਗੰਢੀ ਹੋਈ ਹੁੰਦੀ ਹੈ (ਭਾਵ ਉਸਦੀ ਵੀ ਕੁਝ ਨਿਸ਼ਚਿਤ ਸਮਾਂ ਹੋਂਦ ਵਿਚ ਰਹਿਣ ਦੀ ਉਮੀਦ ਹੈ) ਪਰ ਇਹ ਸਰੀਰ ਤਾਂ ਕਿਸੇ ਪੱਕੇ ਸਮਾਨ ਨਾਲ ਨਹੀਂ ਗੰਢਿਆ ਹੋਇਆ। ਆਖ਼ਰਕਾਰ ਦੁਨਿਆਵੀ ਕੰਮਾਂ-ਕਾਰਾਂ ਵਿਚ ਰੁੱਝੇ ਹੋਏ ਮਨੁੱਖ ਦਾ ਅੰਤ ਸਮਾਂ ਆਣ ਪੁੱਜਾ:

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥

ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥

ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥

ਬਾਜ ਪਏ ਤਿਸ ਰਬ ਦੇ ਕੇਲਾਂ ਵਿਸਰੀਆਂ॥

ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਮਨੁ ਜੰਜਾਲੁ ਨ ਛੋਡਈ ਜਮ ਦੀਆ ਦਮਾਮਾ ਆਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੇ ਰਹਿ ਗਇਓ ਰਾਮੁ॥

ਆਇ ਪਰੇ ਧਰਮ ਰਾਇ ਕੇ ਬੀਚਹਿ ਧੂਮਾ ਧਾਮ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਮਨੁੱਖ ਨੂੰ ਆਪਣਾ ਅੰਤ ਸਮਾਂ ਦਿਖਾਈ ਦਿੰਦਾ ਹੈ। ਸਰੀਰ ਵਿੱਚੋਂ ਜਾਨ ਨਿਕਲਣ ਲੱਗੇ ਸਰੀਰ ਦੀ ਹਾਲਤ ਤਰਸਯੋਗ ਹੋ ਜਾਂਦੀ ਹੈ। ਮਨੁੱਖ ਪੀੜਾ ਨਾਲ ਕਰਾਹੁੰਦਾ ਹੈ, ਅਖ਼ੀਰ ਮੌਤ-ਰੂਪੀ ਵਰ ਜਿੰਦ-ਰੂਪੀ ਵਹੁਟੀ ਨੂੰ ਪਰਨਾ ਲੈ ਜਾਂਦਾ ਹੈ ਭਾਵ ਮਨੁੱਖ ਦੀ ਦੇਹ ਸ਼ਿਥਲ ਹੋ ਜਾਂਦੀ ਹੈ। ਸਰੀਰ ਦੀ ਚੇਤਨਾ ਸਮਾਪਤ ਹੋ ਜਾਂਦੀ ਹੈ। ਅੰਤ ਸਮੇਂ ਨੂੰ ਕੋਈ ਟਾਲ ਨਹੀਂ ਸਕਦਾ। ਮੌਤ ਨੂੰ ਕੋਈ ਦਰਵਾਜ਼ਾ ਅਟਕਾ ਨਹੀਂ ਸਕਦਾ। ਪਰਿਵਾਰ ਦੇ ਕਿਸੇ ਜੀਅ ਨੂੰ ਆ ਰਹੀ ਮੌਤ ਦੇ ਅੱਗੇ ਘਰ ਦੇ ਬਾਕੀ ਜੀਅ ਬੇਵੱਸ ਹੋ ਜਾਂਦੇ ਹਨ।

ਮੌਤ ਮਗਰੋਂ ਪਰਿਵਾਰਕ ਜੀਅ ਮਰ ਚੁੱਕੇ ਜੀਅ ਨੂੰ ਆਖ਼ਰੀ ਸਫ਼ਰ ਲਈ ਤਿਆਰ ਕਰਦੇ ਹਨ। ਚਾਰ ਜਣੇ ਮੋਢਾ ਦੇ ਕੇ ਮਿਰਤਕ ਦੇਹ ਨੂੰ ਅੰਤਿਮ ਰਸਮ ਲਈ ਸ਼ਮਸ਼ਾਨ ਘਾਟ ਲੈ ਤੁਰਦੇ ਹਨ:

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥

ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥

ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥

ਸਾਹੇ ਲਿਖੇ ਨ ਚਲਨੀ ਜਿੰਦੂ ਕੂ ਸਮਝਾਇ॥

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ॥

ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥

ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ੍॥

ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ੍॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਘਰ ਵਿੱਚੋਂ ਜੀਅ ਦੇ ਚਲੇ ਜਾਣ ਦਾ ਬੜਾ ਗ਼ਮ ਹੁੰਦਾ ਸੀ। ਘਰ ਦੇ ਬਾਕੀ ਜੀਅ ਰੱਬ ਨਾਲ ਵੀ ਇਸ ਗੱਲ ਦਾ ਗਿਲਾ-ਸ਼ਿਕਵਾ ਕਰਦੇ ਸਨ:

ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ॥

ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1246)

ਮਰਨ ਵਾਲਾ ਮਨੁੱਖ ਆਪਣੇ ਘਰੇਲੂ ਧੰਦਿਆਂ ਨੂੰ ਸੋਧਦਾ ਹੀ ਜੀਵਨ ਬਿਤਾ ਗਿਆ। ਮਰ ਗਏ ਦਾ ਬਾਹਰਲਿਆਂ (ਦੁਨੀਆ) ਨੂੰ ਕੁਝ ਖ਼ਾਸ ਪਤਾ ਵੀ ਨਾ ਲੱਗਾ (ਭਾਵ ਦੂਰ ਦੇ ਲੋਕ ਤਾਂ ਉਸਨੂੰ ਜਾਣਦੇ ਵੀ ਨਹੀਂ ਸਨ)। ਗੁਰੂ ਸਾਹਿਬ ਆਖਦੇ ਹਨ ਕਿ ਮੌਤ ਤੋਂ ਬਾਅਦ ਵੀ ਸੱਚੀ ਸਿਫ਼ਤ ਉਨ੍ਹਾਂ ਦੀ ਹੀ ਹੁੰਦੀ ਹੈ, ਜਿਨ੍ਹਾਂ ਦੀ ਜਿਉਂਦੇ ਜੀਅ ਕੋਈ ਕਦਰ ਹੁੰਦੀ ਰਹੀ ਹੋਵੇ। ਭਾਵ ਮਨੁੱਖ ਨੂੰ ਮਰਨ ਮਗਰੋਂ ਵੀ (ਲੋਕ ਮਨਾਂ ਵਿਚ) ਜਿਊਂਦੇ ਰਹਿਣ ਲਈ ਚੰਗੇ ਕੰਮ ਕਰਨੇ ਚਾਹੀਦੇ ਹਨ। ਮਰਨ ਤੋਂ ਬਾਅਦ, ਮਰਨ ਵਾਲੇ ਦੇ ਸਬੰਧੀਆਂ ਅਤੇ ਮਿੱਤਰਾਂ ਦਾ ਉਸ ਨਾਲ ਪਿਆਰ ਵੀ ਮਰ ਜਾਂਦਾ ਸੀ, ਉਸ ਪ੍ਰਤਿ ਵਿਰੋਧੀਆਂ ਦਾ ਵੈਰ ਵੀ ਮੁੱਕ ਜਾਂਦਾ ਸੀ। ਮਿਰਤਕ ਦੀ ਦੇਹ, ਜੋ ਰੰਗ ਵਟਾ ਗਈ ਹੁੰਦੀ ਸੀ, ਸੜ ਕੇ ਜਾਂ ਮਿੱਟੀ ਹੇਠ ਦੱਬੀ ਜਾਣ ਕਰਕੇ ਇੱਕ ਪ੍ਰਕਾਰ ਨਾਲ ਰੁਲਦੀ ਹੀ ਸੀ। ਅੰਤਿਮ ਰਸਮ ਮਗਰੋਂ ਸਬੰਧੀ ਉਸ ਬਾਰੇ ਗੱਲਾਂ ਕਰਦੇ ਸਨ ਕਿ ਮਿਰਤਕ ਕਿਸ ਤਰ੍ਹਾਂ ਦਾ ਸੀ, ਕਿਸ ਤਰ੍ਹਾਂ ਦਾ ਨਹੀਂ ਸੀ। ਉਹ ਆਪਸ ਵਿਚ ਗੱਲਾਂ ਕਰਦੇ ਸਨ ਅਤੇ ਖ਼ਿਆਲਾਂ ਵਿਚ ਚਿਤਵਦੇ ਸਨ ਕਿ ਸੰਸਾਰ ਵਿਚ ਵਿਚਰਦਿਆਂ ਉਹ ਚਾਰ ਦਿਹਾੜੇ ਮੌਜਾਂ ਮਾਣ ਗਿਆ:

ਕਬੀਰ ਰਾਮੁ ਨਾਮੁ ਚੇਤਿਓ ਨਹੀ ਪਾਲਿਓ ਕਟਕੁ ਕੁਟੰਬੁ॥

ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ [182]ਬੰਬ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)

ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1242)

ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰ ਵਾਦੀ॥

ਵੰਨੁ ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ॥

ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿਹੁ ਸੀ॥

ਮਨ ਮੁਖਿ ਗਲਾ ਗੋਈਆ ਕੀਤਾ ਚਾਉ ਰਲੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਸਾਧਾਰਣ ਮਨੁੱਖ ਜਨਮ ਲੈਣ ਮਗਰੋਂ ਮਾਤਾ-ਪਿਤਾ ਦਾ ਪਿਆਰ ਮਾਣਦਾ ਹੈ। ਜਿਉਂ-ਜਿਉਂ ਉਹ ਵੱਡਾ ਹੁੰਦਾ ਹੈ ਜ਼ਿੰਮੇਵਾਰੀਆਂ ਨਿਭਾਉਣ ਲੱਗਦਾ ਹੈ। ਜਵਾਨੀ ਦੇ ਚਾਰ ਦਿਨ ਮੌਜ ਨਾਲ ਕੱਟ ਕੇ ਉਹ ਘਰ-ਗ੍ਰਿਹਸਥੀ ਸੰਭਾਲਦਾ ਹੈ ਤੇ ਪਰਿਵਾਰਕ ਹਿੱਤਾਂ ਨੂੰ ਤਰਜੀਹ ਦਿੰਦਾ ਹੈ। ਉਸਦਾ ਸਾਰਾ ਕਾਰ-ਵਿਹਾਰ ਪਰਿਵਾਰਕ ਹਿੱਤਾਂ ਦੇ ਗਿਰਦ ਹੀ ਘੁੰਮਦਾ ਹੈ। ਉਹ ਪਰਿਵਾਰਕ ਹਿੱਤਾਂ ਲਈ ਕਈ ਤਾਣੇ-ਬਾਣੇ ਬੁਣਦਾ ਹੈ। ਉਹ ਵੱਧ ਤੋਂ ਵੱਧ ਸੰਸਾਰਕ ਸਾਧਨ ਇਕੱਤਰ ਕਰਨ ਲਈ ਨੱਠ-ਭੱਜ ਕਰਦਾ ਹੈ। ਇਸੇ ਤਰ੍ਹਾਂ ਉਸਦਾ ਜੀਵਨ ਗੁਜ਼ਰਦਾ ਜਾਂਦਾ ਹੈ। ਅਖ਼ੀਰ ਬੁਢਾਪਾ ਦਸਤਕ ਦਿੰਦਾ ਹੈ ਤੇ ਸਰੀਰ ਖੀਣ ਹੋਣਾ ਸ਼ੁਰੂ ਹੋ ਜਾਂਦਾ ਹੈ। ਹੌਲੀ-ਹੌਲੀ ਸਰੀਰ ਕਮਜ਼ੋਰ ਹੁੰਦਾ ਜਾਂਦਾ ਹੈ, ਅੰਤ ਮੌਤ ਆ ਪੁੱਜਦੀ ਹੈ। ਮਿਰਤਕ ਸਰੀਰ ਦਾ ਅੰਤਮ ਸੰਸਕਾਰ ਕਰ ਦਿੱਤਾ ਜਾਂਦਾ ਹੈ ਤੇ ਮਗਰੋਂ ਪਰਿਵਾਰਕ ਜੀਅ ਅਤੇ ਰਿਸ਼ਤੇਦਾਰ ਕੁਝ ਦਿਨ ਬੈਠ ਕੇ ਉਸ ਬਾਰੇ ਗੱਲ-ਬਾਤ ਕਰਦੇ ਹਨ ਤੇ ਉਸਨੂੰ ਯਾਦ ਕਰਦੇ ਹਨ। ਸਮੇਂ ਦੇ ਗੁਜ਼ਰਨ ਨਾਲ ਉਸਦੀ ਯਾਦ ਮਨਾਂ ਵਿੱਚੋਂ ਮੱਠੀ ਪੈ ਜਾਂਦੀ ਹੈ। “ਵਿਲੀਅਮ ਸ਼ੈਕਸਪੀਅਰ ਨੇ ਮਨੁੱਖੀ ਜੀਵਨ ਨੂੰ ਸੱਤ ਪੜਾਵਾਂ ਵਿਚ ਦਰਸਾਇਆ ਹੈ। ਉਮਰ ਦੇ ਹਰ ਪੜਾਅ ਦੀਆਂ ਆਪਣੀਆਂ ਹੀ ਖਿੱਚਾਂ ਹਨ। ਫਿਰ ਵੀ ਬਚਪਨ, ਜਵਾਨੀ ਅਤੇ ਬੁਢਾਪਾ ਆਪਣੀ ਖਾਸ ਪਹਿਚਾਣ ਰੱਖਦੀਆਂ ਹਨ। ਜਿੱਥੇ ਬਚਪਨ ਉਹ ਮਸਤਮੌਲਾ ਅਵਸਥਾ ਹੈ, ਜਿਸ ਵਿਚ ਕੋਈ ਗੱਲ ਕਰਨ ਤੋਂ ਪਹਿਲਾਂ ਸੋਚਣਾ ਨਹੀਂ ਪੈਂਦਾ, ਉਥੇ ਬੁਢਾਪਾ ਜੀਵਨ ਦੇ ਤਜਰਬਿਆਂ ਦੀ ਪੂੰਜੀ ਜਮ੍ਹਾਂ ਹੋਣ ਕਰਕੇ ਸਿਆਣਾ ਹੋ ਚੁੱਕੇ ਵਿਅਕਤੀ ਨੂੰ ਹਰ ਗੱਲ ਕਰਨ ਤੋਂ ਪਹਿਲਾਂਸੋਚਣ ਲਈ ਮਜਬੂਰ ਕਰਦਾ ਹੈ। ਇਸ ਦੀ ਆਮਦ ਨਾਲ ਅਨੇਕਾਂ ਉਭੜ-ਖਾਭੜ ਰਸਤੇ ਤੈਅ ਕਰਦੀ ਜ਼ਿੰਦਗੀ ਦੀ ਕਹਾਣੀ ਆਖਰੀ ਪੜਾਅ ਵੱਲ ਵਧਦੀ ਹੈ। ਬੱਚਿਆਂ ਦੀਆਂ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ ਕੇ ਬੁਢਾਪਾ ਉਹ ਦੌਰ ਹੁੰਦਾ ਹੈ, ਜਦੋਂ ਸਕੂਨ ਦੀ ਤਲਾਸ਼ ਹੁੰਦੀ ਹੈ। ” (ਕੈਲਾਸ਼ ਚੰਦਰ ਸ਼ਰਮਾ, *ਅਜੀਤ ਰੋਜ਼ਾਨਾ ('ਮਨੋਰੰਜਨ' ਸਪਲੀਮੈਂਟ) ਮਿਤੀ 01.12.2017* 3)

## 2.4 ਪਰਿਵਾਰਕ ਰਿਸ਼ਤਿਆਂ ਦਾ ਪ੍ਰਸਤੁਤੀਕਰਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿੱਚੋਂ ਤਤਕਾਲੀ ਪਰਿਵਾਰਕ ਰਿਸ਼ਤਿਆਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। " 'ਆਦਿ ਗ੍ਰੰਥ' ਵਿੱਚ ਜਿੰਨੇ ਦੁਨਿਆਵੀ ਰਿਸ਼ਤੇ ਆਏ ਹਨ, -ਭਾਵੇਂ ਉਹ ਪਰਿਵਾਰਕ ਹਨ ਜਾਂ ਗੈਰ ਪਰਿਵਾਰਕ, -ਸਭ ਨੂੰ ਆਦਰਸ਼ ਰੂਪ ਵਿਚ ਜਾਂ ਤਾਂ ਵਡਿਆਇਆ ਗਿਆ ਹੈ ਜਾਂ ਇਨ੍ਹਾਂ ਨੂੰ ਤੁੱਛ ਦੱਸ ਕੇ ਰੱਬਤਾ ਨਾਲ ਰਿਸ਼ਤਾ ਗੰਢਣ ਦੇ ਉਪਦੇਸ਼ ਮਿਲਦੇ ਹਨ।" (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004* 82) ਤਤਕਾਲੀ ਦੌਰ ਵਿਚ ਪਰਿਵਾਰ ਇੱਕ ਸੰਗਠਨ ਵਜੋਂ ਹੋਂਦ ਵਿਚ ਸੀ ਜਿਸ ਵਿਚ ਕਈ ਜੀਅ ਹੋਇਆ ਕਰਦੇ ਸਨ। ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਪਰਿਵਾਰ ਦੇ ਉਨ੍ਹਾਂ ਮੈਂਬਰਾਂ ਦੇ ਆਪਸੀ ਸਬੰਧਾਂ ਬਾਰੇ ਵੀ ਯਥਾਯੋਗ ਜਾਣਕਾਰੀ ਮਿਲਦੀ ਹੈ। ਹੇਠਲੀਆਂ ਪੰਕਤੀਆਂ ਵਿਚ ਇਨ੍ਹਾਂ ਸਭ ਦਾ ਬਿਓਰਾ ਦਿੱਤਾ ਜਾ ਰਿਹਾ ਹੈ:

### 2.4.1 ਪਰਿਵਾਰ

ਮਨੁੱਖ ਦੇ ਜਨਮ ਦੇ ਮੂਲ ਮਾਤਾ-ਪਿਤਾ ਦੱਸੇ ਗਏ ਹਨ। ਨਵ-ਜੰਮਿਆ ਬੱਚਾ ਮਾਂ ਦੇ ਦੁੱਧ 'ਤੇ ਪਲਦਾ ਸੀ। ਗੁਰੂ ਨਾਨਕ ਦੇਵ ਜੀ ਨੇ ਜੀਵ ਦੇ ਸਮੁੱਚੇ ਜੀਵਨ ਨੂੰ ਦਸ ਅੰਤਰਾਲਾਂ ਵਿਚ ਵੰਡਦਿਆਂ, ਤੀਜੇ ਅੰਤਰਾਲ ਵਿਚ, ਉਸਦਾ ਸਬੰਧ ਭਰਾ, ਭਾਬੀ ਅਤੇ ਭੈਣ ਨਾਲ ਜੁੜਦਾ ਦਰਸਾਇਆ ਹੈ।[183] ਵੱਡੇ ਹੋਇਆਂ ਉਸਦਾ ਵਿਆਹ ਹੋ ਜਾਂਦਾ ਤੇ ਉਹ ਆਪਣੇ ਜੀਵਨ-ਸਾਥੀ ਨੂੰ ਘਰ ਲੈ

ਆਉਂਦਾ। ਇਸੇ ਪ੍ਰਕਰਣ ਵਿਚ ਗੁਰੂ ਸਾਹਿਬ ਜੀਵਨ ਦੇ ਸੱਤਵੇਂ ਅੰਤਰਾਲ ਵਿਚ ਮਨੁੱਖ ਦਾ ਧਨ ਜੋੜ ਕੇ ਘਰ ਵਸਾਉਣਾ (ਵਿਆਹ ਕਰਵਾਉਣਾ) ਦਰਸਾਉਂਦੇ ਹਨ:

ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ॥
ਜੀਉ ਮਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1289)

ਸਤਵੈ ਸੰਜਿ ਕੀਆ ਘਰ ਵਾਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 137)

ਮਾਤਾ-ਪਿਤਾ ਬੱਚੇ ਦੀ ਸੰਭਾਲ ਕਰਦੇ ਸਨ। ਹੇਠਲੀ ਪੰਕਤੀ ਵਿਚ ਪ੍ਰਭੂ ਨੂੰ ਮਾਤਾ-ਪਿਤਾ ਦੀ ਤਰ੍ਹਾਂ ਸੰਭਾਲ ਕਰਨ ਵਾਲਾ ਦੱਸਿਆ ਗਿਆ ਹੈ। ਮਾਤਾ-ਪਿਤਾ ਅੰਞਾਣ ਬੱਚੇ ਨੂੰ ਗਲ਼ ਲਾ ਕੇ ਰੱਖਦੇ ਅਤੇ ਉਸਦੀ ਪਾਲਣਾ ਕਰਦੇ। ਪਿਤਾ ਟੱਬਰ ਦੀ ਪਾਲਣਾ ਹਿੱਤ ਮਾਇਆ ਉਪਰਜਨ ਲਈ ਕਈ ਤਰ੍ਹਾਂ ਦੇ ਆਹਰ ਕਰਦਾ ਸੀ। ਪਰਿਵਾਰ ਦੇ ਭਰਣ-ਪੋਸ਼ਣ ਵਿਚ ਮਨੁੱਖ ਏਨਾ ਖਚਿਤ ਹੋ ਜਾਂਦਾ ਸੀ ਕਿ ਉਸਨੂੰ ਰੱਬ ਵੀ ਯਾਦ ਨਹੀਂ ਸੀ ਰਹਿੰਦਾ:

ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 653)

ਪ੍ਰਭ ਮਾਤ ਪਿਤਾ ਕੰਠਿ ਲਾਇਦਾ [184]ਲਹੁੜੇ ਬਾਲਕ ਪਾਲਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 957)

ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 706)

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ॥
ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਮਨੁੱਖ ਦੇ ਪਰਿਵਾਰ ਵਿਚ ਮਾਤਾ-ਪਿਤਾ, ਇਸਤਰੀ ਅਤੇ ਭਰਾ ਆਦਿ ਹੁੰਦੇ ਸਨ। ਮਿੱਤਰਾਂ, ਸਬੰਧੀਆਂ ਅਤੇ ਕੁਟੰਬ-ਕਬੀਲੇ ਨਾਲ ਉਸਦਾ ਮੋਹ ਹੁੰਦਾ ਸੀ। ਸਾਰੇ ਸਬੰਧੀ ਮਨੁੱਖ ਤੋਂ ਕੁਝ ਆਸਾਂ ਰੱਖਦੇ ਸਨ:

ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ॥
ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਯ੍ਯਤੇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1353)

ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਭੈਣ-ਭਰਾ ਦਾ ਰਿਸ਼ਤਾ ਬੜੇ ਪ੍ਰੇਮ ਵਾਲਾ ਹੁੰਦਾ ਸੀ। ਭੈਣ ਦੇ ਜਦੋਂ ਸਾਰੇ ਆਸਰੇ ਖੁੱਸ ਜਾਂਦੇ ਸਨ ਤਾਂ ਉਹ ਆਪਣੇ ਭਰਾ ਨੂੰ ਆਵਾਜ਼ ਦਿੰਦੀ ਸੀ ਜਿਸਦਾ ਭਾਵ ਹੈ ਕਿ ਉਸਨੂੰ ਯਕੀਨ ਸੀ ਕਿ ਉਸਦਾ ਇਹ ਰਿਸ਼ਤਾ ਜ਼ਰੂਰ ਨਿਭੇਗਾ। ਹੇਠਲੀਆਂ ਪੰਕਤੀਆਂ ਵਿਚ ਮਸਾਣਾਂ ਵਿਚ ਚਿਤਾ ਉੱਪਰ ਬੈਠੀ ਔਰਤ (ਜੋ ਸਤੀ ਹੋਣ ਜਾ ਰਹੀ ਹੈ) ਮਸਾਣ ਨੂੰ ਵੀਰ ਕਹਿ ਕੇ ਸੰਬੋਧਤ ਹੁੰਦੀ ਹੋਈ ਆਖਦੀ ਹੈ ਕਿ ਹੁਣ ਸਭ ਚਲੇ ਗਏ ਹਨ ਤੇ ਹੁਣ ਅਖ਼ੀਰ 'ਤੇ ਮੇਰਾ ਤੇ ਤੇਰਾ ਕੰਮ ਹੀ ਬਾਕੀ ਰਹਿ ਗਿਆ ਹੈ:

ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ॥
ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ [185]ਨਿਦਾਨ॥

(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਜਦੋਂ ਗੁਰੂ ਸਾਹਿਬ ਮਨੁੱਖ ਨੂੰ ਇਹ ਆਖਦੇ ਹਨ ਕਿ ਇਸਤਰੀ ਅਤੇ ਪੁੱਤਰ ਨੇ ਵੀ ਤੇਰੇ ਨਾਲ ਨਹੀਂ ਜਾਣਾ ਤਾਂ ਇਹ ਕਥਨ ਮਨੁੱਖ ਦੇ ਆਪਣੀ ਇਸਤਰੀ ਅਤੇ ਪੁੱਤਰ ਨਾਲ ਵਿਸ਼ੇਸ਼ ਲਗਾਓ ਦਾ ਸੂਚਕ ਹੈ। ਵੈਸੇ ਪਰਿਵਾਰ ਵਿਚ ਮਰਦ ਦੀ ਪ੍ਰਧਾਨਤਾ ਸੀ:

ਪੁਤੁ ਕਲਤੁ ਨ ਸਾਥਿ ਕੋਈ ਜਾਸਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 643)

ਨਿਹਫਲੁ ਤਿਨ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 509)

ਬਜ਼ੁਰਗਾਂ ਦੀਆਂ ਗਾਥਾਵਾਂ ਬੱਚੇ ਵਿਚ ਚੰਗੇ ਗੁਣ ਭਰਦੀਆਂ ਸਨ। ਗੁਣਾਂ ਵਾਲਾ ਪੁੱਤਰ ਆਪਣੀ ਕੁਲ 'ਤੇ ਲੱਗਾ ਦਾਗ਼ ਧੋ ਦਿੰਦਾ ਸੀ ਭਾਵ ਉਹ ਆਪਣੀ ਕੁਲ ਦੇ ਯਸ਼ ਦਾ ਕਾਰਨ ਬਣਦਾ ਸੀ:

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

ਅਪਜਸੰ ਮਿਟੰਤ ਸਤ ਪੁਤ੍ਰਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1361)

ਔਰਤ ਦੀਆਂ ਦੋ ਧਿਰਾਂ ਸਹੁਰੇ ਅਤੇ ਪੇਕੇ ਹੋਇਆ ਕਰਦੀਆਂ ਸਨ। ਸੱਸ ਦਾ ਸਤਿਕਾਰ ਸਮੇਂ ਦਾ ਵਿਵਹਾਰ ਸੀ। ਜੇਕਰ ਪਤੀ ਨਾਲ ਪ੍ਰੀਤ ਬਣੀ ਹੋਈ ਹੋਵੇ ਤਾਂ ਸੱਸ ਭਾਵੇਂ ਵੈਰਨ ਹੋਵੇ, ਸਹੁਰਾ ਭਾਵੇਂ ਝਗੜਾਲੂ ਹੋਵੇ, ਜੇਠ ਭਾਵੇਂ ਦੁਖੀ ਕਰਨ ਦੀ ਜਿੰਨੀ ਮਰਜ਼ੀ ਕੋਸ਼ਿਸ਼ ਕਰੇ ਪਰ ਉਨ੍ਹਾਂ ਸਭ ਦੇ ਪੱਲੇ ਕੁਝ ਨਹੀਂ ਸੀ ਪੈਂਦਾ ਭਾਵ ਉਹ ਕੋਈ ਦਬਾਅ ਨਹੀਂ ਸਨ ਪਾ ਸਕਦੇ। ਸੱਸ ਦਾ ਆਪਣੀ ਨੂੰਹ ਉੱਪਰ ਦਾਬਾ ਵੀ ਆਪਣੇ ਪੁੱਤਰਾਂ (ਉਸਦੀ ਨੂੰਹ ਦੇ ਦਿਓਰ, ਜੇਠ) ਕਾਰਨ ਹੀ ਹੁੰਦਾ ਸੀ:

ਸਸੁਰੈ ਪੇਈਐ ਕੰਤ ਕੀ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1088)

ਉਤੰਗੀ ਪੈਓਹਰੀ ਗਹਿਰੀ ਗੰਭੀਰੀ॥
ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਸਸੁ ਵੈਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ॥
ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂਹੈ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 963)

ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 642)

### 2.4.2 ਪਤੀ-ਪਤਨੀ ਦਾ ਪਰਸਪਰ ਰਿਸ਼ਤਾ

ਗੁਰਬਾਣੀ ਵਿਚ ਪ੍ਰਭੂ ਨੂੰ ਪਤੀ ਅਤੇ ਜੀਵ ਨੂੰ ਇਸਤਰੀ ਮੰਨਦਿਆਂ ਹੋਇਆਂ ਪਰਸਪਰ ਪ੍ਰੇਮ ਦਾ ਸਬੰਧ ਦਰਸਾਇਆ ਗਿਆ ਹੈ, ਜਿਹੜਾ ਇਸ ਰਿਸ਼ਤੇ ਦੀ ਮਹੱਹਤਾ ਨੂੰ ਦ੍ਰਿੜ੍ਹਾਉਂਦਾ ਹੈ। ਇੱਕ ਸੁਲੱਖਣੀ ਇਸਤਰੀ ਦੀਆਂ ਆਪਣੇ ਪਤੀ ਨੂੰ ਲੈ ਕੇ ਜਿਹੜੀਆਂ ਭਾਵਨਾਵਾਂ ਹਨ, ਬਾਣੀਕਾਰਾਂ ਨੇ ਉਹੀ ਭਾਵਨਾਵਾਂ ਆਪਣੇ-ਆਪ ਨੂੰ, ਪ੍ਰਭੂ ਦੀ ਇਸਤਰੀ ਖ਼ਿਆਲ ਕਰਦੇ ਹੋਏ, ਆਪਣੇ 'ਪਿਰ'

ਪਰਮਾਤਮਾ ਪ੍ਰਤਿ ਪਰਗਟ ਕੀਤੀਆਂ ਹਨ। ਘਰ ਦੇ ਵਿਹੜੇ ਵਿਚ ਤੁਰੇ ਫਿਰਦੇ ਕੰਤ ਨੂੰ ਤੱਕ ਕੇ ਧਨ (ਇਸਤਰੀ) ਨੂੰ ਸਭ ਕੁਝ ਭਰਿਆ-ਭਰਿਆ ਦਿਖਾਈ ਦਿੰਦਾ ਹੈ ਜਦਕਿ ਉਸਦੇ ਘਰ ਵਿਚ ਨਾ ਹੋਣ 'ਤੇ ਉਸਨੂੰ ਭਰਿਆ ਹੋਇਆ ਘਰ ਵੀ ਖ਼ਾਲੀ ਲੱਗਦਾ ਹੈ। ਇਹੀ ਭਾਵਨਾ ਪ੍ਰਭੂ ਪ੍ਰਤਿ ਉਸਦੇ ਪਿਆਰੇ ਦੀ ਹੈ। ਜਦੋਂ ਉਹ ਹਿਰਦਾ-ਰੂਪੀ ਘਰ ਵਿਚ ਦਿਸਦਾ ਰਹੇ ਤਾਂ ਬਹਾਰਾਂ, ਨਹੀਂ ਤਾ ਸਭ ਕੁਝ ਉਜਾੜ ਹੈ:

ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1095)

ਇਸਤਰੀ ਆਪਣੇ ਵਿਦੇਸ਼ ਗਏ ਪਤੀ ਨੂੰ ਯਾਦ ਕਰਕੇ ਝੂਰਦੀ ਹੈ। ਗੁਰੂ ਅਮਰਦਾਸ ਜੀ ਦਾ ਬਚਨ ਹੈ ਕਿ ਇਸਤਰੀ ਆਪਣੇ ਪਤੀ ਨਾਲ ਹਰ ਦੁੱਖ-ਸੁੱਖ ਵਿਚ ਸਾਥੀ ਹੁੰਦੀ ਹੈ। ਇਕੱਠੇ ਦੁੱਖ-ਸੁੱਖ ਸਹਿਣ ਦਾ ਆਧਾਰ ਉਨ੍ਹਾਂ ਦਾ ਪਰਸਪਰ ਪਿਆਰ ਹੈ। ਸਿਰਫ਼ ਦੁਨੀਆ ਦੀ ਨਜ਼ਰ ਵਿਚ ਪਤੀ-ਪਤਨੀ ਵਜੋਂ ਦਿਖਾਈ ਦਿੰਦੇ (ਜਿਨ੍ਹਾਂ ਦੇ ਅੰਦਰ ਪ੍ਰੇਮ ਨਹੀਂ) ਮਰਦ-ਔਰਤ ਨੂੰ ਗੁਰੂ ਸਾਹਿਬ ਸੱਚੇ ਪ੍ਰੇਮ ਦੀ ਸਿੱਖਿਆ ਦਿੰਦੇ ਹਨ:

ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਾਲੇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 594)

ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 787)

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਗੁਰੂ ਨਾਨਕ ਦੇਵ ਜੀ ਤਤਕਾਲੀ ਦੌਰ ਦੇ ਪਤੀ-ਪਤਨੀ ਦੇ ਰਿਸ਼ਤਿਆਂ ਉੱਪਰ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ ਪਤੀ-ਪਤਨੀ ਦਾ ਪਰਸਪਰ ਸਬੰਧ ਧਨ ਆਧਾਰਤ ਹੋ ਗਿਆ ਹੈ। ਇਸ (ਧਨ ਆਧਾਰਤ) ਸਬੰਧ ਤੋਂ ਬਿਨਾ (ਦੋਹਾਂ ਵਿੱਚੋਂ) ਕੋਈ ਭਾਵੇਂ ਕਿਤੇ ਆਉਂਦਾ ਜਾਂਦਾ ਰਹੇ, (ਇੱਕ-ਦੂਜੇ ਦੀ) ਕਿਸੇ ਨੂੰ ਪਰਵਾਹ ਨਹੀਂ:

ਇਸਤਰੀ ਪੁਰਖੈ ਖਟਿਐ ਭਾਉ॥
ਭਾਵੈ ਆਵਉ ਭਾਵੈ ਜਾਉ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 951)
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।[186]

### 2.4.3 ਪਤੀ-ਪਤਨੀ ਦਾ ਨਰਾਜ਼ ਹੋ ਜਾਣਾ

"ਗੋਰੀ ਸੇਤੀ ਤੁਟੈ ਭਤਾਰੁ" (ਮ:੧,*ਸ੍ਰੀ ਗੁਰੂ ਗ੍ਰੰਥ ਸਾਹਿਬ* 143) ਪੰਕਤੀ ਪਤੀ-ਪਤਨੀ ਦੀ ਆਪਸੀ ਨਰਾਜ਼ਗੀ ਨੂੰ ਦਰਸਾਉਂਦੀ ਹੈ। ਇਸਤਰੀ ਦਾ ਸੇਜ-ਸੁੱਖ ਮਾਨਣ ਹਿੱਤ ਹਾਰ-ਸ਼ਿੰਗਾਰ ਕਰਨਾ ਤਦ ਹੀ ਸਫ਼ਲ ਮੰਨਿਆ ਜਾਂਦਾ ਸੀ, ਜੇਕਰ ਉਸਦਾ ਪਤੀ ਉਸ ਨਾਲ ਸਹਿਮਤ ਹੋਵੇ। ਨਰਾਜ਼ ਪਤੀ ਸੇਜ ਉੱਪਰ ਨਹੀਂ ਸੀ ਆਉਂਦਾ ਤੇ ਔਰਤ ਦਾ ਕੀਤਾ ਹਾਰ-ਸ਼ਿੰਗਾਰ ਵਿਅਰਥ ਜਾਂਦਾ ਸੀ:

ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ॥

ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ॥

ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ॥ · (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਇਸੇ ਨਰਾਜ਼ਗੀ ਵਿਚ ਜੇ ਉਮਰ ਹੀ ਬੀਤ ਗਈ ਅਤੇ ਮੌਤ ਵੀ ਹੋ ਗਈ ਤਾਂ ਕਬਰ ਵਿਚ ਪਈ ਲਾਸ਼ ਵੀ ਆਪਣੀ ਇਸ ਕੀਤੀ ਤੇ ਮਾਨੋ ਪਛਤਾਉਂਦੀ ਸੀ :

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ॥

ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

### 2.4.4 ਪਤੀ ਦੁਆਰਾ ਆਪਣੀ ਪਤਨੀ ਦਾ ਤਿਆਗ

ਇਸਤਰੀ ਜੇਕਰ ਚੱਜ-ਆਚਾਰ ਵਾਲੀ ਨਾ ਹੋਵੇ, ਚੰਗੇ ਵਿਵਹਾਰ ਵਾਲੀ ਨਾ ਹੋਵੇ ਤਾਂ ਪਤੀ ਦੁਆਰਾ ਤਿਆਗ ਦਿੱਤੀ ਜਾਂਦੀ ਸੀ। ਇਹ ਹੀ ਨਹੀਂ, ਇਸਤਰੀ ਦਾ ਰੂਪਹੀਣ ਹੋਣਾ ਜਾਂ ਸੁੰਦਰਤਾ ਤੋਂ ਵਾਂਝੀ ਹੋਣਾ ਵੀ ਇਸਤਰੀ ਤਿਆਗ ਦਾ ਇੱਕ ਕਾਰਨ ਸੀ। ਹੇਠ ਲਿਖੀ ਪੰਕਤੀ ਇਸ਼ਾਰਾ ਕਰਦੀ ਹੈ ਕਿ ਨਾਮ ਤੋਂ ਬਿਨਾ ਜੀਵ ਰੂਪਹੀਣ ਅਤੇ ਸੁੰਦਰਤਾ ਵਿਹੂਣਾ ਹੁੰਦਾ ਹੈ। ਕਰੂਪਤਾ ਅਤੇ ਸੁੰਦਰਤਾ-ਹੀਣਤਾ ਵਾਂਗ, ਜਿਸ ਦੇ ਆਧਾਰ 'ਤੇ ਪਤੀ ਆਪਣੀ ਪਤਨੀ ਨੂੰ ਤਿਆਗ ਦਿੰਦਾ ਹੈ, ਨਾਮ ਤੋਂ ਵਿਹੂਣਾ ਮਨੁੱਖ ਵੀ ਪ੍ਰਭੂ ਦੀ ਪ੍ਰਵਾਨਗੀ ਹਾਸਲ ਨਹੀਂ ਕਰ ਪਾਉਂਦਾ। ਔਰਤ ਦਾ ਬੁਰਾ ਆਚਰਨ ਵੀ ਤਿਆਗ ਦਾ ਇੱਕ ਆਧਾਰ ਹੁੰਦਾ ਸੀ। ਪਤੀ ਦੀ ਛੱਡੀ ਹੋਈ ਬੁਰੇ ਆਚਰਨ ਵਾਲੀ ਇਸਤਰੀ ਨਾਲ ਸਬੰਧ ਰੱਖਣ ਵਾਲਾ ਮਨੁੱਖ ਵੀ ਸਮਾਜ ਵਿਚ ਬਦਨਾਮ ਹੁੰਦਾ ਸੀ:

ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 516)

ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 89)

ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ॥

ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 645)

ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 303)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਸਮਾਜ ਦੀ ਇਕਾਈ ਪਰਿਵਾਰ ਹੈ। ਮਾਤਾ-ਪਿਤਾ ਬੱਚੇ ਨੂੰ ਪਾਲਦੇ ਅਤੇ ਵੱਡਾ ਕਰਦੇ ਹਨ। ਮਗਰੋਂ ਉਸਦੀ ਸ਼ਾਦੀ ਕੀਤੀ ਜਾਂਦੀ ਹੈ ਤੇ ਉਸਦਾ ਗ੍ਰਿਹਸਥੀ ਜੀਵਨ ਸ਼ੁਰੂ ਹੁੰਦਾ ਹੈ। ਪਰਸਪਰ ਸਬੰਧ ਚੰਗੇ ਨਾ ਰਹਿਣ ਦੀ ਸੂਰਤ ਵਿਚ ਅਕਸਰ ਤਲਾਕ ਹੋ ਜਾਂਦੇ ਹਨ।

"ਪਤੀ-ਪਤਨੀ ਦੇ ਰਿਸ਼ਤੇ ਦੀ ਆਧਾਰਸ਼ਿਲਾ 'ਵਿਸ਼ਵਾਸ' ਹੁੰਦਾ ਹੈ। ਜੇਕਰ ਰਿਸ਼ਤੇ ਵਿਚ 'ਵਿਸ਼ਵਾਸ' ਹੋਵੇ ਤਾਂ ਜ਼ਿੰਦਗੀ ਦੇ ਬਿਖਰੇ ਪੈਂਡਿਆਂ 'ਤੇ ਚੱਲਣਾ ਵੀ ਆਸਾਨ ਹੋ ਜਾਂਦਾ ਹੈ। ਇਸੇ ਤਰ੍ਹਾਂ 'ਸ਼ੱਕ' ਦੀ ਬਿਮਾਰੀ ਇਸ ਰਿਸ਼ਤੇ ਨੂੰ ਤਬਾਹ ਕਰ ਦਿੰਦੀ ਹੈ। ਕਈ ਵਾਰ ਬੇਵਜ੍ਹਾ ਸ਼ੱਕ ਕਾਰਨ ਹੱਸਦੇ-ਖੇਡਦੇ ਘਰ ਤਬਾਹ ਹੋ ਜਾਂਦੇ ਹਨ। ਪਤੀ-ਪਤਨੀ ਦੇ ਆਪਸੀ ਰਿਸ਼ਤੇ ਦਾ ਪ੍ਰਭਾਵ ਪਰਿਵਾਰਕ ਮਾਹੌਲ 'ਤੇ ਬਹੁਤ ਪੈਂਦਾ ਹੈ। ਜਿਸ ਘਰ ਵਿਚ ਪਤਨੀ ਨੂੰ ਪੂਰਾ ਸਤਿਕਾਰ ਮਿਲਦੈ, ਉਹ ਘਰ ਸਵਰਗ ਦੇ ਸਮਾਨ ਹੁੰਦੈ ਅਤੇ ਜਿੱਥੇ

ਪਤਨੀ ਨਾਲ ਦੁਰਵਿਹਾਰ ਹੁੰਦੈ, ਦਾਜ ਦੀ ਖਾਤਰ ਜਲਾਇਆ ਜਾਂਦੈ, ਔਰਤ ਨੂੰ ਸਿਰਫ਼ ਭੋਗ ਵਿਲਾਸ ਦੀ ਵਸਤੂ ਸਮਝਿਆ ਜਾਂਦੈ, ਉਹ ਘਰ ਨਰਕ ਤੋਂ ਘੱਟ ਨਹੀਂ... ... ਅੱਜ ਇਸ ਰਿਸ਼ਤੇ ਵਿਚ ਪਿਆਰ ਤੇ ਵਿਸ਼ਵਾਸ ਨਾ ਹੋਣ ਕਰਕੇ ਹੀ 'ਤਲਾਕ' ਜਿਹੀ ਬੁਰਾਈ ਹੱਸਦਿਆਂ-ਖੇਡਦੀਆਂ ਜ਼ਿੰਦਗੀਆਂ ਨੂੰ ਤਬਾਹ ਕਰ ਰਹੀ ਹੈ।" (ਜਸਪ੍ਰੀਤ ਕੌਰ ਸੰਘਾ, *ਪੰਜਾਬੀ ਜਾਗਰਣ ਰੋਜ਼ਾਨਾ ਮਿਤੀ 21.10.2017* 10) "ਦੇਖਿਆ ਜਾਏ ਤਾਂ ਹੁਣ ਦੇ ਸਮੇਂ ਵਿਚ ਤਲਾਕ ਦੀ ਦਰ ਵਧਦੀ ਨਜ਼ਰ ਆ ਰਹੀ ਹੈ। ਜਦ ਕਿ 1950 ਦੇ ਅੰਕੜਿਆਂ ਮੁਤਾਬਿਕ ਇਸ ਦੀ ਦਰ 3,85,000 ਸੀ ਪਰ ਹੁਣ ਇਹ ਵਧ ਕੇ 8,203,000 ਤਕ ਪਹੁੰਚ ਚੁੱਕੀ ਹੈ।" (ਇੰਦਰਪ੍ਰੀਤ ਕੌਰ, *ਪੰਜਾਬੀ ਜਾਗਰਣ ਰੋਜ਼ਾਨਾ 21.10.2017* 10)

"ਅਸੀਂ ਆਪਣੇ ਸਮਾਜ ਵਿਚ ਚੰਗੀਆਂ ਗੱਲਾਂ ਨੂੰ ਤਿਆਗ ਰਹੇ ਹਾਂ ਤੇ ਬੁਰੀਆਂ ਗੱਲਾਂ ਅਪਣਾ ਰਹੇ ਹਾਂ ਜਿਸ ਕਾਰਨ ਸਾਡੇ ਜੀਵਨ ਵਿਚੋਂ ਰਿਸ਼ਤੇ ਨਾਤਿਆਂ ਦਾ ਵੀ ਖ਼ਾਤਮਾ ਹੋ ਰਿਹਾ ਹੈ।" (ਇੰਦਰਪ੍ਰੀਤ ਕੌਰ, *ਪੰਜਾਬੀ ਜਾਗਰਣ ਰੋਜ਼ਾਨਾ 21.10.2017* 10) "ਹਰੇ ਇਨਕਲਾਬ ਤੇ ਜ਼ਰਈ ਖੇਤਰ ਵਿਚ ਪੈਦਾਵਾਰੀ ਢੰਗ ਤੇ ਰਿਸ਼ਤਿਆਂ ਵਿਚ ਆਈ ਤਬਦੀਲੀ (Capitalist mode of production) ਨੇ ਪੰਜਾਬੀ ਸਮਾਜ ਦੀ ਸਮਾਜਿਕ ਤੇ ਮਾਨਸਿਕ ਸਿਹਤ ਦਾ ਜੋ ਹਸ਼ਰ ਕੀਤਾ ਹੈ ਉਹ ਬਹੁਤ ਹੀ ਦਿਲ-ਕੰਬਾਊ ਤੇ ਭਿਆਨਕ ਹੈ। ਮੰਡੀ ਆਰਥਿਕਤਾ ਤੇ ਖ਼ਪਤਕਾਰੀ ਸਭਿਆਚਾਰ ਨੇ ਜ਼ਿੰਦਗੀ ਦੀ ਸਹਿਜ ਤੋਰ, ਜਮਾਂਦਰੂ ਕਦਰਾਂ-ਕੀਮਤਾਂ, ਪਰਿਵਾਰਕ ਤੇ ਭਾਈਚਾਰਕ ਤੰਦਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਗ਼ੈਰ ਸਿਹਤਮੰਦ ਮੁਕਾਬਲੇਬਾਜ਼ੀ, ਇਕ ਦੂਜੇ ਦੀ ਲਾਸ਼ ਤੇ ਪੈਰ ਧਰ ਕੇ ਉਪਰ ਚੜ੍ਹਨ ਦੇ ਸਿਰਵੱਢ ਸਰਮਾਏਦਾਨਾ ਸੱਭਿਆਚਾਰ ਨੇ ਪੰਜਾਬੀ ਸਮਾਜ ਨੂੰ ਕਰੂਪ ਕਰ ਦਿੱਤਾ ਹੈ। ਪੁਰਾਣੇ ਜ਼ਮੀਨੀ ਰਿਸ਼ਤੇ ਟੁੱਟਣ ਨਾਲ ਪਰਿਵਾਰ ਖਿੰਡ ਰਹੇ ਹਨ, ਸਾਂਝਾ-ਸੱਥਾਂ ਖ਼ਤਮ ਹੋ ਰਹੀਆਂ ਹਨ। ਰਿਸ਼ਤੇ ਸੁੰਗੜ ਰਹੇ ਹਨ। ਅਧਿਆਪਕ ਤੇ ਡਾਕਟਰੀ ਵਰਗੇ ਪਵਿੱਤਰ ਕਿੱਤਿਆਂ, ਯਾਰੀਆਂ-ਦੋਸਤੀਆਂ, ਰਿਸ਼ਤੇ-ਨਾਤੇਦਾਰੀਆਂ ਵਿਚ ਵਪਾਰਕ ਸਭਿਆਚਾਰ ਦੀ ਸੜ੍ਹਿਆਂਦ ਆਉਂਦੀ ਹੈ। ... ... ਬਜ਼ੁਰਗ ਬੇਬਸ ਤੇ ਉਦਾਸ ਹਨ, ਨੌਜਵਾਨ ਬੇਚੈਨ ਤੇ ਬੱਚੇ ਦਿਸ਼ਾਹੀਣ। ਹਰ ਪੱਧਰ ਤੇ ਰਿਸ਼ਤਿਆਂ ਵਿਚ ਤਣਾਅ ਹੈ ਤੇ ਮਾਨਸਿਕ ਰੋਗਾਂ ਵਿਚ ਅਥਾਹ ਵਾਧਾ ਹੋ ਰਿਹਾ ਹੈ।" (ਧਨਵੰਤ ਕੌਰ, *ਸਮਕਾਲੀ ਪੰਜਾਬੀ ਸਮਾਜ* 97)

"ਟੈਲੀਵਿਜ਼ਨ ਨੇ ਰਾਜਸੀ ਬਹਿਸ ਨੂੰ ਘਰਾਂ ਤੱਕ ਲੈ ਆਂਦਾ ਹੈ ਪਰ ਸਮਾਜਕ ਮੇਲ-ਜੋਲ ਨੂੰ ਢਾਹ ਲਾਈ ਹੈ। ਪਰਿਵਾਰਾਂ ਦੇ ਮੈਂਬਰਾਂ ਦੇ ਭਾਵਨਾਤਮਕ ਰਿਸ਼ਤਿਆਂ 'ਚ ਵੀ ਤਰੇੜਾਂ ਆਈਆਂ ਹਨ। ਛੋਟੇ ਪਰਦੇ ਉਤੇ ਪੇਸ਼ ਹੁੰਦੇ ਅਤੇ ਘੜੇ ਘੜਾਏ ਮਾਪਦੰਡਾਂ ਵਾਲੇ ਅਤੇ ਮਕਾਨਕੀ ਰਿਸ਼ਤਿਆਂ ਨੇ ਪਰਿਵਾਰਕ ਅਤੇ ਸਮਾਜਕ ਰਿਸ਼ਤਿਆਂ ਦੀਆਂ ਪੀਢੀਆਂ ਗੰਢਾਂ ਨੂੰ ਢਿਲਿਆਂ ਕੀਤਾ ਹੈ। ਲੋਕਾਂ ਦੇ ਖਾਣ-ਪੀਣ, ਉਠਣ-ਬੈਠਣ, ਸੌਣ ਜਾਗਣ ਅਤੇ ਬਣਨ-ਫਬਣ ਦੀਆਂ ਆਦਤਾਂ ਵਿੱਚ ਢੇਰ ਸਾਰਾ ਅੰਤਰ ਆਇਆ ਹੈ।" (ਧਨਵੰਤ ਕੌਰ, *ਸਮਕਾਲੀ ਪੰਜਾਬੀ ਸਮਾਜ* 204-205) "ਨਿੱਤ ਦੀਆਂ ਸੁਰਖੀਆਂ 'ਚ ਰਹਿ ਰਹੀਆਂ ਖ਼ਬਰਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਅਜੋਕੇ ਸਮੇਂ ਵਿਚ ਰਿਸ਼ਤਿਆਂ ਦੀ ਮਰਿਆਦਾ ਤਾਰ-ਤਾਰ ਹੋ ਰਹੀ ਹੈ। ਕਿਤੇ ਜ਼ਮੀਨ-ਜਾਇਦਾਦਾਂ ਦੀ ਖਾਤਰ, ਕਿਤੇ ਧੋਖੇ ਕਾਰਨ ਤੇ ਕਿਤੇ ਹਵਸ ਕਾਰਨ ਰਿਸ਼ਤੇ ਨਿੱਤ ਸ਼ਰਮਸਾਰ ਹੋ ਰਹੇ ਹਨ। ... ... ਰਿਸ਼ਤੇ ਟੁੱਟਣ ਦੀ ਪਰੰਪਰਾ ਵੀ ਬੜੀ ਤੇਜ਼ੀ ਨਾਲ ਵਿਕਸਿਤ ਹੋ ਰਹੀ ਹੈ। ਕੋਈ ਸਮਾਂ ਸੀ ਜਦ ਪਤੀ-ਪਤਨੀ ਰਿਸ਼ਤੇ ਨੂੰ ਤਨੋਂ-ਮਨੋਂ ਨਿਭਾਉਂਦੇ ਸੀ ਪਰ ਅੱਜ ਦੇ ਸਮੇਂ ਵਿਚ ਇਸ ਰਿਸ਼ਤੇ ਵਿਚ ਹਿੰਸਾ, ਤਲਾਕ ਦੀਆਂ ਗੱਲਾਂ ਆਮ ਹੋ ਗਈਆਂ ਹਨ। ... ... ਕੋਈ ਸਮਾਂ ਸੀ, ਜਦ ਸੰਯੁਕਤ ਪਰਿਵਾਰਾਂ ਦੀ ਤਾਦਾਦ ਜ਼ਿਆਦਾ ਹੁੰਦੀ ਸੀ। ਹੌਲੀ-ਹੌਲੀ ਸੰਯੁਕਤ ਪਰਿਵਾਰ ਟੁੱਟੇ ਤੇ ਪਤੀ-ਪਤਨੀ ਨੇ ਇਕੱਲੇ ਰਹਿਣਾ ਸ਼ੁਰੂ ਕਰ ਦਿੱਤਾ ਤੇ ਹੁਣ ਦੀ ਤ੍ਰਾਸਦੀ ਇਹ ਹੈ

ਕਿ ਘਰ ਦੇ ਜੀਆਂ ਲਈ ਵੀ ਪਿਆਰ ਨਾਲ ਰਹਿਣਾ ਔਖਾ ਹੋ ਗਿਆ ਹੈ ਤੇ ਲੋਕ ਇਕੱਲੇ ਰਹਿਣ ਨੂੰ ਤਰਜੀਹ ਦੇ ਰਹੇ ਹਨ।" (ਰੀਨਾ ਢਿੱਲੋਂ, *ਅਜੀਤ ਰੋਜ਼ਾਨਾ ('ਮਨੋਰੰਜਨ' ਸਪਲੀਮੈਂਟ) ਮਿਤੀ 27.10.2017* 3)

## 2.5 ਤਤਕਾਲੀ ਕਿੱਤਿਆਂ ਅਤੇ ਸੰਦਾਂ/ਮਸ਼ੀਨਾਂ ਸਬੰਧੀ ਵਰਣਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਬਹੁਤ ਸਾਰੇ ਤਤਕਾਲੀ ਕਿੱਤਿਆਂ ਦੀ ਜਾਣਕਾਰੀ ਮਿਲਦੀ ਹੈ ਤੇ ਉਨ੍ਹਾਂ ਕਿੱਤਿਆਂ ਦੇ ਨਾਲ ਸਬੰਧਤ ਹੋਰ ਕਈ ਉਲੇਖ ਮਿਲਦੇ ਹਨ। ਗੁਰਬਾਣੀ ਰਚਨਾ-ਕਾਲ ਵਿਚ ਕਈ ਤਰ੍ਹਾਂ ਦੇ ਕਿੱਤੇ ਪ੍ਰਚੱਲਤ ਸਨ, ਜਿਨ੍ਹਾਂ ਤੋਂ ਤਤਕਾਲੀ ਮਨੁੱਖ ਆਪਣੀ ਉਪਜੀਵਕਾ ਦਾ ਪ੍ਰਬੰਧ ਕਰਦਾ ਸੀ। ਇਨ੍ਹਾਂ ਵਿੱਚੋਂ ਬਹੁਤੇ ਹੱਥਾਂ ਦੀ ਕਿਰਤ ਹੀ ਸਨ। ਸਲੋਕ ਬਾਣੀ-ਰੂਪ ਦੀਆਂ ਕਈ ਪੰਕਤੀਆਂ ਵਿਚ ਇਨ੍ਹਾਂ ਕਿੱਤਿਆਂ ਨੂੰ ਕਰਨ ਦੇ ਢੰਗ ਬਾਰੇ ਵੀ ਕੁਝ ਕੁ ਉਲੇਖ ਮਿਲਦੇ ਹਨ। ਨਿਮਨ ਪੰਕਤੀਆਂ ਵਿਚ ਤਤਕਾਲੀ ਕਿੱਤਿਆਂ ਦੇ ਸਬੰਧ ਵਿਚ ਹੋਰ ਚਰਚਾ ਕੀਤੀ ਜਾ ਰਹੀ ਹੈ:

### 2.5.1 ਵਪਾਰ

ਗੁਰਬਾਣੀ ਰਚਨਾ-ਕਾਲ ਵਿਚ ਵਪਾਰ ਪ੍ਰਚੱਲਤ ਸੀ। ਜਦੋਂ ਬਾਣੀਕਾਰ ਜੀਵਨ-ਰੂਪੀ ਪਿੜ ਵਿਚ ਸਾਹਾਂ ਦੀ ਪੂੰਜੀ ਨਾਲ ਸੱਚ ਦਾ ਵਪਾਰ ਕਰਨ ਅਤੇ ਇਸ ਤਰ੍ਹਾਂ ਇਸ ਕੀਤੇ ਵਪਾਰ ਵਿਚ ਲਾਹਾ ਖੱਟਣ ਦੀ ਗੱਲ ਕਰਦੇ ਹਨ ਤਾਂ ਇਸ ਦ੍ਰਿਸ਼ਟਾਂਤ ਦਾ ਆਧਾਰ ਵਪਾਰ ਦਾ ਕਿੱਤਾ ਹੀ ਹੈ। ਵਪਾਰ ਕਰਨ ਵਾਲੇ ਮਨੁੱਖ ਨੂੰ ਵਪਾਰੀ ਆਖਿਆ ਜਾਂਦਾ ਸੀ:

ਧਨੁ ਵਾਪਾਰੀ ਨਾਨਕਾ ਜਿਨ੍ਾ ਨਾਮ ਧਨੁ ਖਟਿਆ ਆਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 511)

ਉਕਤ ਪੰਕਤੀ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਵਪਾਰ ਧਨ ਦੀ ਪ੍ਰਾਪਤੀ (ਖੱਟੀ) ਲਈ ਕੀਤਾ ਜਾਂਦਾ ਸੀ। ਵਪਾਰ ਕਰਨ ਲਈ, ਜਿਸ ਵਸਤੂ ਦਾ ਵਪਾਰ ਕਰਨਾ ਹੈ ਉਹ ਵੀ, ਲੋੜੀਂਦੀ ਸੀ। ਵਪਾਰਯੋਗ ਵਸਤੂ ਤੋਂ ਬਿਨਾ ਵਪਾਰ ਕਾਹਦਾ? :

ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਕੂੜੀ ਰਾਸਿ ਕੂੜਾ ਵਾਪਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਉਕਤ ਦੂਜੀ ਪੰਕਤੀ ਵਿਚ ਗੁਰੂ ਨਾਨਕ ਦੇਵ ਜੀ ਅਨੁਸਾਰ ਦੁਨਿਆਵੀ ਵਪਾਰ (ਜੋ ਵੱਧ ਲਾਹਾ ਖੱਟਣ ਲਈ ਕਈ ਵਾਧਾਂ-ਘਾਟਾਂ ਕਰਦਾ ਹੈ) ਝੂਠਾ ਹੈ, ਵਪਾਰਯੋਗ ਵਸਤੂ ਵੀ ਝੂਠੀ ਹੈ। ਹੁਣ ਇਸੇ ਪੰਕਤੀ ਨੂੰ ਦੂਜੇ ਪੱਖ ਤੋਂ ਦੇਖੀਏ ਤਾਂ ਇਸ ਵਿਚ ਵਪਾਰ ਲਈ ਲੋੜੀਂਦੀ ਵਸਤੂ ਦੀ ਮਹੱਤਤਾ ਦਾ ਜ਼ਿਕਰ ਮਿਲਦਾ ਹੈ। ਸੋ, ਵਪਾਰ ਕਰਨ ਲਈ ਕਿਸੇ ਵਸਤੂ ਦੀ ਲੋੜ ਰਹਿੰਦੀ ਸੀ। ਗੁਰੂ ਸਾਹਿਬ ਹਰ ਪੰਕਤੀ ਵਿਚ ਸੱਚਾ ਵਪਾਰ ਕਰਨ ਦੀ ਪ੍ਰੇਰਨਾ ਦਿੰਦੇ ਹਨ, ਇਸ ਤੋਂ ਇਸ਼ਾਰਾ ਮਿਲਦਾ ਹੈ ਕਿ ਤਤਕਾਲੀ ਦੌਰ ਦੇ ਵਪਾਰ ਵਿਚ ਕੂੜ ਦੀ ਪ੍ਰਧਾਨਤਾ ਹੁੰਦੀ ਹੋਵੇਗੀ:

ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 83)

ਹੇਠ ਲਿਖੀ ਪੰਕਤੀ ਵਿਚ ਵੀ ਤਾਂ ਗੁਰੂ ਸਾਹਿਬ ਵਪਾਰੀ ਨੂੰ ਦਿਲ ਵਿਚ ਰੱਬ ਦਾ ਖ਼ੌਫ਼ ਰੱਖ ਕੇ ਵਪਾਰ ਕਰਨ ਦੀ ਪ੍ਰੇਰਨਾ ਦੇ ਰਹੇ ਹਨ ਤਾਂ ਜੋ ਵਪਾਰ ਬਿਨਾ ਕਿਸੇ ਹੇਰਾਫੇਰੀ ਵਾਲਾ ਹੋਵੇ। ਵਪਾਰੀ ਲਈ ਸਾਹ (ਸ਼ਾਹ) ਅਤੇ ਵਣਜਾਰਾ ਸ਼ਬਦ ਵੀ ਵਰਤਿਆ ਜਾਂਦਾ ਸੀ। ਵਪਾਰੀ ਕਾਫ਼ਲਿਆਂ ਦੇ ਰੂਪ ਵਿਚ ਅੱਗੇ ਵਧਦੇ ਸਨ। ਇਸ ਪ੍ਰਥਾ ਦਾ ਇੱਕ ਕਾਰਨ ਵਪਾਰੀਆਂ ਦੇ ਕਾਫ਼ਲਿਆਂ ਦਾ ਰਸਤੇ ਵਿਚ ਲੁੱਟ ਲਿਆ ਜਾਣਾ ਸੀ:

ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਆਧਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 650)

ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ॥

ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 313)

ਮੁਠੜੇ ਸੇਈ ਸਾਥ ਜਿਨੀ ਸਚੁ ਨ ਲਦਿਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 323)

ਉਕਤ ਪੰਕਤੀ ਤੋਂ ਇਹ ਵੀ ਇਸ਼ਾਰਾ ਮਿਲਦਾ ਹੈ ਕਿ ਵਪਾਰੀਆਂ ਦਾ ਕਾਫ਼ਲਿਆਂ ਵਿਚ ਤੁਰਨਾ ਹਰ ਵਾਰ ਹੀ ਉਨ੍ਹਾਂ ਨੂੰ ਰਸਤੇ ਦੀ ਲੁੱਟ ਤੋਂ ਨਹੀਂ ਸੀ ਬਚਾਅ ਪਾਉਂਦਾ। ਕਈ ਵਾਰ ਕਾਫ਼ਲਿਆਂ ਵਿਚ ਤੁਰਨ ਦੇ ਬਾਵਜੂਦ ਵੀ ਉਹ ਠੱਗੇ ਜਾਂਦੇ ਸਨ। ਵਪਾਰ ਵਿਚ ਸਦਾ ਨਫ਼ਾ ਹੀ ਹੁੰਦਾ ਸੀ, ਇਹ ਵੀ ਜ਼ਰੂਰੀ ਨਹੀਂ। ਗੁਰੂ ਸਾਹਿਬ ਪ੍ਰਭੂ ਦੇ ਨਾਮ ਦੇ ਵਪਾਰ ਵਿਚ ਸਦਾ-ਸਦਾ ਲਾਹਾ ਹੋਣ ਦੀ ਗੱਲ ਕਰਦੇ ਹਨ ਤਾਂ ਇਸ ਦਾ ਇੱਕ ਅਰਥ ਸੰਸਾਰਕ ਵਪਾਰ ਵਿਚ ਕਦੇ-ਕਦਾਈਂ ਪੈ ਜਾਣ ਵਾਲਾ ਘਾਟਾ ਹੈ। ਵਪਾਰੀ ਨੂੰ ਵਪਾਰ ਵਿਚ ਕਈ ਵਾਰ ਨੁਕਸਾਨ ਵੀ ਝੱਲਣਾ ਪੈਂਦਾ ਸੀ:

ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ॥

ਸਚੁ ਵਣੰਜਹਿ ਰੰਗ ਸਿਉ ਸਚੁ ਸਉਦਾ ਹੋਇ॥

ਤੋਟਾ ਮੂਲਿ ਨ ਆਵਈ ਲਾਹਾ ਹਰਿ ਭਾਵੈ ਸੋਇ॥

ਨਾਨਕ ਤਿਨ ਸਚੁ ਵਣੰਜਿਆ ਜਿਨਾ ਧੁਰਿ ਲਿਖਿਆ ਪਰਾਪਤਿ ਹੋਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 311)

ਉਕਤ ਪੰਕਤੀਆਂ ਵਿਚ 'ਸਚੁ ਸਉਦਾ', 'ਸਚੁ ਵਣੰਜਿਆ' ਸ਼ਬਦ ਇਸ਼ਾਰਾ ਦਿੰਦੇ ਹਨ ਕਿ ਵਪਾਰ ਵਿਚਲੇ ਸੌਦੇ ਵਿਚ ਝੂਠੇ ਸੌਦੇ ਦਾ ਰਲ਼ਾ ਵੀ ਜ਼ਰੂਰ ਹੁੰਦਾ ਹੋਵੇਗਾ। ਕਈ ਵਣਜਾਰੇ ਵਿਚਾਰੇ ਕੋਈ ਨਫ਼ਾ ਖੱਟਣ ਦੀ ਬਜਾਇ ਮੂਲ ਸੌਦਾ ਵੀ ਗੁਆ ਕੇ ਬਹਿ ਜਾਂਦੇ ਸਨ:

ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ॥

ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1238)

ਵਪਾਰ ਦੇ ਕੁਝ ਭੇਤ ਵੀ ਹੋਇਆ ਕਰਦੇ ਸਨ ਜੋ ਅਨੁਭਵੀ ਵਪਾਰੀਆਂ ਕੋਲ ਹੁੰਦੇ ਸਨ। ਅਨੁਭਵੀ ਵਪਾਰੀ ਨੂੰ ਲਾਭ ਦੇਣ ਵਾਲੇ ਵਪਾਰ ਦੇ ਭੇਤ ਦਾ ਪਤਾ ਸੀ ਕਿ ਪਹਿਲਾਂ ਵਸਤੂ ਦੀ ਪਰਖ ਕੀਤੀ ਜਾਵੇ, ਉਸਦੇ ਗੁਣ-ਅਵਗੁਣ ਪਰਖੇ ਜਾਣ। ਜੇਕਰ ਉਹ ਵਸਤੂ ਲਾਭ ਦੀ ਪ੍ਰਾਪਤੀ ਕਰਵਾਉਣ ਵਾਲੀ ਹੋਵੇ ਤਾਂ ਹੀ ਉਸਦਾ ਵਪਾਰ ਕੀਤਾ ਜਾਵੇ। ਕਈ ਵਪਾਰੀ ਜਿਹੜੇ ਵਪਾਰ ਦੇ ਭੇਤ ਤੋਂ ਵਾਕਫ਼ ਨਹੀਂ ਸਨ ਹੁੰਦੇ, ਵੱਧ ਲਾਹਾ ਖੱਟਣ ਦੇ ਲਾਲਚ ਵਿਚ ਫਸ ਕੇ ਗ਼ਲਤ ਸੌਦਾ ਖ਼ਰੀਦਦੇ ਅਤੇ ਉਸੇ ਦਾ ਹੀ ਵਪਾਰ ਕਰਦੇ ਸਨ:

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥

ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਮਨਮੁਖੁ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1091)

ਦੂਜਾ, ਲਾਭ ਦੀ ਪ੍ਰਾਪਤੀ ਲਈ ਵਪਾਰੀ ਨੂੰ ਆਪਣੀ ਵਸਤੂ ਦੇ ਲਾਭ ਦੱਸਣਾ ਆਉਣਾ ਵੀ ਜ਼ਰੂਰੀ ਹੈ। ਉਸਨੂੰ ਆਪਣੀ ਵਸਤੂ ਦਾ ਲਾਭ ਸਹਿਤ ਮੁੱਲ ਵਸੂਲਣ ਦਾ ਹੁਨਰ ਵੀ ਆਉਂਦਾ ਹੋਵੇ ਨਹੀਂ ਤਾਂ ਉਹ ਭਗਤ ਕਬੀਰ ਜੀ ਦੇ ਨਿਮਨ ਉਲੇਖਿਤ ਬਚਨਾਂ ਅਨੁਸਾਰ ਮੂਲ ਵੀ ਗਵਾ ਬੈਠੇਗਾ:

ਕਬੀਰਾ ਏਕ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥
ਬਨਜਨਹਾਰੇ ਬਾਹਰਾ ਕਉਡੀ ਬਦਲੇ ਜਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਸਲੋਕ ਬਾਣੀ-ਰੂਪ ਦੀਆਂ ਹੇਠ ਲਿਖੀਆਂ ਪੰਕਤੀਆਂ ਵਿਚ ਵਪਾਰ ਦੀ ਕਾਰਵਾਈ ਦਾ ਚਿੱਤਰ ਮਿਲਦਾ ਹੈ। ਉਸ ਥਾਂ 'ਤੇ, ਜਿੱਥੇ ਵਪਾਰੀ ਸੌਦਾ ਲੈ ਕੇ ਬੈਠਦੇ (ਠਹਿਰਦੇ) ਸਨ, ਗਾਹਕ ਲੋੜੀਂਦੀ ਵਸਤੂ ਦੀ ਖ਼ਰੀਦ ਲਈ ਅੱਪੜਦੇ ਸਨ। ਵਪਾਰ ਦਾ ਸੌਦਾ ਖੁੱਲ੍ਹਦਾ ਸੀ। ਵਪਾਰਕ ਵਸਤੂਆਂ ਦੇ ਲੈਣ-ਦੇਣ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਦਲਾਲ ਖ਼ਰੇ-ਖੋਟੇ ਸੌਦੇ ਦੀ ਨਿਸ਼ਾਨਦੇਹੀ ਕਰਦੇ ਸਨ (ਨਿਸ਼ਾਨ ਲਾਉਂਦੇ ਸਨ)। ਵਪਾਰੀ ਚਤੁਰ ਹੋਵੇ ਤੇ ਗਾਹਕ ਲੋੜਵੰਦ, ਤਾਂ ਵਪਾਰੀ ਲਾਭ ਪ੍ਰਾਪਤ ਕਰਦੇ ਸਨ। ਵਪਾਰੀ ਵੀ ਖ਼ੁਸ਼, ਗਾਹਕ ਵੀ ਸੰਤੁਸ਼ਟ:

ਦੁਇ ਦੀਵੇ ਚਉਦਹ ਹਟਨਾਲੇ॥ ਜੇਤੇ ਜੀਅ ਤੇਤੇ ਵਣਜਾਰੇ॥
ਖੁਲ੍ਹੇ ਹਟ ਹੋਆ ਵਾਪਾਰੁ॥ ਜੋ ਪਹੁਚੈ ਸੋ ਚਲਣਹਾਰੁ॥
ਧਰਮੁ ਦਲਾਲੁ ਪਾਏ ਨੀਸਾਣੁ॥ ਨਾਨਕ ਨਾਮੁ ਲਾਹਾ ਪਰਵਾਣੁ॥
ਘਰਿ ਆਏ ਵਜੀ ਵਾਧਾਈ॥ ਸਚ ਨਾਮ ਕੀ ਮਿਲੀ ਵਡਿਆਈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 789)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਵਪਾਰ ਦਾ ਧੰਦਾ ਚੰਗੇ ਧੰਦਿਆਂ ਵਿਚ ਗਿਣਿਆ ਜਾਂਦਾ ਹੈ। ਹੁਣ ਇਸ ਧੰਦੇ ਦਾ ਵਿਸਤਾਰ ਵੱਡੇ ਪੱਧਰ 'ਤੇ ਹੋ ਗਿਆ ਹੈ।" (ਪੰਜਾਬ ਦੇ) ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ, ਵਪਾਰ ਉਦਯੋਗ ਅਤੇ ਨੌਕਰੀ ਕਰਨਾ ਹੈ।" (ਦਰਸ਼ਨ ਸਿੰਘ ਨਰੂਲਾ, *ਸਮਕਾਲੀ ਪੰਜਾਬੀ ਸਮਾਜ* 56) "ਪੰਜਾਬ ਦੇ ਸ਼ਹਿਰਾਂ ਦੇ ਮੁਖ ਵਿਹਾਰ, ਵਪਾਰ ਅਤੇ ਨੌਕਰੀ ਹਨ। ਪੰਜਾਬ ਦੇ ਸ਼ਹਿਰੀ ਵਪਾਰ ਵਿਚ ਇੰਨੇ ਸੁਯੋਗ ਤੇ ਹਿੰਮਤੀ ਹਨ ਕਿ ਪੰਜਾਬੋਂ ਬਾਹਰ ਦਿੱਲੀ, ਕਾਨ੍ਹਪੁਰ, ਕਲਕੱਤੇ, ਇੰਦੌਰ, ਬੰਬਈ ਆਦਿ ਸ਼ਹਿਰਾਂ ਵਿਚ ਭੀ ਹੋਰਨਾਂ ਪਿੱਛੋਂ ਅਤੇ ਥੋੜ੍ਹੀ ਪੂੰਜੀ ਨਾਲ ਪੁਜ ਕੇ ਅਜ ਅਗੇ ਲੰਘੇ ਹੋਏ ਹਨ। ਪੰਜਾਬੀ ਕਬਾੜੀਏ, ਫੇਰੀ ਲਾਉਣ ਵਾਲੇ, ਰੇੜ੍ਹੀ ਵਾਲੇ, ਦੁਕਾਨਾਂ ਤੇ ਵੱਡੇ ਸਟੋਰਾਂ ਦੇ ਮਾਲਕ ਅਤੇ ਫੇਰ ਵੱਡੇ ਵੱਡੇ ਉਦਯੋਗਾਂ ਦੇ ਸਵਾਮੀ ਭੀ ਮਿਲ ਜਾਂਦੇ ਹਨ।" (ਅਮੋਲ, *ਸਮਕਾਲੀ ਪੰਜਾਬੀ ਸਮਾਜ* 89) "ਦੇਸ਼ ਦੀ ਆਰਥਿਕਤਾ ਵਿਚ ਕੁਝ ਵਰ੍ਹੇ ਪਹਿਲਾਂ ਪੰਜਾਬ ਦਾ ਨੰਬਰ ਪਹਿਲਾ ਸੀ, ਜਿਹੜਾ ਹੁਣ ਚੌਥਾ ਹੋ ਗਿਆ ਹੈ ਅਤੇ ਹਰ ਬੀਤਦੇ ਵਰ੍ਹੇ ਨਾਲ ਅਸੀਂ ਹੋਰ ਥਲੇ ਜਾਣਾ ਹੈ। ਪੰਜਾਬ ਸਮੁੰਦਰ ਨਾਲ ਨਹੀਂ ਲੱਗਦਾ, ਇਹ ਇਸ ਪ੍ਰਾਂਤ ਦੇ ਵਪਾਰ ਪੱਖੋਂ ਪੱਛੜ ਜਾਣ ਦਾ ਸਭ ਤੋਂ ਵੱਡਾ ਕਾਰਨ ਬਣੇਗਾ। ਭਵਿੱਖ ਉਨ੍ਹਾਂ ਭਾਰਤੀ ਪ੍ਰਾਂਤਾਂ ਦਾ ਹੈ ਜਿਹੜੇ ਸਮੁੰਦਰ ਨਾਲ ਲੱਗਦੇ ਹਨ। ਜੇ ਪੰਜਾਬ ਦਾ ਪਾਕਿਸਤਾਨ ਨਾਲ ਵਪਾਰ ਖੁਲ੍ਹ ਜਾਵੇ ਤਾਂ ਆਪਸੀ ਵਪਾਰ ਨਾਲ ਦੋਹਾਂ ਨੂੰ ਕੁਝ ਆਰਥਿਕ ਲਾਭ ਹੋ ਸਕਦਾ ਹੈ। ਵਪਾਰ ਤੋਂ ਬਿਨਾਂ ਮਿਲਣੀਆਂ ਵਿਚਲਾ ਨਿੱਘ ਵੀ ਬਹੁਤਾ ਚਿਰ ਨਹੀਂ ਰਹੇਗਾ। ਵਪਾਰ ਤੋਂ ਬਿਨਾਂ ਹੁਣ ਨਾ ਕੋਈ ਭਾਸ਼ਾ, ਨਾ ਕੋਈ ਸਾਹਿਤ, ਨਾ ਕੋਈ ਕਲਾ, ਨਾ ਕੋਈ ਸਮਾਜ, ਤਰੱਕੀ ਕਰੇਗਾ।" (ਨਰਿੰਦਰ ਸਿੰਘ ਕਪੂਰ, *ਸਮਕਾਲੀ ਪੰਜਾਬੀ ਸਮਾਜ* 91)

### 2.5.2 ਸ਼ਾਹ

ਵਪਾਰੀਆਂ ਦੇ ਸਰਦਾਰ ਨੂੰ 'ਸਾਹ' ਆਖਿਆ ਜਾਂਦਾ ਸੀ। ਉਹ ਵਪਾਰੀਆਂ ਨੂੰ ਸੌਦਾ ਦੇ ਕੇ ਵਪਾਰ ਲਈ ਤੋਰਦੇ ਸਨ। ਉਹ ਵਪਾਰੀਆਂ ਨੂੰ ਜਾਰੀ ਕੀਤੇ ਮਾਲ ਦਾ ਪੂਰਾ-ਪੂਰਾ ਲਿਖਤੀ ਹਿਸਾਬ ਰੱਖਦੇ ਸਨ। ਪ੍ਰਾਪਤ ਹੋਏ ਮਾਲ ਦਾ ਬਿਓਰਾ ਵਪਾਰੀ ਦੇ ਕੋਲ ਵੀ ਹੁੰਦਾ ਸੀ। ਗੁਰੂ ਅਰਜਨ ਦੇਵ ਜੀ ਪ੍ਰਭੂ ਨੂੰ ਸ਼ਾਹਾਂ ਦਾ ਸ਼ਾਹ ਆਖਦੇ ਹਨ। ਇਸ ਪੰਕਤੀ ਤੋਂ ਵੀ 'ਸ਼ਾਹ' ਪਾਤਰ ਹੀ ਹੋਂਦ ਦਾ ਸਬੂਤ ਮਿਲਦਾ ਹੈ। 'ਸ਼ਾਹ' ਵੀ ਮਾਲ-ਧਨ ਅਨੁਸਾਰ ਵੱਡੇ-ਛੋਟੇ ਹੋਇਆ ਕਰਦੇ ਸਨ। ਧਨ ਦੀ ਬਹੁਤਾਤ ਦੇ ਬਾਵਜੂਦ ਵੀ ਸ਼ਾਹ ਦੁੱਖ ਤੋਂ ਛੁਟਕਾਰਾ ਨਹੀਂ ਸਨ ਹਾਸਲ ਕਰ ਸਕਦੇ। ਕਾਰਨ ਸੀ ਕਿ ਉਨ੍ਹਾਂ ਦੇ ਵਿਵਹਾਰ ਵਿਚ ਪਾਰਦਰਸ਼ਤਾ ਦੀ ਘਾਟ ਹੁੰਦੀ ਸੀ, ਜਿਸ ਕਾਰਨ ਉਨ੍ਹਾਂ ਨੂੰ ਮਨ ਦਾ ਚੈਨ ਨਸੀਬ ਨਹੀਂ ਸੀ ਹੋ ਪਾਉਂਦਾ। ਗੁਰੂ ਸਾਹਿਬ ਦਾ ਇਸ਼ਾਰਾ ਵਿਵਹਾਰਕ ਪਾਰਦਰਸ਼ਤਾ ਅਪਨਾਉਣ ਵੱਲ ਹੈ। ਵਿਆਜ ਦੀ ਪ੍ਰਥਾ ਵੀ ਪ੍ਰਚੱਲਤ ਸੀ:

ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1238)

ਸੋ ਮੀਰਾ ਮੀਰੰਨ ਸਿਰਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1098)

ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

ਸੇ ਸੁਖੀਏ ਸਚੁ ਸਾਹ ਸੇ ਜਿਨ ਸਚਾ ਬਿਉਹਾਰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 962)

ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜ ਬਡੰਤਉ ਜਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵਿਆਜ ਸਹਿਤ ਪੈਸਾ ਦੇਣ ਵਾਲੇ ਨੂੰ ਸ਼ਾਹ (ਸ਼ਾਹੂਕਾਰ) ਆਖ ਦਿੱਤਾ ਜਾਂਦਾ ਹੈ। ਧਨਾਢ ਵਿਅਕਤੀ ਨੂੰ ਵੀ ਸ਼ਾਹ ਕਿਹਾ ਜਾਂਦਾ ਹੈ।

### 2.5.3 ਅਧਿਆਪਨ

ਪਰੰਪਰਿਕ ਤੌਰ 'ਤੇ ਪੰਡਤ ਵਰਗ ਦਾ ਕੰਮ ਵੇਦਾਂ ਨੂੰ ਪੜ੍ਹਨਾ-ਪੜ੍ਹਾਉਣਾ ਸੀ, ਜਿਸ ਦਾ ਜ਼ਿਕਰ ਗੁਰੂ ਅੰਗਦ ਦੇਵ ਜੀ ਹੇਠ ਲਿਖੇ ਸ਼ਬਦਾਂ ਵਿਚ ਕਰਦੇ ਹਨ। ਤਤਕਾਲੀ ਦੌਰ ਵਿਚ ਵੀ ਪੰਡਤ ਵਰਗ ਦੁਆਰਾ ਸਿੱਖਿਆ ਦੇਣ ਦੇ ਕੰਮ ਦਾ ਉਲੇਖ ਮਿਲਦਾ ਹੈ। ਗੁਰੂ ਸਾਹਿਬ ਦਾ ਕਥਨ ਹੈ ਕਿ ਦੂਜਿਆਂ ਨੂੰ ਸਿੱਖਿਆ ਦੇਣ ਤੋਂ ਪਹਿਲਾਂ ਖ਼ੁਦ ਉਸ ਸਿੱਖਿਆ ਨੂੰ ਜੀਵਨ ਵਿਚ ਅਪਨਾਉਣਾ ਜ਼ਰੂਰੀ ਹੈ:

ਬੇਦ ਸਬਦੰ ਬ੍ਰਾਹਮਣਹ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 86)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਅਧਿਆਪਨ ਕਾਰਜ ਦਾ ਸਬੰਧ ਕਿਸੇ ਵਰਗ ਵਿਸ਼ੇਸ਼ ਨਾਲ ਨਹੀਂ। ਅਜੋਕੇ ਲੋਕਤੰਤਰੀ ਯੁੱਗ ਵਿੱਚ ਹਰ ਵਰਗ ਨਾਲ ਸਬੰਧਤ ਮਨੁੱਖ ਵਿੱਦਿਆ-ਦਾਤਾ (ਅਧਿਆਪਕ) ਹੈ।

### 2.5.4 ਸੁਨਿਆਰ

ਸੁਨਿਆਰ ਲਈ 'ਸਰਾਫ' ਸ਼ਬਦ ਵੀ ਵਰਤਿਆ ਜਾਂਦਾ ਸੀ। ਉਸਦਾ ਕਿੱਤਾ ਸੋਨੇ ਨੂੰ ਤਪਾ ਕੇ ਲੋੜੀਂਦਾ ਆਕਾਰ ਦੇਣਾ ਭਾਵ ਗਹਿਣਿਆਂ ਦਾ ਨਿਰਮਾਣ ਕਰਨਾ ਸੀ। ਸੋਨੇ ਸਬੰਧੀ ਉਸਦੀ ਸੋਝੀ ਏਨੀ ਮਹੀਨ ਸੀ ਕਿ ਉਹ ਅੱਖਾਂ ਨਾਲ ਤੱਕ ਕੇ ਹੀ ਸੋਨੇ ਦੀ ਖੋਟ

ਦੀ ਨਿਸ਼ਾਨਦੇਹੀ ਕਰ ਲੈਂਦਾ ਸੀ। ਇਸ ਕੰਮ ਲਈ ਉਹ ਕਸੌਟੀ (ਕਸਵੱਟੀ) ਦੀ ਵੀ ਵਰਤੋਂ ਕਰਿਆ ਕਰਦਾ ਸੀ। ਸਤਿਗੁਰੂ ਵੀ ਸਰਾਫ ਵਰਗਾ ਹੀ ਹੈ, ਜਿਹੜਾ ਸੇਵਕ ਦੇ ਅੰਦਰਲੇ ਔਗੁਣਾਂ (ਖੋਟ) ਨੂੰ ਸਮਝ ਕੇ, ਉਨ੍ਹਾਂ ਨੂੰ ਦੂਰ ਕਰਦਾ ਹੈ:

ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 146)

ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 303)

ਸਤਿਗੁਰੁ ਸਰਾਫ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 960)

ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਸੁਨਿਆਰੇ ਸੋਨੇ ਦੇ ਗਹਿਣੇ ਬਣਾਉਂਦੇ ਹਨ ਤੇ ਉਨ੍ਹਾਂ ਦਾ ਵਪਾਰ ਕਰਦੇ ਹਨ। ਉਹ ਕਸੌਟੀ ਦੀ ਵਰਤੋਂ ਕਰਕੇ ਸੋਨੇ ਦੀ ਸ਼ੁੱਧਤਾ ਬਾਰੇ ਨਿਰਣਾ ਕਰ ਲੈਂਦੇ ਹਨ।

### 2.5.5 ਵੈਦ

ਵੈਦ ਰੋਗਾਂ ਦਾ ਇਲਾਜ ਕਰਦਾ ਸੀ। ਉਸ ਵੈਦ ਨੂੰ ਵਧੀਆ ਮੰਨਿਆ ਜਾਂਦਾ ਸੀ, ਜਿਹੜਾ ਰੋਗ ਨੂੰ ਜੜ੍ਹ ਤੋਂ ਮੁਕਾ ਦੇਵੇ, ਜਿਸ ਸਦਕਾ ਤੰਦਰੁਸਤੀ ਦਾ ਅਹਿਸਾਸ ਹੋਵੇ। ਅਜਿਹਾ ਕਰਨ ਲਈ ਉਸ ਕੋਲ ਮੁਹਾਰਤ ਦਾ ਹੋਣਾ ਲਾਜ਼ਮੀ ਸੀ, ਜਿਸ (ਮੁਹਾਰਤ) ਸਦਕਾ ਉਹ ਪਹਿਲਾਂ, ਰੋਗ ਦੇ ਲੱਛਣਾਂ ਤੋਂ, ਰੋਗ ਦੀ ਪਛਾਣ ਕਰ ਸਕੇ ਅਤੇ ਫਿਰ ਉਸਦਾ ਢੁਕਵਾਂ ਇਲਾਜ ਕਰ ਸਕੇ। ਗੁਰੂ ਸਾਹਿਬ ਆਖਦੇ ਹਨ ਕਿ ਵੈਦ, ਰੋਗ ਅਤੇ ਦਵਾਈ ਬਾਰੇ ਪੂਰੀ ਜਾਣਕਾਰੀ ਰੱਖਣ ਵਾਲਾ ਹੋਣਾ ਚਾਹੀਦਾ ਹੈ:

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥
ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ॥
ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 148)

ਉਸ ਵਕਤ ਅੱਜ ਦੇ ਸਮੇਂ ਵਾਂਗ ਰੋਗ ਦੀ ਜਾਂਚ ਕਰਨ ਵਾਲੇ ਉਪਕਰਨ ਕਿੱਥੇ ਹੁੰਦੇ ਸਨ। ਵੈਦ ਰੋਗੀ ਦੀ ਨਬਜ਼ ਦੀ ਚਾਲ ਤੋਂ ਹੀ ਰੋਗ ਦੀ ਪਛਾਣ ਕਰ ਲੈਂਦੇ ਸਨ।[187] ਸਮਾਜ ਵਿਚ ਵੈਦ ਦਾ ਚੰਗਾ ਸਤਿਕਾਰ ਹੁੰਦਾ ਸੀ।[188] ਰੋਗਾਂ ਨੂੰ ਦੂਰ ਕਰ ਕੇ ਦੁਨੀਆ ਨੂੰ ਤੰਦਰੁਸਤੀ ਦਾ ਅਹਿਸਾਸ ਕਰਵਾਉਣ ਵਾਲਾ (ਵੈਦ) ਇੱਕ ਦਿਨ ਆਪ ਵੀ (ਆਮ ਲੋਕਾਈ ਵਾਂਗ) ਮੌਤ ਨੂੰ ਪਿਆਰਾ ਹੋ ਜਾਂਦਾ ਸੀ:

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਕਬੀਰ ਬੈਦੁ ਮੂਆ ਰੋਗੀ ਮੂਆ ਮੂਆ ਸਭੁ ਸੰਸਾਰੁ॥
(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੈਦ ਦੀ ਥਾਂ ਡਾਕਟਰਾਂ ਨੇ ਲੈ ਲਈ ਹੈ। ਉਹ ਪਹਿਲਾਂ ਰੋਗ ਦੀ ਪਛਾਣ ਕਰਦੇ ਹਨ ਤੇ ਮਗਰੋਂ ਉਸਦਾ ਇਲਾਜ ਕਰਦੇ ਹਨ। ਕਿਤੇ-ਕਿਤੇ ਵੈਦ ਵੀ ਮੌਜੂਦ ਹਨ।

### 2.5.6 ਜੌਹਰੀ

ਜੌਹਰੀ ਦਾ ਕੰਮ ਰਤਨਾਂ ਦੀ ਪਰਖ ਕਰਨਾ ਹੁੰਦਾ ਸੀ:

ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1093)

ਰਤਨਾਂ ਦੀ ਪਰਖ ਹਰ ਹਾਰੇ-ਸਾਰੇ ਦੇ ਵੱਸ ਦੀ ਗੱਲ ਨਹੀਂ ਸੀ। ਜੇਕਰ ਜੌਹਰੀ ਦੀ ਨਕਲ ਕਰ ਕੇ ਕੋਈ ਅਜਿਹਾ ਪਰਪੰਚ ਰਚ ਵੀ ਬੈਠਦਾ ਤਦ ਵੀ ਉਹ ਘਾਟੇ ਵਿਚ ਹੀ ਰਹਿੰਦਾ ਸੀ। ਜੌਹਰੀ ਦੀ ਟੇਕ ਲਏ ਬਿਨਾ ਉਸਦੀ ਗੱਲ ਸਿਰੇ ਨਹੀਂ ਸੀ ਲੱਗਦੀ:

ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ॥
ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ॥
ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਓੁ ਪਰਖਾਇ॥
(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1249)

ਫਿਰ ਜੌਹਰੀ ਪਾਸ ਜਾ ਕੇ ਜਦੋਂ ਰਤਨ ਦੇ ਸੁਆਮੀ ਨੂੰ ਆਪਣੀ ਵਸਤੂ ਦੀ ਕੀਮਤ ਦਾ ਅੰਦਾਜ਼ਾ ਹੋ ਜਾਂਦਾ ਸੀ ਤਾਂ ਉਹ ਇਸ ਪਾਸੇ ਤੋਂ (ਕੀਮਤ ਵੱਲੋਂ) ਫ਼ਿਕਰ-ਮੁਕਤ ਹੋ ਜਾਂਦਾ ਸੀ। ਕੋਈ ਨਾ ਕੋਈ ਚੰਗਾ ਗਾਹਕ ਉਸ ਨੂੰ ਦੇਰ-ਸਵੇਰ ਮਿਲ ਹੀ ਪੈਂਦਾ ਸੀ। ਰਤਨਾਂ ਦੀ ਪਰਖ ਦੀ ਪੂਰੀ ਸੂਝ ਰੱਖਦਾ ਹੋਇਆ ਜੌਹਰੀ ਆਪ ਵੀ ਕਿਸੇ ਪਾਰਖੂ ਗਾਹਕ ਨੂੰ ਹੀ ਰਤਨ ਵੇਚਦਾ ਸੀ ਕਿਉਂਕਿ ਪਾਰਖੂ ਗਾਹਕ ਹੀ ਤਾਂ ਉਸਨੂੰ ਪੂਰਾ ਮੁੱਲ ਦੇ ਸਕਦਾ ਸੀ। ਰਤਨਾਂ ਦੀ ਪਰਖ ਦੀ ਸੋਝੀ ਬਿਨਾ ਕਾਹਦਾ ਜੌਹਰੀ ਅਤੇ ਕਾਹਦਾ ਗਾਹਕ? ਰਤਨਾਂ ਦੀ ਪਰਖ ਦੀ ਪੂਰੀ ਸੋਝੀ ਰੱਖਦਾ ਹੋਇਆ ਜੌਹਰੀ ਫਿਰ ਆਪਣੀ ਦੁਕਾਨ ਸਜਾਉਂਦਾ ਸੀ। ਕੋਈ ਪਾਰਖੂ ਗਾਹਕ ਆਉਂਦਾ ਤਾਂ ਲੈਣ-ਦੇਣ (ਸੌਦੇਬਾਜ਼ੀ) ਦੀ ਕਾਰਵਾਈ ਨੇਪਰੇ ਚੜ੍ਹਦੀ। ਗੁਰੂ ਸਾਹਿਬ ਦਾ ਕਥਨ ਹੈ ਕਿ ਗੁਣਾਂ-ਰੂਪੀ ਰਤਨਾਂ ਦੀ ਸਾਂਝ ਪਾਰਖੂ ਮਨੁੱਖ ਨਾਲ ਹੀ ਪਾਉਣੀ ਚਾਹੀਦੀ ਹੈ। ਅੰਞਾਣ ਮਨੁੱਖ ਤਾਂ ਗੁਣਾਂ ਨੂੰ ਘੱਟੇ ਵਿਚ ਰੋਲ਼ ਦੇਣਗੇ:

ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ॥
ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1376)
ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ॥
ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ॥
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ॥
ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 954)
ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੇ ਮਾਂਡੈ ਹਾਟ॥
ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਜੌਹਰੀ ਲੋਕ ਰਤਨਾਂ ਦੇ ਵਪਾਰ ਨਾਲ ਸਬੰਧਤ ਹਨ।

### 2.5.7 ਕਰਮਚਾਰੀ

ਤਤਕਾਲੀ ਰਾਜ ਸੱਤਾ ਵਿਚ ਮੁਲਾਜ਼ਮ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੇ ਸਨ। ਇਨ੍ਹਾਂ ਅਹੁਦਿਆਂ ਦਾ ਇੱਕ ਨਾਮ 'ਪਦਵੀ' ਹੋਇਆ ਕਰਦਾ ਸੀ। ਹੇਠ ਲਿਖੀ ਪੰਕਤੀ ਵਿਚ ਗੁਰੂ ਅਮਰਦਾਸ ਜੀ ਗੁਰੂ ਦੀ ਰਜ਼ਾ ਵਿਚ ਰਹਿਣ ਦੀ ਪ੍ਰੇਰਨਾ ਕਰਦੇ ਹੋਏ ਇਹ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਸੰਸਾਰਕ ਪਦਵੀਆਂ ਹਨ, ਗੁਰੂ ਦੇ ਭਾਣੇ ਵਿਚ ਵਿਚਰਨ ਵਾਲੇ ਨੂੰ, ਉੱਚ-ਜੀਵਨ ਰੂਪੀ ਪਦਵੀ ਪ੍ਰਾਪਤ ਹੁੰਦੀ ਹੈ। ਸਮਝਾਉਣ ਲਈ, ਗੁਰੂ ਜੀ ਨੇ, ਦ੍ਰਿਸ਼ਟਾਂਤ ਦੁਨਿਆਵੀ ਸੰਕਲਪ ਦਾ ਲਿਆ ਹੈ ਤਾਂ ਜੋ ਗੱਲ, ਸ੍ਰੋਤੇ ਦੀ ਸਮਝ ਵਿਚ ਸਹਿਜ ਹੀ ਆ ਜਾਵੇ। ਇਸ ਤੋਂ ਨਿਰਣਾ ਹੋ ਜਾਂਦਾ ਹੈ ਕਿ ਤਤਕਾਲੀ ਦੌਰ ਵਿਚ ਸਰਕਾਰੀ ਸੱਤਾ ਅੰਦਰ ਮੁਲਾਜ਼ਮ ਵੱਖ-ਵੱਖ ਪਦਵੀਆਂ 'ਤੇ ਕੰਮ ਕਰਦੇ ਸਨ:

ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 508)

ਇਸ (ਉਕਤ) ਪੰਕਤੀ ਵਿਚ ਗੁਰੂ ਸਾਹਿਬ ਪ੍ਰਭੂ ਦੇ ਸਿਮਰਨ ਸਦਕਾ ਪ੍ਰਾਪਤ ਹੋਣ ਵਾਲੀ 'ਉੱਤਮ ਪਦਵੀ' ਦੀ ਗੱਲ ਕਰਦੇ ਹਨ। ਹੁਣ ਇਹ ਉੱਤਮ ਪਦਵੀ ਕਿਸ ਪਦਵੀ ਦੇ ਨਾਲ ਤੁਲਨਾਈ ਗਈ ਹੈ ਭਾਵ ਕਿਸ ਪਦਵੀ ਦੇ ਸਨਮੁਖ ਇਸਨੂੰ ਉੱਤਮ ਦੱਸਿਆ ਗਿਆ ਹੈ? , ਸਪਸ਼ਟ ਹੈ ਕਿ ਦੁਨਿਆਵੀ ਪਦਵੀਆਂ ਦੇ ਸਨਮੁਖ ਇਸ (ਪ੍ਰਭੂ-ਸਿਮਰਨ ਸਦਕਾ ਪ੍ਰਾਪਤ ਹੋਣ ਵਾਲੀ ਪਦਵੀ) ਨੂੰ ਉੱਤਮ ਦਰਸਾਇਆ ਗਿਆ ਹੈ।

### 2.5.8 ਖੇਤੀ

ਗੁਰਬਾਣੀ ਰਚਨਾ-ਕਾਲ ਦੇ ਮਨੁੱਖ ਨੇ ਖੇਤੀ ਨੂੰ ਵੀ ਕਿੱਤੇ ਵਜੋਂ ਅਪਣਾਇਆ ਹੋਇਆ ਸੀ। ਸਲੋਕ ਬਾਣੀ-ਰੂਪ ਦੀ ਹੇਠ ਲਿਖੀ ਪੰਕਤੀ ਵਿਚ ਗੁਰੂ ਰਾਮ ਦਾਸ ਜੀ ਮਨੁੱਖ ਬਾਰੇ ਬਿਆਨ ਕਰ ਰਹੇ ਹਨ ਕਿ ਉਹ ਆਪਣਾ ਬੀਜਿਆ ਆਪ ਹੀ ਖਾਂਦਾ ਹੈ ਭਾਵ ਉਹ ਜੋ ਬੀਜਦਾ ਹੈ, ਉਹੀ ਵੱਢਦਾ ਹੈ। ਇਸ ਤੁਕ ਦਾ ਆਧਾਰ ਤਤਕਾਲੀ ਖੇਤੀ ਦੇ ਕਿੱਤੇ ਨਾਲ ਜੁੜਿਆ ਹੋਇਆ ਹੈ। ਖੇਤ ਵਿਚ ਜਿਸ ਫ਼ਸਲ ਦਾ ਬੀਜ ਬੀਜਿਆ ਜਾਂਦਾ ਹੈ, ਉਹੀ ਫ਼ਸਲ ਉੱਗਦੀ ਹੈ:

ਓਹੁ ਆਪਣਾ ਬੀਜਿਆ ਆਪੇ ਖਾਵੈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 303)

ਅਤੇ,

ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 302)

ਵਾਹੀ ਦਾ ਇਹ ਕੰਮ ਸਾਰੇ ਸਮਾਜ ਦੀ ਭੁੱਖ ਦੂਰ ਕਰਨ ਨਾਲ ਸਬੰਧਤ ਸੀ। ਹੇਠ ਲਿਖੀਆਂ ਪੰਕਤੀਆਂ ਵਿਚ ਜੀਅ-ਜੰਤ ਦੀ ਰੋਜ਼ੀ ਦੀ ਪੂਰਤੀ ਦਾ ਆਧਾਰ ਵਾਹੀ ਦੀ ਕਿਰਸ ਨਾਲ ਜੁੜਿਆ ਹੋਇਆ ਦਰਸਾਇਆ ਗਿਆ ਹੈ। ਗੁਰੂ ਜੀ ਆਖ ਰਹੇ ਹਨ ਕਿ ਜਲ ਵਿਚ ਕੋਈ ਵਾਹੀ ਤਾਂ ਕਰਦਾ ਨਹੀਂ, ਕਿਸੇ ਹੱਟੀ ਤੋਂ ਸੌਦਾ ਵੀ ਨਹੀਂ ਮਿਲਦਾ {ਸੌਦਾ (ਹੱਟੀ ਦਾ ਮਾਲ) ਵੀ ਤਾਂ ਵਾਹੀ ਦਾ ਉਤਪਾਦਨ ਹੀ ਹੋਵੇਗਾ}। ਭਾਵੇਂ ਇਹ ਪੰਕਤੀਆਂ ਜਲ-ਸੋਮਿਆਂ ਨਾਲ ਸਬੰਧਤ ਹਨ ਪਰ, ਜੇਕਰ ਇਨ੍ਹਾਂ ਪੰਕਤੀਆਂ ਨੂੰ ਧਰਤੀ ਦੇ ਪੱਧਰ 'ਤੇ ਵਿਚਾਰੀਏ ਤਾਂ ਸਿੱਟਾ ਇਹੀ ਆਵੇਗਾ ਕਿ ਖੇਤੀ ਹੀ ਮਾਨਵ ਦੀ ਭੁੱਖ-ਪੂਰਤੀ ਦਾ ਸਾਧਨ ਸੀ:

ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥

ਓਥੈ ਹਟੁ ਨ ਚਲਈ ਨਾ ਕੋ ਲਏ ਨ ਦੇਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 955)

ਖੇਤਾਂ ਵਿਚ ਫ਼ਸਲ ਬੀਜੀ ਜਾਂਦੀ ਸੀ ਅਤੇ ਚੰਗੀ ਉਪਜ ਲਈ ਫ਼ਸਲ ਦੀ ਚੰਗੀ ਹੀ ਸੇਵਾ ਕਰਨੀ ਹੁੰਦੀ ਸੀ। ਸਾਰੇ ਵਾਹੀਕਾਰ ਚੰਗੀ ਉਪਜ ਲਈ ਹੀ ਇਹ ਪੁਰਸ਼ਾਰਥ ਕਰਦੇ ਸਨ ਪਰ ਵਧੀਆ ਉਪਜ ਦਾ ਹੱਕਦਾਰ ਉਹੀ ਹੁੰਦਾ ਸੀ ਜੋ ਖੇਤਾਂ ਵਿਚ ਮਿਹਨਤ ਕਰੇ। ਵਧੀਆ ਬੀਜ ਬੋਇਆ, ਚੰਗੀ ਮਿਹਨਤ ਕੀਤੀ ਤਾਂ ਫਲ਼ ਵੀ ਵਧੀਆ ਹੀ ਮਿਲਦਾ ਸੀ ਕਿਉਂਕਿ ਪ੍ਰਭੂ ਮਿਹਨਤ ਦਾ ਮੁੱਲ ਜ਼ਰੂਰ ਮੋੜਦਾ ਹੈ। ਮਨੁੱਖ ਦੇ ਕੀਤੇ ਹੋਏ ਚੰਗੇ ਕੰਮ ਜ਼ਰੂਰ ਫਲ਼ਦੇ ਹਨ:

ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ॥
ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ॥
ਸਭ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ॥
ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ॥
(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 304)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਖੇਤੀ ਦਾ ਕੰਮ ਇੱਕ ਕਿੱਤੇ ਵਜੋਂ ਕੀਤਾ ਜਾਂਦਾ ਹੈ। ਇਹ ਕਿੱਤਾ ਮਿਹਨਤ ਦੀ ਮੰਗ ਕਰਦਾ ਹੈ। ਆਖਿਆ ਵੀ ਜਾਂਦਾ ਹੈ, "ਖੇਤੀ ਖਸਮਾਂ ਸੇਤੀ"। "ਕਹਿਰੀਉੱਥਲ-ਪੁੱਥਲ ਵਾਲਾ ਪੰਜਾਬ ਦਾ ਇਤਿਹਾਸ ਰਿਹਾ ਹੈ ਅਤੇ ਚੈਨ-ਰਮਾਣ ਨਾਲ ਇਕੋ ਥਾਵੇਂ ਟਿਕ ਕੇ ਕੁਝ ਕਰਨ ਦਾ ਅਵਸਰ ਪੰਜਾਬੀਆਂ ਨੂੰ ਟਾਵੇਂ-ਟਾਵੇਂ ਮਿਲੇ ਸਨ। ਇਸੇ ਕਰਕੇ ਬਝਵੀਂ ਰਹੁਰੀਤ ਨਾਲੋਂ ਨਵੀਨਤਾ ਨਾਲ ਨਿਭਣ ਨੂੰ ਪੰਜਾਬੀ ਤਰਜੀਹ ਦਿੰਦੇ ਰਹੇ ਹਨ। ਭਾਰਤ ਵਿਖੇ ਅੰਗਰੇਜ਼ਾਂ ਦਾ ਪੰਜਾਬੀਆਂ ਨਾਲ ਵਾਹ ਹੋਰਨਾਂ ਨਾਲੋਂ ਪਿੱਛੋਂ ਪਿਆ ਸੀ ਪਰ ਪੰਜਾਬੀਆਂ ਨੇ ਇਨ੍ਹਾਂ ਦਾ ਸਭ ਤੋਂ ਵੱਧ ਪ੍ਰਭਾਵ ਰਹਿਣ-ਸਹਿਣ ਅਤੇ ਖਾਣ-ਹੰਢਾਉਣ ਦੇ ਪ੍ਰਸੰਗ 'ਚ ਕਬੂਲਿਆ। ... ... ਖੇਤੀਬਾੜੀ ਲਈ ਵੀ ਨਵੀਨ ਢੰਗ ਅਤੇ ਨਵੀਨ ਤਕਨਾਲੋਜੀ ਅਪਨਾਉਣ 'ਚ ਇਨ੍ਹਾਂ ਨੇ ਇਹੋ ਰੁਚੀ ਵਿਖਾਈ। ... ... ਆਪਣੇ ਆਪ ਨੂੰ ਹਰੀ ਕਰਾਂਤੀ ਦੇ ਸੰਪੂਰਣ ਸਪੁਰਦ ਕਰਦਿਆਂ ਅਸੀਂ ਉਨ੍ਹਾਂ ਫ਼ਸਲਾਂ ਦਾ ਤੁਖਮ ਤਕ ਨਸ਼ਟ ਕਰ ਛੱਡਿਆ ਜਿਹੜੀਆਂ ਸਦਆਂ ਤੋਂ ਅਸਾਡੇ ਨਾਲ ਸਨ, ਜਿਹੜੀਆਂ ਪੌਸ਼ਟਕਤਾ 'ਚ ਸਮ੍ਰਿਧ ਸਨ ਅਤੇ ਵਬਾਈ ਵਿਰੋਧਤਾ 'ਚ ਵੀ ਸ੍ਰੇਸ਼ਟ। ਹਰੀ ਕ੍ਰਾਂਤੀ ਦੇ ਪੱਖੀ ਵਿਸ਼ੇਸ਼ਗ ਵੀ ਹੁਣ ਦੁਹਾਈ ਦੇਣ ਲੱਗ ਪਏ ਹਨ ਕਿ ਭੂਮੀ ਦੀ ਉਰਵਰਤਾ ਫਿਕੀ ਪੈ ਰਹੀ ਹੈ ਅਤੇ ਫ਼ਸਲਾਂ ਦੇ ਝਾੜ ਥਿੜਕਣ ਲੱਗ ਪਏ ਹਨ।" (ਧਨਵੰਤ ਕੌਰ (ਸੰਪਾ),*ਸਮਕਾਲੀ ਪੰਜਾਬੀ ਸਮਾਜ* 79-80)

"ਖੇਤੀ ਵਿਚ ਰੁਜ਼ਗਾਰ ਦੇਣ ਦੀ ਸਮਰੱਥਾ ਪਹਿਲਾਂ ਨਾਲੋਂ ਵੀ ਘੱਟ ਗਈ ਹੈ। ਇਸ ਕਰਕੇ ਪੇਂਡੂ ਲੋਕਾਂ ਦੇ ਵੱਡੇ ਹਿੱਸੇ ਨੂੰ ਖੇਤੀ ਤੋਂ ਇਲਾਵਾ ਹੋਰ ਕਿੱਤਿਆਂ ਤੇ ਨਿਰਭਰ ਕਰਨਾ ਪੈ ਰਿਹਾ ਹੈ। 1971 ਵਿਚ ਪੰਜਾਬ ਦੇ ਕੁੱਲ ਰੁਜ਼ਗਾਰ ਵਿਚ 42.56 ਪ੍ਰਤੀਸ਼ਤ ਹਿੱਸਾ ਕਾਸ਼ਤਕਾਰਾਂ ਦਾ ਸੀ। ਜਦ ਕਿ ਖੇਤ ਮਜ਼ਦੂਰਾਂ ਦਾ ਹਿੱਸਾ 20.11 ਪ੍ਰਤੀਸ਼ਤ ਸੀ। ਇਸ ਤਰ੍ਹਾਂ 1971 ਵਿਚ 62.67 ਪ੍ਰਤੀਸ਼ਤ ਰੁਜ਼ਗਾਰ ਪੰਜਾਬ ਖੇਤੀ ਖੇਤਰ ਵਲੋਂ ਲੋਕਾਂ ਨੂੰ ਮੁਹੱਈਆ ਕਰਵਾਇਆ ਜਾ ਰਿਹਾ ਸੀ। 2001 ਵਿਚ ਖੇਤੀ ਵਿਚ ਲੱਗੇ ਕਾਮਿਆਂ (ਕਾਸ਼ਤਕਾਰਾਂ ਅਤੇ ਖੇਤ ਮਜ਼ਦੂਰਾਂ) ਦਾ ਹਿੱਸਾ ਘੱਟ ਕੇ 39.36 ਪ੍ਰਤੀਸ਼ਤ ਰਹਿ ਗਿਆ। ਹੁਣ ਕੁਲ ਰੁਜ਼ਗਾਰ ਵਿਚ ਕਾਸ਼ਤਕਾਰਾਂ ਦਾ ਹਿੱਸਾ ਘੱਟ ਕੇ 22.96 ਪ੍ਰਤੀਸ਼ਤ ਅਤੇ ਖੇਤ ਮਜ਼ਦੂਰਾਂ ਦਾ ਹਿੱਸਾ ਘੱਟ ਕੇ 16.40 ਪ੍ਰਤੀਸ਼ਤ ਰਹਿ ਗਿਆ ਹੈ। ਭਾਵੇਂ ਅਜੇ ਵੀ 66 ਪ੍ਰਤੀਸ਼ਤ ਪੰਜਾਬ ਦੇ ਲੋਕ ਅਤੇ ਕਾਮੇ ਪਿੰਡਾਂ ਵਿਚ ਰਹਿ ਰਹੇ ਹਨ ਪਰ ਖੇਤੀ ਉਪਰ ਨਿਰਭਰ ਲੋਕਾਂ ਦਾ ਹਿੱਸਾ ਸਿਰਫ਼ 39.06 ਪ੍ਰਤੀਸ਼ਤ ਰਹਿ ਗਿਆ ਹੈ।

ਖੇਤੀ ਦੇ ਮੁਕਾਬਲੇ ਉਦਯੋਗਿਕ ਕਾਮਿਆਂ ਦੀ ਪ੍ਰਤੀਸ਼ਤਾ ਥੋੜ੍ਹੀ ਜਿਹੀ ਵਧੀ ਹੈ। ਇਹ ਪ੍ਰਤੀਸ਼ਤਤਾ 1971 ਵਿਚ 11.10 ਸੀ ਅਤੇ 2001 ਵਿਚ ਵੱਧ ਕੇ 12.33 ਹੋ ਗਈ। ਰੁਜ਼ਗਾਰ ਵਿਚ ਸਭ ਤੋਂ ਜ਼ਿਆਦਾ ਵਾਧਾ ਸੇਵਾਵਾਂ ਦੇ ਖੇਤਰ ਵਿਚ ਹੋਇਆ ਹੈ। ਸੇਵਾਵਾਂ ਦਾ ਕੁਲ ਰੁਜ਼ਗਾਰ ਵਿਚ ਹਿੱਸਾ 1971 ਵਿਚ 24.57 ਪ੍ਰਤੀਸ਼ਤ ਸੀ ਇਹ ਵੱਧ ਕੇ 2001 ਵਿਚ 48.31 ਪ੍ਰਤੀਸ਼ਤ ਹੋ ਗਿਆ ਹੈ। ਇਨ੍ਹਾਂ ਅੰਕੜਿਆਂ ਤੋਂ ਇਹ ਪਤਾ ਚਲਦਾ ਹੈ ਕਿ ਅੱਜ (2001 ਵਿਚ) ਰੁਜ਼ਗਾਰ ਦੇ ਪੱਖੋਂ ਪੰਜਾਬ ਖੇਤੀ ਪ੍ਰਧਾਨ ਨਹੀਂ ਰਿਹਾ। ਇਹ ਹੁਣ ਸੇਵਾਵਾਂ ਪ੍ਰਧਾਨ ਸੂਬਾ ਬਣ ਗਿਆ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 28) "ਆਰਥਿਕਤਾ ਦੇ ਫਰੰਟ ਤੇ ਨਿਮਨ ਕਿਸਾਨੀ ਤਬਾਹੀ ਦੇ ਕਗਾਰ ਤੇ ਹੈ ਤੇ ਖ਼ੁਦਕਸ਼ੀਆਂ ਦੀ ਰੁੱਤ ਮੌਲ ਰਹੀ ਹੈ।" (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 162)

**2.5.9 ਦੁਕਾਨਦਾਰੀ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਦੌਰ ਵਿਚ ਕਿੱਤੇ ਵਜੋਂ ਦੁਕਾਨਦਾਰੀ ਦਾ ਉਲੇਖ ਵੀ ਮਿਲਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਉਨ੍ਹਾਂ ਦੇ ਪਿਤਾ ਜੀ ਨੇ ਦੁਕਾਨਦਾਰੀ ਦੇ ਕਿੱਤੇ ਵਿਚ ਲਾਉਣ ਦਾ ਯਤਨ ਕੀਤਾ ਸੀ।[189] ਦੁਕਾਨ ਲਈ ਸਲੋਕ ਬਾਣੀ-ਰੂਪ ਵਿਚ 'ਹਟੁ' ਸ਼ਬਦ ਵਰਤਿਆ ਗਿਆ ਹੈ। ਦੁਕਾਨਦਾਰ ਜਾਂ ਹਟਵਾਣੀਏਂ ਲਈ 'ਬਾਜਾਰੀ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਮਿਲਦਾ ਹੈ। ਹੇਠ ਲਿਖੀ ਪੰਕਤੀ ਵਿਚ ਬਾਜ਼ਾਰ (ਜਿੱਥੇ ਹੱਟੀਆਂ ਸਜਦੀਆਂ ਸਨ), ਦੁਕਾਨਦਾਰ, ਦੁਕਾਨ ਅਤੇ ਉਸ ਵਿਚ ਸਜਾਏ ਗਏ ਸੌਦੇ ਦਾ ਉਲੇਖ ਮਿਲਦਾ ਹੈ। ਸਲੋਕ ਬਾਣੀ-ਰੂਪ ਦੀ ਅਗਲੀ ਪੰਕਤੀ ਵੀ ਦੁਕਾਨ ਅਤੇ ਉਸ ਵਿਚਲੇ ਸੌਦੇ (ਮਾਲ) ਵੱਲ ਇਸ਼ਾਰਾ ਕਰਦੀ ਹੈ। ਦੁਕਾਨ 'ਤੇ ਸੌਦਾ ਤੋਲ ਕੇ ਵੇਚਿਆ ਜਾਂਦਾ ਸੀ। ਸੌਦਾ ਲੈਣ ਵਾਲੇ ਦੀ ਸੰਤੁਸ਼ਟੀ ਹਿੱਤ, ਉਸਦੀਆਂ ਨਜ਼ਰਾਂ ਸਾਹਵੇਂ, ਤੋਲ, ਪੂਰਾ ਕੀਤਾ ਜਾਂਦਾ ਸੀ:

ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 646)

ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ॥
ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 853)

ਅਤੇ,

ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥
ਓਥੈ ਹਟੁ ਨ ਚਲਈ ਨਾ ਕੋ ਲਏ ਨ ਦੇਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 955)

ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 146)

ਸੌਦਾ ਤੋਲਣ ਲਈ ਤਰਾਜੂ (ਤੱਕੜੀ) ਦਾ ਇਸਤੇਮਾਲ ਕੀਤਾ ਜਾਂਦਾ ਸੀ, ਜਿਸ ਦੇ ਇੱਕ ਪੱਲੜੇ ਵਿਚ ਸੌਦਾ ਰੱਖਿਆ ਜਾਂਦਾ ਸੀ। ਤੱਕੜੀ ਦੇ ਇੱਕ ਪੱਲੜੇ ਵਿਚ ਸੌਦਾ ਤੇ ਦੂਜੇ ਪੱਲੜੇ ਵਿਚ ਭਾਰ (ਸੌਦਾ ਤੋਲਣ ਲਈ), ਜੋ ਕਿ ਪ੍ਰਮਾਣਕ ਹੁੰਦਾ ਸੀ, ਰੱਖਿਆ ਜਾਂਦਾ ਸੀ। ਹੋਰ ਕਿੱਤਿਆਂ ਵਾਂਗ ਦੁਕਾਨਦਾਰੀ ਦਾ ਟੀਚਾ ਵੀ ਲਾਭ ਕਮਾਉਣਾ ਸੀ। ਗੁਰੂ ਜੀ ਤਾਂ ਸੱਚਾਈ ਨੂੰ ਹੀ ਕਾਰ-ਵਿਹਾਰ ਦਾ ਆਧਾਰ ਬਣਾਉਣ ਦੇ ਹਾਮੀ ਹਨ:

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 470)

ਧਰਿ ਤਾਰਾਜੀ ਅੰਬਰੁ ਤੋਲੀ ਪਿਛੈ [190]ਟੰਕੁ ਚੜਾਈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 147)

ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਸਚਾ ਸਉਦਾ ਲਾਭ ਸਦਾ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 646)

ਉਧਾਰ ਦੀ ਪ੍ਰਥਾ ਵੀ ਸੀ ਪਰ ਉਧਾਰ ਉਸੇ ਨਾਲ ਹੀ ਕੀਤਾ ਜਾਂਦਾ ਸੀ ਜਿਸ ਉੱਪਰ ਦੁਕਾਨਦਾਰ ਨੂੰ ਇਤਬਾਰ ਹੋਵੇ। ਇਤਬਾਰੀ ਬੰਦੇ ਦਾ ਨਾਂ, ਉਹ ਆਪਣੀ ਵਹੀ 'ਤੇ ਚੜ੍ਹਾ ਲੈਂਦਾ ਸੀ ਅਤੇ ਉਸ ਲਈ ਉਹ ਇੱਕ ਪੰਨਾ ਮਿੱਥ ਲੈਂਦਾ ਸੀ। ਸਤਿਗੁਰੂ ਵੀ ਆਪਣੇ ਸੇਵਕ ਨੂੰ ਆਪਣੇ ਲੇਖੇ ਵਿਚ ਚੜ੍ਹਾ ਲੈਂਦਾ ਹੈ। ਵਸਤੂ ਦੀ ਖਰੀਦ ਕਰਨ ਵਾਲੇ ਨੂੰ ਤਤਕਾਲੀ ਦੌਰ ਵਿਚ 'ਗਾਹਕ' ਵੀ ਆਖਿਆ ਜਾਂਦਾ ਮਿਲਦਾ ਹੈ। ਗਾਹਕ ਵਸਤੂ ਦੀ ਖ਼ਰੀਦ ਕਰੇ, ਇਸ ਵਾਸਤੇ, ਉਸ ਨੂੰ ਆਪਣੀ ਵਸਤੂ ਦੇ ਗੁਣ ਦੱਸ ਕੇ ਵਸਤੂ ਖ਼ਰੀਦਣ ਲਈ ਪ੍ਰੇਰਿਤ ਕਰਨਾ ਦੁਕਾਨਦਾਰ ਦੀ ਜ਼ਿੰਮੇਵਾਰੀ ਸੀ। ਸੱਚ ਦੇ ਵਪਾਰੀਆਂ ਨੂੰ ਵੀ ਆਪਣੀ ਵਸਤੂ ਦੀ ਕੀਮਤ ਦਰਸਾਉਣੀ ਆਉਣੀ ਚਾਹੀਦੀ ਹੈ ਤਾਂ ਹੀ ਉਸਦੀ ਖ਼ਰੀਦ ਕੋਈ ਕਰੇਗਾ:

ਪੂਰੇ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 643)

ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥

ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1086-87)

ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 954)

ਸੌਦਾ ਵੇਚਣ ਲਈ ਨਿਯਮਿਤ ਪਲੇਟਫ਼ਾਰਮ (ਦੁਕਾਨ) ਹੋਵੇ, ਚੀਜ਼ ਦੀ ਖ਼ਰੀਦ ਕਰਨ ਵਾਲਾ ਗਾਹਕ ਹੋਵੇ, ਦੁਕਾਨਦਾਰ ਚੀਜ਼ ਦੇ ਪੱਖ ਤੋਂ (ਚੀਜ਼ ਦੇ ਗੁਣਾਂ ਵੱਲੋਂ) ਗਾਹਕ ਦੀ ਤਸੱਲੀ ਕਰਵਾ ਦੇਵੇ, ਗਾਹਕ ਪੂਰਾ ਮੁੱਲ ਦੇਣ ਲਈ ਤਿਆਰ ਹੋਵੇ, ਇਹ ਚਾਰੇ ਚੀਜ਼ਾਂ ਹੋਣ ਤਾਂ ਚੀਜ਼ ਦੇ ਲੈਣ-ਦੇਣ ਦੀ ਪ੍ਰਕਿਰਿਆ ਪੂਰੀ ਸਮਝੋ:

ਰਾਮ ਪਦਾਰਥ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥

ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਸੌਦੇ ਦੀ ਖ਼ਰੀਦ 'ਤੇ ਦੁਕਾਨਦਾਰ ਵੱਲੋਂ, ਗਾਹਕ ਨੂੰ, ਮੁਫ਼ਤ ਮਿਲੀ ਚੀਜ਼ ਤੋਂ ਪ੍ਰਾਪਤ ਹੋਣ ਵਾਲੀ ਪ੍ਰਸੰਨਤਾ ਦਾ ਅਹਿਸਾਸ ਕਰਵਾਉਣ ਲਈ, ਗੁੜ ਆਦਿਕ 'ਰੂੰਗੇ' ਵਜੋਂ ਦੇ ਦਿੱਤਾ ਜਾਂਦਾ ਸੀ:

ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ॥

ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਉਕਤ ਸਲੋਕ ਵਿਚ ਭਗਤ ਕਬੀਰ ਜੀ ਮਨੁੱਖ ਵੱਲੋਂ ਬੀਤੇ ਸਮੇਂ ਵਿਚ ਦੁਨਿਆਵੀ ਭੋਗਾਂ ਦੇ ਕੀਤੇ ਹੋਏ ਭੋਗ ਦੀ ਤੁਲਨਾ ਸੌਦੇ ਨਾਲ ਮਿਲਣ ਵਾਲੇ ਗੁੜ (ਰੂੰਗੇ) ਨਾਲ ਕਰਦੇ ਹਨ ਭਾਵ ਕਿ ਬੀਤੇ ਸਮੇਂ ਦੌਰਾਨ ਵਿਕਾਰਾਂ ਸਦਕਾ ਕੀਤੀਆਂ ਮੌਜਾਂ ਕਿੱਥੇ ਹਨ?, ਉਹ ਗਈਆਂ ਗੁਆਚੀਆਂ ਪਰ ਆਪਣੇ ਸਿੱਟੇ ਵਜੋਂ ਮਨੁੱਖ ਲਈ ਦੁੱਖ ਹੀ ਦੁੱਖ ਛੱਡ ਗਈਆਂ। ਇਨ੍ਹਾਂ ਦੀ ਤੁਲਨਾ 'ਰੂੰਗੇ' ਨਾਲ ਹੈ ਭਾਵ ਉਪਮਾਨ 'ਰੂੰਗਾ' ਹੈ ਜੋ ਨਿਰਣਾਇਕ ਤੌਰ 'ਤੇ ਤਤਕਾਲੀ ਸਮਾਜ ਦੇ ਅਵਲੋਕਨ ਵਿੱਚੋਂ ਲਿਆ ਗਿਆ ਹੈ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਦੁਕਾਨਦਾਰ ਲੋਕ ਦੁਕਾਨਾਂ ਸਜਾ ਕੇ ਵੱਖ-ਵੱਖ ਸਮਾਨ ਵੇਚਦੇ ਹਨ। ਗਾਹਕਾਂ ਨੂੰ ਲੁਭਾਉਣ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਬਾਜ਼ਾਰ ਵਿਚ ਲਿਆਂਦੀਆਂ ਜਾਂਦੀਆਂ ਹਨ। ਸੌਦਾ ਹੁਣ ਵੀ ਗਿਣ ਕੇ, ਮਿਣ ਕੇ ਜਾਂ ਤੋਲ ਕੇ ਦਿੱਤਾ ਜਾਂਦਾ ਹੈ। ਸੌਦਾ ਤੋਲਣ ਲਈ ਕਈ ਤਰ੍ਹਾਂ ਦੇ ਇਲੈਕਟ੍ਰਾਨਿਕ ਅਤੇ ਹੋਰ ਕੰਡੇ ਪ੍ਰਚੱਲਤ ਹਨ। ਦੁਕਾਨਦਾਰ ਦਾ ਮੁੱਖ ਮਨੋਰਥ ਭਾਵੇਂ ਲਾਭ ਕਮਾਉਣਾ ਹੁੰਦਾ ਹੈ ਪਰ ਉਹ ਗਾਹਕ ਦੀ ਸੰਤੁਸ਼ਟੀ ਵੀ ਲੋਚਦਾ ਹੈ ਤਾਂ ਜੋ ਗਾਹਕ ਉਸ ਨਾਲ ਲੰਮੇ ਸਮੇਂ ਤੱਕ ਜੁੜਿਆ ਰਹੇ। ਇਸ ਕੰਮ ਲਈ ਉਹ ਗਾਹਕ ਨਾਲ ਮਿੱਠੀ ਜ਼ੁਬਾਨ ਵਿੱਚ ਗੱਲ ਕਰਦਾ ਹੈ ਤੇ ਸਮਾਨ ਹੋਰਾਂ ਦੁਕਾਨਦਾਰਾਂ ਨਾਲੋਂ ਕੁਝ ਰਿਆਇਤੀ ਦਰ ’ਤੇ ਦਿੰਦਾ ਹੈ। ‘ਰੂੰਗੇ’ ਦੀ ਥਾਂ ਕਈ ਹੋਰ ਪ੍ਰਕਾਰ ਦੇ ਆਫ਼ਰ ਦਿੱਤੇ ਜਾਂਦੇ ਹਨ।

### 2.5.10 ਕੱਤਣਾ-ਬੁਣਨਾ

ਸਲੋਕ ਬਾਣੀ-ਰੂਪ ਦੀ ਹੇਠ ਲਿਖੀ ਪੰਕਤੀ ਤੋਂ ਤਤਕਾਲੀ ਦੌਰ ਵਿਚ ਰੂੰ ਨੂੰ ਵੇਲਣ, ਕੱਤਣ ਅਤੇ ਕੱਪੜਾ ਬੁਣਨ ਦੇ ਕਿੱਤੇ ਦਾ ਉਲੇਖ ਮਿਲਦਾ ਹੈ। ਝੂਠ ਦੀਆਂ ਤੰਦਾਂ ਤੋਂ ਬੁਣਿਆ ਗਿਆ ਝੂਠ ਦਾ ਪੁਲੰਦਾ ਭਵਿੱਖ ਵਿਚ ਜੀਅ ਦਾ ਜੰਜਾਲ ਹੀ ਬਣੇਗਾ:

> ਵੇਲਿ ਪਿੰਞਾਇਆ ਕਤਿ ਵੁਣਾਇਆ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 955)
>
> ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਭਗਤ ਕਬੀਰ ਜੀ ਦਾ ਪਾਲਣ-ਪੋਸ਼ਣ ਜੁਲਾਹਾ ਪਰਿਵਾਰ ਵਿਚ ਹੀ ਤਾਂ ਹੋਇਆ ਸੀ।[191]

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਕੱਤਣ ਤੇ ਬੁਣਨ ਦਾ ਕੰਮ ਵਧੇਰੇ ਕਰਕੇ ਮਸ਼ੀਨਾਂ ਰਾਹੀਂ ਹੁੰਦਾ ਹੈ। ਇੱਕ ਕਵੀ ਦੇ ਚਰਖੇ ਬਾਰੇ ਬੋਲ ਹਨ, “ਮਾਂ ਮੇਰੀ ਨੇ ਕਾਠ ਦਾ ਚੱਕਾ/ ਰੱਖ ਦਿੱਤਾ ਪੜਛੱਤੀ। ਜਿਸ ’ਤੇ ਪੈਰ ਟਿਕਾ ਕੇ ਉਸ ਨੇ/ਲੱਖ ਕੁ ਪੂਣੀ ਕੱਤੀ।” ਕਿਤੇ-ਕਿਤੇ ਸੱਭਿਆਚਾਰਕ ਮੇਲਿਆਂ ਵਿੱਚ ਹੀ ਹੁਣ ਚਰਖਿਆਂ ਦੇ ਦਰਸ਼ਨ ਹੁੰਦੇ ਹਨ।

### 2.5.11 ਕੱਪੜਾ ਰੰਗਣਾ

ਕੱਪੜਾ ਬੁਣ ਕੇ ਉਸ ਨੂੰ ਮਨਚਾਹਿਆ ਰੰਗ ਦਿੱਤਾ ਜਾਂਦਾ ਸੀ। ਕੱਪੜੇ ਨੂੰ ਰੰਗ ਦੇਣ ਤੋਂ ਪਹਿਲਾਂ ਉਸ ਨੂੰ ਪਾਹ (ਲਾਗ ਜਾਂ ਮਾਂਡੀ) ਦੇਣੀ ਜ਼ਰੂਰੀ ਹੁੰਦੀ ਸੀ, ਤਾਂ ਹੀ ਰੰਗ ਕੱਪੜੇ 'ਤੇ ਟਿਕ ਸਕਦਾ ਸੀ। ਵਧੀਆ ਰੰਗ ਦੇਣ ਲਈ ਕੱਪੜੇ ਨੂੰ (ਧੁਆਣ ਲਈ) ਖੁੰਬ 'ਤੇ ਧਰਿਆ ਜਾਂਦਾ ਸੀ। ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ ਮਨ ਨੂੰ ਸਤਿਗੁਰੂ ਦੇ ਭੈਅ-ਰੂਪੀ ਖੁੰਬ ਉੱਪਰ ਚੜ੍ਹਾ ਅਤੇ ਇਸ ਨੂੰ ਸੰਤੋਖ-ਰੂਪੀ ਪਾਹ ਦੇ:

> ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਹੋਇ॥
>
> ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

**ਅਜੋਕੀ ਸਥਿਤੀ:** ਕੱਪੜੇ ਦੀ ਦਿੱਖ ਨੂੰ ਆਕਰਸ਼ਕ ਬਣਾਉਣ ਲਈ ਉਸਨੂੰ ਕਈ ਪ੍ਰਕਾਰ ਦੇ ਰੰਗ ਅਤੇ ਡਿਜ਼ਾਇਨ ਦਿੱਤੇ ਜਾਂਦੇ ਹਨ। ਇਹ ਕੰਮ ਬਹੁਤਾ ਕਰਕੇ ਮਸ਼ੀਨਾਂ ਰਾਹੀਂ ਹੀ ਹੁੰਦਾ ਹੈ। ਹਾਂ ਥੋੜ੍ਹਾ-ਬਹੁਤਾ ਰੰਗਾਈ ਦਾ ਕੰਮ, ਜਿਵੇਂ ਚੁੰਨੀਆਂ ਰੰਗਣਾ, ਹੱਥਾਂ ਨਾਲ ਕੀਤਾ ਜਾਂਦਾ ਹੈ।

### 2.5.12 ਕੱਪੜੇ ਦੀ ਸਿਲਾਈ

ਕੱਤ ਕੇ ਤਿਆਰ ਕੀਤਾ ਹੋਇਆ ਤੇ ਤਾਣਾ ਤਣ ਕੇ ਬੁਣਿਆ ਹੋਇਆ ਕੱਪੜਾ, ਜੋ ਮਗਰੋਂ ਲੋੜ ਅਨੁਸਾਰ ਰੰਗ ਵੀ ਲਿਆ ਜਾਂਦਾ ਸੀ, ਸਿਲਾਈ ਲਈ ਪੁੱਜਦਾ ਸੀ। ਇਹ ਕੱਪੜਾ ਮਿਣ ਕੇ, ਲੋੜ ਅਨੁਸਾਰ, ਕੱਟਿਆ ਜਾਂਦਾ ਸੀ ਅਤੇ ਇਸਦੀ ਸਿਲਾਈ ਕੀਤੀ ਜਾਂਦੀ ਸੀ:

ਨਾਨਕ ਕੂੜਾ ਕਤਿਐ ਕੂੜਾ ਤਣੀਐ ਤਾਣੁ॥
ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 791)

ਕੱਪੜੇ ਦੀ ਸਿਲਾਈ ਕਰਨ ਵਾਲੇ ਨੂੰ 'ਦਰਜੀ' ਆਖਿਆ ਗਿਆ ਹੈ। ਉਹ ਲੋਹੇ ਦੀ ਕੈਂਚੀ ਨਾਲ ਕੱਪੜਾ ਕੱਟਦਾ ਅਤੇ ਸੂਈ-ਧਾਗੇ ਨਾਲ ਕੱਪੜੇ ਦੀ ਸਿਲਾਈ ਕਰਦਾ ਸੀ ਤੇ ਵਸਤਰ ਤਿਆਰ ਕਰਦਾ ਸੀ। ਉਹ ਪੁਰਾਣੇ, ਉੱਧੜੇ ਹੋਏ ਕੱਪੜਿਆਂ ਨੂੰ ਮੁੜ ਵਰਤੋਂ ਯੋਗ ਕਰਨ ਲਈ, ਉਨ੍ਹਾਂ ਨੂੰ ਠੀਕ ਵੀ ਕਰਦਾ ਹੁੰਦਾ ਸੀ। ਗੁਰੂ ਸਾਹਿਬ ਆਖਦੇ ਹਨ ਕਿ ਮਨੁੱਖ ਦੀ ਗੁਆਚ ਚੁੱਕੀ ਇੱਜ਼ਤ ਨੂੰ ਪ੍ਰਭੂ ਦੀ ਸਿਫ਼ਤ-ਸਾਲਾਹ ਇਸੇ ਤਰ੍ਹਾਂ ਮੁੜ ਬਹਾਲ ਕਰ ਦਿੰਦੀ ਹੈ:

ਲੋਹਾ ਵਢੈ ਦਰਜੀ ਪਾੜੇ ਸੂਈ ਧਾਗਾ ਸੀਵੈ॥
ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ॥
ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ॥
ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 955)

**ਅਜੋਕੀ ਸਥਿਤੀ:** ਕੱਪੜੇ ਦੀ ਕਟਾਈ ਲੋੜ ਅਨੁਸਾਰ ਕੀਤੀ ਜਾਂਦੀ ਹੈ ਤੇ ਉਸਦੀ ਸਿਲਾਈ ਕੀਤੀ ਜਾਂਦੀ ਹੈ। ਸਿਲਾਈ ਲਈ ਮੁੱਖ ਤੌਰ 'ਤੇ ਕਈ ਪ੍ਰਕਾਰ ਦੀਆਂ ਮਸ਼ੀਨਾਂ ਦੀ ਮਦਦ ਲਈ ਜਾਂਦੀ ਹੈ। ਤਰਪਾਈ ਅਤੇ ਬਟਨ ਟੰਗਣ ਆਦਿ ਦਾ ਕੰਮ ਆਮ ਤੌਰ 'ਤੇ ਸੂਈ ਨਾਲ ਕੀਤਾ ਜਾਂਦਾ ਹੈ। ਦਰਜੀ ਕੈਂਚੀ ਨਾਲ ਕੱਪੜਾ ਕੱਟਦਾ ਹੈ। ਉਹ ਫਟੇ ਹੋਏ ਕੱਪੜਿਆਂ ਦੀ ਮੁਰੰਮਤ ਵੀ ਕਰਦਾ ਹੈ।

### 2.5.13 ਲੁਹਾਰ

ਲੁਹਾਰ ਦਾ ਕੰਮ ਲੋਹੇ ਨਾਲ ਸਬੰਧਤ ਸੀ। ਉਹ ਅੱਗ ਦੀ ਤਪਸ਼ ਦੀ ਸਹਾਇਤਾ ਨਾਲ ਆਪਣੀ ਕਾਰੀਗਰੀ ਦਿਖਾਉਂਦਾ ਹੁੰਦਾ ਸੀ। ਨਿਮਨ ਪੰਕਤੀ ਦਰਸਾਉਂਦੀ ਹੈ ਕਿ ਲੁਹਾਰ ਅੱਗ ਦੀ ਸਹਾਇਤਾ ਨਾਲ ਗੰਢਣ (ਜੋੜ ਲਾਉਣ) ਦਾ ਕੰਮ ਕਰਦਾ ਸੀ। ਲੁਹਾਰ ਲੋਹੇ ਦੀ ਕੁਟਾਈ [192]ਅਹਿਰਣ ਉੱਪਰ ਕਰਿਆ ਕਰਦੇ ਸਨ। ਮੋਢੇ ਤੇ ਕੁਹਾੜਾ ਰੱਖੀ ਤੇ ਸਿਰ ਉੱਪਰ ਖਾਣ ਦੀ ਸਮੱਗਰੀ ਵਾਲਾ ਘੜਾ ਚੁੱਕੀ, ਲੁਹਾਰ ਜੰਗਲ ਵੱਲ ਜਾਂਦਾ ਅਤੇ ਜੰਗਲ ਵਿੱਚੋਂ ਲੱਕੜਾਂ ਕੱਟ ਕੇ ਲਿਆਉਂਦਾ, ਜਿਨ੍ਹਾਂ ਦੇ ਉਹ ਕੋਲੇ ਕਰਿਆ ਕਰਦਾ ਸੀ। ਗੁਰੂ ਸਾਹਿਬ ਆਖਦੇ ਹਨ ਕਿ ਸਤਿਗੁਰੂ ਦਾ ਪ੍ਰੇਮ ਮਨੁੱਖ ਨੂੰ ਜੰਮਣ-ਮਰਨ ਦੇ ਦੁੱਖ ਤੋਂ ਬਚਾਉਂਦਾ ਹੈ:

ਅਗਨੀ ਗੰਢੁ ਪਾਏ ਲੋਹਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 647-48)

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥
ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਲੁਹਾਰ ਦੁਆਰਾ ਲੱਕੜ ਦੇ ਬਣਾਏ ਹੋਏ ਕੋਲੇ, ਲੱਕੜ ਜਾਲਣ ਤੋਂ ਪ੍ਰਾਪਤ ਹੋਣ ਵਾਲੇ ਸੇਕ ਨਾਲੋਂ ਵੱਧ ਸੇਕ ਦਿੰਦੇ ਸਨ। ਉਸ ਦੁਆਰਾ ਤਿਆਰ ਕੀਤੇ ਹੋਏ ਕੋਲੇ ਦੂਜੀ ਵਾਰ ਫਿਰ ਸਾੜੇ ਜਾਂਦੇ ਸਨ। ਵਿਕਾਰਾਂ ਵਿਚ ਫਸ ਕੇ ਮਨੁੱਖ ਮੁੜ-ਮੁੜ ਜੰਮਦਾ ਤੇ ਮਰਦਾ ਹੈ:

ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ॥

ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

"ਜੋ ਕੋਲਾ ਲੁਹਾਰ ਆਦਿਕ ਲੋਕ ਆਪਣੀਆਂ ਭੱਠੀਆਂ ਵਿਚ ਵਰਤਦੇ ਹਨ ਇਸ ਨੂੰ ਤਿਆਰ ਕਰਨ ਲਈ ਖ਼ਾਸ ਤਰੀਕਾ ਵਰਤਣਾ ਪੈਂਦਾ ਹੈ। ਕਿੱਕਰ ਆਦਿਕ ਲੱਕੜ ਦੇ ਮੋਛੇ ਖ਼ਾਸ ਤਰ੍ਹਾਂ ਦੀ ਬਣੀ ਹੋਈ ਭੱਠੀ ਵਿਚ ਮਿੱਟੀ ਦੇ ਹੇਠ ਨੱਪੇ ਜਾਂਦੇ ਹਨ, ਇਹਨਾਂ ਮੋਛਿਆਂ ਨੂੰ ਇਸ ਤਰ੍ਹਾਂ ਅੱਗ ਲਾਈ ਜਾਂਦੀ ਹੈ ਕਿ ਬਾਹਰੋਂ ਹਵਾ ਨਾਹ ਪਏ ਤੇ ਮਿੱਟੀ ਦੇ ਅੰਦਰ ਅੰਦਰ ਹੀ ਕੋਲਾ ਬਣ ਜਾਣ, ਪਰ ਇਹਨਾਂ ਦੀ ਗੈਸ ਕੋਲੇ ਵਿਚ ਹੀ ਟਿਕੀ ਰਹੇ। ਚੂੰਕਿ ਇਹ ਕੋਲਾ ਵਰਤਣ ਦੀ ਲੋੜ ਆਮ ਤੌਰ ਤੇ ਲੁਹਾਰਾਂ ਨੂੰ ਹੀ ਪੈਂਦੀ ਸੀ, ਸੋ ਇਸ ਕੋਲੇ ਨੂੰ ਤਿਆਰ ਭੀ ਲੁਹਾਰ ਹੀ ਕਰਿਆ ਕਰਦੇ ਸਨ। ਇਕ ਵਾਰੀ ਤਾਂ ਲੱਕੜ ਕੋਲਾ ਬਣਨ ਵੇਲੇ ਮਿੱਟੀ ਦੇ ਅੰਦਰ ਅੰਦਰ ਰਹਿ ਕੇ ਸੜਦੀ ਹੈ ਤੇ ਦੂਜੀ ਵਾਰ ਲੁਹਾਰ ਆਦਿਕ ਦੀ ਭੱਠੀ ਵਿਚ ਪੈ ਕੇ ਸੜਦੀ ਹੈ।" (ਸਾਹਿਬ ਸਿੰਘ, *ਗੁਰੂ ਗ੍ਰੰਥ ਸਾਹਿਬ ਦਰਪਣ* 5866)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਲੁਹਾਰ ਦੇ ਕੰਮ ਦਾ ਵੀ ਵਧੇਰੇ ਕਰਕੇ ਮਸ਼ੀਨੀਕਰਨ ਹੋ ਗਿਆ ਹੈ। ਲੁਹਾਰ ਹੁਣ ਸਿਰ 'ਤੇ ਘੜਾ ਰੱਖ ਕੇ ਜੰਗਲ ਵਿੱਚੋਂ ਲੱਕੜਾਂ ਕੱਟਣ ਨਹੀਂ ਜਾਂਦਾ ਕਿਉਂਕਿ ਹੁਣ ਜੰਗਲ ਵੀ ਪਹਿਲਾਂ ਦੀ ਤਰ੍ਹਾਂ ਸਹਿਜ ਪਹੁੰਚ ਵਿੱਚ ਨਹੀਂ ਰਹਿ ਗਏ।

### 2.5.14 ਤੇਲੀ

ਤੇਲੀ ਦਾ ਕਿੱਤਾ ਬੀਜਾਂ ਨੂੰ ਪੀੜ ਕੇ ਤੇਲ ਤਿਆਰ ਕਰਨਾ ਸੀ। ਬੀਜਾਂ ਨੂੰ ਪੀੜਨ ਦਾ ਕੰਮ ਉਹ ਕੋਹਲੂ ਵਿਚ ਕਰਦਾ ਸੀ। ਹੇਠ ਲਿਖੀ ਪੰਕਤੀ ਵਿਚ ਗੁਰੂ ਅਮਰਦਾਸ ਜੀ ਤੇਲੀ ਦਾ ਕੋਹਲੂ ਸਾਫ਼ ਕਰਨ ਵਾਲੀ ਉਸ ਲੀਰ (ਖੰਨਲੀ) ਦਾ ਜ਼ਿਕਰ ਕਰਦੇ ਹਨ ਜੋ ਥਿੰਧਿਆਏ ਕੋਹਲੂ ਨੂੰ ਸਾਫ਼ ਕਰ-ਕਰ ਕੇ ਏਨੀ ਗਲਤਾਨ ਹੋ ਜਾਂਦੀ ਹੈ ਕਿ ਸੌ ਵਾਰੀ ਧੋਤਿਆਂ ਵੀ ਉਹ ਨਿੱਖਰਦੀ ਨਹੀਂ। ਕੋਹਲੂ ਨੂੰ ਚਲਾਉਣ ਲਈ ਬਲਦਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਦੁਨਿਆਵੀ ਨੱਠ-ਭੱਜ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਮਨੁੱਖ ਵੀ ਉਸੇ ਬਲਦ ਦੀ ਨਿਆਈਂ ਹੁੰਦਾ ਹੈ:

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)

ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 651)

ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 309)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਬੀਜਾਂ ਵਿੱਚੋਂ ਤੇਲ ਕੱਢਣ ਦਾ ਕੰਮ ਵਧੇਰੇ ਕਰਕੇ ਬਿਜਲਈ ਮਸ਼ੀਨਾਂ ਰਾਹੀਂ ਹੀ ਕੀਤਾ ਜਾਂਦਾ ਹੈ।

### 2.5.15 ਰਾਸਧਾਰੀਏ

ਰਾਸਧਾਰੀਆਂ ਦਾ ਕਿੱਤਾ ਵੱਖ-ਵੱਖ ਰੂਪ ਧਾਰ ਕੇ ਲੋਕਾਂ ਦਾ ਮਨੋਰੰਜਨ ਕਰਨਾ ਸੀ। ਕਦੇ ਉਹ ਰਾਧਾ-ਕ੍ਰਿਸ਼ਨ, ਕਦੇ ਸੀਤਾ-ਰਾਮ ਅਤੇ ਕਦੇ ਕੋਈ ਹੋਰ ਰੂਪ-ਸਰੂਪ ਬਣਾ ਕੇ ਲੋਕ-ਮਨੋਰੰਜਨ ਰਾਹੀਂ ਧਨ ਕਮਾਉਂਦੇ ਸਨ। ਸਲੋਕ ਬਾਣੀ-ਰੂਪ ਵਿਚ ਇਸ ਪ੍ਰਚਲਨ ਦਾ ਵੇਰਵਾ ਕਈ ਥਾਈਂ ਮਿਲਦਾ ਹੈ। ਉਹ ਗਲੀਆਂ-ਬਾਜ਼ਾਰਾਂ ਵਿਚ ਰਾਸ ਪਾਉਂਦੇ ਹੋਏ ਦੀਨ-ਦੁਨੀਆ ਭੁਲਾ ਕੇ ਮਸਤ ਹੋ ਜਾਇਆ

ਕਰਦੇ ਸਨ। ਉਹ ਇਸ ਸਾਰੇ ਪ੍ਰਕਾਰਜ ਨੂੰ ਭਗਤੀ ਦਾ ਇੱਕ ਜ਼ਰੀਆ ਵੀ ਖ਼ਿਆਲਦੇ ਸਨ ਪਰ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਮੰਗਤਿਆਂ ਦੀ ਸ਼੍ਰੇਣੀ ਵਿਚ ਰੱਖਿਆ ਹੈ। ਗੁਰੂ ਜੀ ਆਖਦੇ ਹਨ ਕਿ ਉਹ ਸੰਗੀਤਕ ਆਵਾਜ਼ 'ਤੇ ਨੱਚਦੇ ਹਨ (ਤਾਲ ਪੂਰਦੇ ਹਨ) ਅਤੇ ਬਾਜ਼ਾਰਾਂ ਵਿਚ ਹਟਵਾਣੀਆਂ ਦੀ ਤਰ੍ਹਾਂ (ਜਿਵੇਂ ਹਟਵਾਣੀਏਂ ਗਾਹਕ ਨੂੰ ਖਿੱਚਣ ਲਈ ਆਪਣੀ ਹੱਟੀ 'ਤੇ ਸੌਦਾ ਸਜਾਉਂਦੇ ਹਨ) ਸਰਗਰਮ ਹੁੰਦੇ ਹਨ। ਉਹ ਰਾਜੇ-ਰਾਣੀਆਂ ਦੇ ਸਾਂਗ ਉਤਾਰਦੇ ਹਨ ਅਤੇ ਉਨ੍ਹਾਂ ਵਾਂਗ ਹੀ ਗਹਿਣੇ-ਗੱਟੇ ਨਾਲ ਆਪਣਾ ਸਰੀਰ ਭਰ ਲੈਂਦੇ ਹਨ। ਇਹ ਭਗਤੀ ਨਹੀਂ ਹੈ ਕਿਉਂਕਿ ਉਨ੍ਹਾਂ ਦਾ ਅੰਤਿਮ ਨਿਸ਼ਚਾ ਪ੍ਰਭੂ ਪ੍ਰਤਿ ਪ੍ਰੇਮ ਨਹੀਂ ਸਗੋਂ ਧਨ ਪ੍ਰਾਪਤੀ ਹੈ:

ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ॥
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥
ਜਿਤੁ ਤਨਿ ਪਾਈਅਹਿ ਨਾਨਕਾ ਸੋ ਤਨ ਹੋਸੀ ਛਾਰ॥
ਗਿਆਨ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 464-65)

ਹੇਠ ਲਿਖੇ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਰਾਸਧਾਰੀਆਂ ਦੇ ਕਿਰਿਆ-ਕਾਰਜ ਨੂੰ ਆਧਾਰ ਬਣਾ ਕੇ, ਜਿਸ ਵਿਚ ਕ੍ਰਿਸ਼ਨ ਅਤੇ ਗੋਪੀਆਂ ਦੇ ਸਰੂਪ ਬਣਾ ਕੇ ਰਾਸ ਪਾਈ ਜਾ ਰਹੀ ਹੈ, ਬ੍ਰਹਿਮੰਡ ਦੀ ਲੀਲਾ ਦਾ ਬਿਆਨ ਕਰਦੇ ਹਨ:

ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ॥
ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ॥
ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ॥
ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ॥ ( *ਸ੍ਰੀ ਗੁਰੂ ਗ੍ਰੰਥ ਸਾਹਿਬ* 465)

ਹੇਠ ਲਿਖੇ ਸਲੋਕ ਵਿਚ ਰਾਸਧਾਰੀਆਂ ਵੱਲੋਂ ਗੁਰੂ ਅਤੇ ਚੇਲਿਆਂ ਦਾ ਸਾਂਗ ਉਤਾਰ ਕੇ ਲੋਕਾਂ ਦਾ ਮਨੋਰੰਜਨ ਕਰਨ ਦਾ ਸੁੰਦਰ ਚਿੱਤਰ ਖਿੱਚਿਆ ਹੈ:

ਵਾਇਨਿ ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨਿ੍ ਸਿਰ॥
ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕ ਹਸੈ ਘਰਿ ਜਾਇ॥
ਰੋਟੀਆ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ॥
ਗਾਵਨਿ ਗੋਪੀਆ ਗਾਵਨਿ ਕਾਨ੍॥ ਗਾਵਨਿ ਸੀਤਾ ਰਾਜੇ ਰਾਮ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਇਹ ਲੋਕ ਘੱਟ ਹੀ ਦਿਖਾਈ ਦਿੰਦੇ ਹਨ ਪਰ ਖ਼ਾਸ ਮੌਕਿਆਂ 'ਤੇ (ਅਵਤਾਰਾਂ ਦੇ ਪੁਰਬਾਂ 'ਤੇ) ਇਨ੍ਹਾਂ ਨੂੰ ਦੇਖਿਆ ਜਾ ਸਕਦਾ ਹੈ। "ਮੇਲਿਆਂ ਤੇ ਕਿਧਰੇ ਪਹਿਲਵਾਨਾਂ ਦੇ ਦੰਗਲ, ਕਿੱਧਰੇ ਖੇਡਾਂ ਦੇ ਅਖਾੜੇ, ਕਿੱਧਰੇ ਕਵੀਸ਼ਰਾਂ ਦੇ ਗਾਉਣ, ਕਿੱਧਰੇ ਢਾਡੀਆਂ ਦੇ ਅਖਾੜੇ, ਨਕਲਾਂ, ਰਾਸਾਂ ਤੇ ਨਚਾਰਾਂ ਦੇ ਜਲਸੇ ਆਪਣਾ ਜਲੌਂ ਵਿਖਾ ਰਹੇ ਹੁੰਦੇ ਹਨ। ਕਿਸੇ ਪਾਸੇ

ਗੱਭਰੂਆਂ ਦੀਆਂ ਟੋਲੀਆਂ ਖੜਤਾਲਾਂ, ਕਾਟੋਆਂ ਤੇ ਛੈਣੀਆਂ ਦੇ ਤਾਲ ਨਾਲ ਗਿੱਧੇ-ਭੰਗੜੇ ਪਾ ਕੇ ਦਰਸ਼ਕਾਂ ਦਾ ਮਨੋਰੰਜਨ ਕਰਦੀਆਂ ਹਨ।" (ਸੁਖਦੇਵ ਮਾਦਪੁਰੀ, *ਪੰਜਾਬੀ ਜਾਗਰਣ ਰੋਜ਼ਾਨਾ ('ਫੁਲਕਾਰੀ' ਸਪਲੀਮੈਂਟ) ਮਿਤੀ 25.11.2017* 4)

**2.5.16 ਨਾਈ**

ਇਨ੍ਹਾਂ ਦਾ ਕਿੱਤਾ ਹਜਾਮਤ ਕਰਨਾ ਸੀ। ਇਸ ਕਿੱਤੇ ਦਾ ਦ੍ਰਿਸ਼ਟਾਂਤ ਦੇ ਕੇ ਗੁਰੂ ਸਾਹਿਬ ਮਨੁੱਖੀ ਮਨ ਦਾ ਮੁੰਡਨ ਜ਼ਰੂਰੀ ਠਹਿਰਾਉਂਦੇ ਹਨ:

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਇਹ ਲੋਕ ਹਜਾਮਤ ਦਾ ਕਿੱਤਾ ਕਰਦੇ ਹਨ।

**2.5.17 ਮਲਾਹ**

ਮਲਾਹ ਅਥਵਾ 'ਪਾਤਣੀ' ਦਾ ਕੰਮ ਬੇੜੇ ਨੂੰ ਸਾਗਰ ਦੇ ਖ਼ਤਰਿਆ ਤੋਂ ਬਚਾਅ ਕੇ ਪਾਰ ਲੈ ਜਾਣਾ ਹੁੰਦਾ ਸੀ। ਉਹ ਬੇੜੇ ਪ੍ਰਤਿ ਹਰ ਖ਼ਤਰੇ ਬਾਰੇ ਸਾਵਧਾਨ ਰਿਹਾ ਕਰਦਾ ਸੀ। ਹੇਠ ਲਿਖੀ ਪੰਕਤੀ ਵਿਚ ਬਾਬਾ ਫਰੀਦ ਜੀ ਲਹਿਰਾਂ ਦੇ ਮੂੰਹ ਵਿਚ ਜਾਂਦੇ ਬੇੜੇ ਨੂੰ ਤੱਕ ਕੇ ਮਲਾਹ ਦੁਆਰਾ ਕੀਤੀ ਜਾ ਰਹੀ ਕੂਕ-ਪੁਕਾਰ ਦਾ ਜ਼ਿਕਰ ਕਰਦੇ ਹਨ। ਆਪਣੀ ਹੁਸ਼ਿਆਰੀ ਅਤੇ ਸਤਰਕਤਾ ਨਾਲ ਉਹ ਬੇੜੇ ਨੂੰ ਲਹਿਰਾਂ-ਰੂਪੀ ਖ਼ਤਰੇ ਵਿੱਚੋਂ ਕੱਢ ਵੀ ਲੈਂਦਾ ਸੀ। ਖ਼ਤਰਿਆਂ ਭਰਿਆ ਸਾਗਰ, ਇਹਦੇ ਤੋਂ ਬਿਨਾ, ਕੋਈ ਕਿਵੇਂ ਪਾਰ ਕਰੇ? ਗੁਰੂ ਵੀ ਸੰਸਾਰ ਸਾਗਰ ਤੋਂ ਪਾਰ ਕਰਨ ਵਾਲਾ ਮਲਾਹ ਹੈ, ਜਿਹੜਾ ਮਨੁੱਖ ਨੂੰ ਵਿਕਾਰਾਂ-ਰੂਪੀ ਲਹਿਰਾਂ ਤੋਂ ਬਚਾਅ ਕੇ ਪਾਰ ਲੈ ਜਾਂਦਾ ਹੈ:

ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੇ ਸੁਚੇਤਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਕਬੀਰ ਨਿਗੁਸਾਂਏਂ ਬਹਿ ਗਏ [193]ਥਾਂਘੀ ਨਾਹੀ ਕੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

**ਅਜੋਕੀ ਸਥਿਤੀ:** ਕਈ ਖੇਤਰਾਂ ਵਿਚ ਮਲਾਹ ਲੋਕ ਬੇੜੀ ਨੂੰ ਚਲਾ ਕੇ ਅੱਜ ਵੀ ਨਦੀ ਪਾਰ ਕਰਵਾਉਂਦੇ ਹਨ।

**2.5.18 ਘੁਮਿਆਰ**

ਇਹ ਚੀਕਣੀ ਮਿੱਟੀ ਦੇ ਭਾਂਡੇ ਬਣਾਇਆ ਕਰਦਾ ਸੀ। ਇੱਟਾਂ ਪਕਾਉਣਾ ਵੀ ਇਸੇ ਦਾ ਹੀ ਕੰਮ ਸੀ। ਭਾਂਡੇ ਅਤੇ ਇੱਟਾਂ ਆਦਿ ਇਹ ਅੱਗ ਵਿਚ ਪਕਾਇਆ ਕਰਦਾ ਸੀ। ਪ੍ਰਭੂ ਨੂੰ ਜਗਤ ਸਾਜਣ ਅਤੇ ਬਿਨਾਸਣ ਵਾਲਾ ਘੁਮਿਆਰ-ਰੂਪ ਆਖਿਆ ਗਿਆ ਹੈ:

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 466)

ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 317)

**ਅਜੋਕੀ ਸਥਿਤੀ:** ਘੁਮਿਆਰ ਅੱਜ ਵੀ ਬਰਤਨ ਬਣਾਉਂਦੇ ਹਨ ਪਰ ਇਨ੍ਹਾਂ ਦੇ ਬਣਾਏ ਬਰਤਨ ਘੱਟ ਹੀ ਪ੍ਰਚੱਲਤ ਹਨ। ਇੱਟਾਂ ਭੱਠਿਆਂ ਵਿਚ ਪਕਾਈਆਂ ਜਾਂਦੀਆਂ ਹਨ। "ਇਨ੍ਹਾਂ (ਮਿੱਟੀ ਦੇ) ਬਰਤਨਾਂ ਦੀ ਵਰਤੋਂ ਘਟਣ ਦੇ ਨਾਲ-ਨਾਲ ਇਨ੍ਹਾਂ ਨੂੰ ਬਣਾਉਣ ਦਾ ਕੰਮ ਵੀ ਦਿਨ ਪ੍ਰਤੀਦਿਨ ਆਪਣੇ ਨਿਘਾਰ ਵੱਲ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬਿਰਾਦਰੀ ਵਾਲਿਆਂ ਨੂੰ ਮਿੱਟੀ

ਮੁੱਲ ਲੈਣੀ ਪੈਂਦੀ ਹੈ ਅਤੇ ਇਹ ਮਿਲਦੀ ਵੀ ਘੱਟ ਮਾਤਰਾ ਵਿਚ ਹੈ। ਇਨ੍ਹਾਂ ਨੂੰ ਮਿੱਟੀ ਦੀ ਭਾਲ਼ ਵਿਚ ਦੂਰ-ਦੂਰ ਜਾਣਾ ਪੈਂਦਾ ਹੈ। ਇਸ ਦਾ ਇਕ ਹੋਰ ਮੁੱਖ ਕਾਰਨ ਇਨ੍ਹਾਂ ਬਰਤਨਾਂ ਦੀ ਘਟਦੀ ਵਰਤੋਂ ਵੀ ਹੈ ਅਤੇ ਨੌਜਵਾਨ ਪੀੜ੍ਹੀ ਦਾ ਰੁਝਾਨ ਵੀ ਖ਼ਾਨਦਾਨੀ ਧੰਦਿਆਂ ਨੂੰ ਛੱਡ ਕੇ ਨੌਕਰੀ ਆਦਿ ਵੱਲ ਹੁੰਦਾ ਜਾ ਰਿਹਾ ਹੈ।" (ਹਰਪ੍ਰੀਤ ਕੌਰ ਪਬਰੀ, *ਪੰਜਾਬੀ ਜਾਗਰਣ ਰੋਜ਼ਾਨਾ ਮਿਤੀ 21.10.2017* 10)

### 2.5.19 ਦੂਤ

ਇਹ ਕਿਸੇ ਵਿਅਕਤੀ ਦਾ ਦੂਜੇ ਪਾਸ (ਸੰਭਵਤਾ ਉੱਚ ਸੱਤਾ ਪਾਸ) ਪੱਖ ਰੱਖਣ ਵਾਲੇ ਸਨ। ਗੁਰੂ ਅੰਗਦ ਦੇਵ ਜੀ ਇਸ ਵਿਅਕਤਿਤਵ ਲਈ 'ਵਿਸਟੁ' ਸ਼ਬਦ ਪ੍ਰਯੋਗ ਕਰਦੇ ਹਨ, ਜਿਸਦਾ ਅਰਥ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਵਿਚੋਲਾ/ਵਕੀਲ ਲਿਖਿਆ ਹੈ। (ਪੰਨਾ-148) ਹੇਠ ਲਿਖੀ ਪੰਕਤੀ ਵਿਚ ਗੁਰੂ ਅੰਗਦ ਦੇਵ ਜੀ ਉਸ ਨੂੰ ਹੀ ਯੋਗ ਦੂਤ (ਵਕੀਲ/ਵਿਚੋਲਾ) ਖ਼ਿਆਲਦੇ ਹਨ ਜੋ ਲਾਲਚ ਗ੍ਰਸਤ ਹੋ ਕੇ ਆਪਣੇ ਮੁਵੱਕਿਲ ਨਾਲ ਕਿਸੇ ਤਰ੍ਹਾਂ ਦਾ ਧੋਖਾ ਨਾ ਕਰੇ:

> ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 148)

**ਅਜੋਕੀ ਸਥਿਤੀ:** ਦੂਜੇ ਦੇਸ਼ਾਂ ਵਿਚ ਆਪਣੇ ਦੇਸ਼ ਦੀ ਪ੍ਰਤੀਨਿਧਤਾ ਕਰਨ ਵਾਲੇ ਰਾਜਦੂਤ ਅਖਵਾਉਂਦੇ ਹਨ। ਅਦਾਲਤਾਂ ਵਿਚ ਆਪਣੇ ਮੁਵੱਕਿਲ ਦੀ ਪੈਰਵੀ ਕਰਨ ਵਾਲੇ ਨੂੰ ਵਕੀਲ ਆਖਿਆ ਜਾਂਦਾ ਹੈ। "ਅੱਜ ਮਨੁੱਖ ਦਾ ਵਧੇਰੇ ਸਮਾਂ ਇਨ੍ਹਾਂ ਬਣਾਏ ਗਏ ਕਾਨੂੰਨਾਂ ਅਤੇ ਨਿਯਮਾਂ ਦੀ ਪਟਾਰੀ ਦੀ ਸੰਭਾਲ ਵਿਚ ਨਸ਼ਟ ਹੋ ਰਿਹਾ ਹੈ। ਕਚਹਿਰੀਆਂ-ਕੋਰਟਾਂ ਅਤੇ ਵਕੀਲਾਂ ਦੀ ਭਰਮਾਰ ਇਸੇ ਸਥਿਤੀ ਦੀ ਪ੍ਰਤੀਕ ਹੈ।" (ਢਿੱਲੋਂ, *ਸਭਿਆਚਾਰ ਤੇ ਜੀਵਨਜਾਚ* 14)

### 2.5.20 ਮੰਤਰ ਜਾਨਣ ਵਾਲੇ

ਵੱਖ-ਵੱਖ ਜ਼ਹਿਰੀਲੇ ਜਾਨਵਰਾਂ ਦੀ ਜ਼ਹਿਰ ਉਤਾਰਨ ਦੇ ਮੰਤਰ ਜਾਨਣ ਵਾਲਿਆਂ ਨੂੰ 'ਮਾਂਦਰੀ' (ਨਾਭਾ, *ਮਹਾਨ ਕੋਸ਼* 963) ਕਿਹਾ ਜਾਂਦਾ ਸੀ। ਹੇਠ ਲਿਖੀ ਪੰਕਤੀ ਵਿਚ 'ਮਾਂਦਰੀ' ਦਾ ਤਦਭਵ ਰੂਪ 'ਮੰਤ੍ਰੀ' ਆਇਆ ਹੈ। ਪ੍ਰਭੂ ਦਾ ਨਾਮ ਸਰਵ-ਉੱਤਮ ਮੰਤਰ ਹੈ:

> ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ॥
> ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 148)

**ਅਜੋਕੀ ਸਥਿਤੀ:** ਇਹ ਲੋਕ ਕਿਤੇ-ਕਿਤੇ ਮਿਲ ਜਾਂਦੇ ਹਨ, ਬਹੁਤੇ ਅਖੌਤੀ ਹਨ।

### 2.5.21 ਕਸਾਈ

ਕਸਾਈ ਦਾ ਕਿੱਤਾ ਤਿੱਖੇ ਅਸਤਰਾਂ ਨਾਲ ਜੀਅ-ਘਾਤ ਕਰਨਾ ਸੀ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਤਤਕਾਲੀ ਦੌਰ ਦੇ ਰਾਜੇ ਕਸਾਈਆਂ ਵੱਤ ਪਰਜਾ ਦਾ ਘਾਣ ਕਰ ਰਹੇ ਹਨ:

> ਕਲਿ ਕਾਤੀ ਰਾਜੇ ਕਾਸਾਈ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 145)

**ਅਜੋਕੀ ਸਥਿਤੀ:** ਕਸਾਈ ਲੋਕ ਵੱਖ-ਵੱਖ ਤਿੱਖੇ ਅਸਤਰਾਂ ਨਾਲ ਵਿਭਿੰਨ ਜਾਨਵਰਾਂ ਨੂੰ ਵੱਢ ਕੇ ਵੇਚਦੇ ਹਨ।

### 2.5.22 ਸ਼ਿਕਾਰੀ

ਇਨ੍ਹਾਂ ਦਾ ਕਿੱਤਾ ਜੰਗਲੀ ਜਾਨਵਰਾਂ ਨੂੰ ਪਕੜਨਾ ਸੀ। ਇਸ ਕੰਮ ਵਿਚ ਉਸਦਾ ਮੁੱਖ ਅਸਤਰ ਧਨੁੱਖ ਹੁੰਦਾ ਸੀ, ਜਿਸਦੇ ਰਾਹੀਂ ਉਹ ਨਿਸ਼ਾਨਾ ਲਗਾਉਣ ਲਈ ਤਾਣ ਕੇ ਤੀਰ ਛੱਡਦਾ ਦੀ ਅਤੇ ਸ਼ਿਕਾਰ-ਭੇਦਨ ਕਰਦਾ ਸੀ। ਗੁਰੂ ਸਾਹਿਬ ਸਿੱਖਿਆ ਦਿੰਦੇ ਹਨ ਕਿ ਜਿਸ ਤਰ੍ਹਾਂ ਸ਼ਿਕਾਰੀ ਖਿੱਚ ਕੇ ਤੀਰ ਛੱਡਦਾ ਹੋਇਆ ਸ਼ਿਕਾਰ-ਭੇਦਨ ਕਰਦਾ ਹੈ, ਉਸੇ ਤਰ੍ਹਾਂ ਸੱਚ-ਰੂਪੀ ਤੀਰ ਨਾਲ ਪਾਪਾਂ ਨੂੰ ਨਸ਼ਟ ਕਰੋ। ਗੁਰੂ ਦਾ ਸ਼ਬਦ ਮਨ ਦੇ ਵਿਕਾਰਾਂ ਦਾ ਨਾਸ਼ ਕਰ ਦਿੰਦਾ ਹੈ:

ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ॥

ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨਿ੍ ਕੈ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 521)

ਗੁਰ ਕੈ ਸਬਦਿ ਮਨੁ ਭੇਦੀਐ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 548)

**ਅਜੋਕੀ ਸਥਿਤੀ:** ਜੰਗਲੀ ਜੀਵਾਂ ਨੂੰ ਪਕੜਨ ਅਤੇ ਇਨ੍ਹਾਂ ਦੇ ਸ਼ਿਕਾਰ 'ਤੇ ਸਰਕਾਰੀ ਤੌਰ 'ਤੇ ਪਾਬੰਦੀ ਹੈ।

### 2.5.23 ਮਾਛੀ

ਇਸਦਾ ਕਿੱਤਾ ਮੱਛੀਆਂ ਫੜਨਾ ਸੀ। ਮੱਛੀਆਂ ਫੜਨ ਲਈ ਇਹ ਜਾਲ ਦੀ ਵਰਤੋਂ ਕਰਿਆ ਕਰਦਾ ਸੀ। ਹੇਠ ਲਿਖੇ ਸਲੋਕ ਵਿਚ ਇਸਦਾ ਪ੍ਰਯਾਯਵਾਚੀ ਸ਼ਬਦ 'ਝੀਵਰੁ' ਆਇਆ ਹੈ। ਥੋੜ੍ਹੇ ਜਲ ਵਿਚ ਰਹਿਣ ਵਾਲੀ ਮੱਛੀ ਬਿਨਾ ਕਿਸੇ ਬਹੁਤੀ ਮੁਸ਼ੱਕਤ ਦੇ, ਜਲਦ ਹੀ ਇਹਦੇ ਹੱਥ ਲੱਗ ਜਾਂਦੀ ਸੀ। ਗੁਰੂ ਸਾਹਿਬ ਇਸ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹਨ ਕਿ ਤ੍ਰਿਸ਼ਨਾ-ਰੂਪੀ ਜਲ ਵਿਚ ਡੋਲ ਰਹੇ ਮੱਛੀ-ਰੂਪ ਜੀਵ ਨੇ ਪਤਾ ਨਹੀਂ ਕਿਹੜੇ ਵੇਲੇ ਮੌਤ ਦੇ ਮੂੰਹ ਵਿਚ ਆ ਜਾਣਾ ਹੈ:

ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ॥

ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 955)

ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

**ਅਜੋਕੀ ਸਥਿਤੀ:** ਮਛੇਰੇ ਮੱਛੀਆਂ ਫੜਦੇ ਹਨ ਤੇ ਬਾਜ਼ਾਰ ਵਿਚ ਇਨ੍ਹਾਂ ਮੱਛੀਆਂ ਦੀ ਸਪਲਾਈ ਕੀਤੀ ਜਾਂਦੀ ਹੈ।

### 2.5.24 ਪਰ-ਦੇਸ਼ ਗਮਨ

ਵੱਖ-ਵੱਖ ਕਾਰਨਾਂ ਕਰਕੇ ਦੂਜੇ ਦੇਸ਼ਾਂ ਵਿਚ ਜਾਣ ਦਾ ਪ੍ਰਚਲਨ ਢੇਰ ਪੁਰਾਣਾ ਹੈ। ਪਰ-ਦੇਸ਼ ਗਮਨ ਦੇ ਹਵਾਲੇ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ-ਕਾਲ ਨਾਲ ਸਬੰਧਤ ਵੀ ਮਿਲਦੇ ਹਨ। [194] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਪਰ-ਦੇਸ਼ ਗਮਨ ਦੇ ਕਈ ਹਵਾਲੇ ਪ੍ਰਾਪਤ ਹੁੰਦੇ ਹਨ। ਹੇਠ ਲਿਖੀਆਂ ਪੰਕਤੀਆਂ ਦਰਸਾਉਂਦੀਆਂ ਹਨ ਕਿ ਤਤਕਾਲੀ ਦੌਰ ਵਿਚ ਪਰ-ਦੇਸ਼ ਗਮਨ ਦਾ ਪ੍ਰਚਲਨ ਸੀ:

ਜਾ ਤੁਧੁ ਭਾਵੈ ਜਾਹਿ [195]ਦਿਸੰਤਰਿ(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 145)

ਗੁਰੂ ਅੰਗਦ ਦੇਵ ਜੀ ਦੇ ਜੀਵਨ-ਕਾਲ (1504-1552) ਦੇ ਸੰਦਰਭ ਵਿਚ ਡਾ. ਤਾਰਨ ਸਿੰਘ ਲਿਖਦੇ ਹਨ, "ਇਥੋਂ (ਭਾਰਤ ਤੋਂ) ਹਰ ਪ੍ਰਕਾਰ ਦਾ ਅਨਾਜ ਬਾਹਰ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ ਤੇ ਮਲਾਇਆ, ਚੀਨ ਤੇ ਅਰਬ ਆਦਿ ਨਾਲ ਤਿਜਾਰਤ ਦਾ ਚੰਗਾ

ਸਿਲਸਿਲਾ ਬਣਿਆ ਹੋਇਆ ਸੀ। ਹਿੰਦੁਸਤਾਨ ਮਧ-ਏਸ਼ੀਆ, ਅਫ਼ਗਾਨਿਸਤਾਨ, ਈਰਾਨ, ਤਿਬਤ, ਭੂਟਾਨ ਨਾਲ ਦੱਰਿਆਂ ਦੇ ਰਸਤਿਆਂ ਰਾਹੀਂ ਤਿਜਾਰਤ ਲਈ ਜੁੜਿਆ ਹੋਇਆ ਹੈ। " (ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ,* 19)

ਉਕਤ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਰਚਨਾ ਕਾਲ ਦੌਰਾਨ ਪਰ-ਦੇਸ਼ ਗਮਨ ਦਾ ਪ੍ਰਚਲਨ ਸੀ। ਹੇਠ ਲਿਖੇ ਸਲੋਕ ਵਿਚ ਪਰ-ਦੇਸ਼ ਗਏ ਹੋਏ ਪਤੀ ਦੀ ਘਰ ਵਾਲੀ ਦੇ ਦੁਖੀ ਹਾਲਾਤ ਦਾ ਚਿੱਤਰਾਂਕਨ ਕੀਤਾ ਗਿਆ ਹੈ। ਅਗਲੀ ਪੰਕਤੀ ਵਿਚਵਿਦੇਸ਼ ਗਏ ਹੋਏ ਪਤੀ ਦੀ ਯਾਦ ਵਿਚ ਝੂਰ ਰਹੀ ਉਸਦੀ ਪਤਨੀ ਦਾ ਉਲੇਖ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਪ੍ਰਭੂ ਨੂੰ ਵਿਸਾਰਨ ਵਾਲਾ ਮਨੁੱਖ ਇਸੇ ਤਰ੍ਹਾਂ ਦੇ ਝੋਰਿਆਂ ਵਿਚ ਹੀ ਜ਼ਿੰਦਗੀ ਕੱਟਦਾ ਹੈ:

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥
ਜਿਨ ਕੇ ਕੰਤੁ [196]ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 791)
ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 594)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਵੱਖ-ਵੱਖ ਕਾਰਨਾਂ ਕਰਕੇ ਦੂਜੇ ਦੇਸ਼ਾਂ ਦਾ ਰਟਨ ਕੀਤਾ ਜਾਂਦਾ ਹੈ। "ਚੰਗੇਰੀ ਆਰਥਿਕਤਾ ਦੀ ਭਾਲ ਵਿਚ ਵਿਦੇਸ਼ਾਂ ਵਿਚ ਰੁਲਣ ਦਾ ਸਿਲਸਿਲਾ ਜਾਰੀ ਹੈ। " (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 162) "ਬਾਹਰਲੇ ਦੇਸ਼ਾਂ ਤੋਂ ਵਿੱਦਿਆ ਪ੍ਰਾਪਤ ਕਰਨ, ਯੋਗ ਅਭਿਆਸ ਅਤੇ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਲਈ ਲੋਕ ਸਾਡੇ ਦੇਸ਼ ਵਿਚ ਆਉਂਦੇ ਸਨ। ਸਾਡੇ ਦੇਸ਼ ਵਿਚੋਂ ਧਰਮ ਪ੍ਰਚਾਰਕ ਵੀ ਦੂਜੇ ਦੇਸ਼ਾਂ ਵਿਚ ਧਰਮ ਪ੍ਰਚਾਰ ਲਈ ਜਾਂਦੇ ਸਨ। ... ...ਅੱਜ ਸਥਿਤੀ ਬਿਲਕੁਲ ਉਲਟ ਹੈ। ਭਾਰਤ ਦੇ ਲੋਕ ਹੁਣ ਧਨ ਕਮਾਉਣ ਲਈ ਵਿਦੇਸ਼ਾਂ ਵਿਚ ਜਾਂਦੇ ਹਨ। ਉਹ ਧਨ ਕਮਾ ਲੈਂਦੇ ਹਨ ਪਰ ਖੁਸ਼ਹਾਲੀ ਗਵਾ ਲੈਂਦੇ ਹਨ। " (ਮਹਿੰਦਰ ਪ੍ਰਤਾਪ, *ਜੀਵਨ ਜਾਚ* 38)

### 2.5.25 ਨੌਕਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੇ ਕਈ ਹਵਾਲਿਆਂ ਤੋਂ ਮਾਲੂਮ ਹੁੰਦਾ ਹੈ ਕਿ ਤਤਕਾਲੀ ਦੌਰ ਵਿਚ ਨੌਕਰ-ਚਾਕਰ ਰੱਖਣ ਦਾ ਪ੍ਰਚਲਨ ਵੀ ਸੀ। ਆਪਣੇ ਸੁੱਖ-ਆਰਾਮ ਲਈ ਨੌਕਰ ਰੱਖੇ ਜਾਂਦੇ ਸਨ। ਹੇਠ ਲਿਖੀ ਪੰਕਤੀ ਵਿਚ ਉਲੇਖ ਹੈ ਕਿ ਮਾਲਕ ਤੁਲਾਈ ਉੱਪਰ ਆਰਾਮ ਫ਼ਰਮਾਉਂਦਾ ਹੈ ਅਤੇ ਨੌਕਰ ਉਸ ਦੀ ਸੁਰੱਖਿਆ-ਸਹੂਲਤ ਹਿੱਤ ਪਹਿਰੇ 'ਤੇ ਖੜ੍ਹਾ ਹੈ। ਤਤਕਾਲੀ ਦੌਰ ਵਿਚ ਨੌਕਰ ਨੂੰ ਮਾਲਕ ਦੇ ਡਰ ਹੋਣ ਦਾ ਉਲੇਖ ਅਗਲੀ ਪੰਕਤੀ ਵਿੱਚੋਂ ਮਿਲਦਾ ਹੈ:

ਇਕਿ ਨਿਹਾਲੀ ਪੈ ਸਵਨਿ੍ ਇਕਿ ਉਪਰਿ ਰਹਨਿ ਖੜੇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 475)

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 475)

ਗੁਰੂ ਅੰਗਦ ਦੇਵ ਜੀ ਉਪਰੋਕਤ ਪੰਕਤੀ ਵਿਚ ਫ਼ਰਮਾਉਂਦੇ ਹਨ ਕਿ ਇਹ ਚਾਕਰੀ ਕਾਹਦੀ ਜਿਸ ਵਿਚ ਮਾਲਕ ਦਾ ਡਰ ਹੀ ਲੱਗਾ ਰਹੇ? ਸਪਸ਼ਟ ਹੈ ਕਿ ਗੁਰੂ ਜੀ ਪ੍ਰਭੂ ਦੀ ਚਾਕਰੀ, ਜਿਸ ਵਿਚ ਪ੍ਰਭੂ ਨਾਲ ਪ੍ਰੇਮ ਦਾ ਅਹਿਸਾਸ ਮਨ ਅੰਦਰ ਵਸਦਾ ਹੈ ਤੇ ਸਾਰੇ ਡਰ ਚੁੱਕੇ ਜਾਂਦੇ ਹਨ, ਦੀ ਤੁਲਨਾ ਦੁਨਿਆਵੀ ਚਾਕਰੀ ਨਾਲ ਕਰਦੇ ਹਨ, ਜਿਸ ਵਿਚ ਨੌਕਰ ਦਾ ਮਨ ਮਾਲਕ ਦੇ ਡਰ ਅੰਦਰ ਹਰ ਵੇਲੇ ਤ੍ਰਹੁੰਦਾ ਰਹਿੰਦਾ ਹੈ। ਭਾਵ ਇਹ ਹੀ ਨਿਕਲਦਾ ਹੈ ਕਿ ਤਤਕਾਲੀ ਦੌਰ ਵਿਚ ਨੌਕਰ ਦਾ ਮਨ ਮਾਲਕ ਦੇ ਡਰ ਦੇ ਪਰਛਾਵੇਂ ਵਿਚ

ਵਿਚਰਦਾ ਸੀ। ਨੌਕਰ ਮਾਨਸਿਕ ਤੌਰ 'ਤੇ ਮਾਲਕ ਦਾ ਡਰ ਮੰਨਦੇ ਸਨ, ਜਿਸ ਕਾਰਨ ਉਹ ਬਾਹਰੀ ਤੌਰ 'ਤੇ ਉਸਦੀ ਬੜੀ ਇੱਜ਼ਤ ਕਰਦੇ ਦਿਖਾਈ ਦਿੰਦੇ ਸਨ, ਪਰ ਇਹ ਜ਼ਰੂਰੀ ਨਹੀਂ ਸੀ ਕਿ ਉਹ ਮਾਲਕ ਨੂੰ ਦਿਲੋਂ ਚਾਹੁੰਦੇ ਹੋਣ:

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 474)

ਮਾਲਕ ਦਾ ਮਨ ਤਾਂ ਚਾਹੁੰਦਾ ਸੀ ਕਿ ਉਸਦਾ ਨੌਕਰ ਬਾਹਰੀ-ਅੰਦਰੂਨੀ ਸਭ ਤਰ੍ਹਾਂ ਦੇ ਹੰਕਾਰ ਅਤੇ ਵਿਵਾਦ ਛੱਡ ਕੇ ਉਸਦੀ ਪ੍ਰਸੰਨਤਾ ਦਾ ਪਾਤਰ ਬਣੇ:

ਚਾਕਰ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 475)

ਨੌਕਰ ਨੇ ਤਾਂ ਮਾਲਕ ਦੀ ਆਗਿਆ ਦਾ ਪਾਲਨ ਕਰਨਾ ਹੁੰਦਾ ਸੀ ਭਾਵੇਂ ਰਾਜ਼ੀ ਰਹਿ ਕੇ ਕਰੇ ਜਾਂ 'ਬੱਧਾ ਚੱਟੀ ਭਰੇ'। ਮਾਲਕ ਨੇ ਜੋ ਆਖ ਦਿੱਤਾ, ਉਹ ਕਰਨਾ ਹੀ ਪੈਂਦਾ ਸੀ। ਹੋ ਰਹੀ ਵਰਖਾ ਵਿਚ ਜੇ ਕਿਤੇ ਬਾਹਰ ਕਿਸੇ ਕੰਮ ਲਈ ਤੋਰ ਦਿੱਤਾ ਤਾਂ ਭਾਵੇਂ ਨੌਕਰ ਦੇ ਭਾਅ ਦੀਆਂ ਬਣ ਜਾਣ, ਜਾਣਾ ਹੀ ਪੈਂਦਾ ਸੀ:

ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥
ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

### 2.5.26 ਮੀਨਾਕਾਰੀ/ਕਾਰੀਗਰੀ

ਤਤਕਾਲੀ ਦੌਰ ਵਿਚ ਕੰਧ-ਚਿੱਤਰਾਂ ਦਾ ਵੀ ਰਿਵਾਜ਼ ਸੀ। ਸੁੰਦਰਤਾ ਨੂੰ ਮੁੱਖ ਰੱਖ ਕੇ [197]ਦਿਵਾਜੇ ਲਿਖੇ ਜਾਂਦੇ ਸਨ। ਗੁਰੂ ਸਾਹਿਬ ਆਖਦੇ ਹਨ ਕਿ ਪ੍ਰਭੂ ਦੇ ਨਾਮ ਤੋਂ ਬਿਨਾ ਸੁੱਖਾਂ ਅਤੇ ਆਨੰਦ ਦੇ ਸਾਰੇ ਸ੍ਰੋਤ ਕਿਸੇ ਕੰਮ ਨਹੀਂ ਕਿਉਂਕਿ ਇਨ੍ਹਾਂ ਦਾ ਆਨੰਦ ਵੀ ਮਨੁੱਖ ਤਾਂ ਹੀ ਮਾਣ ਸਕਦਾ ਹੈ ਜੇਕਰ ਉਸਦਾ ਅੰਦਰ ਸ਼ਾਂਤ ਹੋਵੇ ਤੇ ਉਹ ਸ਼ਾਂਤੀ ਪ੍ਰਭੂ ਦੇ ਨਾਮ ਤੋਂ ਪ੍ਰਾਪਤ ਹੁੰਦੀ ਹੈ:

ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤ॥(ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1328)
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 140)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਇਮਾਰਤਾਂ ਦੀ ਸੁੰਦਰਤਾ ਲਈ ਕਈ ਪ੍ਰਕਾਰ ਦੇ ਉੱਦਮ ਕੀਤੇ ਜਾਂਦੇ ਹਨ।

### 2.5.27 ਕਾਮੇ

ਇਹ ਪੱਕੇ ਨੌਕਰ ਨਹੀਂ ਸਨ, ਸਗੋਂ ਕਿਸੇ ਖ਼ਾਸ ਕੰਮ ਲਈ (ਉਸ ਕੰਮ ਦੇ ਖ਼ਤਮ ਹੋਣ ਤੱਕ) ਬੁਲਾਏ ਜਾਂਦੇ ਸਨ ਅਤੇ ਇਨ੍ਹਾਂ ਨੂੰ ਮਿਹਨਤ ਦੇ ਬਦਲੇ ਮਜ਼ਦੂਰੀ (ਮਿਹਨਤਾਨਾ) ਦਿੱਤੀ ਜਾਂਦੀ ਸੀ। ਸਲੋਕ ਬਾਣੀ-ਰੂਪ ਵਿਚ ਹਲ ਵਾਹੁਣ ਵਾਲੇ ਮੁਜ਼ਾਹਰੇ (ਰਾਹਕ) ਦਾ ਉਲੇਖ ਵੀ ਮਿਲਦਾ ਹੈ। ਗੁਰੂ ਸਾਹਿਬ ਦਾ ਕਥਨ ਹੈ ਕਿ ਮਨੁੱਖੀ ਜੀਵਨ ਵਿਚ ਆਪਣਿਆਂ ਦਾ ਹਿੱਤ (ਮੋਹ) ਸਾਰੇ ਕੰਮਾਂ ਦੇ ਹੋਣ/ਕਰਨ ਪਿੱਛੇ ਕਾਰਨ ਬਣਦਾ ਹੈ ਭਾਵ ਮਨੁੱਖ ਆਪਣਿਆਂ ਦੇ ਹਿੱਤ ਖ਼ਾਤਰ ਬੜੀ ਨੱਠ-ਭੱਜ ਕਰਦਾ ਹੈ:

ਮਸਕਤਿ ਲੇਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 788)
ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ॥

ਲਬੁ ਵਤੁ ਦਰੋਗੁ ਬੀਉ ਹਾਲੀ ਰਾਹਕੁ ਹੇਤ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 955)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਕਾਮਿਆਂ ਨੂੰ ਕਿਸੇ ਵਿਸ਼ੇਸ਼ ਕੰਮ ਲਈ ਸੱਦ ਲਿਆ ਜਾਂਦਾ ਹੈ। ਉਨ੍ਹਾਂ ਨੂੰ ਉਸ ਕੰਮ ਦਾ ਮਿਹਨਤਾਨਾ ਦਿੱਤਾ ਜਾਂਦਾ ਹੈ। "ਖੇਤੀ ਵਿਚ 39.36 ਪ੍ਰਤੀਸ਼ਤ ਪੰਜਾਬ ਦੇ ਕਾਮੇ ਲੱਗੇ ਹਨ ਅਤੇ ਸੇਵਾਵਾਂ ਵਿਚ 48.31 ਪ੍ਰਤੀਸ਼ਤ ਕਾਮਿਆਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ। ਪਿੰਡਾਂ ਵਿਚ ਰਹਿਣ ਵਾਲਿਆਂ ਕਾਮਿਆਂ ਵਿਚ 59.59 ਪ੍ਰਤੀਸ਼ਤ ਖੇਤੀ ਉਪਰ ਕਾਸ਼ਤਕਾਰ ਜਾਂ ਖੇਤ ਮਜ਼ਦੂਰ ਦੇ ਤੌਰ ਤੇ ਨਿਰਭਰ ਹਨ ਅਤੇ 41.41 ਪ੍ਰਤੀਸ਼ਤ ਕਾਮਿਆਂ ਨੂੰ ਖੇਤੀ ਤੋਂ ਬਾਹਰ ਉਦਯੋਗਾਂ ਅਤੇ ਸੇਵਾਵਾਂ ਦੇ ਖੇਤਰ ਵਿਚ ਕੰਮ ਮਿਲ ਰਿਹਾ ਹੈ। "(ਧਨਵੰਤ ਕੌਰ (ਸੰਪਾ) *ਸਮਕਾਲੀ ਪੰਜਾਬੀ ਸਮਾਜ* 28)"ਕਿਸਾਨੀ ਅਤੇ ਪੇਂਡੂ ਤੇ ਸ਼ਹਿਰੀ ਮਜ਼ਦੂਰਾਂ ਦਾ ਵੱਡਾ ਹਿੱਸਾ ਗੰਭੀਰ ਆਰਥਿਕ ਮੰਦਹਾਲੀ 'ਚੋਂ ਲੰਘ ਰਿਹਾ ਹੈ ਅਤੇ ਭਾਂਤ-ਸੁਭਾਂਤੇ ਕਰਜ਼ਿਆਂ ਦਾ ਸ਼ਿਕਾਰ ਹੈ। " (ਧਨਵੰਤ ਕੌਰ (ਸੰਪਾ), *ਸਮਕਾਲੀ ਪੰਜਾਬੀ ਸਮਾਜ* 28)

### 2.5.28 ਰੋਜ਼ਾਨਾ ਜੀਵਨ ਵਿਚ ਵਰਤੇ ਜਾਂਦੇ ਸੰਦ/ਮਸ਼ੀਨਾਂ

ਕੰਮ ਨੂੰ ਸੁਖ਼ਾਲਾ ਕਰਨ ਲਈ ਤਤਕਾਲੀ ਜੀਵਨ ਵਿਚ ਕੁਝ ਔਜ਼ਾਰਾਂ ਦੀ ਵਰਤੋਂ ਕੀਤੀ ਜਾਂਦੀ ਸੀ। ਸਲੋਕ ਬਾਣੀ-ਰੂਪ ਵਿਚ ਰੋਜ਼ਾਨਾ ਵਰਤੋਂ ਵਾਲੇ ਕਈ ਸੰਦਾਂ/ਮਸ਼ੀਨਾਂ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਵਿੱਚੋਂ ਕੁਝ ਕੁ ਮਸ਼ੀਨਾਂ ਜਾਨਵਰਾਂ ਦੀ ਸਹਾਇਤਾ ਨਾਲ ਚਲਦੀਆਂ ਸਨ ਅਤੇ ਬਾਕੀ ਲਗਭਗ ਸਾਰੀਆਂ ਹੀ ਹੱਥਾਂ ਨਾਲ ਚਲਾਈਆਂ ਜਾਂਦੀਆਂ ਸਨ। ਜਾਨਵਰਾਂ ਦੀ ਸਹਾਇਤਾ ਨਾਲ ਚੱਲਣ ਵਾਲੀਆਂ ਮਸ਼ੀਨਾਂ ਦੇ ਚੱਲਣ ਵੇਲ਼ੇ ਵੀ ਮਨੁੱਖ ਦਾ ਉਸ ਥਾਂ 'ਤੇ ਹਾਜ਼ਰ ਰਹਿਣਾ ਲਾਜ਼ਮੀ ਸੀ। ਜਾਨਵਰਾਂ ਦੀ ਤਾਂ ਸਿਰਫ਼ ਸਹਾਇਤਾ ਹੀ ਲਈ ਜਾ ਸਕਦੀ ਸੀ:

**2.5.28.1 ਚੱਕੀ:** ਅਨਾਜ ਪੀਸਣ ਲਈ ਚੱਕੀ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਦੇ ਦੋ ਪੁੜ ਹੋਇਆ ਕਰਦੇ ਸਨ। ਅਨਾਜ ਪੀਸ ਕੇ ਪਕਾਇਆ ਜਾਂਦਾ ਸੀ ਤੇ ਪਕਾਇਆ ਹੋਇਆ ਖਾਣ ਲਈ ਤਿਆਰ ਹੋ ਜਾਂਦਾ ਸੀ:

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਨਾਨਕ ਪੀਠਾ ਪਕਾ ਸਾਜਿਆ ਧਰਿਆ ਆਣਿ ਮਉਜੂਦੁ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1096)

**2.5.28.2 ਵੇਲਣਾ:** ਇਸਦੀ ਵਰਤੋਂ ਗੰਨਾ ਪੀੜਨ ਲਈ ਕੀਤੀ ਜਾਂਦੀ ਸੀ। ਤਕੜੇ ਬੰਦੇ ਵੇਲਣੇ ਦੀਆਂ ਲੱਠਾਂ ਵਿਚ ਗੰਨੇ ਦੇ ਕੇ ਉਨ੍ਹਾਂ ਨੂੰ ਪੀੜਦੇ ਸਨ:

ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142-43)

**2.5.28.3 ਕੋਹਲੂ:** ਇਸਦੀ ਵਰਤੋਂ ਬੀਜਾਂ ਵਿੱਚੋਂ ਤੇਲ ਕੱਢਣ ਲਈ ਕੀਤੀ ਜਾਂਦੀ ਸੀ। ਹੇਠ ਲਿਖੀ ਪੰਕਤੀ ਵਿਚ ਉਲੇਖ ਮਿਲਦਾ ਹੈ ਕਿ ਕੱਚੀ ਸਰੋਂ (ਕੋਹਲੂ ਵਿਚ) ਪੀੜ ਕੇ ਨਾ ਤਾਂ ਤੇਲ ਹੀ ਨਿਕਲੇਗਾ ਅਤੇ ਨਾ ਹੀ ਖਲ਼ ਦੀ ਕੋਈ ਪ੍ਰਾਪਤੀ ਹੋਵੇਗੀ:

ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

**2.5.28.4 ਮਧਾਣੀ ਤੇ ਚਾਟੀ:** ਚਾਟੀ ਵਿਚ ਦਹੀਂ ਮੱਥਿਆ (ਰਿੜਕਿਆ) ਜਾਂਦਾ ਸੀ। ਦਹੀਂ ਦਾ ਚੰਗੀ ਤਰ੍ਹਾਂ ਰਿੜਕਣਾ ਉਸ ਵਿੱਚੋਂ ਮੱਖਣ ਉਪਜਾਉਂਦਾ ਸੀ:

ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1425)

ਧਰਮ ਰਾਇ ਵੱਲੋਂ ਰਗੜਾ ਦੇਣ ਦੀ ਤੁਲਨਾ ਮਧਾਣੀ ਦੇ ਮੱਥਣ ਨਾਲ ਕਰਨਾ, ਮਧਾਣੀ ਵਿਚ ਦਹੀਂ ਦੇ ਕਰੜੇ ਮੱਥਣ ਨਾਲ ਸਬੰਧਤ ਹੈ ਕਿਉਂਕਿ ਧਰਮ ਰਾਇ ਦੁਆਰਾ ਮੰਦ ਕਰਮੀਆਂ ਨੂੰ ਦਿੱਤੀਆਂ ਜਾਂਦੀਆਂ ਸਜ਼ਾਵਾਂ ਬੜੀਆਂ ਸਖ਼ਤ ਬਿਆਨ ਕੀਤੀਆਂ ਹੋਈਆਂ ਮਿਲਦੀਆਂ ਹਨ। ਮਧਾਣੀ ਦੇ ਮੱਥਣ ਦੀ ਧਰਮ ਰਾਇ ਵੱਲੋਂ ਦਿੱਤੀ ਜਾਂਦੀ ਸਜ਼ਾ ਨਾਲ ਤੁਲਨਾ ਦਹੀਂ ਦੇ ਜ਼ੋਰਦਾਰ ਮੱਥਣ ਨਾਲ ਸਬੰਧਤ ਹੈ। ਭਗਤ ਕਬੀਰ ਜੀ ਕ੍ਰਿਤ ਨਿਮਨ ਪੰਕਤੀ ਵਿਚ ਚਾਟੀ (ਡੋਲਨੀ) ਅਤੇ ਮਧਾਣੀ (ਝਕੋਲਨਹਾਰੁ) ਦਾ ਉਲੇਖ ਹੈ:

ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

**2.5.28.5 ਹਲਟ:** ਹੇਠ ਲਿਖੀ ਪੰਕਤੀ ਵਿਚ ਹਲਟ ਦਾ ਜ਼ਿਕਰ ਆਉਂਦਾ ਹੈ। ਗੁਰੂ ਅਰਜਨ ਦੇਵ ਜੀ ਨੂੰ ਹਲਟ ਵੀ 'ਤੂੰ' 'ਤੂੰ' ਆਖਦਾ ਪ੍ਰਤੀਤ ਹੁੰਦਾ ਹੈ:

ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1420)

**2.5.28.6 ਕੁਹਾੜਾ:** ਕੁਹਾੜੇ ਦਾ ਇਸਤੇਮਾਲ ਲੱਕੜਾਂ ਕੱਟਣ ਲਈ ਕੀਤਾ ਜਾਂਦਾ ਸੀ। ਇਹ ਆਮ ਤੌਰ 'ਤੇ ਮੋਢੇ 'ਤੇ ਟਿਕਾਇਆ ਜਾਂਦਾ ਸੀ। ਲੁਹਾਰਾਂ ਦਾ ਇਹ ਖ਼ਾਸ ਸੰਦ ਸੀ, ਜਿਸ ਨਾਲ ਉਹ ਆਪਣੇ ਆਪ ਨੂੰ ਵਣ ਦੇ ਦਰੱਖਤਾਂ ਦਾ ਬਾਦਸ਼ਾਹ ਸਮਝਦੇ ਸਨ। ਜਿਸ ਰੁੱਖ ਨੂੰ ਦਿਲ ਕੀਤਾ, ਵੱਢ ਲਿਆ:

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

**2.5.28.7 ਮੇਖਾਂ:** ਹੇਠ ਲਿਖੀ ਪੰਕਤੀ ਵਿਚ ਗੋਦੜੀ ਵਿਚ ਧਾਗੇ ਨਾਲ ਲੱਗੇ ਟਾਂਕਿਆਂ ਨੂੰ ਮੇਖਾਂ ਕਿਹਾ ਗਿਆ ਹੈ ਪਰ ਉਨ੍ਹਾਂ ਟਾਂਕਿਆਂ ਦੀ ਮੇਖਾਂ ਨਾਲ ਤੁਲਨਾ ਕੀਤਾ ਜਾਣਾ ਮੇਖਾਂ ਦੀ ਹੋਂਦ ਪ੍ਰਤਿ ਇਸ਼ਾਰਾ ਹੈ। ਫਰੀਦ ਜੀ ਦਾ ਕਥਨ ਹੈ ਕਿ ਇਸ ਜਿੰਦ ਦਾ ਯਕੀਨ ਤਾਂ ਧਾਗੇ ਨਾਲ ਗੰਢੀ ਹੋਈ ਗੋਦੜੀ ਜਿੰਨਾ ਵੀ ਨਹੀਂ। ਭਾਵ ਇਸ ਜਿੰਦ ਦਾ ਕੋਈ ਭਰੋਸਾ ਨਹੀਂ:

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਪ੍ਰਸ਼ਨ ਉੱਠਦਾ ਹੈ ਕਿ ਕਿਤੇ ਧਾਗੇ ਦੇ ਟਾਂਕਿਆਂ ਨੂੰ ਹੀ ਉਸ ਜ਼ਮਾਨੇ ਵਿਚ ਮੇਖਾਂ ਤਾਂ ਨਹੀਂ ਕਿਹਾ ਜਾਂਦਾ ਸੀ ਤਾਂ ਇਸਦਾ ਉੱਤਰ ਇਸ ਹਵਾਲੇ ਵਿੱਚੋਂ ਮਿਲ ਜਾਂਦਾ ਹੈ, " (ਗੁਰੂ ਅੰਗਦ ਦੇਵ ਜੀ ਦੇ ਸਮੇਂ) ਹਰ ਪ੍ਰਕਾਰ ਦਾ ਸੂਤੀ, ਊਨੀ ਕਪੜਾ, ਸ਼ਕਰ ਤੇ ਖੰਡ, ਧਾਤਾਂ ਦੇ ਢਾਲਣ ਦਾ ਕੰਮ ਤੇ ਕਾਗਜ਼ ਆਮ ਸੀ ਤੇ ਇਹ ਵਸਤਾਂ ਦੇਸ਼ ਵਿਚ ਹਰ ਥਾਂ ਮਿਲ ਸਕਦੀਆਂ ਸਨ। " (ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ*18-19)

ਉਕਤ ਹਵਾਲੇ ਵਿਚ ਧਾਤਾਂ ਦੇ ਢਾਲਣ ਦਾ ਜ਼ਿਕਰ ਮਿਲਦਾ ਹੈ। ਧਾਤੂ ਦੇ ਢਲਣ ਤੋਂ ਜਿੱਥੇ ਹੋਰ ਸਮਾਨ ਤਿਆਰ ਹੁੰਦਾ ਹੋਏਗਾ, ਓਥੇ ਸੰਭਵ ਤੌਰ 'ਤੇ ਮੇਖਾਂ ਦਾ ਨਿਰਮਾਣ ਵੀ ਕੀਤਾ ਜਾਂਦਾ ਹੋਵੇਗਾ।

**2.5.28.8 ਫਲ੍ਹੇ:** ਸਲੋਕ ਬਾਣੀ-ਰੂਪ ਵਿਚ ਫਲ੍ਹਿਆਂ ਲਈ 'ਅਨਗਾਹ' ਸ਼ਬਦ ਵਰਤਿਆ ਗਿਆ ਹੈ ਜਿਸ ਤੋਂ ਭਾਵ 'ਅੰਨ ਗਾਹੁਣ ਵਾਲਾ' ਬਣਦਾ ਹੈ। ਇਸ ਸ਼ਬਦ ਦਾ ਅਰਥ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਚ ਫਲ੍ਹੇ ਦੱਸਿਆ ਗਿਆ ਹੈ। (ਪੰਨਾ-465)

ਕੋਲੂ ਚਰਖਾ ਚਕੀ ਚਕੁ॥
ਲਾਟੂ ਮਾਧਾਣੀਆ ਅਨਗਾਹ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

**2.5.28.9 ਰੱਸੀ:** ਹੇਠ ਲਿਖੀ ਪੰਕਤੀ ਵਿਚ ਰੱਸੀ ਦਾ ਉਲੇਖ ਮਿਲਦਾ ਹੈ। ਭਗਤ ਕਬੀਰ ਜੀ ਦਾ ਕਥਨ ਹੈ ਕਿ ਸਾਰਾ ਸੰਸਾਰ ਮੋਹ-ਰੂਪੀ ਰੱਸੀ ਵਿਚ ਬੱਧਾ ਹੋਇਆ ਹੈ:

ਕਬੀਰ ਜਗੁ ਬਾਧਿਓ ਜਿਹ ਜੇਵਰੀ ਤਿਹ ਮਤ ਬੰਧਹੁ ਕਬੀਰ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

**2.5.28.10 ਛੱਜ:** ਹੇਠ ਲਿਖੀ ਪੰਕਤੀ ਵਿਚ ਛੱਜ ਦਾ ਜ਼ਿਕਰ ਕੀਤਾ ਗਿਆ ਮਿਲਦਾ ਹੈ। ਆਖਿਆ ਗਿਆ ਹੈ ਕਿ ਲੱਕ ਨਾਲ ਛੱਜ ਬੰਨ੍ਹ ਕੇ ਚੂਹਾ ਆਪਣੀ ਖੁੱਡ ਵਿਚ ਕਦੇ ਨਹੀਂ ਵੜ ਸਕਦਾ:

ਚੂਹਾ ਖਡ ਨ ਮਾਵਈ ਤਿਕਲਿ ਬੰਨੈ੍ ਛਜ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

**2.5.28.11 ਛੁਰੀ:** ਹੇਠ ਲਿਖੀ ਪੰਕਤੀ ਵਿਚ ਲੋਹੇ ਦੀ ਛੁਰੀ ਦਾ ਉਲੇਖ ਹੈ। ਗੁਰੂ ਸਾਹਿਬ ਆਖ ਰਹੇ ਹਨ ਕਿ ਛੁਰੀ ਅਤੇ ਲੋਹਾ (ਜਿਸ ਤੋਂ ਛੁਰੀ ਦਾ ਨਿਰਮਾਣ ਕੀਤਾ ਗਿਆ ਹੈ) ਸਭ ਸੱਚ-ਰੂਪ ਹੋਣ। ਮਨੁੱਖ ਨੂੰ ਜੀਵਨ ਵਿਚ ਸੱਚ ਦੀ ਹੀ ਟੇਕ ਲੈਣੀ ਚਾਹੀਦੀ ਹੈ:

ਸਚ ਕੀ ਕਾਤੀ ਸਚੁ ਸਭੁ ਸਾਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 956)

ਉਕਤ ਚਰਚਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਤਤਕਾਲੀ ਦੌਰ ਵਿਚ ਕੰਮ ਨੂੰ ਸਰਲ-ਸੁਖਾਲ਼ਾ ਕਰਨ ਹਿੱਤ ਕਈ ਤਰ੍ਹਾਂ ਦੇ ਔਜ਼ਾਰਾਂ/ਸੰਦਾਂ/ਮਸ਼ੀਨਾਂ ਦੀ ਵਰਤੋਂ ਕੀਤੀ ਜਾਂਦੀ ਸੀ।

**ਅਜੋਕੀ ਸਥਿਤੀ:** ਉਕਤ ਸੰਦਾਂ/ਮਸ਼ੀਨਾਂ ਸਮੇਤ ਹੋਰ ਅਨੇਕ ਪ੍ਰਕਾਰ ਦੇ ਸੰਦ ਅਤੇ ਮਸ਼ੀਨਾਂ ਵਰਤੀਆਂ ਜਾਂਦੀਆਂ ਹਨ। ਵਿਗਿਆਨ ਦੇ ਪਸਾਰ ਨਾਲ ਇਸ ਖੇਤਰ ਵਿਚ ਬੜੀ ਤਰੱਕੀ ਹੋਈ ਹੈ। "ਪੰਜਾਬੀ ਕਿਸਾਨ ਜਿਸ ਤਰ੍ਹਾਂ ਦੇ ਔਜ਼ਾਰ ਖੇਤੀ ਕਰਨ ਸਮੇਂ ਵਰਤਦਾ ਰਿਹਾ ਜਿਵੇਂ ਹਲ, ਪੰਜਾਲੀਆਂ, ਤੋਤੇ ਹਲ, ਸੁਹਾਗੀ ਜਾਂ ਜਿਵੇਂ ਸਿੰਜਾਈ ਸਾਧਨ ਖੂਹ ਰਾਹੀਂ ਪਾਣੀ ਲਾਉਣਾ, ਪਾਣੀ ਇਕੱਠਾ ਕਰ ਕੇ ਝਲਾਰਾਂ ਰਾਹੀਂ ਸਿੰਜਾਈ ਕਰਨੀ, ਇਹ ਖੇਤੀ ਸਹਾਇਕ ਸਿਰਫ਼ ਨਾਮਕਰਨ ਤਕ ਹੀ ਸੀਮਤ ਰਹਿ ਗਏ ਹਨ। " (ਗੁਰਦੀਪ ਸਿੰਘ ਭੁਪਾਲ, *ਪੰਜਾਬੀ ਜਾਗਰਣ ਰੋਜ਼ਾਨਾ ('ਫੁਲਕਾਰੀ' ਸਪਲੀਮੈਂਟ) ਮਿਤੀ 11.11.2017* 4) "ਸਮੇਂ ਦੇ ਬਦਲਣ ਨਾਲ ਹੁਣ ਇਹ ਸਭ ਕੁਝ ਕਿਤੇ-ਕਿਤੇ ਹੀ ਦੇਖਣ ਨੂੰ ਮਿਲਦਾ ਹੈ। ਹੁਣ ਮਧਾਣੀ ਬਿਜਲੀ ਨਾਲ ਚਲਦੀ ਹੈ। ਮਿੰਟਾਂ ਵਿਚ ਦੁੱਧ ਰਿੜਕਿਆ ਜਾਂਦਾ ਹੈ। ਬਹੁਤਾ ਦੁੱਧ ਡੇਅਰੀਆਂ ਵਿਚ ਚਲਾ ਜਾਂਦਾ ਹੈ। ਕੋਈ ਵਿਰਲਾ ਟਾਵਾਂ ਘਰ ਹੀ ਹੁਣ ਦੁੱਧ ਕਾੜ੍ਹ ਕੇ ਲੱਸੀ ਰਿੜਕਦਾ ਹੈ। ਹੱਥੀਂ ਭਾਂਡੇ ਬਣਾਉਣ ਵਾਲੇ ਘੁਮਿਆਰ ਵੀ ਹੁਣ ਨਿਰਾਸ਼ ਹਨ। ਉਨ੍ਹਾਂ ਦੇ ਬਣਾਏ ਮਿੱਟੀ ਦੇ ਭਾਂਡਿਆਂ ਦੀ ਮੰਗ ਘੱਟ ਹੋ ਗਈ ਹੈ। " (ਸਤਨਾਮ ਚੌਹਾਨ, *ਪੰਜਾਬੀ ਜਾਗਰਣ ਰੋਜ਼ਾਨਾ ('ਫੁਲਕਾਰੀ' ਸਪਲੀਮੈਂਟ) ਮਿਤੀ 28.10.2017* 2)

## 2.6 ਗਿਣਤੀ-ਮਿਣਤੀ ਦੀ ਵਿਵਸਥਾ ਅਤੇ ਵਿੱਦਿਆ ਸਬੰਧੀ ਉਲੇਖ

ਸਲੋਕ ਬਾਣੀ-ਰੂਪ ਵਿਚਲੇ ਵਿਭਿੰਨ ਹਵਾਲੇ ਦੱਸਦੇ ਹਨ ਕਿ ਗੁਰਬਾਣੀ ਕਾਲ ਦਾ ਮਨੁੱਖ ਗਿਣਤੀ-ਮਿਣਤੀ ਬਾਰੇ ਚੋਖੀ ਸੋਝੀ ਰੱਖਦਾ ਸੀ। ਉਹ ਲਿਖਣ ਵਾਸਤੇ ਕਾਗਜ਼, ਸਿਆਹੀ, ਦਵਾਤ ਅਤੇ ਕਲਮ ਦੀ ਵਰਤੋਂ ਕਰਦਾ ਸੀ। ਉਹ ਪ੍ਰਕਿਰਤੀ ਦੇ ਸਬੰਧ ਵਿਚ ਕਈ ਤਰ੍ਹਾਂ ਦੇ ਪੂਰਵ-ਅਨੁਮਾਨ ਲਗਾਉਂਦਾ ਸੀ ਜੋ ਬੇਸ਼ੱਕ, ਉਸਦੇ ਤਜਰਬੇ ਅਤੇ ਲੰਮੇ ਕਾਲ ਦੇ ਅਵਲੋਕਨ 'ਤੇ ਆਧਾਰਿਤ ਹੋਣਗੇ। ਉਹ ਸੰਚਾਰ ਦੇ ਕਈ ਢੰਗਾਂ ਦੀ ਵਰਤੋਂ ਕਰਦਾ ਸੀ, ਜਿਸ ਤੋਂ ਉਸਦੀ ਸੰਚਾਰ ਦੀ ਮਹੱਤਤਾ ਸਬੰਧੀ ਸੋਝੀ ਦਾ ਗਿਆਨ ਹੁੰਦਾ ਹੈ। ਉਹ ਵਿੱਦਿਆ ਦਾ ਮਹੱਤਵ ਵੀ ਸਮਝਦਾ ਸੀ। ਨਿਮਨ ਪੰਕਤੀਆਂ ਵਿਚ ਇਨ੍ਹਾਂ ਤੱਥਾਂ ਦਾ ਵਿਸਤਾਰ ਦਿੱਤਾ ਜਾ ਰਿਹਾ ਹੈ:

### 2.6.1 ਗਿਣਤੀ ਅਤੇ ਮਿਣਤੀ

ਗੁਰਬਾਣੀ ਕਾਲ ਦਾ ਮਨੁੱਖ ਵਸਤੂਆਂ ਦੀ ਗਿਣਤੀ ਅਤੇ ਮਿਣਤੀ (ਮਾਪ) ਸਬੰਧੀ ਚੰਗਾ ਵਾਕਫ਼ ਸੀ। ਹੇਠ ਲਿਖੇ ਪਹਿਲੇ ਸਲੋਕ ਵਿਚ ਸ਼ਬਦ "ਦਿਹ ਲਧੇ ਗਾਣਵੇ" ਅਤੇ ਉਸ ਤੋਂ ਹੇਠਾਂ 'ਬਾਵਨ ਅਖਰੀ' ਦੇ ਸਲੋਕ ਦੀ ਪੰਕਤੀ ਵਿਚ 'ਗਨਿ' (ਗਿਣਤੀ) ਅਤੇ 'ਮਿਨਿ' (ਮਿਣਤੀ) ਸ਼ਬਦ ਤਤਕਾਲੀ ਸਮਾਜ ਵਿਚਲੀ ਗਿਣਤੀ-ਮਿਣਤੀ ਦੀ ਸੋਝੀ ਨੂੰ ਪ੍ਰਗਟਾਉਂਦੇ ਹਨ। ਇਨ੍ਹਾਂ ਪੰਕਤੀਆਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਗੁਰਬਾਣੀ ਕਾਲ ਦਾ ਮਨੁੱਖ ਵਸਤੂਆਂ ਦੀ ਗਿਣਤੀ-ਮਿਣਤੀ ਤੋਂ ਪਰਿਚਿਤ ਸੀ:

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ॥

ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 254)

ਉਹ ਇਸ ਸਬੰਧੀ ਕਿਸ ਪੱਧਰ ਤੱਕ ਜਾਣੂੰ ਸੀ, ਦੀ ਚਰਚਾ ਅੱਗੇ ਦਿੱਤੀਆਂ ਪੰਕਤੀਆਂ ਵਿਚ ਕੀਤੀ ਜਾ ਰਹੀ ਹੈ:

#### 2.6.1.1 ਸਮਾਂ

ਜਦੋਂ ਗੁਰੂ ਸਾਹਿਬ ਆਖਦੇ ਹਨ ਕਿ ਹੇ ਮਨੁੱਖ! ਤੇਰੇ ਸਾਹਾਂ ਦੀ ਗਿਣਤੀ ਘਟਦੀ ਜਾ ਰਹੀ ਹੈ ਤਾਂ ਇਸਦਾ ਸਪਸ਼ਟ ਇਸ਼ਾਰਾ ਮਨੁੱਖ ਦੇ ਦਿਮਾਗ਼ ਵਿਚ ਪਏ ਹੋਏ ਸਮੇਂ ਦੇ ਸੰਕਲਪ ਨਾਲ ਜੁੜਦਾ ਹੈ:

ਛਨਿ ਘਾਲੇ ਸਭ ਦਿਵਸ ਸਾਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 254)

ਹੁਣ ਦੇਖਾਂਗੇ ਕਿ ਉਸ ਕਾਲ ਦੌਰਾਨ ਸਮੇਂ ਦੀਆਂ ਕਿਹੜੀਆਂ ਇਕਾਈਆਂ ਪ੍ਰਚੱਲਤ ਸਨ। ਸਲੋਕ ਬਾਣੀ-ਰੂਪ ਵਿਚ ਸਮੇਂ ਦੀ ਸਭ ਤੋਂ ਛੋਟੀ ਇਕਾਈ ਜਿਹੜੀ ਆਉਂਦੀ ਹੈ, ਉਹ ਨਿਮਖ ਹੈ। ਜਿਵੇਂ ਕਿ ਨਾਮ ਤੋਂ ਹੀ ਜ਼ਾਹਰ ਹੋ ਜਾਂਦਾ ਹੈ 'ਨਿਮਖ' ਭਾਵ ਅੱਖ ਨੀਵੀਂ ਕਰਨ ਵਿਚ, ਅੱਖ ਡੇਗਣ ਵਿਚ ਅਥਵਾ ਅੱਖ ਝਪਕਣ ਵਿਚ ਲੱਗਾ ਸਮਾਂ:

ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 320)

ਭਾਈ ਕਾਨ੍ਹ ਸਿੰਘ ਨਾਭਾ ਨੇ 'ਜਯੋਤਿਸ਼ਪ੍ਰਭਾਕਰ' ਗ੍ਰੰਥ ਦੇ ਹਵਾਲੇ ਨਾਲ 15 ਨਿਮਖ ਦਾ ਇਕ 'ਵਿਸਾ' ਅਤੇ 15 ਵਿਸੇ ਦਾ ਇੱਕ 'ਚਸਾ' ਲਿਖਿਆ ਹੈ। (ਨਾਭਾ, *ਮਹਾਨ ਕੋਸ਼* 324) 'ਚਸਾ' ਦਾ ਉਲੇਖ ਸਲੋਕ ਬਾਣੀ-ਰੂਪ ਵਿਚ ਮਿਲਦਾ ਹੈ। ਨਿਮਨ ਪੰਕਤੀ ਵਿਚ, ਕਿਉਂਕਿ, ਸਰਬ-ਸਮਰੱਥਾਵਾਨ ਪ੍ਰਭੂ ਦੀ ਸਮਰੱਥਾ ਦਾ ਵਰਣਨ ਕੀਤਾ ਗਿਆ ਹੈ, ਸੋ ਜ਼ਾਹਰ ਹੈ ਕਿ ਇਹ (ਚਸਾ) ਵੀ ਸਮੇਂ ਦੀ ਛੋਟੀ ਇਕਾਈ ਹੀ ਸੀ। ਅਗਲੀ ਪੰਕਤੀ ਵਿਚ ਵੀ ਬੜੇ ਹੀ ਥੋੜ੍ਹੇ ਸਮਾਂ-ਅੰਤਰਾਲ ਲਈ ਇਹ ਸ਼ਬਦ ਵਰਤਿਆ ਗਿਆ ਹੈ। ਸੋ, ਇਹ ਘੱਟ ਸਮਾਂ-ਅੰਤਰਾਲ ਵਾਸਤੇ ਵਰਤਿਆ ਜਾਂਦੀ ਇਕਾਈ ਸੀ:

ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1289)

ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜੁ ਲਹਿ ਜਾਈ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 510)

ਪ੍ਰੋ. ਸਾਹਿਬ ਸਿੰਘ ਅਨੁਸਾਰ ਚਸਾ ਪਹਿਰ (ਤਿੰਨ ਘੰਟੇ) ਦਾ ਵੀਹਵਾਂ ਹਿੱਸਾ ਹੁੰਦਾ ਹੈ। (*ਗੁਰੂ ਗ੍ਰੰਥ ਸਾਹਿਬ ਦਰਪਣ* 2140) ਇਸ ਹਿਸਾਬ ਨਾਲ ਇਹ ਸਮਾਂ ਅੰਤਰਾਲ ਨੌਂ ਮਿੰਟ ਦਾ ਬਣਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਉਕਤ ਹਵਾਲੇ ਅਧੀਨ ਹੀ ਤਿੰਨ ਚਸਿਆਂ ਦਾ ਇੱਕ 'ਪਲ' ਲਿਖਿਆ ਹੈ। 'ਖਿਨ' ਵੀ ਪਲ ਦਾ ਪ੍ਰਯਾਯਵਾਚੀ ਹੈ। (*ਮਹਾਨ ਕੋਸ਼* 379) ਖਿਨ ਸ਼ਬਦ ਦੀ ਵਰਤੋਂ ਦਾ

ਉਲੇਖ ਵੀ ਸਲੋਕ ਬਾਣੀ-ਰੂਪ ਵਿੱਚੋਂ ਪ੍ਰਾਪਤ ਹੁੰਦਾ ਹੈ। ਪਲ ਦਾ ਇੱਕ ਹੋਰ ਪ੍ਰਯਾਯਵਾਚੀ ਸ਼ਬਦ 'ਬਿੰਦ' ਵੀ ਹੈ। (ਨਾਭਾ, *ਮਹਾਨ ਕੋਸ਼* 869) ਪਲ ਦੇ ਇਸ ਪ੍ਰਯਾਯ ਬਿੰਦ ਦਾ ਉਲੇਖ ਵੀ ਸਲੋਕ ਬਾਣੀ-ਰੂਪ ਵਿਚ ਮਿਲਦਾ ਹੈ:

ਖਿਨ ਮਹਿ ਝੂਠੁ ਸਭੁ ਬਿਨਸਿ ਜਾਇ(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 786)

ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੈ ਸਰੈ ਨ ਬਿੰਦ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1097)

ਗੁਰਬਾਣੀ ਵਿਚ ਦਿਨ-ਰਾਤ (24 ਘੰਟੇ) ਨੂੰ 'ਅੱਠ ਪਹਿਰ' ਅਥਵਾ 'ਆਠ ਜਾਮ' ਵਜੋਂ ਦਰਸਾਇਆ ਗਿਆ ਹੈ। ਇਨ੍ਹਾਂ ਅੱਠ ਪਹਿਰਾਂ ਅੰਦਰ ਹੋਰ ਛੋਟੀਆਂ ਇਕਾਈਆਂ ਵੀ ਹਨ:

ਮੁਖ ਸੁਹਾਵੇ ਨਾਮੁ ਚਉ ਆਠ ਪਹਰ ਗੁਣ ਗਾਉ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1099)

ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

ਉਕਤ ਦੂਜੀ ਪੰਕਤੀ ਸਿੱਧ ਕਰਦੀ ਹੈ ਕਿ 'ਘੜੀ, 'ਪਹਿਰ' ਨਾਲੋਂ ਛੋਟੀ ਹੁੰਦੀ ਹੈ ਕਿਉਂਕਿ 'ਪਹਿਰ' ਦੀ ਤੁਲਨਾ ਕ੍ਰਿਸ਼ਨ ਅਤੇ 'ਘੜੀਆਂ' ਦੀ ਤੁਲਨਾ ਗੋਪੀਆਂ ਨਾਲ ਕੀਤੀ ਗਈ ਹੈ। ਇਸ ਕਥਨ ਦੀ ਪ੍ਰੋੜ੍ਹਤਾ ਲਈ ਇੱਕ ਹੋਰ ਪੰਕਤੀ ਦੇਖੋ:

ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਇਸ ਪੰਕਤੀ ਦੇ ਆਧਾਰ 'ਤੇ ਅੱਠ ਪਹਿਰਾਂ ਵਿਚ ਚੌਂਹਠ ਘੜੀਆਂ ਹੁੰਦੀਆਂ ਹਨ ਕਿਉਂਕਿ ਅੱਠ ਪਹਿਰ, 24 ਘੰਟੇ (24*60 ਮਿੰਟ= 1440 ਮਿੰਟ) ਦੇ ਹੁੰਦੇ ਹਨ। ਹੁਣ ਉਕਤ ਸਲੋਕ ਦੇ ਆਧਾਰ 'ਤੇ ਇਹ ਨਿਰਣਾ ਕੀਤਾ ਜਾ ਸਕਦਾ ਹੈ ਕਿ ਇੱਕ ਘੜੀ (1440/64) 22.5 ਮਿੰਟ ਦੀ ਹੁੰਦੀ ਹੈ। ਸਮੇਂ ਦੀ ਇਸ ਇਕਾਈ (ਘੜੀ) ਨੂੰ ਅੱਗੋਂ ਹਿੱਸਿਆਂ ਵਿਚ ਵੰਡ ਕੇ ਹੋਰ ਛੋਟੀਆਂ ਇਕਾਈਆਂ ਬਣਾਈਆਂ ਗਈਆਂ ਸਨ:

ਕਬੀਰ ਏਕ ਘਰੀ ਆਧੀ ਘਰੀ ਆਧੀ ਹੂੰ ਤੇ ਆਧ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਸਮੇਂ ਦੀ ਇਸ ਇਕਾਈ (ਘੜੀ) ਦਾ ਜ਼ਿਕਰ ਵੀ ਸਲੋਕ ਬਾਣੀ-ਰੂਪ ਵਿਚ ਆਇਆ ਹੈ:

ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 459)

ਦੋ ਘੜੀਆਂ ਦੇ ਸਮਾਂ-ਅੰਤਰਾਲ ਨੂੰ 'ਮਹੂਰਤ' ਕਿਹਾ ਜਾਂਦਾ ਸੀ। (ਨਾਭਾ, ਮਹਾਨ ਕੋਸ਼', ਪੰਨਾ-978) 'ਮਹੂਰਤ' ਦਾ ਜ਼ਿਕਰ ਇਸ ਸ਼ਬਦ ਦੇ ਤਦਭਵ ਰੂਪਾਂ 'ਮੁਹਤ' ਅਤੇ 'ਮੂਰਤੁ' ਵਿਚ ਆਇਆ ਹੈ:

ਹੋਇ ਪੁਰਾਣਾ ਕਪੜੁ ਪਾਟੈ ਸੁਈ ਧਾਗਾ ਗੰਢੈ॥

ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 955)

ਧੰਨੁ ਸੁ ਵੇਲਾ ਘੜੀ ਧੰਨੁ ਧੰਨੁ ਮੂਰਤੁ ਪਲੁ ਸਾਰੁ॥

ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 958)

'ਪਹਿਰ' ਨੂੰ ਵੀ 'ਘੜੀ' ਦੀ ਤਰ੍ਹਾਂ ਹੀ, ਵੱਧ-ਘੱਟ ਸਮਾਂ-ਅੰਤਰਾਲ ਲਈ, ਲੋੜ ਅਨੁਸਾਰ ਤਬਦੀਲ ਕਰ ਲਿਆ ਜਾਂਦਾ ਸੀ। ਨਿਮਨ ਪੰਕਤੀ ਵਿਚ ਪਹਿਰ (ਤਿੰਨ ਘੰਟੇ) ਤੋਂ ਕੁਝ ਵੱਧ ਸਮਾਂ-ਅੰਤਰਾਲ ਲਈ ਸ਼ਬਦ 'ਸਵਾ ਪਹਿਰ' ਵਰਤੋਂ ਵਿਚ ਲਿਆਂਦਾ ਗਿਆ ਹੈ। ਅੱਠ ਪਹਿਰ (24 ਘੰਟੇ) ਦੀ ਥਾਂ ਰਾਤ ਅਤੇ ਦਿਨ ਨੂੰ ਵੱਖ-ਵੱਖ ਤੌਰ 'ਤੇ ਵੀ ਸਮਾਂ ਅੰਤਰਾਲ ਦੇ ਨਜ਼ਰੀਏ ਤੋਂ ਲੈ ਲਿਆ ਜਾਂਦਾ ਸੀ ਅਤੇ ਦਿਨ ਨੂੰ (ਸਭਿ ਵਾਰ) ਵਾਰ ਵੀ ਆਖ ਲਿਆ ਜਾਂਦਾ ਸੀ। ਦਿਨ ਨੂੰ 'ਦਿਉਹਾੜੀ' ਵੀ ਕਹਿ ਲਿਆ ਜਾਂਦਾ ਸੀ। ਥੋੜ੍ਹੇ ਦਿਨਾਂ ਦੇ ਵਕਫ਼ੇ ਨੂੰ 'ਦਸ ਦਿਨ' ਆਖ ਲਿਆ ਜਾਂਦਾ ਸੀ;

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਿਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1241)

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 462)

ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਦਿਨਾਂ ਅਤੇ ਤਰੀਕਾਂ ਦੇ ਆਧਾਰ 'ਤੇ ਲੰਮੇ ਸਮਾਂ-ਅੰਤਰਾਲਾਂ ਲਈ 'ਥਿੱਤਾਂ', 'ਮਾਹ', 'ਰੁੱਤ' ਅਤੇ 'ਮੁੱਦਤ' ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ। ਰੁੱਤਾਂ ਦੇ ਵੀ ਨਾਮ ਪ੍ਰਚੱਲਤ ਸਨ। ਗੁਰੂ ਸਾਹਿਬ ਦਾ ਕਥਨ ਹੈ ਕਿ ਜੀਵਨ-ਰੂਪੀ ਰੁੱਤ ਇਸ ਜੀਵ ਨੂੰ ਮੁੜ-ਮੁੜ ਪ੍ਰਾਪਤ ਨਹੀਂ ਹੋਣੀ। ਮਾਨਸ ਜੀਵਨ ਦੇ ਇਸ ਪ੍ਰਾਪਤ ਸਮੇਂ ਦਾ ਵੱਧ ਤੋਂ ਵੱਧ ਲਾਹਾ ਲੈਣਾ ਚਾਹੀਦਾ ਹੈ। ਪ੍ਰਭੂ ਦਾ ਨਾਮ ਸਿਮਰੋ ਅਤੇ ਪਰਉਪਕਾਰ ਕਰੋ:

ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ॥

ਸਭੇ ਰੁਤੀ ਮਾਹ ਸਭਿ ਸਭਿ ਧਰਤੰੀ ਸਭਿ ਭਾਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1241)

ਮੁਦਤਿ ਭਈ ਚਿਰਾਣੀਆ ਫਿਰਿ ਕਡੂ ਆਵੈ ਰੁਤਿ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1095)

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥

ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

ਰੁੱਤਾਂ (ਮੌਸਮ) ਬਾਰੇ ਵੱਖਰਾ ਵੇਰਵਾ 'ਮੌਸਮ' ਸਿਰਲੇਖ ਅਧੀਨ ਦਿੱਤਾ ਗਿਆ ਹੈ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਸਕਿੰਟ, ਮਿੰਟ, ਘੰਟੇ ਆਦਿ ਸਮੇਂ ਦੀਆਂ ਇਕਾਈਆਂ ਪ੍ਰਚੱਲਤ ਹਨ। ਅੰਗਰੇਜ਼ੀ ਮਹੀਨਿਆਂ ਦੇ ਨਾਮ ਬਹੁਤੇ ਪ੍ਰਚੱਲਤ ਹਨ।

## 2.6.1.2 ਗਿਣਤੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਗੁਰਬਾਣੀ ਰਚਨਾ-ਕਾਲ ਦਾ ਮਨੁੱਖ ਸੰਖਿਆਵਾਂ ਬਾਰੇ ਬੜਾ ਉੱਚ-ਪੱਧਰੀ ਗਿਆਨ ਰੱਖਦਾ ਸੀ। ਉਹ ਵਸਤੂਆਂ ਦੀ ਗਿਣਤੀ ਲਈ ਜਿਨ੍ਹਾਂ ਸੰਖਿਆਵਾਂ ਦਾ ਪ੍ਰਯੋਗ ਕਰਦਾ ਸੀ, ਉਸ ਨੇ ਉਨ੍ਹਾਂ ਨੂੰ ਬਾਕਾਇਦਾ ਨਾਮ ਦਿੱਤੇ ਹੋਏ ਸਨ। ਉਹ ਕੁਦਰਤੀ ਸੰਖਿਆਵਾਂ ਦਰਮਿਆਨ ਪੈਂਦੇ ਅੰਸ਼ਕ ਭਾਗਾਂ ਨੂੰ ਸਵਾ, ਅੱਧਾ, ਅੱਧੇ ਤੋਂ ਅੱਧਾ ਆਦਿ ਨਾਮ ਦਿੰਦਾ ਸੀ। ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਤਤਕਾਲੀ ਮਨੁੱਖ ਨੂੰ 'ਗੁਣਾ' ਦੇ ਸੰਕਲਪ

ਬਾਰੇ ਜਾਣਕਾਰੀ ਹੋਣ ਦਾ ਵੀ ਪਤਾ ਲੱਗਦਾ ਹੈ। ਇਸ ਬਾਰੇ ਵਿਸਤ੍ਰਿਤ ਚਰਚਾ ਅਗਲੀਆਂ ਪੰਕਤੀਆਂ ਵਿਚ ਕੀਤੀ ਜਾ ਰਹੀ ਹੈ। ਅੰਕ ਇੱਕ ਦੀ ਵਰਤੋਂ ਬਾਰੇ ਗੁਰੂ ਰਾਮ ਦਾਸ ਜੀ ਕ੍ਰਿਤ ਸਲੋਕ ਦਾ ਨਿਮਨਲਿਖਿਤ ਨਮੂਨਾ ਦੇਖੋ:

**ਅੰਕ ਇੱਕ ਦੀ ਵਰਤੋਂ:**

ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 307)

**ਅੰਕ ਦੋ ਦੀ ਵਰਤੋਂ:**

ਇਕੁ ਭਉ ਲਥੀ ਨਾਤਿਆ ਦੁਇ ਭਉ ਚੜੀਅਸੁ ਹੋਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 789)

**ਅੰਕ ਚਾਰ ਦੀ ਵਰਤੋਂ ਦਾ ਨਮੂਨਾ:**

ਚਾਰੇ ਕੁੰਡਾ ਢੂਢੀਆਂ ਰਹਣੁ ਕਿਥਾਊ ਨਾਹਿ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਅਤੇ,

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥

ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1279)

**ਅੰਕ ਅੱਠ ਦੀ ਵਰਤੋਂ:**

ਸਜਣ ਮੁਖੁ ਅਨੂਪ ਅਠੇ ਪਹਰ ਨਿਹਾਲਸਾ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1100)

**ਅੰਕ ਨੌਂ ਦੀ ਵਰਤੋਂ:**

ਗੁਰ ਵੇਖਣ ਕਉ ਸਭੁ ਕੋਈ ਲੋਚੈ ਨਵ ਖੰਡ ਜਗਤਿ ਨਮਸਕਾਰਿਆ॥(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 311)

**ਸੰਖਿਆ ਦਸ ਦੀ ਵਰਤੋਂ:**

ਦਹ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 298)

ਅਤੇ,

ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਹੋਰ,

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

**ਸੰਖਿਆ ਬਾਰਾਂ ਦੀ ਵਰਤੋਂ:**

ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

**ਸੰਖਿਆ ਚੌਦਾਂ ਦੀ ਵਰਤੋਂ:**

ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 299)

**ਸੰਖਿਆ ਵੀਹ ਅਤੇ ਪੰਜਾਹ ਦੀ ਵਰਤੋਂ:**

ਫਰੀਦਾ ਗਲਂੀ ਸੁ ਸਜਣ ਵੀਹ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

**ਸੰਖਿਆ ਸੌ ਅਤੇ ਹਜ਼ਾਰ ਦੀ ਵਰਤੋਂ:**

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 462)

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 463)

ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 319)

ਅਤੇ,

ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

**ਸੰਖਿਆ ਲੱਖ ਅਤੇ ਕਰੋੜ ਦੀ ਵਰਤੋਂ:**

ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਸਚੇ ਤੁਧੁ ਆਖਹਿ ਲਖ ਕਰੋੜਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 463)

ਅਤੇ,

ਕੋਹ ਕਰੋੜੀ ਚਲਤ ਨ ਅੰਤੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

**ਅਸੰਖ:**ਗਿਣਤੀ ਦੀ ਵਲਗਣ ਤੋਂ ਬਾਹਰੇ ਕੰਮਾਂ/ਵਸਤੂਆਂ ਲਈ 'ਅਸੰਖ' ਸ਼ਬਦ ਵਰਤਿਆ ਗਿਆ ਹੈ:

ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 489)

ਨਾਨਕ ਹਉ ਹਉ ਕਰਤੇ ਖਪਿ ਮੁਏ ਖੂਹਣਿ ਲਖ ਅਸੰਖ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1413)

**ਪੂਰਨ ਸੰਖਿਆਵਾਂ ਨੇ ਨਾਲ-ਨਾਲ ਅੰਸ਼ਿਕ ਸੰਖਿਆਵਾਂ ਦੀ ਵਰਤੋਂ ਦਾ ਜ਼ਿਕਰ ਵੀ ਮਿਲਦਾ ਹੈ;**

**(ਅੱਧਾ, ਅੱਧੇ ਤੋਂ ਅੱਧਾ):**

ਕਬੀਰ ਏਕ ਘਰੀ ਆਧੀ ਘਰੀ ਆਧੀ ਹੂੰ ਤੇ ਆਧ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

**ਅੰਸ਼ਿਕ ਸੰਖਿਆ (ਭਿੰਨ) 'ਸਵਾ' ਦਾ ਜ਼ਿਕਰ ਕੀਤਾ ਹੋਇਆ ਵੀ ਮਿਲਦਾ ਹੈ:**

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਿਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

**ਕਿਸੇ ਕੰਮ ਦੇ 'ਦੁਹਰਾਅ' ਸਬੰਧੀ ਉਲੇਖ ਮਿਲਦਾ ਹੈ:**

ਕਾਇਆ ਹਾਂਡੀ ਕਾਠ ਕੀ ਨਾ ਓਹ ਚਰ੍ਹੈ ਬਹੋਰਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

**ਕ੍ਰਮਵਾਰਤਾ (ਪਹਿਲਾ, ਦੂਜਾ) ਦਾ ਜ਼ਿਕਰ ਵੀ ਮਿਲਦਾ ਹੈ:**

ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 474)

**'ਗੁਣਾ' ਦਾ ਜ਼ਿਕਰ ਸਲੋਕ ਬਾਣੀ-ਰੂਪ ਦੀਆਂ ਹੇਠ ਲਿਖੀਆਂ ਪੰਕਤੀਆਂ ਵਿਚ ਮਿਲਦਾ ਹੈ;**

**(ਦਸ ਗੁਣਾ):**

ਅਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

**(ਸੌ ਗੁਣਾ):**

ਦੇ ਦੇ ਮੰਗਹਿ ਸਹਸਾ ਗੂਣਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 466)

**ਸੰਖਿਆਵਾਂ ਦੀ 'ਭਾਗ' ਬਾਰੇ ਉਲੇਖ ਵੀ ਪ੍ਰਾਪਤ ਹੁੰਦਾ ਹੈ;**

**(ਚਾਰ ਹਿੱਸੇ):**

ਜੀਉ ਵੰਞੈ ਚਉ ਖੰਨੀਐ(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

**(ਬਾਰਾਂ ਹਿੱਸੇ):**

ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਇਸ ਤਰ੍ਹਾਂ ਦੇਖਦੇ ਹਾਂ ਕਿ ਗੁਰਬਾਣੀ ਰਚਨਾ ਕਾਲ ਦਾ ਮਨੁੱਖ ਸੰਖਿਆਵਾਂ ਬਾਰੇ ਅਤੇ ਉਨ੍ਹਾਂ ਦੀ ਵਰਤੋਂ ਬਾਰੇ ਕਾਫ਼ੀ ਜਾਗਰੂਕ ਸੀ। ਉਹ ਸੰਖਿਆਵਾਂ ਉੱਪਰ ਕਿਰਿਆਵਾਂ ਦੇ ਸਬੰਧ ਵਿਚ ਵੀ ਜਾਣਕਾਰੀ ਰੱਖਦਾ ਸੀ। ਕਿਹਾ ਜਾ ਸਕਦਾ ਹੈ ਕਿ ਉਸ ਕਾਲ ਦਾ ਮਾਨਵ ਸੰਖਿਆਵਾਂ ਦੇ ਸਬੰਧ ਵਿਚ ਅਤੇ ਉਨ੍ਹਾਂ ਦੀ ਵਰਤੋਂ ਸਬੰਧੀ ਚੋਖਾ ਚੇਤੰਨ ਸੀ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਸੰਖਿਆਵਾਂ ਉੱਪਰ ਕਈ ਪ੍ਰਕਾਰ ਦੀਆਂ ਕਿਰਿਆਵਾਂ ਦਾ ਪ੍ਰਚਲਨ ਹੈ।

### 2.6.1.3 ਦੂਰੀ ਤੇ ਦਿਸ਼ਾਵਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਮਾਨਵ ਦੇ ਜੀਵਨ ਅਤੇ ਜੀਵਨ-ਢੰਗ ਦਾ ਯਥਾਯੋਗ ਜ਼ਿਕਰ ਮਿਲਦਾ ਹੈ। ਇਸ ਉਪ-ਸਿਰਲੇਖ ਹੇਠ ਉਸ ਕਾਲ ਦੇ ਮਨੁੱਖ ਦੀ ਦੂਰੀ ਅਤੇ ਦਿਸ਼ਾਵਾਂ ਬਾਰੇ ਜਾਣਕਾਰੀ ਦੀ ਚਰਚਾ ਕੀਤੀ ਜਾਵੇਗੀ। ਬਹੁਤੀ ਵਾਰ ਗੁਰੂ ਸਾਹਿਬਾਨ ਨੇ ਦੁਨਿਆਵੀ ਸੰਕਲਪਾਂ ਨੂੰ ਆਧਾਰ ਬਣਾ ਕੇ ਅਧਿਆਤਮਿਕ ਸੰਕਲਪਾਂ ਦੀ ਸਿਰਜਣਾ ਕੀਤੀ ਹੈ, ਜਿਸਦਾ ਸਿੱਧਾ ਭਾਵ ਗੁਰੂ ਸਾਹਿਬਾਨ ਦਾ ਸਾਧਾਰਣ ਮਨੁੱਖ ਦੇ ਸਮਝ-ਪੱਧਰ ਨੂੰ ਧਿਆਨ-ਗੋਚਰੇ ਰੱਖਣਾ ਹੈ। ਗੁਰਬਾਣੀ ਦੁਨਿਆਵੀ ਧਰਾਤਲ ਨੂੰ ਆਧਾਰ ਬਣਾ ਕੇ ਉੱਚ ਅਧਿਆਤਮਿਕ ਆਦਰਸ਼ਾਂ ਦੀ ਬਾਤ ਪਾਉਂਦੀ ਹੈ। ਦੁਨਿਆਵੀ ਧਰਾਤਲ ਦਾ ਕੋਈ ਨੁਕਤਾ ਛੂੰਹਦਿਆਂ ਹੋਇਆਂ ਗੁਰਬਾਣੀ ਮਨੁੱਖੀ ਮਨ ਨੂੰ ਉੱਚ-ਮੰਡਲਾਂ ਦਾ ਰਟਨ ਕਰਵਾਉਂਦੀ ਹੈ। 'ਉਪਮਾਨ' ਬਹੁਤੀ ਵਾਰ ਦੁਨਿਆਵੀ ਧਰਾਤਲ ਵਿੱਚੋਂ ਲਏ ਹੋਏ ਮਿਲਦੇ ਹਨ। ਸਲੋਕ ਬਾਣੀ ਦੀ ਹੇਠ ਲਿਖੀ ਪੰਕਤੀ ਵਿਚ ਮਨੁੱਖੀ ਮਨ ਵਿਚ ਪਸਰੇ ਹੋਏ 'ਦੂਰੀ ਦੀ ਸਮਝ' ਦੇ ਸੰਕਲਪ ਨੂੰ ਆਧਾਰ ਬਣਾ ਕੇ ਚੰਦ ਅਤੇ ਸੂਰਜ ਦੇ ਹਮੇਸ਼ਾ ਗਤੀਸ਼ੀਲ ਰਹਿਣ (ਦੂਰੀ ਤੈਅ ਕਰਦੇ ਰਹਿਣ) ਦਾ ਬਿਆਨ ਕੀਤਾ ਗਿਆ ਹੈ:

ਕੋਹ ਕਰੋੜੀ ਚਲਤ ਨ ਅੰਤੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਇਸ ਤੋਂ ਪਤਾ ਲੱਗ ਜਾਂਦਾ ਹੈ ਕਿ ਗੁਰਬਾਣੀ ਰਚਨਾ-ਕਾਲ ਦਾ ਮਨੁੱਖ ਦੂਰੀ ਦੇ ਸੰਕਲਪ ਤੋਂ ਚੰਗਾ ਜਾਣੂੰ ਸੀ। ਉਹ 'ਵੱਧ ਦੂਰੀ' ਅਤੇ 'ਘੱਟ ਦੂਰੀ' ਦੇ ਪਰਸਪਰ ਸਬੰਧ (ਅੰਤਰ) ਨੂੰ ਵੀ ਸਮਝਦਾ ਸੀ:

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ੍॥

ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)

ਉਕਤ ਸਲੋਕ ਵਿਚ ਫਰੀਦ ਜੀ ਦੁਨਿਆਵੀ ਧਰਾਤਲ ਦੇ ਕੀਤੇ ਹੋਏ ਅਵਲੋਕਨ ਦੇ ਆਧਾਰ 'ਤੇ ਵਧ ਚੁੱਕੀ ਉਮਰ ਕਾਰਨ ਸਰੀਰਕ ਅੰਗਾਂ ਵਿਚ ਪੈਦਾ ਹੋ ਗਈ ਬੇਬਸੀ ਦਾ ਚਿੱਤਰ ਉਲੀਕਦੇ ਹਨ। ਦੂਰ-ਦੂਰ ਦੇ ਥਲਾਂ-ਪਰਬਤਾਂ ਦਾ ਰਟਨ, 'ਨੇੜੇ ਪਏ' ਕੁੱਜੇ ਦਾ ਸੌ ਕੋਹ 'ਤੇ ਪਏ ਹੋਣ ਦਾ ਅਨੁਭਵ, ਉਸ ਕਾਲ ਦੇ ਮਨੁੱਖ ਦੀ 'ਵੱਧ ਦੂਰੀ' ਅਤੇ 'ਘੱਟ ਦੂਰੀ' ਦੇ ਸੰਕਲਪ ਦੀ ਸੋਝੀ ਨੂੰ ਰੂਪਮਾਨ ਕਰਦਾ ਹੈ। ਗੁਰਬਾਣੀ ਰਚਨਾ-ਕਾਲ ਦਾ ਮਨੁੱਖ ਅਜੋਕੇ ਸਮੇਂ ਵਿਚ ਆਖੀਆਂ ਜਾਂਦੀਆਂ 'ਚਾਰ ਦਿਸ਼ਾਵਾਂ' ਨੂੰ 'ਚਾਰ ਕੁੰਟ' ਆਖਦਾ ਸੀ। ਉਸਦੇ ਸੰਕਲਪ ਅਨੁਸਾਰ ਧਰਤੀ ਦੇ ਪਾਸੇ (ਕੁੰਟ) ਚਾਰ ਅਤੇ ਦਿਸ਼ਾਵਾਂ ਦਸ ਹੁੰਦੀਆਂ ਹਨ। ਪ੍ਰਭੂ ਦੇ ਪਿਆਰੇ ਨੂੰ ਹਰ ਪਾਸੇ ਉਸੇ ਦਾ ਹੀ ਨੂਰ ਨਜ਼ਰ ਆਉਂਦਾ ਹੈ:

ਚਾਰੇ ਕੁੰਡਾ ਢੂਢੀਆਂ ਰਹਣੁ ਕਿਥਾਊ ਨਾਹਿ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਅਤੇ,

ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 298)

ਕੁੰਟ ਚਾਰਿ ਦਹ ਦਿਸਿ ਭ੍ਰਮੇ(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 253)

ਅਤੇ,

ਦਹ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 299)

ਗੁਰਬਾਣੀ ਰਚਨਾ-ਕਾਲ ਦੇ ਮਨੁੱਖ ਅਨੁਸਾਰ ਇਹ ਦਸ ਦਿਸ਼ਾਵਾਂ ਕਿਹੜੀਆਂ ਸਨ, ਦੀ ਚਰਚਾ ਭਾਈ ਕਾਨ੍ਹ ਸਿੰਘ ਜੀ ਕ੍ਰਿਤ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚੋਂ ਮਿਲਦੀ ਹੈ। ਇਹ ਦਸ ਦਿਸ਼ਾਵਾਂ ਸਨ, (ਅਜੋਕੀਆਂ ਪ੍ਰਚੱਲਤ) ਚਾਰ ਦਿਸ਼ਾਵਾਂ, ਇਨ੍ਹਾਂ ਦਿਸ਼ਾਵਾਂ ਵਿਚਲੇ ਚਾਰ ਕੋਨੇ, ਹੇਠਾਂ (ਧਰਤੀ) ਵੱਲ ਅਤੇ ਉੱਪਰ (ਆਕਾਸ਼) ਵੱਲ ਨੂੰ। (ਪੰਨਾ-631) ਸਲੋਕ ਬਾਣੀ-ਰੂਪ ਵਿਚ ਦੂਰੀ ਅਤੇ ਦਿਸ਼ਾਵਾਂ ਸਬੰਧੀ ਮਿਲਦੇ ਉਲੇਖਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਰਚਨਾ-ਕਾਲ ਦਾ ਮਨੁੱਖ ਇਨ੍ਹਾਂ ਸੰਕਲਪਾਂ ਬਾਰੇ ਸੁਚੇਤ ਸੀ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਦੂਰੀ ਦੀਆਂ ਪ੍ਰਚੱਲਤ ਇਕਾਈਆਂ ਸੈਂਟੀਮੀਟਰ, ਮੀਟਰ ਅਤੇ ਕਿਲੋਮੀਟਰ ਆਦਿ ਹਨ। ਉੱਤਰ, ਦੱਖਣ, ਪੂਰਬ ਅਤੇ ਪੱਛਮ ਚਾਰ ਦਿਸ਼ਾਵਾਂ ਮੰਨੀਆਂ ਜਾਂਦੀਆਂ ਹਨ।

### 2.6.1.4 ਮਿਣਤੀ, ਮੁੱਲ ਅਤੇ ਤੋਲ

ਸਲੋਕ ਬਾਣੀ-ਰੂਪ ਦਾ ਅਧਿਐਨ ਕੀਤਿਆਂ ਪਤਾ ਲੱਗਦਾ ਹੈ ਕਿ ਗੁਰਬਾਣੀ ਰਚਨਾ-ਕਾਲ ਦਾ ਮਨੁੱਖ ਚੀਜ਼ਾਂ ਦੀ ਗਿਣਤੀ ਦੇ ਨਾਲ-ਨਾਲ ਵਸਤੂਆਂ ਦੇ ਤੋਲ, ਮੁੱਲ ਅਤੇ ਮਿਣਤੀ ਸਬੰਧੀ ਵੀ ਚੋਖੀ ਜਾਣਕਾਰੀ ਰੱਖਦਾ ਸੀ। ਕਿਸੇ ਵਸਤੂ ਦਾ ਮੁੱਲ ਪਾਉਣਾ, ਕੱਪੜੇ ਦੀ ਜ਼ਰੂਰਤ ਮੁਤਾਬਕ ਕਟਾਈ, ਲੋੜੀਂਦੀ ਵਸਤੂ ਦੀ ਭਾਲ ਵਿਚ ਇੱਕ ਥਾਂ ਤੋਂ ਦੂਜੀ ਥਾਂ ਜਾਣਾ ਅਤੇ ਬਹੁਤ ਕੁਝ ਹੋਰ (ਜਿਨ੍ਹਾਂ ਦੀ ਚਰਚਾ ਨਿਮਨ ਪੰਕਤੀਆਂ ਵਿਚ ਕੀਤੀ ਜਾਵੇਗੀ) ਦੇ ਉਲੇਖ ਸਲੋਕ ਬਾਣੀ-ਰੂਪ ਵਿੱਚੋਂ ਪ੍ਰਾਪਤ ਹੁੰਦੇ ਹਨ। ਪਿੱਛੇ ਦੇਖ ਆਏ ਹਾਂ ਕਿ ਗੁਰਬਾਣੀ ਰਚਨਾ-ਕਾਲ ਦਾ ਮਨੁੱਖ ਵਸਤੂਆਂ ਦੀ ਗਿਣਤੀ-ਮਿਣਤੀ ਦੀ ਸੋਝੀ ਰੱਖਦਾ ਸੀ। ਗੁਰਬਾਣੀ ਰਚਨਾ-ਕਾਲ ਦੇ ਮਨੁੱਖ ਦੀ ਗਿਣਤੀ ਸਬੰਧੀ ਜਾਣਕਾਰੀ ਬਾਰੇ ਪਿਛਲੇ ਪੰਨਿਆਂ ਵਿਚ ਚਰਚਾ ਕੀਤੀ ਗਈ ਹੈ। ਅਗਲੀਆਂ ਪੰਕਤੀਆਂ ਵਿਚ 'ਮਿਣਤੀ' ਦੇ ਵਿਭਿੰਨ

ਪ੍ਰਕਰਣਾਂ; ਕਿਸੇ ਵਸਤੂ ਨੂੰ ਮਿਣ ਕੇ ਦੇਖਣਾ, ਉਸਦਾ ਤੋਲ ਕਰਨਾ ਅਤੇ ਉਸਦਾ ਮੁੱਲ ਪਾਉਣਾ ਆਦਿ ਦੀ ਚਰਚਾ ਕੀਤੀ ਜਾਵੇਗੀ। ਸਲੋਕ ਬਾਣੀ-ਰੂਪ ਦਾ ਨਿਮਨ ਹਵਾਲਾ ਦੱਸਦਾ ਹੈ ਕਿ ਉਸ ਕਾਲ ਦਾ ਮਨੁੱਖ ਕੱਪੜੇ ਦੀ ਮਿਣਤੀ ਦਾ ਗਿਆਨ ਰੱਖਦਾ ਸੀ। ਕੱਪੜੇ ਦੀ ਸਿਲਾਈ ਤੋਂ ਪਹਿਲਾਂ ਇਸਦੀ ਕਟਾਈ ਲੋੜ ਮੁਤਾਬਕ ਹੀ ਕੀਤੀ ਜਾਂਦੀ ਸੀ:

ਨਾਨਕ ਕੂੜਾ ਕਤਿਐ ਕੂੜਾ ਤਣੀਐ ਤਾਣੁ॥
ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਉਹ ਲੋਕ ਕਿਸੇ ਵਸਤੂ ਦੇ ਮੁੱਲ-ਆਂਕਣ, ਕਿਸੇ ਵਸਤੂ ਦੀ ਕੀਮਤ ਪਾਉਣ ਦੀ ਸੋਝੀ ਵੀ ਰੱਖਦੇ ਸਨ। ਇਸਦੇ ਨਾਲ-ਨਾਲ ਉਹ ਵਸਤੂ ਦੀ ਪ੍ਰਾਪਤੀ ਹਿੱਤ ਮੁੱਲ ਤਾਰਨ ਲਈ ਸੰਪਦਾ ਵੀ ਇਕੱਤਰ ਕਰਦੇ ਸਨ। ਪ੍ਰਭੂ ਦੀ ਕੀਮਤ ਨਹੀਂ ਪਾਈ ਜਾ ਸਕਦੀ:

ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਅਤੇ,

ਕੀਮ ਨ ਸਕਾ ਪਾਇ(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 709)

ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਭਗਤ ਕਬੀਰ ਜੀ ਕ੍ਰਿਤ ਉਕਤ ਪੰਕਤੀ ਉਸ ਕਾਲ ਵਿਚ ਪ੍ਰਚੱਲਤ ਧਨ ਦੀ ਇੱਕ ਇਕਾਈ 'ਕੌਡੀ' ਬਾਰੇ ਵੀ ਜ਼ਿਕਰ ਹੈ। 'ਹਿੰਦੀ ਪੰਜਾਬੀ ਕੋਸ਼' (ਪੰਨਾ-98) ਅਨੁਸਾਰ 'ਕੌਡੀ' ਮੁਦਰਾ ਦੀ ਸਭ ਤੋਂ ਛੋਟੀ ਪੂਰਨ ਇਕਾਈ ਹੁੰਦੀ ਹੈ (ਸੀ) ਜਿਵੇਂ ਅਜੋਕੇ ਸਮੇਂ ਵਿਚ ਭਾਰਤ ਵਿਚ ਧਨ ਦੀ ਸਭ ਤੋਂ ਛੋਟੀ ਇਕਾਈ ਪੈਸਾ ਹੈ। ਜਿਸ ਤਰ੍ਹਾਂ 'ਕੌਡੀ' ਦਾ ਸਬੰਧ ਧਨ ਨਾਲ ਸੀ, ਉਸੇ ਤਰ੍ਹਾਂ ਕਿਸੇ ਵਸਤੂ ਦੇ ਤੋਲ ਸਬੰਧੀ ਵੱਖ-ਵੱਖ ਇਕਾਈਆਂ ਪ੍ਰਚੱਲਤ ਸਨ ਜਿਨ੍ਹਾਂ ਵਿੱਚੋਂ ਇੱਕ ਸੀ 'ਤਿਲ ਜਿੰਨਾ' (ਭਾਰਤ ਦੇਸ਼ ਵਿਚ ਬਨਸਪਤੀ ਦੇ ਬੀਜਾਂ ਦੇ ਆਧਾਰ 'ਤੇ ਤੋਲ ਪ੍ਰਣਾਲੀ ਪ੍ਰਚੱਲਤ ਰਹੀ ਹੈ, ਜਿਵੇਂ 'ਰਤਕ' ਬੀਜ ਤੋਂ 'ਰੱਤੀ') ਜਿਸਦਾ ਜ਼ਿਕਰ ਨਿਮਨ ਪੰਕਤੀ ਵਿਚ 'ਤਿਲੁ' (ਤਿਲ-ਮਾਤਰ, ਬਹੁਤ ਘੱਟ ਅਥਵਾ ਨਾਂ-ਮਾਤਰ) ਕਰਕੇ ਆਇਆ ਹੈ। ਸੁਆਸਾਂ-ਰੂਪੀ ਪੂੰਜੀ ਕਿਸੇ ਦੇ ਘਟਾਇਆਂ ਜਾਂ ਵਧਾਇਆਂ, ਵਧ ਜਾਂ ਘਟ ਨਹੀਂ ਸਕਦੀ:

ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ॥(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 307)

ਚੀਜ਼ਾਂ ਨੂੰ ਵੇਚ ਕੇ ਉਨ੍ਹਾਂ ਦਾ ਮੁੱਲ ਵੱਟਿਆ ਜਾਂਦਾ ਸੀ, ਜਿਸਦਾ ਦ੍ਰਿਸ਼ਟਾਂਤ ਨਿਮਨ ਸਲੋਕ ਵਿਚ ਦਿੱਤਾ ਗਿਆ ਹੈ। ਖ਼ਰੀਦਦਾਰ ਵਸਤੂ ਦਾ ਮੁੱਲ ਤਾਰ ਕੇ ਉਸ ਵਸਤੂ ਦੀ ਖ਼ਰੀਦ ਕਰਦਾ ਸੀ। ਸਾਧਾਰਣ ਵਸਤੂਆਂ ਦਾ ਲੈਣ-ਦੇਣ ਹੱਟੀਆਂ 'ਤੇ ਹੁੰਦਾ ਸੀ:

ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ॥(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 311)

ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ॥(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 311)

ਅਤੇ,

ਹਠ ਮੰਝਾਹੂ ਮੈ ਮਾਣਕੁ ਲਧਾ॥ਮੁਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 964)

ਮੋਲਿ ਅਮੋਲੁ ਨਾ ਪਾਈਐ ਵਣਜਿ ਨ ਲੀਜੈ ਹਾਟਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1087)

ਸਲੋਕ ਬਾਣੀ-ਰੂਪ ਦੀ ਨਿਮਨ ਪੰਕਤੀ ਉਸ ਕਾਲ ਵਿਚ ਤੋਲ ਵਿਚ ਹੁੰਦੀ ਹੇਰਾ-ਫੇਰੀ ਬਾਰੇ ਅਸਿੱਧੇ ਤੌਰ 'ਤੇ ਜ਼ਿਕਰ ਕਰਦੀ ਹੈ। ਗੁਰੂ ਸਾਹਿਬ ਇਸ ਪੰਕਤੀ ਵਿਚ ਜ਼ਿਕਰ ਕਰ ਰਹੇ ਹਨ ਕਿ ਗੁਰੂ ਦੀ ਦਾਤ ਦਾ ਤੋਲ ਸਦਾ-ਸਦੀਵੀ ਪੂਰਾ ਹੁੰਦਾ ਹੈ। ਇਸ ਤੋਂ ਇਹ ਇਸ਼ਾਰਾ ਮਿਲਦਾ ਹੈ ਕਿ ਇਹ 'ਦਾਤ' ਦੁਨਿਆਵੀ ਹੱਟੀ ਤੋਂ ਖਰੀਦੀ ਹੋਈ ਕੋਈ ਚੀਜ਼ ਨਹੀਂ, ਜਿਸਦਾ ਤੋਲ ਹਟਵਾਣੀਏਂ ਦੇ ਸਾਹਮਣੇ ਪੂਰਾ ਅਤੇ ਮਗਰੋਂ ਜਾਂਚਿਆਂ ਘੱਟ ਨਿਕਲੇ:

ਨਾਨਕ ਪੂਰਾ ਤੋਲੁ ਹੈ ਕਬਹੁ ਨ ਹੋਵੈ ਘਾਟ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1087)

ਹੱਟੀ ਉੱਪਰ ਹਰ ਵਸਤੂ ਅਲੱਗ-ਅਲੱਗ ਕੀਮਤ 'ਤੇ ਮਿਲਦੀ ਸੀ। ਨਿਮਨ ਸਲੋਕ ਵਿਚ ਗੁਰੂ ਨਾਨਕ ਦੇਵ ਜੀ 'ਜਨੇਊ ਦੀ ਚਾਰ ਕੌਡੀਆਂ ਬਦਲੇ ਖ਼ਰੀਦ' ਦਾ ਜ਼ਿਕਰ ਕਰ ਰਹੇ ਹਨ। ਵਸਤੂ ਦੀ ਇਹ ਕੀਮਤ ਉਸ ਵਸਤੂ ਦੇ ਗੁਣਾਂ ਦੇ ਆਧਾਰ 'ਤੇ ਨਿਸ਼ਚਿਤ ਕੀਤੀ ਗਈ ਹੁੰਦੀ ਸੀ। ਬਾਹਰੋਂ ਸੁੰਦਰ ਦਿਸਦੀਆਂ ਵਸਤੂਆਂ ਅੰਦਰੋਂ ਵੀ ਵਧੀਆ ਹੋਣ, ਜ਼ਰੂਰੀ ਨਹੀਂ:

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥

ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 708)

ਏਥੇ ਉਕਤ ਸਲੋਕ ਵਿਚ ਧਨ ਦੀ ਸਭ ਤੋਂ ਛੋਟੀ ਪੂਰਨ ਇਕਾਈ (ਕੌਡੀ) ਦੇ ਅੰਸ਼ਿਕ ਭਾਗ 'ਅਢੁ' (ਅੱਧੀ ਕੌਡੀ) ਵੱਲ ਵੀ ਇਸ਼ਾਰਾ ਹੈ। ਕਿਸੇ ਵਸਤੂ ਦੀ ਸਹੀ ਕੀਮਤ ਤਾਂ ਹੀ ਪੈਂਦੀ ਸੀ ਜੇਕਰ ਉਹ ਵਸਤੂ (ਉਸ ਵਸਤੂ ਦੇ) ਪਾਰਖੂ ਦੇ ਹੱਥ ਵਿਚ ਹੋਵੇ, ਵਸਤੂ ਦਾ ਵਿਕਰੇਤਾ ਅੰਞਾਣ ਹੋਵੇ ਤਾਂ ਉਹ ਵਸਤੂ ਕੌਡੀਆਂ ਦੇ ਭਾਅ ਵਿਕ ਜਾਂਦੀ ਸੀ। ਗੁਣਹੀਨ ਮਨੁੱਖ ਗੁਣਾਂ ਦੀ ਕਦਰ ਕੀ ਜਾਣੇ? :

ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟਿ ਬਿਕਾਇ॥

ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਅਤੇ,

ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ॥

ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1249)

ਹੋਰ,

ਤਉ ਸਜਣ ਕੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ ਲਹਦੀ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 963)

ਉਪਰੋਕਤ ਅੰਤਲੀ ਪੰਕਤੀ ਵਿਚ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਮਨੁੱਖ ਪ੍ਰਭੂ ਦੇ ਬਖ਼ਸ਼ੇ ਪਿਆਰ ਦੀ ਕੀਮਤ ਨਾ ਪਾ ਸਕਿਆ ਪਰ ਦੂਜੇ ਪਾਸੇ ਉਸ (ਪ੍ਰਭੂ) ਤੋਂ ਬਿਨਾ, ਇਹ ਮਨੁੱਖ, ਆਪ ਵੀ ਅੱਧੀ ਕੌਡੀ ਮੁੱਲ ਦਾ ਨਹੀਂ। ਇਸ ਪੰਕਤੀ ਦਾ ਇਸ਼ਾਰਾ ਉਸ ਕਾਲ ਦੀ ਜੀਵਨ-ਜਾਚ ਬਾਰੇ ਅਸਿੱਧੇ ਤੌਰ 'ਤੇ ਉਲੇਖ ਕਰਦਾ ਹੈ। ਜੇਕਰ ਵਸਤੂ ਦਾ ਮਾਲਕ ਵਸਤੂ ਦੀ ਅਹਿਮੀਅਤ (ਕੀਮਤ) ਸਮਝਦਾ ਹੋਇਆ ਉਸ ਵਸਤੂ ਦੀ ਸੰਭਾਲ ਕਰੇ ਤਾਂ ਉਹ ਬੜੀ ਮੁੱਲਵਾਨ ਹੈ ਪਰ ਜੇਕਰ ਉਹ ਹੀ ਵਸਤੂ ਦੀ ਅਹਿਮੀਅਤ ਨਾ ਜਾਣੇ ਤਾਂ ਦੂਸਰਾ, ਕੋਈ ਹੋਰ, ਕਿਉਂ ਉਸ ਵਸਤੂ ਨੂੰ ਮੁੱਲਵਾਨ ਕਰਾਰ ਦੇ ਕੇ ਆਪਣੀ ਜੇਬ ਹਲਕੀ ਕਰੇ। ਭਾਵ, ਵਸਤੂ ਦੇ ਪਾਰਖੂ ਤੋਂ ਬਿਨਾ

ਉਸਦਾ ਕੋਈ ਖ਼ਾਸ ਮੁੱਲ ਨਹੀਂ ਸੀ। ਦੂਜੇ ਪਾਸੇ, ਜੇਕਰ ਵਿਕਰੇਤਾ ਵੀ ਸੁਝਵਾਨ ਹੋਵੇ ਤੇ ਗਾਹਕ ਵੀ ਮੁੱਲ ਪਾਉਣ ਵਾਲਾ ਤਾਂ ਵਸਤੂ ਦੀ ਕੀਮਤ ਕਈ ਗੁਣਾ ਵਧ ਜਾਂਦੀ ਸੀ। ਗੁਣਾਂ ਦੀ ਸਾਂਝ, ਗੁਣਾਂ ਦੇ ਪਾਰਖੂ ਨਾਲ ਹੀ ਕਰਨੀ ਚਾਹੀਦੀ ਹੈ:

ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1086-87)

ਤੋਲ ਪ੍ਰਣਾਲੀ ਵਿਚ ਇਕਾਈ ਵਜੋਂ 'ਮਣ' ਵੀ ਪ੍ਰਚੱਲਤ ਸੀ:

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

'ਮਣ' ਦੇ ਅਜੋਕੇ ਹਿਸਾਬ (40 ਕਿਲੋਗ੍ਰਾਮ) ਨਾਲ ਦੇਖੀਏ ਤਾਂ ਉਕਤ ਪੰਕਤੀ ਦੀ ਰੋਸ਼ਨੀ ਵਿਚ ਮਨੁੱਖੀ ਦੇਹ ਦਾ ਭਾਰ 135 ਕਿਲੋਗ੍ਰਾਮ ਬਣਦਾ ਹੈ ਜੋ ਥੋੜ੍ਹਾ ਸ਼ੱਕੀ ਜਿਹਾ ਜਾਪਦਾ ਹੈ। ਵਿਦਵਾਨਾਂ ਅਨੁਸਾਰ ਗੁਰਬਾਣੀ-ਕਾਲ ਵਿਚ ਪ੍ਰਚੱਲਤ 'ਮਣ' ਦਾ ਤੋਲ ਹੁਣ ਪ੍ਰਚੱਲਤ 'ਮਣ' (40 ਕਿਲੋਗ੍ਰਾਮ) ਨਾਲੋਂ ਘੱਟ ਸੀ। [198] ਵੱਧ ਭਾਰ ਨੂੰ ਮਣਾਂ ਵਿਚ ਆਂਕਿਆ ਜਾਂਦਾ ਸੀ:

ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਅਤੇ,

ਸਉ ਮਣੁ ਹਸਤੀ ਘਿਉ ਗੁੜੁ ਖਾਵੈ(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਉਕਤ ਅੰਤਲੀ ਪੰਕਤੀ ਦਾ ਇਸ਼ਾਰਾ ਹਾਥੀ ਦੀ ਭਾਰੀ ਖ਼ੁਰਾਕ ਵੱਲ ਹੈ। ਭਾਰੀ ਖ਼ੁਰਾਕ ਖਾ ਕੇ ਮਗਰੋਂ ਖੇਹ ਉਡਾਉਣਾ ਜਾਂ ਮਹਿੰਗੇ ਹਾਰ-ਸ਼ਿੰਗਾਰ ਕਰਕੇ ਮਗਰੋਂ ਊਲ-ਜਲੂਲ ਬੋਲਣਾ ਕਦੇ ਵੀ ਚੰਗਾ ਨਹੀਂ ਆਖਿਆ ਗਿਆ। ਧਨ ਲਈ ਇੱਕ ਪ੍ਰਚੱਲਤ ਇਕਾਈ 'ਟਕਾ' ਵੀ ਸੀ:

ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਭਾਈ ਕਾਨ੍ਹ ਸਿੰਘ ਨਾਭਾ 'ਟਕੇ' ਦਾ ਭਾਵ ਦੋ ਪੈਸੇ ਦਾ ਸਿੱਕਾ ਜਾਂ ਅੱਧੇ ਆਨੇ ਦੇ ਤੁੱਲ ਧਨ-ਮੁਦਰਾ ਦੱਸਦੇ ਹਨ। (ਨਾਭਾ, *ਮਹਾਨ ਕੋਸ਼*548) ਇਸੇ ਹਵਾਲੇ ਵਿਚ ਆਪ ਅੱਗੇ ਲਿਖਦੇ ਹਨ, "145 ਵੇਂ ਚਰਿਤ੍ਰ ਵਿਚ ਦਸ ਲਖ ਟਕਾ, ਪੰਜ ਹਜ਼ਾਰ ਅਸ਼ਰਫ਼ੀ ਦੇ ਬਰਾਬਰ ਲਿਖਿਆ ਹੈ। " ਹਿਸਾਬ ਕੀਤਿਆਂ, ਇਸ ਕਥਨ ਦੇ ਮੱਦੇਨਜ਼ਰ ਵੀ, ਇੱਕ ਅਸ਼ਰਫ਼ੀ 200 ਟਕੇ ਦੇ ਬਰਾਬਰ ਅਤੇ ਇੱਕ ਟਕਾ ਦੋ ਇਕਾਈਆਂ (ਦੋ ਪੈਸਿਆਂ) ਦੇ ਬਰਾਬਰ ਬਣਦਾ ਹੈ। ਕੈਪਟਨ ਏ.ਸੀ. ਏਲੀਐੱਟ, ਜਿਹੜੇ ਨਵੰਬਰ 1899 ਤੋਂ ਨਵੰਬਰ 1901 ਦਰਮਿਆਨ ਗੁਜਰਾਤ ਦੇ ਡਿਪਟੀ ਕਮਿਸ਼ਨਰ ਰਹੇ ਸਨ, ਨੇ ਆਪਣੀ ਰਚਨਾ 'ਦ ਕਰੌਨਿਕਲਜ਼ ਆੱਫ਼ ਗੁਜਰਾਤ' ਵਿਚ ਸੁਲਤਾਨ ਇਬਰਾਹਿਮ ਲੋਧੀ ਦੇ ਪੁੱਤਰ ਸੰਤ ਸ਼ਾਹ ਦੌਲਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ:

“At that time a new fort was being built from the bricks of certain old ruins discovered under ground. Daulah joined the other day labourers, the rate of pay being a *takah*-two pice-for a square yard of the old building dug up.” (pg. 55)

ਇਸ ਹਵਾਲੇ ਦਾ ਵਿਸ਼ਾ-ਵਸਤੂ ਵੀ ਕਿਉਂਕਿ ਗੁਰਬਾਣੀ ਰਚਨਾ ਕਾਲ ਨਾਲ ਸਬੰਧਤ ਹੈ, ਸੋ ਇਸ ਦੇ ਆਧਾਰ 'ਤੇ ਵੀ ਇਹ ਕਿਹਾ ਜਾ ਸਕਦਾ ਹੈ ਕਿ ਟਕੇ ਦਾ ਮੁੱਲ ਦੋ ਪੈਸੇ ਜਾਂ ਅੱਧੇ ਆਨੇ ਦੇ ਬਰਾਬਰ ਸੀ।

ਇੱਕ ਥਾਂ ਤੋਂ ਕਿਸੇ ਵਸਤੂ ਦੀ ਪ੍ਰਾਪਤੀ ਨਾ ਹੋਵੇ ਤਾਂ ਉਸ ਵਸਤੂ ਦੀ ਢੂੰਡ ਹੋਰ ਥਾਂ 'ਤੇ ਕੀਤੀ ਜਾਂਦੀ ਸੀ:

ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 555)

ਉਕਤ ਪੰਕਤੀ ਇਸ਼ਾਰਾ ਕਰਦੀ ਹੈ ਕਿ ਕੋਈ ਵਸਤੂ ਇੱਕ ਥਾਂ ਤੋਂ ਨਾ ਮਿਲੇ ਤਾਂ ਹੋਰ ਕਿਤੋਂ ਲੈ ਲਈ ਜਾਵੇ ਪਰ ਪ੍ਰਭੂ ਨੂੰ ਕਿਸੇ ਵੀ ਮੁੱਲ 'ਤੇ, ਕਿਸੇ ਵੀ ਹੱਟੀ ਤੋਂ ਖਰੀਦਿਆ ਨਹੀਂ ਜਾ ਸਕਦਾ। ਸੋ, ਸਪਸ਼ਟ ਹੋ ਜਾਂਦਾ ਹੈ ਕਿ ਕੋਈ ਚੀਜ਼ ਇੱਕ ਥਾਂ ਤੋਂ ਪ੍ਰਾਪਤ ਨਾ ਹੋਣ 'ਤੇ ਉਸ ਵਸਤੂ ਦੀ ਪ੍ਰਾਪਤੀ ਹਿੱਤ ਥਾਂ ਬਦਲ ਲਈ ਜਾਂਦੀ ਸੀ। ਹਰ ਚੀਜ਼ ਮੁੱਲਵਾਨ ਸੀ, ਹਰ ਚੀਜ਼ ਦੀ ਕੁਝ ਨਾ ਕੁਝ ਕੀਮਤ ਵੀ ਸੀ, ਵਸਤੂ ਤੋਲੀ ਜਾ ਸਕਦੀ ਸੀ, ਕੋਈ ਚੀਜ਼ ਮਿਣੀ ਜਾ ਸਕਦੀ ਸੀ, ਤਾਂ ਹੀ ਤਾਂ ਬਾਣੀਕਾਰਾਂ ਨੇ ਬੇਅੰਤ ਪ੍ਰਭੂ ਵਾਸਤੇ ਇਨ੍ਹਾਂ ਪ੍ਰਚੱਲਤ ਮਾਨਤਾਵਾਂ ਦੇ ਉਲਟ 'ਅਮੁਲ', 'ਕੀਮਤਿ ਕਹਣੁ ਨ ਜਾਇ', 'ਅਤੁਲੁ', 'ਅਮੇਉ' ਆਦਿ ਵਡਿਆਈ ਯੁਕਤ ਸ਼ਬਦਾਂ ਦੀ ਵਰਤੋਂ ਕੀਤੀ। ਪ੍ਰਭੂ ਦੀ ਕੀਮਤ ਨਹੀਂ ਪਾਈ ਜਾ ਸਕਦੀ:

ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੋਲਿਆ ਜਾਇ॥

ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ॥

... ... ... ... ... ... ... ...

ਨਾਨਕ ਆਪ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 555)

ਅਤੇ,

ਹਰਿ ਗੁਣ ਤੋਟਿ ਵ ਆਵਈ ਕੀਮਤਿ ਕਹਣੁ ਨ ਜਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 646)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਵਸਤੂਆਂ ਦੀ ਮਿਣਤੀ, ਤੋਲ ਅਤੇ ਕੀਮਤ ਦਾ ਪ੍ਰਚਲਨ ਹੈ। ਵਸਤੂ ਦੇ ਗੁਣਾਂ, ਪ੍ਰਾਪਤੀ ਅਤੇ ਮੰਗ ਆਦਿ ਦੇ ਆਧਾਰ ਤੇ ਵਸਤੂ ਦੀ ਕੀਮਤ ਨਿਸ਼ਚਿਤ ਕੀਤੀ ਜਾਂਦੀ ਹੈ। ਭਾਰ ਦੀਆਂ ਮੁੱਖ ਇਕਾਈਆਂ ਗ੍ਰਾਮ, ਕਿਲੋਗ੍ਰਾਮ ਅਤੇ ਟਨ ਆਦਿ ਪ੍ਰਚੱਲਤ ਹਨ।

### 2.6.2 ਕਲਮ, ਸਿਆਹੀ, ਕਾਗਜ਼ ਅਤੇ ਲਿਖ਼ਤ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਕਲਮ, ਸਿਆਹੀ, ਕਾਗਜ਼ ਅਤੇ ਲਿਖ਼ਤ ਬਾਰੇ ਕਈ ਉਲੇਖ ਪ੍ਰਾਪਤ ਹੁੰਦੇ ਹਨ, ਜਿਸ ਤੋਂ ਇਹ ਪਤਾ ਲੱਗ ਜਾਂਦਾ ਹੈ ਕਿ ਉਸ ਕਾਲ ਵਿਚ ਲਿਖਣ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਸੀ। ਕਿਸੇ ਸਲੋਕ ਵਿਚ ਇਨ੍ਹਾਂ (ਉਕਤ) ਵਿੱਚੋਂ ਇੱਕ ਅਤੇ ਕਿਸੇ ਵਿਚ ਇੱਕ ਤੋਂ ਵਧੀਕ ਚੀਜ਼ਾਂ ਦਾ ਉਲੇਖ ਮਿਲਦਾ ਹੈ। ਲੇਖਕਾਂ, ਧਾਗੇ-ਤਵੀਤ ਦੇਣ ਵਾਲਿਆਂ ਅਤੇ ਰਾਜਿਆਂ ਦੇ ਦਰਬਾਰ ਨਾਲ ਇਨ੍ਹਾਂ ਵਸਤੂਆਂ ਦਾ ਡੂੰਘਾ ਸਬੰਧ ਹੁੰਦਾ ਸੀ। ਬਾਣੀਕਾਰਾਂ ਨਾਲ ਵੀ ਲਿਖਣ ਸਮੱਗਰੀ ਦਾ ਬੜਾ ਨੇੜੇ ਦਾ ਸਬੰਧ ਰਿਹਾ ਹੈ। ਸਲੋਕ ਬਾਣੀ-ਰੂਪ ਸਪਸ਼ਟ ਕਰਦਾ ਹੈ ਕਿ ਕਾਗਜ਼ ਦੀ ਵਰਤੋਂ ਬਾਬਾ ਫਰੀਦ ਜੀ ਦੇ ਸਮੇਂ ਵੀ ਹੁੰਦੀ ਸੀ:

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥

ਕਮਾਦੈ ਅਰੁ ਕਾਗਦੈ ਕੁੰਨੈ ਕੋਇਲਿਆਹ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਭਗਤ ਕਬੀਰ ਜੀ ਦੇ ਜੀਵਨ-ਕਾਲ ਵਿਚ ਕਾਗਜ਼, ਕਲਮ ਅਤੇ ਦਵਾਤ ਦੀ ਵਰਤੋਂ ਬਾਰੇ ਇਨ੍ਹਾਂ ਪੰਕਤੀਆਂ ਤੋਂ ਪਤਾ ਲੱਗ ਜਾਂਦਾ ਹੈ, "ਹੋ ਸਕਦਾ ਹੈ ਕਿ ਸੇਵਕਾਂ-ਸ਼ਰਧਾਲੂਆਂ ਨੇ ਕਬੀਰ ਜੀ ਦੀ ਬਾਣੀ ਜ਼ਬਾਨੀ ਯਾਦ ਕਰ ਰਖੀ ਹੋਵੇ, ਲਿਖ ਕੇ ਰੱਖਣ ਦਾ ਕੋਈ ਪ੍ਰਬੰਧ ਨਾ ਹੋ ਸਕਿਆ ਹੋਵੇ। ਪਰ ਇਹ ਉਹ ਜ਼ਮਾਨਾ ਨਹੀਂ ਸੀ ਜਦੋਂ ਕਾਗਜ਼ ਕਲਮ ਦਵਾਤ ਨਾ ਮਿਲਦੇ ਹੋਣ। ਇਹ ਅਣਹੋਂਦ ਵੇਦਾਂ ਦੇ ਜ਼ਮਾਨੇ ਵਿਚ ਸੀ, ਜਦੋਂ ਕਵੀ ਰਿਸ਼ੀ ਆਪਣੀ ਤੇ ਆਪਣੇ ਬਜ਼ੁਰਗਾਂ ਦੀ ਰਚੀ ਹੋਈ ਕਵਿਤਾ ਜ਼ਬਾਨੀ ਯਾਦ ਰੱਖਦੇ ਸਨ। " (ਸਾਹਿਬ ਸਿੰਘ, *ਸਲੋਕ ਤੇ ਸ਼ਬਦ ਫ਼ਰੀਦ ਜੀ ਸਟੀਕ* 28-29) ਇਸ ਕਥਨ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਭਗਤ ਕਬੀਰ ਜੀ ਸਮੇਂ ਲਿਖਣ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਸੀ। ਪਾਂਧੇ ਵੀ ਸਿਆਹੀ ਦੀ ਵਰਤੋਂ ਕਰਿਆ ਕਰਦੇ ਸਨ। ਦੇਖੋ, "ਤਾਂ ਰੱਬ ਦੇ ਬਾਲਕੇ (ਬਾਲ ਗੁਰੂ ਨਾਨਕ ਦੇਵ ਜੀ) ਨੇ ਭੋਲੇ ਭਾ ਆਖਿਆ:- ਪਾਂਧਾ ਜੀ! ਮੋਹ ਜੋ ਹੈ ਮੋਹ, ਮਮਾਂ ਮੋਹ, ਓਸ ਨੂੰ ਸਾੜ ਦਿਓ, ਫੇਰ ਘਸਾਕੇ ਬਣਾ ਲਓ ਸ਼ਾਹੀ, ਤੁਸੀਂ ਬਣਾਉਂਦੇ ਹੋ ਨਾ ਫੁੱਲੇ ਦੀ ਸ਼ਾਹੀ, ਉਵੇਂ। " (ਵੀਰ ਸਿੰਘ, *ਗੁਰ ਬਾਲਮ ਸਾਖੀਆਂ* 13)

ਬਾਬਾ ਫਰੀਦ ਜੀ ਦੇ ਰਚੇ ਹੋਏ ਉਕਤ ਸਲੋਕ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਜੀਵਨ ਕਾਲ ਵਿਚ ਕਾਗਜ਼ ਦੀ ਵਰਤੋਂ ਹੁੰਦੀ ਸੀ। ਇਸ ਸਲੋਕ ਤੋਂ ਉਪਰੰਤ ਸਾਰੀ ਚਰਚਾ ਦੀ ਰੋਸ਼ਨੀ ਵਿਚ ਇਹ ਸਪਸ਼ਟ ਹੋ ਜਾਂਦਾ ਹੈ ਗੁਰਬਾਣੀ ਰਚਨਾ ਕਾਲ ਵਿਚ ਕਾਗਜ਼, ਕਲਮ ਅਤੇ ਸਿਆਹੀ ਦੀ ਵਰਤੋਂ ਕੀਤੀ ਜਾਂਦੀ ਸੀ। ਨਿਮਨ ਚਰਚਾ ਵਿਚ ਲਿਖਣ-ਸਮੱਗਰੀ ਬਾਰੇ ਹੋਰ ਆਯਾਮਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਜਾਵੇਗਾ। ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਲਿਖ਼ਤ ਸਬੰਧੀ ਦ੍ਰਿਸ਼ਟਾਂਤ ਦੇਖਦੇ ਹਾਂ। ਹੇਠ ਲਿਖੀਆਂ ਪੰਕਤੀਆਂ ਵਿਚ ਦੁਨਿਆਵੀ ਲਿਖ਼ਤ ਨੂੰ ਆਧਾਰ-ਰੂਪ ਲੈਂਦੇ ਹੋਏ, ਗੁਰੂ ਸਾਹਿਬ ਮੱਥੇ ਦੀ ਲਿਖ਼ਤ ਬਾਰੇ ਗੱਲ ਕਰ ਰਹੇ ਹਨ। ਪੂਰਾ ਸਤਿਗੁਰੂ ਤਾਂ ਉਸ ਨੂੰ ਹੀ ਮਿਲਦਾ ਹੈ, ਜਿਸਦੇ ਭਾਗਾਂ ਵਿਚ ਲਿਖਿਆ ਹੋਇਆ ਹੋਵੇ। ਇਸ ਤੋਂ ਬਾਅਦ ਫੱਟੀ (ਤਖ਼ਤੀ), ਕਲਮ ਅਤੇ ਲਿਖ਼ਤ ਦਾ ਉਦਾਹਰਨ ਦੇਖੋ:

> ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 307)
>
> ਐਸਾ ਸਤਿਗੁਰੁ ਸੇਈ ਪਾਏ ਜਿਸੁ ਧੁਰਿ ਮਸਤਕਿ ਹਰਿ ਲਿਖਿ ਪਾਇਆ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)
>
> ਆਪੇ [199]ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1291)

ਹੇਠ ਲਿਖੇ ਸਲੋਕ ਵਿਚ ਭਗਤ ਕਬੀਰ ਜੀ ਸਿਆਹੀ, ਕਲਮ ਅਤੇ ਕਾਗਜ਼ ਦੀ ਵਰਤੋਂ ਦਾ ਉਲੇਖ ਕਰ ਰਹੇ ਹਨ। ਕੋਈ ਵੀ ਲਿਖਣ ਸਮੱਗਰੀ, ਪੂਰਾ ਜ਼ੋਰ ਲਾ ਕੇ ਵੀ, ਪ੍ਰਭੂ ਦਾ ਜਸ ਨਹੀਂ ਲਿਖ ਸਕਦੀ। ਅਗਲੀਆਂ ਪੰਕਤੀਆਂ ਵਿਚ ਕਾਗਜ਼, ਕਲਮ, ਸਿਆਹੀ ਪਾਉਣ ਵਾਲੇ ਭਾਂਡੇ, ਸਿਆਹੀ ਅਤੇ ਲਿਖਾਰੀ ਦੀ ਚਰਚਾ ਕੀਤੀ ਗਈ ਹੈ:

> ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥
> ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)
> ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ॥
> ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1291)
> ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ॥

... ... ... ... ... ... ... ...

ਕਲਉ ਮਸਾਜਨੀ ਜਾਇਸੀ ਲਿਖਿਆ ਭੀ ਨਾਲੇ ਜਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 84)

ਅਤੇ,

ਕਲਮ ਜਲਉ ਸਣੁ ਮਸਵਾਣੀਐ ਕਾਗਦ ਭੀ ਜਲਿ ਜਾਉ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 84)

ਕਲਮ ਨਾਲ ਮੱਥੇ ਦੇ ਲੇਖ ਲਿਖੇ ਜਾਣਾ, ਕਲਮ ਅਤੇ ਲਿਖ਼ਤ ਨਾਲ ਉਸ ਕਾਲ ਦੇ ਸਬੰਧ ਨੂੰ ਜੋੜਦਾ ਹੈ। ਸਲੋਕ ਬਾਣੀ-ਰੂਪ ਦਾ ਅਗਲਾ ਤੁਕਾਂਗ ਦ੍ਰਿਸ਼ਟਾਂਤ ਦਿੰਦਾ ਹੈ ਕਿ ਰਾਜ-ਦਰਬਾਰ ਵਿਚ ਲਿਖਣ ਸਮੱਗਰੀ ਦੀ ਬੜੀ ਮਹੱਤਤਾ ਸੀ:

ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 261)

ਦੀਬਾਨੁ ਏਕੋ ਕਲਮ ਏਕਾ(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)

ਉਕਤ ਤੁਕਾਂਗ ਵਿਚ ਜ਼ਿਕਰ ਭਾਵੇਂ ਰੱਬੀ ਕਚਿਹਰੀ ਦਾ ਹੈ ਪਰ ਇਹ ਸੱਚੀ ਕਚਿਹਰੀ ਦੁਨਿਆਵੀ ਝੂਠੀਆਂ ਕਚਿਹਰੀਆਂ ਦੇ ਸਨਮੁਖ ਬਾਣੀਕਾਰਾਂ ਵੱਲੋਂ ਖੜ੍ਹੀ ਕੀਤੀ ਗਈ ਹੈ, ਜਿੱਥੇ ਦੁਨਿਆਵੀ ਰਾਜਿਆ ਦੀਆਂ ਕਚਿਹਰੀਆਂ ਵਾਂਗ ਝੂਠੇ ਲੇਖ ਨਹੀਂ ਲਿਖੇ ਜਾਂਦੇ ਸਗੋਂ ਸੱਚ-ਝੂਠ ਦੇ ਨਿਤਾਰੇ ਕੀਤੇ ਜਾਂਦੇ ਹਨ। ਮੂਲ ਆਧਾਰ-ਸਮੱਗਰੀ ਦੁਨਿਆਵੀ ਕਚਿਹਰੀਆਂ ਵਾਲੀ ਹੀ ਹੈ। ਸੋ, ਉਕਤ ਪੰਕਤੀ ਵਿਚ ਦਿੱਤੇ ਦ੍ਰਿਸ਼ਟਾਂਤ ਦਾ ਅਸਿੱਧਾ ਸਬੰਧ ਰਾਜ ਦਰਬਾਰਾਂ ਵਿਚ ਕਲਮ ਨਾਲ ਲਿਖੀਆਂ ਜਾਂਦੀਆਂ ਲਿਖਤਾਂ ਨਾਲ ਹੀ ਹੈ। ਰਾਜਿਆਂ ਦੇ ਦਰਬਾਰਾਂ ਵਿਚ ਜਨਤਾ ਦੀਆਂ ਗਤੀਵਿਧੀਆਂ ਦਾ ਵੇਰਵਾ ਲਿਖਿਆ ਜਾਂਦਾ ਸੀ:

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥

ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1241)

ਉਕਤ ਸਲੋਕ ਵਿਚ ਪ੍ਰਭੂ ਦੇ ਦੀਵਾਨ ਦੀ ਗੱਲ ਹੈ। ਤੁਲਨਾ ਰਾਜ ਦਰਬਾਰ ਨਾਲ ਹੈ ਪਰ ਵਾਰ-ਵਾਰ ਸ਼ਬਦ 'ਸੱਚ' ਦੀ ਵਰਤੋਂ ਕੀਤੀ ਗਈ ਹੈ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਰਾਜ-ਦਰਬਾਰਾਂ ਵਿਚ ਸਭ ਕੁਝ ਸੱਚੋ-ਸੱਚ ਨਹੀਂ ਸੀ ਹੋ ਰਿਹਾ, ਜਿਹੜਾ ਹੋਣਾ ਚਾਹੀਦਾ ਸੀ। ਨਹੀਂ ਤਾਂ ਗੁਰੂ ਸਾਹਿਬ ਨੂੰ ਉਕਤ ਇੱਕ ਪੰਕਤੀ ਵਿਚ ਹੀ ਤਿੰਨ ਸ਼ਬਦ 'ਸਚਾ', 'ਸਚਿ', 'ਸਚੁ' ਨਾ ਵਰਤਣੇ ਪੈਂਦੇ ਸਗੋਂ ਰੱਬੀ ਦਰਗਾਹ ਦੀ ਤੁਲਨਾ ਸਿੱਧੀ ਹੀ ਰਾਜ ਦਰਬਾਰ ਨਾਲ ਕਰ ਦਿੱਤੀ ਜਾਂਦੀ। ਗੱਲ ਕਹਿਣ ਦੇ ਦੋ ਢੰਗ, ਲਿਖਤੀ ਅਤੇ ਜ਼ੁਬਾਨੀ, ਸਨ:

ਜੇਤਾ ਆਖਣੁ ਸਾਹੀ ਸਬਦੀ(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1242)

ਲਿਖ਼ਤਾਂ ਵਿਚ ਕਈ ਇੰਦਰਾਜ਼ ਸਿਰਲੇਖ ਵਿਸ਼ੇਸ਼ ਹੇਠ ਹੋਇਆ ਕਰਦੇ ਸਨ। ਪੰਨਾ/ਕੁਝ ਪੰਨੇ ਇਨ੍ਹਾਂ ਸਿਰਲੇਖਾਂ ਹੇਠਲੇ ਮਜ਼ਮੂਨ ਨਾਲ ਸਬੰਧਤ ਕਰ ਦਿੱਤੇ ਜਾਂਦੇ ਸਨ। ਰਾਜ-ਦਰਬਾਰਾਂ ਵਿਚ ਕਈ ਲਿਖ਼ਤਾਂ ਖ਼ਾਸ ਕੋਡ ਵਿਚ ਲਿਖੀਆਂ ਜਾਂਦੀਆਂ ਸਨ, ਜਿਨ੍ਹਾਂ ਦੀ ਸਮਝ ਰਾਜ ਦਰਬਾਰ ਦੇ ਖ਼ਾਸ ਕਰਿੰਦਿਆਂ ਨੂੰ ਹੀ ਹੁੰਦੀ ਸੀ:

ਪੂਰੇ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 643)

ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ॥

ਨਾਨਕ ਏਹੁ [200]ਪਟੰਤਰਾ ਤਿਤੁ ਦੀਬਾਣੁ ਗਇਆਹ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਧਾਗੇ-ਤਵੀਤ ਦੇਣ ਵਾਲੇ, ਜੰਤਰ-ਮੰਤਰ ਲਿਖ ਕੇ, ਉਨ੍ਹਾਂ ਕੋਲ ਗਏ ਹੋਇਆਂ ਨੂੰ ਦਿਆ ਕਰਦੇ ਸਨ। ਗੁਰੂ ਸਾਹਿਬ ਅਜਿਹੀ ਸਿੱਖਿਆ ਨੂੰ ਧਿਰਕਾਰਯੋਗ ਆਖਦੇ ਹਨ। ਵਿੱਦਿਆ ਪ੍ਰਾਪਤੀ ਦਾ ਲਾਭ ਤਾਂ ਤਦ ਹੈ, ਜੇਕਰ ਉਹ ਦੁਨੀਆ ਦੇ ਕਿਸੇ ਕੰਮ ਆਵੇ:

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਉਕਤ ਸਮੁੱਚੀ ਚਰਚਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਰਚਨਾ-ਕਾਲ ਵਿਚ ਲਿਖਣ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਸੀ। ਰਾਜ ਦਰਬਾਰਾਂ, ਲੇਖਕਾਂ, ਜੰਤਰ-ਮੰਤਰ ਜਾਨਣ ਵਾਲਿਆਂ, ਪਾਂਧਿਆਂ (ਵਿੱਦਿਆ) ਆਦਿ ਦੇ ਖੇਤਰ ਵਿਚ ਇਸਦੀ ਅਹਿਮ ਥਾਂ ਸੀ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਲਿਖਣ ਸਮੱਗਰੀ ਵਜੋਂ ਕਈ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਖੇਤਰ ਵਿਚ ਕਾਫ਼ੀ ਤਰੱਕੀ ਹੋਈ ਹੈ।

### 2.6.3 ਸੰਚਾਰ

ਸੰਚਾਰ ਤੋਂ ਭਾਵ ਹੈ, "ਚੱਲਣਾ, ਫੈਲਣਾ" (ਪੰਨਾ-389)। ਮਨੁੱਖੀ ਗੱਲ-ਬਾਤ ਦੇ ਖੇਤਰ ਵਿਚ ਇਸ ਸ਼ਬਦ ਦਾ ਭਾਵ ਕਿਸੇ ਦੇ ਮਨੋਭਾਵਾਂ ਦਾ ਦੂਜੇ/ਦੂਜਿਆਂ ਤੱਕ ਪੁੱਜਣਾ ਤੋਂ ਲਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿੱਚੋਂ ਗੁਰਬਾਣੀ ਰਚਨਾ-ਕਾਲ ਦੀ ਸੰਚਾਰ-ਜੁਗਤ ਬਾਰੇ ਉਲੇਖ ਮਿਲਦਾ ਹੈ। ਭਗਤ ਕਬੀਰ ਜੀ ਦਾ ਹੇਠਾਂ ਲਿਖਿਆ ਸਲੋਕ ਉਸ ਕਾਲ ਦੀ ਸੰਚਾਰ-ਜੁਗਤ ਵਿਚ ਸਹਾਇਕ ਸੰਚਾਰ-ਸਾਧਨ 'ਢੋਲ' ਬਾਰੇ ਜ਼ਿਕਰ ਕਰਦਾ ਹੈ। ਇਸ ਸਲੋਕ ਵਿਚ ਕਬੀਰ ਜੀ ਮੋਢੇ 'ਤੇ ਢੋਲ ਰੱਖ ਕੇ ਉੱਚੀ-ਉੱਚੀ ਹੋਕਾ ਦੇਣ ਦੀ ਗੱਲ ਕਰਦੇ ਹਨ। ਇਸ ਤਰ੍ਹਾਂ ਕਰ ਕੇ ਉੱਚੀ ਆਵਾਜ਼ ਨਾਲ ਪਹਿਲਾਂ ਦੂਜਿਆਂ ਦਾ ਧਿਆਨ ਆਪਣੇ ਪ੍ਰਤਿ ਆਕਰਸ਼ਿਤ ਕਰਨਾ ਤੇ ਫਿਰ ਉਨ੍ਹਾਂ ਨੂੰ ਆਪਣੀ ਗੱਲ ਕਹਿਣ ਦਾ ਇਸ਼ਾਰਾ ਮਿਲਦਾ ਹੈ। ਇਸ ਤਰ੍ਹਾਂ ਢੋਲ ਸੰਚਾਰ ਦਾ ਇੱਕ ਸਹਾਇਕ ਸਾਧਨ ਹੋ ਨਿਬੜਦਾ ਹੈ। ਘੁੰਮ-ਫਿਰ ਕੇ ਆਪਣੀ ਗੱਲ ਦੂਜਿਆਂ ਤੱਕ ਪੁੱਜਦੀ ਕਰਨਾ, ਇਸ ਸਲੋਕ ਵਿਚ ਦੂਜਾ, ਇੱਕ ਹੋਰ, ਪੱਖ ਹੈ। ਬਾਣੀਕਾਰ ਤਾਂ ਸੱਚ ਦਾ ਹੋਕਾ ਕੂਕ-ਕੂਕ ਕੇ ਦਿੰਦੇ ਹਨ। ਉਹ ਲੋਕਾਈ ਦਾ ਜੀਵਨ ਸੁਖਾਲ਼ਾ ਦੇਖਣਾ ਚਾਹੁੰਦੇ ਹਨ। ਦੇਖੋ:

ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲ ਕੰਧ ਚਢਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਸੰਚਾਰ ਦੇ ਅਨੇਕ, ਪ੍ਰਿੰਟਿੰਗ ਅਤੇ ਇਲੈਕਟ੍ਰੌਨਿਕ ਸਾਧਨ ਪ੍ਰਚੱਲਤ ਹਨ। "ਸੰਚਾਰ ਨਿਰੰਤਰ ਚੱਲਣ ਵਾਲੀ ਇਕ ਅਜਿਹੀ ਪ੍ਰਕ੍ਰਿਆ ਹੈ, ਜਿਸ ਰਾਹੀਂ ਮਨੁੱਖ ਆਪਣੇ ਆਪ ਨਾਲ ਅਤੇ ਦੂਜਿਆਂ ਨਾਲ ਸੰਚਾਰ ਕਰਦਾ ਹੈ। ਜਦੋਂ ਇਸ ਪ੍ਰਕ੍ਰਿਆ ਵਿੱਚ ਦੋ ਜਾਂ ਦੋ ਤੋਂ ਵੱਧ ਵਿਅਕਤੀ ਆਹਮੋ-ਸਾਹਮਣੇ ਸੰਚਾਰ ਕਰਨ ਤਾਂ ਇਸ ਨੂੰ ਅੰਤਰ-ਵਿਅਕਤੀ ਸੰਚਾਰ ਕਿਹਾ ਜਾਂਦਾ ਹੈ। ਜਿਉਂ-ਜਿਉਂ ਗਰੁੱਪ ਵੱਡਾ ਹੁੰਦਾ ਜਾਂਦਾ ਹੈ, ਸੰਚਾਰ ਦੀਆਂ ਪ੍ਰਸੁਥਿਤੀਆਂ ਵੀ ਬਦਲਦੀਆਂ ਰਹਿੰਦੀਆਂ ਹਨ ਤੇ ਸੰਚਾਰ ਦੀ ਪਰਿਭਾਸ਼ਾ ਵੀ... ... ਜਨ-ਪੱਧਰ ਉਪਰ ਸੰਚਾਰ ਸਦੀਆਂ ਤੋਂ ਹੁੰਦਾ ਆ ਰਿਹਾ ਹੈ... ... ਅੱਜ ਅਤਿ ਆਧੁਨਿਕ ਸੰਚਾਰ ਸਾਧਨਾਂ ਰਾਹੀਂ ਹੋ ਰਿਹਾ ਹੈ। " (ਧਨਵੰਤ ਕੌਰ, *ਸਮਕਾਲੀ ਪੰਜਾਬੀ ਸਮਾਜ* 201) "ਤਕਨਾਲੌਜੀ ਦੇ ਵਧਣ ਅਤੇ ਨਿੱਤ ਨਵੀਆਂ ਕਾਢਾਂ ਨਾਲ ਜ਼ਿੰਦਗੀ

ਦੀ ਰਫਤਾਰ ਤੇਜ਼ ਹੋ ਰਹੀ ਹੈ। ਸੰਪਰਕ ਦੇ ਸ਼ਾਧਨਾਂ ਵਿਚ ਤੇਜ਼ੀ ਆਉਣ ਨਾਲ ਦੁਨੀਆਂ ਸੁੰਗੜਦੀ ਜਾ ਰਹੀ ਹੈ ...। " (ਹਰੀਸ਼ ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ* 16)

### 2.6.4 ਪੜ੍ਹਾਈ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਗੁਰਬਾਣੀ ਰਚਨਾ-ਕਾਲ ਦੇ ਸਮਾਜਿਕ ਜੀਵਨ ਵਿਚ ਵਿੱਦਿਆ ਦਾ ਵਿਸ਼ੇਸ਼ ਮਹੱਤਵ ਸੀ। ਵਿੱਦਿਆ ਨੂੰ ਗੁਣਾਂ ਦਾ ਖ਼ਜ਼ਾਨਾ ਸਮਝਿਆ ਜਾਂਦਾ ਸੀ ਅਤੇ ਵਿੱਦਿਆ ਵਾਲੇ ਵਿਅਕਤੀ ਦੀ ਬੜੀ ਕਦਰ ਹੁੰਦੀ ਸੀ ਪਰ ਉਸ ਕਾਲ ਵਿਚ ਵਿੱਦਿਆ ਦਾ ਘੇਰਾ ਇੱਕ ਖ਼ਾਸ ਵਰਗ ਤੱਕ ਹੀ ਸੀਮਿਤ ਸੀ। ਇੱਕ ਵਿਸ਼ੇਸ਼ ਵਰਗ ਵਿਚ ਜਨਮ ਲੈਣ ਦਾ ਮਾਣ, ਦੂਜਾ ਵਿੱਦਿਆ ਪ੍ਰਾਪਤ ਕਰ ਲੈਣੀ (ਜੋ ਹੋਰ ਵਰਗਾਂ ਲਈ ਅਸੰਭਵ ਸੀ), ਬਹੁਤੀ ਵਾਰ ਅਭਿਮਾਨ ਦਾ ਕਾਰਨ ਬਣ ਜਾਂਦੇ ਸਨ। ਬਾਣੀਕਾਰਾਂ ਨੇ ਇਹ ਸਾਰਾ ਕੁਝ ਅਨੁਭਵ ਕਰਦੇ ਹੋਏ, ਲੋਕਾਈ ਨੂੰ ਸੁਚੱਜੀ ਜੀਵਨ-ਜਾਚ ਦਰਸਾਉਂਦਿਆਂ, ਵਿੱਦਿਆ ਵਾਲੇ ਲਈ ਕੁਝ ਨਿਯਮ ਸਥਾਪਿਤ ਕੀਤੇ, ਜਿਨ੍ਹਾਂ ਨੂੰ ਉਹ ਜੇਕਰ ਅਪਣਾਵੇ ਤਾ ਸਮੁੱਚੀ ਲੋਕਾਈ ਦਾ ਭਲਾ ਹੋਵੇ। ਹੇਠ ਲਿਖੀਆਂ ਸਤਰਾਂ ਵਿਚ ਉਸ ਕਾਲ ਦੇ ਵਿੱਦਿਆ ਖੇਤਰ ਬਾਰੇ ਚਰਚਾ ਕੀਤੀ ਜਾ ਰਹੀ ਹੈ:

ਭਗਤ ਕਬੀਰ ਜੀ ਕ੍ਰਿਤ ਸਲੋਕ ਦਾ ਨਿਮਨ ਤੁਕਾਂਗ ਵਿਚ ਉਨ੍ਹਾਂ ਦੇ ਜੀਵਨ-ਕਾਲ ਵਿੱਚ ਵਿੱਦਿਆ ਦੇ ਮਹੱਤਵ ਨੂੰ ਦਰਸਾਉਂਦਾ ਹੈ। ਕਬੀਰ ਜੀ ਆਖਦੇ ਹਨ ਕਿ ਜਿਵੇਂ ਸੰਸਾਰ ਸਮਝਦਾ ਹੈ ਕਿ ਰਸਮੀ ਵਿੱਦਿਆ ਦੀ ਪ੍ਰਾਪਤੀ ਕਰ ਲੈਣਾ ਚੰਗਾ ਕੰਮ ਹੈ, ਮੈਂ ਵੀ ਇਸ ਗੱਲ 'ਤੇ ਯਕੀਨ ਕਰ ਬੈਠਾ:

> ਕਬੀਰ ਮੈ ਜਾਨਿਓ ਪੜਿਬੋ ਭਲੋ (*ਸ੍ਰੀ ਗੁਰੂ ਗ੍ਰੰਥ ਸਾਹਿਬ* 1366)

ਇਸ ਉਕਤ ਕਥਨ ਵਿਚ ਕਬੀਰ ਜੀ ਭਾਵੇਂ ਇਹ ਆਖ ਰਹੇ ਹਨ ਕਿ ਲੋਕਾਂ ਵਾਂਗ ਮੈਂ ਵੀ ਯਕੀਨ ਕਰ ਬੈਠਾ ਕਿ ਪੜ੍ਹਨਾ ਚੰਗਾ ਕੰਮ ਹੈ, ਪਰ ਨਾਲ ਹੀ ਇਸ ਪੰਕਤੀ ਵਿਚ ਲੋਕ-ਮਨ ਦੇ ਉਸ ਵਿਸ਼ਵਾਸ 'ਤੇ ਰੋਸ਼ਨੀ ਵੀ ਪੈ ਗਈ ਹੈ ਕਿ ਉਸ ਸਮੇਂ ਦੇ ਲੋਕ ਪੜ੍ਹਾਈ ਨੂੰ ਬੜੀ ਅਹਿਮੀਅਤ ਦਿੰਦੇ ਸਨ। ਗੁਰੂ ਨਾਨਕ ਦੇਵ ਜੀ ਕ੍ਰਿਤ ਸਲੋਕ ਦੇ ਹੇਠ ਲਿਖੇ ਤੁਕਾਂਗ ਵਿਚ ਵੀ ਵਿੱਦਿਆ ਦੀ ਅਹਿਮੀਅਤ ਦੀ ਚਰਚਾ ਹੈ, ਜਿਸ ਵਿਚ ਗੁਰੂ ਜੀ ਨੂੰ ਲੋਕਾਈ ਦੇ ਹਾਲਾਤ ਦੇਖ ਕੇ ਤਰਸ ਆ ਰਿਹਾ ਹੈ ਕਿ ਉਹ ਵਿੱਦਿਆ ਤੋਂ ਸੱਖਣੇ ਹੋਣ ਕਾਰਨ ਠਗੇ ਜਾ ਰਹੀ ਹੈ। ਭਾਵ ਸਾਧਾਰਨ ਜਨਤਾ ਵਿੱਦਿਆ-ਧਨ ਤੋਂ ਖ਼ਾਲੀ ਸੀ:

> ਨਾਨਕ ਮੁਸੈ ਗਿਆਨ ਵਿਹੂਣੀ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

ਗਿਆਨ ਪ੍ਰਾਪਤ ਕਰਨਾ ਬਹੁਤ ਕਠਿਨ ਕੰਮ ਹੈ। ਇਹ ਗੱਲਾਂ ਨਾਲ ਨਹੀਂ ਮਿਲਦਾ। ਇਸ ਦੀ ਪ੍ਰਾਪਤੀ ਲਈ ਤਾਂ ਕਠਿਨ ਘਾਲਣਾ ਘਾਲਣੀ ਪੈਂਦੀ ਹੈ। ਇਹ ਗੱਲਾਂ ਦਾ ਵਿਸ਼ਾ ਨਹੀਂ। ਪੜ੍ਹ-ਲਿਖ ਕੇ ਚੱਜ-ਆਚਾਰ ਦੀ ਚੰਗੀ ਸੋਝੀ ਮਿਲ ਜਾਂਦੀ ਹੈ:

> ਗਿਆਨ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

> ਪੜਹਿ ਗੁਣਹਿ ਤਿਨ੍ ਚਾਰ ਵੀਚਾਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 470)

ਇਸਦਾ ਇਹ ਭਾਵ ਨਹੀਂ ਕਿ ਨਾ ਪੜ੍ਹਿਆ ਹੋਇਆ ਮਨੁੱਖ ਚੱਜ-ਆਚਾਰ ਦੀ ਸੋਝੀ ਨਹੀਂ ਰੱਖਦਾ। ਪਰ ਸੁੱਚੀ ਲਗਨ ਨਾਲ ਪੜ੍ਹਨ ਵਾਲਾ ਮਨੁੱਖ ਜੀਵਨ ਦੇ ਕਿਸੇ ਪਹਿਲੂ ਨੂੰ ਕਈ ਕੋਣਾਂ ਤੋਂ ਦੇਖ ਲੈਂਦਾ ਹੈ। ਡਾ. ਕੇਨ ਸਪਿਲਮਨ ਦੇ ਕਹੇ ਹੋਏ ਸ਼ਬਦ ਏਥੇ ਬੜੇ ਮਹੱਤਵਪੂਰਨ ਹਨ,"...through reading you can learn more about people than you will ever learn

through talking to them." (*NBT Newsletter October 2016* 4) ਸਹੀ ਗਿਆਨ ਦੀ ਪ੍ਰਾਪਤੀ ਹੋ ਜਾਵੇ, ਜਿਸ ਤੋਂ ਜਗਤ ਦੀ ਅਸਲੀਅਤ ਦਾ ਆਭਾਸ ਹੋ ਜਾਵੇ ਤਾਂ ਜੀਵਨ ਸਕਾਰਥਾ ਹੋ ਜਾਂਦਾ ਹੈ:

ਏਹੁ ਸਭੁ ਕਿਛੁ ਆਵਣੁ ਜਾਣੁ ਹੈ ਜੇਤਾ ਹੈ ਆਕਾਰੁ॥

ਜਿਨਿ ਏਹੁ ਲੇਖਾ ਲਿਖਿਆ ਸੋ ਹੋਆ ਪਰਵਾਣੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 516)

ਹੇਠ ਲਿਖੀ ਪੰਕਤੀ ਵੀ ਉਸ ਕਾਲ ਵਿਚ ਵਿੱਦਿਆ ਦੀ ਅਹਿਮੀਅਤ ਪ੍ਰਤਿ ਅਸਿੱਧਾ ਇਸ਼ਾਰਾ ਕਰਦੀ ਹੈ। ਗੁਰੂ ਅਰਜਨ ਦੇਵ ਜੀ ਇਸ ਪੰਕਤੀ ਵਿਚ ਨਿਮਰਤਾ ਭਾਵ ਨਾਲ ਆਖ ਰਹੇ ਹਨ ਕਿ ਮੈਂ ਵੇਦ ਵਿੱਦਿਆ (ਜੋ ਉਸ ਸਮੇਂ ਵਿਦਵਾਨ ਦਾ ਖ਼ਾਸ ਲੱਛਣ ਮੰਨਿਆ ਜਾਂਦਾ ਸੀ) ਦਾ ਖ਼ਜ਼ਾਨਾ ਵੀ ਨਹੀਂ, ਮੇਰੇ ਅੰਦਰ ਪ੍ਰਭੂ ਨਾਮ-ਕੀਰਤੀ ਦਾ ਗੁਣ ਵੀ ਨਹੀਂ। ਦੂਸਰੇ ਸ਼ਬਦਾਂ ਵਿਚ ਉਸ ਕਾਲ ਵਿਚ ਵੇਦ-ਵਿੱਦਿਆ ਦੇ ਗਿਆਤਾ ਨੂੰ ਬੜੀ ਮਾਨਤਾ ਮਿਲਦੀ ਸੀ:

ਨਚ ਬਿਦਿਆ ਨਿਧਾਨ ਨਿਗਮੰ ਨਚ ਗੁਣਗ੍ਯ ਨਾਮ ਕੀਰਤਨਹ॥

ਨਚ ਰਾਗ ਰਤਨ ਕੰਠੰ ਨਹ ਚੰਚਲ ਚਤੁਰ ਚਾਤੁਰਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1356)

ਪਰ ਜੇਕਰ ਸਹੀ ਅਰਥਾਂ ਵਿਚ ਕੋਈ ਵਿੱਦਿਆ ਨੂੰ ਆਤਮਸਾਤ ਕਰੇ ਤਾਂ ਉਹ ਆਪਣੇ ਨਾਲ ਸਮੁੱਚੇ ਪਰਿਵਾਰ ਦਾ ਕਲਿਆਣ ਕਰ ਲੈਣ ਦੀ ਸਮਰੱਥਾ ਰੱਖਦਾ ਹੈ:

ਬੇਦ ਪੁਰਾਣ ਸਾਸਤ੍ਰ ਬੀਚਾਰੰ॥ ਏਕੰਕਾਰ ਨਾਮ ਉਰ ਧਾਰੰ॥

ਕੁਲਹ ਸਮੂਹ ਸਗਲ ਉਧਾਰੰ॥ ਬਡਭਾਗੀ ਨਾਨਕ ਕੋ ਤਾਰੰ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1361)

ਵਿੱਦਿਆ ਵਿਚ ਪਰਵੀਨ ਹੋਣਾ, ਹੈ ਤਾਂ ਔਖਾ ਪਰ ਅਸੰਭਵ ਨਹੀ। ਪ੍ਰਭੂ ਦੀ ਕੀਰਤੀ ਲਿਖਣ ਲਈ ਵੀ ਤਾਂ ਵਿੱਦਿਆ ਦੀ ਬੜੀ ਜ਼ਰੂਰਤ ਹੈ:

ਨਚ ਦੁਰਲਭੰ ਬਿਦਿਆ ਪ੍ਰਬੀਣੰ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥

ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਗੁਰੂ ਨਾਨਕ ਦੇਵ ਜੀ ਤਤਕਾਲੀ ਸਮਾਜ ਦੀ ਦਸ਼ਾ ਉੱਪਰ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ ਸਮਾਜ ਵਿਚ ਐਸੇ ਵੀ ਮਨੁੱਖ ਨੇ ਜੋ ਇੱਕ ਅੱਖਰ ਵੀ ਪੜ੍ਹਨਾ ਨਹੀਂ ਜਾਣਦੇ। ਜਿਸਨੂੰ ਇੱਕ ਅੱਖਰ ਦਾ ਵੀ ਗਿਆਨ ਨਹੀਂ ਉਸਦੀ ਗੱਲ ਛੱਡ ਵੀ ਦੇਈਏ ਤਾਂ ਆਪਣੇ ਗਿਆਨ ਦਾ ਮਾਣ ਕਰਨ ਵਾਲੇ ਵੀ ਆਪਣਾ ਸਮਾਂ ਵਿਭਿੰਨ ਵਾਦ-ਵਿਵਾਦਾਂ ਵਿਚ ਗੁਆ ਰਹੇ ਦਿਖਾਈ ਦਿੰਦੇ ਹਨ। ਉਨ੍ਹਾਂ ਨੇ ਵਿੱਦਿਆ ਪ੍ਰਾਪਤੀ ਦਾ ਮੰਤਵ ਹੀ ਬਹਿਸ ਵਿੱਚੋਂ ਜਿੱਤਣਾ ਮੰਨ ਲਿਆ ਹੈ:

ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1246)

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਗੁਰੂ ਨਾਨਕ ਦੇਵ ਜੀ ਨਿਮਨ ਪੰਕਤੀਆਂ ਵਿਚ ਬਿਆਨ ਕਰ ਰਹੇ ਹਨ ਕਿ ਵਿਦਵਾਨ ਦੀ ਪ੍ਰਤਿੱਗਿਆ ਇਹ ਹੋਵੇ ਕਿ ਉਸ ਅੰਦਰ ਗਿਆਨ ਦੇ ਨਾਲ-ਨਾਲ ਵਿਚਾਰ ਵੀ ਪ੍ਰਧਾਨ ਹੋਵੇ। ਪੜ੍ਹੇ ਹੋਏ ਦੀ ਪ੍ਰਤਿੱਗਿਆ ਇਹ ਹੋਵੇ ਕਿ ਉਸਦੇ ਖ਼ਿਆਲ ਪਵਿੱਤਰ ਹੋਣ।

ਇਨ੍ਹਾਂ ਸ਼ਬਦਾਂ ਨੂੰ ਦੂਸਰੇ ਨਜ਼ਰੀਏ ਤੋਂ ਦੇਖੀਏ ਤਾਂ ਪਤਾ ਲੱਗ ਜਾਂਦਾ ਹੈ ਕਿ ਉਸ ਸਮੇਂ ਪੜ੍ਹੇ-ਗੁੜ੍ਹਿਆਂ ਦੇ ਖ਼ਿਆਲਾਂ ਵਿਚ ਕਠੋਰਤਾ ਅਤੇ ਮਲੀਨਤਾ ਹੋਵੇਗੀ:

ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ॥

... ... ... ... ... ... ...

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

ਪੜ੍ਹਿਆ-ਗੁੜ੍ਹਿਆ ਤਾਂ ਉਹ ਹੈ, ਜੋ ਆਪਣੇ ਅੰਦਰ ਚਿੰਤਨ ਨੂੰ ਥਾਂ ਦੇਵੇ। ਨਿਮਨ ਪੰਕਤੀਆਂ ਵਿਚ ਗੁਰੂ ਸਾਹਿਬ ਤਤਕਾਲੀ ਹਾਲਤ ਦਾ ਬਿਆਨ ਅਸਿੱਧੇ ਤੌਰ 'ਤੇ ਕਰ ਰਹੇ ਹਨ ਕਿ ਪੜ੍ਹੇ-ਗੁੜ੍ਹੇ ਹੋਏ ਆਤਮ-ਚਿੰਤਨ ਦੀ ਥਾਂ ਕਿਤਾਬਾਂ ਦਾ ਬੋਝ ਚੁੱਕੀ ਫਿਰਦੇ ਹਨ:

ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ॥

ਅੰਦਰੁ ਖੋਜੇ ਤਤੁ ਲਹੈ ਪਾਏ ਮੋਖ ਦੁਆਰੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 650)

ਤਤਕਾਲੀ ਸਮਾਜ ਵਿਚ ਵੇਦਾਂ-ਸ਼ਾਸਤ੍ਰਾਂ ਅਤੇ ਸਿਮਰਤੀਆਂ ਦੇ ਦੀਰਘ ਅਧਿਐਨ ਦਾ ਇੱਕ ਵਿਸ਼ੇਸ਼ ਖੇਤਰ ਸੀ। ਪੰਡਿਤਾਂ ਦੇ ਘਰ-ਘਰ ਵਿਚ ਅਜਿਹਾ ਵਿਹਾਰ ਪ੍ਰਚੱਲਤ ਸੀ:

ਘੋਖੇ ਸਾਸਤ੍ਰ ਬੇਦ ਸਭ(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 254)

ਅਤੇ,

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 265)

ਘਰਿ ਘਰਿ ਪੜਿ ਪੜਿ ਪੰਡਿਤ ਥਕੇ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 644)

ਪਰ ਇਹ ਵਰਤਾਓ ਸਿਰਫ਼ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਨ ਤੱਕ ਹੀ ਸੀਮਤ ਰਹਿ ਗਿਆ ਸੀ, ਜਿਸ ਕਾਰਨ ਇਹ ਬੋਝ ਦਾ ਰੂਪ ਅਖ਼ਤਿਆਰ ਕਰ ਗਿਆ ਸੀ ਅਤੇ ਮਾਨਸਿਕ ਥਕਾਵਟ ਦਾ ਕਾਰਨ ਬਣ ਕੇ ਰਹਿ ਗਿਆ ਸੀ। ਚੀਨੀ ਫ਼ਿਲਾਸਫ਼ੀ ਤਾਓਵਾਦ ਦੇ ਮੋਢੀ ਲਾਓ ਤਸੂ (604-551 ਈਸਾ ਪੂਰਵ) (ਸੋਢੀ (ਅਨੁ: ਤੇ ਸੰਪਾ), *ਚੀਨੀ ਦਰਸ਼ਨ: ਤਾਓਵਾਦ* 8) ਦਾ ਇਹ ਕਥਨ ਏਥੇ ਬੜਾ ਮਹੱਤਵਪੂਰਨ ਹੋ ਜਾਂਦਾ ਹੈ, "ਜੋ ਲੋਕ ਕਿਤਾਬਾਂ ਪੜ੍ਹਦੇ ਹਨ ਪਰ ਬੁੱਧ ਪੁਰਸ਼ਾਂ ਦੇ ਵਿਵੇਕ ਨੂੰ ਨਹੀਂ ਪਛਾਣਦੇ, ਉਹ ਸ਼ਬਦਾਂ ਦੇ ਗ਼ੁਲਾਮ ਹੁੰਦੇ ਹਨ। " (ਸੋਢੀ (ਅਨੁ: ਤੇ ਸੰਪਾ), *ਚੀਨੀ ਦਰਸ਼ਨ: ਤਾਓਵਾਦ* 160) ਜਿਹੜੇ ਮਨੁੱਖ ਸ਼ਬਦਾਂ (ਵਿਚਾਰਾਂ) ਨੂੰ ਵਿਵਹਾਰ ਵਿਚ ਢਾਲ ਕੇ ਉਨ੍ਹਾਂ ਨੂੰ ਜਿਊਂਦੇ ਨਹੀਂ, ਉਨ੍ਹਾਂ ਲਈ ਸ਼ਬਦ ਨਿਰਾ ਭਾਰ ਬਣ ਜਾਂਦੇ ਹਨ, ਐਸੇ ਸ਼ਬਦ ਮਨੁੱਖ ਲਈ ਮਾਨਸਿਕ ਬੋਝ ਦਾ ਕਾਰਨ ਹੋ ਗੁਜ਼ਰਦੇ ਹਨ। ਕੁਝ ਅਜਿਹੀ ਹਾਲਤ ਦਾ ਜ਼ਿਕਰ ਹੀ ਗੁਰੂ ਨਾਨਕ ਦੇਵ ਜੀ ਦੇ ਹੇਠ ਲਿਖੇ ਸ਼ਬਦ ਕਰ ਰਹੇ ਹਨ:

ਪੜ੍ਹਿ ਪੜ੍ਹਿ ਕਰਹਿ ਪੁਕਾਰ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1240)

ਕੇਵਲ ਪੜ੍ਹਨ, ਕੇਵਲ ਰਟਨ, ਮਾਨਸਿਕ ਖੇੜੇ ਦੀ ਥਾਂ ਕੂਕ-ਪੁਕਾਰ ਹੋ ਨਿਬੜਿਆ। ਫ਼ੋਕੇ ਗਿਆਨ ਨੇ, ਜਿਸ ਨੇ ਮਾਇਕ ਪਦਾਰਥਾਂ ਦੇ ਮੋਹ ਵੱਸ ਪਾ ਕੇ ਸੱਚ ਦਾ ਪੱਲਾ ਛੁਡਾ ਦਿੱਤਾ, ਮਨੁੱਖ ਨੂੰ ਖੱਜਲ ਹੀ ਕੀਤਾ। ਇਸ ਤਰ੍ਹਾਂ ਲਾਲਚ ਵੱਸ ਪਿਆ ਆਦਮੀ ਆਪਣੀ ਹੀ ਨਸਲ ਦਾ ਘਾਣ ਕਰਨ ਤੋਂ ਵੀ ਗੁਰੇਜ਼ ਨਾ ਕਰ ਸਕਿਆ:

ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ॥

ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 84)

ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਾ ਪੜ੍ਹਿਆ ਨਾਉ॥

ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਉਕਤ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਤਤਕਾਲੀ ਵਿਵਸਥਾ 'ਤੇ ਕਟਾਕ੍ਸ਼ ਕਰਦੇ ਹਨ ਕਿ ਕਿਸ ਤਰ੍ਹਾਂ ਹਿਰਨਾਂ ਅਤੇ ਬਾਜਾਂ ਦੀ ਤਰ੍ਹਾਂ ਮੁਗ਼ਲ ਸਰਕਾਰ ਦੇ, ਸਿਖਲਾਈ ਪ੍ਰਾਪਤ (ਪੜ੍ਹੇ ਹੋਏ), ਦੇਸੀ ਕਰਮਚਾਰੀ ਆਪਣੇ ਹੀ ਦੇਸ਼ ਦੇ ਲੋਕਾਂ ਨੂੰ ਫਹਾ ਰਹੇ ਹਨ। ਗੁਰੂ ਜੀ ਦੇ ਕਹਿਣ ਦਾ ਭਾਵ ਹੈ ਕਿ ਇਹ ਕਾਹਦਾ ਪੜ੍ਹੇ ਹੋਏ ਹਨ ਜੋ ਆਪਣੇ ਹੀ ਦੇਸ਼ ਦੇ ਲੋਕਾਂ ਨੂੰ ਦੁਖੀ ਕਰ ਰਹੇ ਹਨ? ਪੜ੍ਹਿਆ-ਗੁੜ੍ਹਿਆ ਤਾਂ ਉਹ ਹੈ ਜੋ ਪ੍ਰਾਪਤ ਸਿੱਖਿਆ ਨਾਲ ਲੋਕਾਈ ਦਾ ਭਲਾ ਕਰੇ। ਪੜ੍ਹਨ-ਲਿਖਣ ਨੂੰ ਅਮਲ ਵਿਚ ਨਾ ਲਿਆ ਕੇ ਕੇਵਲ ਲਿਖਣ-ਪੜ੍ਹਨ ਤੱਕ ਸੀਮਤ ਕਰ ਲੈਣਾ, ਅਹੰਕਾਰ ਦਾ ਕਾਰਨ ਬਣਿਆ ਹੋਇਆ ਸੀ:

ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਅਜਿਹਾ ਪੜ੍ਹਨ-ਲਿਖਣ ਤਾਂ ਫਿਰ, ਪੜ੍ਹ-ਪੜ੍ਹ ਕੇ, ਦਿਖਾਵੇ ਦੇ ਉੱਪਰ ਹੋਰ ਦਿਖਾਵੇ ਤੱਕ ਹੀ ਸੀਮਿਤ ਸੀ। ਪੜ੍ਹਨ ਵਾਲੇ ਵਿੱਦਿਆ ਦੇ ਮਾਣ ਤੋਂ ਗ੍ਰਸਤ, ਫ਼ੋਕੇ ਅਡੰਬਰਾਂ ਨੂੰ ਹੀ ਤਰਜੀਹ ਦਿੰਦੇ ਸਨ:

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਤਤਕਾਲੀ ਅਧਿਆਪਕ, ਜੋ ਖ਼ੁਦ ਨੂੰ ਤਾਂ ਉੱਤਮ ਜਾਣਦੇ ਸਨ ਪਰ ਚੇਲੇ-ਬਾਲਕਿਆਂ ਨੂੰ ਉਸਾਰੂ ਮੱਤ ਨਹੀਂ ਸਨ ਦੇ ਰਹੇ, ਸਬੰਧੀ ਟਿੱਪਣੀ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਸਿੱਖਿਆ ਤਾਂ ਉਹ ਹੈ ਜਦ ਮਨੁੱਖ ਮਾਨਵੀ ਗੁਣਾਂ ਦਾ ਧਾਰਨੀ ਹੋ ਨਿੱਬੜੇ। ਪੜ੍ਹਨ-ਪੜ੍ਹਾਉਣ ਦੇ ਫ਼ੋਕੇ ਮਾੱਡਲ, ਜੋ ਮਨ ਦੀ ਪੂਰੀ ਸੰਤੁਸ਼ਟੀ ਨਹੀਂ ਕਰਦਾ, ਤੋਂ ਭਗਤ ਕਬੀਰ ਜੀ ਵੀ ਅਸੰਤੁਸ਼ਟ ਦਿਖਾਈ ਦਿੰਦੇ ਹਨ:

ਨਾਨਕ ਅਗੈ ਊਤਮ ਸੇਈ ਜਿ ਪਾਪਾਂ [201]ਪੰਦਿ ਨ ਦੇਹੀ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 91)

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ ਬਿਹਾਇ॥

ਬਾਵਨ ਅਖਰ ਸੋਧਿ ਕੈ ਹਰਿ ਚਰਨੀ ਚਿਤੁ ਲਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਬਾਬਾ ਫਰੀਦ ਜੀ ਫ਼ੋਕੇ ਗਿਆਨਵਾਨਾਂ ਨੂੰ, ਜਿਹੜੇ ਆਪਣੇ ਆਪ ਨੂੰ ਸਮਝਦੇ ਤਾਂ ਵੱਡੇ ਵਿਦਵਾਨ ਸਨ ਪਰ ਗਾਹੇ-ਬਗਾਹੇ ਜਨਤਾ ਦੇ ਰਾਹਾਂ ਵਿਚ ਕੰਡੇ ਖ਼ਿਲਾਰ ਰਹੇ ਸਨ, ਸੁਚੱਜੀ ਜੀਵਨ-ਜੁਗਤ ਸਮਝਾਉਂਦੇ ਹੋਏ ਆਖਦੇ ਹਨ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ॥
ਆਪਨੜੇ ਗਿਰੀਵਾਨ ਮਹਿ ਸਿਰੁ ਨੰੀਵਾਂ ਕਰਿ ਦੇਖੁ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)

ਅਹੰਕਾਰ ਛੱਡ ਅਤੇ ਨਿਮਰਤਾ ਧਾਰਨ ਕਰ:

ਮਤਿ ਹੋਦੀ ਦੋਇ ਇਆਣਾ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

ਸਹੀ ਅਰਥਾਂ ਵਿਚ ਤੂੰ ਗਿਆਨਵਾਨ ਬਣੇਂ ਤਾਂ ਤੂੰ ਗੁਣਵਾਨ ਵੀ ਹੋ ਜਾਵੇਂਗਾ, ਤੂੰ ਆਨੰਦਿਤ ਹੋ ਜਾਵੇਂਗਾ। ਅਜਿਹੇ ਵਿਦਵਾਨ ਨੂੰ ਗੁਰੂ ਸਾਹਿਬ ਵੱਡੀ ਵਡਿਆਈ ਦਿੰਦੇ ਹਨ। ਅਜਿਹਾ ਗੁਣਵਾਨ, ਅਕਲਮੰਦ ਮਨੁੱਖ ਹੀ ਤਾਂ ਜੀਵਨ ਦਾ ਭੇਤ ਸਮਝ ਪਾਏਗਾ:

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 466)

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਉਕਤ ਚਰਚਾ ਤੋਂ ਇਹ ਨਿਰਣਾ ਹੋ ਜਾਂਦਾ ਹੈ ਕਿ ਗੁਰਬਾਣੀ ਰਚਨਾ-ਕਾਲ ਵਿਚ ਪੜ੍ਹਾਈ ਕੇਵਲ ਵਾਦ-ਵਿਵਾਦ ਵਿਚ ਜਿੱਤਣ ਦੀ ਸਿਖਲਾਈ ਹੀ ਬਣੀ ਹੋਈ ਸੀ। ਪੜ੍ਹੇ-ਲਿਖੇ ਲੋਕ ਆਪਣੇ ਦੇਸ਼ ਦੇ ਲੋਕਾਂ ਨੂੰ ਹੀ ਗ਼ੁਲਾਮ ਦੇਖ ਕੇ ਖ਼ੁਸ਼ ਸਨ। ਪੜ੍ਹ-ਪੜ੍ਹ ਕੇ ਕਿਤਾਬਾਂ ਦੇ ਵੱਡੇ ਢੇਰ ਲਾਈ ਜਾਣਾ ਵਿਦਵਾਨਾਂ ਦਾ ਕਿੱਤਾ ਸੀ ਭਾਵੇਂ ਉਹ ਮਗਰੋਂ ਮਾਨਸਿਕ ਭਾਰ ਦਾ ਹੀ ਕਾਰਨ ਬਣ ਜਾਵੇ। ਤਤਕਾਲੀ ਹਾਲਾਤਾਂ ਦਾ ਡੂੰਘਾ ਅਵਲੋਕਨ ਕਰਨ ਵਾਲੇ ਬਾਣੀਕਾਰਾਂ ਕੋਲੋਂ ਦੇਸ਼-ਕਾਲ ਦੇ ਇਹ ਹਾਲਾਤ ਜਰੇ ਨਾ ਗਏ ਤੇ ਉਨ੍ਹਾਂ ਨੇ ਕਦੇ ਕਟਾਖ਼ਸ਼ ਰਾਹੀਂ ਅਤੇ ਕਿਤੇ ਪ੍ਰੇਰਨਾ ਰਾਹੀਂ ਪੜ੍ਹਿਆਂ-ਗੁੜ੍ਹਿਆਂ ਨੂੰ ਲੋਕਾਈ ਦਾ ਹਿੱਤ ਮੁੱਖ ਰੱਖਣ ਦਾ ਸੰਦੇਸ਼ ਦਿੱਤਾ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਵਿੱਦਿਆ ਦਾ ਬੜਾ ਮਹੱਤਵ ਹੈ। ਵੱਧ ਪੜ੍ਹਿਆ-ਲਿਖਿਆ ਮਨੁੱਖ ਆਪਣੇ-ਆਪ ਨੂੰ ਦੂਜਿਆਂ ਨਾਲੋਂ ਵੱਧ ਸਿਆਣਾ ਗਿਣਦਾ ਹੈ। "ਪੰਜਾਬ ਵਿਚ ਪੁਰਸ਼ 75.63% ਸਾਖਰ ਹਨ ਤੇ ਔਰਤਾਂ 63.55 ਪ੍ਰਤੀਸ਼ਤ ਸਾਖਰ ਹਨ। ਲਿੰਗ ਭੇਦ 13% ਹੈ। ਸਾਂਝਾ ਸਾਖਰਤਾ ਦਰ 69.95 ਹੈ। ਜੇ ਹੋਰਨਾਂ ਰਾਜਾਂ ਨਾਲ ਤੁਲਨਾ ਕੀਤੀ ਜਾਵੇ 35 ਰਾਜਾਂ ਵਿਚ ਪੰਜਾਬੀ ਔਰਤਾਂ ਦਾ ਨੰਬਰ 12ਵਾਂ ਹੈ ਤੇ ਪੰਜਾਬੀ ਮਰਦਾਂ ਦਾ ਨੰਬਰ 25ਵਾਂ ਹੈ। ਸੰਯੁਕਤ ਨੰਬਰ 16 ਹੈ। " (ਧਨਵੰਤ ਕੌਰ, *ਸਮਕਾਲੀ ਪੰਜਾਬੀ ਸਮਾਜ* 177) "ਵਿਦਿਅਕ ਪ੍ਰਬੰਧ ਗੰਭੀਰ ਵਿਗਾੜਾਂ ਤੇ ਨਿਘਾਰ ਦਾ ਸ਼ਿਕਾਰ ਹੈ ਅਤੇ ਪਹਿਲਾਂ ਹੀ ਨਿਗੁਣੀਆਂ ਸਿਹਤ ਸੇਵਾਵਾਂ ਬੰਦ ਹੋਣ ਕਿਨਾਰੇ ਹਨ। ਭੂਮੰਡਲੀਕਰਨ (Globalisation) ਢਾਂਚਾਗਤ ਸੁਧਾਰਾਂ (Structural Reforms) ਅਤੇ ਨਿੱਜੀਕਰਨ (Privatisation) ਦੀ ਅੰਨੀ ਧੁੱਸ ਹੇਠ, ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਫੰਡ ਵਰਗੀਆਂ ਸੰਸਥਾਵਾਂ ਦੇ ਜ਼ਾਹਰਾਂ ਤੇ ਲੁਕਵੇਂ ਨਿਰਦੇਸ਼ਾਂ ਤਹਿਤ ਵਿਦਿਆ, ਸਿਹਤ ਤੇ ਦੂਜੀਆਂ ਸੇਵਾਵਾਂ ਦਾ ਤੇਜ਼ੀ ਨਾਲ ਕੀਤਾ ਜਾ ਰਿਹਾ ਵਪਾਰੀਕਰਣ ਹਾਲਤ ਨੂੰ ਬਦ ਤੋਂ ਬਦਤਰ ਬਣਾਈ ਜਾ ਰਿਹਾ ਹੈ। " (ਧਨਵੰਤ ਕੌਰ, *ਸਮਕਾਲੀ ਪੰਜਾਬੀ ਸਮਾਜ* 95) "ਦੇਸ਼ ਵਿਚ ਅੱਜ ਸਿੱਖਿਆ ਪੂਰੀ ਤਰ੍ਹਾਂ ਵਪਾਰ ਬਣਕੇ ਰਹਿ ਗਈ ਹੈ। ਜਨਤਾ ਦੀ ਸੇਵਾ ਦੇ ਨਾਂ 'ਤੇ ਖੋਲ੍ਹੇ ਜਾਣ ਵਾਲੇ ਪ੍ਰਾਈਵੇਟ ਸਕੂਲ ਅਤੇ ਕਾਲਜਾਂ ਵਿਚ ਜਨਤਾ ਦੀ ਲੁੱਟ ਕੀਤੀ ਜਾ ਰਹੀ ਹੈ। ਪਹਿਲਾਂ ਸਿੱਖਿਆ ਪ੍ਰਣਾਲੀ ਵਿਚ ਬੱਚਿਆਂ ਨੂੰ ਭੌਤਿਕ, ਸਰੀਰਕ ਅਤੇ ਨੈਤਿਕ ਸਿੱਖਿਆ ਮਿਲਦੀ ਸੀ, ਪਰ ਮੌਜੂਦਾ ਸਮੇਂ ਪ੍ਰਾਈਵੇਟ ਸਕੂਲ ਅਤੇ ਕਾਲਜਾਂ ਵਿਚ ਇਸ ਦਾ ਠੀਕ ਉਲਟ ਹੋ ਰਿਹਾ ਹੈ। ਇਹ ਅਦਾਰੇ ਸ਼ੁਰੂਆਤ ਵਿਚ ਲੋਕ ਸੇਵਾ ਦੇ ਵੱਡੇ-ਵੱਡੇ ਵਾਅਦੇ ਕਰਦੇ ਹਨ ਪਰ ਸਰਕਾਰ ਤੋਂ ਕੌਡੀਆਂ ਦੇ ਭਾਅ ਜ਼ਮੀਨ ਲੈਣ ਤੋਂ ਬਾਅਦ ਲੋਕ ਕਲਿਆਣ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਰਹਿੰਦਾ।

ਇਨ੍ਹਾਂ ਲਈ ਸਿੱਖਿਆ ਨਹੀਂ ਪੈਸਾ ਮੁੱਖ ਰਹਿੰਦਾ ਹੈ। ਪਹਿਲਾਂ ਫੀਸ ਫਿਰ ਸਿੱਖਿਆ ਆਉਂਦੀ ਹੈ। ਸਿੱਖਿਆ ਦੇ ਨਾਂ 'ਤੇ ਲੁੱਟ ਮਚਾਈ ਜਾ ਰਹੀ ਹੈ। " (ਅਨੁਰਾਗ ਕੰਬੋਜ, *ਪੰਜਾਬੀ ਜਾਗਰਣ ਰੋਜ਼ਾਨਾ ਮਿਤੀ 29.11.2017* 6)

### 2.6.5 ਪ੍ਰਕਿਰਤੀ ਸਬੰਧੀ ਤਜਰਬੇ 'ਤੇ ਆਧਾਰਿਤ ਗਿਆਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਕੁਝ ਪੰਕਤੀਆਂ ਗੁਰਬਾਣੀ ਰਚਨਾ-ਕਾਲ ਦੇ ਸਮਾਜ ਦੇ ਵਿਗਿਆਨਕ ਚਿੰਤਨ ਦਾ ਉਲੇਖ ਕਰਦੀਆਂ ਹਨ। ਹੋ ਸਕਦਾ ਹੈ ਕਿ ਉਸ ਸਮਾਜ ਦੇ ਲੋਕ ਵਿਗਿਆਨ ਦੇ ਨਿਯਮਾਂ ਬਾਰੇ ਜਾਣਕਾਰੀ ਨਾ ਰੱਖਦੇ ਹੋਣ ਪਰ ਲੰਮੇ ਅਵਲੋਕਨ ਅਤੇ ਤਜਰਬੇ ਦੇ ਆਧਾਰ 'ਤੇ ਉਨ੍ਹਾਂ ਕੁਝ ਸਿੱਟੇ ਕੱਢੇ ਹੋਏ ਸਨ, ਜੋ ਮੂਲ ਰੂਪ ਵਿਚ ਵਿਗਿਆਨਕ ਨਿਯਮਾਂ 'ਤੇ ਆਧਾਰਿਤ ਸਨ। ਭਗਤ ਕਬੀਰ ਜੀ ਦਾ ਨਿਮਨਲਿਖਿਤ ਕਥਨ ਦੇਖੋ, ਜਿਸ ਦਾ ਵਿਗਿਆਨਕ ਆਧਾਰ ਪਾਣੀ ਦੇ ਤਿੰਨ ਰੂਪ, ਠੋਸ, ਤਰਲ ਅਤੇ ਗੈਸ ਹਨ। ਆਪ ਆਖ ਰਹੇ ਹਨ ਕਿ ਪਾਣੀ ਦਾ ਠੋਸ ਰੂਪ, ਗੜ੍ਹਾ, ਪਿਘਲ ਕੇ ਪਾਣੀ ਰੂਪ ਹੋ ਗਿਆ ਅਤੇ ਫਿਰ ਵਹਿੰਦਾ ਹੋਇਆ ਨਦੀ ਵਿਚ ਜਾ ਰਲਿਆ:

ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ॥ (ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਉੱਚੇ ਬੱਦਲਾਂ ਨੂੰ ਤੱਕ ਕੇ ਕਿਸਾਨ ਇਹ ਨਿਰਣਾ ਕਰ ਲੈਂਦਾ ਹੈ ਕਿ ਮੀਂਹ ਪਵੇਗਾ ਅਤੇ ਉਹ ਆਪਣੇ ਖੇਤਾਂ ਦੀਆਂ ਵੱਟਾਂ ਉੱਚੀਆਂ ਕਰ ਲੈਂਦਾ ਹੈ, ਤਾਂ ਜੋ ਵਰਖਾ ਦਾ ਪਾਣੀ ਖੇਤਾਂ ਵਿੱਚੋਂ ਬਾਹਰ ਨਾ ਜਾ ਕੇ ਖੇਤਾਂ ਦੀ ਧਰਤੀ ਵਿਚ ਹੀ ਸਮਾਅ ਸਕੇ। ਇਹ ਗੱਲ ਲੰਮੇ ਤਜਰਬੇ ਅਤੇ ਅਵਲੋਕਨ 'ਤੇ ਆਧਾਰਿਤ ਹੈ ਕਿ ਸਾਗਰ ਦੀ ਥਾਹ ਕਿਸੇ ਨੇ ਨਹੀਂ ਪਾਈ:

ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 517)

ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1091)

ਉਕਤ ਪੰਕਤੀਆਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਰਚਨਾ-ਕਾਲ ਦੇ ਮਨੁੱਖ ਨੇ ਆਪਣੇ ਜੀਵਨ ਵਿਚ ਕੁਝ ਅਜਿਹੀਆਂ ਮਾਨਤਾਵਾਂ ਨੂੰ ਅਪਣਾਇਆ ਹੋਇਆ ਸੀ, ਜੋ ਉਸ ਨੂੰ ਪੀੜ੍ਹੀ-ਦਰ-ਪੀੜ੍ਹੀ ਤਜਰਬੇ ਵਿੱਚੋਂ ਹਾਸਲ ਹੋਈਆਂ ਸਨ ਅਤੇ ਉਨ੍ਹਾਂ ਦਾ ਆਧਾਰ ਵਿਗਿਆਨਕ ਸੀ। ਉਸਦੇ ਆਪਣੇ ਅਵਲੋਕਨ ਨੇ ਉਨ੍ਹਾਂ ਵਿਗਿਆਨ ਆਧਾਰਿਤ ਮਾਨਤਾਵਾਂ ਨੂੰ ਹੋਰ ਪਕੇਰਾ ਕਰ ਦਿੱਤਾ ਸੀ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵਿਗਿਆਨ ਦਾ ਖੇਤਰ ਬੜਾ ਵਿਸ਼ਾਲ ਹੋ ਗਿਆ ਹੈ। ਹੁਣ ਅਨੇਕ ਵੱਡੇ ਤੇ ਛੋਟੇ ਵਿਗਿਆਨਕ ਉਪਕਰਣ ਕਾਰਜਸ਼ੀਲ ਹਨ, ਜੋ ਪ੍ਰਕਿਰਤੀ ਸਬੰਧੀ ਪੂਰਵ-ਅਨੁਮਾਨ ਲਗਾਉਂਦੇ ਹਨ। "ਇਸ ਸਮੇਂ ਵਿਗਿਆਨਕ ਚੇਤਨਾ ਅਤੇ ਤਕਨਾਲੋਜੀ ਦੇ ਸੰਦਰਭ ਵਿਚ ਪੰਜਾਬੀ ਸਮਾਜ ਦੀ ਸਥਿਤੀ ਉਤਸ਼ਾਹਜਨਕ ਨਹੀਂ ਹੈ, ਅਸੀਂ ਨੀਵੀਆਂ, ਮੁੱਢਲੀ ਪੱਧਰ ਦੀਆਂ ਪ੍ਰਾਪਤੀਆਂ ਨਾਲ ਹੀ ਪ੍ਰਸੰਨ ਹਾਂ ਅਤੇ ਸਾਮੰਤਵਾਦੀ , ਧਰਮ ਆਧਾਰਿਤ, ਵਿਘਨਪਾਊ, ਪ੍ਰੰਪਰਾਵਾਦੀ ਸੋਚ ਦੀ ਥਾਂ ਵਿਗਿਆਨਕ ਪਹੁੰਚ ਅਪਨਾਉਣ ਤੋਂ ਇਨਕਾਰੀ ਹਾਂ ਅਤੇ ਯਥਾ-ਸਥਿਤੀ (Status Quo) ਨਾਲ ਹੀ ਸੰਤੁਸ਼ਟ ਹਾਂ। ਸੋਚਾਂ ਦੀਆਂ ਤੰਗ ਗਲੀਆਂ ਵਿਚੋਂ ਨਿਕਲ ਕੇ ਜ਼ਿੰਦਗੀ ਦੀ ਵਿਸ਼ਾਲ ਮਾਲ-ਰੋਡ ਤੇ ਆਉਣ ਦੀ ਲੋੜ ਹੈ ਅਤੇ ਇਸ ਵਿਕਾਸ ਲਈ ਰਸਤਾ ਵਿਗਿਆਨਕ ਚੇਤਨਾ ਅਤੇ ਤਕਨਾਲੋਜੀ ਦੇ ਵਿਚਕਾਰੋਂ ਲੰਘਦਾ ਹੈ। " (ਧਨਵੰਤ ਕੌਰ, *ਸਮਕਾਲੀ ਪੰਜਾਬੀ ਸਮਾਜ* 94)

## 2.7 ਸਮਾਜ ਦੇ ਸਹਿਜ ਜੀਵਨ-ਵਰਤਾਰੇ ਦਾ ਵਰਣਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਤਤਕਾਲੀ ਸਮਾਜ ਵਿਚ ਕੁਝ ਵਿਵਹਾਰ ਅਜਿਹੇ ਸਨ, ਜਿਹੜੇ ਉਸ ਸਮਾਜ ਦੇ ਮਨੁੱਖ ਲਈ ਬੜੇ ਸਹਿਜ ਸਨ ਭਾਵ ਉਨ੍ਹਾਂ ਨੂੰ ਉਹ ਸੁੱਤੇ-ਸਿੱਧ ਹੀ ਨਿਭਾਉਂਦਾ ਸੀ। ਇਹ ਵਿਵਹਾਰ ਤਤਕਾਲੀ ਮਨੁੱਖ ਦੇ ਸੁਭਾਅ ਦੇ ਅਨਿੱਖੜਵੇਂ ਅੰਗ ਸਨ। ਤਤਕਾਲੀ ਮਨੁੱਖ ਲਈ ਕੁਝ ਵਿਸ਼ੇਸ਼ਣ (ਸ਼ਬਦ) ਖ਼ਾਸ ਸ਼ਖ਼ਸੀਅਤਾਂ ਦਾ ਪ੍ਰਭਾਵ ਪਰਗਟ ਕਰਨ ਵਾਲੇ ਸਨ ਭਾਵ ਉਨ੍ਹਾਂ ਸ਼ਬਦਾਂ ਦੇ ਪਿੱਛੇ ਕੁਝ ਖ਼ਾਸ ਲੱਛਣਾਂ ਵਾਲੀਆਂ ਹਸਤੀਆਂ ਦੀ ਹੋਂਦ ਮਿੱਥੀ ਹੋਈ ਹੁੰਦੀ ਸੀ, ਜੋ ਉਨ੍ਹਾਂ ਸ਼ਬਦਾਂ ਦੀ ਵਰਤੋਂ ਕੀਤਿਆਂ ਮਨ ਦੇ ਧਰਾਤਲ 'ਤੇ ਸਪਸ਼ਟ ਉੱਘੜ ਆਉਂਦੀ ਸੀ। ਇਨ੍ਹਾਂ ਵਿਵਹਾਰਾਂ ਅਤੇ ਚਿੰਨ੍ਹਾਂ ਦਾ ਵਰਣਨ ਹੇਠ ਲਿਖੀਆਂ ਪੰਕਤੀਆਂ ਵਿਚ ਕੀਤਾ ਜਾ ਰਿਹਾ ਹੈ:

### 2.7.1 ਟੂਣਿਆਂ, ਮੰਤਰਾਂ ਅਤੇ ਧਾਗੇ-ਤਵੀਤਾਂ ਵਿਚ ਯਕੀਨ

ਗੁਰੂ ਸਾਹਿਬ ਤਵੀਤ ਅਤੇ ਜੰਤਰ-ਮੰਤਰ ਦੀ ਸ਼ਕਲ ਵਿਚ ਵਿੱਦਿਆ ਦਾ ਵਪਾਰ ਕਰਨ ਵਾਲਿਆਂ ਨੂੰ ਫਿਟਕਾਰ ਲਗਾਉਂਦੇ ਹਨ। ਇਹ ਫਿਟਕਾਰ ਤਤਕਾਲੀ ਦੌਰ ਵਿਚ ਐਸੇ ਮਨੁੱਖਾਂ ਦੀ ਹੋਂਦ ਦੀ ਸ਼ਾਅਦੀ ਭਰਦੀ ਹੈ:

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖ ਲਿਖ ਵੇਚਹਿ ਨਾਉ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

" 'ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ' ਵਿਚ ਸਮਾਜ ਅੰਦਰ ਜੰਤਰ, ਮੰਤਰ ਦੇ ਪ੍ਰਚਲਤ ਹੋਣ ਦਾ ਸੰਕੇਤ ਵੀ ਹੈ। " (ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ* 20) ਪ੍ਰਭੂ-ਰੂਪੀ ਕੰਤ ਨੂੰ ਰਿਝਾਉਣ ਲਈ ਜਦੋਂ ਫਰੀਦ ਜੀ ਕਿਸੇ ਸ਼ਰੋਮਣੀ ਮੰਤਰ ਦੀ ਪੁੱਛ ਕਰਦੇ ਹਨ ਤਾਂ ਇਹ ਪੰਕਤੀ ਤਤਕਾਲੀ ਦੌਰ ਵਿਚ ਮੰਤਰਾਂ ਦੇ ਪ੍ਰਚਲਨ ਪ੍ਰਤਿ ਦ੍ਰਿਸ਼ਟਾਂਤ ਹੈ। ਗਰੁੜ-ਮੰਤਰ ਜਾਨਣ ਵਾਲੇ ਸੱਪ ਨੂੰ ਜ਼ਹਿਰ-ਹੀਣ ਕਰ ਦੇਣ ਵਾਲੇ ਮੰਨੇ ਜਾਂਦੇ ਸਨ ਅਤੇ ਇਹ ਵੀ ਖ਼ਿਆਲ ਕੀਤਾ ਜਾਂਦਾ ਸੀ ਕਿ ਉਹ ਮੰਤਰ ਨਾਲ ਸੱਪ ਦੀ ਜ਼ਹਿਰ ਨੂੰ ਮਨੁੱਖ ਦੀ ਦੇਹ ਵਿੱਚੋਂ ਖ਼ਤਮ ਕਰ ਦਿੰਦੇ ਸਨ। ਮਾਇਆ, ਜੋ ਸੱਪਣੀ-ਰੂਪ ਸਮਝੀ ਗਈ ਸੀ, ਨੂੰ ਕੀਲਣ ਵਾਲੇ ਪ੍ਰਭੂ ਨਾਮ ਨੂੰ ਗਰੁੜ ਮੰਤਰ ਨਾਲ ਤੁਲਨਾ ਦਿੱਤੀ ਗਈ ਹੈ। ਕੁਝ ਲੋਕ ਮੰਤਰਾਂ ਰਾਹੀਂ ਸੱਪਾਂ ਨੂੰ ਕੀਲ ਲੈਣ ਵਾਲੇ ਸਮਝੇ ਜਾਂਦੇ ਸਨ। ਪ੍ਰੋ. ਸਾਹਿਬ ਸਿੰਘ ਦੇ ਕਥਨ ਅਨੁਸਾਰ "ਅਸਾਡੇ ਦੇਸ ਵਿਚ ਕਈ ਲੋਕ ਸੱਪਾਂ ਦੇ ਮੰਤ੍ਰ ਜਾਣਦੇ ਹਨ... ... । " (ਸਾਹਿਬ ਸਿੰਘ, *ਦਰਪਣ* 5860) ਬਾਣੀਕਾਰ ਪ੍ਰਭੂ ਦੇ ਨਾਮ ਨੂੰ ਸਰਬ-ਉੱਤਮ ਮੰਤਰ ਖ਼ਿਆਲ ਕਰਦੇ ਹਨ, ਜਿਹੜਾ ਸਭ ਰੋਗਾਂ ਦਾ ਦਾਰੂ ਹੈ:

ਕਵਣੁ ਸੁ ਅਖਰੁ ਕਵਣੁ ਗੁਣ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

[202]ਦਸਨ ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1361)

ਮਾਇਆ ਭੁਇਅੰਗਮ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ॥
ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1415)

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
ਗੁਰਮੁਖਿ ਕੋਈ [203]ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਹੇਠ ਲਿਖੇ ਸਲੋਕ ਵਿਚ ਭਗਤ ਕਬੀਰ ਜੀ ਰਾਤ ਸਮੇਂ ਮਸਾਣ ਜਗਾਉਣ ਜਾਂਦੀ ਔਰਤ ਦਾ ਉਲੇਖ ਕਰਦੇ ਹਨ। ਇਸ ਸਲੋਕ ਦਾ ਅਰਥ ਕਰਦੇ ਹੋਏ 'ਫਰੀਦਕੋਟ ਟੀਕੇ' ਦੇ ਕਰਤਾ ਉਲੇਖ ਕਰਦੇ ਹਨ, "ਪੁਤ੍ਰੋਂ ਕੀ ਵਾਸ਼ਨਾ ਕਰਕੇ ਰਾਤ ਕੋ ਮਸਾਣ ਜਗਾਵਨੇ ਜਾਤੀ ਹੈ। " (*ਫਰੀਦਕੋਟ ਵਾਲਾ ਟੀਕਾ* 2794)

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ॥

ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਗੁਰੂ ਸਾਹਿਬ ਹੰਕਾਰ ਅਤੇ ਮੋਹ ਦੀ ਤੁਲਨਾ ਚੁੜੇਲ ਨਾਲ ਕਰਦੇ ਹੋਏ ਆਖਦੇ ਹਨ ਕਿ ਇਸ ਚੁੜੇਲ ਤੋਂ ਪਿੱਛਾ ਉਦੋਂ ਹੀ ਛੁੱਟਦਾ ਹੈ ਜਦੋਂ ਇਸਨੂੰ ਗੁਰੂ-ਸ਼ਬਦ ਦੀ ਅੱਗ ਵਿਚ ਜਲਾਇਆ ਜਾਵੇ। "ਜਿਵੇਂ, ਚੰਬੜੇ ਹੋਏ ਭੂਤਾਂ ਚੁੜੇਲਾਂ ਨੂੰ ਲੋਕ ਅੱਗ ਨਾਲ ਸਾੜਨ ਦਾ ਡਰਾਵਾ ਦੇਂਦੇ ਸੁਣੀਦੇ ਹਨ) ਤਾਂ ਇਹ ਅੰਦਰੋਂ ਨਿਕਲਦੀ ਹੈ। "[204]:

ਹਉਮੈ ਮਮਤਾ [205]ਮੋਹਣੀ ਮਨਮੁਖਾ ਨੋ ਗਈ ਖਾਇ॥

ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ॥

ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)

"ਅਗਿਆਨਤਾ ਦੀ ਦਲਦਲ ਵਿਚ ਧੱਸੀ ਲੋਕਾਈ ਅਜਿਹੇ ਵਹਿਮਾਂ-ਭਰਮਾਂ ਤੋਂ ਨਿਜ਼ਾਤ ਹਾਸਲ ਨਹੀਂ ਸੀ ਕਰ ਸਕਦੀ। ਇਸੇ ਕਰਕੇ, ਅਸਲ ਮੰਤਰ, ਮੂਲ ਮੰਤਰ, ਗੁਰ ਮੰਤਰ ਅਤੇ ਮਹਾਂਮੰਤਰ ਦੀ ਸੋਝੀ ਕਰਾਉਂਦੇ ਸਾਡੇ ਸੰਚਾਲਕਾਂ ਨੇ ਫ਼ਰਮਾਇਆ: ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮ ਰਿਦੈ ਮਨੁ ਮਾਨਿਆ॥" (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004* 33) ਮੰਤਰਾਂ ਦੇ ਜਪਣ-ਰਟਣ ਰਾਹੀਂ ਦੁੱਖਾਂ ਤੋਂ ਨਿਜਾਤ ਪਾਉਣ ਲਈ ਭਟਕ ਰਹੇ ਲੋਕਾਂ ਨੂੰ ਗੁਰੂ ਸਾਹਿਬ ਗੁਰੂ-ਮੰਤਰ ਨੂੰ ਯਾਦ ਰੱਖਣ ਲਈ ਆਖਦੇ ਹਨ:

ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਲਾਗਈ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 521)

"ਸਾਰੇ ਮੰਜੀਦਾਰਾਂ ਨੂੰ (ਗੁਰੂ ਰਾਮ ਦਾਸ ਜੀ ਨੇ) ਇੱਕ ਸਾਂਝੇ ਪੰਥ ਦਾ ਸੰਦੇਸ਼ ਦੂਰ ਦੂਰ ਤੱਕ ਪਹੁੰਚਾਉਣ ਦਾ ਹੁਕਮ ਦਿੱਤਾ। ... ... ਪੁੱਛਾਂ, ਸੁੱਖਣਾਂ, ਧਾਗੇ-ਤਵੀਤ, ਸਗਨ ਵਿਚਾਰ ਦੇ ਬੰਧਨਾਂ ਤੋਂ ਲੋਕ ਮੁਕਤ ਹੋ ਗਏ। " (ਸੋਢੀ, *ਗੁਰੂ ਰਾਮ ਦਾਸ: ਜੀਵਨ ਤੇ ਰਚਨਾ* 24)

**ਅਜੋਕੀ ਸਥਿਤੀ:** ਬਹੁਤੇ ਲੋਕ ਹੁਣ ਵੀ ਟੂਣਿਆਂ, ਧਾਗਿਆਂ, ਤਵੀਤਾਂ ਆਦਿ ਵਿਚ ਯਕੀਨ ਰੱਖਦੇ ਹਨ। ਚੁਰਸਤਿਆਂ ਵਿਚ ਕਈ ਵਾਰ ਟੂਣੇ ਕੀਤੇ ਹੋਏ ਮਿਲ ਜਾਂਦੇ ਹਨ। ਬੱਚਿਆਂ ਦੇ ਗਲਾਂ ਵਿਚ ਧਾਗੇ ਅਤੇ ਤਵੀਤ ਆਮ ਹੀ ਦੇਖੇ ਜਾ ਸਕਦੇ ਹਨ। ਅਖ਼ਬਾਰਾਂ ਅਤੇ ਹੋਰ ਸੰਚਾਰ ਮੀਡੀਆ 'ਤੇ ਤਾਂਤਰਿਕ ਲੋਕਾਂ ਦਾ ਮਸ਼ਹੂਰੀ ਪ੍ਰਚਾਰ ਆਮ ਵੇਖਿਆ ਜਾ ਸਕਦਾ ਹੈ। ਕਈ ਵਾਰ ਬੜੇ ਅਣਮਨੁੱਖੀ ਢੰਗ ਨਾਲ ਬੱਚਿਆਂ ਦੀ ਬਲੀ ਦਿੱਤੇ ਜਾਣ ਦੀਆਂ ਖ਼ਬਰਾਂ ਆਉਂਦੀਆਂ ਹਨ। [206]

"ਅੱਜ ਦੇ ਸਮੇਂ ਵਿਚ ਵੀ ਕਈ ਵਹਿਮਾਂ ਭਰਮਾਂ ਦੀ ਕਿਤੇ ਨਾ ਕਿਤੇ ਹਰ ਮਨੁੱਖ ਦੇ ਜੀਵਨ ਵਿਚ ਛਾਪ ਮਿਲ ਜਾਂਦੀ ਹੈ। ਜਿਵੇਂ ਵਿਆਹ ਦੇ ਸਮੇਂ ਦੇ ਰੀਤੀ-ਰਿਵਾਜ, ਮਰਨ ਸਮੇਂ ਦੇ ਰੀਤੀ ਰਿਵਾਜ, ਜਾਦੂ-ਟੂਣੇ, ਵਰਤ ਦਿਨਾਂ ਦੇ ਅੰਧ-ਵਿਸ਼ਵਾਸ ਤੋਂ ਇਲਾਵਾ ਹੋਰ ਵੀ ਬਹੁਤੇ ਅਜਿਹੇ ਟੋਟਕੇ ਹਨ ਜੋ ਅੱਜ ਦੇ ਅਤਿ ਆਧੁਨਿਕ ਯੁੱਗ ਵਿਚ ਵੀ ਆਪਣੀ ਚਰਮ ਸੀਮਾ 'ਤੇ ਹਨ। " (ਭੁਪਿੰਦਰ ਵੀਰ

ਸਿੰਘ, *ਅਜੀਤ ਰੋਜ਼ਾਨਾ ('ਅਜੀਤ ਮੈਗਜ਼ੀਨ' ਐਡੀਸ਼ਨ) ਮਿਤੀ 08.10.2017* 1) "ਸੰਸਾਰ ਵਿਚ ਵਿਗਿਆਨ, ਤਕਨਾਲੋਜੀ ਅਤੇ ਬਿਜਲਈ ਸਾਧਨਾਂ ਦੇ ਹੈਰਾਨੀਜਨਕ ਵਰਤਾਰੇ ਨੇ ਵਿਗਿਆਨਕ ਅਤੇ ਤਰਕਸ਼ੀਲ ਸੋਚ ਨੂੰ ਹੋਰ ਪ੍ਰਚੰਡ ਕੀਤਾ ਹੈ। ਇਸ ਸਾਰੇ ਵਰਤਾਰੇ ਤੋਂ ਅਸੀਂ ਭਾਵੇਂ ਬੇਖ਼ਬਰ ਹਾਂ ਪਰ ਅਜੇ ਤੱਕ ਸਾਡੀ ਮਾਨਸਿਕਤਾ ਵਿਚ ਵਿਗਿਆਨਕ ਤੇ ਤਰਕਸ਼ੀਲ ਸੋਚ ਦਾ ਬਹੁਤਾ ਦਖਲ ਨਹੀਂ ਹੈ। " (ਗੁਰਬਿੰਦਰ ਸਿੰਘ ਮਾਣਕ, *ਅਜੀਤ ਰੋਜ਼ਾਨਾ (ਦੀਵਾਲੀ ਵਿਸ਼ੇਸ਼ ਅੰਕ) ਮਿਤੀ 19.10.2017* 4) "ਵੀਹਵੀਂ ਸਦੀ ਦੇ ਮੁਢ ਵਿਚਲੇ ਸਾਮਾਜਿਕ ਮਸਲੇ ਜਿਵੇਂ ਗਰੀਬੀ, ਅਨਪੜ੍ਹਤਾ ਤੇ ਅੰਧ ਵਿਸ਼ਵਾਸ ਸਮਕਾਲੀ ਸਮਾਜ ਵਿਚ ਵੀ ਰੂਪ ਬਦਲ ਕੇ ਕਾਇਮ ਹਨ... ...। " (ਧਨਵੰਤ ਕੌਰ, *ਸਮਕਾਲੀ ਪੰਜਾਬੀ ਸਮਾਜ* 166)

"ਕਿਸੇ ਕੰਮ ਨੂੰ ਕਰਨ ਲਗਿਆਂ ਕਈ ਸ਼ਗਨ ਤੇ ਕਈ ਅਪ-ਸ਼ਗਨ (ਭੈੜੇ ਲਛਣ) ਮੰਨੇ ਜਾਂਦੇ ਹਨ ਜਿਵੇਂ ਕਿਸੇ ਖਾਸ ਸ਼ਰੇਣੀ ਦੇ ਬੰਦੇ ਦਾ ਮੱਥੇ ਲਗਣਾ, ਨਿਛ ਵਜਣੀ, ਕਿਸੇ ਖਾਸ ਜਾਨਵਰ ਦਾ ਮਿਲਣਾ ਜਾਂ ਅੱਗੋਂ ਲੰਘਣਾ... ...। " (ਅਮੋਲ, *ਸਮਕਾਲੀ ਪੰਜਾਬੀ ਸਮਾਜ* 130) "ਪਿੰਡਾਂ ਵਿਚ ਤਾਂ ਅੱਗੇ ਹੀ ਬਹੁਤ ਸਾਰੇ ਲੋਕ ਆਪਣੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦਾ ਕਾਰਨ ਇਹ ਸਮਝੀ ਬੈਠੇ ਹਨ ਕਿ ਸਾਨੂੰ ਕਿਸੇ ਨੇ ਕੁਝ 'ਕੀਤਾ' ਹੋਇਆ ਹੈ। ਕਿਸੇ ਛਾਇਆ ਦਾ ਪਹਿਰਾ ਹੈ। ਕਿਸੇ ਟੂਣੇ ਤਵੀਤ ਦਾ ਅਸਰ ਹੈ। ਕਿਸੇ ਬਦਰੂਹ ਦਾ ਪਰਛਾਵਾਂ ਹੈ। " (ਸੁਰਿੰਦਰ ਮੰਡ, *ਜੀਵਨ ਦੇ ਰੰਗ ਢੰਗ* 57) "ਭਾਰਤ ਦੇ ਹਰੇਕ ਸ਼ਹਿਰ ਜਾਂ ਕਸਬੇ ਵਿਚ ਅਖੌਤੀ ਤਾਂਤਰਿਕ ਜਾਂ ਤਾਂਤਰਿਕਨੁਮਾ ਵਿਅਕਤੀ ਜਾਦੂ-ਟੂਣੇ ਨਾਲ ਲੋਕਾਂ ਦੇ ਕਸ਼ਟ ਨਿਵਾਰਨ ਹਿਤ ਦੁਕਾਨਾਂ ਖੋਲ੍ਹੀ ਬੈਠੇ ਹਨ ਤੇ ਘਰੇਲੂ, ਆਰਥਿਕ, ਸ਼ਾਦੀ, ਨੌਕਰੀ ਜਾਂ ਪ੍ਰੇਮ ਨਾਲ ਸਬੰਧਿਤ ਸਮੱਸਿਆਵਾਂ ਨੂੰ ਘੜੀਆਂ-ਪਲਾਂ ਵਿਚ ਹੱਲ ਕਰਨ ਦਾ ਝਾਂਸਾ ਦੇ ਕੇ ਪ੍ਰੇਸ਼ਾਨ ਲੋਕਾਂ ਦੀ ਉੱਨ ਲਾਹ ਰਹੇ ਹਨ। ਇਹ ਤਾਂਤਰਿਕ ਇਸ਼ਤਿਹਾਰ ਛਪਵਾ ਕੇ ਆਪਣੇ ਸ਼ਿਕਾਰ ਲੱਭਦੇ ਹਨ ਤੇ ਇਸ਼ਤਿਹਾਰ ਵਿਚ ਦਾਅਵਾ ਕਰਦੇ ਹਨ ਉਨ੍ਹਾਂ ਕੋਲ ਕਾਲਾ ਇਲਮ ਜਾਂ ਫਿਰ ਕੋਈ ਗ਼ੈਬੀ ਸ਼ਕਤੀ ਹੈ ਤੇ ਇਹ ਵੀ ਚੁਣੌਤੀ ਦਿੰਦੇ ਹਨ ਕਿ ਉਨ੍ਹਾਂ ਵਲੋਂ ਕੀਤੇ ਜਾਦੂ-ਟੂਣੇ ਦੀ ਕੋਈ ਕਾਟ ਨਹੀਂ। ਕੁਝ ਇਕ ਤਾਂਤਰਿਕ ਤਾਂ ਚੌਵੀ ਘੰਟਿਆਂ ਵਿਚ ਸਮੱਸਿਆ ਜਾਂ ਪ੍ਰੇਸ਼ਾਨੀ ਦਾ ਹੱਲ ਕਰਨ ਦੀ ਗਾਰੰਟੀ ਅਸ਼ਟਾਮ ਪੇਪਰ 'ਤੇ ਲਿਖ ਕੇ ਦੇਣ ਦਾ ਦਾਅਵਾ ਵੀ ਕਰਦੇ ਹਨ। " (ਪਰਮਜੀਤ ਸਿੰਘ ਨਿੱਕੇ ਘੁੰਮਣ, *ਅਜੀਤ ਰੋਜ਼ਾਨਾ ਮਿਤੀ 27.11.2017* 15)

### 2.7.2 ਇਸ਼ਨਾਨ

ਇਸ਼ਨਾਨ ਦੀ ਆਪਣੀ ਹੀ ਮਹੱਤਤਾ ਸੀ। ਸਰੀਰਕ ਇਸ਼ਨਾਨ ਨਾਲ ਦੇਹ ਪਵਿੱਤਰ ਹੋ ਗਈ ਖ਼ਿਆਲ ਕੀਤੀ ਜਾਂਦੀ ਸੀ। ਤੀਰਥਾਂ 'ਪੁਰ ਕੀਤੇ ਇਸ਼ਨਾਨ ਦੇ ਵੱਡੇ ਫਲ਼ ਦੱਸੇ ਜਾਂਦੇ ਸਨ। "ਹਿੰਦੂ ਤੀਰਥਾਂ ਤੇ ਇਸ਼ਨਾਨ ਕਰਨਾ ਤੇ ਉਥੇ ਜਾ ਕੇ ਰਹਿਣ ਦਾ ਵਿਸ਼ਵਾਸ ਵੀ ਪ੍ਰਚਲਿਤ ਸੀ। " (ਮਹੀਪਇੰਦਰ ਕੌਰ, *ਗੁਰੂ ਨਾਨਕ ਬਾਣੀ ਦਾ ਲੋਕਧਾਰਾਈ ਅਧਿਐਨ* 90) ਇਨ੍ਹਾਂ ਸਭ ਮਾਨਤਾਵਾਂ ਦੇ ਸਨਮੁਖ ਗੁਰੂ ਸਾਹਿਬ ਨੇ ਪ੍ਰਭੂ ਦੇ ਨਾਮ-ਸਿਮਰਨ ਨੂੰ ਸੱਚਾ ਇਸ਼ਨਾਨ ਦੱਸਿਆ। "ਤਨੁ ਕਰੇ ਹਛਾ ਧੋਇ" (ਮ:੧,*ਸ੍ਰੀ ਗੁਰੂ ਗ੍ਰੰਥ ਸਾਹਿਬ* 468) ਰਾਹੀਂ ਵੀ ਇਸ਼ਨਾਨ ਦੀ ਤਤਕਾਲੀ ਮਹੱਤਤਾ ਦਾ ਉਲੇਖ ਕੀਤਾ ਗਿਆ ਮਿਲਦਾ ਹੈ। ਗੁਰਸਿੱਖ ਨੂੰ ਵੀ ਸਰੀਰਕ ਸਫ਼ਾਈ ਦਾ ਧਿਆਨ ਰੱਖਣ ਦੀ ਹਦਾਇਤ ਕੀਤੀ ਗਈ ਹੈ। "ਗੁਰੂ ਜੀ ਨੇ ਸਿਖੀ ਵਿਚ ਸਰੀਰ ਦਾ ਇਸ਼ਨਾਨ ਨਾਮ ਜਪਣ ਦੀ ਸਹਾਇਤਾ ਲਈ ਦੱਸਿਆ ਹੈ ਨਾ ਕਿ ਵਹਿਮ ਵਾਲਾ ਹਠ ਨਾਲ ਕਰਨ ਵਾਲਾ ਕਰਮ। " (ਵੀਰ ਸਿੰਘ, *ਗੁਰਮੁਖ ਸਿਖਿਆ* 47):

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 91)

ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 146)

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਏ॥

ਉਦਮੁ ਕਰੇ ਭਲਕੇ ਪਰਭਾਤੀ ਇਸਨਾਨ ਕਰੇ ਅੰਮ੍ਰਿਤ ਸਰਿ ਨਾਵੈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 305)

**ਅਜੋਕੀ ਸਥਿਤੀ:** ਇਸ਼ਨਾਨ ਨੂੰ ਦੇਹ ਦੀ ਸਫ਼ਾਈ ਦਾ ਆਧਾਰ ਮੰਨਿਆ ਜਾਂਦਾ ਹੈ। ਤੀਰਥਾਂ 'ਤੇ ਵੱਖ-ਵੱਖ ਦਿਨਾਂ 'ਤੇ ਕੀਤੇ ਗਏ ਇਸ਼ਨਾਨ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ। ਸੋਮਵਤੀ ਮੱਸਿਆ (ਮੱਸਿਆ ਜੋ ਸੋਮਵਾਰ ਦੇ ਦਿਨ ਹੋਵੇ) ਸਬੰਧੀ ਮਾਨਤਾ ਹੈ, "ਪਵਿੱਤਰ ਦਰਿਆਵਾਂ 'ਚ ਇਸ਼ਨਾਨ ਦੇ ਉਪਰੰਤ ਬ੍ਰਾਹਮਣ ਨੂੰ ਅੰਨ, ਭੋਜਨ, ਕੱਪੜੇ, ਗਊ ਦਾਨ ਕਰੋ। ਸ਼ਿਵਜੀ ਦੇ ਮੰਦਰ 'ਚ ਦਾਲ, ਚੌਲ, ਫਲ, ਮਠਿਆਈ, ਬੇਲ ਪੱਤਰ, ਕੱਚਾ ਦੁੱਧ ਚੜ੍ਹਾਉਣ ਨਾਲ ਚੰਦਰ ਨੂੰ ਬਲ ਅਤੇ ਰਾਹੂ ਕੇਤੂ ਦੀ ਸ਼ਾਂਤੀ ਸੰਭਵ ਹੈ। ਇਹ ਕਾਲ ਸਰਪ 'ਚ ਵੀ ਉਪਯੋਗੀ ਹੈ। " (*ਪੰਜਾਬੀ ਜਾਗਰਣ ਰੋਜ਼ਾਨਾ ('ਜਲੰਧਰ ਜਾਗਰਣ' ਐਡੀਸ਼ਨ) ਮਿਤੀ 04.07.2016* 2)

### 2.7.3 ਸੁਲੱਖਣੀ ਇਸਤਰੀ

ਸ੍ਰੇਸ਼ਟ ਗੁਣਾਂ ਵਾਲੀ ਇਸਤਰੀ ਲਈ ਗੁਰਬਾਣੀ ਵਿਚ 'ਸੁਹਾਗਣ', 'ਸੁਲੱਖਣੀ', 'ਸੋਭਾਵੰਤੀ' ਆਦਿ ਵਿਸ਼ੇਸ਼ਣ ਵਰਤੇ ਗਏ ਹਨ। ਤਤਕਾਲੀ ਦੌਰ ਵਿਚ ਗੁਣਾਂ ਵਾਲੀ, ਪਤੀ ਪਰਿਵਾਰ ਨੂੰ ਸਮਰਪਿਤ ਅਤੇ ਜ਼ਿੰਮੇਵਾਰ ਨਾਰੀ ਦੀ ਹੀ ਕਦਰ ਹੁੰਦੀ ਸੀ। ਉਹ ਆਪਣੇ ਸਹੁਰੇ ਪਰਿਵਾਰ ਦਾ ਭਰਪੂਰ ਪਿਆਰ ਮਾਣਦੀ ਸੀ। ਗੁਰੂ ਅਮਰਦਾਸ ਜੀ ਵੱਲੋਂ ਪ੍ਰਭੂ ਦੇ ਪਿਆਰੇ ਨੂੰ ਵੀ ਅਜਿਹੀ ਨਾਰੀ ਵਾਲੇ ਗੁਣ ਧਾਰਨ ਦੀ ਸਲਾਹ ਦਿੱਤੀ ਗਈ ਹੈ:

ਆਗਿਆਕਾਰੀ ਸਦਾ ਸੋੁਹਾਗਣਿ ਆਪਿ ਮੇਲੀ ਕਰਤਾਰਿ॥

ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋੁਹਾਗਣਿ ਨਾਰਿ॥ (ਮ:੩,*ਸ੍ਰੀ ਗੁਰੂ ਗ੍ਰੰਥ ਸਾਹਿਬ* 785)

ਇਸਤਰੀ ਦੇ ਸ੍ਰੇਸ਼ਟ ਗੁਣ ਹੀ ਉਸਨੂੰ ਉਸਦੇ ਪਤੀ ਦੇ ਨੇੜੇ ਲਿਆਉਂਦੇ ਸਨ। ਉਹ ਸਦਾ ਆਪਣੇ ਪਤੀ ਦੇ ਅੰਗ-ਸੰਗ ਵਿਚਰਦੀ ਸੀ (ਨੇੜਤਾ ਮਾਣਦੀ ਸੀ)। ਪਤੀ ਦੇ ਹੁਕਮ ਅੰਦਰ ਚੱਲਣਾ ਹੀ ਉਸਦੇ ਸਤਿਕਾਰ ਦਾ ਆਧਾਰ ਸੀ। ਪਤੀ ਨਾਲ ਪ੍ਰੇਮ ਕਰਨ ਵਾਲੀ ਨੂੰ ਹੀ ਸੁੱਖ ਦੀ ਨੀਂਦ ਮਿਲਦੀ ਸੀ:

ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥

(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 785)

ਸਦਾ ਰਾਵੈ ਪਿਰੁ ਆਪਣਾ ਸੋਭਾਵੰਤੀ ਨਾਰਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 950)

ਸਭਿ ਸੁਹਾਗਣਿ ਮਾਣਹਿ ਰਲੀਆ(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 959)

ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 651)

ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1280)

ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ ਸਹ ਨਾਲਿ ਪਿਆਰੁ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1280)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਘਰ ਪ੍ਰਤਿ ਸੁਹਿਰਦ ਨਾਰੀ ਨੂੰ ਬੜਾ ਪਿਆਰ ਮਿਲਦਾ ਹੈ। ਹੁਣ ਨਾਰੀ ਆਪਣੇ ਅਧਿਕਾਰਾਂ ਲਈ ਜੱਦੋ-ਜਹਿਦ ਵੀ ਕਰਨ ਲੱਗੀ ਹੈ।

### 2.7.4 ਕੁਲੱਖਣੀ ਨਾਰੀ

ਜਿਨ੍ਹਾਂ ਇਸਤਰੀਆਂ ਦਾ ਆਪਣੇ ਪਤੀ ਨਾਲ ਪਿਆਰ ਨਹੀਂ ਸੀ ਹੁੰਦਾ, ਉਹ ਦੁੱਖ ਵਿਚ ਉਸ ਨਾਲ ਕਦੋਂ ਖੜ੍ਹਦੀਆਂ ਸਨ? ਪਤੀ ਨੂੰ ਦੁਖੀ ਦੇਖ ਕੇ ਉਹ ਉਸਦੇ ਨੇੜੇ ਆਉਣ ਦੀ ਬਜਾਇ ਦੂਰੋਂ ਹੀ ਭੱਜ ਜਾਂਦੀਆਂ ਸਨ:

ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ॥
ਸਾ ਕੁਸੁਧ ਸਾ ਕੁਲਖਣੀ ਨਾਰੀ ਵਿਚਿ ਕੁਨਾਰਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 652)

ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 787)

ਆਪਣੇ ਪਤੀ ਨੂੰ ਅੱਖੋਂ-ਪਰੋਖੇ ਕਰਨ ਵਾਲੀ ਨਾਰੀ, ਜਿਹੜੀ ਪਰ-ਪੁਰਖ 'ਤੇ ਰੀਝਦੀ ਸੀ, ਆਪਣਾ ਜ਼ਾਬਤਾ ਗੁਆ ਬਹਿੰਦੀ ਸੀ ਅਤੇ ਝੂਠ ਬੋਲ ਕੇ ਅਤੇ ਆਪ-ਹੁਦਰਾ ਵਿਵਹਾਰ ਕਰ ਕੇ ਸਨਮਾਨ ਤੋਂ ਵਾਂਝੀ ਹੋ ਜਾਂਦੀ ਸੀ। ਅਜਿਹੀ ਨਾਰੀ ਪਤੀ ਦਾ ਸੰਗ ਨਹੀਂ ਸੀ ਮਾਣ ਸਕਦੀ। ਅਜਿਹੇ ਵਿਚ ਫਿਰ ਉਨ੍ਹਾਂ ਦੇ ਪੱਲੇ ਝੋਰਾ ਹੀ ਰਹਿ ਜਾਂਦਾ ਸੀ। ਆਪਣਾ ਪਤੀ ਤਿਆਗ ਕੇ ਫਿਰ ਸੁੱਖ ਦੀ ਆਸ ਕਿੱਥੇ? ਪਤੀ ਤੋਂ ਵਿਛੜੀ ਹੋਈ ਨੂੰ ਫਿਰ ਪਤੀ ਦੀ ਸੇਜ ਨਸੀਬ ਨਹੀਂ ਸੀ ਹੁੰਦੀ:

ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ॥
ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 786)

ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ॥
ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 959)

ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ ਅਵਰੀ ਲਾਗਾ ਨੇਹੁ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1280)

ਨਾਨਕ ਦੁਖੁ ਲਾਗਾ ਤਿਨ੍ ਕਾਮਣੀ ਜਿਨ੍ ਕੰਤੈ ਸਿਉ ਮਨਿ ਭੰਗੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1280)

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਬਾਣੀਕਾਰਾਂ ਨੇ ਸਭ ਜੀਵਾਂ ਨੂੰ ਇਸਤਰੀ ਮੰਨ ਕੇ ਕੇਵਲ ਪ੍ਰਭੂ ਨੂੰ ਹੀ ਪਤੀ (ਪੁਰਖ) ਮੰਨਿਆ ਹੈ। ਸਾਡੇ ਸਾਹਿਤ ਵਿਚ ਮਨੁੱਖ ਨੂੰ ਜੀਵ-ਇਸਤਰੀ ਅਤੇ ਪਰਮਾਤਮਾ ਨੂੰ ਪ੍ਰਭੂ-ਪਤੀ ਆਖਿਆ ਗਿਆ ਮਿਲਦਾ ਹੈ। ਬਾਣੀਕਾਰਾਂ ਦਾ ਨਿਸ਼ਚਾ ਵਿਕਾਰ ਗ੍ਰਸਤ ਜੀਵ (ਕੁਲੱਖਣੀ ਜੀਵ-ਇਸਤਰੀ) ਨੂੰ ਚੰਗੇ ਗੁਣਾਂ ਦਾ ਧਾਰਨੀ (ਸੁਲੱਖਣੀ ਜੀਵ-ਇਸਤਰੀ) ਬਣਾਉਣਾ ਹੈ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਔਰਤ ਪਤੀ ਪਾਸੋਂ ਵੀ ਚੰਗੇ ਆਚਰਨ ਦੀ ਆਸ ਰੱਖਦੀ ਹੈ।

### 2.7.5 ਪੁੱਤਰ ਪ੍ਰਾਥਮਿਕਤਾ

ਪੁੱਤਰ ਨੂੰ ਧੀ ਦੇ ਮੁਕਾਬਲੇ ਸ੍ਰੇਸ਼ਟਤਾ ਪ੍ਰਾਪਤ ਸੀ। ਮਨੁੱਖ ਦੀਆਂ ਵੱਡੀਆਂ-ਵੱਡੀਆਂ ਉਮੰਗਾਂ ਵਿਚ ਪੁੱਤਰ ਪ੍ਰਾਪਤੀ ਵੀ ਸ਼ਾਮਲ ਸੀ। ਪੁੱਤਰ ਸੰਸਾਰ ਨਾਲ ਜੜ੍ਹ ਗੰਢਣ ਵਾਲਾ ਜਾਂਦਾ ਸੀ। ਗੁਣਵਾਨ ਪੁੱਤਰ ਕੁਲ ਨੂੰ ਲੱਗਾ ਦਾਗ਼ ਧੋਣ ਦੀ ਸਮਰੱਥਾ ਦਾ ਧਾਰਨੀ ਮੰਨਿਆ ਜਾਂਦਾ ਸੀ। ਪੁੱਤਰ ਭਾਵੇਂ ਇੱਕ ਤੋਂ ਵੱਧ ਵੀ ਹੋਣ, ਕੋਈ ਉਨ੍ਹਾਂ ਨੂੰ ਛੱਡ ਨਹੀਂ ਸੀ ਦਿੰਦਾ। ਪੁੱਤਰ ਦੀ ਪ੍ਰਾਪਤੀ ਲਈ ਇਸਤਰੀ ਰਾਤਾਂ ਨੂੰ ਕਬਰਿਸਤਾਨ ਵਿਚ ਮਸਾਣ ਜਗਾਉਣ ਤੱਕ ਲਈ ਪਹੁੰਚਦੀ ਸੀ:

ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 307)

ਪੁਤੰੀ ਗੰਢੁ ਪਵੈ ਸੰਸਾਰਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਅਪਜਸੰ ਮਿਟੰਤ ਸਤ ਪੁਤ੍ਰਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1361)

ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ॥
ਪਾਂਚਉ ਲਰਿਕੈ ਮਾਰਿ ਕੇ ਰਹੈ ਰਾਮ ਲਿਉ ਲਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਰਾਤਿ ਜਗਾਵਨ ਜਾਇ॥
ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਤਤਕਾਲੀ ਸਮਾਜ ਵਿਚ ਇਸ ਲਾਲਸਾ ਦੀ ਮੁੱਖ ਵਜ੍ਹਾ ਪੁਰਖ ਪ੍ਰਧਾਨਤਾ ਸੀ। ਔਰਤ ਨੂੰ ਪ੍ਰਵਾਨਗੀ ਤਦ ਹੀ ਮਿਲਦੀ ਸੀ, ਜੇਕਰ ਉਸਦਾ ਪਤੀ ਉਸ ਉੱਪਰ ਮਿਹਰਬਾਨ ਹੋਵੇ। ਅਸਲ ਵਿਚ ਉਹ ਸੁਹਾਗਣ ਹੀ ਓਦੋਂ ਮੰਨੀ ਜਾਂਦੀ ਸੀ, ਭਾਵੇਂ ਉਹ ਵਿਆਹੀ ਹੋਈ ਵੀ ਹੋਵੇ। ਵਿਆਹ ਮਗਰੋਂ ਲੜਕੀ ਦਾ ਪੇਕੇ ਘਰੋਂ ਜਿਵੇਂ ਦਾਣਾ-ਪਾਣੀ ਹੀ ਮੁੱਕ ਜਾਂਦਾ ਸੀ। ਪਤਨੀ ਦਾ ਆਪਣੇ ਆਪ ਨੂੰ ਪਤੀ ਦੇ ਸੁਭਾਅ ਅਨੁਸਾਰ ਢਾਲਣਾ ਜ਼ਰੂਰੀ ਹੁੰਦਾ ਸੀ। ਪਤਨੀ ਆਪਣੇ ਪਤੀ ਦੀ ਵਿੱਤ ਮੁਤਾਬਕ ਹੀ ਵਿਚਰ ਸਕਦੀ ਸੀ। ਇਸਤਰੀ ਭਾਵੇਂ ਰੂਹ ਨਾਲ ਹਾਰ ਸ਼ਿੰਗਾਰ ਕਰਦੀ ਰਹੇ ਪਰ ਜਿੰਨਾ ਚਿਰ ਪਤੀ ਉਸਨੂੰ ਮਾਨਤਾ ਨਹੀਂ ਸੀ ਦਿੰਦਾ, ਉਸਦਾ ਕੀਤਾ ਹੋਇਆ ਹਾਰ-ਸ਼ਿੰਗਾਰ ਵੀ ਸਫ਼ਲ ਨਹੀਂ ਸੀ:

ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਜੇ ਜਾਣਾ ਸਹੁ [207]ਨੰਢੜਾ ਤਾਂ ਥੋੜਾ ਮਾਣੁ ਕਰੀ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)

ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ॥
ਤੈ ਸਹ ਬਾਤ ਨ ਪੁਛੀਆ ਕਬਹੂ ਨ ਲਾਈ ਪਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 947)

ਪਤੀ ਦੇ ਮਰ ਜਾਣ 'ਤੇ ਔਰਤ ਜਲ ਕੇ ਸਤੀ ਹੁੰਦੀ ਸੀ। ਇਹ ਵੀ ਇੱਕ ਕਾਰਨ ਸੀ ਕਿ ਸਮਾਜ ਵਿਚ ਮਰਦ (ਪੁੱਤਰ) ਨੂੰ ਵਧੇਰੇ ਤਰਜੀਹ ਪ੍ਰਾਪਤ ਸੀ। ਇਸਦੇ ਉਲਟ ਪਤਨੀ ਮਰ ਜਾਵੇ ਤਾਂ ਉਸਦੇ ਮਰਦ ਦੇ ਸਤੀ ਹੋ ਜਾਣ ਦਾ ਕੋਈ ਉਲੇਖ ਨਹੀਂ ਮਿਲਦਾ, ਸਗੋਂ ਉਹ ਤਾਂ ਪਤਨੀ ਦੇ ਮਰਨ ਮਗਰੋਂ ਦੂਜਾ ਵਿਆਹ ਕਰਵਾ ਲੈਂਦਾ ਸੀ। ਗੁਰੂ ਸਾਹਿਬ ਨੇ ਸਤੀ ਪ੍ਰਥਾ ਦੀ ਨਿਖੇਧੀ ਕੀਤੀ ਅਤੇ ਔਰਤ (ਧੀ) ਦਾ ਸਤਿਕਾਰ ਕਰਨ ਦੀ ਹਦਾਇਤ ਦਿੱਤੀ:

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 78)

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

ਭੰਡੁ ਮੁਆ ਭੰਡੁ ਭਾਲੀਐ[208] ਭੰਡਿ ਹੋਵੈ ਬੰਧਾਨੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਪੁੱਤਰ ਨੂੰ ਧੀ ਨਾਲੋਂ ਵੱਧ ਸਮਝਿਆ ਜਾਂਦਾ ਹੈ। ਭਾਵੇਂ ਧੀ-ਪੁੱਤ ਦੀ ਬਰਾਬਰੀ ਦੇ ਨਾਅਰੇ ਲਗਾਏ ਜਾਂਦੇ ਹਨ ਪਰ ਜ਼ਮੀਨੀ ਹਕੀਕਤਾਂ ਦੱਸਦੀਆਂ ਹਨ ਕਿ ਪੁੱਤਰ ਪ੍ਰਾਪਤੀ ਦੀ ਇੱਛਾ ਵਿਚ ਧੀਆਂ ਨੂੰ ਕੁੱਖ ਵਿਚ ਹੀ ਕਤਲ ਕਰ ਦਿੱਤਾ ਜਾਂਦਾ ਹੈ।

### 2.7.6 ਪਰਾਈ ਅਮਾਨਤ ਸੰਭਾਲਣਾ

ਸਲੋਕ ਬਾਣੀ-ਰੂਪ ਵਿਚ ਕੁਝ ਹਵਾਲੇ ਐਸੇ ਮਿਲਦੇ ਹਨ, ਜਿਨ੍ਹਾਂ ਤੋਂ ਉਸ ਸਮੇਂ ਦੌਰਾਨ ਪਰਾਈ ਅਮਾਨਤ ਸੰਭਾਲੇ ਜਾਣ ਦਾ ਪਤਾ ਲੱਗਦਾ ਹੈ। ਪਰਾਈ ਅਮਾਨਤ ਕੁਝ ਅੰਤਰਾਲ ਲਈ ਕਿਸੇ ਨੂੰ ਸੌਂਪੀ ਹੋਈ ਕੋਈ ਵਸਤੂ ਹੁੰਦੀ ਸੀ। ਇਹ ਜ਼ਿੰਮੇਵਾਰੀ ਦਾ ਮਸਲਾ ਹੁੰਦਾ ਸੀ। ਜਿਸ ਕੋਲ ਇਹ ਵਸਤੂ ਪਈ ਹੁੰਦੀ ਸੀ, ਉਹ ਉਸ ਵਸਤੂ ਨੂੰ ਵਾਪਸ ਕਰ ਕੇ ਹੀ ਸੁਰਖ਼ਰੂ ਹੁੰਦਾ ਸੀ। ਕੁਝ ਐਸੇ ਵੀ ਸਨ, ਜਿਹੜੇ ਕੋਲ਼ ਪਈ ਅਮਾਨਤ ਦਾ ਹੰਕਾਰ ਕਰਦੇ ਸਨ, ਇਸ ਤਰ੍ਹਾਂ ਉਹ ਲੋਕਾਂ ਨੂੰ ਆਪਣੀ ਔਕਾਤ ਦਿਖਾ ਦਿੰਦੇ ਸਨ:

ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥

... ... ... ... ... ... ... ...

ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1249)

ਅਜਿਹੇ ਮਨੁੱਖਾਂ ਨੂੰ ਅੰਤ ਖ਼ੁਆਰ ਹੀ ਹੋਣਾ ਪੈਂਦਾ ਸੀ। ਜਿੰਨਾ ਉਹ ਅਮਾਨਤ ਦੀ ਕੀਮਤੀ ਵਸਤੂ ਨੂੰ ਆਪਣੀ ਦਰਸਾਉਂਦੇ ਸਨ, ਓਨਾ ਹੀ ਵਧੇਰੇ, ਉਨ੍ਹਾਂ ਨੂੰ, ਉਸ ਵਸਤੂ ਦਾ ਧਿਆਨ ਰੱਖਣਾ ਪੈਂਦਾ ਸੀ। ਅਜਿਹੇ ਵਿਚ ਕਈ ਵਾਰ ਆਪਣੀਆਂ ਜ਼ਿੰਮੇਵਾਰੀਆਂ ਵੀ ਚੰਗੀ ਤਰ੍ਹਾਂ ਨਹੀਂ ਸਨ ਨਿਭਾ ਹੁੰਦੀਆਂ। ਸਿੱਟੇ ਵਜੋਂ ਨੁਕਸਾਨ ਝੱਲਣਾ ਪੈਂਦਾ ਸੀ। ਗੁਰੂ ਸਾਹਿਬ ਨੇ ਪਰਾਈ ਅਮਾਨਤ ਸੰਭਾਲਣ ਨੂੰ ਤਾਂ ਬੁਰਾ ਨਹੀਂ ਆਖਿਆ ਪਰ ਉਸ ਵਸਤੂ ਨਾਲ ਬੇਲੋੜਾ ਲਗਾਅ ਕਰ ਬੈਠਣਾ ਚੰਗਾ ਨਹੀਂ ਗਿਣਿਆ ਕਿਉਂਕਿ ਅਜਿਹੇ ਵਿਚ (ਵਸਤੂ ਸੰਭਾਲਣ ਵਾਲੇ) ਮਨੁੱਖ ਦੀ ਬੇਲੋੜੀ ਖ਼ੁਆਰੀ ਹੁੰਦੀ ਹੈ:

ਰਾਸਿ ਬਿਗਾਨੀ ਰਾਖਤੇ ਖਾਯਾ ਘਰ ਕਾ ਖੇਤੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਆਪਣੀ ਕੀਮਤੀ ਵਸਤੂ ਕਿਸੇ ਕੋਲ ਸੰਭਾਲਣ ਲੱਗੇ ਕਈ ਵਾਰ ਸੋਚਦਾ ਹੈ। ਅਜਿਹੀ ਸਥਿਤੀ ਵਿਚ ਉਹ, ਵਸਤੂ ਦੇ ਹੱਥੋਂ ਚਲੇ ਜਾਣ ਦੇ ਡਰੋਂ, ਕੋਈ ਹੋਰ ਰਾਹ ਅਪਨਾਉਣ ਨੂੰ ਤਰਜੀਹ ਦਿੰਦਾ ਹੈ।

### 2.7.7 ਅਣਖ

ਤਤਕਾਲੀ ਲੋਕ ਅਣਖ ਪਾਲਣ ਵਾਲੇ ਸਨ। ਗੁਰੂ ਸਾਹਿਬ ਅਜਿਹੇ ਅਣਖੀਲੇ ਲੋਕਾਂ ਨੂੰ, ਜਦੋਂ ਉਹ ਕੋਈ ਬੁਰਾ ਕਰਮ ਕਰਦੇ ਹਨ, ਉਨ੍ਹਾਂ ਦੀ ਅਣਖ ਦਾ ਹਵਾਲਾ ਦੇ ਕੇ ਬੁਰੇ ਕੰਮ ਤੋਂ ਰੋਕਦੇ ਹਨ, ਕਿ ਘੱਟੋ-ਘੱਟ ਤੁਹਾਨੂੰ ਇਹ ਕੰਮ ਸ਼ੋਭਾ ਨਹੀਂ ਦਿੰਦਾ। ਹੇਠ

ਲਿਖੀਆਂ ਪੰਕਤੀਆਂ ਵਿਚ ਗੁਰੂ ਨਾਨਕ ਦੇਵ ਜੀ ਇੰਦ੍ਰੀ-ਭੋਗਾਂ ਵਿਚ ਗ਼ਲਤਾਨ ਮਨੁੱਖ ਨੂੰ ਇਸ ਮਾਰ ਤੋਂ ਬਚਾਉਣ ਲਈ/ਰੋਕਣ ਲਈ ਸਮਝਾਉਂਦੇ ਹਨ ਕਿ ਇਹੋ ਜਿਹੇ ਕੰਮ ਤੇਰੀ ਬੇਪੱਤੀ ਦਾ ਕਾਰਨ ਹਨ:

ਤਗੁ ਨ ਇੰਦ੍ਰੀ ਤਗੁ ਨ ਨਾਰੀ॥

ਭਲਕੇ[209] ਥੁਕ ਪਵੈ ਨਿਤ ਦਾੜੀ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਇਹ ਗੱਲ ਕਿ "ਜੇਕਰ ਬੇਇੱਜ਼ਤ ਹੀ ਹੋ ਕੇ ਜਿਊਣਾ ਹੈ ਤਾਂ ਖਾਧਾ-ਪੀਤਾ ਵੀ ਸਭ ਹਰਾਮ ਹੈ" ਅਣਖ ਵਾਲਿਆਂ ਨੂੰ ਹੀ ਆਖੀ ਜਾ ਸਕਦੀ ਹੈ ਕਿਉਂਕਿ ਜਿਨ੍ਹਾਂ ਵਿਚ ਅਣਖ ਹੀ ਨਾ ਹੋਵੇ ਉਨ੍ਹਾਂ ਦੀ ਬੇਇੱਜ਼ਤੀ ਵੀ ਕੀ ਹੋਣੀ? ਬਿਗਾਨੀ ਜੂਹ ਵਿਚ, ਪਰਾਈ ਅਧੀਨਗੀ ਵਿਚ ਦੁੱਖ ਅਤੇ ਦੁਹਾਈ ਹੀ ਹੁੰਦੀ ਹੈ:

ਜੇ ਜੀਵੈ ਪਤਿ ਲਥੀ ਜਾਇ॥ਸਭੁ ਹਰਾਮੁ ਜੇਤਾ ਕਿਛੁ ਖਾਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 520)

ਕੰਨ ਪੜਵਾ ਕੇ ਹੱਡ-ਹਰਾਮੀ ਹੋ ਗਏ ਨੂੰ ਵੀ ਗੁਰੂ ਸਾਹਿਬ, ਉਸਦੀ ਅਣਖ ਦਾ ਵਾਸਤਾ ਦੇ ਕੇ, ਜ਼ਿੰਮੇਵਾਰੀ ਵਾਲਾ ਜੀਵਨ ਜਿਊਣ ਲਈ ਪ੍ਰੇਰਿਤ ਕਰਦੇ ਹਨ। ਗੁਰੂ ਸਾਹਿਬ ਅਨੁਸਾਰ ਬਿਗਾਨੀ ਆਸ 'ਤੇ ਜਿਊਣ ਵਾਲੇ ਦਾ ਜੀਵਨ ਵੀ ਤਾਂ ਧਿਰਕਾਰ-ਯੋਗ ਹੀ ਹੁੰਦਾ ਹੈ:

ਮਖਟੂ ਹੋਇ ਕੈ ਕੰਨ ਪੜਾਏ॥

ਫਕਰੁ ਕਰੇ ਹੋਰ ਜਾਤਿ ਗਵਾਏ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਧਿਗੁ ਤਿਨ੍ਾ ਦਾ ਜੀਵਿਆ ਜਿਨਾ ਵਿਡਾਣੀ ਆਸ॥(ਸ਼ੇਖ ਫਰੀਦਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਲਾਲਚ ਵੱਸ ਹੋ ਕੇ, ਕਿਸੇ ਹੱਦ ਤੱਕ, ਅਣਖ ਨਾਲ ਸਮਝੌਤਾ ਕਰ ਲੈਂਦਾ ਹੈ।

### 2.7.8 ਦਿੱਤੇ ਵਚਨ ਦੀ ਲਾਜ ਰੱਖਣਾ

ਤਤਕਾਲੀ ਲੋਕ ਦਿੱਤੇ ਹੋਏ ਵਚਨ ਦੀ ਲਾਜ ਰੱਖਦੇ ਸਨ। ਗੁਰੂ ਸਾਹਿਬ ਆਪਣੇ ਕਹੇ ਦੀ ਲਾਜ ਨਾ ਰੱਖਣ ਵਾਲੇ ਨੂੰ ਮਹਾਂ-ਮੂਰਖ ਦੱਸਦੇ ਹਨ ਜਿਸਦਾ ਭਾਵ ਹੈ ਕਿ ਆਪ ਸਮਾਜ ਦੀ ਉਕਤ ਮਾਨਤਾ ਦੇ ਵਿਰੋਧੀ ਨੂੰ ਫਿਟਕਾਰ ਲਗਾਉਂਦੇ ਹਨ:

ਮਨਹੁ ਜਿ [210]ਅੰਧੇ ਕੂਪ ਕਹਿਆ ਬਿਰਦੁ ਨ ਜਾਣਨ੍ੀ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1246)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਨਿੱਜੀ ਹਿੱਤਾਂ ਦੇ ਚਲਦੇ ਕੀਤੇ ਹੋਏ ਵਾਅਦੇ ਪਲਾਂ ਵਿਚ ਹੀ ਟੁੱਟ ਜਾਂਦੇ ਹਨ।

### 2.7.9 ਭੇਤ

ਤਤਕਾਲੀ ਲੋਕਾਂ ਦਾ ਖ਼ਿਆਲ ਸੀ ਕਿ ਕੁਝ ਗੱਲਾਂ ਭੇਤ ਦੀਆਂ ਹੁੰਦੀਆਂ ਹਨ, ਜਿਹੜੀਆਂ ਹਰ ਕਿਸੇ ਨੂੰ ਪਤਾ ਨਹੀਂ ਹੁੰਦੀਆਂ ਜਾਂ ਹਰ ਕਿਸੇ ਨੂੰ ਦੱਸੀਆਂ ਨਹੀਂ ਜਾ ਸਕਦੀਆਂ। ਹੇਠ ਲਿਖੇ ਸਲੋਕ ਵਿਚ ਗੁਰੂ ਅੰਗਦ ਦੇਵ ਜੀ ਸਰਕਾਰੀ ਪਟੇ (ਜੋ ਗੂੜ੍ਹ ਲਿਖਤਾਂ ਹੁੰਦੀਆਂ ਸਨ ਅਤੇਉਨ੍ਹਾਂ ਨੂੰ ਹਰ ਕੋਈ ਨਹੀਂ ਸੀ ਪੜ੍ਹ ਸਕਦਾ) ਬਾਰੇ ਇਸ਼ਾਰਾ ਦਿੰਦੇ ਹਨ:

ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ॥

ਨਾਨਕ ਏਹੁ [211]ਪਟੰਤਰਾ ਤਿਤੁ ਦੀਬਾਣਿ ਗਇਆਹ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਵਪਾਰ ਦੇ ਵੀ ਕੁਝ ਭੇਤ ਹੋਇਆ ਕਰਦੇ ਸਨ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਵਪਾਰ ਦੇ ਇੱਕ ਭੇਤ ਦਾ ਉਲੇਖ ਕਰਦੇ ਹਨ ਕਿ ਕਿਸੇ ਵਸਤੂ ਦਾ ਲੈਣ-ਦੇਣ ਕਰਨ ਤੋਂ ਪਹਿਲਾਂ ਉਸਦੇ ਗੁਣ-ਦੋਸ਼ ਪਰਖ ਲੈਣੇ ਚਾਹੀਦੇ ਹਨ ਤਾਂ ਜੋ ਮਗਰੋਂ ਪਛਤਾਉਣਾ ਨਾ ਪਵੇ:

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥

ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਸਰਬ ਸਮਰੱਥ ਪ੍ਰਭੂ ਵਾਸਤੇ ਕੋਈ ਗੱਲ ਭੇਤ ਵਾਲੀ ਨਹੀਂ ਭਾਵ ਉਹ ਸਭ ਕੁਝ ਜਾਣਦਾ ਹੈ। ਮਨੁੱਖ ਨੇ ਆਪਣੇ ਜੀਵਨ ਵਿਚ ਇਸ ਦੇ (ਜ਼ਿੰਦਗੀ ਦੇ) ਭੇਤ ਨੂੰ ਸਮਝਣਾ ਹੈ:

ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ॥(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 309)

**ਅਜੋਕੀ ਸਥਿਤੀ:** ਅਜੋਕੇ ਸਮੇਂ ਵਿਚ ਵੀ 'ਭੇਤ' ਦਾ ਆਪਣਾ ਹੀ ਮਹੱਤਵ ਹੈ। ਨਿੱਜੀ ਅਤੇ ਮਹੱਤਵਪੂਰਨ ਗੱਲਾਂ ਨੂੰ ਗੁਪਤ ਰੱਖਣ ਦਾ ਹੀ ਯਤਨ ਕੀਤਾ ਜਾਂਦਾ ਹੈ।

### 2.7.10 ਖ਼ਜ਼ਾਨਾ

ਤਤਕਾਲੀ ਲੋਕ ਇਹ ਸਮਝਦੇ ਸਨ ਕਿ ਖ਼ਜਾਨਾ ਬਹੁਮੁੱਲੀਆਂ ਵਸਤੂਆਂ ਦਾ ਇੱਕ ਭੰਡਾਰ ਹੁੰਦਾ ਹੈ। ਇਹ ਭੰਡਾਰ ਜਿਸ ਨੂੰ ਮਿਲ ਜਾਵੇ ਉਸਦੇ ਵਾਰੇ-ਨਿਆਰੇ ਹੋ ਜਾਂਦੇ ਹਨ। ਲੋਕਾਂ ਦੀ ਇਸ ਮਾਨਤਾ ਦੇ ਸਨਮੁਖ ਗੁਰੂ ਜੀ ਨਾਮ-ਖ਼ਜ਼ਾਨੇ ਦੀ ਗੱਲ ਕਰਦੇ ਹਨ।

ਕਈ ਵਾਰ ਖ਼ਜ਼ਾਨੇ ਦੀ ਬਖ਼ਸ਼ਿਸ਼ ਵੀ ਹੁੰਦੀ ਸੀ। ਇਹ ਬਖ਼ਸ਼ਿਸ਼ ਹਾਸਲ ਕਰਨ ਵਾਲਾ ਖ਼ਜ਼ਾਨੇ ਦਾ ਮਾਲਕ ਹੋ ਜਾਂਦਾ ਸੀ। ਉਹ ਜਿਵੇਂ ਚਾਹੇ ਖ਼ਜ਼ਾਨੇ ਦੀ ਵਰਤੋਂ ਕਰੇ। ਖ਼ਜ਼ਾਨੇ ਦੀਆਂ ਚਾਬੀਆਂ ਉਸ ਪਾਸ ਹੁੰਦੀਆਂ ਸਨ:

ਹਮ ਘਰਿ ਨਾਮੁ ਖਜਾਨਾ ਸਦਾ ਹੈ ਭਗਤਿ ਭਰੇ ਭੰਡਾਰਾ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 593)

ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 950)

ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 548)

ਕੁੰਜੀ ਜਿਨ ਕਉ ਦਿਤੀਆ ਤਿਨ੍ਾ ਮਿਲੇ ਭੰਡਾਰ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1239)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਖ਼ਜ਼ਾਨਿਆਂ ਦੀ ਪ੍ਰਾਪਤੀ ਲਈ ਕਈ ਤਰ੍ਹਾਂ ਦੇ ਮੰਤਰਾਂ ਦਾ ਜਾਪ ਕਰਦਾ ਦੇਖਿਆ ਜਾਂਦਾ ਹੈ।

### 2.7.11 ਉਪਾਉ/ਉੱਦਮ

ਤਤਕਾਲੀ ਲੋਕਾਂ ਦੀ ਮਾਨਤਾ ਸੀ ਕਿ ਉੱਦਮ ਕੀਤਿਆਂ ਮੁਸ਼ਕਿਲਾਂ ਦਾ ਹੱਲ ਹੁੰਦਾ ਹੈ ਅਤੇ ਆਪਣੇ ਚੰਗੇ ਲਈ ਉਪਾਉ ਜਾਂ ਯਤਨ ਕੀਤੇ ਜਾ ਸਕਦੇ ਹਨ। ਕਿਸੇ ਵਸਤੂ ਦੀ ਅਥਵਾ ਲਕਸ਼ ਦੀ ਪ੍ਰਾਪਤੀ ਲਈ ਵੀ ਉਪਾਉ ਕੀਤੇ ਜਾਂਦੇ ਸਨ। ਗੁਰੂ ਸਾਹਿਬ ਅਜਿਹੇ ਮਨੁੱਖੀ ਉਪਾਵਾਂ ਦੀ ਤੁਲਨਾ ਵਿਚ ਹੀ ਤਾਂ ਸ੍ਰੇਸ਼ਟ ਉਪਾਉ (ਸੁਚੱਜੇ ਜੀਵਨ ਢੰਗ ਦੀ ਪ੍ਰਾਪਤੀ) ਦੀ ਹੋਂਦ ਬਿਆਨਦੇ ਹਨ:

ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ॥

ਅੰਦਰੁ ਸੀਤਲੁ ਸਾਂਤਿ ਹੈ ਹਿਰਦੈ ਸਦਾ ਸੁਖੁ ਹੋਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 851)

ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 511)

ਜਿਹੜਾ ਮਨੁੱਖ ਸਵੇਰੇ ਉੱਠ ਕੇ ਪ੍ਰਭੂ ਨੂੰ ਯਾਦ ਕਰਨ ਦਾ ਉੱਦਮ ਕਰਨਾ ਲੋਚਦਾ ਹੈ, ਉਸਦੇ ਮਨ ਦੇ ਇਸ ਖ਼ਿਆਲ ਨੂੰ ਗੁਰੂ ਸਾਹਿਬ ਹੇਠ ਲਿਖੀ ਪੰਕਤੀ ਵਿਚ ਰੂਪਮਾਨ ਕਰਦੇ ਹਨ। ਆਪਣੇ ਟੱਬਰ ਨੂੰ ਪਾਲਣ ਲਈ, ਜੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਤੇ ਧਨ ਸੰਕਲਨ ਹਿੱਤ ਮਨੁੱਖ ਬੜੇ ਆਹਰ ਕਰਦਾ ਸੀ:

ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 519)

ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 706)

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 965)

ਨੇੜਲਾ ਮਿੱਤਰ ਜੇਕਰ ਮੁਸੀਬਤ ਵਿਚ ਫਸ ਜਾਂਦਾ ਸੀ ਤਾਂ ਉਸਦੇ ਛੁਟਕਾਰੇ ਲਈ ਵੀ ਉੱਦਮ ਕੀਤਾ ਜਾਂਦਾ ਸੀ। ਆਖ਼ਰ ਉੱਦਮ ਨਾਲ ਹੀ ਤਾਂ ਸਭ ਮਸਲੇ ਹੱਲ ਹੁੰਦੇ ਹਨ। ਉੱਦਮ ਕਰਨ ਵਾਲਾ ਰੱਜ ਕੇ ਰੋਟੀ ਖਾਂਦਾ ਹੈ। ਉਪਾਉ (ਯਤਨ) ਕਿਸੇ ਵਿਧੀ-ਪੂਰਨ ਢੰਗ ਨਾਲ ਕੀਤਾ ਜਾਂਦਾ ਸੀ ਤਾਂ ਜੋ ਸਿੱਟਾ ਸਾਰਥਕ ਹੋਵੇ:

ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 953)

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 522)

ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 785)

ਕਈ ਵਾਰ ਯਤਨ ਕਰਨ ਦੇ ਬਾਵਜੂਦ ਵੀ ਸਫ਼ਲਤਾ ਨਹੀਂ ਸੀ ਮਿਲ ਪਾਉਂਦੀ ਤੇ ਯਤਨ ਕਰਨ ਦੇ ਸਾਰੇ ਆਹਰ ਬੇਸਿੱਟਾ ਹੀ ਰਹਿੰਦੇ ਸਨ ਪਰ ਫਿਰ ਵੀ ਸਖ਼ਤ ਮਿਹਨਤ ਤੋਂ ਬਿਨਾ ਗੱਲ ਨਹੀਂ ਸੀ ਬਣਦੀ:

ਕਬੀਰ ਕਾਰਨ ਬਪੁਰਾ ਕਿਆ ਕਰੈ ਰਾਮੁ ਨ ਕਰੈ ਸਹਾਇ॥
ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ॥(ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ 1369)

ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਸੱਚੇ ਉੱਦਮ (ਪ੍ਰਭੂ ਨਾਮ-ਸਿਮਰਨ) ਤੋਂ ਬਿਨਾ ਰੱਬੀ ਦਰਗਾਹ ਵਿਚ ਸ਼ਾਬਾਸ਼ੀ ਨਹੀਂ ਮਿਲਦੀ। ਇਸ ਕਥਨ ਦਾ ਭਾਵ ਹੈ ਕਿ ਦੁਨਿਆਵੀ ਉੱਦਮ ਦੇ ਬਦਲੇ ਮਨੁੱਖ ਨੂੰ ਸ਼ਾਬਾਸ਼ੀ ਮਿਲਦੀ ਸੀ:

ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

**ਅਜੋਕੀ ਸਥਿਤੀ:**ਅਜੋਕਾ ਮਨੁੱਖ ਉੱਦਮ ਦੀ ਥਾਂ ਜੁਗਾੜ ਨੂੰ ਵਧੇਰੇ ਪਹਿਲ ਦਿੰਦਾ ਹੈ।

## 2.7.12 ਔਪਚਾਰਿਕਤਾ (Formalities)

ਕਈ ਲੋਕ ਕਿਸੇ ਕੰਮ ਨੂੰ ਦਿਲ ਤੋਂ ਤਾਂ ਨਹੀਂ ਸਨ ਕਰਨਾ ਚਾਹੁੰਦੇ ਪਰ ਪਰੰਪਰਾ ਜਾਂ ਧਰਮ ਦੁਆਰਾ ਦੱਸਿਆ ਹੋਇਆ ਹੋਣ ਕਾਰਨ, ਜ਼ਰੂਰਤ ਮਹਿਸੂਸ ਕਰਦੇ ਹੋਏ, ਉਹ ਉਸ ਕੰਮ ਨੂੰ ਕਰਦੇ ਸਨ। ਸ਼ੇਖ਼ ਕਾਅਬੇ ਦੇ ਹੱਜ ਲਈ ਜਾਂਦਾ ਸੀ। ਉਹ ਆਪਣੇ ਧਰਮ ਦੀਆਂ ਹਦਾਇਤਾਂ ਦੀ ਪਾਲਣਾ ਹਿਤ ਜ਼ਰੂਰ ਜਾਂਦਾ ਸੀ, ਭਾਵੇਂ ਉਸਦਾ ਮਨ ਅਜੇ ਉਸ ਪੱਧਰ ਦਾ ਨਹੀਂ ਸੀ ਹੋਇਆ ਕਿ ਉਹ ਪੂਰੀ ਤਰ੍ਹਾਂ ਧਰਮ-ਪਰਾਇਣ ਹੋ ਸਕੇ; ਅੱਲ੍ਹਾ ਨੂੰ ਪੂਰਨ-ਸਮਰਪਿਤ ਹੋ ਸਕੇ। ਗੁਰੂ ਸਾਹਿਬ ਅਜਿਹੇ ਥੋਥੇ ਪ੍ਰਚਲਨ ਦਾ ਖੰਡਨ ਕਰਦੇ ਹਨ:

ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ॥
ਕਬੀਰ ਜਾ ਕੀ ਦਿਲ ਸਾਬਤ ਨਹੀ ਤਾ ਕਉ ਕਹਾਂ ਖੁਦਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਹੱਸਦਿਆਂ ਦਾ ਹਾਣੀ ਹੋਣ ਲਈ ਕਿਸੇ ਗੱਲ 'ਪੁਰ ਹੱਸਣਾ ਜ਼ਰੂਰੀ ਸੀ ਪਰ ਉਨ੍ਹਾਂ (ਹੱਸਣ ਵਿਚ ਸਾਥ ਦੇਣ ਵਾਲਿਆਂ) ਦਾ ਹਾਸਾ ਬਨਾਉਟੀ ਹੁੰਦਾ ਸੀ। ਗੁਰੂ ਸਾਹਿਬ ਅਜਿਹਾ ਹਾਸਾ ਹੱਸਣ ਵਾਲੇ ਨੂੰ ਹੱਸਣ ਦੀ ਜਾਚ ਸਿਖਾਉਂਦਿਆਂ ਹੋਇਆਂ ਆਖਦੇ ਹਨ ਕਿ ਅਸਲ ਹੱਸਣਾ ਤਾਂ ਉਹ ਹੈ ਜਦੋਂ ਤਨ ਦੇ ਨਾਲ ਮਨ ਵੀ ਹੱਸੇ:

ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਸਤਿਗੁਰੂ ਦੇ ਕੇਵਲ ਦਰਸ਼ਨ ਕਰਨ ਦੀ ਔਪਚਾਰਿਕਤਾ ਨਿਭਾਉਣ ਵਾਲੇ ਨੂੰ (ਜੋ ਖ਼ੁਦ ਨੂੰ ਮੁਕਤ ਹੋ ਗਿਆ ਸਮਝਦਾ ਹੈ), ਗੁਰੂ ਸਾਹਿਬ ਆਤਮ-ਚਿੰਤਨ ਕਰਨ ਦੀ ਸਲਾਹ ਦਿੰਦੇ ਹਨ ਕਿਉਂਕਿ ਅਜੇ ਤੱਕ ਉਸਦੀ ਸਤਿਗੁਰੂ ਨਾਲ ਪ੍ਰੀਤੀ ਤਾਂ ਬਣੀ ਨਹੀਂ, ਉਹ ਤਾਂ ਸਿਰਫ਼ ਔਪਚਾਰਿਕਤਾ ਦੀ ਪਾਲਣਾ ਕਰਦਾ ਹੋਇਆ ਹੀ ਇਸ ਪਾਸੇ ਵੱਲ ਚੱਲ ਰਿਹਾ ਹੈ। ਉਹ ਇੱਕ ਕਦਮ (ਔਪਚਾਰਿਕਤਾ ਭਰਿਆ) ਅੱਗੇ ਵਧਾਉਂਦਾ ਹੈ ਤਾਂ ਉਸਦਾ ਮਨ ਉਸਨੂੰ ਦਸ ਕਦਮ ਪਿੱਛੇ ਲੈ ਜਾਂਦਾ ਹੈ (ਭਾਵ ਮਾਨਸਿਕ ਤੌਰ 'ਤੇ ਉਹ ਤਿਆਰ ਨਹੀਂ):

ਸਤਿਗੁਰ ਨੋ ਸਭੁ ਕੋ ਲੋਚਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 594)
ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ॥
ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ॥(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1246)

ਸਰੀਰਕ ਤੌਰ 'ਤੇ ਮਿਲ ਪੈਣਾ ਕੋਈ ਮਿਲਣਾ ਨਹੀਂ, ਅਸਲ ਮਿਲਾਪ ਤਾਂ, ਤਾਂ ਹੈ ਜਦ ਦਿਲ ਮਿਲ ਪੈਣ, ਵਿਚਾਰ ਮਿਲ ਜਾਣ:

ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 791)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਮਨੁੱਖ ਦਿਲੀ ਸਾਂਝ ਦੀ ਥਾਂ ਔਪਚਾਰਿਕਤਾ ਨੂੰ ਹੀ ਪਹਿਲ ਦਿੰਦਾ ਹੈ। ਧਰਮ ਦੇ ਕੰਮ ਵੀ ਉਹ, ਵਧੇਰੇ ਕਰਕੇ, ਔਪਚਾਰਿਕਤਾ ਹਿੱਤ ਹੀ ਕਰਦਾ ਹੈ।

## 2.7.13 ਕਾਰਜ-ਸਿੱਧੀ

ਕਿਸੇ ਕੰਮ ਨੂੰ ਕਰਨ ਦੀ ਵਿਉਂਤ ਬਣਾਈ, ਉਸ ਕੰਮ ਨੂੰ ਕਰਦਿਆਂ ਕੋਈ ਵਿਘਨ ਨਾ ਪਿਆ, ਤਾਂ ਕਾਰਜ ਸਿੱਧ ਹੋ ਗਿਆ ਸਮਝਿਆ ਜਾਂਦਾ ਸੀ। ਮਨੁੱਖ ਸੰਸਾਰ ਵਿਚ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਪਾਉਣ ਲਈ ਆਇਆ ਪਰ ਉਸਦਾ ਜੀਵਨ ਮੁੱਖ ਮੰਤਵ ਨੂੰ ਛੱਡ ਕੇ ਜੀਵਨ ਹੋਰ-ਹੋਰ ਕੰਮਾਂ ਵਿਚ ਲੰਘ ਗਿਆ, ਇਸ ਵਿਵਹਾਰ ਨੂੰ ਗੁਰੂ ਸਾਹਿਬ ਨੇ 'ਕਾਰਜ ਸਿੱਧ ਨਾ ਹੋਣ' ਦੀ ਦ੍ਰਿਸ਼ਟੀ ਤੋਂ ਬਿਆਨਿਆ ਹੈ:

ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ ਫਿਰਿ ਆਵੈ ਜਾਇ॥
ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 850-51)

ਕਾਰਜ ਦੌਰਾਨ ਕਿਸੇ ਵਿਘਨ ਤੋਂ ਬਚਾਅ ਰਹਿੰਦਾ ਸੀ ਤਾਂ ਕਾਰਜ ਨਿਰਵਿਘਨ ਸੰਪੂਰਨ ਹੋ ਗਿਆ ਸਮਝਿਆ ਜਾਂਦਾ ਸੀ। ਕਾਰਜ ਸਿੱਧ ਕਰਨ ਲਈ ਕਈ ਵਾਰ ਕਿਸੇ ਦੀ ਸਹਾਇਤਾ ਵੀ ਲੈਣੀ ਪੈਂਦੀ ਸੀ:

ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 948)
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹਿ ਕਾ [212]ਬਸੀਠੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 957)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਮਨੁੱਖ ਆਪਣਾ ਕਾਰਜ ਸਿੱਧ ਕਰਨ ਲਈ ਕਈ ਵਿਉਂਤਾਂ ਬਣਾਉਂਦਾ ਹੈ। "ਸ਼ਬਦ 'ਧੰਨਵਾਦ' ਜਾਂ 'ਸ਼ੁਕਰੀਆ' ਸੁਣਨ ਲਈ ਬਹੁਤ ਛੋਟਾ ਲਗਦਾ ਹੈ ਪਰ ਇਹ ਬਹੁਤ ਹੀ ਹਾਂ-ਪੱਖੀ ਅਤੇ ਪ੍ਰਭਾਵੀ ਅਸਰ ਪਾਉਂਦਾ ਹੈ। ਇਹ ਸ਼ਬਦ ਜ਼ਿੰਦਗੀ ਦੇ ਨਾਲ-ਨਾਲ ਸਫ਼ਰ ਕਰਦੇ ਹਨ। ਇਨ੍ਹਾਂ ਦਾ ਬੜਾ ਮਹੱਤਵ ਹੈ। ਤਹਿ ਦਿਲੋਂ ਕੀਤਾ ਸ਼ੁਕਰਾਨਾ ਬਿਨਾ ਸ਼ੱਕ ਪਿਆਰ 'ਚ ਵਾਧਾ ਕਰਦਾ ਹੈ। ਫਿਰ ਧੰਨਵਾਦ, ਸ਼ੁਕਰੀਆ ਤੇ ਕਿਰਪਾ ਕਰਕੇ ਆਦਿ ਸ਼ਬਦ ਬੜੇ ਕੰਮ ਸਵਾਰਦੇ ਹਨ। " (ਮੁਖ਼ਤਾਰ ਗਿੱਲ, *ਅਜੀਤ ਰੋਜ਼ਾਨਾ ਮਿਤੀ 27.11.2017* 15) "ਦੂਜੇ ਨੂੰ ਠਿੱਬੀ ਲਾ ਕੇ ਅੱਗੇ ਲੰਘਣ ਦੀ ਬਿਰਤੀ ਸਦੀਵੀ ਘਾਟੇ ਵਾਲੀ ਹੁੰਦੀ ਹੈ ਜਿਸ ਨਾਲ ਸ਼ਖ਼ਸੀਅਤ ਦੇ ਭਵਿੱਖੀ ਪ੍ਰਭਾਵ ਘਸਮੈਲੇ ਅਤੇ ਸ਼ੱਕੀ ਹੋ ਜਾਂਦੇ ਹਨ। ਕਦਰਾਂ-ਕੀਮਤਾਂ ਅਤੇ ਨੈਤਿਕਤਾ ਭਰਪੂਰ ਨਜ਼ਰੀਆ ਬਰਕਤਾਂ ਅਤੇ ਬਖ਼ਸ਼ੀਸ਼ਾਂ ਭਰਪੂਰ ਸਿੱਧ ਹੁੰਦਾ ਹੈ। " (ਜੁਗਿੰਦਰ ਸਿੰਘ ਫੁੱਲ, *ਪੰਜਾਬੀ ਜਾਗਰਣ ਰੋਜ਼ਾਨਾ ਮਿਤੀ 27.11.2017* 4)

## 2.7.14 ਸਮਾਜਿਕ ਜ਼ਾਬਤਾ

ਤਤਕਾਲੀ ਲੋਕ ਸਹਿਜ-ਸੁਭਾ ਹੀ ਇੱਕ ਸਮਾਜਿਕ ਜ਼ਾਬਤੇ ਅਧੀਨ ਵਿਚਰਦੇ ਸਨ। ਸਮਾਜ ਵਿਚ ਵਿਚਰਦਿਆਂ ਉਹ ਖ਼ਾਸ ਜ਼ਾਬਤੇ ਦੀ ਪਾਲਣਾ ਕਰਦੇ ਪ੍ਰਤੀਤ ਹੁੰਦੇ ਹਨ। ਉਸ ਜ਼ਾਬਤੇ ਤੋਂ ਬਾਹਰ ਵਿਚਰਨ ਵਾਲਿਆਂ ਨੂੰ ਬਹੁਤਾ ਚੰਗਾ ਨਹੀਂ ਸੀ ਸਮਝਿਆ ਜਾਂਦਾ ਸੀ। ਗੱਲ-ਬਾਤ ਕਰਨ ਲੱਗੇ ਥਾਂ-ਕੁਥਾਂ ਦਾ ਵਿਚਾਰ ਕਰਨਾ ਜ਼ਰੂਰੀ ਸਮਝਿਆ ਜਾਂਦਾ ਸੀ ਭਾਵ ਕਿ ਆਸ-ਪਾਸ ਬੈਠਿਆਂ ਨੂੰ ਮੁੱਖ ਰੱਖ ਕੇ ਹੀ ਗੱਲ-ਬਾਤ ਦਾ ਦਾਇਰਾ ਕਾਇਮ ਰੱਖਣਾ ਚੰਗਾ ਸਮਝਿਆ ਜਾਂਦਾ ਸੀ। ਕਾਮ-ਵਾਸ਼ਨਾ ਤੋਂ ਪੀੜਤ, ਕ੍ਰੋਧ ਦੇ ਭਰੇ ਹੋਏ ਅਤੇ ਹੰਕਾਰ-ਗ੍ਰਸਤ ਲੋਕ, ਜਦੋਂ ਇਨ੍ਹਾਂ ਵਿਕਾਰਾਂ ਦੇ ਪ੍ਰਭਾਵ ਹੇਠ ਆ ਕੇ ਥਾਂ-ਕੁਥਾਂ ਦੇ ਵਿਚਾਰ ਕੀਤੇ ਬਿਨਾ ਗੱਲ-ਬਾਤ ਕਰਦੇ ਸਨ ਤਾਂ ਉਨ੍ਹਾਂ ਨੂੰ ਚੰਗੇ ਨਹੀਂ ਸੀ ਗਿਣਿਆ ਜਾਂਦਾ:

ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥

ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ॥

ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ॥

(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 950)

ਮਨਮੁਖ ਬੋਲਿ ਨ ਜਾਣਨੀ੍ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥

ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ॥

ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1248)

ਮਾਤਾ-ਪਿਤਾ, ਭਰਾਵਾਂ ਦੀ ਮਾਣ-ਮਰਿਆਦਾ ਨੂੰ ਧਿਆਨ ਵਿਚ ਰੱਖ ਕੇ ਅਤੇ ਲੋਕਾਂ ਦੀ ਰਾਇ ਨੂੰ ਮੁੱਖ ਰੱਖ ਕੇ ਕੀਤੇ ਹੋਏ ਕੰਮ ਨੂੰ ਪਰਵਾਨ ਕੀਤਾ ਜਾਂਦਾ ਸੀ ਭਾਵ ਆਮ ਮਨੁੱਖ ਇਸ ਤੱਥ ਨੂੰ ਮੁੱਖ ਰੱਖ ਕੇ ਕੋਈ ਕੰਮ ਕਰਦਾ ਸੀ ਕਿ ਲੋਕ ਇਸ ਬਾਰੇ ਕੀ ਕਹਿਣਗੇ? ਮਿੱਤਰ, ਮਾਤਾ-ਪਿਤਾ, ਇਸ਼ਟ ਅਤੇ ਰਿਸ਼ਤੇਦਾਰੀ ਨੂੰ ਜਿਹੜਾ ਕੰਮ ਚੰਗਾ ਲੱਗਦਾ ਸੀ ਉਹੀ ਕੀਤਾ ਜਾਂਦਾ ਸੀ, ਉਨ੍ਹਾਂ ਦੀ ਸ਼ਰਮ ਮੰਨੀ ਜਾਂਦੀ ਸੀ। ਲਾਲਚ ਅਧੀਨ ਇਨ੍ਹਾਂ ਦੀ ਸ਼ਰਮ ਨਾ ਰੱਖਣ ਵਾਲੇ ਮਨੁੱਖ ਨੂੰ ਕੋਸਿਆ ਗਿਆ ਹੈ ਕਿਉਂਕਿ ਉਹ ਇਨ੍ਹਾਂ ਦੀ ਲੱਜਾ ਨਾ ਪਾਲਦਾ ਹੋਇਆ, ਖੁਲ੍ਹੇ ਤੌਰ 'ਤੇ, ਨਾ-ਕਰਨ ਯੋਗ ਕੰਮ ਕਰਦਾ ਹੈ, ਨਾ-ਖਾਣ ਯੋਗ ਪਦਾਰਥ ਖਾਂਦਾ ਹੈ ਅਤੇ ਸਭ ਦੇ ਸਨਮੁਖ ਨਾ-ਕਰਨ ਯੋਗ ਗੱਲਾਂ ਕਰਦਾ ਹੈ:

ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1355)

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ॥

ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ॥

ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ॥

ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ ਅਸਾਜ੍ਯੰ ਸਾਜਿ ਸਮਜਯਾ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)

ਮਨੁੱਖ ਦਾ ਇਸ ਜ਼ਾਬਤੇ ਦੀ ਪਾਲਣਾ ਕਰਨ ਦਾ ਇੱਕ ਕਾਰਨ ਇਹ ਸੀ ਕਿ ਮਨੁੱਖ ਆਪਣੇ-ਆਪ ਨੂੰ ਚੰਗਾ ਅਖਵਾਉਣਾ ਚਾਹੁੰਦਾ ਸੀ। ਹੇਠ ਲਿਖੇ ਸਲੋਕ ਵਿਚ ਕਬੀਰ ਜੀ ਮਨੁੱਖ ਨੂੰ ਇਸੇ ਗੱਲ ਦਾ ਵਾਸਤਾ ਦੇ ਕੇ ਉਸਦੇ ਵਿਵਹਾਰ ਦੀ ਦਰੁਸਤੀ ਕਰਵਾਉਣੀ ਚਾਹੁੰਦੇ ਹਨ:

ਕਬੀਰ ਸਮੁੰਦ ਨ ਛੋਡੀਐ ਜਉ ਅਤਿ ਖਾਰੋ ਹੋਇ॥

ਪੋਖਰਿ ਪੋਖਰਿ[213] ਢੂਢਤੇ ਭਲੋ ਨ ਕਹਿਹੈ ਕੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਤਤਕਾਲੀ ਮਨੁੱਖ ਆਪਣੀ ਕੁਲ ਦੀ ਮਰਿਆਦਾ ਨੂੰ ਪਾਲਦਾ ਹੋਇਆ ਮਰਨ ਤੱਕ ਜਾਂਦਾ ਸੀ ਕਿ ਦੁਨੀਆ ਉਸਨੂੰ ਕੀ ਕਹੇਗੀ? ਲੋਕ ਕਿਸੇ ਕੰਮ ਨੂੰ ਬਹੁਤੇ ਜਣਿਆਂ ਦਾ ਕੀਤਾ ਹੋਇਆ ਹੋਣ ਕਾਰਨ, ਉਸ ਕੰਮ ਨੂੰ ਸਹੀ ਜਾਣ ਕੇ, ਦੁਹਰਾਉਂਦੇ ਜਾਂਦੇ ਸਨ ਭਾਵੇਂ ਮਗਰੋਂ ਉਸਦੇ ਨਤੀਜੇ ਕੁਝ ਵੀ ਨਿਕਲਣ:

ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਬ੍ਰਾਹਮਣ ਦੀ ਹੱਤਿਆ ਕਰਨਾ, ਗਊ-ਘਾਤ, ਧੀ ਨੂੰ ਮਾਰਨਾ (ਉਸਦਾ ਧਨ ਖਾਣਾ), ਕੁਕਰਮੀ ਦਾ ਦਿੱਤਾ ਭੋਜਨ ਖਾਣਾ, ਬੇਅੰਤ ਫਿਟਕਾਰਾਂ ਖੱਟਣੀਆਂ, ਬਦੀਆਂ ਦੀ ਮੈਲ ਅਤੇ ਸਦਾ ਆਕੜ ਵਿਚ ਰਹਿਣਾ ਚੰਗੇ ਨਹੀਂ ਸਨ ਜਾਣੇ ਜਾਂਦੇ। ਗੁਰੂ ਸਾਹਿਬ ਪ੍ਰਭੂ-ਨਾਮ ਵਿਸਾਰਨ ਵਾਲੇ ਮਨੁੱਖ ਦੀ ਤੁਲਨਾ ਇਨ੍ਹਾਂ ਸਭ ਨਿਖਿੱਧ ਕਰਮਾਂ ਨੂੰ ਕਰਨ ਵਾਲੇ ਨਾਲ ਕਰਦੇ ਹਨ। ਭਾਵ ਇਹ ਕੰਮ ਅਤਿ-ਬੁਰੇ ਸਮਝੇ ਜਾਂਦੇ ਸਨ:

ਬ੍ਰਹਮਣ ਕੈਲੀ ਕੰਵਕਾ ਅਣਚਾਰੀ ਕਾ ਧਾਨੁ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥
ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1413)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਸਮਾਜਿਕ ਜ਼ਾਬਤੇ ਦੀ ਪਰਵਾਹ ਘੱਟ ਹੀ ਕਰਦਾ ਹੈ। ਉਹ ਇਸਨੂੰ ਬੇਲੋੜੀ ਪਰੰਪਰਾ ਜਾਣਦਾ ਹੋਇਆ, ਇਸ ਤੋਂ ਆਜ਼ਾਦੀ ਪਾਉਣ ਲਈ ਸੰਘਰਸ਼ ਕਰ ਰਿਹਾ ਹੈ। "ਸਮਕਾਲੀ ਪੰਜਾਬੀ ਸਮਾਜ ਇਕ ਗੁੰਝਲਦਾਰ ਇਕਾਈ ਹੈ। ਜਿਸ ਵਿਚ ਸਭਿਆਚਾਰਕ ਰੂਪਾਂਤਰਣ ਦੀ ਪ੍ਰਕਿਰਿਆ ਨਿਰੰਤਰ ਚੱਲ ਰਹੀ ਹੈ। ਉਤਰ-ਆਧੁਨਿਕਤਾ ਦੇ ਪ੍ਰਵੇਸ਼ ਨਾਲ ਸਾਰਾ ਸੰਸਾਰ ਇਕ ਪਿੰਡ ਬਣ ਰਿਹਾ ਹੈ ਪਰ ਦੂਜੇ ਪਾਸੇ ਸੈਟੇਲਾਈਟ ਚੈਨਲਾਂ ਤੇ ਕੰਪਿਊਟਰ ਦੀ ਬਦੌਲਤ ਹਰ ਪਿੰਡ ਪੂਰਾ ਸੰਸਾਰ ਬਣ ਰਿਹਾ ਹੈ। ਸਮਾਜਿਕ ਮਾਨਤਾਵਾਂ ਦੇ ਖੰਡਿਤ ਹੋਣ, ਵਰਜਨਾਵਾਂ ਦੇ ਤਿੜਕਣ ਤੇ ਨਵੇਂ ਜੀਵਨ ਮੁੱਲਾਂ ਦੀ ਸਥਾਪਨਾ ਵਿਚ ਅਵਰੋਧ ਆਦਿ ਅਜਿਹੇ ਪੱਖ ਹਨ ਜਿਹੜੇ ਸਮਕਾਲੀ ਪੰਜਾਬੀ ਸਮਾਜ ਦੇ ਸੰਰਚਨਾਤਮਕ ਢਾਂਚੇ ਦੀਆਂ ਚੂਲਾਂ ਨੂੰ ਹਿਲਾ ਰਹੇ ਹਨ। " (ਧਨਵੰਤ ਕੌਰ, *ਸਮਕਾਲੀ ਪੰਜਾਬੀ ਸਮਾਜ* 162) "ਸਮਾਜ ਵੀ ਵਕਤ ਦੇ ਬਣਾਏ ਸਭਿਆਚਾਰਕ ਨੇਮਾਂ ਅਤੇ ਵਿਵਸਥਾ ਦੇ ਕਾਇਦੇ ਕਾਨੂੰਨਾਂ ਦਾ ਪਾਬੰਦ ਹੈ। ਇਸ ਲਈ ਇਹ ਬਹੁਤ ਵਾਰੀ ਵਿਅਕਤੀ ਦੀਆਂ ਨਿੱਜੀ ਅਕਾਂਖਿਆਵਾਂ ਦੇ ਰਸਤੇ ਵਿਚ ਅੜਕੇ ਖਲੋ ਜਾਂਦਾ ਹੈ। " (ਸੁਰਿੰਦਰ ਮੰਡ, *ਜੀਵਨ ਦੇ ਰੰਗ ਢੰਗ* 20) "ਟੈਲੀਵਿਜ਼ਨ ਦੇ ਪ੍ਰਭਾਵ ਹੇਠ ਸਾਡੇ ਮੁੰਡੇ /ਕੁੜੀਆਂ ਖੁੱਲ੍ਹ ਚਾਹੁੰਦੇ ਹਨ। ਪਰ ਮਾਤਾ ਪਿਤਾ ਦੀ ਮਾਨਸਿਕਤਾ ਉਨ੍ਹਾਂ ਨੂੰ ਉਤਨੀ ਆਜ਼ਾਦੀ ਦੇਣ ਨੂੰ ਤਿਆਰ ਨਹੀਂ। ... ... ਮਾਤਾ ਪਿਤਾ ਜਦੋਂ ਇਹ ਆਜ਼ਾਦੀ ਉਨ੍ਹਾਂ ਨੂੰ ਨਹੀਂ ਦਿੰਦੇ ਤਾਂ ਉਹ ਆਤਮ ਹੱਤਿਆ ਤਕ ਵੀ ਕਰ ਲੈਂਦੇ ਹਨ ਜਾਂ ਫਿਰ ਘੁਟੇ ਘੁਟੇ ਰਹਿੰਦੇ ਹਨ। ਨਸ਼ੇ, ਧਨ ਅਤੇ ਆਰਾਮਦੇਹ ਜੀਵਨ ਬਤੀਤ ਕਰਨ ਦੀ ਚਕਾਚੌਂਧ ਵਿਚ ਉਹ ਆਪਣੀ ਸੰਸਕ੍ਰਿਤੀ ਨੂੰ ਭੁੱਲਦੇ ਜਾ ਰਹੇ ਹਨ। ਜੀਵਨ ਦੀਆਂ ਕਦਰਾਂ /ਕੀਮਤਾਂ ਦਿਨ ਪ੍ਰਤੀ ਦਿਨ ਘਟਦੀਆਂ ਜਾ ਰਹੀਆਂ ਹਨ। " (ਮਹਿੰਦਰ ਪ੍ਰਤਾਪ, *ਜੀਵਨ ਜਾਚ* 8)

### 2.7.15 ਮਨੁੱਖ ਜੋ ਕਰਦਾ ਸੀ, ਉਹੋ ਹੀ ਅਖਵਾਉਂਦਾ ਸੀ

ਮਨੁੱਖ ਜਿਸ ਤਰ੍ਹਾਂ ਦੀ ਕਰਨੀ ਕਰਦਾ ਸੀ, ਉਹੋ ਜਿਹਾ ਹੀ ਮਸ਼ਹੂਰ ਹੋ ਜਾਂਦਾ ਸੀ। ਗੁਰੂ ਅੰਗਦ ਦੇਵ ਜੀ ਇਸ ਗੱਲ ਨੂੰ ਕਿਸੇ ਦੇ ਵੀ ਵੱਸ ਤੋਂ ਬਾਹਰ ਦੀ ਬਿਆਨ ਕਰਦੇ ਹਨ ਭਾਵ ਕੁਦਰਤੀ ਨਿਯਮ ਦੱਸਦੇ ਹਨ। ਜਿਸ ਤਰ੍ਹਾਂ ਲਸਣ ਦੀ ਪੋਥੀ ਆਪਣੀ ਮਹਿਕ ਸਦਕਾ ਗੁੱਝੀ ਨਹੀਂ ਰਹਿ ਪਾਉਂਦੀ, ਉਸੇ ਤਰ੍ਹਾਂ ਆਪ-ਹੁਦਰਾ ਆਦਮੀ ਵੀ ਆਪਣੀ ਕਰਨੀ ਸਦਕਾ ਗੁੱਝਾ ਨਹੀਂ ਸੀ ਰਹਿ ਪਾਉਂਦਾ:

ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ [214]ਜਰੂਰਤਿ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥
ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਆਤਮ-ਕੇਂਦ੍ਰਿਤ ਮਨੁੱਖ, ਜਿਹੜਾ ਵਿਕਾਰਾਂ ਵਿਚ ਹੀ ਉਮਰ ਬਿਤਾ ਦਿੰਦਾ ਸੀ, ਦਾ ਮੌਤ ਤੋਂ ਬਾਅਦ ਕੋਈ ਨਾਂ ਨਹੀਂ ਸੀ ਲੈਂਦਾ:

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥

ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਦੇਰ-ਸਵੇਰ ਸੱਚ ਸਾਹਮਣੇ ਆ ਹੀ ਜਾਂਦਾ ਹੈ। "ਆਮ ਦੇਖਣ ਵਿਚ ਆਇਆ ਹੈ ਕਿ ਕਿਸੇ ਦੀ ਬੁਰੀ ਗੱਲ ਜਲਦੀ ਫੈਲਦੀ ਹੈ ਅਤੇ ਚੰਗੀ ਗੱਲ ਬਹੁਤ ਸੁਸਤ ਚਾਲ ਅੱਗੇ ਤੁਰਦੀ ਹੈ। " (ਹਰੀਸ਼ ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ* 11) "ਅਸੀਂ ਆਪਣੇ ਆਪ ਨੂੰ ਜਾਂ ਲੋਕਾਂ ਨੂੰ ਕਿੰਨੀ ਕੁ ਦੇਰ ਧੋਖੇ 'ਚ ਰੱਖ ਸਕਦੇ ਹਾਂ? ਇਕ ਨਾ ਇਕ ਦਿਨ ਅਸਲੀ ਰੂਪ ਬਾਹਰ ਆ ਹੀ ਜਾਵੇਗਾ ਤੇ ਸਾਡੀ ਅਸਲੀਅਤ ਦਾ ਸੁਰਾਖ ਕਿਤੋਂ ਨਾ ਕਿਤੋਂ ਲੱਭ ਹੀ ਪੈਂਦਾ ਹੈ। " (ਹਰੀਸ਼ ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ* 55) "ਕਾਠ ਦੀ ਹਾਂਡੀ ਕਿੰਨੀ ਕੁ ਦੇਰ ਚੜ੍ਹੇਗੀ? ਇਕ ਨਾ ਇਕ ਦਿਨ ਅਸਲੀਅਤ ਬਾਹਰ ਆ ਕੇ ਈ ਰਹਿੰਦੀ ਹੈ। " (ਹਰੀਸ਼ ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ* 55)

### 2.7.16 ਆਪਣੇ ਜਿਹੇ ਵਿਵਹਾਰ ਵਾਲੇ ਦੀ ਤਲਾਸ਼

ਤਤਕਾਲੀ ਮਨੁੱਖ ਆਪਣੇ ਜਿਹੇ ਵਿਵਹਾਰ ਵਾਲੇ ਨੂੰ ਲੱਭ ਲੈਂਦਾ ਸੀ ਅਤੇ ਉਸੇ ਦੀ ਸੰਗਤ ਵਿਚ ਹੀ ਤਸੱਲੀ ਮਹਿਸੂਸ ਕਰਦਾ ਸੀ। ਕਦੇ ਨਾ ਕਦੇ ਉਸਨੂੰ ਆਪਣੇ ਜਿਹਾ ਮਿਲ ਹੀ ਪੈਂਦਾ ਸੀ ਜਾਂ ਅਜਿਹੇ ਸੰਜੋਗ ਬਣ ਹੀ ਜਾਂਦੇ ਸਨ। ਗੁਰੂ ਅੰਗਦ ਦੇਵ ਜੀ ਅਨੁਸਾਰ ਤੁਰੇ ਜਾ ਰਹੇ ਨੂੰ ਤੁਰਦਾ ਹੋਇਆ (ਸਾਧਾਰਣ ਜੀਵਨ ਵਾਲੇ ਨੂੰ ਉਸ ਜਿਹਾ), ਉੱਡ ਰਹੇ ਨੂੰ ਉੱਡਦਾ ਹੋਇਆ (ਸਾਧਨ-ਸੰਪੰਨ ਨੂੰ ਉਸ ਵਰਗਾ), ਜ਼ਿੰਦਾ-ਦਿਲ ਨੂੰ ਉਸਦਾ ਹਮਜੋਲੀ ਅਤੇ ਮੁਰਦਾ-ਰੂਹ ਨੂੰ ਆਸ-ਵਿਹੂਣੇ ਮਿਲ ਹੀ ਪੈਂਦੇ ਹਨ। ਚੋਰਾਂ, ਵਿਭਚਾਰੀ ਮਰਦਾਂ ਤੇ ਔਰਤਾਂ ਅਤੇ ਅਸੱਭਿਅਕ ਵਰਤਾਰਿਆਂ ਦੇ ਵਾਹਕਾਂ ਦਾ ਬਹਿਣ-ਉੱਠਣ ਤੇ ਖਾਣ-ਪੀਣ ਇਕੱਠਾ ਹੀ ਹੁੰਦਾ ਸੀ। ਠੱਗਾਂ ਨੂੰ ਠੱਗ ਮਿਲ ਹੀ ਪੈਂਦੇ ਸਨ:

ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ॥

ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 960)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਵੀ ਆਪਣੇ ਜਿਹੇ ਵਿਚਾਰਾਂ ਵਾਲੇ ਮਨੁੱਖ ਦੀ ਸੰਗਤ ਵਿਚ ਹੀ ਆਪਣੇ-ਆਪ ਨੂੰ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। "ਦੁਨੀਆ 'ਚ ਵੱਖ-ਵੱਖ ਕਿਸਮ ਦੀਆਂ ਚੀਜ਼ਾਂ, ਜਾਨਵਰਾਂ, ਪੰਛੀਆਂ ਅਤੇ ਬੰਦਿਆਂ ਦੀ ਭਰਮਾਰ ਹੈ। ਇਸ ਵਖਰੇਵੇਂ ਕਰਕੇ ਹੀ ਹਰ ਚੀਜ਼ ਦਾ ਨਾਮ ਜੁਦਾ-ਜੁਦਾ ਰੱਖਿਆ ਗਿਆ ਹੈ। ਇਕੋ ਜਿਹੇ ਵਿਚਾਰਾਂ ਅਤੇ ਕਿੱਤੇ ਆਗਾਦ ਵਾਲੇ ਲੋਕ

ਆਪਣੀ-ਆਪਣੀ ਪਾਰਟੀ, ਟੋਲਾ ਜਾਂ ਸੰਸਥਾ ਆਦਿ ਬਣਾ ਲੈਂਦੇ ਹਨ। ਜਿਸ ਤਰ੍ਹਾਂ ਅੰਗਰੇਜ਼ੀ 'ਚ ਵੀ ਕਹਿੰਦੇ ਹਨ; ਬਰਡਜ਼ ਔਫ਼ ਏ ਫੈਦਰ, ਫਲੌਕ ਟੂਗੈਦਰ। " (ਹਰੀਸ਼ ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ* 54)

### 2.7.17 ਜੈਸੀ ਦ੍ਰਿਸ਼ਟੀ, ਵੈਸੀ ਸ੍ਰਿਸ਼ਟੀ

ਮਨੁੱਖ ਜਿਹੋ ਜਿਹੇ ਮਾਹੌਲ ਵਿਚ ਵਿਚਰਦਾ ਸੀ, ਉਹੋ ਜਿਹਾ ਹੀ ਸੋਚਣ ਲੱਗ ਪੈਂਦਾ ਸੀ ਅਤੇ ਉਹੋ ਜਿਹਾ ਹੀ ਉਸਦਾ ਵਿਵਹਾਰ ਹੋ ਜਾਂਦਾ ਸੀ। ਗੁਰੂ ਸਾਹਿਬ ਅਨੁਸਾਰ ਦੁਨਿਆਵੀ ਸੁੱਖ-ਸਾਧਨਾਂ ਵਿਚ ਗ਼ਲਤਾਨ ਮਨੁੱਖ, ਜਿਹੜਾ ਰੰਗੀਨੀਆਂ ਵਿਚ ਮਸਤ ਹੋਵੇ ਤੇ ਇਨ੍ਹਾਂ ਰੰਗੀਨੀਆਂ ਦੇ ਕਾਰਨ ਜਿਹਦੀ ਮੱਤ ਮੈਲੀ ਹੋ ਚੁੱਕੀ ਹੋਵੇ, ਨੂੰ ਸਾਰਾ ਸੰਸਾਰ ਰੰਗੀਨ ਹੀ ਜਾਪਦਾ ਹੈ:

ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 786)

ਗੁਰੂ ਨਾਨਕ ਦੇਵ ਜੀ ਅਨੁਸਾਰ ਗਿਆਨਹੀਣ ਮਨੁੱਖ ਪੂਜਾ ਵੀ ਅਗਿਆਨ ਦੀ ਹੀ ਕਰਦਾ ਹੈ:

ਗਿਆਨ ਹੀਣੰ ਅਗਿਆਨ ਪੂਜਾ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1412)

**ਅਜੋਕੀ ਸਥਿਤੀ:** ਮਨੁੱਖ ਦਾ ਆਲ਼ਾ-ਦੁਆਲ਼ਾ ਉਸਦੇ ਨਜ਼ਰੀਏ ਨੂੰ ਵਿਕਸਿਤ ਕਰਨ ਵਿਚ ਵੱਡਾ ਯੋਗਦਾਨ ਪਾਉਂਦਾ ਹੈ। ਅਜੋਕੇ ਦੌਰ ਦਾ ਮਨੁੱਖ ਵੀ ਕਿਸੇ ਵਰਤਾਰੇ ਨੂੰ ਆਪਣੇ ਇਸੇ ਨਜ਼ਰੀਏ ਦੇ ਆਧਾਰ 'ਤੇ ਹੀ ਸਮਝਦਾ ਅਤੇ ਬਿਆਨਦਾ ਹੈ।

## 2.8 ਤਤਕਾਲੀ ਰਚਨਾ ਜੁਗਤਾਂ ਦਾ ਪ੍ਰਸਤੁਤੀਕਰਨ

ਕਿਸੇ ਕਾਲ ਵਿਸ਼ੇਸ਼ ਦੀ ਰਚਨਾ ਵਿਚ ਉਸ ਕਾਲ ਦੇ ਸਾਹਿਤ ਦੀਆਂ ਕਈ ਜੁਗਤਾਂ ਦਾ ਬਿਓਰਾ ਮਿਲ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਰੂਪ ਵਿਚ ਭਾਵੇਂ ਅਧਿਆਤਮਿਕ ਕਾਵਿ ਵਾਲਾ ਗ੍ਰੰਥ ਹੈ, ਫਿਰ ਵੀ, ਜਿਸ ਤਰ੍ਹਾਂ ਇਸ ਗ੍ਰੰਥ ਵਿੱਚੋਂ ਤਤਕਾਲੀ ਜੀਵਨ-ਜਾਚ ਦੇ ਦਰਸ਼ਨ ਹੁੰਦੇ ਹਨ ਉਸੇ ਤਰ੍ਹਾਂ, ਤਤਕਾਲੀ ਸਾਹਿਤ ਦੀਆਂ ਜੁਗਤਾਂ ਦਾ ਝਲਕਾਰਾ ਵੀ ਮਿਲਦਾ ਹੈ। ਕਿਸੇ ਗ੍ਰੰਥ ਦੇ ਅਧਿਐਨ ਤੋਂ ਤਤਕਾਲੀ ਸਮਾਜ ਵਿਚ ਗ੍ਰੰਥ ਦੀ ਪ੍ਰਾਰੰਭਤਾ, ਸਮਾਪਤੀ, ਛੰਦ ਦੀ ਵੰਨਗੀ ਦਾ ਸਮਾਜਿਕ-ਸੱਭਿਆਚਾਰਕ ਆਧਾਰ, ਸੰਬੋਧਨੀ ਸ਼ੈਲੀ, ਪ੍ਰਸ਼ਨ-ਉੱਤਰ ਵਿਧੀ, ਸ਼ਬਦ-ਚੋਣ, ਤਤਕਾਲੀ ਭਾਸ਼ਾ ਅਤੇ ਲਿੱਪੀ ਤੇ ਭਾਸ਼ਾ ਨੂੰ ਲਿਖਣ ਦੇ ਢੰਗ ਆਦਿ ਰਾਹੀਂ ਉਸ ਕਾਲ ਦੀਆਂ ਸਾਹਿਤ ਸਿਰਜਣਾ ਦੀਆਂ ਜੁਗਤਾਂ ਦਾ ਗਿਆਨ ਹੁੰਦਾ ਹੈ। ਹੇਠ ਲਿਖੀਆਂ ਪੰਕਤੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੇ ਆਧਾਰ 'ਤੇ ਤਤਕਾਲੀ ਸਾਹਿਤ ਸਿਰਜਣਾ ਦੀਆਂ ਜੁਗਤਾਂ ਦੀ ਨਿਸ਼ਾਨਦੇਹੀ ਕੀਤੀ ਜਾਵੇਗੀ:

### 2.8.1 ਮੰਗਲਾਚਰਨ ਅਤੇ ਰਚਨਾ ਦੇ ਅੰਤ 'ਤੇ ਸਿਧਾਂਤ ਨਿਰੂਪਣ

ਭਾਈ ਕਾਨ੍ਹ ਸਿੰਘ ਨਾਭਾ ਨੇ ਕਿਸੇ ਗ੍ਰੰਥ ਦੇ ਹੇਠ ਲਿਖੇ ਛੇ ਅੰਗ ਅਥਵਾ ਚਿੰਨ੍ਹ ਮੰਨੇ ਹਨ, ਜਿਨ੍ਹਾਂ ਦਾ ਵੇਰਵਾ ਆਪ ਨੇ 'ਖਟਲਿੰਗ' ਸ਼ਬਦ ਦਾ ਅਰਥ ਬਿਆਨ ਕਰਦਿਆਂ ਦਿੱਤਾ ਹੈ[215]:

ੳ. ਉਪਕ੍ਰਮ, ਉਪਸੰਹਾਰ,ਗ੍ਰੰਥ ਦੀ ਤਮਹੀਦ (ਭੂਮਿਕਾ, ਪ੍ਰਸਤਾਵਨਾ, [216]ਮੁਖਬੰਧ) ਅਤੇ ਅੰਤ ਨੂੰ ਉਸੇ ਸਿਧਾਂਤ ਤੇ ਲਿਆਕੇ ਸਮਾਪਤੀ।

ਅ. ਅਭਯਾਸ, ਵਾਰ-ਵਾਰ ਪ੍ਰਸੰਗ ਦਾ ਵਿਚਾਰ।

ੲ. ਅਪੂਰਵਤਾ, ਪ੍ਰਸੰਗ ਦਾ ਅਨੋਖਾਪਨ।

ਸ. ਫਲ, ਨਤੀਜਾ, ਸਿਧਾਂਤ।

ਹ. ਅਰਥਵਾਦ, ਗ੍ਰੰਥ ਵਿਚ ਰੁਚਿ ਪੈਦਾ ਕਰਨ ਦੇ ਵਾਕ।

ਕ. ਉਤਪਤੀ, ਦਲੀਲ (ਯੁਕਤਿ)।

ਗ੍ਰੰਥ ਦੇ ਛੇ ਚਿੰਨ੍ਹਾਂ ਵਿੱਚੋਂ ਪ੍ਰਮੁਖ 'ਉਪਕ੍ਰਮ, ਉਪਸੰਹਾਰ' ਵਿੱਚੋਂ ਪਹਿਲਾ (ਉਪਕ੍ਰਮ), ਭੂਮਿਕਾ, ਪ੍ਰਸਤਾਵਨਾ ਅਥਵਾ ਮੁਖਬੰਧ ਨਾਲ ਸਬੰਧਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੂਲ ਮੰਤਰ ਤੋਂ ਮਗਰੋਂ ਜਦੋਂ 'ਜਪੁ' ਬਾਣੀ ਦੀ ਪ੍ਰਾਰੰਭਤਾ ਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਇਸ ਪਾਵਨ ਗ੍ਰੰਥ ਵਿੱਚ ਸੰਕਲਿਤ ਪ੍ਰਥਮ ਸਲੋਕ "ਆਦਿ ਸਚੁ ਜੁਗਾਦਿ ਸਚੁ॥ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" ਆਉਂਦਾ ਹੈ ਜਿਸ ਬਾਰੇ ਪ੍ਰੋ. ਸਾਹਿਬ ਸਿੰਘ ਜੀ ਦੇ ਵਿਚਾਰ ਹਨ, "ਇਹ ਸ਼ਲੋਕ ਮੰਗਲਾਚਰਨ ਵਜੋਂ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ਼ਟ ਦਾ ਸਰੂਪ ਬਿਆਨ ਕੀਤਾ ਹੈ...। " (ਸਾਹਿਬ ਸਿੰਘ, *ਦਰਪਣ*36) ਸੋ ਇਹ ਕਿਹਾ ਜਾ ਸਕਦਾ ਹੈ ਕਿ ਮੰਗਲਾਚਰਨ ਦੀ ਇਹ ਪਰੰਪਰਾ ਤਤਕਾਲੀ ਸਾਹਿਤ ਪ੍ਰਬੰਧਨ ਵਿਚ ਪ੍ਰਚੱਲਤ ਸੀ। ਕਿਸੇ ਗ੍ਰੰਥ ਦੇ ਛੇ ਚਿੰਨ੍ਹਾਂ ਵਿੱਚੋਂ ਪਹਿਲੇ ਅਧੀਨ ਹੀ 'ਉਪਸੰਹਾਰ' ਭਾਵ 'ਉਪਕ੍ਰਮ ਵਾਲੇ ਸਿਧਾਂਤ 'ਤੇ ਲਿਆ ਕੇ ਸਮਾਪਤੀ ਕਰਨਾ' ਦੇ ਚਿੰਨ੍ਹ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਮਿਲਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਭਿੰਨ-ਭਿੰਨ ਸਮੇਂ-ਕਾਲ ਵਿਚ, ਵੱਖ-ਵੱਖ ਬਾਣੀਕਾਰਾਂ ਵੱਲੋਂ ਕੀਤੀ ਗਈ ਰਚਨਾ ਦਾ ਸਮੁੱਚ ਹੈ। ਇਸ ਆਧਾਰ 'ਤੇ ਜੇਕਰ ਬਾਣੀ ਦੇ ਸਿਰਲੇਖ ਅਨੁਸਾਰ ਕਿਸੇ ਬਾਣੀ ਵਿਸ਼ੇਸ਼ ਨੂੰ ਸਮੁੱਚ ਵਜੋਂ ਦੇਖਦਿਆਂ, ਭਾਈ ਕਾਨ੍ਹ ਸਿੰਘ ਜੀ ਦੁਆਰਾ ਦਰਸਾਏ ਗਏ ਚਿੰਨ੍ਹਾਂ ਨੂੰ ਆਧਾਰ ਬਣਾ ਕੇ, 'ਜਪੁ' ਬਾਣੀ ਨੂੰ ਹੀ ਲਈਏ ਤਾਂ ਪ੍ਰਥਮ ਸਲੋਕ ਮੰਗਲਾਚਰਨ (ਉਪਕ੍ਰਮ) ਵਜੋਂ ਵਿਚਰਦਾ ਹੈ ਅਤੇ 'ਜਪੁ' ਬਾਣੀ ਦਾ ਅਤਿ-ਅੰਤਮ ਭਾਗ "ਪਵਣੁ ਗੁਰੂ ਪਾਣੀ ਪਿਤਾ...॥" ਸਲੋਕ, ਉਪਸੰਹਾਰ ਵਜੋਂ ਆਉਂਦਾ ਹੈ। ਏਥੇ ਪ੍ਰੋ. ਸਾਹਿਬ ਸਿੰਘ ਜੀ ਦੇ ਵਿਚਾਰ ਬੜੇ ਮੁੱਲਵਾਨ ਹਨ, "ਪਹਿਲੇ ਸਲੋਕ ਵਿਚ ਮੰਗਲਾਚਰਨ ਵਜੋਂ ਸਤਿਗੁਰੂ ਜੀ ਨੇ ਆਪਣੇ ਇਸ਼ਟ ਪ੍ਰਭੂ ਦਾ ਸਰੂਪ ਬਿਆਨ ਕੀਤਾ ਸੀ। ਅਗਲੇ ਅਖ਼ੀਰਲੇ ਸਲੋਕ ਵਿਚ ਸਾਰੀ ਬਾਣੀ 'ਜਪੁ' ਦਾ ਸਿਧਾਂਤ ਹੈ। " (ਸਾਹਿਬ ਸਿੰਘ, *ਦਰਪਣ*36) "Besides the Mul Mantra (the original sacred formula), the [217]prologue and the [218]epilogue, there are thirty-eight stanzas of varying metres and length in this poem (Japji)." (Kohli, *Philosophy of Guru Nanak* 169)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਤਤਕਾਲੀ ਸਾਹਿਤ ਵਿਚ ਰਚਨਾ ਤੇ ਪ੍ਰਾਰੰਭ ਵਿਚ ਮੰਗਲਾਚਰਨ ਅਤੇ ਅੰਤ ਵਿਚ ਸਿਧਾਂਤ ਨਿਰੂਪਣ ਦੀ ਪਰੰਪਰਾ ਸੀ। 'ਅਨੰਦ ਸਾਹਿਬ' ਦੀ ਬਾਣੀ ਵੀ ਇਸ ਤੱਥ ਦੀ ਸਾਖੀ ਭਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਉੱਤਰਵਰਤੀ ਸਾਹਿਤ ਵਿਚ ਵੀ ਇਸ ਪਰੰਪਰਾ ਦੀ ਪਾਲਣਾ ਕੀਤੀ ਹੋਈ ਦੇਖਣ ਨੂੰ ਮਿਲਦੀ ਹੈ। 'ਚੰਡੀ ਦੀ ਵਾਰ' ਬਾਣੀ ਦੀਆਂ ਅੰਤਿਮ ਪੰਕਤੀਆਂ ਹਨ:

"ਦੁਰਗਾ ਪਾਠ ਬਣਾਇਆ ਸਭੇ ਪਉੜੀਆ॥
ਫੇਰ ਨਾ ਜੋਨੀ ਆਇਆ ਜਿਨ ਇਹ ਗਾਇਆ॥"

### 2.8.2 ਬੋਲੀ

ਵੈਸੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਾਵਿ-ਰੂਪ ਵਿਚ ਹੈ, ਜਿਸ ਕਾਰਨ ਇਸਦੀ ਭਾਸ਼ਾ ਤੋਂ ਤਤਕਾਲੀ ਬੋਲੀ ਦਾ ਅਨੁਮਾਨ ਲਗਾਉਣਾ ਕਠਿਨ ਹੈ ਕਿਉਂਕਿ ਕਵਿਤਾ ਦੀਆਂ ਆਪਣੀਆਂ ਕੁਝ ਸੀਮਾਵਾਂ ਅਤੇ ਵਿਲੱਖਣਤਾਵਾਂ ਹੁੰਦੀਆਂ ਹਨ, ਆਪਣੇ ਕੁਝ ਨਿਯਮ ਹੁੰਦੇ ਹਨ ਪਰ ਕਵਿਤਾ ਨੂੰ ਵੀ ਸਮਕਾਲੀ ਬੋਲੀ ਦਾ ਪ੍ਰਭਾਵ ਤਾਂ ਕਬੂਲਣਾ ਹੀ ਪੈਂਦਾ ਹੈ ਤਾਂ ਜੋ ਕਵਿਤਾ ਸਮਾਜ ਦੇ ਜੀਵਨ ਦੇ ਨੇੜੇ ਹੋ ਕੇ ਵਿਚਰ ਸਕੇ ਅਤੇ ਸਮਾਜ ਨੂੰ ਪ੍ਰਭਾਵਿਤ ਵੀ ਕਰ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਾਂ ਸਗੋਂ ਸਾਧਾਰਨ ਲੋਕ-

ਜੀਵਨ ਦੇ ਬਹੁਤਾ ਨੇੜੇ ਹੋ ਕੇ ਵਿਚਰਦੀ ਹੈ, ਦੂਜੇ ਸ਼ਬਦਾਂ ਵਿਚ, ਇਸ ਦੀ ਤਾਂ ਰਚਨਾ ਹੀ ਸਾਧਾਰਨ ਲੋਕਾਂ ਵਾਸਤੇ ਕੀਤੀ ਗਈ ਸੀ। ਸੋ ਇਸ ਪਾਵਨ ਗ੍ਰੰਥ ਦੀ ਭਾਸ਼ਾ ਤਤਕਾਲੀ ਬੋਲੀ ਦੇ ਕਾਫ਼ੀ ਨੇੜੇ ਹੈ। ਨੈਲਸਨ ਮੰਡੇਲਾ ਦੇ ਕਥਨ ਅਨੁਸਾਰ,"If you talk to a man in a language he understand, that goes to his head. If you talk to him in his language, that goes to his heart."

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਵੀ ਸਾਹਮਣੇ ਵਾਲੇ ਮਨੁੱਖ ਨਾਲ ਵਿਚਾਰ-ਵਟਾਂਦਰਾ ਕਰਦਿਆਂ ਉਹਦੇ ਵਾਲੀ ਭਾਸ਼ਾ ਦਾ ਇਸਤੇਮਾਲ ਕੀਤਾ ਹੈ। ਜੋਗੀ ਨਾਲ ਗੱਲ ਕਰਦਿਆਂ ਜੋਗੀਆਂ ਦੀ ਭਾਸ਼ਾ ਵਿਚ ਗੱਲ ਕੀਤੀ, ਕਿਸੇ ਮੁੱਲਾਂ ਨਾਲ ਵਾਰਤਾ ਕਰਦਿਆਂ ਇਸਲਾਮੀ ਪ੍ਰਭਾਵ ਵਾਲੀ ਭਾਸ਼ਾ ਦਾ ਇਸਤੇਮਾਲ ਕੀਤਾ, ਪੰਡਿਤ ਨਾਲ ਚਰਚਾ ਕਰਦਿਆਂ ਉਸਦੀ ਬੋਲੀ ਦੀ ਵਰਤੋਂ ਕੀਤੀ ਤਾਂ ਜੋ ਗੱਲ, ਅਗਲੇ ਦੇ ਪੱਲੇ ਪੈ ਸਕੇ। "ਗੁਰੂ ਸਾਹਿਬਾਨ ਨੇ ਆਮ ਲੋਕਾਈ ਨੂੰ ਸਮਝਾਉਣ ਲਈ ਨਾ ਤਾਂ ਅਰਬੀ ਦਾ ਮੋਹ ਪਾਲਿਆ ਨਾ ਹੀ ਸੰਸਕ੍ਰਿਤ ਦਾ ਸਗੋਂ ਆਮ ਜਨਤਾ ਨੂੰ ਉਸਦੀ ਬੋਲੀ ਵਿਚ ਸਮਝਾਉਣ ਦਾ ਜਤਨ ਕੀਤਾ। ਸੰਦੇਹ ਨਹੀਂ, ਸਿਧਾਂਤਕ ਰਚਨਾਵਾਂ ਵਿਚ ਜਿਸ ਤਰ੍ਹਾਂ ਦਾ ਪਾਤਰ ਹੈ, ਉਸ ਤਰ੍ਹਾਂ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਸਿਧ ਗੋਸਟਿ ਵਿਚ ਜੋਗ ਮਤ ਦੀ ਸ਼ਬਦਾਵਲੀ, ਦੱਖਣੀ ਓਅੰਕਾਰ ਵਿਚ ਹਿੰਦੂ-ਮਤ ਨਾਲ ਸੰਬੰਧਿਤ ਦਾਰਸ਼ਨਿਕ ਸ਼ਬਦਾਵਲੀ, ਤਿਲੰਗ ਰਾਗ ਵਿਚ ਇਸਲਾਮ ਮਤ ਨਾਲ ਜੁੜੀ ਸ਼ਬਦਾਵਲੀ ਦੀ ਵਰਤੋਂ ਇਸ ਤੱਥ ਦੀ ਪੁਸ਼ਟੀ ਵਜੋਂ ਕੀਤੀ ਜਾ ਸਕਦੀ ਹੈ। " (ਗਿੱਲ, *ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ* 10) "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਜਿੱਥੇ ਹੋਰ ਕਈ ਕਾਰਨ ਹਨ, ਉਥੇ ਨਾਲ ਹੀ ਧਰਮ-ਕਰਮ ਦੀ ਭਾਸ਼ਾ ਵਜੋਂ ਲੋਕ ਭਾਸ਼ਾ ਨੂੰ ਆਦਰ ਮਾਣ ਦੇਣਾ ਵੀ ਸੀ ਕਿਉਂਕਿ ਬ੍ਰਾਹਮਣਾਂ ਦੀ ਸੰਸਕ੍ਰਿਤ ਭਾਸ਼ਾ ਉੱਪਰ ਇਜਾਰੇਦਾਰੀ ਨੇ ਕਈ ਤਰ੍ਹਾਂ ਦੇ ਵਿਗਾੜ ਪੈਦਾ ਕਰ ਦਿੱਤੇ ਸਨ। " (*ਗੁਰਮਤਿ ਪ੍ਰਕਾਸ਼ ਮਾਰਚ 2005* 41) ਇਨ੍ਹਾਂ ਕਥਨਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤਤਕਾਲੀ ਲੋਕ ਭਾਸ਼ਾ ਵਿਚ ਹੈ। "ਗੁਰੂ ਅੰਗਦ ਦੇਵ (1504-1552) ਜੀ ਨੇ ਮੁੱਖ ਰੂਪ ਵਿਚ ਸਲੋਕਾਂ ਦੀ ਹੀ ਰਚਨਾ ਕੀਤੀ ਹੈ। ਉਨ੍ਹਾਂ ਦੇ ਸਲੋਕਾਂ ਵਿਚ ਪੰਜਾਬੀ ਰੰਗ ਵਧੇਰੇ ਹੈ। " (ਸਤਿੰਦਰ ਸਿੰਘ, *ਖੋਜ ਪਤ੍ਰਿਕਾ ਸਤੰਬਰ 1985* 177)
"ਗੁਰੂ ਅੰਗਦ ਜੀ ਦੀ ਭਾਸ਼ਾ ਲਗਪਗ ਠੇਠ ਪੰਜਾਬੀ ਹੈ, ਪਰ ਇਸ ਵਿਚ ਕਿਤੇ ਕਿਤੇ ਸਾਧ ਭਾਸ਼ਾ ਦਾ ਰਲਾ ਮਿਲਦਾ ਹੈ। " (*ਖੋਜ ਪਤ੍ਰਿਕਾ ਸਤੰਬਰ 1985* 216)

ਗੁਰੂ ਅੰਗਦ ਦੇਵ ਜੀ ਦੀ ਰਚਨਾ ਵਿਚ ਠੇਠ ਪੰਜਾਬੀ ਦੀ ਵਰਤੋਂ ਵੱਧ ਹੋਣ ਦਾ ਮੁੱਖ ਕਾਰਨ ਉਨ੍ਹਾਂ ਦਾ ਮੁੱਖ ਕਾਰਜ ਖੇਤਰ ਪੰਜਾਬ ਨਾਲ ਸਬੰਧਤ ਹੋਣਾ ਹੈ। ਗੁਰੂ ਨਾਨਕ ਦੇਵ ਜੀ ਦੀ ਤਰ੍ਹਾਂ ਆਪ ਦੂਰ ਦੇਸ਼ਾਂ ਵਿਚ ਨਹੀਂ ਗਏ, ਸਗੋਂ ਤਿਨ੍ਹਾਂ ਦੇ ਹੁਕਮਾਂ ਅਨੁਸਾਰ ਸ੍ਰੀ ਖਡੂਰ ਸਾਹਿਬ ਵਿਖੇ ਵਿਚਰ ਕੇ ਗੁਰ-ਮਾਰਗ ਦੀਆਂ ਲੀਹਾਂ ਹੋਰ ਮਜ਼ਬੂਤ ਕੀਤੀਆਂ। ਹਿੰਦੀ ਜਾਂ ਸਾਧ ਭਾਸ਼ਾ ਦੀ ਕਿਤੇ-ਕਿਤੇ ਵਰਤੋਂ ਕੀਤੇ ਜਾਣ ਦਾ ਕਾਰਨ, ਉਨ੍ਹਾਂ ਪਾਸ ਸਾਧੂਆਂ-ਸੰਤਾਂ ਦਾ ਆਉਣਾ ਅਤੇ ਉਨ੍ਹਾਂ ਨਾਲ ਵਿਭਿੰਨ ਵਿਸ਼ਿਆਂ 'ਤੇ ਸੰਵਾਦ ਰਚਾਉਣਾ, ਰਿਹਾ ਹੋਵੇਗਾ। ਦੂਜੇ ਪਾਸੇ ਗੁਰੂ ਤੇਗ ਬਹਾਦਰ ਜੀ ਭਾਰਤ ਦੇ ਕਈ ਪ੍ਰਾਂਤਾਂ ਵਿਚ ਵਿਚਰਦੇ ਰਹੇ। ਇਸ ਕਾਰਨ ਉਨ੍ਹਾਂ ਦੀ ਬਾਣੀ ਦੀ ਭਾਸ਼ਾ ਦਾ, ਗੁਰੂ ਅੰਗਦ ਦੇਵ ਜੀ ਦੀ ਬਾਣੀ ਦੀ ਭਾਸ਼ਾ ਨਾਲੋਂ ਵਖਰੇਵਾਂ ਹੈ। "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਪੂਰੀ ਬਾਣੀ ਬ੍ਰਜ-ਭਾਸ਼ਾ ਵਿਚ ਹੈ...। " (*ਖੋਜ ਪਤ੍ਰਿਕਾ ਸਤੰਬਰ 1985* 217)

ਦੂਜੇ ਪਾਸੇ ਭਗਤਾਂ, ਜੋ ਕਿ ਮੁੱਖ ਤੌਰ 'ਤੇ ਪੰਜਾਬ ਤੋਂ ਬਾਹਰ ਦੇ ਰਹਿਣ ਵਾਲੇ ਸਨ, ਦੀ ਬਾਣੀ ਬਾਰੇ ਪ੍ਰੋ. ਸਾਹਿਬ ਸਿੰਘ ਦੇ ਵਿਚਾਰ ਹਨ, "ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ-ਹੋਈ ਭਗਤ ਬਾਣੀ ਗਹੁ ਨਾਲ ਪੜ੍ਹਦੇ ਹਾਂ ਤਾਂ ਇੱਕ ਗੱਲ

ਸਪੱਸ਼ਟ ਦਿਸ ਰਹੀ ਹੈ ਕਿ ਤਕਰੀਬਨ ਸਾਰੇ ਹੀ ਭਗਤਾਂ ਨੇ ਤਕਰੀਬਨ ਉਹ 'ਬੋਲੀ' ਵਰਤੀ ਹੈ ਜੋ ਲਗ-ਪਗ ਸਾਰੇ ਭਾਰਤ ਵਿਚ ਸਮਝੀ ਜਾ ਸਕੇ। ਕਿਉਂ? ਇਸ ਦਾ ਕਾਰਨ ਇਹ ਹੀ ਹੋ ਸਕਦਾ ਹੈ ਕਿ ਉਹ ਆਪਣੇ ਖਿਆਲਾਂ ਦਾ ਪਰਚਾਰ ਸਾਰੇ ਭਾਰਤ ਵਿਚ ਕਰਨਾ ਚਾਹੁੰਦੇ ਸਨ। ਭਗਤ ਨਾਮਦੇਵ ਜੀ ਮਹਾਂਰਾਸ਼ਟਰ ਦੇ ਰਹਿਣ ਵਾਲੇ ਸਨ ਪਰ ਉਨ੍ਹਾਂ ਭੀ ਆਪਣੀ ਬਾਣੀ ਭਾਰਤ ਦੀ ਇਕ ਸਾਂਝੀ ਜਿਹੀ ਬੋਲੀ ਵਿਚ ਲਿਖੀ। ਭਲਾ, ਗੁਰੂ ਸਾਹਿਬਾਨ ਦੀ ਆਪਣੀ ਬਾਣੀ ਰਤਾ ਗਹੁ ਨਾਲ ਪੜ੍ਹ ਕੇ ਵੇਖੋ ਖਾਂ! ਇਹ ਜ਼ਿਆਦਾਤਰ ਕਿਸ ਬੋਲੀ ਵਿਚ ਹੈ? ਪੰਜਾਬੀ ਬੋਲੀ ਵਿਚ ਨਹੀਂ ਹੈ। ਬਹੁਤੀ ਤਕਰੀਬਨ ਹਿੰਦੀ ਹੀ ਹੈ। ਕਿਉਂ? ਇਸੇ ਵਾਸਤੇ ਕਿ ਉਹ ਆਪਣੇ ਖਿਆਲਾਂ ਨੂੰ ਸਾਰੇ ਭਾਰਤ ਵਿਚ ਅਪੜਾਉਣਾ ਚਾਹੁੰਦੇ ਸਨ। " (*ਸਲੋਕ ਤੇ ਸ਼ਬਦ ਫ਼ਰੀਦ ਜੀ ਸਟੀਕ* 25-26)

ਭਾਵੇਂ ਭਗਤ ਸਾਹਿਬਾਨ ਨੇ ਮੁੱਖ ਰੂਪ ਵਿਚ ਅਤੇ ਗੁਰੂ ਸਾਹਿਬਾਨ ਨੇ ਜ਼ਿਆਦਾਤਰ, ਭਾਰਤ ਪੱਧਰ ਦੀ ਭਾਸ਼ਾ ਦਾ ਇਸਤੇਮਾਲ ਕੀਤਾ ਪਰੰਤੂ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੀ ਲਿਪੀ ਗੁਰਮੁਖੀ ਹੈ, ਜੋ ਮੁੱਖ ਤੌਰ 'ਤੇ ਪੰਜਾਬੀ ਬੋਲੀ ਨਾਲ ਸਬੰਧਤ ਰਹੀ ਹੈ, ਸੋ ਇਸ ਵਿਚ ਤਤਕਾਲੀ ਬੋਲੀ ਨੂੰ ਲਿਖਣ ਦੇ ਢੰਗ ਦਾ ਝਲਕਾਰਾ ਪੈਣਾ ਸੁਭਾਵਕ ਹੈ। ਡਾ. ਰਤਨ ਸਿੰਘ ਜੱਗੀ ਦੇ ਵਿਚਾਰ ਏਥੇ ਬੜੇ ਕੀਮਤੀ ਹਨ, "ਗੁਰਮਤਿ-ਕਾਵਿ ਵਿਚੋਂ ਸਭਿਆਚਾਰਿਕ ਚੇਤਨਾ ਦਾ ਇਕ ਪੱਖ ਇਹ ਵੀ ਹੈ ਕਿ ਗੁਰਬਾਣੀ ਜਨ-ਜੀਵਨ ਦੀ ਭਾਸ਼ਾ ਵਿਚ ਰਚੀ ਗਈ ਸੀ। ਗੁਰੂ ਸਾਹਿਬਾਨ ਨੇ ਲੋਕਾਂ ਨਾਲੋਂ ਟੁਟ ਚੁੱਕੀ ਭਾਸ਼ਾ ਨੂੰ ਆਧਾਰ ਬਣਾ ਕੇ ਜਨ-ਭਾਸ਼ਾ ਨੂੰ ਇਕ ਵਿਸ਼ੇਸ਼ ਗੌਰਵ ਪ੍ਰਧਾਨ ਕੀਤਾ। " (*ਜੱਗੀ, ਸਭਿਆਚਾਰ ਪਤ੍ਰਿਕਾ ਜਨਵਰੀ 2004*5)

ਲੋਕ ਭਾਸ਼ਾ ਕਿਉਂਕਿ ਬਾਣੀ ਰਚਨਾ ਦਾ ਆਧਾਰ ਬਣੀ, ਗੁਰਮੁਖੀ ਲਿੱਪੀ ਵਿਚ ਇਹ ਰਚਨਾ ਲਿਖੀ ਗਈ, ਸੋ ਤਤਕਾਲੀ ਭਾਸ਼ਾ ਨੂੰ ਲਿਖਣ ਦੇ ਢੰਗ ਦਾ ਪ੍ਰਗਟਾਵਾ ਇਸ ਅੰਦਰ ਜ਼ਰੂਰ ਆਇਆ ਹੈ। ਜਿਸਦੀ ਚਰਚਾ, ਸਲੋਕ ਬਾਣੀ-ਰੂਪ ਦੇ ਆਧਾਰ 'ਤੇ, ਨਿਮਨ ਪੰਕਤੀਆਂ ਵਿਚ ਕੀਤੀ ਜਾ ਰਹੀ ਹੈ। ਪ੍ਰਭੂ ਦੀ ਕੁਦਰਤ ਤੋਂ ਬਲਿਹਾਰ ਜਾਂਦੇ ਹੋਏ ਗੁਰੂ ਨਾਨਕ ਦੇਵ ਜੀ ਬੋਲੀਆਂ ਦੀ ਵੱਡੀ ਗਿਣਤੀ ਦੀ ਚਰਚਾ ਵੀ ਕਰਦੇ ਹਨ:

> ਵਿਸਮਾਦੁ ਨਾਦ ਵਿਸਮਾਦੁ ਵੇਦ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 463)

ਮੁਸਲਮਾਨ ਨੂੰ ਸਮਝਾਉਂਦੇ ਹੋਏ ਗੁਰੂ ਅਰਜਨ ਦੇਵ ਜੀ ਦੁਆਰਾ ਵਰਤੀ ਗਈ ਭਾਸ਼ਾ ਦਾ ਚਿੱਤਰ ਦੇਖੋ:

> ਦੋਜਕਿ ਪਉਦਾ ਕਿਉ ਰਹੇ ਜਾ ਚਿਤਿ ਨ ਹੋਇ ਰਸੂਲਿ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 319)

ਹੁਣ ਦੇਖੋ, ਗੁਰੂ ਜੀ ਕਿਸੇ ਮੁਸਲਮਾਨ ਨੂੰ ਚਿੱਤ ਵਿਚ ਪ੍ਰਭੂ ਨੂੰ ਸਮ੍ਹਾਲਣ ਦਾ ਉਪਦੇਸ਼ ਦੇ ਰਹੇ ਹਨ।[219] ਸ਼ਬਦਾਵਲੀ ਵਜੋਂ ਉਸੇ ਦੀ ਹੀ ਭਾਸ਼ਾ 'ਦੋਜਕਿ', 'ਰਸੂਲਿ' ਵਰਤ ਰਹੇ ਹਨ। ਉਕਤ ਪੰਕਤੀ ਵਿਚ 'ਦੋਜਕ' ਦੀ ਥਾਂ 'ਨਰਕ' ਅਤੇ 'ਰਸੂਲ' ਦੀ ਥਾਂ 'ਭਗਵਾਨ' ਆਦਿ ਕਦੇ ਨਾ ਜਚਦਾ ਅਤੇ ਨਾ ਹੀ ਸ਼ਰਈ ਮੁਸਲਮਾਨ ਦੇ ਹਿਰਦੇ ਉੱਪਰ ਉਸ ਪੰਕਤੀ ਦਾ ਓਨਾ ਪ੍ਰਭਾਵ ਪੈਂਦਾ। ਗੁਰੂ ਜੀ ਸੰਵਾਦ-ਕਰਤਾ ਦੇ ਸਿੱਧਾ ਹਿਰਦੇ ਨੂੰ ਸੰਬੋਧਤ ਹੁੰਦੇ ਹਨ ਜਿਸ ਲਈ ਸਾਧਨ ਵਜੋਂ ਆਪ ਉਸੇ ਦੀ ਸ਼ਬਦਾਵਲੀ ਵਿਚ ਸੰਵਾਦ ਰਚਾਉਂਦੇ ਹਨ।

### ਸ਼ਬਦ ਨੂੰ ਛੋਟੇ ਰੂਪ ਵਿਚ ਨਿਰੂਪਤ ਕਰਨਾ

'ਮਹਲਾ' ਸ਼ਬਦ ਨੂੰ ਕਈ ਥਾਵਾਂ 'ਪੁਰ 'ਮਹਲਾ ' ਦੇ ਤੌਰ 'ਤੇ ਨਿਰੂਪਤ ਕੀਤਾ ਗਿਆ ਹੈ, ਜਿਸ ਤੋਂ ਤਤਕਾਲੀ ਰਚਨਾ ਜੁਗਤ ਦੇ ਇਸ ਪੱਖ ਬਾਰੇ ਵੀ ਗਿਆਨ ਹੁੰਦਾ ਹੈ।

### ਅੱਖਰ ਦੇ ਪੈਰ ਬਿੰਦੀ ਦੀ ਵਰਤੋਂ ਦਾ ਪ੍ਰਚਲਨ ਨਹੀਂ ਸੀ

ਭਾਵੇਂ ਤਤਕਾਲੀ ਦੌਰ ਵਿਚ ਫ਼ਾਰਸੀ ਆਦਿ ਭਾਸ਼ਾਵਾਂ ਦਾ ਪ੍ਰਚਲਨ ਸੀ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਅੱਖਰ ਦੇ ਪੈਰ ਬਿੰਦੀ ਦਾ ਪ੍ਰਯੋਗ ਕੀਤਾ ਗਿਆ ਨਹੀਂ ਮਿਲਦਾ। ਜਿਸ ਤੋਂ ਸਿੱਧ ਹੁੰਦਾ ਹੈ ਕਿ ਅੱਖਰ ਦੇ ਪੈਰ ਬਿੰਦੀ ਦੀ ਵਰਤੋਂ ਦਾ ਪ੍ਰਚਲਨ ਨਹੀਂ ਸੀ।

### ਅੱਧਕ ਦੀ ਵਰਤੋਂ ਪ੍ਰਚੱਲਤ ਨਹੀਂ ਸੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਵਿਚ ਲਗਾਖਰ 'ਅੱਧਕ' ਦੀ ਵਰਤੋਂ ਕੀਤੀ ਹੋਈ ਨਹੀਂ ਮਿਲਦੀ ਜਿਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਤਤਕਾਲੀ ਦੌਰ ਵਿਚ 'ਅੱਧਕ' ਦੀ ਵਰਤੋਂ ਅਜੇ ਲਿੱਪੀ ਵਿਚ ਪ੍ਰਚੱਲਤ ਨਹੀਂ ਸੀ ਹੋਈ।

### ਇੱਕ ਸ਼ਬਦ ਦਾ ਕਈ ਅਰਥਾਂ ਵਜੋਂ ਪ੍ਰਯੋਗ

'ਬਿਰਹਾ' ਸ਼ਬਦ ਨੂੰ ਆਮ ਤੌਰ 'ਤੇ ਵਿਛੋੜੇ ਦੇ ਸਮ-ਅਰਥੀ ਵਜੋਂ ਲਿਆ ਜਾਂਦਾ ਹੈ ਪਰੰਤੂ ਸਲੋਕ ਬਾਣੀ-ਰੂਪ ਦੀ ਨਿਮਨਲਿਖਿਤ ਪੰਕਤੀ ਵਿਚ 'ਬਿਰਹਾ' ਦਾ ਅਰਥ 'ਪ੍ਰੀਤ' ਆਇਆ ਹੈ:

> ਹੋਰ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 83)

'ਆਦੇਸ' ਦਾ ਅਰਥ 'ਹੁਕਮ ਅਥਵਾ ਆਗਿਆ'[220] ਹੁੰਦਾ ਹੈ ਜਦਕਿ ਹੇਠ ਲਿਖੇ ਸਲੋਕ ਵਿਚ ਇਹ ਸ਼ਬਦ 'ਨਮਸਕਾਰ' ਦੇ ਅਰਥ ਵਜੋਂ ਪ੍ਰਯੁਕਤ ਹੋਇਆ ਹੈ:

> ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ॥
>
> ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1364)

### ਪੈਰ 'ਹ' ਦਾ ਪੂਰਕ

ਤਤਕਾਲੀ ਲਿਖਤਾਂ ਵਿਚ ਅੱਖਰ ਦੇ ਪੈਰੀਂ 'ਹ' ਦੀ ਥਾਂ ', ' ਚਿੰਨ੍ਹ ਵਰਤ ਲਿਆ ਜਾਂਦਾ ਸੀ। [221]

### ਪੂਰੀ ਪੈਂਤੀ ਅੱਖਰੀ ਦਾ ਪ੍ਰਯੋਗ

ਲਿੱਪੀ ਆਮ ਤੌਰ 'ਤੇ ਉਚਾਰਨ ਦੀ ਹੀ ਕਵਰੇਜ ਕਰਦੀ ਹੈ। ਅਜੋਕੇ ਦੌਰ ਵਿਚ 'ਙ', 'ਞ' ਧੁਨੀਆਂ ਬੋਲੀ ਵਿੱਚੋਂ ਅਲੋਪ ਕੀ ਹੋਈਆਂ ਕਿ ਇਨ੍ਹਾਂ ਨੂੰ ਲਿਖ਼ਤਾਂ ਵਿੱਚੋਂ ਵੀ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਇਹਨਾਂ ਧੁਨੀਆਂ ਦੀ ਵਰਤੋਂ ਬੜੀ ਵਾਰੀ ਕੀਤੀ ਗਈ ਮਿਲਦੀ ਹੈ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਤਤਕਾਲੀ ਦੌਰ ਵਿਚ ਜਨ-ਸਾਧਾਰਨ ਇਨ੍ਹਾਂ ਧੁਨੀਆਂ ਦੀ ਯੋਗ ਵਰਤੋਂ (ਉਚਾਰਨ) ਕਰਿਆ ਕਰਦਾ ਸੀ। ਪੇਸ਼ ਹਨ ਕੁਝ ਨਮੂਨੇ:

> ਹਿੰਙੁ: ਹਿੰਗ (ਪੰਨਾ-1379)
>
> ਕੰਞਕਾ: ਕੰਜਕਾਂ (ਪੰਨਾ-1413)
>
> ਵੰਞਾ: ਹੋਵਾਂ (ਪੰਨਾ-1410)
>
> ਸੁੰਞੀ: ਸੁੰਨੀ (ਪੰਨਾ-1097)
>
> ਸਿੰਙੀ: ਸਿੰਗੀ (ਪੰਨਾ-956) ਆਦਿ।

### ਬਿਹਾਰੀ ਤੋਂ ਪਹਿਲਾਂ ਬਿੰਦੀ

ਅਜੋਕੀ ਲਿਖ਼ਤ ਵਿਚ 'ਬਿੰਦੀ' ਦੀ ਵਰਤੋਂ ਬਿਹਾਰੀ ਤੋਂ ਬਾਅਦ ਕੀਤੀ ਜਾਂਦੀ ਹੈ ਜਦਕਿ ਗੁਰਬਾਣੀ ਰਚਨਾ-ਕਾਲ ਵਿਚ ਇਸਦੀ ਵਰਤੋਂ ਬਿਹਾਰੀ ਤੋਂ ਪਹਿਲਾਂ ਅਤੇ ਬਾਅਦ ਦੋ ਢੰਗਾਂ ਨਾਲ ਕੀਤੀ ਜਾਂਦੀ ਸੀ। ਉਦਾਹਰਨ ਵਜੋਂ:

ਆਪਨੜੇ ਗਿਰੀਵਾਨ ਮਹਿ ਸਿਰੁ ਨਂੀਵਾਂ ਕਰਿ ਦੇਖੁ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)

ਕਬੀਰ ਭਲੀ ਭਈ ਜੋ ਭਉ ਪਰਿਆ ਗਏਂੀ ਦਿਸਾ ਸਭ ਭੂਲਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਕਥਾ ਕਹਾਣੀ ਬੇਦਂੀ ਆਣੀ ਪਾਪੁ ਪੁੰਨੁ ਬੀਚਾਰੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਹੋ ਸਕਦਾ ਹੈ ਕਿ ਬਿਹਾਰੀ ਤੋਂ ਪਹਿਲਾਂ ਬਿੰਦੀ ਵਾਲੇ ਅਤੇ ਬਿਹਾਰੀ ਤੋਂ ਬਾਅਦ ਬਿੰਦੀ ਵਾਲੇ ਇੱਕੋ ਸ਼ਬਦ ਦੇ ਵੱਖ-ਵੱਖ ਅਰਥ ਰਹੇ ਹੋਣ। ਹੇਠ ਲਿਖੀਆਂ ਪੰਕਤੀਆਂ ਦੇਖੋ:

ਗਲਂੀ ਅਸੀ ਚੰਗੀਆ ਆਚਾਰੀ ਬੁਰੀਆਹ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 85)

ਫਰੀਦਾ ਗਲਂੀ ਸੁ ਸਜਣ ਵੀਹ ਇਕੁ ਢੂਢੇਦੀ ਨ ਲਹਾਂ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1382)

ਇਕਨ੍ਾ ਗਲੀਂ ਜੰਜੀਰ ਬੰਦਿ ਰਬਾਣੀਐ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

ਹੁਣ ਪਹਿਲੀ ਅਤੇ ਦੂਜੀ ਪੰਕਤੀ ਵਿਚ ਜਦੋਂ ਬਿੰਦੀ, ਬਿਹਾਰੀ ਤੋਂ ਪਹਿਲਾਂ ਨਿਰੂਪਤ ਹੈ ਤਾਂ ਸ਼ਬਦ ਦਾ ਭਾਵ 'ਗੱਲੀਂ' ਹੈ ਜਦਕਿ ਦੂਜੀ ਪੰਕਤੀ ਵਿਚ ਜਦੋਂ ਬਿੰਦੀ ਬਿਹਾਰੀ ਤੋਂ ਮਗਰੋਂ ਆਈ ਹੈ ਤਾਂ ਇਸ ਦਾ ਭਾਵ 'ਗਲ਼ਾਂ ਵਿਚ' ਹੈ। ਅੰਤਰ ਬਿਹਾਰੀ ਤੋਂ ਪਹਿਲਾਂ ਅਤੇ ਮਗਰੋਂ ਦੀ ਬਿੰਦੀ ਦਾ ਹੀ ਹੈ ਪਰ ਸਮੁੱਚੇ ਸ਼ਬਦ ਦੇ ਅਰਥ ਹੀ ਬਦਲ ਗਏ ਹਨ। ਸੰਭਵ ਹੈ ਕਿ ਬਿੰਦੀ ਦੇ ਇਸ ਨਿਰੂਪਣ ਦਾ ਸ਼ਬਦ ਦੇ ਅਰਥ ਦੇ ਬਦਲਾਅ ਨਾਲ ਜ਼ਰੂਰ ਕੋਈ ਸਬੰਧ ਰਿਹਾ ਹੋਵੇਗਾ।

**ਅਜੋਕੀ ਸਥਿਤੀ:** ਅਜੋਕਾ ਮਨੁੱਖ ਜੀਵਨ ਦੇ ਹਰ ਪੱਖ ਵਿਚ ਖੁੱਲ੍ਹ ਮਾਨਣ ਦਾ ਮੁੱਦਈ ਹੈ। ਉਸਦੀ ਇਸੇ ਤਾਂਘ ਨੇ ਖੁੱਲ੍ਹੀ ਕਵਿਤਾ ਨੂੰ ਜਨਮ ਦਿੱਤਾ ਹੈ। ਹੁਣ ਉਹ ਨਿਯਮਾਂ ਦੀ ਬਹੁਤੀ ਪਰਵਾਹ ਨਹੀਂ ਕਰਦਾ। ਤਤਕਾਲੀ ਬੋਲੀ ਫਿਰ ਵੀ ਉਸਦੀ ਲਿਖ਼ਤ ਦਾ ਆਧਾਰ ਬਣਦੀ ਹੀ ਹੈ।

## 2.9 ਸਲੋਕ ਬਾਣੀ-ਰੂਪ ਵਿਚ ਪ੍ਰਸਤੁਤ ਵਿਚਾਰਧਾਰਾ ਦੀ ਵਰਤਮਾਨ ਸਾਰਥਕਤਾ

ਵਰਤਮਾਨ ਕਾਲੀ ਮਨੁੱਖ ਅਨੇਕ ਸਮੱਸਿਆਵਾਂ ਵਿਚ ਜਕੜਿਆ ਹੋਇਆ ਹੈ। ਉਹ ਆਪਣੀ ਜ਼ਿੰਦਗੀ ਬੜੇ ਆਰਾਮ ਅਤੇ ਸੁੱਖ ਨਾਲ ਬਤੀਤ ਕਰਨੀ ਚਾਹੁੰਦਾ ਹੈ ਕਿਉਂਕਿ ਉਸ ਕੋਲ ਬੀਤੇ ਕਾਲ ਦੇ ਮੁਕਾਬਲੇ ਅਨੇਕ ਸੁੱਖ-ਸਾਧਨ ਹਨ। ਉਹ ਸੋਚਦਾ ਹੈ ਕਿ ਇਨ੍ਹਾਂ ਦੀ ਵਰਤੋਂ ਰਾਹੀਂ ਉਹ ਜੀਵਨ ਦੇ ਸਾਰੇ ਆਨੰਦ ਮਾਣ ਸਕਦਾ ਹੈ ਪਰ ਹੁੰਦਾ ਇਹ ਹੈ ਕਿ ਇਹ ਸਭ ਸਾਧਨ ਵੀ ਕੁਝ ਸਮੇਂ ਬਾਅਦ ਉਸਦੇ ਜੀਅ ਦਾ ਜੰਜਾਲ ਬਣ ਕੇ ਸਾਹਮਣੇ ਆਉਂਦੇ ਹਨ। ਹੌਲ਼ੀ-ਹੌਲ਼ੀ ਉਹ ਆਪਣੇ ਆਪ ਨੂੰ ਹਰ ਪਾਸਿਓਂ ਦੁੱਖਾਂ ਅਤੇ ਮੁਸੀਬਤਾਂ ਨਾਲ ਘਿਰਿਆ ਹੋਇਆ ਦੇਖਦਾ ਹੈ। ਮਨੁੱਖ ਦੀਆਂ ਨਿੱਜੀ ਮੁਸ਼ਕਿਲਾਂ, ਪਰਿਵਾਰਕ ਮੁਸ਼ਕਿਲਾਂ, ਸਮਾਜਿਕ ਮੁਸ਼ਕਿਲਾਂ, ਦੇਸੀ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਰਾਜਨੀਤੀ ਦੇ ਉਸ ਉੱਪਰ ਪੈਂਦੇ ਅਨੇਕ ਤਰ੍ਹਾਂ ਦੇ ਪ੍ਰਭਾਵ ਉਸਨੂੰ ਪੀੜ ਸੁੱਟਦੇ ਹਨ। ਅਜੋਕਾ ਮਨੁੱਖ ਛੋਟੀ ਉਮਰ ਵਿਚ ਹੀ ਜੀਵਨ ਭਰ ਚੱਲਣ ਵਾਲੇ ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਇਨ੍ਹਾਂ ਰੋਗਾਂ ਦੀ ਦਵਾਈ ਉਸਨੂੰ ਸਾਰੀ ਜ਼ਿੰਦਗੀ

ਲੈਣੀ ਪੈਂਦੀ ਹੈ। ਮਾਨਸਿਕ ਤਣਾਅ ਜੀਵਨ ਦੇ ਹਰ ਖੇਤਰ ਵਿਚ ਪਸਰਿਆ ਹੋਇਆ ਹੈ। ਕਿਸੇ ਵੇਲੇ ਜਦੋਂ ਮਨੁੱਖ ਆਪਣੇ ਬਾਰੇ, ਆਪਣੇ ਜੀਵਨ ਬਾਰੇ, ਰੋਜ਼ਾਨਾ ਦੀ ਦੌੜ-ਭੱਜ ਤੋਂ ਪ੍ਰਾਪਤ ਹੁੰਦੇ ਸਿੱਟੇ ਬਾਰੇ ਸੋਚਦਾ ਹੈ ਤਾਂ ਉਹ ਬੜਾ ਨਿਰਾਸ਼ ਹੁੰਦਾ ਹੈ ਅਤੇ ਸਮਝਦਾ ਹੈ ਕਿ ਉਸਦਾ ਜੀਵਨ ਬਿਨਾ ਕਿਸੇ ਸਾਰਥਕਤਾ ਦੇ ਗੁਜ਼ਰਦਾ ਜਾ ਰਿਹਾ ਹੈ। ਅਜਿਹੇ ਵਿਚ ਉਹ ਅਜਿਹੀ ਛਾਂ ਦੀ ਤਲਾਸ਼ ਕਰਦਾ ਹੈ, ਜਿੱਥੇ ਬੈਠ ਕੇ ਉਸਨੂੰ ਜੀਵਨ ਦਾ ਅਸਲ ਆਨੰਦ ਪ੍ਰਾਪਤ ਹੋ ਸਕੇ। ਡੇਲ ਕਾਰਨੇਗੀ ਦਾ ਕਥਨ ਹੈ, "ਸੰਸਾਰ ਵਿਚ ਹਰੇਕ ਵਿਅਕਤੀ ਸੁੱਖ ਲੱਭਦਾ ਹੈ ਅਤੇ ਉਸ ਨੂੰ ਪਾਉਣ ਦਾ ਇਕ ਨਿਸ਼ਚਿਤ ਮਾਰਗ ਹੈ। ਉਹ ਹੈ ਆਪਣੇ ਵਿਚਾਰਾਂ ਨੂੰ ਵਸ ਵਿਚ ਕਰਨਾ। ਸੁਖ ਬਾਹਰੀ ਹਾਲਾਤਾਂ ਉੱਤੇ ਨਿਰਭਰ ਨਹੀਂ ਕਰਦਾ। ਇਸ ਦਾ ਨਿਰਭਰ ਅੰਦਰਲੀਆਂ ਹਾਲਾਤਾਂ ਉੱਤੇ ਹੈ। " (ਡੇਲ ਕਾਰਨੇਗੀ, *How to Win Friends and Influence People (ਪੰਜਾਬੀ ਅਨੁਵਾਦ)* 80)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਪ੍ਰਸਤੁਤ ਵਿਚਾਰਧਾਰਾ ਵਰਤਮਾਨ ਯੁੱਗ ਦੀਆਂ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਦੇ ਸਰਬ-ਸਮਰੱਥ ਹੈ। ਡਾ. ਸੁਤਿੰਦਰ ਸਿੰਘ ਨੂਰ ਆਪਣੀ ਪੁਸਤਕ 'ਇਤੁ ਬਿਧਿ ਪੜੀਐ' ਵਿਚ ਲਿਖਦੇ ਹਨ, "ਮਨੁੱਖ ਨੂੰ ਭਵਿੱਖ ਲਈ ਇਕ ਵਾਰੀ ਫਿਰ ਵਿਚਾਰਧਾਰਾ ਦੀ ਤਲਾਸ਼ ਹੈ। ਅਜਿਹੀ ਸਥਿਤੀ ਦੇ ਸਾਹਵੇਂ ਹੁੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਸ ਵਿਸ਼ਵ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਦੀ ਲੋੜ ਹੈ, ਜੋ ਸਮੁੱਚੇ ਮਨੁੱਖ ਲਈ ਭਵਿੱਖਮੁਖੀ ਰਾਹ ਲਈ ਬੈਠੀ ਹੈ। ਲੋੜ ਇਸ ਨੂੰ ਤੰਗ ਵਲਗਣਾਂ 'ਚੋਂ ਕੱਢਣ ਦੀ ਹੈ। ਸੰਸਾਰ ਉੱਤਰ-ਆਧੁਨਿਕਤਾ ਅਤੇ ਗਲੋਬਲਾਈਜੇਸ਼ਨ ਤੱਕ ਜਿਸ ਦੌਰ ਵਿਚ ਪਹੁੰਚਿਆ ਹੈ, ਲੋੜ ਉਸ ਵਿਚ ਇਸ ਦੀ ਯੋਗਤਾ ਨੂੰ ਪਹਿਚਾਨਣ ਦੀ ਹੈ। " (ਪੰਨਾ-60) ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਅਧਿਐਨ ਕੀਤਿਆਂ ਪਤਾ ਲੱਗਦਾ ਹੈ ਕਿ ਗੁਰਬਾਣੀ, ਜਿੱਥੇ ਕਿਸੇ ਸਮੱਸਿਆ ਦਾ ਸਰੂਪ ਬਿਆਨ ਕਰਦੀ ਹੈ, ਓਥੇ ਉਸ ਸਮੱਸਿਆ ਦਾ ਵਾਜਬ ਅਤੇ ਸਟੀਕ ਹੱਲ ਵੀ ਦੱਸਦੀ ਹੈ। ਅਸਲ ਵਿਚ ਮਨੁੱਖ ਦੀਆਂ ਸਮੱਸਿਆਵਾਂ ਦੀ ਜੜ੍ਹ ਉਸਦੀਆਂ ਮੂਲ ਵਿਕਾਰੀ ਪ੍ਰਵਿਰਤੀਆਂ ਵਿਚ ਪਈ ਹੋਈ ਹੈ। ਮਨੁੱਖ ਦੀਆਂ ਇਨ੍ਹਾਂ ਮਹਾਂ ਵਿਕਾਰੀ ਪ੍ਰਵਿਰਤੀਆਂ ਨੂੰ ਹੀ ਗੁਰਬਾਣੀ ਵਿਚ 'ਪੰਜ ਚੋਰ' ਆਖਿਆ ਗਿਆ ਹੈ। ਵੈਸੇ ਮਨੁੱਖੀ ਮਨ ਦੇ ਕਈ ਹੋਰ ਵਿਕਾਰ ਵੀ ਹਨ ਪਰ ਉਹ ਸਾਰੇ ਇਨ੍ਹਾਂ ਪੰਜ ਵੱਡੇ ਵਿਕਾਰਾਂ ਦੀ ਸਰਪ੍ਰਸਤੀ ਅਧੀਨ ਹੀ ਕਾਰਜਸ਼ੀਲ ਹੁੰਦੇ ਹਨ ਜਾਂ ਇੰਝ ਆਖ ਲਈਏ ਕਿ ਉਹ ਛੋਟੇ ਵਿਕਾਰ ਇਨ੍ਹਾਂ ਪੰਜ 'ਚੋਰਾਂ' ਦੇ ਹੀ ਕਾਰਿੰਦੇ ਹਨ। ਜਦੋਂ ਇਨ੍ਹਾਂ ਪੰਜ ਵੱਡੇ ਵਿਕਾਰਾਂ ਉੱਪਰ ਮਨੁੱਖ ਜਿੱਤ ਪ੍ਰਾਪਤ ਕਰ ਲੈਂਦਾ ਹੈ ਤਾਂ ਇਹ ਛੋਟੇ ਕਰਿੰਦੇ ਵੀ ਕਿੱਧਰੇ ਲੁਪਤ ਹੋ ਜਾਂਦੇ ਹਨ। ਉਦੋਂ ਮਨੁੱਖ ਆਪਣੇ ਮਨ ਦਾ ਰਾਜਾ ਬਣ ਜਾਂਦਾ ਹੈ, ਜਿਸਨੂੰ ਗੁਰੂ ਨਾਨਕ "ਮਨ ਜੀਤੈ ਜਗ ਜੀਤੁ" (*ਸ੍ਰੀ ਗੁਰੂ ਗ੍ਰੰਥ ਸਾਹਿਬ* 6) ਆਖਦੇ ਹਨ।

ਅਜੋਕੇ ਮਨੁੱਖ ਨੂੰ ਲੋੜ ਤੋਂ ਵੱਧ ਧਨ-ਸੰਪਦਾ ਇਕੱਤਰ ਕਰਨ ਦੀ ਹੋੜ ਲੱਗੀ ਹੋਈ ਹੈ। ਇਹੀ ਧਨ-ਸੰਪਦਾ ਮਗਰੋਂ ਉਸਦੀ ਚਿੰਤਾ ਦਾ ਕਾਰਨ ਬਣਦੀ ਹੈ ਅਤੇ ਉਹ ਜੀਵਨ ਦਾ ਆਨੰਦ ਨਹੀਂ ਮਾਣ ਪਾਉਂਦਾ ਭਾਵੇਂ ਉਸਦੇ ਇਸ ਇਕੱਤਰੀਕਰਨ ਦੀ ਭਾਵਨਾ ਪਿੱਛੇ ਜੀਵਨ ਦਾ ਆਨੰਦ ਭੋਗਣ ਦੀ ਪ੍ਰਬਲ ਭਾਵਨਾ ਹੀ ਹੁੰਦੀ ਹੈ। ਗੁਰੂ ਸਾਹਿਬ ਦਾ ਆਖਣਾ ਹੈ ਕਿ ਮਨੁੱਖ ਨੂੰ ਧਨ-ਸੰਪਦਾ ਦਾ ਇਕੱਤਰੀਕਰਨ ਗ਼ਲਤ ਢੰਗ ਨਾਲ ਨਹੀਂ ਕਰਨਾ ਚਾਹੀਦਾ।[222] ਜੇਕਰ ਉਸਦੇ ਕੋਲ਼ ਧਨ-ਸੰਪਦਾ ਦਾ ਅਥਾਹ ਭੰਡਾਰ ਹੋਵੇ ਵੀ ਤਾਂ ਵੀ ਉਸਨੂੰ ਨਿਮਰ-ਭਾਵ ਦੀ ਪਾਲਣਾ ਕਰਦੇ ਹੋਏ ਆਪਣਾ ਜੀਵਨ ਚੰਗੇ ਪਾਸੇ ਲਾਉਣਾ ਚਾਹੀਦਾ ਹੈ ਅਤੇ ਜੀਵਨ ਦਾ ਆਨੰਦ ਮਾਨਣਾ ਚਾਹੀਦਾ ਹੈ।[223]

ਅਜੋਕਾ ਮਨੁੱਖ ਆਪਣੀ ਕੁਲ ਅਤੇ ਜਾਤੀ ਦਾ ਮਾਣ ਕਰਦਾ ਹੈ, ਜਿਸ ਕਾਰਨ ਮਨੁੱਖੀ ਬਰਾਬਰੀ ਅਤੇ ਏਕਤਾ ਦੇ ਸਿਧਾਂਤ ਨੂੰ ਚੋਟ ਵੱਜਦੀ ਹੈ। ਇਸ ਨਾਲ ਸਮਾਜ ਦਾ ਸਾਵਾਂਪਨ ਖ਼ਤਰੇ ਵਿਚ ਪੈਂਦਾ ਹੈ ਤੇ ਦੇਸ਼ ਓਨੀ ਤਰੱਕੀ ਨਹੀਂ ਕਰ ਪਾਉਂਦਾ। ਕੁਲ ਭਾਵ

ਦੀ ਅਜਿਹੀ ਸੋਚਣੀ ਦਾ ਸੁਆਮੀ ਮਨੁੱਖ ਸਿਰਫ਼ ਆਪਣੇ ਹੀ ਕੁਟੰਬ ਦਾ ਭਲਾ ਸੋਚਦਾ ਹੈ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1424) ਜਿਸ ਕਾਰਨ ਸੰਸਾਧਨਾਂ ਦੀ ਵੰਡ ਵੀ ਪ੍ਰਭਾਵਿਤ ਹੁੰਦੀ ਹੈ ਅਤੇ ਅਮੀਰ-ਗ਼ਰੀਬ ਦਾ ਪਾੜ੍ਹਾ ਹੋਰ ਵਧਦਾ ਹੈ। ਗੁਰਮਤਿ-ਦਰਸ਼ਨ ਮਨੁੱਖ ਨੂੰ ਇੱਕ ਨਾਲ ਜੁੜਨ ਦੀ ਪ੍ਰੇਰਨਾ ਦਿੰਦਾ ਹੈ ਤਾਂ ਜੋ ਮਨੁੱਖ ਉਸੇ ਦਾ ਹੀ ਨੂਰ ਸਭ ਦੇ ਅੰਦਰ ਜਾਣਦਾ ਹੋਇਆ ਸਾਰੀ ਮਨੁੱਖਤਾ ਨਾਲ ਪਿਆਰ ਕਰੇ। ਅਜਿਹੇ ਵਾਤਾਵਰਨ ਵਿਚ ਹੀ ਸਮਾਜਵਾਦੀ ਵਿਵਸਥਾ ਦਾ ਗਠਨ ਸੰਭਵ ਹੋ ਸਕਦਾ ਹੈ।

ਆਲਸ ਮਨੁੱਖ ਦੀ ਕ੍ਰਿਆਸ਼ੀਲਤਾ ਨੂੰ ਘੱਟ ਕਰਦੀ ਹੈ। ਆਲਸੀ ਮਨੁੱਖ ਕਿਸੇ ਦਾ ਕੁਝ ਨਹੀਂ ਸੁਆਰ ਸਕਦਾ। ਮਨੁੱਖ ਦੀ ਆਲਸੀ ਪ੍ਰਵਿਰਤੀ ਸਮਾਜ ਅਤੇ ਦੇਸ਼ ਨੂੰ ਤਰੱਕੀ ਦੀਆਂ ਲੀਹਾਂ ਤੋਂ ਦੂਰ ਲਿਜਾ ਖੜ੍ਹਾ ਕਰਦੀ ਹੈ। ਗੁਰਮਤਿ-ਫ਼ਿਲਾਸਫ਼ੀ ਮਨੁੱਖ ਨੂੰ ਸਮੇਂ ਸਿਰ ਕੰਮ ਨਿਪਟਾਉਣ ਦੀ ਪ੍ਰੇਰਨਾ ਦਿੰਦੀ ਹੈ[224] ਅਤੇ ਹਮੇਸ਼ਾ ਸੁਚਾਰੂ, ਸਾਰਥਕ ਅਤੇ ਅਗਾਂਹ-ਵਧੂ ਸੋਚ ਰੱਖਣ ਦਾ ਸੰਦੇਸ਼ ਦਿੰਦੀ ਹੈ[225]।

ਅਜੋਕੇ ਦੌਰ ਵਿਚ ਕਈ ਮਨੁੱਖ ਬਾਹਰੀ ਤੌਰ 'ਤੇ ਤਾਂ ਭਲੇ ਕੰਮ ਕਰਦੇ ਦਿਖਾਈ ਦਿੰਦੇ ਹਨ ਜਦਕਿ ਉਨ੍ਹਾਂ ਦੇ ਅੰਦਰ, ਉਨ੍ਹਾਂ ਦੁਆਰਾ ਕੀਤੇ ਜਾ ਰਹੇ ਕੰਮਾਂ ਦੇ, ਐਨ ਉਲਟ ਸੋਚ ਕੰਮ ਕਰ ਰਹੀ ਹੁੰਦੀ ਹੈ। ਅੰਤ ਵਿਚ ਅਜਿਹੇ ਮਨੁੱਖ ਸਮਾਜ ਲਈ ਘਾਤਕ ਸਿੱਧ ਹੁੰਦੇ ਹਨ। ਗੁਰੂ ਸਾਹਿਬ ਅਜਿਹੇ ਮਨੁੱਖਾਂ ਨੂੰ ਸੰਬੋਧਿਤ ਹੁੰਦੇ ਹੋਏ ਆਖਦੇ ਹਨ ਕਿ ਇਸ ਤਰ੍ਹਾਂ ਦੇ ਓਪਰੇ ਕੰਮ ਕਰਨ ਦਾ ਕੋਈ ਲਾਭ ਨਹੀਂ ਹੁੰਦਾ। ਅੰਤ ਵਿਚ ਸੱਚ ਪਰਗਟ ਹੋ ਹੀ ਜਾਂਦਾ ਹੈ[226] ਅਤੇ ਮਨੁੱਖ ਨੂੰ ਬੇਇੱਜ਼ਤੀ ਸਹਿਣੀ ਪੈਂਦੀ ਹੈ[227]। ਇਸ ਕਰਕੇ ਮਨੁੱਖ ਨੂੰ ਆਪਣੀ ਸੋਚ ਸੁਚਾਰੂ ਬਣਾਉਣੀ ਚਾਹੀਦੀ ਹੈ ਅਤੇ ਸਮਾਜ ਲਈ ਉਪਯੋਗੀ ਕੰਮ ਕਰਨੇ ਚਾਹੀਦੇ ਹਨ। [228] ਅਜਿਹੀ ਵਿਵਸਥਾ ਵਿਚ ਸਭ ਦੀ ਜ਼ਿੰਦਗੀ ਸੁਖਮਈ ਹੋ ਸਕਦੀਹੈ।

ਹੰਕਾਰ (ਹਉਮੈ) ਦੀ ਭਾਵਨਾ ਸਹਿਯੋਗ ਦੀ ਭਾਵਨਾ ਨੂੰ ਕ੍ਰਿਅਹੀਨ ਕਰਦੀ ਹੈ। ਹੰਕਾਰੀ ਮਨੁੱਖ ਆਪਣੇ-ਆਪ ਨੂੰ ਦੂਜਿਆਂ ਦਾ ਨੇਤਾ ਤਾਂ ਤਸਲੀਮ ਕਰ ਸਕਦਾ ਹੈ ਪਰ ਸਾਥੀ ਨਹੀਂ ਮੰਨ ਪਾਉਂਦਾ, ਜਿਸ ਕਾਰਨ ਇੱਕਸੁਰ ਵਿਕਾਸ ਪ੍ਰਭਾਵਿਤ ਹੁੰਦਾ ਹੈ। ਕਿਸੇ ਦੁਆਰਾ ਉਸਦੇ ਹੰਕਾਰ ਨੂੰ ਪੁਜਾਈ ਗਈ ਠੇਸ ਨੂੰ ਉਹ ਬੜੀ ਕਠੋਰਤਾ ਨਾਲ ਲੈਂਦਾ ਹੈ ਤੇ ਉਸ ਮਨੁੱਖ ਦਾ ਬੁਰਾ ਕਰਨ ਦੀ ਤਾਕ ਵਿਚ ਲੱਗਾ ਰਹਿੰਦਾ ਹੈ ਤਾਂ ਜੋ ਦੂਜੇ ਨੂੰ ਸਬਕ ਸਿਖਾਇਆ ਜਾ ਸਕੇ। ਅਜਿਹੀ ਸਥਿਤੀ ਵਿਚ ਉਹ ਨਾ ਤਾਂ ਆਪ ਹੀ ਚੈਨ ਨਾਲ ਜੀਅ ਪਾਉਂਦਾ ਹੈ ਅਤੇ ਨਾ ਹੀ ਦੂਜੇ ਨੂੰ ਚੈਨ ਨਾਲ ਜਿਊਣ ਦਿੰਦਾ ਹੈ। ਅਜਿਹੇ ਵਾਤਾਵਰਨ ਵਿਚ ਖਿੱਚੋਤਾਣ ਦਾ ਮਾਹੌਲ ਪੈਦਾ ਹੁੰਦਾ ਹੈ। ਗੁਰੂ ਸਾਹਿਬ ਹੰਕਾਰ ਨੂੰ ਵਡੇਰਾ ਰੋਗ ਦੱਸਦੇ ਹਨ[229] ਤੇ ਮਨੁੱਖ ਨੂੰ ਨਿਮਰਤਾ, ਸ਼ਹਿਨਸ਼ੀਲਤਾ ਅਤੇ ਮਿੱਠੇ ਬੋਲਾਂ-ਰੂਪੀ ਗੁਣ ਧਾਰਨ ਕਰਨ ਲਈ ਆਖਦੇ ਹਨ ਤਾਂ ਜੋ ਪਰਸਪਰ ਸਹਿਯੋਗ ਦੀ ਭਾਵਨਾ ਪੈਦਾ ਹੋ ਸਕੇ ਅਤੇ ਸਭ ਦਾ ਵਿਕਾਸ ਹੋ ਸਕੇ[230]।

ਮੋਹ (ਅਨ-ਉਚਿਤ ਲਗਾਉ) ਇੱਕ ਹੋਰ ਮਹਾਂ-ਵਿਕਾਰ ਹੈ, ਜਿਹੜਾ ਮਨੁੱਖ ਦੇ ਵਿਹਾਰ ਦੀ ਪਾਰਦਰਸ਼ਤਾ ਨੂੰ ਪ੍ਰਭਾਵਿਤ ਕਰਦਾ ਹੈ। ਇਸ ਪ੍ਰਵਿਰਤੀ ਦੇ ਅਧੀਨ ਹੋਇਆ ਮਨੁੱਖ ਕਈ ਤਰ੍ਹਾਂ ਦੇ ਗ਼ਲਤ ਕੰਮ ਕਰ ਬੈਠਦਾ ਹੈ। [231] ਚੰਗੀ ਸੰਗਤ ਮਨੁੱਖੀ ਮਨ ਦਾ ਇਹ ਔਗੁਣ ਖ਼ਤਮ ਕਰਨ ਵਿਚ ਸਹਾਈ ਹੁੰਦੀ ਹੈ ਅਤੇ ਮਨੁੱਖ ਦਾ ਜੀਵਨ ਸਾਵਾਂ-ਪੱਧਰਾ ਅਤੇ ਸੁਖਾਵਾਂ ਹੋ ਨਿੱਬੜਦਾ ਹੈ। [232]

ਚਿੰਤਾ ਚਿਖਾ ਸਮਾਨ ਹੁੰਦੀ ਹੈ। [233] ਇਹ ਮਨੁੱਖੀ ਸਰੀਰ ਨੂੰ, ਲੱਕੜੀ ਨੂੰ ਲੱਗੇ ਘੁਣ ਵਾਂਗ ਖਾ ਜਾਂਦੀ ਹੈ। ਚਿੰਤਾ-ਗ੍ਰਸਤ ਮਨੁੱਖ ਪਲ-ਪਲ ਮਰਦਾ ਹੈ। ਚਿੰਤਾ ਅਨੇਕ ਮਾਨਸਿਕ ਅਤੇ ਸਰੀਰਕ ਰੋਗਾਂ ਦੀ ਜਨਮ-ਦਾਤੀ ਹੈ। ਸਤਿਗੁਰੂ ਜੀ ਮਨੁੱਖ ਨੂੰ ਸਰਬ-ਸਮਰੱਥ ਪ੍ਰਭੂ ਦੀ ਓਟ ਲੈਣ ਦਾ ਸੰਦੇਸ਼ ਦਿੰਦੇ ਹਨ[234] ਅਤੇ ਆਪਣਾ ਕਰਮ ਨਿਯਮਿਤ ਤੌਰ 'ਤੇ ਕਰਦੇ ਰਹਿਣ ਲਈ ਆਖਦੇ ਹਨ[235]।

ਸੁਹਿਰਦ ਮਨ ਨਾਲ ਅਤੇ ਪ੍ਰਭੂ-ਆਸਰੇ, ਦ੍ਰਿੜ੍ਹ ਇਰਾਦੇ ਨਾਲ ਕਿਸੇ ਵੀ ਕੰਮ ਵਿਚ ਲੱਗਾ ਹੋਇਆ ਮਨੁੱਖ ਆਪਣੇ ਟੀਚੇ ਨੂੰ ਪ੍ਰਾਪਤ ਕਰਨ ਵਿਚ ਸਫ਼ਲ ਜ਼ਰੂਰ ਹੁੰਦਾ ਹੈ। ਆਪਣੇ ਟੀਚੇ ਵੱਲ ਵਧਦਾ ਹੋਇਆ ਉਹ ਜੀਵਨ ਦਾ ਆਨੰਦ ਵੀ ਮਾਣਦਾ ਜਾਂਦਾ ਹੈ। [236]

ਅੱਜ ਦੇ ਮਨੁੱਖ ਨੂੰ ਕਈ ਪ੍ਰਕਾਰ ਦੇ ਡਰ ਚੰਬੜੇ ਹੋਏ ਹਨ। ਇੱਕ-ਇੱਕ ਪੈਰ 'ਤੇ ਉਸਦੇ ਗਿਰਦ ਅਨੇਕ ਪ੍ਰਕਾਰ ਦੇ ਡਰ ਚੱਕਰ ਕੱਟਦੇ ਹਨ। ਉਹ ਘੁਟ-ਘੁਟ ਕੇ ਜ਼ਿੰਦਗੀ ਦੇ ਦਿਨ ਕੱਟਦਾ ਹੈ। ਦਿਨ ਕਟੀ ਕਰਨਾ ਹੀ, ਉਸ ਲਈ, ਜਿਉਣ ਦਾ ਅਰਥ ਬਣ ਗਿਆ ਹੈ। ਗੁਰੂ ਸਾਹਿਬ ਮਨੁੱਖ ਨੂੰ ਸਹਿਯੋਗ ਅਤੇ ਭਰਾਤਰੀ-ਭਾਵ ਵਾਲਾ ਜੀਵਨ-ਮਾਰਗ ਅਪਨਾਉਣ ਲਈ ਆਖਦੇ ਹਨ, ਜਿਸ ਵਿਚ ਦੂਸਰਿਆਂ ਨੂੰ ਆਪਣੀ ਤਾਕਤ ਦਿਖਾ ਕੇ ਡਰਾਉਣ ਦੀ ਭਾਵਨਾ ਨਾ ਹੋਵੇ। ਅਜਿਹਾ ਮਨੁੱਖ ਫਿਰ ਨਾ ਕਿਸੇ ਨੂੰ ਡਰਾਵੇਗਾ ਅਤੇ ਨਾ ਹੀ ਉਸ ਅੰਦਰ ਕਿਸੇ ਦਾ ਡਰ ਹੀ ਰਹੇਗਾ। [237] "ਜੋ ਦੂਸਰਿਆਂ 'ਤੇ ਹੋਕਮ ਚਲਾਉਂਦਾ ਹੈ, ਉਹ ਉਲਝਣ ਵਿਚ ਫਸਿਆ ਰਹਿੰਦਾ ਹੈ। ਇਸ ਲਈ ਕਾਮਨਾ ਕਰੋ ਕਿ ਨਾ ਤਾਂ ਤੁਸੀਂ ਦੂਸਰਿਆਂ 'ਤੇ ਰਾਜ ਕਰੋ ਅਤੇ ਨਾ ਹੀ ਦੂਸਰੇ ਤੁਹਾਡੇ 'ਤੇ ਰਾਜ ਕਰਨ। "[238]

ਅਜੋਕਾ ਮਨੁੱਖ ਨਿੰਦਾ-ਰੂਪੀ ਵਿਕਾਰ ਤੋਂ ਵੀ ਪੀੜਤ ਹੈ। ਉਹ ਦੂਜਿਆਂ ਬਾਰੇ ਗ਼ਲਤ ਰਾਇ ਉਤਪੰਨ ਕਰਨ ਦੀ ਹੋੜ ਵਿਚ ਲੱਗਾ ਰਹਿੰਦਾ ਹੈ ਤਾਂ ਜੋ ਆਪ ਵੱਧ ਲਾਹਾ ਪ੍ਰਾਪਤ ਕਰ ਸਕੇ। ਅਜਿਹੇ ਵਿਚ ਕਈ ਵਾਰ ਯੋਗ ਮਨੁੱਖ ਦੀ ਹਾਨੀ ਵੀ ਹੋ ਜਾਂਦੀ ਹੈ, ਜਿਸ ਕਾਰਨ ਸਮਾਜ ਉਸਦੇ ਗੁਣਾਂ ਦਾ ਪੂਰਾ ਲਾਭ ਪ੍ਰਾਪਤ ਨਹੀਂ ਕਰ ਪਾਉਂਦਾ। ਗੁਰੂ ਸਾਹਿਬ ਇਸ ਆਦਤ ਤੋਂ ਬਚਣ ਦਾ ਸਪਸ਼ਟ ਸੰਕੇਤ ਦਿੰਦੇ ਹਨ। [239]

ਮਨੁੱਖ ਦੀ ਤ੍ਰਿਸ਼ਨਾਲੂ ਪ੍ਰਵਿਰਤੀ ਉਸਨੂੰ ਦਿਨ-ਰਾਤ ਚੈਨ ਨਹੀਂ ਲੈਣ ਦਿੰਦੀ। ਉਹ ਹੋਰ-ਹੋਰ, ਵੱਧ ਤੋਂ ਵੱਧ, ਪ੍ਰਾਪਤ ਕਰਨ ਦੀ ਪ੍ਰਬਲ ਤਾਂਘ ਅਧੀਨ ਖੋਟੇ-ਭੈੜੇ ਕੰਮ ਕਰਦਾ ਹੈ। ਉਹ ਜਾਇਜ਼-ਨਾਜਾਇਜ਼ ਢੰਗਾਂ ਰਾਹੀਂ ਵੱਧ ਤੋਂ ਵੱਧ ਧਨ-ਮਾਲ ਇਕੱਠਾ ਕਰਨਾ ਚਾਹੁੰਦਾ ਹੈ। ਗੁਰੂ ਸਾਹਿਬ ਦਾ ਆਖਣਾ ਹੈ ਕਿ ਹੋਰ-ਹੋਰ ਦੀ ਪ੍ਰਾਪਤੀ ਦੀ ਇਹ ਪ੍ਰਬਲ ਇੱਛਾ ਕਦੇ ਵੀ ਖ਼ਤਮ ਨਹੀਂ ਹੁੰਦੀ। [240]

ਸੋ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਸੰਤੋਖ ਅਤੇ ਸੰਜਮ ਦਾ ਧਾਰਨੀ ਬਣੇ[241] ਤਾਂ ਜੋ ਸੰਸਾਰ ਦੀ ਸੀਮਤ ਧਨ-ਸੰਪਦਾ ਸਭ ਮਨੁੱਖਾਂ ਨੂੰ ਪ੍ਰਾਪਤ ਹੋ ਸਕੇ ਅਤੇ ਸਾਰੀ ਮਨੁੱਖਤਾ ਉਸਦੀ ਅਧਿਕਾਰੀ ਹੋ ਸਕੇ। ਅਜਿਹਾ ਕਰਨ ਨਾਲ ਸੰਸਾਰ ਵਿਚ ਸਾਵਾਂ-ਸੰਤੁਲਿਤ ਮਾਹੌਲ ਉਪਜੇਗਾ, ਜਿਸ ਨਾਲ ਸਮੁੱਚੀ ਮਨੁੱਖਤਾ ਦਾ ਜੀਵਨ ਸੁਖਮਈ ਹੋ ਸਕੇਗਾ।

ਅਜੋਕਾ ਮਨੁੱਖ ਮਾਨਸਿਕ ਭਟਕਣਾ ਵਿਚ ਜੀਵਨ ਬਿਤਾ ਰਿਹਾ ਹੈ। ਮਾਨਸਿਕ ਇਕਾਗਰਤਾ ਉਸ ਲਈ ਬੜੀ ਦੂਰ ਦੀ ਗੱਲ ਹੋ ਗਈ ਹੈ। ਉਹ ਕੰਮ ਕੋਈ ਕਰਦਾ ਹੈ ਤੇ ਉਸਦਾ ਮਨ ਕਿਤੇ ਹੋਰ ਹੀ ਹੁੰਦਾ ਹੈ। ਬਾਣੀਕਾਰ ਮਨੁੱਖ ਨੂੰ ਇਨ੍ਹਾਂ ਮਾਨਸਿਕ ਭਟਕਣਾਂ ਤੋਂ ਨਿਜਾਤ ਪਾਉਣ ਦਾ ਢੰਗ ਦੱਸਦੇ ਹਨ। ਆਪ ਦਾ ਕਹਿਣਾ ਹੈ ਕਿ ਮਨੁੱਖ ਨੂੰ ਮਾਨਸਿਕ ਭਟਕਣਾ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ[242] ਸਗੋਂ ਚੰਗੇ ਮਨੁੱਖਾਂ ਦੀ ਸੰਗਤ ਕਰਨੀ ਚਾਹੀਦੀ ਹੈ[243] ਜਿੱਥੋਂ ਉਸਨੂੰ ਮਾਨਸਿਕ ਬਲ ਪ੍ਰਾਪਤ ਹੋਵੇ ਅਤੇ ਉਹ ਆਪਣਿਆਂ ਉੱਚ-ਨਿਸ਼ਾਨਿਆਂ ਦੀ ਪ੍ਰਾਪਤੀ ਕਰ ਸਕੇ।

ਗੁੱਸਾ ਮਨੁੱਖ ਨੂੰ ਅੰਦਰੋਂ-ਅੰਦਰੀ ਸਾੜਦਾ ਹੈ। ਗੁੱਸੇ ਵਿਚ ਮਨੁੱਖ ਦੂਸਰੇ ਮਨੁੱਖ ਦੀ ਹੋਂਦ ਨੂੰ ਖ਼ਤਮ ਕਰਨ ਤੱਕ ਜਾਂਦਾ ਹੈ ਭਾਵੇਂ ਮਗਰੋਂ ਉਸਨੂੰ ਆਪਣੇ ਕੀਤੇ ਉੱਪਰ ਲੰਮਾ ਸਮਾਂ ਪਛਤਾਉਣਾ ਵੀ ਪੈਂਦਾ ਹੈ। ਗੁੱਸੇ ਦੀ ਪ੍ਰਵਿਰਤੀ ਅਧੀਨ ਵਿਚਰ ਰਿਹਾ ਮਨੁੱਖ ਆਪਣੀ ਮਾਨਸਿਕ ਸ਼ਾਂਤੀ ਗੁਆ ਬੈਠਦਾ ਹੈ ਅਤੇ ਕਈ ਰੋਗਾਂ ਦਾ ਸ਼ਿਕਾਰ ਹੋ ਬਹਿੰਦਾ ਹੈ। ਅਜਿਹਾ ਮਨੁੱਖ ਸਮਾਜ ਲਈ ਕੁਝ ਲਾਹੇਵੰਦ ਕਾਰਜ ਨਹੀਂ ਕਰ ਪਾਉਂਦਾ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਨੂੰ ਹੋਰਾਂ ਉੱਪਰ ਗੁੱਸਾ ਕਰਨ ਦੀ ਬਜਾਇ ਆਪਣੇ

ਕਸੂਰ (ਕਮੀਆਂ) ਵੱਲ ਧਿਆਨ ਦੇਣਾ ਚਾਹੀਦਾ ਹੈ[244]ਅਤੇ ਜੇਕਰ ਵਾਕਈ ਉਸਦਾ ਕਸੂਰ ਹੈ ਅਤੇ ਉਸਦੀ ਠੀਕ ਆਲੋਚਨਾ ਹੋ ਰਹੀ ਹੈ ਤਾਂ ਉਸਨੂੰ ਹੋਰਾਂ 'ਤੇ ਗੁੱਸਾ ਕਰਨ ਦੀ ਬਜਾਇ ਆਪਣੀਆਂ ਕਮੀਆਂ ਨੂੰ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ।

ਵਰਤਮਾਨ ਮਨੁੱਖ ਦੀ ਪ੍ਰਬਲ ਕਾਮੁਕ ਪ੍ਰਵਿਰਤੀ ਸਮਾਜ ਦੀ ਇੱਕਰਸਤਾ ਨੂੰ ਪ੍ਰਭਾਵਿਤ ਕਰਦੀ ਹੈ ਬਲਕਿ ਭ੍ਰਿਸ਼ਟ ਕਰਦੀ ਹੈ। ਇਸ ਕੁ-ਪ੍ਰਵਿਰਤੀ ਦੇ ਪ੍ਰਭਾਵ ਹੇਠ ਸਮਾਜਿਕ ਰਿਸ਼ਤਿਆਂ ਦੀ ਬਲੀ ਦੇ ਦਿੱਤੀ ਜਾਂਦੀ ਹੈ। ਅਜਿਹੀ ਸਥਿਤੀ ਵਿਚ ਮਨੁੱਖ ਦੇ ਆਪਣੇ ਪਰਿਵਾਰਿਕ ਰਿਸ਼ਤੇ ਵੀ ਖ਼ਰਾਬ ਹੁੰਦੇ ਹਨ। ਹੱਸਦੇ-ਵਸਦੇ ਘਰ ਤਬਾਹ ਹੋ ਜਾਂਦੇ ਹਨ, ਬੱਚੇ ਰੁਲਦੇ ਹਨ ਅਤੇ ਉਨ੍ਹਾਂ ਦਾ ਭਵਿੱਖ ਬਰਬਾਦ ਹੁੰਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਇਹ ਥੋੜ੍ਹ-ਚਿਰਾ ਸੁੱਖ ਭਵਿੱਖ ਵਿਚ ਮਨੁੱਖ ਦੇ ਦੁੱਖਾਂ ਦਾ ਕਾਰਨ ਬਣਦਾ ਹੈ।[245] ਇਹ ਮਨੁੱਖ ਦੀ ਧਨ-ਸੰਪਦਾ ਨੂੰ ਵੀ ਖ਼ਤਮ ਕਰਦਾ ਹੈ, ਇਸ ਕਰਕੇ ਮਨੁੱਖ ਨੂੰ ਗ੍ਰਿਹਸਥੀ ਸੰਜਮ ਦੀ ਪਾਲਣਾ ਕਰਨੀ ਚਾਹੀਦੀ ਹੈ।

ਅਜੋਕਾ ਮਨੁੱਖ ਈਰਖਾ ਦੀ ਅੱਗ ਵਿਚ ਸੜ ਰਿਹਾ ਹੈ। ਉਹ ਕਿਸੇ ਦੂਜੇ ਨੂੰ ਆਪਣੇ ਤੋਂ ਅੱਗੇ ਲੰਘਦਾ ਹੋਇਆ ਜਰ ਨਹੀਂ ਪਾਉਂਦਾ ਅਤੇ ਉਸਦੀ ਤਰੱਕੀ ਦੇ ਰਾਹ ਵਿਚ ਰੋੜੇ ਅਟਕਾਉਂਦਾ ਹੈ। ਗੁਰੂ ਸਾਹਿਬ ਸਮਝਾਉਂਦੇ ਹਨ ਕਿ ਜਿਹੜਾ ਮਨੁੱਖ ਦੂਜਿਆਂ ਬਾਰੇ ਬੁਰਾ ਸੋਚਦਾ ਹੈ, ਉਹ ਆਪ ਵੀ ਤਰੱਕੀ ਨਹੀਂ ਕਰ ਸਕਦਾ ਕਿਉਂਕਿ ਉਸਦਾ ਆਪਣਾ ਮਨ ਤਾਂ ਹਰ ਵੇਲ਼ੇ ਦੂਜਿਆਂ ਦੇ ਰਾਹ ਵਿਚ ਕੰਡੇ ਵਿਛਾਉਣ ਦੀਆਂ ਜੁਗਤਾਂ ਵਿਚ ਲੱਗਾ ਰਹੇਗਾ ਤੇ ਉਹ ਆਪਣੇ ਵਿਕਾਸ ਜਾਂ ਤਰੱਕੀ ਬਾਰੇ ਕਦੋਂ ਯਤਨ ਕਰੇਗਾ? ਹੋਰਾਂ ਨੂੰ ਥੱਲੇ ਲਾਉਂਦਾ-ਲਾਉਂਦਾ ਇੱਕ ਦਿਨ ਉਹ ਇਕੱਲਾ ਹੀ ਰਹਿ ਜਾਂਦਾ ਹੈ ਭਾਵ ਉਸਦੀ ਮਾੜੀ ਪ੍ਰਵਿਰਤੀ ਕਾਰਨ ਉਸਦੇ ਸਭ ਸਾਥੀ ਉਸ ਤੋਂ ਦੂਰ ਹੋ ਜਾਂਦੇ ਹਨ।[246]

ਅਜੋਕਾ ਮਨੁੱਖ ਸੱਚ ਦੀ ਬਜਾਇ ਝੂਠ ਨੂੰ ਪਹਿਲ ਦਿੰਦਾ ਹੈ। ਕਈ ਵਾਰ ਉਸਨੂੰ ਝੂਠ ਬੋਲਣ ਦੀ ਜ਼ਰੂਰਤ ਵੀ ਨਹੀਂ ਹੁੰਦੀ ਪਰ ਉਹ ਆਪਣੇ ਆਪ ਨੂੰ ਚੁਸਤ-ਦਰੁਸਤ ਦਰਸਾਉਣ ਲਈ ਝੂਠ ਬੋਲਦਾ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਝੂਠਾ ਮਨੁੱਖ ਕਦੇ ਸੁਖੀ ਨਹੀਂ ਹੋ ਸਕਦਾ।[247] ਮਨੁੱਖ ਜੇਕਰ ਇਹ ਸੋਚੇ ਕਿ ਉਹ ਜੀਵਨਕ-ਸੁੱਖ ਦੀ ਪ੍ਰਾਪਤੀ ਝੂਠ ਦੇ ਆਸਰੇ ਕਰ ਲਵੇਗਾ ਤਾਂ ਇਹ ਉਸਦਾ ਭੁਲੇਖਾ ਹੈ। ਝੂਠ ਅਜਿਹਾ ਜਾਲ਼ ਹੈ ਜਿਸ ਵਿਚ ਮਨੁੱਖ ਮਗਰੋਂ ਆਪ ਹੀ ਉਲਝ ਜਾਂਦਾ ਹੈ।[248] ਮਨੁੱਖ ਨੂੰ ਸੱਚ ਦਾ ਆਸਰਾ ਲੈਣਾ ਚਾਹੀਦਾ ਹੈ। ਸੱਚ ਸਦੀਵੀ ਹੁੰਦਾ ਹੈ ਅਤੇ ਇਸਨੂੰ ਝੂਠ ਵਾਂਗ ਮੁੜ-ਮੁੜ ਬੋਲਣ ਦੀ ਜ਼ਰੂਰਤ ਨਹੀਂ ਹੁੰਦੀ।[249]

ਅਜੋਕੇ ਦੌਰ ਵਿਚ ਨਸ਼ੇ ਮਨੁੱਖਤਾ ਦਾ ਘਾਣ ਕਰ ਰਹੇ ਹਨ। ਆਏ ਦਿਨ ਨੌਜਵਾਨਾਂ ਦੀ ਮੌਤ ਦੀਆਂ ਖ਼ਬਰਾਂ ਆਉਂਦੀਆਂ ਹਨ ਜਿਹੜੇ ਜਾਂ ਤਾਂ ਨਸ਼ਾ ਨਾ ਮਿਲਣ ਅਤੇ ਜਾਂ, ਲੋੜ ਤੋਂ ਵੱਧ ਨਸ਼ਾ ਵਰਤ ਲੈਣ ਕਾਰਨ ਹੁੰਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਮਨੁੱਖ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦੇ ਹਨ।[250]

ਆਪ ਦਾ ਕਥਨ ਹੈ ਕਿ ਨਸ਼ੇ ਮਨੁੱਖ ਦੀ ਮਾਨਸਿਕਤਾ ਨੂੰ ਦੂਸ਼ਿਤ ਕਰਦੇ ਹਨ ਤੇ ਇਨ੍ਹਾਂ ਦਾ ਮਦ ਅਧੀਨ ਮਨੁੱਖ ਕਈ ਕੁਕਰਮ ਕਰ ਬੈਠਦਾ ਹੈ।[251] ਇਹ ਮਨੁੱਖ ਦਾ ਜੀਵਨ ਦੁੱਖਾਂ ਨਾਲ ਭਰ ਦਿੰਦੇ ਹਨ। ਇਸ ਕਰਕੇ ਮਨੁੱਖ ਨੂੰ ਨਸ਼ਿਆਂ ਤੋਂ ਬਚਣਾ ਚਾਹੀਦਾ ਹੈ।[252]

ਭਰੂਣ-ਹੱਤਿਆ ਅਜੋਕੇ ਮਨੁੱਖ ਦੇ ਮੱਥੇ 'ਤੇ ਲੱਗਾ ਇੱਕ ਹੋਰ ਬਦਨੁਮਾ ਦਾਗ਼ ਹੈ। ਅਜੋਕੇ ਦੌਰ ਦੀ ਔਰਤ ਵੀ ਮਰਦ ਦੇ ਬਰਾਬਰ ਖਲੋਣ ਲਈ ਸੰਘਰਸ਼ ਕਰ ਰਹੀ ਹੈ। ਇਹ ਸੰਘਰਸ਼ ਆਦਮੀ ਦੇ ਆਪਣੇ ਆਪ ਨੂੰ, ਔਰਤ ਦੇ ਮੁਕਾਬਲੇ, ਸ੍ਰੇਸ਼ਟ ਸਮਝਣ

ਦੀ ਮਾਨਸਿਕਤਾ ਵਿੱਚੋਂ ਉਪਜਿਆ ਹੈ। ਗੁਰੂ ਸਾਹਿਬ ਮਰਦ ਅਤੇ ਔਰਤ ਦੀ ਬਰਾਬਰੀ ਦੀ ਗੱਲ ਕਰਦੇ ਹਨ ਅਤੇ ਤਤਕਾਲੀ ਦੌਰ ਵਿਚ ਕਮਜ਼ੋਰ ਸਮਝੀ ਜਾਂਦੀ ਔਰਤ ਦਾ ਪੱਖ ਲੈਂਦੇ ਹਨ। ਗੁਰੂ ਸਾਹਿਬ ਦਾ ਕਥਨ ਹੈ ਕਿ ਔਰਤ ਵੀ, ਆਦਮੀ ਵਾਂਗ, ਸੰਸਾਰ ਦੀ ਸਮੁੱਚੀ ਵਿਵਸਥਾ ਅਤੇ ਵਾਧੇ ਪ੍ਰਤਿ ਬਰਾਬਰ ਦੀ ਹੱਕਦਾਰ ਹੈ। [253]

ਇਸ ਲਈ ਉਸਨੂੰ ਮਾੜਾ ਜਾਂ ਘੱਟ ਨਹੀਂ ਸਮਝਿਆ ਜਾਣਾ ਚਾਹੀਦਾ। ਔਰਤ ਅਤੇ ਮਰਦ ਜਦੋਂ ਇੱਕ-ਦੂਜੇ ਨੂੰ ਸਮਾਨ ਸਮਝਣਗੇ ਤਾਂ ਲੜਕੀ ਭਰੂਣ-ਹੱਤਿਆ ਦਾ ਬਦਨੁਮਾ ਦਾਗ਼ ਵੀ ਅਜੋਕੇ ਮਨੁੱਖ ਦੇ ਮੱਥੇ ਤੋਂ ਧੋਤਾ ਜਾਵੇਗਾ।

ਜਾਤ-ਪਾਤ ਅਤੇ ਵਰਣ ਵਿਵਸਥਾ ਨੇ ਅਜੋਕੇ ਮਨੁੱਖ ਦਾ ਵੀ ਪਿੱਛਾ ਨਹੀਂ ਛੱਡਿਆ। ਜਾਤ-ਬਰਾਦਰੀ ਦੇ ਨਾਂ 'ਤੇ ਸੰਗਠਨਾਂ ਦਾ ਨਿਰਮਾਣ ਕੀਤਾ ਜਾਂਦਾ ਹੈ। ਅਖੌਤੀ ਉੱਚ-ਜਾਤੀ ਦੇ ਲੋਕ ਗਾਹੇ-ਬਗਾਹੇ ਆਪਣੀ ਜਾਤ ਦਾ ਉਲੇਖ ਕਰਕੇ ਆਪਣੇ-ਆਪ ਨੂੰ ਸ੍ਰੇਸ਼ਟ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ, ਨਾਲ ਦੀ ਨਾਲ, ਅਖੌਤੀ ਨੀਵੀਆਂ ਜਾਤੀਆਂ ਨੂੰ ਉਨ੍ਹਾਂ ਦੀ ਔਕਾਤ ਯਾਦ ਕਰਾਏ ਜਾਣ ਦਾ ਭਰਮ ਪਾਲ਼ਦੇ ਹਨ। ਆਪਣੇ-ਆਪ ਨੂੰ ਸ੍ਰੇਸ਼ਟ ਸਮਝਣਾ ਤੇ ਦੂਜਿਆਂ ਨੂੰ ਹੀਣੇ ਜਾਨਣਾ, ਸਮਾਜਿਕ ਸਾਵੇਂਪਨ ਦੇ ਹਾਲਾਤ ਪੈਦਾ ਨਹੀਂ ਹੋਣ ਦਿੰਦਾ। ਘੱਟ-ਗਿਣਤੀ ਲੋਕ ਹਮੇਸ਼ਾ ਚਿੰਤਾਤੁਰ ਰਹਿੰਦੇ ਹਨ ਅਤੇ ਦੇਸ਼ ਦੇ ਵਿਕਾਸ ਵਿਚ ਆਪਣਾ ਪੂਰਾ ਯੋਗਦਾਨ ਨਹੀਂ ਦੇ ਪਾਉਂਦੇ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਹੁੰਦੀਆਂ ਅੱਤਵਾਦੀ ਅਤੇ ਵੱਖਵਾਦੀ ਘਟਨਾਵਾਂ ਦੀਆਂ ਜੜ੍ਹਾਂ ਇਸੇ ਦੁਰ-ਭਾਵਨਾ ਵਿਚ ਛੁਪੀਆਂ ਹੋਈਆਂ ਹਨ। ਹਰ ਧਰਮ, ਹਰ ਜਾਤੀ ਦੇ ਲੋਕ ਆਪਣੇ-ਆਪ ਨੂੰ ਸ੍ਰੇਸ਼ਟ ਸਮਝਦੇ ਹਨ ਅਤੇ ਸੰਸਾਰ ਉੱਪਰ ਆਪਣੇ ਧਰਮ ਦਾ ਝੰਡਾ ਬੁਲੰਦ ਕਰਨ ਦੀ ਤਾਕ ਵਿਚ ਰਹਿੰਦੇ ਹਨ। ਇਨ੍ਹਾਂ ਸਥਿਤੀਆਂ ਵਿੱਚੋਂ ਸਮੁੱਚੇ ਸੰਸਾਰ ਲਈ ਕਈ ਖ਼ਤਰੇ ਉਪਜਦੇ ਹਨ। ਅਜਿਹੇ ਹਾਲਾਤਾਂ ਵਿਚ ਗੁਰਮਤਿ ਫ਼ਲਸਫੇ ਦੀ ਸਿੱਖਿਆ ਬੜੀ ਢੁਕਵੀਂ ਜਾਪਦੀ ਹੈ। ਗੁਰੂ ਸਾਹਿਬ ਜਾਤੀ ਅਹੰਕਾਰ ਨੂੰ ਫ਼ਜ਼ੂਲ ਦੱਸਦੇ ਹਨ। [254] ਇਹ ਅਜਿਹੀ ਭਾਵਨਾ ਹੈ ਜੋ ਮਨੁੱਖ ਨੂੰ ਠਗ ਦੀ ਤਰ੍ਹਾਂ ਲੁੱਟ-ਪੁੱਟ ਕੇ ਲੈ ਜਾਂਦੀ ਹੈ। [255] ਗੁਰੂ ਸਾਹਿਬ ਸਾਰੀ ਮਨੁੱਖਤਾ ਨੂੰ ਬਰਾਬਰ ਸਮਝਣ ਅਤੇ ਸਭ ਨਾਲ ਪਾਰਦਰਸ਼ੀ ਵਿਵਹਾਰ ਕਰਨ ਦੀ ਸਿੱਖਿਆ ਦਿੰਦੇ ਹਨ। [256]

ਉਕਤ ਚਰਚਾ ਦੀ ਰੋਸ਼ਨੀ ਵਿਚ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਜੋਕੇ ਮਨੁੱਖ ਨੂੰ ਦਰਪੇਸ਼ ਆਉਂਦੀਆਂ ਸਮੱਸਿਆਵਾਂ ਉਸਦੇ ਮੂਲ ਵਿਕਾਰਾਂ ਵਿੱਚੋਂ ਹੀ ਉਪਜੀਆਂ ਹਨ। ਗੁਰਮਤਿ ਦਾ ਫ਼ਲਸਫ਼ਾ ਮਨੁੱਖ ਨੂੰ ਚੰਗੇ ਗੁਣ ਧਾਰਨ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਬੌਧਿਕ ਪੱਧਰ 'ਤੇ ਉਸਨੂੰ ਇੱਕ ਜ਼ਿੰਮੇਵਾਰ ਵਿਸ਼ਵ ਨਾਗਰਿਕ ਵਜੋਂ ਤਿਆਰ ਕਰਨਾ ਚਾਹੁੰਦਾ ਹੈ। ਅਜੋਕਾ ਮਨੁੱਖ ਜੇਕਰ ਗੁਰਮਤਿ ਦੇ ਇਸ ਆਸ਼ੇ ਨੂੰ ਆਪਣੇ ਜੀਵਨ ਵਿਚ ਢਾਲ ਲਵੇ ਤਾਂ ਇਹ ਸੰਸਾਰ ਸੁੱਖਾਂ ਦੀ ਨਗਰੀ ਬਣ ਸਕਦਾ ਹੈ।

## 2.10 ਅਜੋਕੇ ਮਨੁੱਖ ਦੇ ਅਜਿਹੀ ਕਲਿਆਣਕਾਰੀ ਵਿਚਾਰਧਾਰਾ ਤੋਂ ਦੂਰ ਹੋਣ ਦੇ ਕਾਰਨ

ਉਪਰੋਕਤ ਚਰਚਾ ਦੇ ਮੱਦੇ ਨਜ਼ਰ ਇਹ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸਰਬ-ਕਲਿਆਣਕਾਰੀ ਹੈ ਅਤੇ ਜੇਕਰ ਮਨੁੱਖ ਇਸ ਵਿਚਾਰਧਾਰਾ ਨੂੰ ਆਤਮਸਾਤ ਕਰ ਲਵੇ ਤਾਂ ਸੰਸਾਰ ਦੇ ਹਾਲਾਤ ਬਦਲ ਸਕਦੇ ਹਨ ਅਤੇ ਇਹ ਸੰਸਾਰ ਸੁੱਖਾਂ ਦੀ ਨਗਰੀ ਬਣ ਸਕਦਾ ਹੈ ਪਰ ਹਾਲਾਤ ਇਸ ਗੱਲ ਦੇ ਉਲਟ ਹਨ। ਮਨੁੱਖ ਨੇ ਇਸ ਵਿਚਾਰਧਾਰਾ ਤੋਂ ਅਜੇ ਤੱਕ ਵੀ ਦੂਰੀ ਬਣਾ ਰੱਖੀ ਹੈ। ਉਕਤ ਸਿਰਲੇਖ ਅਧੀਨ ਹੇਠ ਲਿਖੀਆਂ ਪੰਕਤੀਆਂ ਵਿਚ ਉਨ੍ਹਾਂ ਕਾਰਕਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਜਿਨ੍ਹਾਂ ਕਾਰਨ ਮਨੁੱਖ ਇਸ ਵਿਚਾਰਧਾਰਾ ਤੋਂ ਦੂਰ ਹੈ:

ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਹੈ, "ਗੁਰੁਮਤ ਦੇ ਪੂਰੇ ਗਯਾਨੀ ਭਾਈ ਗੁਰੁਦਾਸ ਜੀ ਦਾ ਸ਼ੁੱਧ ਸੰਕਲਪ ਹੈ ਕਿ ਸਭ ਦੇਸ਼ਾਂ ਵਿਚ ਬੇਅੰਤ ਸਿੱਖ ਹੋਣ ਅਤੇ ਥਾਂ ਥਾਂ ਧਰਮਸ਼ਾਲਾਂ ਵਿਰਾਜਣ, ਇਹ ਤਦ ਹੀ ਪੂਰਾ ਹੋ ਸਕਦਾ ਹੈ ਜੇ ਅਸੀਂ ਸਭ ਦੇਸ਼ਾਂ ਦੀ ਭਾਸ਼ਾ ਵਿਚ ਗੁਰਬਾਣੀ ਦਾ ਉਲੱਥਾ ਕਰੀਏ, ਲਾਯਕ ਪ੍ਰਚਾਰਕ ਰੱਖ ਕੇ ਪੂਰਣ ਰੀਤੀ ਨਾਲ ਪ੍ਰਚਾਰ ਕਰੀਏ, ਸਭ ਦੇਸ਼ਾਂ ਵਿੱਚ ਸਿੱਖਾਂ ਦੀ ਆਬਾਦੀ ਹੋਵੇ, ਗੁਰਦਵਾਰੇ ਬਣਾ ਕੇ ਜੋੜ ਮੇਲ ਕਥਾ ਕੀਰਤਨ ਕਰੀਏ ਅਤੇ ਅਨੇਕ ਆਸ਼੍ਰਮ ਰਚ ਕੇ ਮਨੁੱਖ ਮਾਤ੍ਰ ਨੂੰ ਗੁਰੂ ਨਾਨਕ ਦੇਵ ਦੀ ਦਾਤ ਦਾ ਸਾਂਝੀਵਾਲ ਜਾਣੀਏ ਅਰ ਤੰਗ ਖ਼ਯਾਲੀ ਛੱਡ ਕੇ ਸਿੱਖੀ ਦੇ ਅਸਲ ਉਸੂਲ ਸਮਝ ਕੇ ਹਰ ਮਤ ਅਰ ਦੇਸ਼ ਦੇ ਆਦਮੀ ਨੂੰ ਛਾਤੀ ਨਾਲ ਲਾਈਏ ਅਤੇ ਭੰਗੜਾਂ ਦੀ ਪੈਰਵੀ ਤਯਾਗੀਏ। ਕਿਤਨਾ ਖੇਦ ਹੈ ਕਿ ਅਸੀਂ ਭਾਈ ਸਾਹਿਬ ਦਾ ਮਨੋਰਥ ਤਾਂ ਕੀ ਪੂਰਣ ਕਰਣਾ ਸੀ, ਸਗੋਂ ਉਸ ਦੇ ਉਲਟ ਸਿੱਖੀ ਦੇ ਜਨਮ ਸਥਾਨ (ਪੰਜਾਬ) ਵਿੱਚ ਸਿੱਖਾਂ ਦੀ ਦੁਰ-ਦਸ਼ਾ ਦੇਖਦੇ ਹਾਂ, ਬੇਅੰਤ ਪਿੰਡ ਧਰਮਸ਼ਾਲਾ ਤੋਂ ਬਿਨਾਂ ਪਏ ਹਨ ਅਰ ਕਈ ਥਾਈਂ ਧਰਮਸ਼ਾਲਾ ਪਿੰਡ ਦੀ ਸੱਥ ਬਣ ਗਈ ਹੈ। ਜੇ ਕਿਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਤਾਂ ਗ੍ਰੰਥੀ ਬਾਣੀ ਦੇ ਅਰਥਾਂ ਤੋਂ ਅਗਯਾਤ ਹੈ। ਅਥਵਾ ਅੰਨਯਮਤੀਆਂ ਦਾ ਏਜੰਟ ਬਣ ਕੇ ਸਿੱਖੀਓਂ ਪਤਿਤ ਕਰਨ ਲਈ ਯਤਨ ਕਰਦਾ ਹੈ ਅਰ ਕੋਈ ਐਸਾ ਮਤਾਂਧ ਹੋ ਗਿਆ ਹੈ ਕਿ ਆਪਣੇ ਤਾਂਈਂ ਹੀ ਪੂਰਾ ਸਿੱਖ ਮੰਨ ਕੇ ਹੋਰਨਾਂ ਨੂੰ ਤੁੱਛ ਜਾਣ ਕੇ ਅਪਮਾਨ ਕਰਦਾ ਅਰ ਸਿੱਖੀ ਨੂੰ ਤਿਲਾਂਜਲੀ ਦਿਵਾਉਣ ਦਾ ਕਾਰਣ ਬਣਦਾ ਹੈ, ਕੋਈ ਜਾਤਿ ਅਭਿਮਾਨ ਵਿੱਚ ਆ ਕੇ ਆਪਣੇ ਮਨੁੱਖ ਭਾਈਆਂ ਨੂੰ ਅਛੂਤ ਆਖ ਕੇ ਦੁਰਕਾਰਦਾ ਅਤੇ ਸਤਿਗੁਰੂ ਦੇ ਹੁਕਮਾਂ ਦਾ ਅਪਮਾਨ ਕਰਦਾ ਹੈ। " (ਨਾਭਾ, *ਗੁਰੁਮਤ ਮਾਰਤੰਡ (ਭਾਗ ਦੂਜਾ) ਫ਼ੁਟ ਨੋਟ* 605-06)

ਭਾਈ ਕਾਨ੍ਹ ਸਿੰਘ ਨਾਭਾ ਦੀਆਂ ਉਕਤ ਪੰਕਤੀਆਂ ਵਿਚ ਆਏ ਸ਼ਬਦ, "ਮਨੁੱਖ ਮਾਤ੍ਰ ਨੂੰ ਗੁਰੂ ਨਾਨਕ ਦੇਵ ਦੀ ਦਾਤ ਦਾ ਸਾਂਝੀਵਾਲ ਜਾਣੀਏ ਅਰ ਤੰਗ ਖ਼ਯਾਲੀ ਛੱਡ ਕੇ ਸਿੱਖੀ ਦੇ ਅਸਲ ਉਸੂਲ ਸਮਝ ਕੇ ਹਰ ਮਤ ਅਰ ਦੇਸ਼ ਦੇ ਆਦਮੀ ਨੂੰ ਛਾਤੀ ਨਾਲ ਲਾਈਏ" ਅਜੋਕੀ ਸਥਿਤੀ ਵਿਚ ਤਵੱਜੋ ਦੀ ਮੰਗ ਕਰਦੇ ਹਨ। ਭਾਈ ਸਾਹਿਬ ਦੇ ਇਨ੍ਹਾਂ ਸ਼ਬਦਾਂ ਦੇ ਸਨਮੁਖ ਸਾਲ 1995 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬੁਲਾਈ ਗਈ ਵਿਸ਼ਵ ਸਿੱਖ ਕਾਨਫਰੰਸ ਦੌਰਾਨ 'ਸਹਿਜਧਾਰੀ ਸਿੱਖ' ਦੇ ਸਨਮਾਨ ਨਾਲ ਨਿਵਾਜੇ ਗਏ ਸਿੰਧੀ ਸਮਾਜ ਦੇ ਧਾਰਮਿਕ ਆਗੂ ਲਛਮਣ ਚੇਲਾ ਰਾਮ ਦੇ ਵਿਚਾਰ ਵਰਣਨਯੋਗ ਹਨ। ਉਨ੍ਹਾਂ ਦਾ ਕਹਿਣਾ ਹੈ, "ਇਕ ਸਾਜਿਸ਼ ਦੇ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ਵ ਵਿਆਪੀ ਸੰਦੇਸ਼ ਨੂੰ ਵਲਗਣਾ 'ਚ ਕੈਦ ਕੀਤਾ ਜਾ ਰਿਹਾ ਹੈ। ... ... ਇਸ ਧਾਰਮਿਕ ਕੱਟੜਤਾ ਦੇ ਕਾਰਨ ਹੀ ਸਿੰਧੀ ਸਮਾਜ ਦੇ 80 ਫੀਸਦੀ ਲੋਕ ਸਿੱਖ ਧਰਮ ਤੋਂ [257]ਦੂਰ ਜਾ ਚੁੱਕੇ ਹਨ। ਉਨ੍ਹਾਂ ਸਿੱਖ ਧਰਮ ਦੇ ਧਾਰਮਿਕ ਰਾਜਨੀਤਕ ਤੇ ਸਮਾਜਿਕ ਆਗੂਆਂ ਨੂੰ ਅਪੀਲ ਕੀਤੀ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ ਚਲਾਏ ਨਿਰਮਲ ਪੰਥ ਨੂੰ ਏਨਾ ਛੋਟਾ ਨਾ ਕਰੋ ਕਿ ਜੋ ਲੋਕ ਸਿੱਖੀ ਦੇ ਵਡਮੁੱਲੇ ਵਿਰਸੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਹੋਏ ਹਨ। ਇਸ ਨਾਲੋਂ ਟੁੱਟ ਜਾਣ। " (*ਪੰਜਾਬੀ ਜਾਗਰਣ ਰੋਜ਼ਾਨਾ ਮਿਤੀ 18.08.2016* 13) ਗੁਰਮਤਿ ਵਿਚਾਰਧਾਰਾ ਤੋਂ ਮਨੁੱਖ ਦੇ ਦੂਰ ਹੋਣ ਦਾ ਇੱਕ ਕਾਰਨ ਇਹ ਵੀ ਆਖਿਆ ਜਾ ਸਕਦਾ ਹੈ ਕਿ ਮਨੁੱਖ ਜੀਵਨ ਦੇ ਹਰ ਸੁਆਦ ਨੂੰ ਮਾਨਣਾ ਚਾਹੁੰਦਾ ਹੈ। ਭਾਵੇਂ ਧਰਮ ਉਸਨੂੰ ਕੁਝ ਵੀ ਕਹਿੰਦਾ, ਕੁਝ ਵੀ ਸਮਝਾਉਂਦਾ ਰਹੇ, ਮਨੁੱਖ ਆਪਣੀ ਮਰਜ਼ੀ ਹੀ ਕਰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਆਪਣੀ ਪੁਸਤਕ 'ਸ਼ਰਾਬ ਨਿਸ਼ੇਧ' ਵਿਚ ਲਿਖਦੇ ਹਨ, "ਸਾਡੇ ਲਈ ਸਭ ਤੋਂ ਵਧ ਕੇ ਲੱਜਾ ਦੀ ਬਾਤ ਏਹ ਹੈ ਕਿ ਅਸੀਂ ਆਪਣੇ ਪਵਿਤ੍ਰ ਸਿੱਖ ਧਰਮ ਦੇ ਵਿਰੁੱਧ ਇਸ ਕੁਕਰਮ (ਸ਼ਰਾਬ ਨੋਸ਼ੀ) ਵਿਚ ਪ੍ਰਵਿਰਤ ਹੋ ਰਹੇ ਹਾਂ, ਔਰ ਨਿਤ੍ਯ ਗੁਰਮਤ ਦੇ ਪੁਸਤਕਾਂ ਵਿਚੋਂ ਸ਼ਰਾਬ ਦੀ ਬੁਰਿਆਈ ਪੜ੍ਹ ਔਰ ਸੁਣ ਕੇ ਭੀ ਇਸ ਦੁਖਦਾਈ ਵਸਤੂ ਨੂੰ ਨਹੀਂ ਤਯਾਗਦੇ...। " (ਪੰਨਾ-5)

ਸਮੁੱਚੀ ਲੋਕਾਈ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫ਼ਿਲਾਸਫ਼ੀ ਬਾਰੇ ਚਿੰਤਨ ਕਰਨ ਵਾਲੇ ਲੋਕਾਂ ਲਈ ਇਹ ਖ਼ਬਰਾਂ ਦੁੱਖ ਦਾ ਕਾਰਨ ਹੀ ਹਨ ਜਦੋਂ ਸਿੱਖ ਕੌਮ ਆਪਸੀ ਝਗੜਿਆਂ ਦਾ ਸ਼ਿਕਾਰ ਹੋ ਜਾਂਦੀ ਹੈ[258] ਅਤੇ ਸਿੱਖ ਅਤੇ ਸਹਿਜਧਾਰੀ ਸਿੱਖ ਦੇ ਵਿਵਾਦ ਵਿਚ ਉਲਝ ਜਾਂਦੀ ਹੈ। [259]

ਭਾਈ ਕਾਨ੍ਹ ਸਿੰਘ ਨਾਭਾ ਦੇ ਉਕਤ ਕਥਨ, "ਕੋਈ ਐਸਾ ਮਤਾਂਧ ਹੋ ਗਿਆ ਹੈ ਕਿ ਆਪਣੇ ਤਾਂਈਂ ਹੀ ਪੂਰਾ ਸਿੱਖ ਮੰਨ ਕੇ ਹੋਰਨਾਂ ਨੂੰ ਤੁੱਛ ਜਾਣ ਕੇ ਅਪਮਾਨ ਕਰਦਾ ਅਰ ਸਿੱਖੀ ਨੂੰ ਤਿਲਾਂਜਲੀ ਦਿਵਾਉਣ ਦਾ ਕਾਰਣ ਬਣਦਾ ਹੈ...। " ਦੇ ਸਨਮੁਖ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ 'ਦ ਟ੍ਰਿਬਿਊਨ' ਦੇ ਮੁੱਖ ਸੰਪਾਦਕ ਸ੍ਰੀ ਹਰੀਸ਼ ਖਰੇ ਦੁਆਰਾ ਲਿਖੇ ਗਏ ਲੇਖ (ਮਿਤੀ 19.07.2016) ਵਿਚ ਆਈ ਇਹ ਸਤਰ ਬੜੀ ਮਹੱਤਵਪੂਰਨ ਹੈ,"The caste system is still prevalent in Sikhism." ਸਿੱਖ ਸਮਾਜ ਅਜੇ ਵੀ ਜਾਤਾਂ-ਗੋਤਾਂ ਦੇ ਮਸਲਿਆਂ ਵਿੱਚੋਂ ਨਿੱਕਲ ਨਹੀਂ ਸਕਿਆ। ਇਸੇ ਕਾਰਨ ਹੀ ਜਾਤਾਂ-ਗੋਤਾਂ ਦੇ ਆਧਾਰ 'ਤੇ ਗੁਰਦੁਆਰੇ ਉਸਰ ਰਹੇ ਹਨ। ਮਹੀਨਾਵਾਰ 'ਗੁਰਮਤਿ ਪ੍ਰਕਾਸ਼' (ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ) ਦੇ ਫ਼ਰਵਰੀ 1999 ਅੰਕ ਵਿਚ ਚਰਨ ਸਿੰਘ ਚੰਨ ਆਪਣੀ ਹੱਡ-ਬੀਤੀ ਲਿਖਦੇ ਹਨ ਕਿ ਜਦੋਂ ਉਨ੍ਹਾਂ ਦਾ ਦੋਸਤ ਪਰਗਣ ਸਿੰਘ (ਜੋ ਅਖੌਤੀ ਉੱਚ ਜਾਤੀ ਦੀ ਸਿੱਖ ਔਰਤ ਦਾ ਪੁੱਤਰ ਸੀ) ਇਨ੍ਹਾਂ (ਅਖੌਤੀ ਨੀਵੀਂ ਜਾਤੀ ਵਾਲਿਆਂ) ਨਾਲ ਵਰਤੋਂ-ਵਿਹਾਰ ਰੱਖਦਾ ਸੀ ਤਾਂ ਉਸਦੀ ਮਾਂ ਖਿਝਦੀ ਸੀ। "ਪਰਗਣ ਸਿੰਘ ਨੂੰ ਆਪਣੀ ਮਾਂ ਦੀਆਂ ਇਨ੍ਹਾਂ ਹਰਕਤਾਂ ਤੋਂ ਕਾਫੀ ਨਫ਼ਰਤ ਸੀ। ਉਸ ਨੇ ਬਹੁਤ ਵਾਰੀ ਆਪਣੀ ਮਾਂ ਨੂੰ ਸਮਝਾਇਆ ਸੀ ਕਿ ਚਾਚੀ, (ਉਹ ਆਪਣੀ ਮਾਂ ਨੂੰ ਚਾਚੀ ਕਹਿੰਦਾ ਸੀ) ਪਰਮਾਤਮਾ ਦੇ ਬੰਦੇ ਸਭ ਇੱਕੋ ਜਿਹੇ ਹੁੰਦੇ ਨੇ। ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ। ਗੁਰੂ ਸਾਹਿਬ ਨੇ ਸੰਗਤ ਅਤੇ ਪੰਗਤ ਦੀ ਰਸਮ ਏਸੇ ਲਈ ਚਲਾਈ ਹੈ; ਇਕੋ ਬਾਟੇ ਵਿੱਚ ਅੰਮ੍ਰਿਤ ਛਕਾਇਆ ਹੈ। ਊਚ ਨੀਚ ਦੇ ਕੋਹੜ ਨੂੰ ਦੂਰ ਕਰਨ ਲਈ। ਪਰ ਨਰੈਣ ਕੌਰ ਪਤਾ ਨਹੀਂ ਕਿਸ ਮਿੱਟੀ ਦੀ ਬਣੀ ਸੀ? ਉਹ ਅੱਗੋਂ ਅੱਗ ਬਬੂਲਾ ਹੋ ਕੇ ਕਹਿੰਦੀ "ਤੁਮ ਹਮਕੋ ਜੰਮ ਕਰ ਕੇ... ... ਹਮ ਕੋ ਮਤ ਦੇਵੇਂ... ...? ਮਗ੍ਰਾਜ ਨੇ... ... ਜੱਟ... ... ਬਨਾਇਆ... ... ਹਰੀਜਨ... ... ਬਨਾਇਆ ਕਾਏ ਕੋ ਬਨਾਇਆ ਰੇ? ... ... ਹਰੀਜਨ... ... ਇਸੀ ਕੋ ਬਨਾਇਆ ਕਿ ਇਹ ਹਮਕਾ... ... ਕਾਮ ਕਰੇਗਾ... ... ਪਰ ... ... ਇਨਕਾ ਛੂਹੇਗਾ ਨਹੀਂ... ... ਇਨਕਾ ਛੂਨੇ ਸੇ... ... ਹਮ ਭਿੱਟ ਜਾਤ। ਜੇ ਹਮ ਨੇ ਨਹੀਂ ਬਨਾਇਆ, ... ... ਮਗ੍ਰਾਜ ਨੇ ਬਨਾਇਆ। " ਪਰਗਣ ਸਿੰਘ ਆਪਣੀ ਮਾਂ ਨੂੰ ਸਮਝਾ-ਸਮਝਾ ਕੇ ਅੱਕ ਜਾਂਦਾ। ਪਰ ਕਦੀ ਵੀ ਉਸ ਦੇ ਦਿਮਾਗ਼ ਵਿੱਚ ਕੋਈ ਗੱਲ ਨਾ ਪੈਂਦੀ। " (ਪੰਨਾ-71)

ਡਾ. ਸੁਤਿੰਦਰ ਸਿੰਘ ਨੂਰ ਦੇ ਇਹ ਸ਼ਬਦ ਵੀ ਉਕਤ ਪਰਿਪੇਖ ਵਿਚ ਬੜੇ ਢੁਕਵੇਂ ਹਨ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਸ ਵਿਸ਼ਵ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਦੀ ਲੋੜ ਹੈ, ਜੋ ਸਮੁੱਚੇ ਮਨੁੱਖ ਲਈ ਭਵਿੱਖਮੁਖੀ ਰਾਹ ਲਈ ਬੈਠੀ ਹੈ। " (*ਇਤੁ ਬਿਧੁ ਪੜੀਐ* 60)

ਇੱਕ ਹੋਰ ਵਿਚਾਰ ਬਾਣੀਕਾਰਾਂ ਦੀ ਵਿਚਾਰਧਾਰਾ ਨੂੰ ਜਿਉ ਕੇ ਹੋਰਾਂ ਲਈ ਪ੍ਰੇਰਨਾ ਸਰੋਤ ਬਣਨ ਦਾ ਹੈ। "ਤੁਸੀਂ ਹਜ਼ਾਰ ਵਾਰ ਉਪਦੇਸ਼ ਦਿਓ, ਪ੍ਰੇਰਨਾ ਨਹੀਂ ਜਾਗ ਸਕਦੀ ਅਤੇ ਇਕ ਘਟਨਾ ਮਨ ਵਿਚ ਪ੍ਰੇਰਨਾ ਭਰ ਦਿੰਦੀ ਹੈ। ਜਿੰਨੇ ਵੀ ਮਹਾਨ ਪੁਰਸ਼ ਹੋਏ ਹਨ, ਉਨ੍ਹਾਂ ਦੀਆਂ ਜੀਵਨੀਆਂ ਪੜ੍ਹਨ 'ਤੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਆਦਰਸ਼ ਦਾ ਸਿਰਫ ਉਪਦੇਸ਼ ਹੀ ਨਹੀਂ ਦਿੱਤਾ, ਸਗੋਂ ਉਸ ਨੂੰ ਜੀਅ ਕੇ ਵੀ ਦਿਖਾਇਆ। ਉਪਦੇਸ਼ ਉਹੀ ਸਫਲ ਤੇ ਕੀਮਤੀ ਹੁੰਦਾ ਹੈ ਜੋ ਪਹਿਲਾਂ ਜੀਵਿਆ ਜਾਂਦਾ ਹੈ, ਫਿਰ ਕਿਹਾ ਜਾਂਦਾ ਹੈ। " (*ਜਗ ਬਾਣੀ ਰੋਜ਼ਾਨਾ ਮਿਤੀ 28.03.2016* 15) "What we plant in the soil of contemplation, we shall reap in the

harvest of action.” (*Meister Eckhart, ‘Thought for the Day’, The Tribune’ Daily Dtd. 18.08.2014*
7) ਗੁਰੂ ਅੰਗਦ ਦੇਵ ਜੀ ਦਾ ਕਥਨ ਵੀ ਹੈ ਕਿ ਮਨੁੱਖ ਦਾ ਕੀਤਾ ਹੋਇਆ ਉਹੀ ਕੰਮ ਸਫ਼ਲ ਹੁੰਦਾ ਹੈ, ਜਿਹੜਾ ਉਹ ਦਿਲ ਤੋਂ ਕਰਦਾ ਹੈ। ਬਾਕੀ ਤਾਂ ਸਭ ਮੂੰਹ ਦੀਆਂ ਹੀ ਗੱਲਾਂ ਹੁੰਦੀਆਂ ਹਨ, ਜੋ ਹਵਾ ਵਿਚ ਹੀ ਇੱਧਰ-ਉੱਧਰ ਉੱਡ-ਪੁੱਡ ਜਾਂਦੀਆਂ ਹਨ:

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥ (ਮ:੨,*ਸ੍ਰੀ ਗੁਰੂ ਗ੍ਰੰਥ ਸਾਹਿਬ* 474)

ਉਕਤ ਚਰਚਾ ਤੋਂ ਬਿਨਾ ਹੇਠਾਂ ਦਿੱਤੀ ਜਾ ਰਹੀ ਪ੍ਰਸ਼ਨ ਪੱਤ੍ਰਿਕਾ ਦੇ ਆਧਾਰ 'ਤੇ ਵੱਖ-ਵੱਖ ਵਿਦਵਾਨਾਂ ਅਤੇ ਸਨਮਾਨਿਤ ਸ਼ਖ਼ਸੀਅਤਾਂ ਦੇ ਵਿਚਾਰ ਲਏ ਗਏ ਹਨ, ਜਿਨ੍ਹਾਂ ਦਾ ਵੇਰਵਾ ਅੱਗੇ ਦਿੱਤਾ ਜਾ ਰਿਹਾ ਹੈ:

## 2.11 ਖੋਜ-ਕਾਰਜ ਸਬੰਧੀ ਪ੍ਰਸ਼ਨ-ਪਤ੍ਰਿਕਾ

ਅਤਿ ਸਤਿਕਾਰਯੋਗ ... ... ...।

ਮੈਂ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ ਤੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ: ਵਿਚਾਰਧਾਰਾਈ ਪਰਿਪੇਖ' ਵਿਸ਼ੇ 'ਤੇ ਪੀਐੱਚ.ਡੀ. ਕੋਰਸ ਲਈ ਖੋਜਾਰਥੀ ਹਾਂ। ਇਸ ਵਿਸ਼ੇ ਵਿਚ ਆਪ ਜੀ ਦੀ ਵਿਸ਼ੇਸ਼ ਮੁਹਾਰਤ ਨੂੰ ਮੁੱਖ ਰੱਖਦੇ ਹੋਏ ਖੋਜ-ਕਾਰਜ ਵਿਚ ਆਪ ਜੀ ਦੀ ਕੀਰਤੀਮਾਨ ਰਾਇ ਸ਼ਾਮਲ ਕਰਨ ਹਿਤ ਇਹ ਪ੍ਰਸ਼ਨ-ਪਤ੍ਰਿਕਾ ਮੈਂ ਆਪ ਜੀ ਦੀ ਸੇਵਾ ਵਿਚ ਭੇਜ ਰਿਹਾ ਹਾਂ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਆਪ ਜੀ ਇਸ ਪ੍ਰਸ਼ਨ-ਪਤ੍ਰਿਕਾ ਦੇ ਸੁਆਲਾਂ ਬਾਰੇ ਆਪਣੀ ਅਨਮੋਲ ਰਾਇ ਦੇ ਕੇ ਮੈਨੂੰ ਕਿਰਤਾਰਥ ਕਰੋਗੇ।

ਉਡੀਕ ਵਿਚ,

ਨਾਮ .........

**ਸਾਰੇ ਜਾਣਦੇ ਹਨ ਕਿ ਸਿੱਖ ਗੁਰੂ-ਸਾਹਿਬਾਨ ਨੇ ਸਮਕਾਲੀ ਸਮਾਜਿਕ ਅਤੇ ਧਾਰਮਿਕ ਕੁ-ਪ੍ਰਥਾਵਾਂ ਨੂੰ ਨਾ ਸਿਰਫ਼ ਨਕਾਰਿਆ ਬਲਕਿ ਉਨ੍ਹਾਂ ਦਾ ਢੁਕਵਾਂ ਅਤੇ ਅਸਰਦਾਰ ਬਦਲ ਵੀ ਪੇਸ਼ ਕੀਤਾ। ਗੁਰੂ ਸਾਹਿਬਾਨ ਨੇ ਲੋਕਾਈ ਨੂੰ ਕੂੜ-ਪਾਖੰਡ ਛੱਡ ਕੇ ਧਰਮ ਦੇ ਅਸਲ ਅਰਥ ਆਤਮਸਾਤ ਕਰਨ ਦਾ ਸੰਦੇਸ਼ ਦਿੱਤਾ:**

**ਗੁਰੂ ਜੀ ਨੇ ਸੂਤਕ ਭਰਮਾਂ ਤੋਂ ਲੋਕਾਈ ਨੂੰ ਵਰਜਿਆ:**

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ (ਮ:੧, ਪੰਨਾ-472)

**ਗੁਰੂ ਜੀ ਨੇ ਸੁੱਚ-ਭਿੱਟ ਨੂੰ ਨਕਾਰਿਆ:**

ਸੁਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੁਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥ (ਮ:੧, ਪੰਨਾ-472)

**ਗੁਰੂ ਜੀ ਨੇ ਬਾਹਰੀ ਕਰਮ-ਕਾਂਡਾਂ ਦੀ ਨਿਖੇਧੀ ਕੀਤੀ:**

ਨਾਇ ਮੰਨੀਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥ (ਮ:੧,ਪੰਨਾ-471)

ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ॥ (ਮਹਲਾ ੩,ਪੰਨਾ-509)

ਅਠਸਠਿ ਤੀਰਥ ਨਾਮ ਪ੍ਰਭ (ਮਹਲਾ ੫, ਪੰਨਾ-518)

ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ॥ (ਮਹਲਾ ੩, ਪੰਨਾ-553)

**ਮੂਰਤੀ-ਪੂਜਾ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ:**

ਅੰਧੇ ਗੁੰਗੇ ਅੰਧ ਅੰਧਾਰੁ॥
ਪਾਥਰੁ ਲੇ ਪੂਜਹਿ ਗਵਾਰ॥
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥ (ਮ:੧, ਪੰਨਾ-556)

ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ॥
ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ॥ (ਮ:੧, ਪੰਨਾ-791)

**ਭੇਖ:**

ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ॥
ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ॥ (ਮਹਲਾ ੩, ਪੰਨਾ-587)

**ਰਿਧ-ਸਿਧ:**

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥ (ਮਹਲਾ ੩, 587)

**ਸੱਚੀ ਜੀਵਨ-ਜੁਗਤਿ:**

ਨ ਭੀਜੈ ਰਾਗੀ ਨਾਦੀ ਬੇਦਿ॥
ਨ ਭੀਜੈ ਸੋਗੀ ਕੀਤੈ ਰੋਜਿ॥
ਨ ਭੀਜੈ ਰੂਪੰੀ ਮਾਲੰੀ ਰੰਗਿ॥
ਨ ਭੀਜੈ ਤੀਰਥਿ ਭਵਿਐ ਨੰਗਿ॥
ਨ ਭੀਜੈ ਦਾਤੰੀ ਕੀਤੈ ਪੁੰਨਿ॥
ਨ ਭੀਜੈ ਬਾਹਰਿ ਬੈਠਿਆ ਸੁੰਨਿ॥
ਨ ਭੀਜੈ ਭੇੜਿ ਮਰਹਿ ਭਿੜਿ ਸੂਰ॥
ਨ ਭੀਜੈ ਕੇਤੇ ਹੋਵਹਿ ਧੂੜ॥ (ਮਹਲਾ ੧,ਪੰਨਾ-1237)

**ਬਲਕਿ:**

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪ੍ਰਧਾਨ॥ (ਮ:੧, ਪੰਨਾ-1245)

**ਪ੍ਰ. ਗੁਰੂ-ਸਾਹਿਬਾਨ ਨੇ ਜਦੋਂ ਸਾਰਾ ਕੁਝ, ਏਨੇ ਸਪਸ਼ਟ ਸ਼ਬਦਾਂ ਵਿਚ, ਲਿਖਤੀ ਤੌਰ 'ਤੇ ਮੁਹੱਈਆ ਕੀਤਾ ਹੈ ਤਾਂ ਫਿਰ ਵੀ ਇਨ੍ਹਾਂ ਵਿਚਾਰਾਂ ਨੂੰ ਲੋਕਾਈ ਆਤਮਸਾਤ ਕਿਉਂ ਨਹੀਂ ਕਰ ਰਹੀ?**

ਇਸ ਉਕਤ ਪ੍ਰਸ਼ਨ ਨੂੰ ਮੁੱਖ ਰੱਖ ਕੇ ਹੇਠ ਲਿਖੇ ਅਨੁਸਾਰ ਵੱਖ-ਵੱਖ ਵਿਦਵਾਨਾਂ ਅਤੇ ਸਨਮਾਨਿਤ ਸ਼ਖ਼ਸੀਅਤਾਂ ਦੇ ਵਿਚਾਰ ਪ੍ਰਾਪਤ ਹੋਏ:

### 2.11.1 ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ, ਸਾਬਕਾ ਜਥੇਦਾਰ[260] ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ:

ਗੁਰੂ ਸਾਹਿਬਾਨ ਨੇ ਤਾਂ ਸਾਨੂੰ ਜੀਵਨ-ਮਾਰਗ ਦਰਸਾਇਆ ਹੈ ਪਰ ਲੋਭ-ਲਾਲਚ ਲੋਕਾਈ ਦੇ ਮਨਾਂ 'ਤੇ ਏਨਾ ਭਾਰੂ ਹੈ ਕਿ ਇਹ ਜੀਵਨ-ਮਾਰਗ ਅਪਨਾਉਣਾ ਨਹੀਂ ਚਾਹੁੰਦੇ। ਇਸੇ ਕਰਕੇ ਲੋਕਾਈ ਗੁਰੂ ਸਾਹਿਬਾਨ ਦੁਆਰਾ ਦਰਸਾਏ ਹੋਏ ਜੀਵਨ-ਮਾਰਗ ਨੂੰ ਅਪਣਾਅ ਨਹੀਂ ਰਹੀ ਤੇ ਉਸ 'ਤੇ ਅਮਲ ਨਹੀਂ ਕਰ ਰਹੀ।

### 2.11.2 ਸੰਤ ਬਲਬੀਰ ਸਿੰਘ ਜੀ ਸੀਚੇਵਾਲ[261]:

ੳ. ਸਾਡੇ ਪਰਚਾਰ ਵਿਚ ਕਿਤੇ ਕਮੀ ਰਹੀ। ਅਸੀਂ ਸਮਾਜ ਨੂੰ ਇਸ ਫ਼ਿਲਾਸਫ਼ੀ ਦੀ ਮਹੱਤਤਾ ਨਹੀਂ ਸਮਝਾ ਸਕੇ।

ਅ. ਸਾਡੀ ਧਾਰਮਿਕ ਕੱਟੜਤਾ ਨੇ ਲੋਕਾਂ ਨੂੰ ਸਾਡੇ ਨੇੜੇ ਨਹੀਂ ਆਉਣ ਦਿੱਤਾ। ਅਸੀਂ ਗੁਰਮਤਿ ਫ਼ਿਲਾਸਫ਼ੀ ਦੀ ਗੱਲ ਨਾ ਕਰ ਕੇ ਹੋਰ-ਹੋਰ ਝਗੜਿਆਂ ਵਿਚ ਫਸੇ ਹੋਏ ਹਾਂ।

ੲ. ਗੁਰਮਤਿ ਫ਼ਿਲਾਸਫ਼ੀ, ਅਸੀਂ ਦੂਜਿਆਂ ਨੂੰ ਤਾਂ ਸਮਝਾਉਂਦੇ ਹਾਂ ਪਰ ਖ਼ੁਦ ਨਹੀਂ ਅਪਣਾਅ ਰਹੇ। ਜਦੋਂ ਕੋਈ ਆਪ ਨਾ ਅਪਨਾਉਣ ਵਾਲਾ ਹੋਰਾਂ ਨੂੰ ਸਿੱਖਿਆ ਦੇਵੇਗਾ ਤਾਂ ਉਸਦਾ ਕਿੰਨਾ ਕੁ ਅਸਰ ਦੂਜੇ 'ਤੇ ਹੋਵੇਗਾ? ਜੇਕਰ ਪਰਚਾਰਕ ਲੋਕ ਪਹਿਲਾਂ ਆਪ ਹੀ ਅਪਣਾਅ ਲੈਣ ਤਾਂ ਗੱਲ ਹੋਰ ਹੋ ਜਾਵੇ।

ਸ. ਜਿਨ੍ਹਾਂ ਨੇ ਗੁਰਬਾਣੀ ਸਿੱਖਿਆ ਨੂੰ ਆਪਣੇ ਜੀਵਨ ਵਿਚ ਧਾਰਨ ਕੀਤਾ ਹੈ, ਜਿਨ੍ਹਾਂ ਦੇ ਕਹੇ ਦਾ ਸਮਾਜ 'ਤੇ ਅਸਰ ਹੋ ਸਕਦਾ ਹੈ, ਅਤੇ ਜਿਹੜੇ ਸਮਾਜ ਨੂੰ ਸਮਝਾਉਣ ਦੇ ਸਮਰੱਥ ਹਨ, ਉਨ੍ਹਾਂ ਨੂੰ ਅਸੀਂ 'ਭੇਖੀ' ਕਹਿ ਕੇ ਨਿੰਦਦੇ ਹਾਂ। ਅਸੀਂ ਉਨ੍ਹਾਂ ਦਾ ਵਿਰੋਧ ਕਰਦੇ ਹਾਂ। ਇਸ ਰੌਲ਼ੇ-ਰੱਪੇ ਵਿਚ ਸਹੀ ਗੱਲ ਸਮਾਜ ਤੱਕ ਨਹੀਂ ਪਹੁੰਚ ਰਹੀ।

### 2.11.3 ਸੰਤ ਦਿਲਾਵਰ ਸਿੰਘ ਜੀ ਬ੍ਰਹਮ, ਚਾਂਸਲਰ[262] ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲ੍ਹਾ (ਜਲੰਧਰ):

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫ਼ਿਲਾਸਫ਼ੀ ਦੂਜਿਆਂ ਨੂੰ ਸਮਝਾਉਣ ਵਾਲਿਆਂ ਦਾ ਆਪਣਾ ਜੀਵਨ ਆਦਰਸ਼ਕ ਨਹੀਂ ਬਣ ਸਕਿਆ। ਸਾਡੀ ਸਥਿਤੀ "ਅਵਰ ਉਪਦੇਸੈ ਆਪਿ ਨ ਕਰੈ॥" ਵਾਲੀ ਬਣੀ ਹੋਈ ਹੈ। ਹੋਰਾਂ ਨੂੰ ਇਹ ਫ਼ਿਲਾਸਫ਼ੀ ਅਪਨਾਉਣ ਦੀ ਸਿੱਖਿਆ ਦੇਣ ਵਾਲੇ ਆਪ ਇਸਨੂੰ ਅਪਨਾਉਣ ਤੋਂ ਦੂਰ ਹਨ। ਉਹ ਹੋਰਾਂ ਨੂੰ ਤਾਂ ਗੁੜ ਨਾ ਖਾਣ ਦੀ ਸਲਾਹ ਦਿੰਦੇ ਹਨ ਪਰ ਆਪ ਖਾਂਦੇ ਨਹੀਂ। ਅਜਿਹੇ ਵਿਚ ਉਨ੍ਹਾਂ ਦੇ ਆਖੇ ਦਾ ਕੀ ਅਸਰ ਹੋ ਸਕਦਾ ਹੈ? ਆਪਣਾ ਜੀਵਨ ਸਾਧਣ ਵਾਲੇ ਮਹਾਂਪੁਰਖ ਪਹਿਲਾਂ ਆਪ

ਗੁਰੂ ਸਾਹਿਬਾਨਾਂ ਦੀ ਸਿੱਖਿਆ ਨੂੰ ਆਪਣੇ ਜੀਵਨ ਵਿਚ ਢਾਲਦੇ ਹਨ ਫਿਰ ਦੂਜਿਆਂ ਨੂੰ ਸਮਝਾਉਂਦੇ ਹਨ, ਤਾਂ ਦੁਨੀਆਂ ਉਨ੍ਹਾਂ ਦੇ ਆਖੇ ਨੂੰ ਮੰਨਦੀ ਹੈ। ਉਹ ਪਹਿਲਾਂ ਆਪਣੇ-ਆਪ 'ਤੇ ਲਾਗੂ ਕਰਦੇ ਹਨ। ਇਹ (ਦੂਜਿਆਂ ਨੂੰ ਸਿੱਖਿਆ ਦੇਣ ਵਾਲੇ) ਸਿਰਫ਼ ਦੂਜਿਆਂ ਨੂੰ ਹੀ ਸਮਝਾਉਂਦੇ ਹਨ, ਇਸ ਕਰਕੇ ਅਸਰ ਨਹੀਂ ਹੋ ਰਿਹਾ। ਬਹੁ-ਗਿਣਤੀ ਦੂਜਿਆਂ ਨੂੰ ਸਮਝਾਉਣ ਵਾਲਿਆਂ ਦੀ ਹੀ ਹੈ।

**2.11.4 ਡਾ.ਰਤਨ ਸਿੰਘ ਜੱਗੀ, ਪ੍ਰੋ. ਅਤੇ ਮੁਖੀ (ਰਿਟਾਇਰਡ)[263] ਲਿਟਰੇਰੀ ਸਟੱਡੀਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ:**

ਗੁਰਮਤਿ ਦੀ ਬਹੁਤੀ ਟੀਕਾਕਾਰੀ ਪੰਜਾਬੀ ਭਾਸ਼ਾ ਵਿਚ ਹੀ ਹੈ, ਜਿਹੜੀ ਇੱਕ ਖ਼ਾਸ ਖਿੱਤੇ ਦੇ ਲੋਕਾਂ ਅਤੇ ਵਿਸ਼ਵਾਸੀਆਂ ਤੱਕ ਹੀ ਸੀਮਤ ਹੈ। ਵੱਡੇ ਪੱਧਰ 'ਤੇ ਇਸਦੇ ਪਰਚਾਰ ਦੀ ਲੋੜ ਹੈ, ਜਿਸ ਲਈ ਟੀਕਾਕਾਰੀ ਦਾ ਕੰਮ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਹੋਣਾ ਚਾਹੀਦਾ ਹੈ। ਪਹਿਲਾ ਤਾਂ ਅੰਗਰੇਜ਼ੀ ਵਿਚ ਇਹ ਕੰਮ ਕੀਤਾ ਨਹੀਂ ਗਿਆ, ਜੇਕਰ ਥੋੜ੍ਹਾ-ਬਹੁਤਾ ਹੈ ਵੀ, ਉਹ ਵੀ ਏਧਰੋਂ-ਓਧਰੋਂ ਪੜ੍ਹ ਕੇ ਕਰ ਦਿੱਤਾ ਗਿਆ ਹੈ ਜਿਸ ਵਿਚ ਗੁਰਮਤਿ ਦੀ ਮੂਲ ਸਮਝ ਕਿਧਰੇ ਵੀ ਨਹੀਂ, ਜਿਸ ਕਾਰਨ ਗੁਰਮਤਿ ਦੀ ਫ਼ਿਲਾਸਫ਼ੀ ਲੋਕਾਂ ਤੱਕ ਪਹੁੰਚ ਨਹੀਂ ਸਕੀ। ਹਿੰਦੀ ਭਾਸ਼ਾ ਵਿਚ ਜੇਕਰ ਥੋੜ੍ਹਾ-ਬਹੁਤ ਕੰਮ ਹੋਇਆ ਹੈ ਤਾਂ ਉਸ ਵਿਚ ਵੀ ਟੀਕਾਕਾਰਾਂ ਨੇ ਗੁਰਬਾਣੀ ਵਿਆਖਿਆ ਦਾ ਆਧਾਰ ਆਪਣੇ ਵਿਚਾਰਾਂ ਨੂੰ ਹੀ ਬਣਾਇਆ ਹੈ ਭਾਵ ਗੁਰਬਾਣੀ-ਦਰਸ਼ਨ ਉਨ੍ਹਾਂ ਵਿਚ ਵੀ ਬਹੁਤਾ ਨਹੀਂ। ਹਿੰਦੀ ਦੇ ਟੀਕਾਕਾਰਾਂ ਵੱਲੋਂ ਇਹ ਕਾਹਲ਼ੀ ਵਿਚ ਕੀਤੇ ਗਏ ਕੰਮ ਹਨ। ਗੁਰਬਾਣੀ ਦੀ ਵਿਆਖਿਆ ਵਿਸ਼ਾਲ ਗਿਆਨ ਦੀ ਮੰਗ ਕਰਦੀ ਹੈ। ਗੁਰਬਾਣੀ ਵਿਆਖਿਆ ਲਈ ਉਸ ਕਾਲ ਦੀਆਂ ਵੱਖ-ਵੱਖ ਲਹਿਰਾਂ, ਪਿਛੋਕੜ, ਵੱਖ-ਵੱਖ ਖੇਤਰਾਂ ਦੀਆਂ ਭਾਸ਼ਾਵਾਂ, ਨਾਥ ਮੱਤ ਅਤੇ ਸੂਫ਼ੀ ਮੱਤ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਇਹ ਕੰਮ ਬੜੀ ਮਿਹਨਤ ਦੀ ਮੰਗ ਕਰਦਾ ਹੈ ਅਤੇ ਉਸ ਕੀਤੀ ਹੋਈ ਮਿਹਨਤ ਨੂੰ ਲੋਕਾਂ ਤੱਕ ਪਹੁੰਚਾਏ ਜਾਣ ਦੀ ਲੋੜ ਹੁੰਦੀ ਹੈ। ਗੁਰਮਤਿ ਦੀ ਵਿਆਖਿਆ ਲੋਕਾਂ ਤੱਕ ਪਹੁੰਚਾਈ ਜਾਣੀ ਯਕੀਨੀ ਹੋਣੀ ਚਾਹੀਦੀ ਹੈ ਅਤੇ ਉਹ ਵੀ ਸਰਲ ਢੰਗ ਨਾਲ, ਤਾਂ ਹੀ ਲੋਕਾਂ ਤੱਕ ਇਹ ਸੰਦੇਸ਼ ਪਹੁੰਚ ਸਕਦਾ ਹੈ ਤੇ ਲੋਕਾਂ ਨੂੰ ਇਸ ਦਰਸ਼ਨ ਦੀ ਪ੍ਰਸੰਗਿਕਤਾ ਦਾ ਗਿਆਨ ਹੋ ਸਕਦਾ ਹੈ।

**2.11.5 ਡਾ.ਜਗਬੀਰ ਸਿੰਘ, ਪ੍ਰੋ. ਅਤੇ ਮੁਖੀ (ਰਿਟਾਇਰਡ)[264] ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ:**

ਗੁਰੂ ਸਾਹਿਬਾਨ ਅਤੇ ਬਾਕੀ ਬਾਣੀਕਾਰਾਂ ਦਾ ਪ੍ਰਵਚਨ ਤਤਕਾਲੀ ਹਾਲਾਤਾਂ ਨੂੰ ਮੁਖ਼ਾਤਬ ਸੀ। ਉਸ ਯੁੱਗ ਅਤੇ ਅਜੋਕੇ ਯੁੱਗ ਦੀਆਂ ਪ੍ਰਸਥਿਤੀਆਂ ਵਿਚ ਬੜਾ ਅੰਤਰ ਹੈ ਪਰ ਉਨ੍ਹਾਂ ਦਾ ਦਰਸਾਇਆ ਮਾਰਗ ਅੱਜ ਵੀ ਓਨਾ ਹੀ ਢੁਕਵਾਂ ਹੈ, ਜਿੰਨਾ ਓਦੋਂ ਸੀ। ਉਨ੍ਹਾਂ ਦੇ ਦਰਸ਼ਨ ਦੀ ਅਜੋਕੀ ਪ੍ਰਸੰਗਿਕਤਾ ਨੂੰ ਸਿੱਧ ਕਰਨਾ ਵਿਦਵਾਨ, ਚਿੰਤਕਾਂ ਦੀ ਜ਼ਿੰਮੇਵਾਰੀ ਸੀ ਜਿਸ ਨੂੰ ਇਹ ਤਬਕਾ ਪੂਰੀ ਤਰ੍ਹਾਂ ਨਿਭਾ ਨਹੀਂ ਸਕਿਆ। ਇਸ ਕਰਕੇ ਇਹ ਦਰਸ਼ਨ ਸਮੁੱਚੀ ਮਾਨਵਤਾ ਦੇ ਸਾਹਮਣੇ ਆ ਨਹੀਂ ਸਕਿਆ।

**2.11.6 ਡਾ. ਜਸਪਾਲ ਕੌਰ ਕਾਂਗ, ਚੇਅਰਪਰਸਨ[265] ਗੁਰੂ ਨਾਨਕ ਸਿੱਖ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ:**

ਬਾਣੀਕਾਰਾਂ ਨੇ ਸਮਾਜ ਨੂੰ ਸੁਚੱਜੇ ਸਿਧਾਂਤ ਮੁਹੱਈਆ ਕਰਵਾਏ ਹਨ। ਮਨੁੱਖ ਇਹ ਵੀ ਜਾਣਦਾ ਹੈ ਕਿ ਜੇਕਰ ਉਹ ਉਨ੍ਹਾਂ ਸਿੱਧਾਂਤਾਂ ਨੂੰ ਅਪਣਾਅ ਲਵੇ ਤਾਂ ਸਾਰਿਆਂ ਦਾ ਭਲਾ ਹੋ ਸਕਦਾ ਹੈ ਪਰ ਮਨੁੱਖ ਦਾ ਮਨ ਪਲ-ਪਲ 'ਤੇ ਡੋਲਦਾ ਹੈ। ਮਨੁੱਖ ਦਾ ਮਨ ਸੰਸਾਰਿਕ ਚਕਾਚੌਂਧ ਮਾਨਣਾ ਚਾਹੁੰਦਾ ਹੈ ਅਤੇ ਵੱਧ ਤੋਂ ਵੱਧ ਸੁੱਖ ਪ੍ਰਾਪਤ ਕਰਨਾ ਚਾਹੁੰਦਾ ਹੈ ਭਾਵੇਂ ਉਹਦੇ ਕੋਲ਼ ਸਾਧਨ ਹੋਣ ਜਾਂ ਨਾ ਹੋਣ। ਆਪਣੀਆਂ ਇਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਫਿਰ ਉਹ ਗ਼ਲਤ ਰਸਤੇ ਅਖ਼ਤਿਆਰ ਕਰਦਾ ਹੈ, ਜਿਸ ਨਾਲ ਭ੍ਰਿਸ਼ਟਾਚਾਰ ਦਾ

ਜਨਮ ਹੁੰਦਾ ਹੈ। ਉਦੋਂ ਬਾਣੀਕਾਰਾਂ ਦੇ ਦਿੱਤੇ ਸਿਧਾਂਤ ਕਿਤੇ ਦੂਰ ਹੀ ਰਹਿ ਜਾਂਦੇ ਹਨ। ਅਜਿਹੇ ਵਿਚ ਉਸਨੂੰ ਲੋਕ-ਭਲਾਈ ਦੇ ਕਿਸੇ ਸਿਧਾਂਤ ਦੀ ਚਿੰਤਾ ਨਹੀਂ ਰਹਿੰਦੀ। ਉਹ ਤਾਂ ਆਪ ਸੁੱਖ ਮਾਨਣਾ ਚਾਹੁੰਦਾ ਹੈ।

**2.11.7 ਡਾ. ਗੁਲਜ਼ਾਰ ਸਿੰਘ ਕੰਗ, ਡਾਇਰੈਕਟਰ[266] ਸੈਂਟਰ ਆੱਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ , ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਸਾਹਿਬ:**

ਵਿਗਿਆਨਕ ਪ੍ਰਾਪਤੀਆਂ ਨੇ ਜਿੱਥੇ ਮਨੁੱਖੀ ਜੀਵਨ ਨੂੰ ਸੁਖਾਲ਼ਾ ਕੀਤਾ ਹੈ, ਓਥੇ ਇਨ੍ਹਾਂ ਪ੍ਰਾਪਤੀਆਂ ਦੀ ਚਕਾਚੌਂਧ ਵਿਚ ਮਨੁੱਖ ਗੁਆਚ ਵੀ ਗਿਆ ਹੈ। ਉਹ ਇਨ੍ਹਾਂ ਪ੍ਰਾਪਤੀਆਂ ਦੇ ਸੁੱਖਾਂ ਨੂੰ ਮਾਨਣਾ ਚਾਹੁੰਦਾ ਹੈ। ਇਨ੍ਹਾਂ ਸੁੱਖਾਂ ਨੂੰ ਮਾਨਣ ਲਈ ਉਸਦਾ ਅਪਣਾਇਆ ਗਿਆ ਰਸਤਾ ਸਹੀ ਹੈ ਜਾਂ ਗ਼ਲਤ, ਉਹ ਇਸ ਗੱਲ ਦੀ ਪਰਵਾਹ ਨਹੀਂ ਕਰਦਾ। ਬਾਣੀਕਾਰਾਂ ਦੁਆਰਾ ਦਿੱਤਾ ਗਿਆ ਮਾੱਡਲ ਅੰਦਰੂਨੀ ਸੁੱਖ ਨਾਲ ਸਬੰਧਤ ਹੈ ਜਦਕਿ ਵਿਗਿਆਨਕ ਪ੍ਰਾਪਤੀਆਂ ਬਾਹਰਲੇ ਸੁੱਖ ਨਾਲ ਸਬੰਧਤ ਹਨ। ਮਨੁੱਖ ਇਨ੍ਹਾਂ ਬਾਹਰੀ ਸੁੱਖਾਂ ਵੱਲ ਛੇਤੀ ਆਕਰਸ਼ਿਤ ਹੋ ਜਾਂਦਾ ਹੈ ਅਤੇ ਆਪਣੇ ਅੰਦਰੋਂ ਸੁੱਖ ਢੂੰਡਣ ਦੀ ਬਜਾਇ ਬਾਹਰੋਂ ਲੱਭਦਾ ਫਿਰਦਾ ਹੈ ਅਤੇ ਅੰਤ ਦੁਖੀ ਹੁੰਦਾ ਹੈ। ਦੁਨਿਆਵੀ ਚਕਾਚੌਂਧ ਦਾ ਆਕਰਸ਼ਣ ਅਤੇ ਇਸਨੂੰ ਮਾਨਣ ਦੀ ਹੋੜ, ਮਨੁੱਖ ਨੂੰ ਲੋਕ-ਭਲਾਈ ਦੀ ਇਸ ਫ਼ਿਲਾਸਫ਼ੀ ਦੇ ਨੇੜੇ ਨਹੀਂ ਹੋਣ ਦੇਂਦੀ। ਦੂਜੀ ਗੱਲ, ਅਸੀਂ ਅਮਲ ਤੋਂ ਕੋਰੇ ਹਾਂ। ਗੱਲਾਂ ਅਸੀਂ ਜ਼ਰੂਰ ਗੁਰਮਤਿ ਫ਼ਿਲਾਸਫ਼ੀ ਦੀਆਂ ਕਰਦੇ ਹਾਂ ਪਰ ਖ਼ੁਦ ਇਸਨੂੰ ਅਮਲ ਵਿਚ ਨਹੀਂ ਲਿਆਉਂਦੇ ਜਿਸ ਕਾਰਨ ਬਾਕੀ ਸਮਾਜ ਸਰਬੱਤ ਦੇ ਭਲੇ ਦੇ ਇਸ ਦਰਸ਼ਨ ਤੋਂ ਦੂਰ ਹੋ ਰਿਹਾ ਹੈ।

**2.11.8 ਡਾ. ਬ੍ਰਹਮਜਗਦੀਸ਼ ਸਿੰਘ, ਮੁਖੀ (ਰਿਟਾਇਰਡ)[267] ਪੰਜਾਬੀ ਵਿਭਾਗ, ਬਰਜਿੰਦਰਾ ਕਾਲਜ ਫਰੀਦਕੋਟ:**

ਜਦੋਂ ਗੁਰਬਾਣੀ ਦੀ ਰਚਨਾ ਹੋਈ ਦੀ ਤਾਂ ਉਸ ਵੇਲ਼ੇ ਜਗੀਰਦਾਰੀ ਨਿਜ਼ਾਮ ਸੀ ਅਤੇ ਤਤਕਾਲੀ ਲੋਕ ਅਧਿਆਤਮਿਕ ਕਦਰਾਂ-ਕੀਮਤਾਂ ਦੇ ਮੁੱਦਈ ਸਨ। ਉਹ ਮੁਕਤੀ ਅਤੇ ਸਹਿਜ ਲੋਚਦੇ ਸਨ। ਅੱਜ ਦਾ ਯੁੱਗ ਪੂੰਜੀਵਾਦੀ ਯੁੱਗ ਹੈ, ਜਿਸ ਵਿਚ ਅਧਿਆਤਮਿਕ ਕਦਰਾਂ-ਕੀਮਤਾਂ ਲਈ ਥਾਂ ਨਹੀਂ ਰਹਿ ਗਈ। ਹਰ ਮਨੁੱਖ ਮੁਨਾਫ਼ਾ ਕਮਾਉਣਾ ਚਾਹੁੰਦਾ ਹੈ ਅਤੇ ਰਿਸ਼ਤੇ ਵੀ ਉਹੀ ਨਿਭਾਏ ਜਾਂਦੇ ਹਨ, ਜਿਨ੍ਹਾਂ ਤੋਂ ਕਿਸੇ ਲਾਭ ਦੀ ਆਸ ਹੋਵੇ। ਗੁਰਬਾਣੀ ਦੀ ਪ੍ਰਸੰਗਿਕਤਾ ਅੱਜ ਵੀ ਹੈ ਪਰ ਵਿਦਵਾਨ, ਵਿਆਖਿਆਕਾਰ ਅਤੇ ਪ੍ਰਚਾਰਕ ਅਜੋਕੇ ਹਾਲਾਤਾਂ ਅਨੁਸਾਰ ਗੁਰਬਾਣੀ ਦੀ ਪ੍ਰਸੰਗਿਕਤਾ ਨੂੰ ਦ੍ਰਿੜ੍ਹਾ ਨਹੀਂ ਸਕੇ। ਉਹ ਲੋਕਾਂ ਨੂੰ ਇਹ ਸਮਝਾ ਨਹੀਂ ਸਕੇ ਕਿ ਗੁਰਬਾਣੀ ਦੇ ਦਰਸ਼ਨ ਦੀ ਮਹੱਤਤਾ ਅੱਜ ਵੀ ਹੈ। ਉਹ ਪੁਰਾਣੀਆਂ ਲੀਹਾਂ ਅਨੁਸਾਰ ਹੀ ਗੁਰਬਾਣੀ ਦੀ ਵਿਆਖਿਆ ਕਰੀ ਜਾ ਰਹੇ ਹਨ ਕਿ ਇਸ ਨਾਲ ਰੱਬ ਮਿਲ ਜਾਂਦਾ ਹੈ, ਸਹਿਜ ਆ ਜਾਂਦਾ ਹੈ, ਆਦਿ। ਜਦਕਿ ਅੱਜ ਦੇ ਮਨੁੱਖ ਦੇ ਜੀਵਨ ਦਾ ਲਕਸ਼ ਇਹ ਚੀਜ਼ਾਂ ਨਹੀਂ ਰਹਿ ਗਈਆਂ। ਇਹੀ ਕਾਰਨ ਹੈ ਕਿ ਅਜੋਕਾ ਮਨੁੱਖ ਗੁਰਬਾਣੀ ਦੇ ਦਰਸ਼ਨ ਨੂੰ ਆਪਣੀ ਜੀਵਨ-ਸ਼ੈਲੀ ਦਾ ਅੰਗ ਨਹੀਂ ਬਣਾ ਰਿਹਾ।

**2.11.9 ਡਾ. ਅਮਰਜੀਤ ਸਿੰਘ, ਮੁਖੀ[268] ਪੰਜਾਬੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਜਲੰਧਰ, ਅਤੇ ਸੰਪਾਦਕ, ਤਿਮਾਹੀ ਮੈਗਜ਼ੀਨ 'ਕਾਵਿ ਸ਼ਾਸਤਰ' (ਆਈ. ਐੱਸ. ਐੱਸ. ਐੱਨ ਨੰਬਰ):**

ਡਾ. ਸਾਹਿਬ ਨੇ ਇਸਦਾ ਮੁੱਖ ਕਾਰਨ ਇਸ ਦਰਸ਼ਨ ਉੱਪਰ ਬੌਧਿਕ ਚਿੰਤਨ ਦੀ ਕਮੀ ਨੂੰ ਮੰਨਿਆ ਹੈ। ਇਸ ਦਰਸ਼ਨ ਉੱਪਰ ਬੌਧਿਕ ਚਿੰਤਨ ਦੀ ਖੜੋਤ ਇਸ ਲੋਕ-ਕਲਿਆਣਕਾਰੀ ਵਿਚਾਰਧਾਰਾ ਨੂੰ ਸਮਾਜ ਤੱਕ ਪਹੁੰਚਣ ਨਹੀਂ ਦੇ ਰਹੀ।

**2.11.10 ਡਾ. ਜਸਪਾਲ ਸਿੰਘ, ਪ੍ਰਿੰਸੀਪਲ[269] ਗੁਰੂ ਨਾਨਕ ਨੈਸ਼ਨਲ ਕਾਲਜ (ਲੜਕੇ) ਨਕੋਦਰ, ਜਲੰਧਰ:**

ਸਿੱਖ ਧਰਮ ਦੇ ਆਦਰਸ਼ ਬੜੇ ਉੱਚੇ ਹਨ। ਕਿਸੇ ਧਰਮ ਦੇ ਆਦਰਸ਼ ਜਿੰਨੇ ਉੱਚੇ ਹੋਣਗੇ, ਉਸ ਧਰਮ ਦੀ ਸਿੱਖਿਆ ਦਾ ਸਮਾਜ ਵਿਚ ਲਾਗੂ ਹੋਣਾ ਓਨਾ ਹੀ ਔਖਾ ਹੁੰਦਾ ਹੈ ਕਿਉਂਕਿ ਮਨੁੱਖ ਦੀ ਪ੍ਰਕਿਰਤੀ ਹਮੇਸ਼ਾ ਹੀ ਬੁਰੇ ਪੱਖ ਪ੍ਰਤਿ ਪ੍ਰਬਲ ਰਹੀ ਹੈ। ਉਹ ਬੁਰੀਆਂ ਗੱਲਾਂ ਨੂੰ ਤਾਂ ਬੜੀ ਜਲਦੀ ਅਪਣਾਉਂਦਾ ਹੈ, ਸਾਧਾਰਣ ਜੀਵਨ-ਜੁਗਤ ਨੂੰ ਵੀ ਅਪਣਾਅ ਸਕਦਾ ਹੈ ਪਰ ਉੱਚੇ ਆਦਰਸ਼ਾਂ ਨੂੰ ਜੀਵਨ ਵਿਚ ਢਾਲਣਾ ਉਸ ਲਈ ਬੜਾ ਔਖਾ ਹੁੰਦਾ ਹੈ। ਹਾਂ, ਕੋਈ ਇੱਕ-ਅੱਧ ਅਜਿਹਾ ਕਰ ਵੀ ਸਕਦਾ ਹੈ ਪਰ ਬਹੁ-ਗਿਣਤੀ ਲਈ ਇਹ ਬੜੀ ਕਠਿਨ ਗੱਲ ਹੁੰਦੀ ਹੈ। ਮਨੁੱਖ ਦਾ ਸੁਭਾਅ, ਪਸ਼ੂਆਂ ਵਾਂਗ, ਦੂਜਿਆਂ 'ਤੇ ਕੰਟ੍ਰੋਲ ਕਰਨ, ਦੂਜੇ ਦੇ ਹੱਥੋਂ ਖੋਹਣ ਦਾ ਰਿਹਾ ਹੈ, ਜਿਹੜਾ ਹੁਣ ਵੀ ਕਾਇਮ ਹੈ। ਇਹ ਮਨੁੱਖ ਦੀ ਸਹਿਜ ਪ੍ਰਕਿਰਤੀ ਹੈ। ਅਜਿਹੇ ਹਾਲਾਤਾਂ ਵਿਚ ਜਦੋਂ ਉਸ ਦੇ ਸਾਹਮਣੇ ਇਤਨੇ ਉੱਚੇ ਆਦਰਸ਼ ਹੋਣ, ਉਨ੍ਹਾਂ ਨੂੰ ਆਤਮਸਾਤ ਕਰਨਾ ਔਖਾ ਹੈ। ਹੁਣ ਦੇਖੋ, ਮਨੁੱਖ ਇਨ੍ਹਾਂ ਸਿੱਧਾਂਤਾਂ ਨੂੰ ਆਤਮਸਾਤ ਤਾਂ ਕਰ ਨਹੀਂ ਸਕਿਆ, ਛੱਡਣਾ ਵੀ ਨਹੀਂ ਚਾਹੁੰਦਾ, ਕਿਉਂਕਿ ਗੁਰੂ ਸਾਹਿਬਾਨ ਨਾਲ ਮਾਨਸਿਕ ਤੌਰ 'ਤੇ ਜੁੜਿਆ ਹੋਇਆ ਹੈ ਪਰ ਮਨੁੱਖ ਨੇ ਸਰਲ ਜਿਹਾ ਰਸਤਾ ਲੱਭ ਲਿਆ ਕਿ ਸਿੱਖ ਬਾਣਾ ਧਾਰਨ ਕਰ ਲਓ ਤੇ ਆਪਣੇ ਆਪ ਨੂੰ ਗੁਰੂ ਸਾਹਿਬਾਨ ਦੇ ਸਿੱਖ ਦਰਸਾ ਲਵੋ, ਅੰਦਰੋਂ ਭਾਵੇਂ ਗੁਰਮਤਿ ਫ਼ਿਲਾਸਫ਼ੀ ਦਾ ਧਾਰਨੀ ਨਾ ਵੀ ਹੋਵੋ। ਗੁਰਮਤਿ ਫ਼ਿਲਾਸਫ਼ੀ ਨੂੰ ਆਤਮਸਾਤ ਕਰਨ ਵਾਲਿਆਂ ਦੇ ਸਮਾਂਤਰ ਮਨੁੱਖ ਨੇ ਇੱਕ ਹੋਰ ਢੰਗ ਅਪਣਾਅ ਲਿਆ, ਜਿਹੜਾ ਉਸਨੂੰ ਕੁਝ ਸੌਖਾ ਲੱਗਾ। ਸੋ, ਇਹ ਆਦਰਸ਼ ਇੰਨੇ ਉੱਚੇ ਹਨ ਕਿ ਮਨੁੱਖ ਨੂੰ ਆਪਣੇ ਜੀਵਨ ਵਿਚ ਅਪਨਾਉਣੇ ਬੜੇ ਔਖੇ ਲੱਗਦੇ ਹਨ। ਹਾਂ ਇਨ੍ਹਾਂ ਦੇ ਸਮਾਂਤਰ, ਬਾਹਰੀ ਰੂਪ ਦੇ ਤੌਰ 'ਤੇ, ਉਸਨੇ ਇੱਕ ਸਮਾਂਤਰ ਢੰਗ ਪ੍ਰਚੱਲਤ ਕਰ ਲਿਆ ਹੈ ਤਾਂ ਜੋ ਉਸਦੀ ਗਿਣਤੀ ਗੁਰੂ ਦੇ ਸਿੱਖਾਂ ਵਿਚ ਹੋ ਸਕੇ।

**2.11.11 ਡਾ. ਸੁਖਵਿੰਦਰ ਕੌਰ ਸੰਘਾ, ਪ੍ਰਿੰਸੀਪਲ[270] ਗੁਰੂ ਨਾਨਕ ਨੈਸ਼ਨਲ ਕਾਲਜ (ਲੜਕੀਆਂ) ਨਕੋਦਰ, ਜਲੰਧਰ:**

ਸਾਡੇ ਧਾਰਮਿਕ ਨੇਤਾ ਅਜੇ ਤੱਕ ਧਰਮ ਦੀ ਰੂਹ ਤੱਕ ਨਹੀਂ ਪਹੁੰਚ ਸਕੇ। ਗੁਰੂ ਸਾਹਿਬਾਨ ਨੇ ਸਾਡੇ ਲਈ ਜਿਹੜਾ ਜ਼ਾਬਤਾ ਅਤੇ ਆਦਰਸ਼ ਦਰਸਾਏ ਸਨ, ਉਨ੍ਹਾਂ ਨੂੰ ਅਸੀਂ ਸਮਝਣਾ ਜਾਂ ਅਪਨਾਉਣਾ ਤਾਂ ਕੀ ਸੀ, ਅਸੀਂ ਤਾਂ ਉਨ੍ਹਾਂ ਨੂੰ ਸਜ਼ਾ ਦੇ ਰੂਪ ਵਿਚ ਸਮਝਦੇ ਅਤੇ ਲਾਗੂ ਕਰਦੇ ਹਾਂ। ਜਦੋਂ ਕੋਈ ਮਨੁੱਖ ਧਰਮ ਦੇ ਖੇਤਰ ਵਿਚ ਕੋਈ ਗ਼ਲਤੀ ਕਰਦਾ ਹੈ ਤਾਂ ਉਸਨੂੰ ਧਰਮ ਦੇ ਆਗੂਆਂ ਵੱਲੋਂ ਇਹ ਆਦਰਸ਼ ਸਜ਼ਾ ਦੇ ਰੂਪ ਵਿਚ ਦਿੱਤੇ ਜਾਂਦੇ ਹਨ। ਸਜ਼ਾ ਕਿਹੜੀ ਦਿੱਤੀ ਜਾਂਦੀ ਹੈ? ਕਿ ਤੂੰ ਪਾਠ ਸੁਣ, ਸੇਵਾ ਕਰ, ਭਾਂਡੇ ਮਾਂਜ। ਕੀ ਇਹ ਸਜ਼ਾ ਹੈ? ਪਾਠ ਕਰਨਾ ਤੇ ਸੁਣਨਾ, ਸੇਵਾ ਕਰਨੀ, ਇਹ ਤਾਂ ਸਾਡੇ ਧਰਮ ਦੇ ਮੁੱਢਲੇ ਸਿਧਾਂਤ ਹਨ ਪਰ ਅਸੀਂ ਇਨ੍ਹਾਂ ਸਿਧਾਂਤਾਂ ਨੂੰ ਸਜ਼ਾ ਵਜੋਂ ਲਾਗੂ ਕਰਦੇ ਹਾਂ। ਕੀ ਇੱਕ ਸਾਧਾਰਣ ਮਨੁੱਖ ਦਾ ਫ਼ਰਜ਼ ਨਹੀਂ ਕਿ ਉਹ ਪਾਠ ਕਰੇ, ਪਾਠ ਸੁਣੇ, ਸੇਵਾ ਕਰੇ? ਜੇਕਰ ਇਹ ਸਾਧਾਰਣ ਮਨੁੱਖ ਦੀ ਨਿੱਤ-ਕਿਰਿਆ ਹੈ ਤਾਂ ਇਸਨੂੰ ਸਜ਼ਾ ਦੇ ਰੂਪ ਵਿਚ ਕਿਉਂ ਵਰਤਿਆ ਜਾਂਦਾ ਹੈ? ਇਹ ਪ੍ਰਚਲਨ ਇਹੀ ਦਰਸਾਉਂਦਾ ਹੈ ਕਿ ਅਸੀਂ ਅਜੇ ਤੱਕ ਗੁਰਮਤਿ ਦੇ ਮੂਲ ਸਿਧਾਂਤਾਂ ਨੂੰ ਹੀ ਨਹੀਂ ਸਮਝ ਸਕੇ ਤਾਂ ਅੱਗੇ ਕਿੱਥੇ ਤੁਰਾਂਗੇ? ਬੱਸ ਇਹੀ ਕਾਰਨ ਹੈ। ਅਸੀਂ ਤਾਂ ਅੱਜ ਤੱਕ ਆਪ ਹੀ ਸਮਝ ਨਹੀਂ ਸਕੇ ਤਾਂ ਸਮੁੱਚੀ ਲੋਕਾਈ ਨੂੰ ਸਮਝਾਉਣ ਯੋਗ ਕਦ ਹੋਵਾਂਗੇ?

**2.11.12 ਡਾ. ਜਗਤਾਰ ਸਿੰਘ, ਮੁਖੀ[271] ਪੰਜਾਬੀ ਵਿਭਾਗ, ਗੁਰੂ ਨਾਨਕ ਨੈਸ਼ਨਲ ਕਾਲਜ (ਲੜਕੇ) ਨਕੋਦਰ, ਜਲੰਧਰ:**

ਸਾਡੇ ਧਾਰਮਿਕ ਨੇਤਾਵਾਂ ਅਤੇ ਪਰਚਾਰਕਾਂ ਦੀ ਕਥਨੀ ਅਤੇ ਕਰਨੀ ਵਿਚ ਬੜਾ ਅੰਤਰ ਹੈ। ਇਸ ਕਰਕੇ ਇਸ ਸਿੱਖਿਆ ਨੂੰ ਅਪਨਾਉਣਾ ਔਖਾ ਹੋ ਗਿਆ ਹੈ। ਉਨ੍ਹਾਂ ਦੇ ਆਖੇ ਦਾ ਅਸਰ ਨਹੀਂ ਹੁੰਦਾ। ਜਦੋਂ ਕਦੇ ਪ੍ਰੀਖਿਆ ਦੀ ਘੜੀ ਆਉਂਦੀ ਹੈ ਤਾਂ ਅਸੀਂ ਆਪਣੇ ਸਵਾਰਥਾਂ ਨੂੰ ਪਹਿਲ ਦਿੰਦੇ ਹਾਂ। ਰਸਮੀ ਤੌਰ 'ਤੇ ਅਸੀਂ ਗੁਰਮਤਿ ਦੀ ਸਿੱਖਿਆ ਦਾ ਪਰਚਾਰ ਕਰ ਰਹੇ ਹਾਂ ਪਰ ਤਿਆਗ ਦੀ

ਬਿਰਤੀ ਸਾਡੇ ਵਿਚ ਨਾਂਹ ਦੇ ਬਰਾਬਰ ਹੈ। ਕਰਨੀ ਦੀ ਬਜਾਇ ਅਸੀਂ ਦਿਖਾਵੇ ਨੂੰ ਪਹਿਲ ਦਿੰਦੇ ਹਾਂ। ਇਹ ਕੋਈ ਰਾਜਨੀਤੀ ਥੋੜ੍ਹੀ ਹੈ, ਜਿਸ ਵਿਚ ਦਿਖਾਵਾ ਕੀਤਾ ਜਾਵੇ, ਇਹ ਧਰਮ ਹੈ। ਇਸਨੂੰ ਦਿਖਾਵੇ ਦੀ ਲੋੜ ਨਹੀਂ ਪਰ ਅਸੀਂ ਦਿਖਾਵੇ ਨੂੰ ਤਰਜੀਹ ਦਿੰਦੇ ਹਾਂ। ਅਸੀਂ ਨਗਰ ਕੀਰਤਨ ਕੱਢਦੇ ਹਾਂ ਅਤੇ ਉਸ ਤੋਂ ਪਹਿਲਾਂ ਪਰਚਾਰ ਰਾਹੀਂ (ਦਿਨ 'ਤੇ) ਸੰਗਤ ਇਕੱਠੀ ਵੀ ਕਰ ਲੈਂਦੇ ਹਾਂ। ਅਸੀਂ ਮੀਡੀਆ ਰਾਹੀਂ ਉਸਦਾ ਪਰਚਾਰ ਵੀ ਕਰਦੇ ਹਾਂ ਕਿ ਨਗਰ ਕੀਰਤਨ ਵਿਚ ਐਨੀਆਂ ਸੰਗਤਾਂ ਸ਼ਾਮਲ ਹੋਈਆਂ ਪਰ ਇਹ ਨਹੀਂ ਦੇਖਦੇ ਕਿ ਉਨ੍ਹਾਂ ਵਿਚ ਗੁਰਮਤਿ ਸਿਧਾਂਤਾਂ 'ਤੇ ਦ੍ਰਿੜ੍ਹ ਕਿੰਨੇ ਬੰਦੇ ਹੋਏ? ਅਸੀਂ ਦਿਖਾਵੇ ਨੂੰ ਤਰਜੀਹ ਦਿੰਦੇ ਹਾਂ ਅਤੇ ਮੂਲ ਤੋਂ ਟੁੱਟੇ ਹੋਏ ਹਾਂ, ਜਿਸ ਕਰਕੇ ਇਹ ਫ਼ਿਲਾਸਫ਼ੀ ਮਨੁੱਖੀ ਮਨਾਂ ਤੋਂ ਦੂਰ ਹੈ।

## ਹਵਾਲੇ ਅਤੇ ਟਿੱਪਣੀਆਂ:

---

[1]"The aggregate of people living in a more or less ordered community" https://www.google.co.in/serch?q=what+is+society&aqs=chrome.0.57.33043&sourceid=chrome&ie=UTF-8 (24.01.2017, 07:16 A.M.)

[2]"The ideas, customs, and social behavior of a particular people or society" https://www.google.co.in/serch? q=what+is+society&aqs=chrome.0.57.33043&sourceid=chrome&ie=UTF-8#q=what+is+culture (24.01.2017, 07.21 A.M.)

[3]'ਮਰਾਸਣ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-137)

[4]"The Supreme Court today acknowledged the importance of 'value-based' education to end "prejudice, hate and discrimination that continue to threatan people... ..." (*The Tribune Daily,July 12, 2016*)

[5]'ਹੇ ਮਾਂ!' (ਸਾਹਿਬ ਸਿੰਘ *ਗੁਰੂ ਗ੍ਰੰਥ ਸਾਹਿਬ ਦਰਪਣ* 1212)

[6]'ਪੱਟ ਦਾ ਕੱਪੜਾ (ਸਿਰ ਤੇ ਲੈਣ ਵਾਲਾ)' (ਸਾਹਿਬ ਸਿੰਘ *ਗੁਰੂ ਗ੍ਰੰਥ ਸਾਹਿਬ ਦਰਪਣ* 5978)

[7]'ਲੀਰਾਂ' (*ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1383)

[8] "the Hindus took but one wife and would marry a second time only if the first wife proved to be barren." (Dr. A.C. Arora and D.S.Dhillon *Perspectives on Guru Amar Das* 13)

[9]"It may be noted that polygamy was not unknown among Hindus during the medieval period, (J.S. Grewal *Guru Nanak in History* 57)

[10]"Both in Hindu and Muslim society the position of woman was distinctly inferior that of man. (Dr. A.C. Arora and D.S. Dhillon *Perspectives on Guru Amar Das* 12-13)

[11]'ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ॥

ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ॥' (*ਸ੍ਰੀ ਗੁਰੂ ਗ੍ਰੰਥ ਸਾਹਿਬ* 852)

[12]'ਸਰੀਰ ਦੇ ਮੜ੍ਹ ਚ ਵੜੀ, ਸਰੀਰ ਪਿਆਰੀ', (*ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1088)

[13]'ਆਚਰਨ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1088)

[14]'ਜੁਗਤਿ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1088)

[15]"Certain compositions are not only marked by feminine rhythm but also composed from the women's point of view." (Surjit Hans, 'A Reconstruction of Sikh History From Sikh Literature', pg. 95)

[16]'ਸੰਵਰੀ ਹੋਈ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1379)

[17]'ਬੇ-ਫ਼ਿਕਰ ਹੋ ਕੇ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1379)

[18]'ਲਿਬੜੀ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1379)

[19] 'ਔਰਤ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-954)

[20]'ਜਿਸ ਦਾ ਪਤੀ ਘਰ ਨਹੀਂ ਹੈ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-954)

[21]'ਇਸਤ੍ਰੀ ਰੋਂਦੀ ਹੈ ਜਦੋਂ (ਸਿਰ ਤੇ) ਪਤੀ ਨਾਹ ਰਹੇ।' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-3939)

[22]'ਪਰਦੇਸ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-791)

[23]'ਦੱਲੀ. ਵਿਭਚਾਰ ਕਰਾਉਣ ਵਾਲੀ ਦੂਤੀ' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-337)

[24]'ਮਜਲਸ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-337)

[25]"Even the practice of *Sati* was not unknown among Muslim families," (Dr. Gobind Singh Mansukhani, 'The Quitessence of Sikhism', pg.11)

[26]"According to the National Child Health Review-2016 held in New Delhi last week, Punjab, along with Rajasthan and Chattisgarh, figure at the bottom when comes to gender-wise gap of mortality rate of children below five years." ('The Tribune' Daily, August 3, 2016)

[27]"Experts say the data is the testimony that the female child still not being treated at par with male child." (ibid.)

[28]"Women's symptoms are taken less seriously than men's by medical professionals" ('The Tribune' Daily, August 6, 2016)

[29]'ਸੜ ਕੇ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-138)

[30]'ਸੰਗੀ ਜੋ ਫੂਕਣ ਜਾਂਦੇ' ('ਸ੍ਰੋ.ਗੁ.ਪ੍ਰ.ਕ. ਸ੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-138)

[31]"ਮੁਰਦੇ ਦੀ ਚਾਂਦੀ ਸੋਨੇ ਦੀ ਤੜਾਗੀ ਫੂਕਣ ਤੋਂ ਪਹਿਲਾਂ ਉਤਾਰ ਲੈਂਦੇ ਹਨ." (ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-1076)

[32]'ਹਿੰਦੂ ਆਦਿਕ' ('ਗੁਰੁਮਤ ਮਾਰਤੰਡ' ਭਾਗ ਦੂਜਾ, ਪੰਨਾ-469)

[33]'ਮੁਸਲਮਾਨ, ਈਸਾਈ, ਸੰਨਯਾਸੀ, ਆਦਿਕ' ('ਗੁਰੁਮਤ ਮਾਰਤੰਡ' ਭਾਗ ਦੂਜਾ, ਪੰਨਾ-469)

[34]"ਯੂਨਾਨ ਵਿੱਚ ਪਹਿਲਾਂ ਕੁੱਤਿਆਂ ਅੱਗੇ ਮੁਰਦੇ ਸਿੱਟਣ ਦਾ ਰਿਵਾਜ ਸੀ, ਹੁਣ ਭੀ ਕਈ ਸਾਧੂ ਆਪਣੀ ਮ੍ਰਿਤ ਦੇਹ ਮਾਂਸਾਧਾਰੀ ਜੀਵਾਂ ਨੂੰ ਖਵਾਉਣਾ ਪੁੰਨ ਸਮਝਦੇ ਹਨ। " ('ਗੁਰੁਮਤ ਮਾਰਤੰਡ' ਭਾਗ ਦੂਜਾ, ਪੰਨਾ-469)

[35]"ਹਸਣ- ਉਹ ਵਲਗਣ, ਜਿਸ ਵਿੱਚ ਪਾਰਸੀ ਆਪਣੇ ਮੁਰਦੇ ਗਿਰਝ ਆਦਿ ਪੰਛੀਆਂ ਨੂੰ ਖੁਆਉਣ ਲਈ ਰਖਦੇ ਹਨ.ਦਖਮਾ. Tower of silence" ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-255)

[36]"ਸ਼ਾਸਤਰਾਂ ਅਨੁਸਾਰ ਪਿਤਰ ਲੋਕ ਵਿਚ ਪਹੁੰਚਣ ਲਈ 360 ਦਿਨ ਲਗਦੇ ਹਨ। ਇਸ ਵਾਸਤੇ ਕਿਰਿਆ ਸਮੇਂ 360 ਦੀਵੇ (ਵੱਟੀਆਂ, ਤੇਲ ਸਮੇਤ) ਦੇਣ ਦਾ ਵਿਧਾਨ ਹੈ।ਇਕ ਸਾਲ ਤਕ ਬ੍ਰਾਹਮਣ ਨੂੰ ਭੋਜਨ ਛਕਾਉਣ ਦਾ ਵਿਧਾਨ ਹੈ। ਦਸ ਦਿਨਾਂ ਤਕ ਗਰੁੜ ਪੁਰਾਣ ਦੀ ਕਥਾ ਕੀਤੀ ਜਾਂਦੀ ਹੈ।ਹਰ ਸਾਲ ਅਸੂ ਦੇ ਮਹੀਨੇ ਵਿੱਚ ਸ਼ਰਾਧਾਂ ਵਿੱਚ ਬ੍ਰਾਹਮਣ ਨੂੰ ਭੋਜਨ ਖੁਆਇਆ ਜਾਂਦਾ ਹੈ ਅਤੇ ਨਿਤ ਵਰਤੋਂ ਦੀਆਂ 13 ਵਸਤਾਂ ਦਿੱਤੀਆਂ ਜਾਂਦੀਆਂ ਹਨ।ਵਿਸ਼ਵਾਸ ਕੀਤਾ ਜਾਂਦਾ ਹੈ ਕਿ ਬ੍ਰਾਹਮਣ ਨੂੰ ਦਿੱਤਾ ਦਾਨ ਤੇ ਖੁਆਇਆ ਭੋਜਣ ਮਿਰਤਕ ਪ੍ਰਾਣੀ ਨੂੰ ਪਹੁੰਚ ਜਾਏਗਾ।ਜੇ ਮਿਰਤਕ ਦੀ ਦੀਵਾ ਵੱਟੀ ਨਾ ਹੋ ਸਕੇ, ਤਾਂ ਗਇਆ ਅਤੇ ਪਹੋਏ ਆਦਿ ਜਾ ਕੇ ਜਵਾਂ ਦੇ ਪੇੜੇ (ਪਿੰਡ) ਦਾਨ ਕੀਤੇ ਜਾਂਦੇ ਹਨ।" ('ਤੁਲਨਾਤਮਿਕ ਧਰਮ ਅਧਿਐਨ', ਪੰਨਾ-8)

[37]ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 145)

[38]'ਗੁੜ ਦੀ ਡਲੀ.ਭੇਲੀ.' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-1049

[39]'ਔਰਤ' ('ਸ੍ਰੋ.ਗੁ.ਪ੍ਰ.ਕ. ਸ੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-150)

[40]ੳ. "ਭੂਸ੍ਰਿਤ-ਧਰਤੀ ਦਾ ਆਸਰਾ ਲੈ ਕੇ ਤਿਆਰ ਕੀਤੀ ਹੋਈ}

ਨੋਟ: ਗਰੀਬ ਟੱਪਰੀ-ਵਾਸ ਲੋਕ ਇੱਟ ਆਦਿਕ ਜਾਂ ਬੱਬਰ ਆਦਿਕ ਨੂੰ ਤਪਾ ਕੇ ਹੀ ਰੋਟੀ ਪਕਾ ਲੈਂਦੇ ਹਨ।"(ਸਾਹਿਬ ਸਿੰਘ *ਗੁਰੂ ਗ੍ਰੰਥ ਸਾਹਿਬ ਦਰਪਣ* 4535)

'ਭੁਸਰੀ.ਉਹ ਰੋਟੀ, ਜੋ ਤਪੀਹੋਈ ਜ਼ਮੀਨ ਪੁਰ ਪਕਾਈਜਾਵੇ.'('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-919)

[41]'ਬਾਥੂ ਜੇਹਾ ਇੱਕ ਘਾਹ, ਜਿਹ ਦਾ ਦਾਣਾ ਗਰੀਬ ਲੋਕ ਰਿਨ੍ਹਕੇ ਅਥਵਾ ਪੀਹਕੇ ਆਟੇ ਦੀ ਰੋਟੀ ਪਕਾਕੇ ਖਾਂਦੇ ਹਨ.'('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-351)

[42] 'ਮਾਸ' ('ਸ੍ਰੋ.ਗੁ.ਪ੍ਰ.ਕ. ਸ੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1374)

[43]'ਉਹ ਮਸਾਲਾ, ਜੋ ਪਕਾਉਣ ਵੇਲੇ ਸਖ਼ਤ ਚੀਜ਼ ਨੂੰ ਗਾਲ ਦੇਵੇ' ('ਸ੍ਰੋ.ਗੁ.ਪ੍ਰ.ਕ. ਸ੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-966)

[44]'ਚਟਨੀ' ('ਸ੍ਰੋ.ਗੁ.ਪ੍ਰ.ਕ. ਸ੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1365

[45]'ਵ੍ਰਿਹਤ ਪਾਰਾਸ਼ਰ ਸੰਹਿਤਾ' ਦਾ ਹਵਾਲਾ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਦੇ ਪੰਨਾ-72 'ਤੇ ਲਿਖਦੇ ਹਨ, "ਹਿੰਦੂਮਤ ਵਿੱਚ ਯੂਨਾਨੀ ਅਰਬੀ ਬੋਲੀਆਂ ਨੂੰ ਮਲੇਛਭਾਸ਼ਾ ਕਹਿਕੇ ਆਰਯਾਂ ਨੂੰ ਹਦਾਇਤ ਕੀਤੀ ਹੈ ਕਿ ਓਹ ਕਦੇ ਯਾਵਨੀ ਭਾਸ਼ਾ ਨਾ ਬੋਲਣ."

[46] 'ਮਾਸ' (ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1374)

[47]"Punjab is neither eating,nor living healthy. One-third of it is leading a sedentary life, two-third is obese and over-weight, forty-one percent percent is suffering from hypertention and eighty-seven percent is taking more salt than prescribed." ('The Tribune' Daily, July 8, 2016)

[48]"ਸਰੀਰ ਦੇ ਸਵਸਤ ਅਰੋਗ ਹੋਣ ਨਾਲ ਨਾਮ ਵਧੇਰੇ ਰਸਮਈ ਹੁੰਦਾ ਹੈ।" ('ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਜੀਵਨ ਛੁਹ', ਪੰਨਾ-35)

[49]"ਖੁੰਡੀ ਦੀ ਖੇਡ, ਪੋਲੋ ਦੀ ਖੇਡ ਜੋ ਘੋੜੇ ਚੜ੍ਹ ਕੇ ਖੇਡੀ ਜਾਂਦੀ ਹੈ। ਹੁਣ ਇਹ ਪੱਛਮ ਵਿੱਚ ਬਹੁਤ ਪ੍ਰਚੱਲਤ ਹੈ, ਪਰ ਗਈ ਪੂਰਬ ਤੋਂ ਹੀ ਹੈ। ਅਕਬਰ ਪਾਤਸ਼ਾਹ ਇਹ ਖੇਡ ਬੜੇ ਚਾਅ ਨਾਲ ਖੇਡਦਾ ਹੁੰਦਾ ਸੀ। ਭਾਵ ਇਹ ਹੈ ਕਿ ਖੇਡਣੀ ਪੋਲੋ ਤੇ ਫੜਨੇ ਕੁੰਦੇ? ਇਹ ਚੰਗੀ ਸਵਾਰੀ ਹੈ।" ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-322)

[50]'ਘਸ ਗਿਆ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-523)

[51]"ਫਟਕੜੀ ਆਦਿ ਦੀ ਪੁਠ ਜੋ ਕਪੜੇ ਨੂੰ ਪੱਕਾ ਰੰਗ ਚੜ੍ਹਾਣ ਤੋਂ ਪਹਿਲਾਂ ਦਿੰਦੇ ਹਨ।" (*ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 644)

[52]'ਜਿਸ ਤਰ੍ਹਾਂ ਮਜੀਠ ਨਾਲ ਕਪੜੇ ਪਾਹ ਕੇ ਰੰਗੀਦੇ ਹਨ, ਉਹ ਪ੍ਰੇਮ ਦਾ ਰੰਗ ਨਹੀਂ ਉਤਰਦਾ ਅਤੇ ਨਾ ਹੀ ਕੋਈ ਹੋਰ ਰੰਗ ਚੜ੍ਹਦਾ ਹੈ... ...ਮਜੀਠ ਦਾ ਰੰਗ ਪੱਕਾ ਲਾਲ ਹੁੰਦਾ ਹੈ।" ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-644)

[53]ਹਰਿ ਪ੍ਰਭ ਰਤੇ ਲੋਇਣਾ ਗਿਆਨ ਅੰਜਨੁ ਗੁਰੁ ਦੇਇ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1317)

[54] "ਟੋਪੀ (ਭਾਵ, ਉਹ ਸੇਹਲੀ-ਟੋਪੀ ਜੋ ਕਿ ਮੁਰਸ਼ਿਦ ਆਪਣੇ ਕਿਸੇ ਚੇਲੇ ਨੂੰ ਆਪਣੇ ਪਿੱਛੋਂ ਆਪਣੀ ਗੱਦੀ ਤੇ ਬਿਠਾਣ ਵੇਲੇ ਦੇਂਦਾ ਹੈ)" (ਸਾਹਿਬ ਸਿੰਘ *ਗੁਰੂ ਗ੍ਰੰਥ ਸਾਹਿਬ ਦਰਪਣ* 5306)

[55]ਨੋਟ: ਆਪਣਾ ਮੂਲ ਰੰਗ ਨਹੀਂ ਬਦਲਦੀ ਵੈਸੇ ਨਿੱਖ਼ਰ ਜਾਂਦੀ ਹੈ।

[56]"ਲੰਗੋਟੀ ਤੋੜਨੀ: ਮੁਰਦੇ ਦੀ ਚਾਂਦੀ ਸੋਨੇ ਦੀ ਤੜਾਗੀ ਫੂਕਣ ਤੋਂ ਪਹਿਲਾਂ ਉਤਾਰ ਲੈਂਦੇ ਹਨ." ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-1076)

[57]'ਛੇਤੀ ਭੁਰ ਟੁੱਟ ਜਾਣ ਵਾਲੀ, ਲਾਖ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1372)

[58]'ਠੇਕਦੇ ਹੋ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1375)

[59]'ਰਜਾਈਆਂ ਦੇ ਛਾੜ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1375)

[60]'ਧਾਗੇ ਰੂਪੀ ਮੇਖਾਂ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1380)

[61]'ਬਹੁਤੀਆਂ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1380)

[62]'(ਸਿਰ ਉਤੇ ਲੈਣ ਵਾਲੀ ਜ਼ਨਾਨੀ ਦਾ) ਪੱਟ ਦਾ ਕੱਪੜਾ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1383)

---

[63]'ਵੱਡੇ ਸ਼ਾਨਦਾਰ ਮਕਾਨ'(ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-468)

[64]'ਉੱਚੇ ਮਕਾਨ' (ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-468)

[65]'ਸਵਾਸ-2 ਜਪੇ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1289)

[66]'ਥੰਮ੍ਹੀ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1373)

[67]'ਰਸਤਾ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1279)

[68]'ਛੱਪਰ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1096)

[69]"ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥" (*ਸ੍ਰੀ ਗੁਰੂ ਗ੍ਰੰਥ ਸਾਹਿਬ* 1378)

[70] 'ਚੂਨੇ ਦੀ ਪਲਸਤਰ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1410)

[71]'ਪਹਾੜਾਂ ਜਹੇ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1410)

[72]'ਚਿੱਟੇ ਪਰਬਤ ਜਹੇ' ('ਸ਼੍ਰੋ.ਗੁ.ਪ੍ਰ.ਕ. ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1410)

[73]'ਸੁੰਦਰ' (ਸ਼੍ਰੋ.ਗੁ.ਪ੍ਰ.ਕ, *ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1381)

[74]'ਸੋਹਣੀ' (ਸ਼੍ਰੋ.ਗੁ.ਪ੍ਰ.ਕ, *ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1381)

[75]'ਮੱਟੀ' (ਸ਼੍ਰੋ.ਗੁ.ਪ੍ਰ.ਕ, *ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 553)

[76]'ਭੂਸ੍ਰਿਤ-ਭੂਮੀ ਆਸਰੇ ਪਕਾਈਆਂ' (ਸ਼੍ਰੋ.ਗੁ.ਪ੍ਰ.ਕ, *ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1096)

[77]'ਮਿੱਟੀ ਦੀ ਹਾਂਡੀ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1380)

[78]'ਹੋਰ ਵੀ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 140)

[79]'ਛੱਪੜ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1367)

[80]'ਸੋਹਣੀ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1381)

[81]'ਸਰੋਵਰ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*1412)

[82]ਰੋਜ਼ਾਨਾ 'ਪੰਜਾਬੀ ਜਾਗਰਣ', ਮਿਤੀ 26.06.2016 ਪੰਨਾ-7

[83]'ਰੇਤ-ਥਲੀ (ਰੇਤਲੀ)' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 148)

[84]'ਬੰਜਰ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1375)

[85]'ਮੁੱਢੋਂ ਹੀ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 952)

[86]'ਬੇੜੀ ਵਿੱਚ ਇਕੋ ਵੇਰ ਚੜ੍ਹ ਕੇ ਪਾਰ ਹੋਣ ਵਾਲੇ ਆਦਮੀਆਂ ਦਾ ਸਮੂਹ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 468)

[87]'ਤੁਲ੍ਹਾ, ਲੱਕੜਾਂ ਦਾ ਬੱਧਾ ਹੋਇਆ ਗੱਠਾ ਜੋ ਦਰਿਆ ਦੇ ਕੰਢੇ ਵੱਸਣ ਵਾਲੇ ਮਨੁੱਖ ਦਰਿਆ ਪਾਰ ਕਰਨ ਲਈ ਵਰਤਦੇ ਹਨ।' (ਸਾਹਿਬ ਸਿੰਘ *ਗੁਰੂ ਗ੍ਰੰਥ ਸਾਹਿਬ ਦਰਪਣ* 2174)

[88] 'ਹਲਕੇ-ਹਲਕੇ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1366)

[89]'ਲੱਕੜਾਂ ਜਾਂ ਤਖ਼ਤਿਆਂ ਦਾ ਬਣਿਆ ਹੋਇਆ ਆਸਰਾ ਜੋ ਨਦੀ ਵਿੱਚ ਬੇੜੀ ਦਾ ਕੰਮ ਦੇਂਦਾ ਹੈ।' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1287)

[90]'ਪੂਰ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1368)

[91]'ਲਹਿਰਾਂ (ਦੇ) ਮੂੰਹ ਵਿੱਚ (ਜਾ ਰਿਹਾ ਹੈ)' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1382)

[92]'ਪਹੇ ਦੀ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1378)

[93]'ਘਾਹ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1378)

[94]'ਬੰਜਰ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1375)

[95]'ਬਲਦੇ ਭੱਠੇ ਦੀ ਸੁਆਹ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1375)

[96]'ਸ਼ੋਭਾ ਖੱਟ ਗਏ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 468)

[97] 'ਸੜੀ ਹੋਈ (ਖੇਤੀ)' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1381)

[98]'ਪਾਣੀ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1379)

[99] 'ਪਾਣੀ ਤੋਂ (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1290)

[100]'ਬੱਦਲ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 517)

[101]'ਰੀੜ੍ਹ ਦੀ ਹੱਡੀ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1251)

[102]'ਵਾਮਨ (ਮਨੋਹਰ) ਚੰਦਨ.ਚਿੱਟਾ ਚੰਦਨ, ਜੋ ਸੁਗੰਧ ਵਾਲਾ ਹੁੰਦਾ ਹੈ.' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-859)

[103]'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-975

[104]'ਲਿਬੜੀ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1379)

[105]"ਬਾਬੂ ਜੇਹਾ ਇੱਕ ਘਾਹ, ਜਿਹ ਦਾ ਦਾਣਾ ਗਰੀਬ ਲੋਕ ਰਿੰਨ੍ਹਕੇ ਅਥਵਾ ਪੀਹਕੇ ਆਟੇ ਦੀ ਰੋਟੀ ਪਕਾਕੇ ਖਾਂਦੇ ਹਨ." ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-351)

[106]'ਨਿਕੰਮੇ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 463)

[107]'ਜਿਸ ਜੀਵ ਦੀ ਰਾਤ ਸਾਉਣੀ ਦੀ ਫਸਲ ਹੈ ਤੇ 'ਕਾਮ' ਜਿਸ ਦੀ ਪੈਲੀ ਹੈ (ਭਾਵ, ਜੋ ਜੀਵ ਆਪਣੀ ਰਾਤ 'ਕਾਮ' ਦੇ ਅਧੀਨ ਹੋ ਕੇ ਗੁਜ਼ਾਰਦਾ ਹੈ......" (ਸਾਹਿਬ ਸਿੰਘ, *ਗੁਰੂ ਗ੍ਰੰਥ ਸਾਹਿਬ ਦਰਪਣ* 3943)

[108]'ਝੂਠ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 955)

[109]'ਅੱਗ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1095)

[110]'ਮੱਖਣ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1095

[111]'ਚੁਪੱਤੀ, ਨੀਲਫ਼ੋਰ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1095)

[112]'ਨਾਸ ਹੁੰਦੀ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1095)

[113]'ਛੋਟੇ ਅੰਗੂਰ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 1379)

[114]'ਬਿਜੌਰ ਦੇ ਇਲਾਕੇ ਦੀ (ਇਹ ਇਲਾਕਾ ਪਠਾਣੀ ਦੇਸ ਵਿਚ ਮਾਲਕੰਦ ਸਵਾਤ ਤੋਂ ਪਰੇ ਹੈ)' (ਸਾਹਿਬ ਸਿੰਘ *ਗੁਰੂ ਗ੍ਰੰਥ ਸਾਹਿਬ ਦਰਪਣ* 5951)

[115]'ਚਰਾਂਦੇ' (ਸ਼੍ਰੋ.ਗੁ.ਪ੍ਰ.ਕ, *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* 952)

[116]"ਬਸੰਤ ਰੁਤੇ ਅੰਬਾਂ ਨੂੰ ਬੂਰ ਪੈਂਦਾ ਹੈ, ਅਗਾਂਹ ਗਰਮੀਆਂ ਸ਼ੁਰੂ ਹੋ ਜਾਂਦੀਆਂ ਹਨ। ਪਹਿਲਾਂ ਕੱਚੇ ਫਲਾਂ ਨੂੰ ਗਾਲ੍ਹੜ ਤੋਤੇ ਆਦਿਕ ਹੀ ਟੁਕ ਟੁਕ ਕੇ ਖਾ ਜਾਂਦੇ ਹਨ; ਹਨੇਰੀਆਂ ਵਿਚ ਬਹੁਤ ਸਾਰਾ ਫਲ ਝੜ ਜਾਂਦਾ ਹੈ, ਕਈ ਫਲ ਟਹਿਣੀਆਂ ਨਾਲ ਤਾਂ ਲੱਗੇ ਰਹਿੰਦੇ ਹਨ, ਪਰ ਹਨੇਰੀ ਨਾਲ ਹਿੱਲ ਜਾਣ ਕਰਕੇ ਉੱਤੇ ਹੀ ਸੁੱਕ ਜਾਂਦੇ ਹਨ। ਇਹਨਾਂ ਕਈ ਹੱਲਿਆਂ ਤੋਂ ਲੰਘ ਕੇ ਜੋ ਪੱਕਦੇ ਹਨ, ਉਹੀ ਕਬੂਲ ਪੈਂਦੇ ਹਨ। " (ਸਾਹਿਬ ਸਿੰਘ *ਗੁਰੂ ਗ੍ਰੰਥ ਸਾਹਿਬ ਦਰਪਣ* 5886)

[117]'ਕੰਬਣੀ' (ਸਾਹਿਬ ਸਿੰਘ *ਗੁਰੂ ਗ੍ਰੰਥ ਸਾਹਿਬ ਦਰਪਣ* 5886)

[118]'ਭੰਭੀਰੀਆਂ' (ਸਾਹਿਬ ਸਿੰਘ *ਗੁਰੂ ਗ੍ਰੰਥ ਸਾਹਿਬ ਦਰਪਣ* 1854)

[119]"ਚਰਗ- ਇਹ ਸਯਾਹਚਸ਼ਮ ਸ਼ਿਕਾਰੀ ਪੰਛੀ ਹੈ.ਚਰਗ ਕੱਦ ਵਿੱਚ ਇੱਲ ਨਾਲੋਂ ਕੁਝ ਛੋਟਾ ਹੁੰਦਾ ਹੈ.ਇਸ ਦੇ ਪੰਜੇ ਭਾਰੀ ਅਤੇ ਬਹੁਤ ਫੁਰਤੀਲਾ ਹੁੰਦਾ ਹੈ.ਅੱਖ ਇੱਲ ਨਾਲੋਂ ਵੱਡੀ ਹੁੰਦੀ ਹੈ.ਇਹ ਪੰਜਾਬ ਦਾ ਵਸਨੀਕ ਨਹੀਂ, ਠੰਢੇ ਪਹਾੜਾਂ ਤੋਂ ਸਰਦੀ ਦੇ ਸ਼ੁਰੂ ਵਿੱਚ ਆਉਂਦਾ ਹੈ ਅਤੇ ਗਰਮੀਆਂ ਵਿੱਚ ਮੁੜ ਜਾਂਦਾ ਹੈ ਅਰ ਪਹਾੜ ਦੀਆਂ ਖੁੱਡਾਂ ਵਿੱਚ ਆਂਡੇ ਦਿੰਦਾ ਹੈ.ਚੂਹੇ ਕਿਰਲੇ ਖਾਕੇ ਗੁਜਾਰਾ ਕਰਦਾ ਹੈ, ਕਦੇ ਕਦੇ ਪੰਛੀਆਂ ਨੂੰ ਭੀ ਮਾਰ ਲੈਂਦਾ ਹੈ.ਪਾਲਿਆ ਹੋਇਆ ਚਰਗ ਸਹੇ ਦਾ ਚੰਗਾ ਸ਼ਿਕਾਰ ਕਰਦਾ ਹੈ ਅਤੇ ਕੂੰਜ ਨੂੰ ਭੀ ਫੜ ਲੈਂਦਾ ਹੈ. ਸ਼ਿਕਾਰੀ ਇਸ ਨੂੰ ਛੀ ਮਹੀਨੇ ਆਪਣੇ ਪਾਸ ਰਖਦੇ ਹਨ, ਵੱਧ ਤੋਂ ਵੱਧ ਇੱਕ ਵਰ੍ਹਾ, ਇਸ ਪਿੱਛੋਂ ਇਹ ਨਿਕੰਮਾ ਹੋ ਜਾਂਦਾ ਹੈ... ... ਚਰਗ ਮਦੀਨ ਹੈ, ਇਸ ਦਾ ਨਰ ਚਗਰੇਲਾ ਕਹਾਉਂਦਾ ਹੈ, ਜੋ ਕੱਦ ਵਿੱਚ ਛੋਟਾ ਹੁੰਦਾ ਹੈ ਅਤੇ ਸ਼ਿਕਾਰ ਲਈ ਨਿਕੰਮਾ ਪੰਛੀ ਹੈ." ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-456)

[120]"ਕੁਹੀ- ਬਾਜ਼ ਦੀ ਕਿਸਮ ਦਾ ਇੱਕ ਸ਼ਿਕਾਰੀ ਪੰਛੀ, ਜੋ ਸਯਾਹਚਸ਼ਮ ਹੁੰਦਾ ਹੈ.ਇਸ ਨੂੰ ਸ਼ਾਹੀਨ ਕੁਹੀ ਆਖਿਆ ਜਾਂਦਾ ਹੈ.... ...ਇਹ ਮਦੀਨ ਹੈ.ਇਸ ਦੇ ਨਰ ਦਾ ਨਾਉ ਕੋਹੀਲਾ ਹੈ.... ... ਇਹ ਪੰਜਾਬੀ ਪੰਛੀ ਨਹੀਂ, ਵਿਦੇਸ਼ ਤੋਂ ਸਰਦੀ ਦੇ ਸ਼ੁਰੂ ਵਿੱਚ ਆਉਂਦਾ ਹੈ. ਸਿਖਾਈ ਹੋਈ ਕੁਹੀ ਚੰਗਾ ਸ਼ਿਕਾਰ ਕਰਦੀ ਹੈ, ਖਾਸ ਕਰਕੇ ਮੁਰਗਾਬੀਆਂ ਦਾ... ... . " ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-335)

[121]'ਪਸ਼ੂ ਦੇ ਪੈਰੀਂ ਲਾਉਣ ਦਾ ਜਿੰਦਾ.ਇਹ ਵਿਸ਼ੇਸ਼ ਕਰਕੇ ਉੱਠ ਦੇ ਲਾਈਦਾ ਹੈ." ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-1237)

[122]'ਸ਼ਸਤ੍ਰ ਦੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1354)

[123]ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥

ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ॥ (ਸਲੋਕ ਭਗਤ ਕਬੀਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1367)

[124]'ਥੱਲੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1366)

[125]'ਘੋੜੇ ਦੀ ਪੂਛ ਵਿਚ ਪਾਣ ਵਾਲਾ ਗੋਲ ਰੱਸਾ ਜੋ ਤੁਰਨ ਵੇਲੇ ਪਾਈਦਾ ਹੈ ਭਾਵੇਂ ਕਾਠੀ ਪਹਿਲਾਂ ਹੀ ਪਾਈ ਹੋਵੇ।' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5142)

[126]'ਤੁਰਨ ਸੱਦਾ ਆ ਗਿਆ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5142)

[127]'ਮਨ-ਭਾਉਂਦਾ ਭੋਜਨ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1242)

[128]'ਮੱਛਰ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1359)

[129]'ਚਿੱਕੜ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1359)

[130]'ਸ਼ਹਰ.ਨਗਰ. ਪੁਰ' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-678)

[131]ਠਗਾ ਨੀਹੁਮ ਤ੍ਰੋੜਿ ਜਾਣੁ ਗੰਧ੍ਰਬਾ ਨਗਰੀ॥ (ਮ:੫, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1098)

[132]'ਸ਼ਹਿਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-952)

[133]'ਕੋਹੜੀ, ਜ਼ਜਾਮ ਵਾਲਾ, ਜ਼ਜਾਮੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-304

[134]"ਅੰਤੜੀ ਦਾ ਫੋੜਾ, ਅੰਦਰ ਦਾ ਫੋੜਾ, ਖਾਣ ਪੀਣ ਦਾ ਸੰਜਮ ਨਾ ਕਰਨ ਤੋਂ, ਸ਼ਰਾਬ ਆਦਿਕ ਨਸ਼ਿਆਂ ਦੇ ਸੇਵਨ ਤੋਂ ਸ਼ਰੀਰ ਦੇ ਖਿਲਤ ਵਿਗੜ ਜਾਂਦੇ ਹਨ, ਜਿਸ ਤੋਂ ਲਹੂ ਵਿੱਚ ਵਿਕਾਰ ਹੋਕੇ ਅੰਦਰਲੇ ਅੰਗਾਂ ਦੀਆਂ ਗਿਲਟੀਆਂ ਵਿੱਚ ਸੋਜ ਪੈਦਾ ਹੋਜਾਂਦੀ ਹੈ, ਇਹ ਸੋਜ ਫੋੜਾ ਬਣਕੇ ਭਾਰੀ ਦੁਖ ਦਿੰਦੀ ਹੈ. ਹੌਲੀ ਹੌਲੀ ਪੀਪ ਪੈ ਜਾਂਦੀ ਹੈ... ...ਹਰ ਵੇਲੇ ਚੀਸ ਪੈਂਦੀ ਹੈ.ਨੀਂਦ ਨਹੀਂ ਆਉਂਦੀ." ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-16)

[135]'(ਸੰਖੀਏ ਆਦਿਕ ਜ਼ਹਿਰ ਨੂੰ) ਕੁਸ਼ਤਾ ('ਮਰੀ ਹੋਈ ਧਾਤ' ਮਹਾਨ ਕੋਸ਼, ਪੰਨਾ-333) ਕਰਨ ਵਾਲੀ ਬੂਟੀ' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-237)

[136]'ਪਰਦੇ, ਉਹ ਜਾਲਾ ਜੋ ਅੱਖਾਂ ਅੱਗੇ ਆ ਕੇ ਨਜ਼ਰ ਬੰਦ ਕਰ ਦੇਂਦਾ ਹੈ।' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-2291)

[137]'ਮਹੱਲਾਂ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1410)2

[138]'ਉੱਚਾ ਸਿਰ' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1410)

[139]'ਪਯੋਧਰਾਂ (ਥਣਾਂ ਵਾਲੀ)' (-ਉਕਤ-)

[140]'ਪਕੜ' (-ਉਕਤ-)

[141]'ਨਮਸਕਾਰ' (-ਉਕਤ-)

[142]'ਬਣਾਂ ਕਾਰਨ' (-ਉਕਤ-)

[143]'ਉਤਨਾ ਹੀ ਵਧੀਕ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-1864)

[144]' (ਕਾਂ ਵਾਂਗ) ਲਉਂ ਲਉਂ ਕਰਦਾ ਹੈ' (-ਉਕਤ-)

[145]'(ਸਿੰਧੀ-ਉਥਾੜੇ) ਦਿਲ ਉਤੇ ਦਬਾਉ ਜੋ ਕਈ ਵਾਰੀ ਸੁੱਤੇ ਪਿਆਂ ਹੱਥ ਛਾਤੀ ਉਤੇ ਆਇਆਂ ਪੈ ਜਾਂਦਾ ਹੈ।' ('ਗੁਰੂ ਗ੍ਰੰਥ ਸਾਹਿਬ ਦਰਪਣ',ਪੰਨਾ-2626)

[146]'ਡਰ ਚਿੰਤਾ ਕਰ ਕੇ ਰੁਕ ਰੁਕ ਕੇ ਆਉਣ ਵਾਲੇ ਸਵਾਸ, ਹਉਕੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-643)

[147]"ਮਿੱਤਰ ਕਈ ਤਰ੍ਹਾਂ ਦੇ ਭੋਜਨ ਲੈ ਕੇ ਆਉਂਦਾ ਹੈ ਅਤੇ ਨਿੰਦਕ ਸ਼ਸਤ੍ਰ ਲੈ ਕੇ ਨੇੜੇ ਆਉਂਦਾ ਹੈ।" ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1356)

[148]'ਜੋਗੀ, ਜੰਗਮ, ਸਰੇਵੜੇ, ਸੰਨਿਆਸੀ, ਬੋਧੀ, ਬੈਰਾਗੀ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5914)

[149]'ਚੁਗਲੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-473)

[150]'ਨਰਮ-ਨਰਮ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-142)

[151]'ਸੁਆਦ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-142)

[152]"The key to our emotions lies in certain chemicals in the blood stream.These are called neuro-transmitters.These are produced from the nutrients in the food.Hence, the need for nutritious and balanced diet is a must to free ourself from the physical and mental diseases and relieves stress." (Lovely Professional University UMS'Health Tips of The Day',Dtd. April 8, 2016)

[153]"Your diet has a considerable influence on your mind. Eatables like tea, coffee, alcohol, drugs, cigarette, fried products, chillies, spices, sweets, too hot and too cold things etc. have either stimulating or depressing effect on mind and disturb its equilibrium." (M.K.Gupta, 'How to Remain Ever Happy', pg. 63)

[154]ਸਵਰਨ ਸਿੰਘ ਟਹਿਣਾ, 'ਅਜੀਤ' ਰੋਜ਼ਾਨਾ, ਮਿਤੀ 16.10.2017, ਪੰਨਾ-4

[155]ਧਰਮਵੀਰ ਗਾਂਧੀ, 'ਸਮਕਾਲੀ ਪੰਜਾਬੀ ਸਮਾਜ', ਪੰਨਾ-98

[156]'ਚੌਥੇ ਪਹਿਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-146)

[157]'ਗਲਤੀ ਨਾਲ਼ ਜਮ ਲੈ ਜਾਣ'-ਗੂੜ੍ਹੀ ਨੀਂਦ ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-146)

[158]'ਦੁਖੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1289)

[159]'ਅਨੰਦ ਭੋਗਦਾ'('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-253)

[160]ਡਾ. ਨਰਿੰਦਰ ਸਿੰਘ ਕਪੂਰ, 'ਭਾਈ ਜੋਧ ਸਿੰਘ ਸਮ੍ਰਿਤੀ ਗ੍ਰੰਥ', ਪੰਨਾ-232

[161]ਡਾ. ਰਾਮ ਸਿੰਘ, 'ਸੁਖਮਨੀ ਇਕ ਸਰਵ-ਪੱਖੀ ਅਧਿਐਨ', ਪੰਨਾ-98

[162]ਦਰਸ਼ਨ ਸਿੰਘ ਨਰੂਲਾ, 'ਸਮਕਾਲੀ ਪੰਜਾਬੀ ਸਮਾਜ', ਪੰਨਾ-77

[163]ਧਰਮਵੀਰ ਗਾਂਧੀ, 'ਸਮਕਾਲੀ ਪੰਜਾਬੀ ਸਮਾਜ', ਪੰਨਾ-95

[164]ਗੁਰਚਰਨ ਸਿੰਘ ਨੂਰਪੁਰ, ਰੋਜ਼ਾਨਾ 'ਅਜੀਤ', ਮਿਤੀ 12.11.2017, ਪੰਨਾ-4

[165]ਹੰਸਰਾਜ ਬਿਰਕਾਲੀ, ਰੋਜ਼ਾਨਾ 'ਅਜੀਤ' ('ਮਨੋਰੰਜਨ' ਸਪਲੀਮੈਂਟ), ਮਿਤੀ 27.10.2017, ਪੰਨਾ-2

[166]'ਵਿਚਾਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1377)

[167]ਨਵਜੀਤ ਜੌਹਲ, 'ਸਮਕਾਲੀ ਪੰਜਾਬੀ ਸਮਾਜ', ਪੰਨਾ-204

[168]ਡਾ. ਤਾਰਨ ਸਿੰਘ, 'ਗੁਰੂ ਅੰਗਦ ਦੇਵ ਜੀ', ਪੰਨਾ-15

[169]-ਉਹੀ-, ਪੰਨਾ-70

[170]ਡਾ. ਬਲਵੰਤ ਸਿੰਘ, 'ਗੁਰਮਤਿ ਪ੍ਰਕਾਸ਼' ਅਗਸਤ 2016, ਪੰਨਾ-82

[171]ਹਰਦੇਵ ਸਿੰਘ ਧਾਲੀਵਾਲ (ਸੇਵਾਮੁਕਤ ਐੱਸ.ਐੱਸ.ਪੀ.), ਰੋਜ਼ਾਨਾ 'ਪੰਜਾਬੀ ਜਾਗਰਣ' ਮਿਤੀ 28.06.2016, ਪੰਨਾ-6

[172]ਇੰਦਰਪ੍ਰੀਤ ਕੌਰ, 'ਪੰਜਾਬੀ ਜਾਗਰਣ' ਰੋਜ਼ਾਨਾ, ਮਿਤੀ 21.10.2017, ਪੰਨਾ-10

[173]'ਅਰਬੀ: ਥੈਲੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-789)

[174] 'ਪਹਿਲੀ ਟ੍ਰਾਂਸਜੈਂਡਰ ਜੱਜ ਦੀ ਨਿਯੁਕਤੀ' (ਇੱਕ ਖ਼ਬਰ), 'ਪੰਜਾਬੀ ਜਾਗਰਣ' ਰੋਜ਼ਾਨਾ, ਮਿਤੀ 22 ਅਕਤੂਬਰ 2017, ਪੰਨਾ-7

[175]"ਬਾਬੂ ਜੇਹਾ ਇੱਕ ਘਾਹ, ਜਿਹ ਦਾ ਦਾਣਾ ਗਰੀਬ ਲੋਕ ਰਿੰਨ੍ਹਕੇ ਅਥਵਾ ਪੀਹਕੇ ਆਟੇ ਦੀ ਰੋਟੀ ਪਕਾਕੇ ਖਾਂਦੇ ਹਨ." ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-351)

[176]"The two (Guru Nanak and Mardana) started again and soon reached near Tulamba in the modern district of Multan, Pakistan.Five or six furlongs from the present railway station of Mukhdumpur on the Khanewal-Shorekot line, there was the habitation of a notorious *thug* named Sajjan.To all appearances he was a holy man.He dressed himself in pure, spotless white, put on a tilak mark on his forehead like Hindu men of religion, wore a rosary round his neck like muhammadan *faqirs,* and carried a pilgrim's staff in his hand.He called himself a Sheikh.He had built, side by side, a temple for the Hindus and a mosque for the Muslims.His habitation was a spacious building in which he provided food and lodgings to travellers.When night came on, he dismissed his guests to sleep.He and his men fell upon his unsuspecting guests at night, relieved them of their valuables, and threw their bodies into a secret well in which they perished." (Prof. Kartar Singh, 'Guru Nanak Dev Life and Teachings', pg. 91)

[177]'ਠਗਉਲੀ- ਠਗਮੂਰੀ, ਓਹ ਬੂਟੀ ਜੋ ਪਿਛਲੇ ਸਮੇਂ ਠੱਗ ਰਾਹੀਆਂ ਨੂੰ ਖਵਾ ਕੇ ਬੇਸੁਧ ਕਰ ਦਿੰਦੇ ਸਨ ਅਤੇ ਲੁੱਟ ਲੈਂਦੇ ਸਨ।' (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-643)

[178]"The evil of child marriage was also prevalent in the society, more especially among the Hindus." (Dr. A.C. Arora & D.S. Dhillon, 'Historical Background to the Age of Guru Amar Das', pg. 12)

[179]'ਚਿੱਟਾ ਚੰਦਨ ਜੋ ਸੁਗੰਧ ਦੇਣ ਵਾਲਾ ਹੁੰਦਾ ਹੈ' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-859)

[180]"ਚੌਦ੍ਹਵੇਂ ('ਲਲਿਤ ਵਿਸਤਾਰ' ਪੁਸਤਕ, ਜਿਸ ਵਿੱਚ ਬੁੱਧ ਦੀ ਜੀਵਨੀ ਹੈ, ਦਾ ਚੌਧਵਾਂ ਪਰਿਵਰਤ/ਅਧਿਆਇ) ਵਿਚ ਉਹ ਮਨੁੱਖੀ ਜੀਵਨ ਦੇ ਚਾਰ ਕਰੂਰ ਚਿਤ੍ਰ, ਬੁੱਢੇ, ਰੋਗੀ, ਮ੍ਰਿਤਿਕ ਤੇ ਸਨਿਆਸੀ ਵੇਖਦਾ ਹੈ।" (ਡਾ. ਪਿਆਰ ਸਿੰਘ, 'ਗੁਰੂ ਨਾਨਕ ਸਬੰਧੀ ਤਿੰਨ ਖੋਜ-ਪੱਤਰ', ਪੰਨਾ-4)

[181]"ਫਿਰ ਜਦੋਂ ਵਰਣਮਾਲਾ ਪੜ੍ਹਨ ਦਾ ਸਮਾਂ ਆਇਆ, ਤਾਂ ਬੋਧੀਸਤਵ ਪਾਠਸ਼ਾਲਾ ਦੇ ਦਸ ਹਜ਼ਾਰ ਬੱਚਿਆਂ ਨਾਲ ਮਿਲ ਕੇ ਵਰਣਮਾਲਾ ਉਚਾਰਨ ਲੱਗਾ।ਉਸ ਸਮੇਂ ਬੋਧੀਸਤ- ਦੇ ਬਲ ਪ੍ਰਤਾਪ ਨਾਲ ਹਰੇਕ ਅੱਖਰ ਵਿੱਚੋਂ ਧਰਮ-ਉਪਦੇਸ਼ ਦੀਆਂ ਧੁਨੀਆਂ ਗੂੰਜਣ ਲੱਗੀਆਂ... ... ... ਜ ਕਹਿਣ ਨਾਲ ਜਰਾਮਰਣਸਮਤਿਕ੍ਰਮਣ - 'ਜਰਾ ਮਰਨ ਉਤੇ ਵਿਜੈ ਪ੍ਰਾਪਤੀ' ਦਾ" (ਡਾ. ਪਿਆਰ ਸਿੰਘ, 'ਗੁਰੂ ਨਾਨਕ ਸਬੰਧੀ ਤਿੰਨ ਖੋਜ-ਪੱਤਰ', ਪੰਨਾ-13)

[182]'ਅਵਾਜ਼, ਖ਼ਬਰ।' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1376)

[183] ਤੀਜੈ ਭਯਾ ਭਾਭੀ ਬੇਬ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-137)

[184]'ਛੋਟੇ, ਅੰਞਾਣ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-957

[185]'ਓੜਕ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1368)

[186]ਉਧਰਿਤ ਭਾਈ ਗੁਰਦਾਸ ਜੀ, 'ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-951

[187]"Since the Guru (Guru Nanak Dev Ji) passed most of his time in solitude, it was thought by elders that the boy was suffering from some ailment; therefore they called in the family doctor. When he began to feel the pulse of the boy… …"(Surinder Singh Kohli, 'Philosophy of Guru Nanak', pg. 2)

[188]" 'ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ' ਵਿਚ ਉਸ ਸਮੇਂ ਦੇ ਸਮਾਜ ਵਿਚ ਵੈਦ ਦੇ ਸਤਿਕਾਰ ਦਾ ਖਿਆਲ ਆਇਆ ਹੈ... ...।" (ਡਾ. ਤਾਰਨ ਸਿੰਘ, 'ਗੁਰੂ ਅੰਗਦ ਦੇਵ ਜੀ', ਪੰਨਾ-20)

[189]"ਇਹ ਦੇਖ ਕੇ ਮਹਿਤਾ ਕਾਲੂ ਨੇ (ਗੁਰੂ) ਨਾਨਕ ਨੂੰ ਕੁਝ ਰੁਪਏ ਦਿਤੇ ਤਾਂ ਕਿ ਹੱਟੀ ਲਈ ਸੌਦਾ ਲਿਆ ਕੇ ਉਨ੍ਹਾਂ ਦਾ ਪੁੱਤਰ ਦੁਕਾਨਦਾਰੀ ਕਰੇ।" (ਡਾ. ਗੋਪਾਲ ਸਿੰਘ, 'ਗੁਰੂ ਨਾਨਕ', ਪੰਨਾ-8)

[190]'ਚਾਰ ਮਾਸੇ ਦਾ ਤੋਲ।' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-147)

[191]"That Kabir was brought up in a weaver's family has been referred to by himself in the *Bani* recovered in the *Guru Granth*, the holy scripture of the Sikhs." (Dr. Jodh Singh, 'Kabir', pg. 4)

[192]'ਲੋਹੇ ਦਾ ਪਿੰਡ, ਜੋ ਲੋਹੇ ਆਦਿ ਧਾਤੂਆਂ ਦੇ ਘੜਨ ਲਈ ਲੋਹਾਰਾਂ ਦੇ ਕਾਰਖਾਨੇ ਹੁੰਦਾ ਹੈ.ਇਸ ਉੱਪਰ ਲੋਹਾ, ਠੰਢਾ ਜਾਂ ਗਰਮ, ਰੱਖਕੇ ਘਨ (ਹਥੌੜੇ) ਨਾਲ ਘੜਿਆਜਾਂਦਾ ਹੈ.' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-32)

[193]'ਮਲਾਹ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1367)

[194]" 'ਅਬੂ ਤਾਲਿਬ (ਹਜ਼ਰਤ ਮੁਹੰਮਦ ਸਾਹਿਬ ਦੇ ਚਾਚਾ) ਇਕ ਵਪਾਰੀ ਸੀ ਤੇ ਵਪਾਰ ਕਰਨ ਲਈ ਆਲੇ ਦੁਆਲੇ ਦੇ ਦੇਸਾਂ ਵਿਚ ਜਾਂਦਾ ਸੀ...।"
(ਇਸਲਾਮ ਤੇ ਗੁਰਮਤਿ', ਪੰਨਾ-2)

[195]'ਹੋਰ ਦੇਸ਼ ਵਿਚ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-599)

[196]'ਪਰਦੇਸ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-791)

[197]'ਅਰਬੀ ਦੀਬਾਜਾ, ਫ਼ਾਰਸੀ ਦੀਬਾਜਾ ਜੋ ਬਹੁਤ ਟੀਪ-ਟਾਪ ਕਰਕੇ ਲਿਖਿਆ ਹੁੰਦਾ ਸੀ।' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-140)

[198]ੳ. "ਇੱਕ ਤੋਲ, ਜੋ ਦੇਸ਼ ਕਾਲ ਦੇ ਭੇਦ ਨਾਲ ਬਦਲਦਾ ਰਹਿੰਦਾ ਹੈ.ਅਲਾਉੱਦੀਨ ਖ਼ਿਲਜੀ ਵੇਲੇ 12 ਸੇਰ ਕੱਚੇ ਦਾ ਮਨ ਸੀ.ਕਈ ਦੇਸ਼ਾਂ ਵਿੱਚ ਦੋ ਸੇਰ ਦਾ ਮਨ ਭੀ ਹੋਇਆ ਕਰਦਾ ਸੀ.ਕਰਨਲ ਟਾਡ ਨੇ ਚਾਰ ਸੇਰ ਦੇ ਮਨ ਦਾ ਭੀ ਜਿਕਰ ਕੀਤਾ ਹੈ." ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-948)

ਅ. "ਉਨ੍ਹੀਂ ਦਿਨੀਂ ਮਣ ਛੋਟਾ ਹੁੰਦਾ ਸੀ" ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1286, ਨੋਟ 13)

ਏ."The 'maund' in early times weighed less than now." (Dr. Gurbachan Singh Talib, 'The Punjab Past and Present', October 1973, pg. 319)

[199]'ਪਟੀ- ਅੱਖਰ ਲਿਖਣ ਦੀ ਤਖ਼ਤੀ' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-737)

[200]'ਪਟੰਤਰਾ: ਪਟ+ਅੰਤਰਾ= ਪਟੇ ਦਾ ਭੇਦ। ਸਰਕਾਰੀ ਪਟੇ ਬੜੀਆਂ ਗੂੜ੍ਹ ਲਿਖਤਾਂ ਹੁੰਦੀਆਂ ਹਨ, ਉਨ੍ਹਾਂ ਦਾ ਸਮਝਣਾ ਔਖਾ ਹੁੰਦਾ ਹੈ।' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-788)

[201]'ਪੰਦਿ=ਸਿੱਖਿਆ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-91)

[202]'ਦੰਦ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1361)

[203]'ਗਾਰੁੜ-ਮੰਤ੍ਰ ਜਾਣਨ ਵਾਲਾ; ਸੱਪ ਦਾ ਜ਼ਹਰ ਹਟਾਣ ਵਾਲਾ ਮੰਤਰ ਜਾਨਣ ਵਾਲਾ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5860)

[204]ਗੁਰੂ ਗ੍ਰੰਥ ਸਾਹਿਬ ਦਰਪਣ, ਪੰਨਾ-2151

[205]'ਮੋਹ ਲੈਣ ਵਾਲੀ, ਠਗਣੀ, ਚੁੜੇਲ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-2151)

[206]"ਲੰਮਾ ਪਿੰਡ ਦੀ ਗੁਲਮਰਗ ਕਲੋਨੀ 'ਚ ਅੱਠ ਸਾਲ ਦੀ ਉਰਮਿਲਾ ਨੂੰ ਤੰਤਰ-ਮੰਤਰ ਲਈ ਦੋਸ਼ੀਆਂ ਨੇ ਲਾਂਬੜਾ 'ਚ ਮਾਰੇ ਗਏ ਸੱਤ ਸਾਲ ਦੇ ਗੋਪੀ ਵਾਂਗ ਉਸ ਦੀ ਧੌਣ ਮਰੋੜ ਕੇ ਮਾਰਿਆ ਗਿਆ ਸੀ। ... ... ...ਜਾਂਚ 'ਚ ਉਸ ਦੇ ਸੱਜੇ ਹੱਥ ਦਾ ਪੰਜਾ ਤੇ ਖੱਬੇ ਹੱਥ ਦੀਆਂ ਉਂਗਲੀਆਂ ਕੱਟੀਆਂ ਹੋਈਆਂ ਸਨ। ਜਦਕਿ ਧੌਣ ਮਰੋੜੀ ਹੋਈ ਸੀ।" (ਰੋਜ਼ਾਨਾ 'ਪੰਜਾਬੀ ਜਾਗਰਣ', ਜਲੰਧਰ ਜਾਗਰਣ ਐਡੀਸ਼ਨ, ਮਿਤੀ 12.08.2016, ਪੰਨਾ-1)

[207]'ਬਾਲ ਸੁਭਾਵੀ', ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1378)

[208]"ਜੇ ਇਸਤ੍ਰੀ ਮਰ ਜਾਏ ਤਾਂ ਹੋਰ ਇਸਤ੍ਰੀ ਦੀ ਭਾਲ ਕਰੀਦੀ ਹੈ...।" ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-1890)

[209]'ਰੋਜ਼' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-471)

[210]'ਅੰਨ੍ਹੇ ਖੂਹ, ਬਹੁਤ ਹੀ ਮੂਰਖ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1246)

[211]'ਪਟ+ਅੰਤਰਾ = ਪਟੇ ਦਾ ਭੇਦ। ਸਰਕਾਰੀ ਪਟੇ ਬੜੀਆਂ ਗੂੜ੍ਹ ਲਿਖਤਾਂ ਹੁੰਦੀਆਂ ਹਨ, ਉਨ੍ਹਾਂ ਦਾ ਸਮਝਣਾ ਔਖਾ ਹੁੰਦਾ ਹੈ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-788)

[212]'ਵਿਚੋਲਾ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-957)

[213]'ਛੱਪੜ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1367)

[214]'ਨਿਯਮ ਐਸਾ ਬੱਝਾ ਹੋਇਆ ਹੈ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5146)

[215]'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-365

[216]'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-576

[217]'ਪ੍ਰਸਤਾਵਨਾ' ('Oxford Illustrated Dictionary', pg. 563)

[218]'ਉਪਸੰਹਾਰ' ('Oxford Illustrated Dictionary', pg.236)

[219]"ਇਹ ਸ਼ਲੋਕ ਮੁਸਲਮਾਣ ਪ੍ਰਤਿ ਹੈ...।" ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-319)

[220]'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-99

[221]"ਬੰਨ੍ਹਿ- (ਅੱਖਰ 'ਨ' ਦੇ ਹੇਠ ਅੱਧਾ 'ਹ' ਹੈ) ਬੰਨ੍ਹ ਕੇ।" (ਗੁਰੂ ਗ੍ਰੰਥ ਸਾਹਿਬ ਦਰਪਣ, ਪੰਨਾ-5944)

[222]ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ॥

ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-89)

[223]ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ॥

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-789)

[224]ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1371)

[225]ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1096)

[226]ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ॥ (ਮ:੪,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-303)

[227]ਖੇਤਿ ਸਰੀਰਿ ਜੋ ਬੀਜਿਆ ਸੋ ਅੰਤਿ ਖਲੋਆ ਆਇ॥ (ਮਹਲਾ੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1417)

[228]ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥ (ਮ:੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-468)

[229]ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ॥ (ਮ:੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-592)

ਹਉਮੈ ਰੋਗ ਕਮਾਵਣਾ ਅਤਿ ਦੀਰਘੁ ਬਹੁ ਸੁਆਉ॥ (ਮ:੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-850)

[230]ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਅ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ (ਸਲੋਕ ਸੇਖ ਫਰੀਦ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1384

[231]ਮਾਇਆ ਮੋਹਿ ਪਲੇਟਿਆ ਅੰਤਰਿ ਅਗਿਆਨੁ ਗੁਬਾਰੁ॥ (ਮਹਲਾ ੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1417)

[232]ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥
ਹਰਖ ਸੋਗ ਦਾਝੈ ਨਹੀ ਤਬ ਹਰਿ ਆਪੇ ਆਪਿ॥ (ਸਲੋਕ ਭਗਤ ਕਬੀਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1374)

[233]ਅੰਤਰਿ ਚਿੰਤਾ ਨੀਦ ਨ ਸੋਵੈ॥ (ਮ:੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-646)

[234]ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ॥ (ਬਾਵਨ ਅਖਰੀ ਮਹਲਾ ੫,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-258)

[235]ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ (ਸਲੋਕ ਮਹਲਾ ੯,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1429)

[236]ਚਿੰਤਾ ਧਾਵਤ ਰਹਿ ਗਏ ਤਾਂ ਮਨਿ ਭਇਆ ਅਨੰਦੁ॥ (ਮਹਲਾ ੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1415)

[237]ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ (ਸਲੋਕ ਮਹਲਾ੯,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1427)

[238]'ਚੀਨੀ ਦਰਸ਼ਨ: ਤਾਓਵਾਦ', ਪੰਨਾ-117

[239]ਪਰ ਨਿੰਦਾ ਕਰੇ ਅੰਤਰਿ ਮਲੁ ਲਾਏ॥ (ਮ:੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-88)

[240]ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ॥
ਨਾਨਕ ਆਸਾ ਪੂਰੀਆ ਸਚੇ ਸਿਉ ਚਿਤੁ ਲਾਇ॥ (ਸਲੋਕ ਮ:੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-517)

[241]ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ॥ (ਮ:੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 649-50)

[242]ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ॥ (ਸਲੋਕ ਭਗਤ ਕਬੀਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1364)

[243]ਅਨੇਕ ਪਾਤਿਕ ਹਰਣੰ ਨਾਨਕ ਸਾਧ ਸੰਗਮ ਨ ਸੰਸਯਹ॥ (ਸਲੋਕ ਸਹਸਕ੍ਰਿਤੀ ਮਹਲਾ ੫,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1361)

[244]ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ॥ (ਬਾਵਨ ਅਖਰੀ ਮਹਲਾ ੫,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-259)

[245]ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥
ਚਿਤ ਹਰਣੰ ਤ੍ਰੈ ਲੋਕ ਗੰਮ੍ਯੰ ਜਪ ਤਪ ਸੀਲ ਬਿਦਾਰਣਹ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥ (ਸਲੋਕ ਸਹਸਕ੍ਰਿਤੀ ਮਹਲਾ ੫,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1358)

[246]ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥
ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ॥ (ਸਲੋਕ ਮ:੪,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-308)

[247]ਜੁਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ॥ (ਮ:੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-472)

[248]ਕੂੜਿ ਕਮਾਣੈ ਕੂੜੋ ਹੋਵੈ॥ (ਮਹਲਾ ੨,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-474)

[249]ਖਿਨ ਮਹਿ ਝੂਠ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ॥ (ਸਲੋਕੁ ਮ:੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-786)

[250]ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥

... ... ... ... ... ... ... ...

ਝੂਠਾ ਮਦੁ ਨ ਪੀਚਈ ਜੇ ਕਾ ਪਾਰਿ ਵਸਾਇ॥ (ਸਲੋਕ ਮ:੩,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-554)

[251]ਇਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ (ਮਰਦਾਨਾ ੧,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-553)

[252]ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥ (ਸਲੋਕ ਭਗਤ ਕਬੀਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1377)

[253]ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥ (ਮ:੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-473)

[254]ਫਕੜ ਜਾਤੀ ਫਕੜੁ ਨਾਉ (ਮ:੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-83)

[255]ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ। ।
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥ (ਮ:੧, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1288)

[256]ਉਤਮ ਮਧਿਮ ਜਾਤੀ ਜਿਨਸੀ ਭਰਮਿ ਭਵੈ ਸੰਸਾਰੁ॥ (ਸਲੋਕ ਮ:੨,ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1243)

[257]"ਸਿੰਧ ਬਾਰੇ ਕਿਹਾ ਜਾਂਦਾ ਹੈ ਕਿ ਬਹੁਤੇ ਸਿੰਧੀ ਲੜਕੀ ਨੂੰ ਸ਼ਾਦੀ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਿੰਦੇ ਸਨ।" (ਹਰਦੇਵ ਸਿੰਘ ਧਾਲੀਵਾਲ, ਸੇਵਾਮੁਕਤ ਐੱਸ. ਐੱਸ. ਪੀ., ਰੋਜ਼ਾਨਾ 'ਪੰਜਾਬੀ ਜਾਗਰਣ' ਮਿਤੀ 28.04.2016)

[258]ਸਾਲ 2016 ਦੇ ਮਈ ਮਹੀਨੇ ਵਿੱਚ ਦੋ ਸਿੱਖ ਜੱਥੇਬੰਦੀਆਂ ਦੇ ਆਪਸੀ ਵਿਵਾਦ ਨੂੰ ਵਧਦੇ ਦੇਖ ਕੇ ਹਰਮਿੰਦਰ ਸਿੰਘ ਭੱਟ ਦੁਆਰਾ ਰੋਜ਼ਾਨਾ 'ਪੰਜਾਬੀ ਜਾਗਰਣ'ਦੇ ਸੰਪਾਦਕ ਨੂੰ ਲਿਖੇ ਪੱਤਰ ਦੇ ਸ਼ਬਦ ਹਨ, "ਅਫ਼ਸੋਸ ਤਾਂ ਇਸ ਗੱਲ ਦਾ ਹੈ ਕਿ ਜਿਸ ਕੌਮ ਦੇ ਸੰਸਥਾਪਕ ਨਿਮਰਤਾ ਦੇ ਪੁੰਜ, ਸਰਬੱਤ ਦੇ ਭਲੇ ਲਈ ਅਰਦਾਸਾਂ ਕਰਦੇ ਹੋਣ, ਉਨ੍ਹਾਂ ਦੇ ਹੀ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਤ ਕਰਨ ਵਾਲੇ ਪ੍ਰਚਾਰਕ ਅਤੇ ਆਗੂ ਆਪਣੇ ਹੀ ਸਿੱਖੀ ਸਰੂਪਵਾਲੇ ਵਜੂਦ ਨਾਲ ਪੱਖਪਾਤ ਕਰ ਕੇ ਉਸ ਦਾ ਖ਼ਾਤਮਾ ਕਰਨਾ ਚਾਹ ਰਹੇ ਹੋਣ ਤਾਂ ਫਿਰ ਅਜਿਹੇ 'ਚ ਕੀ ਉਸ ਕੌਮ ਦੇ ਸੁਨਿਹਰੀ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ? " (ਮਿਤੀ 28.05.2016)

[259]ਹਰਦੇਵ ਸਿੰਘ ਧਾਲੀਵਾਲ, ਸੇਵਾਮੁਕਤ ਐੱਸ. ਐੱਸ. ਪੀ.ਮਿਤੀ 28.04.2016 ਨੂੰ ਰੋਜ਼ਾਨਾ 'ਪੰਜਾਬੀ ਜਾਗਰਣ' ਵਿੱਚ 'ਪੰਥਕ ਮਹਾਂਰਥੀਓ! ਸਹਿਜਧਾਰੀਆਂ ਬਾਰੇ ਵੀ ਸੋਚੋ' ਸਿਰਲੇਖ ਅਧੀਨ ਛਪੇ ਲੇਖਵਿੱਚ ਲਿਖਦੇ ਹਨ, "ਸੰਨ 1944 ਵਿਚ ਸਿੱਖ ਲੀਡਰਸ਼ਿਪ ਬਹੁਤ ਸਿਆਣੀ ਤੇ ਸੁਲਝੀ ਹੋਈ ਸੀ। ਉਸ ਸਮੇਂ ਬਹੁਤ ਵੱਡੇ-ਵੱਡੇ ਵਿਦਵਾਨ ਸਨ। ਸਿੱਖੀ ਦੀ ਪ੍ਰਗਤੀ ਲੋਚਦੇ ਸਨ। ਸਿੱਖ ਆਚਰਨ ਤੇ ਵਾਤਾਵਰਨ ਕਰਕੇ ਹੀ ਉਨ੍ਹਾਂ ਦੇ ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਹੱਕ ਦਿਵਾਇਆ ਹੋਵੇਗਾ। ਅਕਾਲ ਤਖਤ ਦੀ ਸਲਾਹਕਾਰ ਕਮੇਟੀ ਵਿਚ ਸਿੱਖਾਂ ਦੀ ਹਰ ਸੰਪਰਦਾ ਦਾ ਮੈਂਬਰ ਹੁੰਦਾ ਸੀ। ਸਿੱਖਾਂ ਦੀ ਲੀਡਰਸ਼ਿਪ ਵਿਚ ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਗਿਆਨੀ ਕਰਤਾਰ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਜਥੇਦਾਰ ਪ੍ਰੀਤਮ ਸਿੰਘ ਗੁੱਜਰਾਂ ਵਰਗੇ ਸਿਦਕੀ ਸਿੱਖ ਲੀਡਰ ਸਨ। ਉਹ ਸਹਿਜਧਾਰੀਆਂ ਨੂੰ ਪੰਥਕ ਨਰਸਰੀ ਸਮਝਦੇ ਸਨ ਅਤੇ ਕਹਿੰਦੇ ਸੀ ਕਿ ਇਹ ਸਿੱਖ ਹਨ।"

[260]ਮਿਤੀ 15.02.2017 ਨੂੰ ਸਵੇਰੇ 10:30 ਵਜੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਵਿੱਚ ਸਥਿਤ 'ਗੁਰੂ ਗ੍ਰੰਥ ਸਾਹਿਬ ਭਵਨ' ਵਿਖੇ ਉਕਤ ਮੁੱਦੇ ਤੇ ਆਪ ਜੀ ਨਾਲ ਚਰਚਾ ਹੋਈ।

[261]ਮਿਤੀ 12.01.2017 ਨੂੰ ਸਵੇਰੇ 8:50 ਵਜੇ ਵਿਸ਼ਵ-ਪ੍ਰਸਿੱਧ ਵਾਤਾਵਰਨ ਪ੍ਰੇਮੀ (ਜਿਹੜੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਿਰਤੀ ਸੰਭਾਲ ਦੇ ਆਸ਼ੇ ਨੂੰ, ਮੁੱਖ ਤੌਰ 'ਤੇ, ਨਾਲ ਲੈ ਕੇ ਅੱਗੇ ਵਧ ਰਹੇ ਹਨ) ਸੰਤ ਬਲਬੀਰ ਸਿੰਘ ਜੀ ਸੀਚੇਵਾਲ ਨਾਲ ਉਨ੍ਹਾਂ ਦੇ ਡੇਰੇ (ਸੀਚੇਵਾਲ) ਵਿਖੇ ਇਸ ਪ੍ਰਸ਼ਨ ਸਬੰਧੀ ਚਰਚਾ ਹੋਈ।

[262]ਮਿਤੀ 27.01.2017 ਨੂੰ ਸਵੇਰੇ 9:35 ਵਜੇ ਤੋਂ 10:10 ਵਜੇ ਤੱਕ ਸੰਤ ਦਿਲਾਵਰ ਸਿੰਘ ਜੀ ਬ੍ਰਹਮ ਜੀ ਨਾਲ ਉਨ੍ਹਾਂ ਦੇ ਡੇਰੇ (ਜੱਬੜ, ਜਲੰਧਰ) ਵਿਖੇ ਉਕਤ ਮੁੱਦੇ 'ਤੇ ਵਿਚਾਰ ਕੀਤੀ ਗਈ।

[263]ਮਿਤੀ 18.02.2017 ਨੂੰ ਸ਼ਾਮ 4:19 ਵਜੇ ਡਾ. ਰਤਨ ਸਿੰਘ ਜੱਗੀ ਜੀ ਨਾਲ ਫ਼ੋਨ ਉੱਪਰ ਉਕਤ ਮੁੱਦੇ 'ਤੇ ਚਰਚਾ ਹੋਈ।

[264]ਮਿਤੀ 16.02.2017 ਨੂੰ ਆਪ ਦਸ਼ਮੇਸ਼ ਗਰਲਜ਼ ਕਾਲਜ, ਚੱਕ ਅੱਲ੍ਹਾ ਬਖ਼ਸ਼, ਮੁਕੇਰੀਆਂ ਵਿਖੇ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ: ਜੀਵਨ ਅਤੇ ਦਰਸ਼ਨ' ਵਿਸ਼ੇ 'ਤੇ ਆਯੋਜਿਤ ਸੈਮੀਨਾਰ ਵਿੱਚ ਸ਼ਾਮਲ ਹੋਣ ਲਈ ਆਏ ਹੋਏ ਸਨ, ਜਿੱਥੇ ਇਸ ਪ੍ਰਸ਼ਨ 'ਤੇ ਆਪ ਜੀ ਨਾਲ ਚਰਚਾ ਹੋਈ।

[265]ਮਿਤੀ 20.02.2017 ਨੂੰ ਡਾ. ਜਸਪਾਲ ਕੌਰ ਕਾਂਗ ਜੀ ਨਾਲ ਸ਼ਾਮ 5:43 ਵਜੇ ਫ਼ੋਨ ਉੱਪਰ ਇਸ ਮੁੱਦੇ 'ਤੇ ਚਰਚਾ ਕੀਤੀ ਗਈ।

[266]ਮਿਤੀ 15.02.2017 ਨੂੰ ਸਵੇਰੇ 10:55 ਵਜੇ ਡਾ. ਗੁਲਜ਼ਾਰ ਸਿੰਘ ਕੰਗ ਜੀ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵਿਖੇ ਉਕਤ ਮੁੱਦੇ 'ਤੇ ਚਰਚਾ ਹੋਈ।

[267]ਮਿਤੀ 13.01.17 ਨੂੰ ਆਪ ਜੀ ਨਾਲ 12:41 ਵਜੇ ਤੋਂ 12:54 ਵਜੇ ਤੱਕ ਆਪ ਜੀ ਦੇ ਫ਼ੋਨ 'ਤੇ ਗੱਲ ਹੋਈ।

[268]ਆਪ ਜੀ ਨੇ ਉਕਤ ਮੁੱਦੇ ਦਾ ਉੱਤਰ ਈ-ਮੇਲ ਰਾਹੀਂ ਭੇਜਿਆ ਹੈ।

[269]ਆਪ ਜੀ ਨਾਲ ਮਿਤੀ 12.01.17 ਨੂੰ 12:30 ਵਜੇ ਕਾਲਜ ਵਿਖੇ ਉਕਤ ਸੁਆਲ ਬਾਰੇ ਚਰਚਾ ਕੀਤੀ ਗਈ।

[270]ਆਪ ਜੀ ਨਾਲ ਮਿਤੀ 12.01.17 ਨੂੰ 2:20 ਵਜੇ ਕਾਲਜ ਵਿਖੇ ਉਕਤ ਪ੍ਰਸ਼ਨ ਸਬੰਧੀ ਚਰਚਾ ਕੀਤੀ ਗਈ।

[271]ਆਪ ਨੇ ਸੱਤ ਐੱਮ.ਏ. ਕੀਤੀਆਂ ਹੋਈਆਂ ਹਨ ਅਤੇ ਗੁਰਮਤਿ ਖੇਤਰ ਵਿੱਚ ਡਾੱਕਟਰੇਟ ਹਨ। ਮਿਤੀ 12.01.17 ਨੂੰ 1:05 ਵਜੇ ਕਾਲਜ ਵਿਖੇ ਉਕਤ ਪ੍ਰਸ਼ਨ ਸਬੰਧੀ ਆਪ ਜੀ ਨਾਲ ਚਰਚਾ ਕੀਤੀ ਗਈ।

# ਅਧਿਆਇ ਤੀਜਾ

# ਧਾਰਮਿਕ ਸਰੋਕਾਰਾਂ ਸਬੰਧੀ ਵਿਚਾਰਧਾਰਾ ਅਤੇ ਉਨ੍ਹਾਂ ਦੀ ਅਜੋਕੀ ਸਥਿਤੀ

## 3.1 ਤਤਕਾਲੀ ਧਾਰਮਿਕ ਪ੍ਰਸਥਿਤੀਆਂ

ਸਭ ਤੋਂ ਪਹਿਲਾਂ ਧਰਮ ਦੀ ਪਰਿਭਾਸ਼ਾ ਬਾਰੇ ਚਰਚਾ ਜਰੂਰੀ ਹੈ। ਧਰਮ ਤੋਂ ਭਾਵ ਹੈ, "ਜੋ ਸੰਸਾਰ ਨੂੰ ਧਾਰਨ ਕਰਦਾ ਹੈ.ਜਿਸ ਦੇ ਆਧਾਰ ਵਿਸ਼੍ਵਹੈ, ਉਹ ਪਵਿਤ੍ਰ ਨਿਯਮ." (ਨਾਭਾ, ਮਹਾਨ ਕੋਸ਼ 662)। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਧਾਰਮਿਕ ਹਾਲਾਤਾਂ ਸਬੰਧੀ ਚੋਖੀ ਜਾਣਕਾਰੀ ਮਿਲਦੀ ਹੈ। ਇਸ ਬਾਣੀ-ਰੂਪ ਵਿਚ ਤਤਕਾਲੀ ਧਾਰਮਿਕ ਭੇਖਾਂ, ਧਾਰਮਿਕ ਸ਼ਖ਼ਸੀਅਤਾਂ ਦੇ ਜੀਵਨ-ਢੰਗ ਅਤੇ ਕਰਮ-ਕਾਂਡ ਬਾਰੇ ਵਿਆਪਕ ਸੂਚਨਾ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਤਤਕਾਲੀ ਧਾਰਮਿਕ ਹਾਲਾਤਾਂ ਦਾ ਨਕਸ਼ਾ ਉਲੀਕਦੇ ਹੋਏ ਫ਼ਰਮਾਉਂਦੇ ਹਨ ਕਿ ਦੁਨੀਆ ਦੀ ਨਜ਼ਰ ਵਿਚ ਗਿਆਨੀ ਸਮਝੇ ਜਾਂਦੇ ਮਨੁੱਖ (ਜਿਨ੍ਹਾਂ ਨੇ ਪਰਜਾ ਨੂੰ ਗਿਆਨ ਦੇਣਾ ਸੀ) ਨੱਚਦੇ ਹਨ, ਉਹ ਵਾਜੇ ਵਜਾਉਂਦੇ ਹਨ ਅਤੇ ਰੂਪ ਵਟਾ ਕੇ ਤਰ੍ਹਾਂ-ਤਰ੍ਹਾਂ ਦੇ ਸਵਾਂਗ ਰਚਦੇ ਹਨ। ਉਹ ਉੱਚੀ-ਉੱਚੀ ਕੂਕ ਕੇ ਯੋਧਿਆਂ (ਲੜਾਈਆਂ-ਝਗੜਿਆਂ) ਦੀਆਂ ਕਹਾਣੀਆਂ ਸੁਣਾਉਂਦੇ ਹਨ। ਪੜ੍ਹੇ ਹੋਏ, ਮੂਰਖਾਂ ਦੀ ਤਰ੍ਹਾਂ ਵਿਵਹਾਰ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਚਲਾਕੀ ਨੂੰ ਹੀ ਦਲੀਲ ਸਮਝਿਆ ਹੋਇਆ ਹੈ। ਇਸ ਚਲਾਕੀ (ਪੜ੍ਹਾਈ) ਦਾ ਇਸਤੇਮਾਲ ਉਹ ਧਨ-ਸੰਪੱਤੀ ਇਕੱਠੀ ਕਰਨ ਲਈ ਕਰਦੇ ਹਨ। ਧਰਮੀ ਸਮਝੇ ਜਾਂਦੇ ਲੋਕ ਆਪਣਾ ਜਸ ਕਰਵਾ ਕੇ ਖ਼ੁਸ਼ ਹੁੰਦੇ ਹਨ ਅਤੇ ਆਪਣੇ ਕੀਤੇ ਹੋਏ ਧਰਮ-ਕਰਮ ਬਦਲੇ ਮੁਕਤੀ ਉੱਪਰ ਆਪਣਾ ਹੱਕ ਸਮਝਦੇ ਹਨ। ਆਪਣੇ ਆਪ ਨੂੰ ਜਤੀ ਅਖਵਾਉਣ ਵਾਲੇ ਜਤ ਦੀ ਜੁਗਤ ਨਹੀਂ ਜਾਣਦੇ ਭਾਵ ਉਹ ਇਹ ਨਹੀਂ ਜਾਣਦੇ ਕਿ ਗ੍ਰਿਹਸਥ ਦੇ ਵਿਚ ਰਹਿੰਦਿਆਂ ਵੀ ਜਤ ਕਮਾਇਆ ਜਾ ਸਕਦਾ ਹੈ। ਬਜਾਇ ਇਸ ਦੇ, ਉਹ ਘਰ-ਬਾਰ ਛੱਡ ਜਾਂਦੇ ਹਨ। ਹਰ ਕੋਈ ਆਪਣੇ ਆਪ ਨੂੰ ਸੰਪੂਰਨ ਸਮਝਦਾ ਹੈ, ਕੋਈ ਵੀ ਆਪਣੇ ਅੰਦਰਲੀ ਕਿਸੇ ਕਮੀ ਨੂੰ ਮੰਨਣ ਲਈ ਤਿਆਰ ਨਹੀਂ:

> ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥
> ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥
> ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥
> ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥
> ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥
> ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥ (ਮ:੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਇਸਲਾਮੀ ਸੱਤਾ ਦੇ ਦੌਰ ਵਿਚ ਭਾਰਤੀ (ਹਿੰਦੂ) ਅੰਦਰ ਬੈਠ ਕੇ ਪੂਜਾ ਕਰਦਾ ਹੈ (ਤੁਰਕਾਂ ਤੋਂ ਡਰਦਾ ਹੋਇਆ) ਅਤੇ ਬਾਹਰੀ ਤੌਰ 'ਤੇ ਕੁਰਾਨ ਪੜ੍ਹਦਾ ਹੈ ਅਤੇ ਮੁਸਲਮਾਨਾਂ ਵਾਲੀ ਜੀਵਨ-ਜਾਚ ਜਿਉਂਦਾ ਹੈ:

> ਅੰਤਰਿ ਪੂਜਾ ਪੜਹਿ ਕਤੇਬਾ [1]ਸੰਜਮੁ ਤੁਰਕਾ ਭਾਈ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਗੁਰੂ ਸਾਹਿਬ ਆਖਦੇ ਹਨ ਕਿ ਤਤਕਾਲੀ ਸੱਤਾਧਾਰੀ ਲੋਕ ਪਰਜਾ ਦਾ ਲਹੂ ਪੀਂਦੇ ਹਨ (ਵੱਢੀ ਖਾਂਦੇ ਹਨ) ਅਤੇ ਨਾਲ ਦੀ ਨਾਲ ਨਮਾਜ਼ ਵੀ ਅਦਾ ਕਰਦੇ ਜਾਂਦੇ ਹਨ (ਧਰਮੀ ਹੋਣ ਦਾ ਪਖੰਡ ਕਰਦੇ ਹਨ)। ਇਨ੍ਹਾਂ ਸੱਤਾਧਾਰੀਆਂ ਦੇ ਮੂਹਰੇਮੁਨਸ਼ੀ (ਖੱਤਰੀ) ਜੋ ਹਨ, ਉਹ ਪਰਜਾ 'ਤੇ ਜ਼ੁਲਮ ਕਰਦੇ ਹਨ ਪਰ ਉਨ੍ਹਾਂ ਦੇ ਗਲ਼ਾਂ ਵਿਚ ਵੀ ਜਨੇਊ ਹਨ (ਭਾਵ ਉਹ ਵੀ ਧਰਮੀ ਹੋਣ ਦਾ ਪਖੰਡ ਕਰਦੇ ਹਨ)। ਅਜਿਹੇ ਅੱਤਿਆਚਾਰੀ ਅਧਿਕਾਰੀਆਂ ਦੇ ਘਰ ਜਾ ਕੇ ਬ੍ਰਾਹਮਣ ਲੋਕ ਪੂਜਾ-ਪਾਠ ਕਰਦੇ ਹਨ (ਧਾਰਮਿਕ ਕਰਮ-ਕਾਂਡ ਕਰਦੇ ਹਨ) ਅਤੇ ਅਜਿਹਾ ਕਰਨ ਨਾਲ ਉਹ ਵੀ ਬੇਈਮਾਨੀ ਨਾਲ ਇਕੱਤਰ ਕੀਤੀ ਧਨ-ਸੰਪਦਾ ਦਾ ਭੋਗ ਕਰਕੇ ਉਹੋ ਜਿਹੇ ਮਨ ਵਾਲੇ ਬਣਦੇ ਹਨ।

ਸਭ ਪਾਸੇ ਝੂਠ ਦਾ ਹੀ ਪਸਾਰਾ ਹੈ। ਸਾਰੇ ਝੂਠ ਬੋਲ ਕੇ ਹੀ ਖਾ ਰਹੇ ਹਨ। ਸ਼ਰਮ-ਹਯਾ ਅਤੇ ਸੁੱਚੀ ਜੀਵਨ-ਜਾਚ ਤਾਂ ਕਿਤੇ ਦੂਰ ਜਾ ਬੈਠੀ ਹੈ। ਹਰ ਪਾਸੇ ਝੂਠ ਦਾ ਹੀ ਬੋਲਬਾਲਾ ਹੈ। (ਖੱਤਰੀਆਂ ਦੇ) ਮੱਥੇ 'ਤੇ ਟਿੱਕਾ ਹੈ, ਤੇੜ ਗੇਰੂਏ ਰੰਗੀ ਧੋਤੀ ਹੈ (ਧਾਰਮਿਕ ਚਿੰਨ੍ਹ ਹਨ) ਪਰ ਹੱਥ ਵਿਚ (ਪਰਜਾ ਉੱਤੇ ਜ਼ੁਲਮ ਕਰਨ ਲਈ) ਛੁਰੀ ਫੜੀ ਹੋਈ ਹੈ। ਉਹ ਸੱਤਾਧਾਰੀਆਂ ਦੀ ਨਜ਼ਰ ਵਿਚ ਪਰਵਾਨ ਚੜ੍ਹਨ ਲਈ ਨੀਲੇ ਬਾਣੇ ਪਹਿਨਦੇ ਹਨ। ਉਨ੍ਹਾਂ ਦੇ ਹਾਲਾਤ ਇੰਨੇ ਨਿੱਘਰ ਚੁੱਕੇ ਹਨ ਕਿ ਜਿਨ੍ਹਾਂ ਨੂੰ ਉਹ ਆਪ ਮਲੇਛ ਕਹਿੰਦੇ ਹਨ, ਉਨ੍ਹਾਂ ਪਾਸੋਂ ਹੀ ਧਨ ਲੈ ਕੇ ਪੂਜਾ-ਪਾਠ ਕਰਦੇ-ਕਰਾਉਂਦੇ ਹਨ। ਉਹ ਜਿਸ ਭਾਸ਼ਾ ਨੂੰ 'ਅਭਾਖਿਆ' (ਨਾ ਬੋਲਣ ਯੋਗ) ਆਖਦੇ ਹਨ, ਉਸੇ ਭਾਸ਼ਾ ਵਿਚ ਹੀ ਕਲਮਾ ਪੜ੍ਹ ਕੇ ਹਲਾਲ ਕੀਤਾ ਹੋਇਆ ਬੱਕਰਾ ਖਾਂਦੇ ਹਨ। ਏਨਾ ਕੁਝ ਕਰ ਕੇ ਵੀ ਆਪਣੇ ਆਪ ਨੂੰ ਧਰਮੀ ਅਖਵਾਉਂਦੇ ਹਨ। ਉਹ ਆਪਣੇ ਚਉਕੇ ਉੱਪਰ ਕਿਸੇ ਨੂੰ ਚੜ੍ਹਨ ਨਹੀਂ ਦਿੰਦੇ ਪਰ ਆਪ ਝੂਠੇ ਹੋਣ ਦੇ ਬਾਵਜੂਦ ਚਉਕੇ ਉੱਪਰ ਸਜ ਕੇ ਬੈਠਦੇ ਹਨ। ਚਉਕਾ ਬਣਾ ਕੇ ਉਸ ਦੇ ਉਦਾਲੇ ਲਕੀਰ ਖਿੱਚਦੇ ਹਨ ਮਤਾ ਅੰਨ ਭ੍ਰਿਸ਼ਟਿਆ ਜਾਵੇ ਪਰ ਆਪ ਕੂੜੇ (ਝੂਠੇ) ਹੁੰਦੇ ਹੋਏ ਵੀ ਉਸ ਉੱਪਰ ਬੜੇ ਮਾਣ ਨਾਲ ਬੈਠਦੇ ਹਨ। ਉਹ ਮੰਦੇ ਕੰਮ ਕਰਦੇ ਹਨ ਤੇ ਅਪਵਿੱਤਰ ਮਨ ਨਾਲ ਚੁਲੀਆਂ ਭਰਦੇ ਹਨ (ਪ੍ਰਤਿੱਗਿਆ ਲੈਂਦੇ ਹਨ, ਭਾਵ ਧਾਰਮਿਕ ਪਖੰਡ ਕਰਦੇ ਹਨ):

ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਾ ਭਿ ਆਵਹਿ ਓਈ ਸਾਦ॥
ਕੂੜੀ ਰਾਸ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥
ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥
ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥
ਨੀਲ ਬਸਤ੍ਰ ਪਹਿਰਿ ਹੋਵਹਿ ਪਰਵਾਣੁ॥ ਮਲੇਛ ਧਾਨੁ ਲੈ ਪੂਜਹਿ ਪੁਰਾਣੁ॥
ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ॥
ਦੇ ਕੇ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥
ਤਨਿ ਫਿਟੈ ਫੇੜ ਕਰੇਨਿ॥ ਮਨਿ ਜੂਠੈ ਚੁਲੀ ਭਰੇਨਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471-72)

ਗੁਰੂ ਸਾਹਿਬ ਆਖਦੇ ਹਨ ਕਿ ਦੁਨੀਆ ਦੀ ਨਜ਼ਰੇ ਦਾਨੀ ਦਿਸਣ ਵਾਲਾ ਪਹਿਲਾਂ ਪਾਪਾਂ ਦੀ ਖੱਟੀ ਰਾਹੀਂ ਧਨ ਇਕੱਤਰ ਕਰਦਾ ਹੈ ਤੇ ਮਗਰੋਂ ਉਸ ਪਾਪ ਦੀ ਕਮਾਈ ਵਿੱਚੋਂ ਦਾਨ ਕਰਦਾ ਹੈ (ਭਾਵ ਦਾਨੀ ਸਦਵਾਉਂਦਾ ਹੈ)। ਗੁਰੂ ਸਮਝੇ ਜਾਂਦੇ ਮਨੁੱਖ ਆਪਣੀਆਂ ਗ਼ਰਜ਼ਾਂ ਦੀ ਪੂਰਤੀ ਹਿਤ ਚੇਲਿਆਂ ਦੇ ਘਰ ਜਾ ਕੇ ਉਨ੍ਹਾਂ ਨੂੰ ਦੀਖਿਅਤ ਕਰਦੇ ਹਨ। ਲੋਕ ਧਾਰਮਿਕ ਪੁਸਤਕਾਂ ਦਾ ਪੂਜਨ ਤਾਂ ਕਰਦੇ ਹਨ ਪਰ ਉਨ੍ਹਾਂ ਵਿਚ ਲਿਖੇ ਹੋਏ ਨੂੰ ਕੋਈ ਨਹੀਂ ਮੰਨਦਾ, ਸਭ ਆਪੋ ਆਪਣੀ ਗ਼ਰਜ਼ ਦੇ ਪੁਜਾਰੀ ਹਨ। ਕਾਜ਼ੀਆਂ ਦਾ ਕੰਮ ਤਾਂ ਪਰਜਾ ਨੂੰ ਇਨਸਾਫ਼ ਦੇਣਾ ਹੈ ਪਰ ਉਨ੍ਹਾਂ ਦਾ ਜੀਵਨ ਵੀ ਕੋਈ ਵਧੀਆ ਨਹੀਂ। ਉਹ ਹੱਥ ਵਿਚ ਤਸਬੀ ਫੜ ਕੇ ਖ਼ੁਦਾ ਦਾ ਨਾਂ ਲੈਂਦੇ ਹਨ ਪਰ ਦੂਜੇ ਪਾਸੇ ਰਿਸ਼ਵਤ ਲੈ ਕੇ ਗ਼ਲਤ ਪੱਖ ਵਿਚ ਫ਼ੈਸਲੇ ਸੁਣਾਉਂਦੇ ਹਨ। ਜੇਕਰ ਉਨ੍ਹਾਂ ਦੇ ਕੀਤੇ ਫ਼ੈਸਲੇ ਪ੍ਰਤਿ ਕੋਈ ਮਨੁੱਖ ਤਰਕ ਕਰਦਾ ਹੈ ਤਾਂ ਉਹ ਜ਼ਰੂਰਤ ਅਨੁਸਾਰ ਹਵਾਲੇ ਦੇ ਕੇ (ਤੋੜ-ਮਰੋੜ ਕੇ), ਤਰਕ ਕਰਨ ਵਾਲੇ ਨੂੰ ਚੁੱਪ ਕਰਾ ਦਿੰਦੇ ਹਨ। ਹਿੰਦੂ ਆਗੂਆਂ ਦਾ ਵੀ ਬੁਰਾ ਹਾਲ ਹੈ। ਉਹ ਤੁਰਕ ਸੱਤਾਧਾਰੀਆਂ ਦੇ ਕੰਨ ਭਰਦੇ ਰਹਿੰਦੇ ਹਨ। ਉਹ ਆਪਣੇ ਹੀ ਦੇਸ਼ਵਾਸੀਆਂ ਦੀਆਂ ਕਮਜ਼ੋਰੀਆਂ ਉਨ੍ਹਾਂ ਪਾਸ ਨਸ਼ਰ ਕਰਦੇ ਹਨ ਅਤੇ ਪਰਜਾ ਨੂੰ ਲੁਟਵਾਉਂਦੇ ਹਨ। ਐਸਾ ਹਿੰਦੂ ਤਾਂ ਕੋਈ ਵਿਰਲਾ ਹੀ ਹੈ ਜੋ ਚਉਕੇ ਦੀ (ਸੁੱਚ ਦੀ) ਰਸਮ ਕਰਦਾ ਹੋਇਆ ਆਪ ਵੀ ਸੱਚਾ-ਸੁੱਚਾ ਹੋਵੇ।

ਜਟਾਵਾਂ ਅਤੇ ਬਿਭੂਤ ਲਗਾਈ ਫਿਰਦੇ ਜੋਗੀ ਗ੍ਰਿਹਸਥੀ ਹਨ (ਆਪਣੇ ਅਕੀਦੇ ਤੋਂ ਉਲਟ ਚਲ ਰਹੇ ਹਨ)। ਉਨ੍ਹਾਂ ਦੀ ਔਲਾਦ ਉਨ੍ਹਾਂ ਦੇ ਅੱਗੇ-ਪਿੱਛੇ, ਆਪਣੀਆਂ ਲੋੜਾਂ ਦੀ ਪੂਰਤੀ ਹਿਤ ਵਿਲਕਦੀ ਫਿਰ ਰਹੀ ਹੈ। ਅਜਿਹੇ ਜੋਗੀਆਂ ਨੇ ਜੋਗ ਦੇ ਸਿਖ਼ਰ ਤਾਂ ਕੀ ਅੱਪੜਨਾ ਸੀ, ਇਨ੍ਹਾਂ ਤਾਂ ਸਗੋਂ ਲੋਕਾਂ ਸਾਹਮਣੇ ਜੋਗ ਦਾ ਪੰਧ (ਮਤ) ਹੀ ਭ੍ਰਿਸ਼ਟ ਰੂਪ ਵਿਚ ਪੇਸ਼ ਕੀਤਾ। ਆਪਣੇ ਅਜਿਹੇ ਕੰਮਾਂ ਕਾਰਨ ਹੁਣ ਅਜਿਹੇ (ਜੋਗੀ) ਦੁਨੀਆ ਵਿਚ ਬਦਨਾਮੀ ਖੱਟ ਰਹੇ ਹਨ। ਸਮੇਂ ਦਾ ਦੌਰ ਕੁਝ ਇਸ ਤਰ੍ਹਾਂ ਦਾ ਚੱਲ ਰਿਹਾ ਹੈ ਕਿ ਆਪਣੀ ਵਡਿਆਈ ਆਪੇ ਹੀ ਕੀਤੀ ਜਾ ਰਹੀ ਹੈ:

ਸਤੀ ਪਾਪੁ ਕਰਿ ਸਤੁ ਕਮਾਹਿ॥ ਗੁਰ ਦੀਖਿਆ ਘਰਿ ਦੇਵਣ ਜਾਹਿ॥

... ... ... ... ... ... ... ...

ਸਾਸਤੁ ਬੇਦ ਨ ਮਾਨੈ ਕੋਇ॥ ਆਪੋ ਆਪੈ ਪੂਜਾ ਹੋਇ॥

ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥

ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥

ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ॥ ਲੋਕ ਮੁਹਾਵਹਿ ਚਾੜੀ ਖਾਹਿ॥

ਚਉਕਾ ਦੇ ਕੈ ਸੁਚਾ ਹੋਇ॥ ਐਸਾ ਹਿੰਦੂ ਵੇਖਹੁ ਕੋਇ॥

ਜੋਗੀ ਗਿਰਹੀ ਜਟਾ ਬਿਭੂਤ॥ ਆਗੈ ਪਾਛੈ ਰੋਵਹਿ ਪੂਤ॥

ਜੋਗੁ ਨ ਪਾਇਆ ਜੁਗਤਿ ਗਵਾਈ॥ ਕਿਤੁ ਕਾਰਣਿ ਸਿਰਿ ਛਾਈ ਪਾਈ॥

ਨਾਨਕ ਕਲਿ ਕਾ ਏਹੁ ਪਰਵਾਣੁ॥ ਆਪੇ ਆਖਣੁ ਆਪੇ ਜਾਣੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

ਗੁਰੂ ਸਾਹਿਬ ਆਖਦੇ ਹਨ ਕਿ ਹਿੰਦੂ ਦੇ ਜਨੇਊ ਪਾਉਣ ਦੀ ਰਸਮ ਹਿਤ ਪਾਂਡਾ ਉਸਦੇ ਘਰ ਆਉਂਦਾ ਹੈ। ਉਹ ਮੰਤਰਾਂ ਦਾ ਉੱਚਾਰਨ ਕਰ ਕੇ ਜਨੇਊ ਪਾ ਜਾਂਦਾ ਹੈ ਪਰ ਜਨੇਊ ਪਹਿਨਣ ਵਾਲਾ (ਜਨੇਊ ਪਾ ਕੇ ਵੀ) ਮਾੜੇ ਕੰਮ ਕਰਦਾ ਹੈ। ਇਸ ਲਈ ਉਸਦਾ ਸ਼ੁੱਧੀਕਰਨ (ਜਨੇਊ ਪਹਿਨਣ ਵੇਲੇ ਦਾ) ਕਿਸੇ ਕੰਮ ਨਹੀਂ। ਮੁਸਲਮਾਨ ਆਪਣੇ ਧਰਮ (ਦੀਨ) ਦੀ ਵਡਿਆਈ ਤਾਂ ਕਰਦਾ ਹੈ ਪਰ ਅਸਲ ਵਿਚ ਗੁਰੂ-ਪੀਰ ਦੀ ਕਹੀ ਗੱਲ (ਜਿਸਨੂੰ ਉਹ ਮੰਨ ਨਹੀਂ ਰਿਹਾ) ਮੰਨਣ ਤੋਂ ਬਿਨਾ ਕਿਸੇ ਨੂੰ ਰਸਤੇ ਦਾ ਪਤਾ ਨਹੀਂ ਲੱਗਦਾ। ਗੁਰੂ ਦੇ ਦੱਸੇ ਰਸਤੇ 'ਤੇ ਕੋਈ ਚੱਲੇ (ਜਿਸ ਉੱਪਰ ਕੋਈ ਨਹੀਂ ਚੱਲ ਰਿਹਾ) ਤਾਂ ਹੀ ਉਸਨੂੰ ਕੁਝ ਗਿਆਨ ਹੋਵੇ, ਜਿਸ ਦੇ ਆਸਰੇ ਉਹ ਚੰਗੀ ਕਰਨੀ ਕਰਦਾ ਹੋਇਆ ਬਹਿਸ਼ਤ ਦੀ ਪ੍ਰਾਪਤੀ ਕਰੇ। ਜੋਗੀ ਲੋਕ ਕੰਨਾਂ ਵਿਚ ਮੁੰਦਰਾਂ ਪਾਈ, ਜੋਗ ਕਮਾਉਣ ਲਈ, ਸੰਸਾਰ ਵਿਚ ਫਿਰਦੇ ਹਨ ਪਰ ਇਹ ਨਹੀਂ ਜਾਣਦੇ ਕਿ ਜਿਸ ਸਿਰਜਣਹਾਰ ਦੀ ਪ੍ਰਾਪਤੀ ਹਿੱਤ ਉਹ ਸੰਸਾਰ ਵਿਚ ਘੁੰਮ ਰਹੇ ਹਨ, ਉਹ ਤਾਂ ਹਰ ਜਗ੍ਹਾ ਵਿਆਪਕ ਹੈ। ਕਰਨੀ ਤੋਂ ਬਿਨਾ ਸਭ ਫ਼ਜ਼ੂਲ ਦੀਆਂ ਹੀ ਗੱਲਾਂ ਹਨ। ਕਰਨੀ ਤੋਂ ਬਿਨਾ ਸੰਸਾਰ-ਸਾਗਰ ਤੋਂ ਕੋਈ ਵੀ ਪਾਰ ਨਹੀਂ ਹੋ ਸਕਦਾ:

ਹਿੰਦੂ ਕੈ ਘਰਿ ਹਿੰਦੂ ਆਵੈ॥ ਸੂਤੁ ਜਨੇਊ ਪੜਿ ਗਲਿ ਪਾਵੈ॥
ਸੂਤੁ ਪਾਇ ਕਰੇ ਬੁਰਿਆਈ॥ ਨਾਤਾ ਧੋਤਾ ਥਾਇ ਨ ਪਾਈ॥
ਮੁਸਲਮਾਨ ਕਰੇ ਵਡਿਆਈ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ॥
ਰਾਹੁ ਦਸਾਇ ਓਥੈ ਕੋ ਜਾਇ॥ ਕਰਣੀ ਬਾਝਹੁ ਭਿਸਤਿ ਨ ਪਾਇ॥
ਜੋਗੀ ਕੈ ਘਰਿ ਜੁਗਤਿ ਦਸਾਈ॥ ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ॥
ਮੁੰਦ੍ਰਾ ਪਾਇ ਫਿਰੈ ਸੰਸਾਰਿ॥ ਜਿਥੈ ਕਿਥੈ ਸਿਰਜਣਹਾਰੁ॥
... ... ... ... ... ... ... ...
ਏਥੈ ਜਾਣੈ ਸੁ ਜਾਇ ਸਿਞਾਣੈ॥ ਹੋਰੁ ਫਕੜੁ ਹਿੰਦੂ ਮੁਸਲਮਾਣੈ॥
ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

ਧਾਰਮਿਕ ਪੁਸਤਕਾਂ ਦਾ ਗਿਆਨ ਦੇਣ ਵਾਲਿਆਂ ਦੇ ਹਾਲਾਤ ਇਹ ਹਨ ਕਿ ਉਹ ਮਨ ਅਤੇ ਕਰਤੂਤਾਂ ਤੋਂ ਅੰਨ੍ਹੇ ਹਨ ਅਤੇ ਅਜਿਹਾ ਹੀ ਵਖਿਆਨ ਕਰਦੇ ਹਨ, ਜਿਸਦਾ ਲੋਕਾਈ ਉੱਪਰ ਕੋਈ ਅਸਰ ਨਹੀਂ ਹੋ ਰਿਹਾ। ਉਹ ਧਨ-ਪਦਾਰਥਾਂ ਦੇ ਇਕੱਤਰੀਕਰਨ ਹਿੱਤ ਸਰੀਰ ਨੂੰ ਧੋਂਦੇ ਹਨ (ਭਾਵ ਇਸ਼ਨਾਨ ਕਰਦੇ ਹਨ) ਅਤੇ ਉਸ (ਸਰੀਰ) ਉੱਪਰ ਧਾਰਮਿਕ ਚਿੰਨ੍ਹ ਬਣਾਉਂਦੇ ਹਨ ਭਾਵ ਧਰਮ ਦੀ ਅਸਲੀਅਤ ਨਾਲ ਉਨ੍ਹਾਂ ਦਾ ਦੂਰ ਦਾ ਵੀ ਵਾਸਤਾ ਨਹੀਂ:

ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ॥
ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 960)

ਲੋਕਾਈ ਦੇ ਮੂੰਹ ਨੂੰ ਖ਼ੂਨ ਲੱਗ ਚੁੱਕਾ ਹੈ ਅਤੇ ਉਸ ਦਾ ਮਨ-ਪਸੰਦ ਭੋਜਨ ਹਰਾਮ (ਵੱਢੀ) ਹੋ ਗਿਆ ਹੈ। ਇਹ ਕੁੱਤੇ ਦੇ ਭੌਂਕਣ ਵਾਂਗ (ਜਿਹੜਾ ਚੰਗਾ ਨਹੀਂ ਲੱਗਦਾ) ਝੂਠ ਬੋਲਦੀ ਹੈ ਅਤੇ ਧਰਮ ਦਾ ਵਿਚਾਰ (ਧਰਮ ਦੇ ਰਸਤੇ 'ਤੇ ਚੱਲਣਾ) ਦੂਰ ਦੀ ਗੱਲ ਹੋ ਗਈ ਹੈ:

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥

ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1242)

ਗਿਆਨ ਤੋਂ ਵਾਂਝਾ (ਪੰਡਿਤ) ਪ੍ਰਭੂ ਦੇ ਭਜਨ ਗਾਉਂਦਾ ਹੈ। ਗੁਜ਼ਾਰੇ ਦੇ ਮਾਰੇ ਮੁੱਲਾ ਨੇ ਮਸੀਤ ਨੂੰ ਘਰ ਬਣਾ ਲਿਆ ਹੈ (ਧਰਮ ਕਾਰੋਬਾਰ ਹੋ ਗਿਆ ਹੈ)। ਨੌਂਜਵਾਨ ਹੱਡ-ਹਰਾਮੀ ਹੋ ਕੇ ਕੰਨ ਪੜਵਾ ਰਹੇ ਹਨ। ਅਜਿਹੇ ਵਿਚ ਉਹ ਆਪਣੀ ਕੁਲ ਨੂੰ ਵੀ ਲੀਕ ਲਾਉਂਦੇ ਹਨ। ਗੁਰੂ-ਪੀਰ ਅਖਵਾਉਣ ਵਾਲੇ ਘਰੋ-ਘਰੀ ਮੰਗਦੇ ਫਿਰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਲੋਕ ਅਜਿਹੇ ਲੋਕਾਂ (ਗੁਰੂ-ਪੀਰਾਂ) ਦੇ ਪੈਰੀਂ ਡਿੱਗਦੇ ਹਨ, ਜਿਸਦਾ ਕੋਈ ਲਾਭ ਨਹੀਂ:

ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾ ਘਰੇ ਮਸੀਤਿ॥

ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥

ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਜਿਹੜਾ ਦਰ-ਦਰ ਦਾ ਭਿਖਾਰੀ ਹੈ, ਉਸਨੂੰ ਲੋਕ ਬਾਦਸ਼ਾਹ ਆਖਦੇ ਹਨ ਤੇ ਮੂਰਖ ਦਾ ਸਤਿਕਾਰ ਵਿਦਵਾਨ ਦੀ ਤਰ੍ਹਾਂ ਹੋ ਰਿਹਾ ਹੈ:

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤ ਨਾਉ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

### 3.1.1 ਪੰਡਿਤ ਆਚਰਨ

ਤਤਕਾਲੀ ਹਾਲਾਤਾਂ ਦੀ ਚਰਚਾ ਕਰਦੇ ਹੋਏ ਗੁਰੂ ਸਾਹਿਬ ਆਖਦੇ ਹਨ ਕਿ ਪੰਡਿਤ ਲੋਕ, ਵੇਦਾਂ ਦੀ, ਇੱਕ-ਦੂਜੇ ਨਾਲੋਂ ਵਧ ਕੇ ਸੁੰਦਰ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ, ਲੋਕਾਂ ਦੁਆਰਾ ਦਿੱਤੀ ਜਾਣ ਵਾਲੀ ਵੱਧ ਤੋਂ ਵੱਧ ਭੇਟਾ ਉਨ੍ਹਾਂ ਨੂੰ ਪ੍ਰਾਪਤ ਹੋ ਸਕੇ:

ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 85)

ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਸੁਆਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 86)

ਪੜ੍ਹਿ ਪੜ੍ਹਿ ਪੰਡਿਤ ਮੋਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ॥

ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ॥

ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ॥

ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1246)

ਗੁਰੂ ਸਾਹਿਬ ਆਖਦੇ ਹਨ ਕਿ ਬ੍ਰਾਹਮਣ ਨੂੰ ਜੇਕਰ ਕੋਈ ਪ੍ਰਤਿੱਗਿਆ ਕਰਨੀ ਚਾਹੀਦੀ ਹੈ ਤਾਂ ਉਹ ਸਬਰ-ਸੰਤੋਖ ਧਾਰਨ ਕਰਨ ਦੀ ਹੋਣੀ ਚਾਹੀਦੀ ਹੈ। ਅਸਲ ਬ੍ਰਾਹਮਣ ਤਾਂ ਉਹ ਹੈ, ਜਿਹੜਾ ਬ੍ਰਹਮ ਦੀ ਪਛਾਣ (ਇਕਮਿਕਤਾ) ਹਾਸਲ ਕਰ ਲਵੇ ਅਤੇ ਇਸ ਪ੍ਰਾਪਤੀ ਦੇ ਬਲ 'ਤੇ ਉਸਦੇ ਵਿਕਾਰ ਕਾਬੂ ਹੇਠ ਆ ਜਾਣ। ਸਬਰ ਅਤੇ ਸੰਤੋਖ ਉਸਦੇ ਜੀਵਨ ਦਾ ਆਧਾਰ ਹੋਵੇ ਅਤੇ ਉਹ ਫੋਕੇ ਬੰਧਨਾਂ ਨੂੰ ਤਿਲਾਂਜਲੀ ਦੇ ਦੇਵੇ। ਅਜਿਹਾ ਬ੍ਰਾਹਮਣ (ਮਨੁੱਖ) ਪੂਜਣ ਯੋਗ ਹੈ:

ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ॥

… … … … … … …

ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

ਸੋ ਬ੍ਰਾਹਮਣੁ ਜੋ ਬਿੰਦੈ ਬ੍ਰਹਮੁ॥
ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ॥
ਬੰਧਨ ਤੋੜੈ ਹੋਵੈ ਮੁਕਤੁ॥
ਸੋਈ ਬ੍ਰਹਮਣੁ ਪੂਜਣ ਜੁਗਤੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1411)

ਹੇਠ ਲਿਖੀਆਂ ਪੰਕਤੀਆਂ ਵਿਚ ਵੀ ਤਤਕਾਲੀ ਹਾਲਾਤਾਂ ਵਿਚ ਪੰਡਿਤ ਦੀ ਦਸ਼ਾ ਦਾ ਬਿਆਨ ਹੈ। ਗੁਰੂ ਸਾਹਿਬ ਆਖਦੇ ਹਨ ਕਿ ਧਰਮ-ਪੁਸਤਕਾਂ ਦਾ ਗਿਆਤਾ ਹੋਣ ਕਾਰਨ ਉਹ ਆਪਣੇ-ਆਪ ਨੂੰ ਪੰਡਿਤ ਸਦਵਾਉਂਦਾ ਹੈ ਪਰ ਦਾਲ ਦੇ ਉਸ ਦਾਣੇ, ਜੋ ਰਿੱਝਦਾ ਨਹੀਂ (ਕੁੜਕੜੂ), ਵਾਂਗ ਸਖ਼ਤ ਸੁਭਾਅ ਦਾ ਹੈ। ਉਸਦੇ ਅੰਦਰ ਧਨ-ਪਦਾਰਥਾਂ ਪ੍ਰਤਿ ਮੋਹ ਏਨਾ ਪ੍ਰਬਲ ਹੈ ਕਿ ਉਸਨੂੰ ਕਦੇ ਵੀ ਚੈਨ (ਟਿਕਾਅ) ਨਹੀਂ ਆਉਂਦਾ। ਇਸ ਕਰਕੇ ਉਹ ਦੁਨਿਆਵੀ ਨੱਠ-ਭੱਜ (ਮਾਇਆ ਇਕੱਤਰ ਕਰਨ ਲਈ) ਵਿਚ ਫਸਿਆ ਹੋਇਆ ਹੈ। ਇਸੇ ਦੌੜ ਵਿਚ ਕਦੇ ਉਹ ਕਿਸੇ ਪਾਸੇ ਤੇ ਕਦੇ ਕਿਸੇ ਪਾਸੇ ਜਾਂਦਾ ਹੈ। ਉਸਦਾ ਧਿਆਨ (ਤਾਕ) ਹਰ ਵੇਲੇ ਮਾਇਕ-ਪਦਾਰਥਾਂ ਦੀ ਤਰਫ਼ ਹੈ। ਉਸਦੇ ਅੰਦਰ ਇੰਨਾ ਗੁੱਸਾ ਭਰਿਆ ਹੋਇਆ ਹੈ ਕਿ ਜੇਕਰ ਉਸਨੂੰ ਕੋਈ ਸੱਚੀ ਗੱਲ (ਜੋ ਉਸਨੂੰ ਚੰਗੀ ਨਾ ਲੱਗਦੀ ਹੋਵੇ) ਆਖ ਦੇਵੇ ਤਾਂ ਉਹ ਰੋਹ ਵਿਚ ਭੜਕ ਪੈਂਦਾ ਹੈ। ਉਹ ਵਿਕਾਰ ਗ੍ਰਸਤ ਹੋ ਚੁੱਕਾ ਹੈ ਅਤੇ ਧਨ-ਪਦਾਰਥਾਂ ਦੇ ਮੋਹ ਕਾਰਨ ਉਸਦੀ ਬੁੱਧੀ ਖੀਣ ਹੋ ਗਈ ਹੈ:

ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ॥
ਅੰਦਰਿ ਮੋਹੁ ਨਿਤ ਭਰਮਿ ਵਿਆਪਿਆ [2]ਤਿਸਟਹਿ ਨਾਹੀ ਦੇਹਾ॥
ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ॥
ਸਚੁ ਕਹੈ ਤਾ [3]ਛੋਹੈ ਆਵੈ ਅੰਤਰਿ ਬਹੁਤਾ ਰੋਹਾ॥
ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 960)

ਪੰਡਿਤ ਦੇ ਘਰ ਠਾਕੁਰ ਦੀ ਮੂਰਤੀ ਸਮੇਤ ਹੋਰ ਕਈ ਮੂਰਤੀਆਂ ਹਨ, ਜਿਨ੍ਹਾਂ ਨੂੰ ਉਹ ਇਸ਼ਨਾਨ ਕਰਵਾਉਂਦਾ ਹੈ ਅਤੇ ਉਨ੍ਹਾਂ ਦੀ ਪੂਜਾ ਕਰਦਾ ਹੈ। ਇਨ੍ਹਾਂ ਮੂਰਤੀਆਂ ਨੂੰ ਉਹ ਕੇਸਰ, ਚੰਦਨ ਅਤੇ ਫੁੱਲ ਅਰਪਣ ਕਰਦਾ ਹੈ ਤੇ ਉਨ੍ਹਾਂ ਦੇ ਚਰਨੀਂ ਡਿੱਗਦਾ ਹੈ ਅਤੇ ਉਨ੍ਹਾਂ ਅੱਗੇ ਆਪਣੀਆਂ ਮੰਗਾਂ ਦੀ ਪੂਰਤੀ ਲਈ ਪ੍ਰਾਰਥਨਾ ਕਰਦਾ ਹੈ ਪਰ ਦੂਜੇ ਪਾਸੇ ਉਹ ਮਨੁੱਖਾਂ ਕੋਲੋਂ ਮੰਗ-ਮੰਗ ਕੇ ਆਪਣੀਆਂ ਲੋੜਾਂ ਦੀ ਪੂਰਤੀ ਕਰਦਾ ਹੈ। ਇਸ ਤਰ੍ਹਾਂ ਉਹ ਵਿਅਰਥ ਵਿਹਾਰ ਕਰਦਾ ਹੋਇਆ ਆਪਣੇ ਜੀਵਨ ਨੂੰ ਦੁੱਖਾਂ ਵਿਚ ਪਾ ਰਿਹਾ ਹੈ:

ਘਰਿ ਨਾਰਾਇਣੁ ਸਭਾ ਨਾਲਿ॥ ਪੂਜ ਕਰੇ ਰਖੈ ਨਾਵਾਲਿ॥
ਕੁੰਗੂ ਚੰਨਣੁ ਫੁਲ ਚੜਾਏ॥ ਪੈਰੀ ਪੈ ਪੈ ਬਹੁਤੁ ਮਨਾਏ॥
ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ॥ ਅੰਧੀ ਕੰਮੀ ਅੰਧ ਸਜਾਇ॥

ਭੁਖਿਆ ਦੇਇ ਨ ਮਰਦਿਆ ਰਖੈ॥ ਅੰਧਾ ਝਗੜਾ ਅੰਧੀ ਸਥੈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1241)

ਨੌਂ ਵਿਆਕਰਨਾਂ, ਛੇ ਸ਼ਾਸਤਰਾਂ ਅਤੇ ਛੇ ਵੇਦਾਂਗਾਂ ਦਾ ਵਿਚਾਰ ਕਰਨ ਵਾਲਾ, ਮਹਾਂਭਾਰਤ ਦੇ ਅਠਾਰਾਂ ਸਰਗਾਂ ਦਾ ਪਾਠ ਦਿਨ-ਰਾਤ ਕਰਨ ਵਾਲਾ ਪੰਡਿਤ ਵੀ (ਜੇਕਰ ਸੋਚੇ ਕਿ ਮੈਂ ਪ੍ਰਭੂ ਦਾ ਅੰਤ ਪਾ ਲਵਾਂਗਾਂ) ਪ੍ਰਭੂ ਦਾ ਅੰਤ ਨਹੀਂ ਪਾ ਸਕਦਾ। ਪ੍ਰਭੂ ਦੇ ਨਾਮ (ਸਿਮਰਨ) ਤੋਂ ਬਿਨਾ ਕੋਈ ਵੀ ਜੀਵ ਮੁਕਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ:

ਨਵ ਛਿਅ ਖਟ ਕਾ ਕਰੇ ਬੀਚਾਰੁ॥ ਨਿਸਿ ਦਿਨ ਉਚਰੈ ਭਾਰ ਅਠਾਰ॥

ਤਿਨਿ ਭੀ ਅੰਤੁ ਨ ਪਾਇਆ ਤੋਹਿ॥ ਨਾਮ ਬਿਹੂਣ ਮੁਕਤਿ ਕਿਉ ਹੋਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1237)

ਪੰਡਿਤ ਮੋਨੀ ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ॥

ਬਿਨੁ ਸਬਦੈ ਕਿਨੈ ਨ ਪਾਇਓ ਦੁਖੀਏ ਚਲੇ ਰੋਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1250)

ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ॥

ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1417)

ਉਹ ਸ਼ਾਸਤਰ, ਵੇਦ ਅਤੇ ਪੁਰਾਣ ਆਦਿ ਧਾਰਮਿਕ ਪੁਸਤਕਾਂ ਦੀ ਸਾਰ ਨਹੀਂ ਜਾਣਦਾ ਪਰ ਹੋਰਨਾਂ ਨੂੰ ਕੂਕ-ਕੂਕ ਕੇ (ਜ਼ੋਰ ਲਗਾ ਕੇ) ਇਨ੍ਹਾਂ ਦੇ ਅਰਥ ਕਰ ਕੇ ਸਮਝਾਉਂਦਾ ਹੈ:

ਸਾਸਤ੍ਰ ਬੇਦ ਪੁਰਾਣ ਪੜ੍ਹੰਤਾ॥ ਪੂਕਾਰੰਤਾ [4]ਅਜਾਣੰਤਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1242)

ਗਿਆਨ ਵਿਹੂਣਾ ਗਾਵੈ ਗੀਤ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਹੇਠ ਲਿਖੀਆਂ ਪੰਕਤੀਆਂ ਵਿਚ ਤਤਕਾਲੀ ਪੰਡਿਤ ਦੇ ਦੋਹਰੇ ਚਰਿੱਤਰ ਦੀ ਬਾਤ ਪਾਈ ਗਈ ਹੈ:

ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥

ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ॥

ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ॥

ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ॥

... ... ... ... ... ... ... ... ...

ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1290)

ਇਨ੍ਹਾਂ ਦੁਆਰਾ ਦੱਸੇ (ਕਰਮ-ਕਾਂਡ ਦੇ) ਮਾਰਗ 'ਤੇ ਲੋਕ ਭੀੜਾਂ ਬੰਨ੍ਹ-ਬੰਨ੍ਹ ਕੇ ਤੁਰੇ ਜਾ ਰਹੇ ਹਨ। ਅਨੁਭਵ ਤੋਂ ਸੱਖਣਾ ਉਹ ਆਪ ਤਾਂ ਕੁਝ ਪ੍ਰਾਪਤੀ ਨਹੀਂ ਕਰ ਸਕਿਆ ਅਤੇ ਚਹੁੰ ਵੇਦਾਂ ਵਿਚ (ਗਿਆਨ ਵਿਚ) ਉਲਝ-ਉਲਝ ਕੇ ਜੀਵਨ ਗੁਆ ਰਿਹਾ ਹੈ ਪਰ ਦੁਨੀਆ ਦਾ ਗੁਰੂ ਬਣੀ ਬੈਠਾ ਹੈ:

ਕਬੀਰ ਜਿਹ ਮਾਰਗ ਪੰਡਿਤ ਗਏ ਪਾਛੈ ਪਰੀ ਬਹੀਰ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥

ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

"ਵੇਦਾਂ ਦੀ ਸੁਆਰਥੀ ਵਰਤੋਂ, ਉਲੇਖ ਵੱਖਰੀ ਗੱਲ ਹੈ ਪਰ ਉਨ੍ਹਾਂ ਦਾ ਮਰਮ ਜਾਣ ਕੇ ਅਨੁਭਵ ਕਰਨਾ, ਸੰਵੇਦਨੀ ਵਿਵਹਾਰ ਕਰਨਾ ਵੱਖਰੀ ਗੱਲ ਹੈ। " (ਨਰੇਸ਼ (ਅਨੁ:), *ਸੱਤ ਭਾਰਤੀ ਸੰਤ* 35) "ਇਸ ਸਮੇਂ (ਭਗਤ ਕਬੀਰ ਜੀ ਦੇ ਆਗਮਨ ਸਮੇਂ) ਧਰਮ ਦੇ ਪਰਦੇ ਹੇਠ ਬ੍ਰਾਹਮਣ, ਮੁਲਾਂ, ਜੋਗੀ, ਜਨਸਾਧਾਰਣ ਨੂੰ ਪੂਰੀ ਤਰ੍ਹਾਂ ਲੁਟ ਰਹੇ ਸਨ। " (*ਨਾਨਕ ਪ੍ਰਕਾਸ਼ ਪਤ੍ਰਿਕਾ ਭਗਤ ਕਬੀਰ ਵਿਸ਼ੇਸ਼ ਅੰਕ ਜੂਨ 2011* 26) ਗੁਰੂ ਸਾਹਿਬ ਆਖਦੇ ਹਨ ਕਿ ਪੰਡਿਤ ਲੋਕ ਹੋਰਾਂ ਨੂੰ ਇਹ ਸਮਝਾਉਂਦੇ ਹਨ ਕਿ ਮਾਸ ਖਾਣ ਨਾਲ ਮਨੁੱਖ ਨਰਕਾਂ ਦਾ ਭਾਗੀ ਬਣਦਾ ਹੈ ਪਰ ਇਹ ਲੋਕ (ਪੰਡਿਤ) ਉਨ੍ਹਾਂ (ਮਾਸ ਖਾਣ ਵਾਲਿਆਂ) ਪਾਸੋਂ ਹੀ ਦਾਨ ਵੀ ਲੈਂਦੇ ਹਨ। ਭਲਾ ਇਹ ਕਿੰਵ ਹੋ ਸਕਦਾ ਹੈ ਕਿ ਦਾਨ ਦੇਣ ਵਾਲੇ ਤਾਂ ਨਰਕਾਂ ਨੂੰ ਜਾਣ ਤੇ (ਦਾਨ) ਲੈਣ ਵਾਲੇ ਸਵਰਗਾਂ ਦੇ ਰਾਹ ਪੈਣ। ਗੁਰੂ ਸਾਹਿਬ ਆਖਦੇ ਹਨ ਕਿ ਇਨ੍ਹਾਂ ਨੂੰ ਆਪ ਤਾਂ ਗਿਆਨ ਨਹੀਂ ਪਰ ਹੋਰਾਂ ਨੂੰ ਸਮਝਾਉਂਦੇ ਫਿਰਦੇ ਹਨ:

ਜੇ ਓਇ ਦਿਸਹਿ ਨਰਕ ਜਾਂਦਾ ਤਾਂ ਉਨ੍ ਕਾ ਦਾਨੁ ਨ ਲੈਣਾ॥
ਦੇਂਦਾ ਨਰਕਿ ਸੁਰਗਿ ਲੈਂਦਾ ਦੇਖਹੁ ਏਹੁ ਧਿਙਾਣਾ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1290)

ਵਰਤ, ਤੀਰਥ-ਰਟਨ ਤੇ ਇਸ਼ਨਾਨ, ਦੇਵਤੇ, [5]ਜਪਮਾਲੀ, ਧੋਤੀ, ਚਉਕਾ ਅਤੇ ਤਿਲਕ ਦਾ ਪੰਡਿਤ ਦੇ ਜੀਵਨ-ਵਿਹਾਰ ਵਿਚ ਬੜਾ ਮਹੱਤਵ ਸੀ। ਇਨ੍ਹਾਂ ਨੂੰ ਹੀ ਆਧਾਰ ਰੱਖਦੇ ਹੋਏ, ਗੁਰੂ ਸਾਹਿਬ ਇਨ੍ਹਾਂ ਅੰਦਰ ਨਵੇਂ ਅਰਥ ਭਰਦੇ ਹਨ। ਗਲ਼ ਵਿਚ ਮਾਲਾ ਦੀ ਥਾਂ ਪ੍ਰਭੂ ਦਾ ਨਾਮ (ਹਿਰਦੇ ਵਿਚ) ਧਾਰਨ ਕੀਤਾ ਜਾਵੇ ਅਤੇ ਗੋਮੁਖੀ ਦੀ ਥਾਂ ਪ੍ਰੇਮ ਨੂੰ ਜੀਵਨ ਵਿਚ ਉਤਾਰਿਆ ਜਾਵੇ:

ਸਚੁ ਵਰਤੁ ਸੰਤੋਖ ਤੀਰਥ ਗਿਆਨ ਧਿਆਨ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪ੍ਰਧਾਨ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ 1245*)

ਕੰਠ ਰਮਣੀਯ ਰਾਮ ਰਾਮ ਮਾਲਾ [6]ਹਸਤ ਊਚ ਪ੍ਰੇਮ ਧਾਰਣੀ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

ਇਸੇ ਪ੍ਰਕਾਰ ਗੁਰੂ ਸਾਹਿਬ ਨੇ ਪੰਡਿਤ ਦੁਆਰਾ ਸਿਰਜੀਆਂ ਥਿੱਤਾਂ ਦੀਆਂ ਵਿਭਿੰਨ ਮਨੌਤਾਂ (ਵਰਤਾਂ) ਨੂੰ ਵੀ ਨਵੇਂ ਅਰਥ ਦਿੱਤੇ। ਨੌਮੀ ਦੀ ਮਨੌਤ ਨੂੰ ਸੱਚ ਦਾ ਨਿਯਮ ਬਨਾਉਣ ਅਤੇ ਕਾਮ, ਕ੍ਰੋਧ ਅਤੇ ਤ੍ਰਿਸ਼ਨਾ ਆਦਿ ਵਿਕਾਰਾਂ ਦਾ ਖ਼ਾਤਮਾ ਕਰਨ ਨਾਲ ਸੰਬੰਧਿਤ ਕੀਤਾ। ਦਸਮੀ ਦੀ ਮਨੌਤ ਨੂੰ ਸਰੀਰ ਦੇ ਦਸ ਦੁਆਰਾਂ ਨੂੰ ਬੁਰੇ ਪਾਸੇ ਤੋਂ ਰੋਕਣ ਨਾਲ ਜੋੜਿਆ। ਇਕਾਦਸੀ ਦਾ ਸਬੰਧ ਸਭ ਪਾਸੇ ਇੱਕੋ ਦਾ ਵਿਸਤਾਰ ਦੇਖਣ ਨਾਲ ਜੋੜਿਆ। ਦੁਆਦਸੀ ਦਾ ਸਬੰਧ ਪੰਜ ਵੱਡੇ ਵਿਕਾਰਾਂ ਨੂੰ ਕਾਬੂ ਕੀਤੇ ਜਾਣ ਨਾਲ ਜੋੜਿਆ:

ਨਉਮੀ ਨੇਮੁ ਸਚੁ ਜੇ ਕਰੈ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ॥
ਦਸਮੀ ਦਸੇ ਦੁਆਰ ਜੇ ਠਾਕੈ॥ ਏਕਾਦਸੀ ਏਕੁ ਕਰਿ ਜਾਣੈ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ॥
ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਕੀਜੈ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਮਨ ਦੀ (ਵਿਕਾਰਾਂ-ਰੂਪੀ) ਜੂਠ, ਗਾਇਨ ਜਾਂ ਧਾਰਮਿਕ ਪੁਸਤਕਾਂ ਦੇ ਪਾਠ ਨਾਲ ਨਹੀਂ ਲਹਿੰਦੀ। ਇਹ ਚੰਦ ਤੇ ਸੂਰਜ ਦੀਆਂ ਵੱਖ-ਵੱਖ ਤਿੱਥਾਂ (ਪੁੰਨਿਆ, ਮੱਸਿਆ, ਸੰਗਰਾਂਦ ਆਦਿ) 'ਤੇ ਵਿਭਿੰਨ ਪ੍ਰਕਾਰ ਦੀ ਪੂਜਾ ਕਰਨ ਨਾਲ ਨਹੀਂ ਉੱਤਰਦੀ। ਇਹ ਵਰਤ ਰੱਖਣ ਅਥਵਾ ਤੀਰਥਾਂ 'ਪੁਰ ਇਸ਼ਨਾਨ ਕਰਨ ਨਾਲ ਵੀ ਨਹੀਂ ਧੋਤੀ ਜਾਂਦੀ:

ਜੂਠਿ ਨ ਰਾਗੀ ਜੂਠਿ ਨ ਵੇਦੀ॥

ਜੂਠਿ ਨ ਚੰਦ ਸੂਰਜ ਕੀ ਭੇਦੀ॥

ਜੂਠਿ ਨ ਅੰਨੀ ਜੂਠਿ ਨ ਨਾਈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

ਜੋਤਸ਼ੀ ਅਤੇ ਵਿਦਵਾਨ (ਪੰਡਿਤ) ਜਿਹੜੇ ਵੇਦਾਂ ਦਾ ਪਾਠ ਜ਼ੁਬਾਨੀ ਕਰ ਸਕਣ ਦੇ ਸਮਰੱਥ ਹੋਣ ਅਤੇ ਚੰਗੇ ਆਚਰਨ ਵਾਲੇ ਤੇ ਸੁਹਿਰਦ ਵੀ ਹੋਣ, ਸਮੁੱਚੀ ਲੋਕਾਈ ਵਿਚ ਪੂਜੇ ਜਾਂਦੇ ਸਨ। ਜਿਹੜੇ ਪੰਡਿਤ ਪਰਮਾਤਮਾ ਦਾ ਨਾਮ ਹਿਰਦੇ ਵਿਚ ਟਿਕਾ ਕੇ ਵੇਦ, ਪੁਰਾਣ, ਸ਼ਾਸਤਰ ਆਦਿ ਧਾਰਮਿਕ ਪੁਸਤਕਾਂ ਦੀ ਵਿਚਾਰ ਕਰਦੇ ਹਨ, ਉਹ ਆਪਣੇ ਸੰਗ ਆਪਣੇ ਕੁਲ ਦਾ ਵੀ ਪਾਰ-ਉਤਾਰਾ ਕਰ ਲੈਂਦੇ ਹਨ:

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ॥

ਨਵ ਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1090)

ਬੇਦ ਪੁਰਾਣ ਸਾਸਤ੍ਰ ਬੀਚਾਰੰ॥ ਏਕੰਕਾਰ ਨਾਮ ਉਰ ਧਾਰੰ॥

ਕੁਲਹ ਸਮੂਹ ਸਗਲ ਉਧਾਰੰ॥ ਬਡਭਾਗੀ ਨਾਨਕ ਕੋ ਤਾਰੰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1361)

ਵੇਦ (ਧਾਰਮਿਕ ਪੁਸਤਕਾਂ) ਜੋ ਆਖਦੇ ਹਨ, ਵਿਦਵਾਨ ਉਨ੍ਹਾਂ ਨੂੰ ਵਿਚਾਰਦੇ ਹਨ ਤੇ ਉਨ੍ਹਾਂ ਵਿਚਾਰਾਂ ਨੂੰ ਆਪਣੇ ਵਿਦਿਆਰਥੀਆਂ ਨਾਲ ਸਾਂਝਾ ਕਰਦੇ ਹਨ। ਅੱਗੋਂ ਵਿਦਿਆਰਥੀ ਉਨ੍ਹਾਂ ਵਿਚਾਰਾਂ ਨੂੰ ਕਈ ਸੰਦਰਭਾਂ ਵਿਚ ਵਿਚਾਰਦੇ ਹਨ:

ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1355)

ਪਰ ਤਤਕਾਲੀ ਦੌਰ ਵਿਚ ਪੰਡਿਤ ਦੀ ਦਸ਼ਾ ਇਹ ਸੀ ਕਿ ਉਹ (ਗਿਆਨ ਦੀ ਪ੍ਰਾਪਤੀ ਦੇ ਆਧਾਰ 'ਤੇ ਪੰਡਿਤ ਸਦਵਾਏ ਜਾਣ ਦੇ ਉਲਟ) ਵਿਕਾਰਾਂ ਤੋਂ ਗ੍ਰਸਤ ਸੀ ਪਰ ਫਿਰ ਵੀ ਆਪਣੇ-ਆਪ ਨੂੰ ਪੰਡਿਤ (ਵਿਦਵਾਨ) ਅਖਵਾਉਂਦਾ ਸੀ। ਜਿਹੜਾ ਗਿਆਨ ਉਸ ਕੋਲ ਹੈ ਵੀ ਸੀ, ਉਸ ਨੂੰ ਵੀ ਉਹ ਵਾਦ-ਵਿਵਾਦਾਂ ਵਿਚ ਲਗਾ ਰਿਹਾ ਸੀ। ਉਹ ਇਹ ਨਹੀਂ ਸੀ ਸੋਚਦਾ ਕਿ ਇਸ ਗਿਆਨ ਦੇ ਆਧਾਰ 'ਤੇ ਪ੍ਰਭੂ ਦੇ ਪਾਸੇ ਵੱਲ ਮਨ ਨੂੰ ਲਗਾਇਆ ਜਾਵੇ। ਉਹ ਲੋਕਾਈ ਨੂੰ ਕੋਈ ਜੀਵਨ-ਅਰਥਕ ਗਿਆਨ ਦੇਣ ਦੀ ਬਜਾਇ ਯੁੱਧਾਂ-ਝਗੜਿਆਂ ਦੀਆਂ ਕਹਾਣੀਆਂ ਸੁਣਾ ਕੇ ਅਤੇ ਹੋਰ ਕਈ ਤਰ੍ਹਾਂ ਦੇ ਝੂਠ ਬੋਲ ਕੇ ਆਪਣੀ ਰੋਟੀ ਦਾ ਜੁਗਾੜ ਕਰ ਰਿਹਾ ਸੀ। ਇਸੇ ਤਰ੍ਹਾਂ ਉਹ ਜੀਵਨ ਨੂੰ ਨਿੱਤ ਮੈਲਾ ਕਰ ਰਿਹਾ ਸੀ ਤੇ ਆਪਣਾ ਜੀਵਨ ਵਿਅਰਥ ਗੁਆ ਰਿਹਾ ਸੀ। ਗੁਰੂ ਸਾਹਿਬ ਨੇ ਇਸ ਕੂੜ ਪ੍ਰਚਲਨ ਦਾ ਖੰਡਨ ਕੀਤਾ:

ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ॥

ਹਰਿ ਸਿਉ ਚਿਤੁ ਨ ਲਾਇਨੀ ਵਾਦੀ ਧਰਨਿ ਪਿਆਰੁ॥

ਵਾਦਾ ਕੀਆ ਕਰਨਿ ਕਹਾਣੀਆ ਕੂੜੁ ਬੋਲਿ ਕਰਹਿ ਆਹਾਰੁ॥

ਜਗ ਮਹਿ ਰਾਮ ਨਾਮੁ ਹਰਿ ਨਿਰਮਲਾ ਹੋਰ ਮੈਲਾ ਸਭੁ ਆਕਾਰੁ॥
ਨਾਨਕ ਨਾਮੁ ਨ ਚੇਤਨੀ ਹੋਇ ਮੈਲੇ ਮਰਹਿ ਗਵਾਰ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1391)

ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ॥
ਦੂਜੈ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ॥
ਜਿਨਿ੍ ਕੀਤੇ ਤਿਸੈ ਨ ਸੇਵਨੀ੍ ਦੇਦਾ ਰਿਜਕੁ ਸਮਾਇ॥
ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵਹਿ ਜਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1249)

ਤਤਕਾਲੀ ਦੌਰ ਵਿਚ ਬ੍ਰਾਹਮਣ-ਹੱਤਿਆ ਨੂੰ ਮਹਾਂ-ਪਾਪ ਮੰਨਿਆ ਜਾਂਦਾ ਸੀ। ਗੁਰੂ ਸਾਹਿਬ ਆਖਦੇ ਹਨ ਕਿ ਪ੍ਰਭੂ ਦੇ ਨਾਮ ਨੂੰ ਵਿਸਾਰਨ ਵਾਲੇ ਮਨੁੱਖ ਨੂੰ ਬ੍ਰਾਹਮਣ-ਹੱਤਿਆ, ਗਊ-ਹੱਤਿਆ, ਧੀ ਮਾਰਨ ਅਤੇ ਕੁਕਰਮੀ ਦਾ ਦਿੱਤਾ ਅਨਾਜ ਖਾਣ-ਰੂਪੀ (ਜਿਨ੍ਹਾਂ ਨੂੰ ਸੰਸਾਰ ਮਹਾਂ-ਪਾਪ ਗਿਣਦਾ ਹੈ) ਸਾਰੇ ਪਾਪ ਲੱਗਦੇ ਹਨ:

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥
ਫਿਟਕੁ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥
ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1413)

ਗੁਰੂ ਸਾਹਿਬ ਆਦਰਸ਼ ਪੰਡਿਤ ਦੇ ਗੁਣ ਬਿਆਨ ਕਰਦੇ ਹੋਏ ਆਖਦੇ ਹਨ ਕਿ ਉਹ ਹੋਰਾਂ ਦੀਆਂ ਪੱਤਰੀਆਂ ਦੇਖਣ ਦੀ ਥਾਂ ਆਪਣੇ ਮਨ ਦੀ ਪੜਚੋਲ ਕਰਦਾ ਹੈ (ਭਾਵ ਆਪਣੇ ਮਨ ਦੇ ਵਿਕਾਰਾਂ ਦੀ ਪਛਾਣ ਕਰੇ ਤੇ ਉਨ੍ਹਾਂ ਨੂੰ ਦੂਰ ਕਰੇ), ਜਿਸ ਨਾਲ ਉਸਨੂੰ ਪਰਮ-ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਐਸਾ ਬ੍ਰਾਹਮਣ ਹੀ ਅਸਲ ਵਿਚ ਸ੍ਰੇਸ਼ਟ ਹੈ, ਜਿਹੜਾ ਪ੍ਰਭੂ ਦੇ ਵਿਚਾਰ (ਵਡਿਆਈ) ਦੀ ਸਾਰ (ਮਹੱਤਤਾ) ਨੂੰ ਸਮਝਦਾ ਹੋਵੇ। ਉਹ ਕੇਵਲ ਧਾਰਮਿਕ ਪੁਸਤਕਾਂ ਦੇ ਪਠਨ-ਰਟਨ ਦੀ ਬਜਾਇ ਪ੍ਰਭੂ ਦੇ ਨਾਮ ਦਾ ਜਾਪ ਕਰੇ, ਉਹ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰੇ ਅਤੇ ਪ੍ਰਭੂ ਦੀਆਂ ਵਡਿਆਈਆਂ ਦੀ ਵੀਚਾਰ ਕਰੇ। ਅਜਿਹਾ ਬ੍ਰਾਹਮਣ ਨਾ ਕੇਵਲ ਆਪ ਹੀ ਸਤਿਕਾਰ ਦਾ ਪਾਤਰ ਹੈ ਬਲਕਿ ਉਸਦਾ ਪਰਿਵਾਰ ਵੀ ਆਦਰ ਪਾਉਂਦਾ ਹੈ ਕਿਉਂਕਿ ਉਸਦੇ ਗੁਣਾਂ ਦਾ ਪ੍ਰਭਾਵ ਉਸਦੇ ਪਰਿਵਾਰ ਨੂੰ ਵੀ ਪ੍ਰਭਾਵਿਤ ਕਰਦਾ ਹੈ (ਭਾਵ ਉਸਦੇ ਪਰਿਵਾਰਿਕ ਜੀਆਂ ਵਿਚ ਵੀ ਚੰਗੇ ਗੁਣ ਉਪਜ ਪੈਂਦੇ ਹਨ)। ਅਜਿਹੇ ਆਦਰਸ਼ ਮਨੁੱਖ ਦਾ ਕਿਸੇ ਜਾਤ ਨਾਲ ਕੋਈ ਸਬੰਧ ਨਹੀਂ (ਭਾਵ ਉਹੀ ਅਸਲ ਬ੍ਰਾਹਮਣ ਹੋ ਜਾਂਦਾ ਹੈ, ਜਿਹੜਾ ਇਨ੍ਹਾਂ ਗੁਣਾਂ ਦਾ ਧਾਰਨੀ ਹੋਵੇ। ਭਾਵੇਂ ਉਹ ਕਿਸੇ ਵੀ ਜਾਤ ਨਾਲ ਸਬੰਧ ਕਿਉਂ ਨਾ ਰੱਖਦਾ ਹੋਵੇ)। ਧਨ-ਪਦਾਰਥਾਂ ਨਾਲ ਪਿਆਰ ਹੋਣ ਕਾਰਨ ਜੇਕਰ ਕੋਈ ਧਾਰਮਿਕ ਪੁਸਤਕਾਂ ਦਾ ਪਠਨ-ਪਾਠਨ ਕਰੇ ਤਾਂ ਉਹ ਝੂਠਾ ਧੰਦਾ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਅਜਿਹੇ ਵਿਚ ਉਸਨੂੰ ਕੋਈ ਅੰਦਰੂਨੀ ਲਾਭ ਤਾਂ ਹੈ ਨਹੀਂ। ਅਜਿਹੇ (ਅਖੌਤੀ) ਵਿਹਾਰ ਨਾਲ ਕੋਈ ਅੰਦਰੂਨੀ (ਮਾਨਸਿਕ) ਸੁੱਖ ਪ੍ਰਾਪਤ ਨਹੀਂ ਹੋ ਸਕਦਾ ਅਤੇ ਅਜਿਹੇ ਆਪ-ਹੁਦਰੇ ਜੀਵ ਦਾ ਜੀਵਨ ਵਿਅਰਥ ਹੀ ਗੁਜ਼ਰ ਜਾਂਦਾ ਹੈ:

ਮਨ ਕੀ [7]ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ॥
ਸੋ ਬ੍ਰਾਹਮਣ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ॥
ਹਰਿ ਸਾਲਾਹਿ ਹਰਿ ਪੜੈ ਗੁਰ ਕੈ ਸਬਦਿ ਵੀਚਾਰਿ॥

ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ॥
ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ॥
ਹੁੋਰ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ॥
ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1093-94)

### 3.1.2 ਮੁੱਲਾ

ਮੁੱਲਾ ਤੋਂ ਭਾਵ ਹੈ, "ਮਲਅ (ਪੂਰਣ) ਹੋਇਆ. ਜੋ ਵਿਦਯਾ ਨਾਲ ਪੂਰਣ ਹੈ, ਆਲਿਮ, ਵਿਦਵਾਨ"(ਨਾਭਾ, *ਮਹਾਨ ਕੋਸ਼* 949)। ਤਤਕਾਲੀ ਦੌਰ ਵਿਚ ਮੁੱਲਾ ਦਾ ਕੰਮ [8]ਬਾਂਗ ਦੇਣਾ (ਨਮਾਜ਼ ਲਈ ਪੁਕਾਰ ਕਰਨਾ) ਲਿਖਿਆ ਹੈ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਆਖਦੇ ਹਨ ਕਿ ਕੋਈ ਬਾਂਗ (ਅਜਾਨ) ਦੇ ਕੇ ਆਪਣੀ ਰੋਜ਼ੀ ਦਾ ਪ੍ਰਬੰਧ ਕਰਦਾ ਹੈ (ਮੁੱਲਾ), ਕੋਈ ਗ੍ਰਿਹਸਥੀਆਂ ਦੇ ਘਰਾਂ ਅੱਗੇ ਤੂਤੀ ਵਜਾ ਕੇ ਮੰਗਦਾ ਹੈ (ਫ਼ਕੀਰ), ਕੋਈ ਸਿੰਙੀ ਵਜਾ ਕੇ ਇਹ ਕੰਮ ਕਰਦਾ ਹੈ (ਜੋਗੀ) ਅਤੇ ਕੋਈ ਕਲਾਣ ਕਰ ਕੇ ਰੋਜ਼ੀ ਦਾ ਪ੍ਰਬੰਧ ਕਰਦਾ ਹੈ (ਮਰਾਸੀ)। ਪ੍ਰਭੂ ਨੇ ਕਿਸੇ (ਭਾਵ ਗ੍ਰਿਹਸਥੀ) ਨੂੰ ਦਾਤਾ ਬਣਾ ਦਿੱਤਾ ਹੈ ਤੇ ਕਿਸੇ (ਉੱਪਰ ਦਿੱਤਿਆਂ ਵਾਂਗ) ਨੂੰ ਮੰਗਤਾ ਪਰ ਪ੍ਰਭੂ ਦੇ ਪਿਆਰੇ ਨੂੰ ਕੇਵਲ ਉਸੇ (ਪ੍ਰਭੂ) ਦਾ ਹੀ ਸਹਾਰਾ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਭੁੱਖ ਨਾਲ ਜੂਝਦੇ ਲੋਕਾਂ ਨੇ ਮਸੀਤ ਨੂੰ ਗੁਜ਼ਾਰੇ ਦਾ ਸਾਧਨ ਕਰ ਲਿਆ ਹੈ। ਭਗਤ ਕਬੀਰ ਜੀ ਅਜਿਹੇ ਪਖੰਡਾਂ ਵਿਚ ਪਏ ਹੋਏ ਲੋਕਾਂ 'ਤੇ ਵਿਅੰਗ ਕਰਦੇ ਹੋਏ ਆਖਦੇ ਹਨ ਕਿ ਦਿਲ ਵਿਚ ਵਸਣ ਵਾਲੇ ਪ੍ਰਭੂ ਲਈ ਕੂਕ-ਕੂਕ ਕੇ ਅਵਾਜ਼ਾਂ ਦੇਣ ਦੀ ਕੀ ਲੋੜ ਹੈ? :

ਬਾਗਾਂ[9] ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ॥
ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਭੁਖੇ ਮੁਲਾਂ ਘਰੇ ਮਸੀਤਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

### 3.1.3 ਭੇਖੀ

ਤਤਕਾਲੀ ਦੌਰ ਵਿਚ ਕਈ ਲੋਕ ਬਾਹਰੀ ਧਾਰਮਿਕ ਭੇਖ ਬਣਾ ਕੇ (ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹੋਏ), ਆਪਣੀ ਰੋਜ਼ੀ-ਰੋਟੀ ਦਾ ਪ੍ਰਬੰਧ ਕਰ ਰਹੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਅਜਿਹੇ ਭੇਖੀਆਂ ਦਾ ਥਾਂ-ਪੁਰ-ਥਾਂ ਉਲੇਖ ਮਿਲਦਾ ਹੈ। ਤਤਕਾਲੀ ਲੋਕ ਵਿਵਹਾਰ ਇਸ ਤਰ੍ਹਾਂ ਦਾ ਸੀ ਕਿ ਉਹ ਮਨੁੱਖ ਲੋਕਾਂ ਦੇ ਸਤਿਕਾਰ ਦਾ ਪਾਤਰ ਹੁੰਦਾ ਸੀ, ਜਿਸ ਨੇ ਆਪਣੇ ਸਰੀਰ 'ਤੇ ਧਾਰਮਿਕ ਚਿੰਨ੍ਹ ਬਣਾਏ (ਪਹਿਨੇ) ਹੋਏ ਹੋਣ। ਅੰਦਰੋਂ ਭਾਵੇਂ ਉਹ ਕੁਝ ਵੀ ਹੋਵੇ:

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਬਾਣੀਕਾਰ ਅਜਿਹੇ ਭੇਖੀਆਂ ਦੀ ਚੰਗੀ ਖ਼ਬਰ ਲੈਂਦੇ ਹਨ। ਅਜਿਹੇ ਲੋਕਾਂ ਦੇ ਸਬੰਧ ਵਿਚ ਗੁਰੂ ਸਾਹਿਬ ਆਖਦੇ ਹਨ ਕਿ ਇਹ ਲੋਕ ਦੁਨੀਆ ਦੀਆਂ ਨਜ਼ਰਾਂ ਵਿਚ ਧਾਰਮਿਕ ਦਿਖਾਈ ਦੇਣ ਲਈ ਕਈ ਤਰ੍ਹਾਂ ਦੇ ਧਾਰਮਿਕ ਚਿੰਨ੍ਹ ਬਣਾਉਂਦੇ ਅਤੇ ਧਾਰਨ ਕਰਦੇ

ਹਨ ਤੇ ਇਨ੍ਹਾਂ ਵਿੱਚੋਂ ਕਈ ਆਪਣੇ ਸਰੀਰ ਨੂੰ ਕਈ ਤਰ੍ਹਾਂ ਦੇ ਕਸ਼ਟ ਦਿੰਦੇ ਫਿਰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਅਜਿਹੇ ਭੇਖੀਆਂ ਦੇ ਅੰਦਰਲਾ ਸੱਚ ਅਖ਼ੀਰ ਪਰਗਟ ਹੋ ਹੀ ਜਾਂਦਾ ਹੈ ਅਤੇ ਉਨ੍ਹਾਂ ਦੀ ਅਸਲੀਅਤ ਉੱਘੜ ਹੀ ਆਉਂਦੀ ਹੈ। ਉਨ੍ਹਾਂ ਦੇ ਕੀਤੇ ਮਾੜੇ ਕੰਮ ਉਜਾਗਰ ਹੋ ਹੀ ਜਾਂਦੇ ਹਨ ਭਾਵੇਂ ਉਹ ਉਨ੍ਹਾਂ ਨੂੰ ਛੁਪਾਉਣ ਦੀ ਜਿੰਨੀ ਮਰਜ਼ੀ ਕੋਸ਼ਿਸ਼ ਕਰਨ:

ਬਹੁ ਭੇਖ ਕੀਆ॥ਦੇਹੀ ਦੁਖ ਦੀਆ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 316)

ਜਿਸ ਮਨੁੱਖ ਦੇ ਮਨ ਵਿਚ ਝੂਠ ਵਸਿਆ ਹੋਇਆ ਹੋਵੇ, ਉਹ ਕੰਮ ਵੀ ਉਹੋ ਜਿਹੇ (ਝੂਠੇ) ਹੀ ਕਰਦਾ ਹੈ। ਧਾਰਮਿਕ ਭੇਖਬਣਾ ਕੇ (ਜੋ ਉਸਨੇ ਲੋਕਾਂ ਨੂੰ ਠਗਣ ਲਈ ਬਣਾਏ ਹਨ) ਉਹ ਧਨ-ਪਦਾਰਥਾਂ ਦੀ ਪ੍ਰਾਪਤੀ ਲਈ ਥਾਂ-ਪੁਰ-ਥਾਂ ਮੰਗਦਾ ਫਿਰਦਾ ਹੈ। ਉਹ ਵੱਡੀਆਂ ਲਾਲਸਾਵਾਂ ਦੀ ਪੂਰਤੀ ਹਿੱਤ ਤੀਰਥ-ਰਟਨ ਕਰਦਾ ਫਿਰਦਾ ਹੈ। ਭਲਾ ਇਸ ਤਰ੍ਹਾਂ ਦੂਹਰਾ ਚਰਿੱਤਰ ਬਣਾਏ ਹੋਏ ਉਹ ਪਰਮਗਤ ਦੀ ਪ੍ਰਾਪਤੀ ਕਿਵੇਂ ਕਰ ਸਕਦਾ ਹੈ? ਅਜਿਹਾ ਤਪਾ, ਜੇਕਰ ਗੁਰੂ ਦੇ ਆਖੇ ਅਨੁਸਾਰ, ਪ੍ਰਭੂ ਦੇ ਨਾਮ ਦੀ ਕਮਾਈ ਕਰੇ ਤਾਂ ਪਾਰ ਲੱਗ ਸਕਦਾ ਹੈ:

ਮਨ ਕਾ ਝੂਠਾ ਝੂਠੁ ਕਮਾਵੈ॥ ਮਾਇਆ ਨੋ ਫਿਰੈ ਤਪਾ ਸਦਾਵੈ॥

ਭਰਮੇ ਭੂਲਾ ਸਭਿ ਤੀਰਥ ਗਹੈ॥ ਓਹੁ ਤਪਾ ਕੈਸੇ ਪਰਮ ਗਤਿ ਲਹੈ॥

ਗੁਰ ਪਰਸਾਦੀ ਕੋ ਸਚੁ ਕਮਾਵੈ॥ ਨਾਨਕ ਸੋ ਤਪਾ ਮੋਖੰਤਰ ਪਾਵੈ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 948)

ਸੋ ਤਪਾ ਜਿ ਇਹੁ ਤਪੁ ਘਾਲੇ॥ ਸਤਿਗੁਰ ਨੋ ਮਿਲੈ ਸਬਦੁ ਸਮਾਲੇ॥

ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ॥ ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ॥

(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 948)

ਸਾਧੂ ਉਹ ਨਹੀਂ, ਜਿਸਦਾ ਮਨ ਅਜੇ ਭਰਮਾਂ ਵਿਚ ਹੀ ਪਿਆ ਭਟਕ ਰਿਹਾ ਹੈ, ਅਜਿਹੇ ਸਾਧੂ ਨੂੰ ਤਾਂ ਕੋਈ ਵਸਤੂ (ਦਾਨ) ਦੇ ਕੇ, ਫਲ਼ ਵੀ ਉਹੋ ਜਿਹਾ ਹੀ ਪ੍ਰਾਪਤ ਹੋਵੇਗਾ। ਸਾਧੂ ਉਹ ਵੀ ਨਹੀਂ, ਜਿਹੜਾ ਹੋਰਨਾਂ ਦੇ ਘਰਾਂ ਵਿਚ ਜਾ-ਜਾ ਕੇ ਭੋਜਨ ਖਾਂਦਾ ਫਿਰੇ ਅਤੇ ਆਪਣੇ ਢਿੱਡ ਦੀ ਖ਼ਾਤਰ ਕਈ ਤਰ੍ਹਾਂ ਦੇ ਧਾਰਮਿਕ ਭੇਖ ਬਣਾਉਂਦਾ ਫਿਰੇ। ਕੀ ਲਾਭ ਹੈ ਜੇਕਰ ਬਾਹਰੀ ਤੌਰ 'ਤੇ ਧਾਰਮਿਕ ਚਿੰਨ੍ਹ ਬਣਾਏ ਹੋਏ ਹੋਣ ਅਤੇ ਮਨ ਵਿਚ ਅਗਲੇ ਨੂੰ ਹਲਾਲ ਕਰਨ ਦੀ ਸੋਚ ਹੋਵੇ:

ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ॥

ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 949)

ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ॥

ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 949)

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਕਈ ਤਰ੍ਹਾਂ ਦੇ ਧਾਰਮਿਕ ਭੇਖ ਧਾਰਨ ਕਰਨ, ਸਿਰ ਮੁਨਾਉਣ, ਜਟਾਂ ਵਧਾਉਣ, ਧਾਰਮਿਕ ਪੁਸਤਕਾਂ ਪੜ੍ਹਨ ਅਤੇ ਥਾਂ-ਪੁਰ-ਥਾਂ ਤੁਰੇ ਫਿਰਨ ਨਾਲ ਸੱਚ ਦੀ ਪ੍ਰਾਪਤੀ ਨਹੀਂ ਹੁੰਦੀ। ਪ੍ਰਭੂ ਦੇ ਨਾਮ ਦੀ ਮੰਗ (ਤਾਂਘ) ਭਿੱਖਿਆ ਬਣ ਜਾਵੇ ਅਤੇ ਸੰਤੋਖ ਰਹਿਣ (ਆਵਾਸ) ਦਾ ਟਿਕਾਣਾ ਤਾਂ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ:

ਨਾ ਸਤਿ ਮੁੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥

ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਭਿਖਿਆ ਨਾਮੁ ਸੰਤੋਖ ਮੜੀ ਸਦਾ ਸਚੁ ਹੈ ਨਾਲਿ॥

ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1089)

ਅਸਲ ਫ਼ਕੀਰੀ ਦਾ ਵਾਰਿਸ ਤਾਂ ਕੋਈ-ਕੋਈ ਹੀ ਹੁੰਦਾ ਹੈ। ਘਰ-ਘਰ ਮੰਗਦੇ ਫਿਰਨ ਵਾਲੇ (ਭੇਖੀ) ਦੇ ਭੇਖ ਅਤੇ ਜੀਵਨ, ਦੋਹਾਂ ਨੂੰ ਲਾਹਨਤ ਹੈ:

ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ॥

ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 550)

ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ॥

ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)

ਅਜਿਹਾ ਹੀ ਇੱਕ ਭੇਖੀ ਤਪਾ (ਜਿਹੜਾ ਗੁਰੂ ਅਮਰਦਾਸ ਜੀ ਦਾ ਸਮਕਾਲੀ ਸੀ) ਜੋ ਗੁਰੂ ਜੀ ਦੁਆਰਾ ਕੀਤੇ ਭੰਡਾਰੇ 'ਤੇ ਸੱਦੇ ਜਾਣ ਦੇ ਬਾਵਜੂਦ ਨਹੀਂ ਆਇਆ[10] ਪਰ ਮਗਰੋਂ ਲਾਲਚ-ਵੱਸ ਆਪਣੇ ਪੁੱਤਰ ਨੂੰ ਭੇਜ ਦਿੰਦਾ ਹੈ[11], ਬਾਰੇ ਗੁਰੂ ਰਾਮ ਦਾਸ ਜੀ ਟਿੱਪਣੀ ਕਰਦੇ ਹਨ ਕਿ ਅਸਲ ਤਪੀਆ ਮਨੁੱਖ ਇਸ ਤਰ੍ਹਾਂ ਦਾ ਤਾਂ ਨਹੀਂ ਹੁੰਦਾ। ਅਸਲ ਤਪੀਆ ਲੋਭ-ਰੂਪੀ ਵਿਕਾਰ ਤੋਂ ਗ੍ਰਸਤ ਨਹੀਂ ਹੁੰਦਾ ਅਤੇ ਨਾ ਹੀ ਉਹ ਮਾਇਆ ਪਿੱਛੇ ਭੱਜਾ-ਨੱਠਾ ਹੀ ਫਿਰਦਾ ਹੈ। ਉਹ ਤਾਂ ਲੋਭ-ਰੂਪੀ ਵਿਕਾਰ ਤੋਂ ਕੋਹਾਂ ਦੂਰ ਹੁੰਦਾ ਹੈ। ਗੁਰੂ ਸਾਹਿਬ ਆਖਦੇ ਹਨ ਕਿ ਪਹਿਲਾਂ ਤਾਂ ਉਹ (ਭੰਡਾਰੇ ਵਿਚ) ਆਦਰ ਸਹਿਤ ਸੱਦੇ ਜਾਣ ਦੇ ਬਾਵਜੂਦ ਨਹੀਂ ਪੁੱਜਾ ਪ੍ਰੰਤੂ ਮਗਰੋਂ (ਲਾਲਚ ਵੱਸ) ਆਪਣੇ ਪੁੱਤਰ ਨੂੰ ਭੇਜ ਦਿੱਤਾ। ਇਹ ਅਸਚਰਜ ਦੇਖ ਕੇ ਸਿਆਣੇ-ਮੋਹਤਬਰ ਲੋਕ ਹੱਸਣ ਲੱਗ ਪਏ। ਜਿੱਥੋਂ ਕਿਤਿਓਂ ਇਸ ਤਪੇ ਨੂੰ ਘੱਟ ਧਨ ਮਿਲਦਾ ਦਿਸੇ, ਓਥੇ ਇਹ ਕੋਈ ਨਾ ਕੋਈ ਗੱਲ ਬਣਾ ਕੇ ਧਨ ਨੂੰ ਹੱਥ ਨਹੀਂ ਲਾਉਂਦਾ (ਧਨ ਚੁੱਕਦਾ ਨਹੀਂ) ਪਰ ਜਿੱਥੇ ਕਿਤੇ ਚੰਗਾ ਗੱਫ਼ਾ ਮਿਲ ਜਾਵੇ, ਓਥੇ ਆਪਣਾ ਦੀਨ ਗੁਆਉਣ ਤੱਕ ਜਾਂਦਾ ਹੈ। ਗੁਰੂ ਸਾਹਿਬ ਆਖਦੇ ਹਨ ਕਿ ਇਹ ਤਪਾ ਨਹੀਂ, ਇਹ ਤਾਂ ਅਸਲ ਵਿਚ ਬਗਲਾ ਹੈ, ਜਿਹੜਾ ਬਾਹਰੋਂ ਬੜਾ ਭਗਤ ਨਜ਼ਰ ਆਉਂਦਾ ਹੈ ਪਰ ਜਿਸਦਾ ਧਿਆਨ ਹਮੇਸ਼ਾ ਸ਼ਿਕਾਰ ਵੱਲ ਰਹਿੰਦਾ ਹੈ। ਉਹ (ਤਪਾ) ਭਲੇ ਪੁਰਖਾਂ ਦੀ ਨਿੰਦਾ ਕਰਦਾ ਹੈ ਅਤੇ ਇਸ ਤਰ੍ਹਾਂ ਕਰ ਕੇ ਸੰਸਾਰ ਦੀਆਂ ਨਜ਼ਰਾਂ ਵਿਚ ਚੰਗਾ ਬਣਨਾ ਚਾਹੁੰਦਾ ਹੈ। ਅਜਿਹਾ ਮਨੁੱਖ ਪ੍ਰਭੂ ਦੇ ਨਿਆਂ (ਮਾਰ) ਤੋਂ ਕਿਵੇਂ ਬਚ ਸਕਦਾਹੈ?

ਭਲੇ ਪੁਰਖਾਂ ਦੀ ਨਿੰਦਾ ਕਰਨ ਦਾ ਉਸ ਤਪੇ ਨੂੰ ਇਹ ਫਲ਼ ਮਿਲਿਆ ਕਿ ਉਸਦੀ ਕੀਤੀ ਹੋਈ (ਥੋੜ੍ਹੀ-ਬਹੁਤ) ਕਮਾਈ ਵੀ ਅਜਾਈਂ ਚਲੀ ਗਈ। ਘਰੋਂ ਬਾਹਰ ਉਹ (ਸਿਆਣੇ ਲੋਕਾਂ ਵਿਚ) ਤਪਾ ਸਦਵਾਉਂਦਾ ਹੈ ਪਰ ਅੰਦਰੋ-ਅੰਦਰੀ ਮਾੜੀ ਸੋਚ ਪਾਲਦਾ ਹੈ। ਅਖ਼ੀਰ ਉਸਦੇ ਅੰਦਰਲਾ ਸੱਚ ਸੂਝਵਾਨ ਲੋਕਾਂ ਦੇ ਸਾਹਮਣੇ ਆ ਹੀ ਜਾਂਦਾ ਹੈ। ਪਾਖੰਡ ਛੁਪਿਆ ਨਹੀਂ ਰਹਿੰਦਾ:

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥
ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥
ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ॥
ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਾਗਾ ਸਭੁ ਗਇਆ ਤਪੇ ਕਾ ਘਾਲਿਆ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥ ਅੰਦਰਿ ਬਹਿ ਤਪਾ ਪਾਪ ਕਮਾਏ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 315-16)

ਤ੍ਰਿਸ਼ਨਾ-ਰੂਪੀ ਭੁੱਖ ਕਦੇ ਭੇਖਾਂ ਦੁਆਰਾ ਸ਼ਾਂਤ ਨਹੀਂ ਹੁੰਦੀ, ਇਹ ਤਾਂ ਸਤਿਗੁਰੂ ਦੇ ਮੁੱਖ ਲੱਗਿਆਂ ਹੀ ਮਿਟਦੀ ਹੈ। ਭੇਖੀ ਮਨੁੱਖ, ਇੱਕ ਤਾਂ ਤ੍ਰਿਸ਼ਨਾ-ਰੂਪੀ ਭੁੱਖ ਕਾਰਨ ਦੁਖੀ ਹੁੰਦਾ ਹੈ, ਦੂਸਰਾ ਦਰ-ਦਰ ਫਿਰਦਾ ਹੋਇਆ ਦੁੱਖ ਸਹਿੰਦਾ ਹੈ। ਇਸ ਤਰ੍ਹਾਂ ਉਹ ਆਪਣੇ ਸਰੀਰ ਨੂੰ ਕਸ਼ਟ ਦਿੰਦਾ ਹੈ:

ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ॥
ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 586)

ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 588)

ਵੱਖ-ਵੱਖ ਧਾਰਮਿਕ ਫਿਰਕਿਆਂ ਦੇ ਲੋਕਾਂ ਨੇ ਕਈ ਤਰ੍ਹਾਂ ਦੇ ਧਾਰਮਿਕ ਚਿੰਨ੍ਹ ਬਣਾ ਕੇ ਮਨ ਨੂੰ ਵੱਸ ਕਰਨ ਹਿੱਤ ਯਤਨ ਕੀਤੇ ਪਰ ਉਨ੍ਹਾਂ ਦੀ ਪੁਰੀ ਨਾ ਪੈ ਸਕੀ। ਉਹ ਭੇਖ ਬਣਾ-ਬਣਾ ਕੇ ਤੀਰਥਾਂ 'ਤੇ ਵੀ ਘੁੰਮਦੇ ਰਹੇ ਪਰ ਫਿਰ ਵੀ ਉਨ੍ਹਾਂ ਦਾ ਕਾਰਜ ਸਿੱਧ ਨਾ ਹੋ ਸਕਿਆ। ਬਾਹਰੀ ਵਸਤਰ ਬਦਲਨ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਗੁਰੂ ਸਾਹਿਬ ਆਖਦੇ ਹਨ ਕਿ ਕੇਵਲ ਧਾਰਮਿਕ ਭੇਖ ਧਾਰਨ ਕਰਨ ਨਾਲ ਪ੍ਰਭੂ ਨਾਲ ਜੁੜਿਆ ਨਹੀਂ ਜਾ ਸਕਦਾ:

ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ॥
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥
ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ॥
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 644)

ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 650)

ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ॥
ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 785)
ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1420)
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਕਈ ਲੋਕ ਵੱਖ-ਵੱਖ ਧਾਰਮਿਕ ਚਿੰਨ੍ਹ ਬਣਾ ਕੇ ਲੋਕਾਂ ਤੋਂ ਵਸੂਲੀ ਕਰਦੇ ਹੋਏ ਦੇਖੇ ਜਾਂਦੇ ਹਨ। ਧਾਰਮਿਕ ਚਿੰਨ੍ਹ ਬਣਾ ਕੇ ਉਹ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕਰਦੇ ਹਨ। ਜਦੋਂ ਕੋਈ ਉਨ੍ਹਾਂ ਨੂੰ ਨਾਂਹ ਕਰ ਬੈਠੇ ਜਾਂ ਉੱਚਾ ਬੋਲ ਬੈਠੇ ਤਾਂ ਉਹ ਉਸ ਵਿਅਕਤੀ ਨੂੰ ਸਰਾਪ ਦੇਣ ਤੱਕ ਜਾਂਦੇ ਹਨ, ਜਿਵੇਂ ਕਿ ਉਨ੍ਹਾਂ ਦਾ ਦਿੱਤਾ ਸਰਾਪ ਫਲੀਭੂਤ ਹੋ ਹੀ ਜਾਣਾ ਹੁੰਦਾ ਹੈ। “ਅੱਜ ਮੇਰੇ ਦੇਸ਼ ਵਿਚ ਸਿਆਸਤ ਦੇ ਨਾਲ- ਨਾਲ ਵਿੱਦਿਆ ਅਤੇ ਧਰਮ ਦਾ ਪੂਰੀ ਤਰ੍ਹਾਂ ਵਪਾਰੀਕਰਣ ਕਰ ਦਿੱਤਾ ਗਿਆ ਹੈ। ਹੁਣ ਇਕ ਸਧਾਰਨ ਭਾਰਤੀ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਲਈ ਕਿੱਥੇ ਜਾਵੇ? ਜਦੋਂ ਕਿ ਇਹ ਮੰਦਰਾਂ, ਮਠਾਂ, ਸਾਧੂਆਂ ਅਤੇ ਧਾਰਮਿਕ ਵਿਅਕਤੀਆਂ ਕੋਲੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਹੈ। ” (ਮਹਿੰਦਰ ਪ੍ਰਤਾਪ, *ਜੀਵਨ ਜਾਚ* 38-39) “ਅੱਜ ਦਾ ਸਮਾਜ ਹਰ ਭਗਵੇ ਕੱਪੜੇ ਪਾਏ ਬੰਦੇ ਨੂੰ ਸਾਧੂ ਸਮਝ ਬੈਠਦਾ ਹੈ। ਅਸਲ ਵਿਚ ਸਥਿਤੀ ਇਸ ਦੇ ਬਿਲਕੁਲ ਉਲਟ ਹੈ। ਅਸਲੀ ਸਾਧੂ ਤਾਂ ਹੁਣ ਕਿਤੇ ਟਾਵਾਂ ਟੱਲਾ ਹੀ ਮਿਲਦਾ ਹੈ। ਬਹੁਤੇ ਸਾਧੂ ਤਾਂ ਸਵਾਦੂ ਹੀ ਹਨ। ” (ਮਹਿੰਦਰ ਪ੍ਰਤਾਪ, *ਜੀਵਨ ਜਾਚ* 51)

## 3.2 ਤਤਕਾਲੀ ਧਾਰਮਿਕ ਪੁਸਤਕਾਂ ਸਬੰਧੀ ਉਲੇਖ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਤਕਾਲੀ ਧਾਰਮਿਕ ਗ੍ਰੰਥਾਂ ਸਬੰਧੀ ਥਾਂ-ਪੁਰ-ਥਾਂ ਉਲੇਖ ਮਿਲਦੇ ਹਨ। ਇਸ ਬਾਣੀ-ਰੂਪ ਵਿਚ ਵੱਖ-ਵੱਖ ਧਰਮਾਂ ਨਾਲ ਸਬੰਧਿਤ ਧਰਮ-ਗ੍ਰੰਥਾਂ ਦਾ ਜ਼ਿਕਰ ਮਿਲਦਾ ਹੈ, ਜਿਨ੍ਹਾਂ ਦਾ ਵੇਰਵਾ ਅਗਲੀਆਂ ਪੰਕਤੀਆਂ ਵਿਚ ਦਿੱਤਾ ਜਾ ਰਿਹਾ ਹੈ:

### 3.2.1 ਵੇਦ

ਇਹ ਧਰਮ-ਪੁਸਤਕਾਂ ਹਿੰਦੂ ਧਰਮ ਨਾਲ ਸਬੰਧਿਤ ਹਨ ਅਤੇ ਇਨ੍ਹਾਂ ਦੀ ਗਿਣਤੀ ਚਾਰ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਸ਼ਬਦਾਂ ਵਿਚ, "ਹਿੰਦੂ ਧਰਮ ਦੇ ਆਧਾਰ ਰੂਪ ਪ੍ਰਾਚੀਨ ਮੁਖ ਗ੍ਰੰਥ, ਜਿਨ੍ਹਾਂ ਦੀ ਗਿਣਤੀ ਪਹਿਲਾਂ ਤਿੰਨ ਸੀ ਅਤੇ ਪਿਛੋਂ ਅਥਰਵ ਮਿਲਾ ਕੇ ਚਾਰ ਕੀਤੀ ਗਈ। ... ... ... {ਰਿਗਵੇਦ} ਸਭ ਤੋਂ ਪੁਰਾਣਾ ਰਿਗਵੇਦ ਹੈ। ਰਿਚ ਨਾਮ ਉਸਤਤਿ ਦਾ ਹੈ, ਇਸੇ ਧਾਤੁ ਤੋਂ ਰਿਗ ਸ਼ਬਦ ਬਣਿਆ ਹੈ, ਜਿਸ ਵਿਚ ਦੇਵਤਿਆਂ ਦੀ ਉਸਤਤਿ ਹੋਵੇ ਸੋ ਰਿਗਵੇਦ ਹੈ। ... ... ... {ਯਜੁਰਵੇਦ} ਯਜੁਰ ਸੰਸਕ੍ਰਿਤ ਦੇ ਯਜੁ ਧਾਤੁ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਯੱਗਯਕਰਨਾ, ਪੂਜਨ ਕਰਨਾ। ਸੋ ਜਿਸ ਵਿਚ ਬਲਿਦਾਨ ਅਤੇ ਜੱਗ ਹੋਮ ਦਾ ਵਰਣਨ ਹੈ, ਸੋ ਯਜੁਰ ਵੇਦ ਹੈ। ... ... ... {ਸਾਮਵੇਦ} ਸਾਮਯ ਦਾ ਅਰਥ ਹੈ ਤੁਲਯ (ਸਮਾਨ), ਜਿਸ ਦੇ ਮੰਤ੍ਰ ਗਾਉਣ ਲਈ ਸਮਾਨ ਵਜ਼ਨ ਦੇ ਹੋਣ, ਓਹਿ ਸਾਮਵੇਦ ਹੈ, ਗਾਯਕ ਬ੍ਰਾਹਮਣ ਸਾਮਵੇਦ ਨੂੰ ਯੱਗ ਆਦਿ ਮੰਗਲ ਕਰਮਾਂ ਵਿਚ ਗਾਉਂਦੇ ਹਨ... ... ... {ਅਥਰਵ ਵੇਦ} ਅਥਰਵਨ ਦਾ ਅਰਥ ਹੈ, ਹਵਨ ਕਰਨ ਵਾਲਾ, ਜਿਸ ਵਿਚ ਹੋਤ੍ਰਿ ਦੇ ਕਰਮ ਤੇ ਹਵਨ ਦੇ ਪ੍ਰਕਾਰ ਹੋਣ ਉਹ ਅਥਰਵ ਵੇਦ ਹੈ। ਇਸ ਵਿਚ ਮੰਤ੍ਰ, ਟੂਣੇ ਆਦਿ ਦਾ ਬਹੁਤ ਜ਼ਿਕਰ ਹੈ। " (ਨਾਭਾ, *ਗੁਰਮਤ ਮਾਰਤੰਡ ਭਾਗ ਦੂਜਾ* 834-35) ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ

ਰਚਨਾਕਾਰਾਂ ਦਾ ਮਤ ਹੈ, "ਗਾਇਤ੍ਰੀ ਤੰਤਰ ਦੇ ਪੰਜਵੇਂ ਪਟਲ ਵਿਚ ਵੇਦਾਂ ਦੇ ਰੰਗ ਦਿਤੇ ਗਏ ਹਨ: ਹੀਰੇ ਜਿਹਾ ਸ਼ਾਮ, ਪੀਲਾ ਰਿਗ, ਲਾਲ ਯਜੁਰ ਅਤੇ ਸੁਰਮਈ ਅਥਰਵ। ਕਾਤਯਾਇਨ ਰਿਖੀ ਕ੍ਰਿਤ 'ਚਰਣਵਿਹੂ' ਵਿੱਚ ਵੀ ਇਹੋ ਰੰਗ ਦਿੱਤੇ ਹਨ। " (*ਪੰਨਾ* 139) ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਨ ਕੀਤੀ ਹੋਈ ਨਿਮਨ ਪੰਕਤੀ ਵਿਚ ਵੇਦਾਂ ਦੀ ਗਿਣਤੀ (ਚਾਰ) ਅਤੇ ਇਨ੍ਹਾਂ ਧਰਮ-ਪੁਸਤਕਾਂ ਦੇ ਰੰਗਾਂ ਦਾ ਉਲੇਖ ਹੈ:

ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 139)

ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ (ਪ੍ਰਚੱਲਤ) ਯੁੱਗ-ਧਾਰਨਾ ਨੂੰ ਮੁੱਖ ਰੱਖਦੇ ਹੋਏ ਵੱਖ-ਵੱਖ ਵੇਦਾਂ ਵਿਚ ਵਿਅਕਤ ਵਿਚਾਰਾਂ ਦਾ ਨਿਰਣਾ ਕਰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਸਾਮਵੇਦ ਅਨੁਸਾਰ ਸਤਿਯੁਗ ਵਿਚ ਕੁੱਲ-ਮਾਲਕ ਦਾ ਨਾਮ 'ਸੇਤੰਬਰ' ਪ੍ਰਚੱਲਤ ਸੀ। ਇਸੇ ਨਾਮ ਅਧੀਨ ਉਸਦੀ ਪੂਜਾ ਹੋ ਰਹੀ ਸੀ। ਉਹ ਸੱਚ ਵਿਚ ਟਿਕਿਆ ਰਹਿੰਦਾ ਸੀ ਤੇ ਹਰ ਜੀਵ (ਚੰਗੇ ਕਰਮ ਕਰਨ ਕਰਕੇ) ਉਸੇ ਵਿਚ ਹੀ ਲੀਨ ਹੁੰਦਾ ਸੀ। ਰਿਗਵੇਦ ਦਾ ਕਹਿਣਾ ਹੈ ਕਿ (ਤ੍ਰੇਤੇ ਯੁੱਗ ਵਿਚ) ਸ੍ਰੀ ਰਾਮ ਚੰਦਰ ਜੀ (ਪ੍ਰਭੂ ਦੀ ਤਰ੍ਹਾਂ ਹਰ ਥਾਂ) ਵਿਆਪਕ ਸਨ ਤੇ ਦੇਵਤਿਆਂ ਵਿਚ ਉਨ੍ਹਾਂ ਦਾ ਨਾਂ ਸੂਰਜ ਵਾਂਗ ਚਮਕਦਾ ਸੀ। ਉਨ੍ਹਾਂ ਦਾ ਨਾਂ ਲਿਆਂ ਪਾਪ ਕੱਟੇ ਜਾਂਦੇ ਸਨ ਤੇ ਮੁਕਤੀ ਦੀ ਪ੍ਰਾਪਤੀ ਹੁੰਦੀ ਸੀ। ਯਜੁਰਵੇਦ ਸਮੇਂ (ਦੁਆਪਰ ਯੁੱਗ ਵਿਚ) ਸ੍ਰੀ ਕ੍ਰਿਸ਼ਨ ਜੀ ਨੇ ਚੰਦ੍ਰਾਵਲੀ ਨੂੰ ਜ਼ੋਰ ਨਾਲ ਛਲ ਲਿਆ ਅਤੇ ਉਨ੍ਹਾਂ ਦਾ ਨਾਮ ਜਗਤ ਉਜਾਗਰ ਹੋਇਆ। ਉਨ੍ਹਾਂ ਆਪਣੀ ਗੋਪੀ ਦੀ ਖ਼ਾਤਰ ਇੰਦਰ ਦੇ ਬਾਗ ਵਿੱਚੋਂ ਪਾਰਜਾਤ ਰੁੱਖ ਲੈ ਆਂਦਾ ਤੇ ਬਿੰਦਰਾਵਨ ਵਿਚ ਰੰਗ ਕੀਤਾ। ਕਲਿਯੁਗ ਵਿਚ ਤੁਰਕਾਂ ਦਾ ਰਾਜ ਹੋ ਜਾਣ ਕਾਰਨ ਰੱਬ ਦਾ ਨਾਂ 'ਖ਼ੁਦਾ', 'ਅੱਲ੍ਹਾ' ਹੋ ਗਿਆ ਅਤੇ ਨੀਲੇ ਵਸਤਰ ਪਰਵਾਨ ਹੋ ਗਏ (ਪ੍ਰਚੱਲਤ ਹੋ ਗਏ)। ਸਮੇਂ-ਸਮੇਂ ਸਿਰ ਇਹ ਚਾਰੇ ਵੇਦ ਸੱਚੇ ਰਹੇ ਹਨ (ਪ੍ਰਵਾਨਤ ਰਹੇ ਹਨ) ਅਤੇ ਲੋਕਾਈ ਇਨ੍ਹਾਂ ਤੋਂ ਜੀਵਨ-ਜਾਚ ਪ੍ਰਾਪਤ ਕਰਦੀ ਰਹੀ ਹੈ ਪਰ ਹੁਣ (ਅਸਲ) ਸਥਿਤੀ ਇਹ ਹੈ ਕਿ ਪ੍ਰਭੂ ਪ੍ਰਤਿ ਪ੍ਰੇਮਾ-ਭਗਤੀ ਹੋਵੇ ਅਤੇ ਨਿਮਰਤਾ ਦਾ ਧਾਰਨੀ ਹੋਇਆ ਜਾਵੇ। ਅਜਿਹਾ ਮਨੁੱਖ ਹੀ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ:

ਸਾਮ ਕਹੇ ਸੇਤੰਬਰ ਸੁਆਮੀ ਸਚਿ ਮਹਿ ਆਛੈ ਸਾਚਿ ਰਹੇ॥ ਸਭੁ ਕੋ ਸਚਿ ਸਮਾਵੈ॥
ਰਿਗੁ ਕਹੈ ਰਹਿਆ ਭਰਪੂਰਿ॥ਰਾਮੁ ਨਾਮੁ ਦੇਵਾ ਮਹਿ ਸੂਰੁ॥
ਨਾਇ ਲਇਐ ਪਰਾਛਤ ਜਾਹਿ॥ਨਾਨਕ ਤਉ ਮੋਖੰਤਰ ਪਾਹਿ॥
ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥
ਕਲਿ ਮਹਿ ਬੇਦੁ ਅਥਰਬਣੁ ਆਇਆ ਹੂਆ ਨਾਉ ਖੁਦਾਈ ਅਲਹੁ ਭਇਆ॥
ਚਾਰੇ ਵੇਦ ਹੋਏ ਸਚਿਆਰ॥ਪੜਹਿ ਗੁਣਹਿ ਤਿਨ ਚਾਰ ਵੀਚਾਰ॥
ਭਾਉ ਭਗਤਿ ਕਰਿ ਨੀਚ ਸਦਾਏ॥ਤਉ ਨਾਨਕ ਮੋਖੰਤਰੁ ਪਾਏ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1470)

ਗੁਰੂ ਸਾਹਿਬ ਆਖਦੇ ਹਨ ਕਿ ਪਾਪ-ਪੁੰਨ ਦੇ ਵਿਚਾਰ ਵੇਦ ਰਾਹੀਂ ਹੀ ਉਤਪੰਨ ਹੋਏ ਹਨ। ਕਿਸੇ ਨੂੰ ਦਿੱਤਾ ਹੋਇਆ ਹੀ ਮੁੜ ਪ੍ਰਾਪਤ ਹੁੰਦਾ ਹੈ ਅਤੇ ਕਿਸੇ ਤੋਂ ਲਿਆ ਹੋਇਆ (ਅਗਲੇ ਜਨਮ ਵਿਚ) ਮੋੜਦੇ ਹਾਂ ਤੇ ਨਰਕ ਅਤੇ ਸਵਰਗ ਦੇ ਭਾਗੀ ਬਣਦੇ ਹਾਂ:

ਕਥਾ ਕਹਾਣੀ ਬੇਦੰੀ ਆਣੀ ਪਾਪੁ ਪੁੰਨੁ ਬੀਚਾਰੁ॥

ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਇਹ ਵੇਦ ਦਾ ਹੀ ਫ਼ਲਸਫ਼ਾ ਹੈ ਕਿ ਮਨੁੱਖ ਦੁਆਰਾ ਕੀਤੇ ਹੋਏ ਪੁੰਨ ਅਤੇ ਪਾਪ ਉਸਨੂੰ (ਕ੍ਰਮਵਾਰ) ਸਵਰਗ ਅਤੇ ਨਰਕ ਦੇ ਭਾਗੀਦਾਰ ਬਣਾਉਂਦੇ ਹਨ। ਮਨੁੱਖ ਜਿਹੋ ਜਿਹਾ ਕਰਮ ਕਰਦਾ ਹੈ, ਉਹੋ ਜਿਹਾ ਹੀ ਫਲ਼ ਪਾ ਲੈਂਦਾ ਹੈ ਤੇ (ਕਰਮ ਦਾ) ਫਲ਼ ਖਾਂਦੇ ਹੋਏ, ਉਹ ਇਹ ਆਭਾਸ ਕਰ ਲੈਂਦਾ ਹੈ ਕਿ ਇਹ ਫਲ ਉਸਨੂੰ ਉਹਦੇ ਹੀ ਕੀਤੇ ਕਰਮ ਦੇ ਇਵਜ਼ਾਨੇ ਵਜੋਂ ਮਿਲਿਆ ਹੈ। ਕਰਮਾਂ ਦੇ ਇਸੇ ਲੈਣ-ਦੇਣ ਦੇ ਫ਼ਲਸਫ਼ੇ ਕਾਰਨ ਗੁਰੂ ਸਾਹਿਬ ਨੇ ਵੇਦ ਨੂੰ "ਬੇਦੁ ਵਪਾਰੀ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243) ਆਖਿਆ ਹੈ। ਵੇਦ ਕੂਕ-ਕੂਕ ਕੇ ਆਖਦੇ ਹਨ ਕਿ ਪ੍ਰਭੂ ਬੇਅੰਤ ਉੱਚਾ ਅਤੇ ਵੱਡਾ ਹੈ। ਉਸ ਵਰਗਾ ਹੋਰ ਕੋਈ ਨਹੀਂ ਹੈ:

ਬੇਦ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ॥

ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਨੇਤ ਨੇਤ ਕਥੰਤਿ ਬੇਦਾ॥ਊਚ ਮੂਚ ਅਪਾਰ ਗੋਬਿੰਦਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

"ਘੋਖੇ ਸਾਸਤ੍ਰ ਬੇਦ ਸਭ"(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 254) ਤੁਕਾਂਗ ਸਪਸ਼ਟ ਕਰਦਾ ਹੈ ਕਿ ਤਤਕਾਲੀ ਦੌਰ ਵਿਚ ਗਿਆਨ ਦੀ ਭਾਲ ਹਿੱਤ ਵੇਦ ਅਤੇ ਹੋਰ ਧਾਰਮਿਕ ਪੁਸਤਕਾਂ ਦਾ ਦੀਰਘ ਅਧਿਐਨ ਪ੍ਰਚੱਲਤ ਰਿਹਾ ਹੈ। ਹੇਠ ਲਿਖੀ ਪੰਕਤੀ ਵਿਚ ਵੀ ਵਿਦਵਾਨ ਦੁਆਰਾ ਵੇਦ ਦੀ ਵਿਚਾਰ ਕੀਤੇ ਜਾਣ ਦਾ ਉਲੇਖ ਹੈ, ਜਿਸਨੂੰ ਸੁਣ ਕੇ ਉਸਦੇ ਵਿਦਿਆਰਥੀ (ਉਸ ਦੁਆਰਾ ਦਿੱਤੇ ਵਿਚਾਰਾਂ ਨੂੰ) ਮੁੜ ਕਈ ਪੱਖਾਂ ਤੋਂ ਵਿਚਾਰਦੇ ਹਨ:

ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1355)

ਗੁਰੂ ਸਾਹਿਬ ਦਾ ਬਚਨ ਹੈ ਕਿ ਵੇਦ (ਧਾਰਮਿਕ ਪੁਸਤਕਾਂ) ਨਾਲ ਮਨੁੱਖ ਦਾ ਸਬੰਧ ਤਦ ਹੀ ਜੁੜਦਾ ਹੈ, ਜੇਕਰ ਮਨੁੱਖ ਸੱਚ ਬੋਲੇ ਭਾਵ ਧਰਮ-ਪੁਸਤਕਾਂ ਦੇ ਅਸਲ ਗਿਆਨ ਦੀ ਸੋਝੀ ਸੱਚੇ ਚਰਿੱਤਰ ਵਾਲੇ ਦੀ ਝੋਲੀ ਪੈਂਦੀ ਹੈ:

ਬੇਦਾ ਗੰਢੁ ਬੋਲੇ ਸਚੁ ਕੋਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਗੁਰੂ ਸਾਹਿਬ ਆਖਦੇ ਹਨ ਕਿ ਜਿਸ ਤਰ੍ਹਾਂ ਦੀਵਾ ਬਲਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਉਸੇ ਤਰ੍ਹਾਂ ਵੇਦ (ਆਦਿਕ ਧਰਮ-ਪੁਸਤਕਾਂ) ਦੇ ਵਿਚਾਰ ਦੁਆਰਾ ਪਾਪਾਂ ਵਾਲੀ ਮੱਤ ਦਾ ਨਾਸ਼ ਹੁੰਦਾ ਹੈ। ਜਦੋਂ ਸੂਰਜ ਚੜ੍ਹਦਾ ਹੈ ਤਾਂ ਚੰਦ (ਚੜ੍ਹਿਆ ਹੋਇਆ) ਦਿਖਾਈ ਨਹੀਂ ਦਿੰਦਾ। ਜਦੋਂ ਗਿਆਨ-ਰੂਪੀ ਸੂਰਜ ਉਦੈ ਹੁੰਦਾ ਹੈ ਤਾਂ ਅਗਿਆਨ-ਰੂਪੀ ਹਨੇਰਾ ਦੂਰ ਹੁੰਦੇ ਦੇਰ ਨਹੀਂ ਲੱਗਦੀ। (ਪਰ) ਹਾਲਾਤ ਇਹ ਹੋ ਗਏ ਹਨ ਕਿ ਵੇਦਾਂ ਦਾ ਪਾਠ ਸੰਸਾਰ ਲਈ ਇੱਕ ਕੰਮ (ਸਿਰਫ਼ ਕਰਮ) ਬਣ ਕੇ ਰਹਿ ਗਿਆ ਹੈ (ਭਾਵ ਕਿ ਲੋਕ ਇਨ੍ਹਾਂ ਤੋਂ ਕੋਈ ਜੀਵਨ-ਜੁਗਤ ਪ੍ਰਾਪਤ ਨਹੀਂ ਕਰ ਰਹੇ)। ਪੰਡਿਤ ਲੋਕ ਵੇਦਾਂ ਦਾ ਪਾਠ ਕਰਦੇ ਹਨ ਤੇ ਉਨ੍ਹਾਂ ਦੀ ਵਿਆਖਿਆ ਕਰਦੇ ਹਨ ਜਿਸਨੂੰ ਲੋਕ ਸੁਣਦੇ ਹਨ (ਇਸ ਤਰ੍ਹਾਂ ਇਹ ਸਾਰਾ ਕੁਝ ਇੱਕ ਵਿਹਾਰ ਬਣ ਕੇ ਰਹਿ ਗਿਆ ਹੈ) ਪਰ ਪੜ੍ਹ-ਸੁਣ ਕੇ ਵਿਚਾਰ ਕਰਨ (ਅਮਲ ਕਰਨ) ਤੋਂ ਸੱਖਣੇ ਲੋਕ (ਜਿਨ੍ਹਾਂ ਨੇ ਵੇਦ ਪਾਠ ਨੂੰ ਇੱਕ ਵਿਹਾਰ ਤੱਕ ਸੀਮਿਤ ਕਰ ਲਿਆ ਹੈ) ਖ਼ੁਆਰ ਹੋ ਰਹੇ ਹਨ:

ਦੀਵਾ ਬਲੈ ਅੰਧੇਰਾ ਜਾਇ॥

ਬੇਦ ਪਾਪ ਮਤਿ ਪਾਪਾ ਖਾਇ॥

ਉਗਵੈ ਸੂਰੁ ਨ ਜਾਪੈ ਚੰਦੁ॥
ਜਹ ਗਿਆਨ ਪ੍ਰਗਾਸੁ ਅਗਿਆਨ ਮਿਟੰਤੁ॥
ਬੇਦ ਪਾਠ ਸੰਸਾਰ ਕੀ ਕਾਰ॥
ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ॥
ਬਿਨੁ ਬੂਝੈ ਸਭ ਹੋਇ ਖੁਆਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 791)

ਭਗਤ ਕਬੀਰ ਜੀ ਅਜਿਹੇ ਅਖੌਤੀ ਵਿਚਾਰਵਾਨਾਂ ਨਾਲ ਸਖ਼ਤੀ ਨਾਲ ਪੇਸ਼ ਆਉਂਦੇ ਹਨ। ਆਪ ਆਖਦੇ ਹਨ ਕਿ ਉਹ (ਵੇਦਾਂ ਦੇ ਕਹੇ ਉੱਪਰ ਅਮਲ ਨਾ ਕਰਨ ਕਰ ਕੇ) ਆਪ ਤਾਂ ਡੁੱਬਦੇ ਹੀ ਹਨ, ਨਾਲ ਦੀ ਨਾਲ ਆਪਣੇ ਸੇਵਕਾਂ ਨੂੰ ਵੀ ਡੁਬਾ ਦਿੰਦੇ ਹਨ ਕਿਉਂਕਿ ਅਜਿਹੇ ਅਖੌਤੀ ਵਿਚਾਰਵਾਨਾਂ ਦੇ ਚੇਲੇ-ਬਾਲਕੇ ਵੀ ਆਪਣੇ ਗੁਰੂ ਦੀ ਨਕਲ ਕਰਦੇ-ਕਰਦੇ ਵੇਦਾਂ ਦੇ ਕੇਵਲ ਪਠਨ-ਪਾਠਨ ਤੱਕ ਹੀ ਸੀਮਿਤ ਰਹਿੰਦੇ ਹਨ ਤੇ ਕੁਝ ਖੱਟ ਨਹੀਂ ਪਾਉਂਦੇ। ਬ੍ਰਾਹਮਣ ਲੋਕ ਦੁਨਿਆਵੀ ਲੋਕਾਂ ਦੇ ਪਥ-ਪ੍ਰਦਰਸ਼ਕ ਬਣੇ ਬੈਠੇ ਹਨ ਤੇ ਆਪਣੀ ਅਕਲ ਅਤੇ ਮਰਜ਼ੀ ਅਨੁਸਾਰ ਵੇਦ ਆਦਿਕ ਧਰਮ-ਪੁਸਤਕਾਂ ਦੇ ਅਰਥ ਕੱਢ ਕੇ ਉਨ੍ਹਾਂ ਨੂੰ ਮੁੜ-ਮੁੜ ਰਿੜਕ ਰਹੇ ਹਨ (ਪਰ ਅਨੁਭਵ ਨਾ ਹੋਣ ਕਾਰਨ ਸਾਰ-ਵਸਤੂ ਦੀ ਪ੍ਰਾਪਤੀ ਨਹੀਂ ਹੁੰਦੀ) ਅਤੇ ਖੱਜਲ ਹੋ ਰਹੇ ਹਨ। ਵੇਦ-ਸ਼ਾਸਤਰ ਆਦਿ ਧਾਰਮਿਕ ਪੁਸਤਕਾਂ ਦੀ ਕਹੀ ਗੱਲ ਕੋਈ ਨਹੀਂ ਮੰਨ ਰਿਹਾ ਅਤੇ ਸਭ ਲੋਕ ਆਪਣੀ ਮਰਜ਼ੀ ਅਨੁਸਾਰ (ਇਨ੍ਹਾਂ ਧਰਮ-ਪੁਸਤਕਾਂ ਦੇ) ਅਰਥ ਕੱਢ ਕੇ ਆਪਣੀ ਮਨ-ਮਰਜ਼ੀ ਚਲਾ ਰਹੇ ਹਨ:

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1370)
ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)
ਸਾਸਤੁ ਬੇਦੁ ਨ ਮਾਨੈ ਕੋਇ॥ ਆਪੋ ਆਪੈ ਪੂਜਾ ਹੋਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

### 3.2.2 ਕਤੇਬ

"ਗੁਰਬਾਣੀ ਅਤੇ ਸਿੱਖ ਧਰਮ ਦੇ ਗ੍ਰੰਥਾਂ ਵਿੱਚ [12]ਕੁਤਬ ਦੀ ਥਾਂ ਕਤੇਬ ਸ਼ਬਦ ਆਉਂਦਾ ਹੈ, ਖ਼ਾਸ ਕਰ ਕੇ [13]ਤੌਰੇਤ, [14]ਜ਼ਬੂਰ, [15]ਇਜੀਲ ਅਤੇ [16]ਕੁਰਾਨ ਲਈ ਵਰਤਿਆ ਗਿਆ ਹੈ। " (ਨਾਭਾ, *ਗੁਰੁਮਤ ਮਾਰਤੰਡ ਭਾਗ ਦੂਜਾ* 841)ਗੁਰੂ ਸਾਹਿਬ ਦਾ ਕਥਨ ਹੈ ਕਿ ਵੇਦ, ਪੁਰਾਣ ਅਤੇ ਕਤੇਬ ਸਭ ਕੁਦਰਤ ਦਾ ਵਿਸਥਾਰ ਹਨ। ਮਾਸ ਦੀ ਵਰਤੋਂ ਦਾ ਜ਼ਿਕਰ ਇਨ੍ਹਾਂ ਧਰਮ-ਪੁਸਤਕਾਂ ਵਿਚ ਵੀ ਮਿਲਦਾਹੈ:

ਕੁਦਰਤਿ ਵੇਦ ਪੁਰਾਣ ਕਤੇਬਾ(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਮਾਸੁ ਪੁਰਾਣੀ ਮਾਸੁ ਕਤੇਬਂੀ ਚਹੁ ਜੁਗਿ ਮਾਸੁ ਸਮਾਣਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1290)

### 3.2.3 ਪੁਰਾਣ

"ਵਯਾਸ ਅਥਵਾ ਉਸ ਦੇ ਨਾਉਂ ਤੇ ਹੋਰ ਵਿਦਵਾਨਾਂ ਦੇ ਰਚੇ ਹੋਏ ਇਤਿਹਾਸ ਨਾਲ ਮਿਲੇ ਧਰਮ ਗ੍ਰੰਥ ਜਿਨ੍ਹਾਂ ਦੀ ਗਿਣਤੀ ਅਠਾਰਾਂ ਹੈ ਅਤੇ ਸਲੋਕਾਂ ਦੀ ਗਿਣਤੀ ਚਾਰ ਲੱਖ ਹੈ। ਵਿਸ਼ਨੂੰ ਅਤੇ ਬ੍ਰਹਮਾਂਡ ਪੁਰਾਣ ਵਿੱਚ ਪੁਰਾਣ ਦਾ ਲੱਛਣ ਇਹ ਕੀਤਾ ਹੈ ... ... ... ਜਗਤ ਦੀ ਉਤਪਤੀ, ਪ੍ਰਲੈ, ਦੇਵਤਾ ਅਤੇ ਪਿੱਤਰਾਂ ਦੀ ਬੰਸਾਵਲੀ ਮਨੁ ਦੇ ਰਾਜ ਦਾ ਸਮਾਂ ਅਤੇ ਉਸ ਦਾ ਹਾਲ, ਸੂਰਜ ਅਤੇ ਚੰਦਰ ਵੰਸ਼ ਦੀ ਕਥਾ, ਜਿਸ ਵਿੱਚ ਇਹ ਪੰਜ ਪ੍ਰਸੰਗ ਹੋਣ ਉਹ ਪੁਰਾਣ ਹੈ, ਪੁਰਾਣਾਂ ਦੀ ਗਿਣਤੀ ਅਠਾਰਾਂ ਹੈ। ਯਥਾ- ਵਿਸ਼ਨੁ ਪੁਰਾਣ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇ, ਅਗਨਿ, ਬ੍ਰਹਮਵੈਵਰਤ, ਲਿੰਗ, ਵਾਰਾਹ, ਸਕੰਦ, ਵਾਮਨ, ਕੁਰਮ, ਮਤਸਯ, ਗਰੁੜ, ਬ੍ਰਹਮਾਂਡ ਅਤੇ ਭਵਿਖਯ, ਪੁਰਾਣ। ... ... {ਉਪ ਪੁਰਾਣ} ਇਨ੍ਹਾਂ ਪ੍ਰਧਾਨ, ਅਠਾਰਾਂ ਪੁਰਾਣਾਂ ਤੋਂ ਵੱਖ ਅਠਾਰਾਂ ਉਪ-ਪੁਰਾਣ ਭੀ ਹਨ- ਸਨਤਕੁਮਾਰ ਪੁਰਾਣ, ਨਾਰਸਿੰਹ, ਨਾਰਦੀਯ, ਦੇਵੀਭਾਗਵਤ, ਦੁਰਵਾਸਾ, ਕਪਿਲ, ਮਾਨਵ, ਔਸ਼ਨਸ, ਵਰੁਣ, ਕਾਲਿਕਾ, ਸ਼ਾਂਬ, ਨੰਦਾ, ਸੌਰ, ਪਾਰਾਸ਼ਰ, ਆਦਿਤਯ, ਮਾਹੇਸਵਰ, ਭਾਰਗਵ ਅਤੇ ਵਸ਼ਿਸ਼ਟ। " (ਨਾਭਾ, *ਗੁਰੁਮਤ ਮਾਰਤੰਡ ਭਾਗ ਦੂਜਾ* 841-42)

ਹੇਠ ਲਿਖੀ ਪੰਕਤੀ ਵਿਚ ਪੁਰਾਣ ਆਦਿ ਪੁਸਤਕਾਂ ਦੇ ਪਾਠ ਕੀਤੇ ਜਾਣ ਦਾ ਉਲੇਖ ਹੈ। ਤਤਕਾਲੀ ਹਿੰਦੂਆਂ ਦੀ ਜੀਵਨ-ਜਾਚ ਦੀ ਚਰਚਾ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਇਹ ਲੋਕ ਤੁਰਕ ਸੱਤਾਧਾਰੀਆਂ ਦੁਆਰਾ ਲਾਗੂ ਕੀਤੀ ਗਈ ਵਿਵਸਥਾ ਨੂੰ ਅਪਨਾਏ ਹੋਏ ਹਨ। ਇਹ ਉਨ੍ਹਾਂ ਦਾ ਦਿੱਤਾ ਧਨ-ਪਦਾਰਥ ਵਰਤ ਕੇ (ਜਿਸਨੂੰ ਇਹ ਮਲੇਛ ਭਾਵ ਨਾ-ਵਰਤਣਯੋਗ ਕਹਿੰਦੇ ਹਨ) ਪੁਰਾਣ ਪੂਜਦੇ ਹਨ (ਭਾਵ ਧਰਮ ਦੇ ਪੈਰੋਕਾਰ ਵੀ ਸਦਵਾਉਂਦੇ ਹਨ):

ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥

ਮਲੇਛ ਧਾਨੁ ਲੇ ਪੂਜਹਿ ਪੁਰਾਣੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

### 3.2.4 ਸ਼ਾਸਤਰ

ਸ਼ਾਸਤਰ ਤੋਂ ਭਾਵ ਹੈ, "ਉਹ ਪੁਸਤਕ ਜੋ ਅਨੁਸ਼ਾਸਨ (ਹੁਕਮ) ਦੇਵੇ." (ਨਾਭਾ, *ਮਹਾਨ ਕੋਸ਼* 175)। ਇਹ "ਹਿੰਦੂ ਫ਼ਲਸਫ਼ੇ ਦੇ ਗ੍ਰੰਥ (ਦਰਸ਼ਨ) ਜੋ ਗਿਣਤੀ ਵਿੱਚ ਛੀ ਹਨ: ਸਾਂਖ, ਪਤੰਜਲ ਜਾਂ ਯੋਗ, ਨਿਆਇ; ਵੇਸ਼ੈਸ਼ਿਕ, ਮੀਮਾਨਸਾ, ਵੇਦਾਂਤ। " (ਸ਼. ਗੁ. ਪ. ਕ. *ਸ਼ਬਦਾਰਥ* 11) ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਇਨ੍ਹਾਂ ਧਰਮ-ਪੁਸਤਕਾਂ ਦਾ ਕਈ ਥਾਈਂ ਜ਼ਿਕਰ ਆਉਂਦਾ ਹੈ। ਹੇਠ ਲਿਖੀ ਪੰਕਤੀ ਵਿਚ ਸਿਮ੍ਰਿਤੀਆਂ ਦੇ ਸਮੇਤ ਸ਼ਾਸਤਰਾਂ ਦੇ ਡੂੰਘੇ ਅਧਿਐਨ ਦਾ ਜ਼ਿਕਰ ਹੈ:

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 265)

ਹੇਠ ਲਿਖੀ ਪੰਕਤੀ ਵਿਚ ਸ਼ਾਸਤਰ, ਗਿਣਤੀ ਪੱਖੋਂ, ਛੇ ਦੱਸੇ ਗਏ ਹਨ ਤੇ ਜ਼ਿਕਰ ਕੀਤਾ ਗਿਆ ਹੈ ਕਿ ਇਨ੍ਹਾਂ ਛੇਆਂ ਸ਼ਾਸਤਰਾਂ ਵਿਚ ਪ੍ਰਭੂ ਦੀ ਬੇਅੰਤਤਾ ਦਾ ਵਿਸਤਾਰ (ਚਰਚਾ) ਹੈ। ਸ਼ਾਸਤਰ ਲਈ ਗੁਰਬਾਣੀ ਵਿਚ 'ਆਗਮ' ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ ਜਦਕਿ ਵੇਦ ਲਈ 'ਨਿਗਮ' ਦਾ। ਗੁਰੂ ਸਾਹਿਬ ਆਖਦੇ ਹਨ ਕਿ ਸਤਿਗੁਰੂ ਦੇ ਬਚਨ ਨੂੰ ਪ੍ਰਮੁਖਤਾ ਹਾਸਲ ਹੈ:

ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾਵਾਰ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 297)

ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਪਹਿਲਾ [17]ਆਗਮੁ [18]ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 304)

ਤਤਕਾਲੀ ਹਾਲਾਤ ਨੂੰ ਬਿਆਨ ਕਰਦੇ ਹੋਏ ਗੁਰੂ ਸਾਹਿਬ ਆਖਦੇ ਹਨ ਕਿ ਸ਼ਾਸਤਰ ਅਤੇ ਵੇਦ ਦਾ ਆਖਿਆ ਕੋਈ ਨਹੀਂ ਮੰਨ ਰਿਹਾ। ਲੋਕਾਂ ਨੇ ਆਪੋ-ਆਪਣੀ ਮਰਜ਼ੀ ਨਾਲ (ਆਪੋ-ਆਪਣੀ ਗ਼ਰਜ਼ ਮੁਤਾਬਿਕ) ਧਰਮ-ਪੁਸਤਕਾਂ ਦੇ ਅਰਥ ਕੱਢ ਲਏ ਹਨ:

ਸਾਸਤੁ ਬੇਦੁ ਨ ਮਾਨੈ ਕੋਇ॥ਆਪੋ ਆਪੈ ਪੂਜਾ ਹੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

ਗੁਰੂ ਸਾਹਿਬ ਦਾ ਆਖਣਾ ਹੈ ਕਿ ਭਾਵੇਂ ਕੋਈ ਮਨੁੱਖ ਨੌਂ ਵਿਆਕਰਨ, ਛੇ ਸ਼ਾਸਤਰ ਅਤੇ ਛੇ ਹੀ ਵੇਦਾਂਗ ਪੜ੍ਹਦਾ ਤੇ ਵਿਚਾਰਦਾ ਰਹੇ, ਮਹਾਂਭਾਰਤ ਦੇ ਅਠਾਰਾਂ ਪਰਵ ਦਿਨ-ਰਾਤ ਪੜ੍ਹਦਾ ਰਹੇ, ਫਿਰ ਵੀ ਉਹ ਪ੍ਰਭੂ ਦਾ ਅੰਤ ਨਹੀਂ ਪਾ ਸਕਦਾ। ਪ੍ਰਭੂ ਦੇ ਨਾਮ ਤੋਂ ਬਿਨਾ ਕੋਈ ਜੀਵ (ਏਨਾ ਕੁਝ ਕਰਦਾ ਹੋਇਆ ਵੀ) ਮੁਕਤ-ਪਦ ਦਾ ਅਧਿਕਾਰੀ ਨਹੀਂ ਹੋ ਸਕਦਾ:

ਨਵ ਛਿਅ ਖਟ[19] ਕਾ ਕਰੇ ਬੀਚਾਰੁ॥ਨਿਸਿ ਦਿਨ ਉਚਰੈ ਭਾਰ ਅਠਾਰ॥
ਤਿਨਿ ਭੀ ਅੰਤੁ ਨ ਪਾਇਆ ਤੋਹਿ॥ਨਾਮ ਬਿਹੂਣ ਮੁਕਤਿ ਕਿਉ ਹੋਇ॥
(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1237)

### 3.2.5 ਸਿਮ੍ਰਿਤੀਆਂ

"ਹਿੰਦੂ ਰਿਸ਼ੀਆਂ ਦੇ ਲਿਖੇ ਹੋਏ ਧਾਰਮਕ ਪੁਸਤਕ ਜੋ ਉਨ੍ਹਾਂ ਨੇ ਵੇਦਾਂ ਜਾਂ ਵੱਡਿਆਂ ਦੇ ਵਾਕਾਂ ਨੂੰ ਚੇਤੇ ਕਰ-ਕਰ ਕੇ ਹਿੰਦੂ ਸਮਾਜ ਦੀ ਅਗਵਾਈ ਲਈ ਲਿਖੇ। ਇਹ ਸਤਾਈ ਦੇ ਕਰੀਬ ਹਨ। " (ਸ਼. ਗ. ਪ. ਕ., *ਸ਼ਬਦਾਰਥ*265)"ਪੜੀਅਹਿ ਸਿੰਮ੍ਰਿਤਿ ਪਾਠ" (ਮਹਲਾ ·, *ਸ੍ਰੀ ਗੁਰੂ ਗ੍ਰੰਥ ਸਾਹਿਬ* 143) ਤੁਕਾਂਗ ਵਿਚ ਇਨ੍ਹਾਂ ਧਾਰਮਿਕ ਪੁਸਤਕਾਂ ਦੇ ਪੜ੍ਹੇ ਜਾਣ ਦਾ ਜ਼ਿਕਰ ਹੈ। ਹੇਠ ਲਿਖੀ ਪੰਕਤੀ ਵਿਚ ਸ਼ਾਸਤਰਾਂ ਸਮੇਤ ਸਿਮ੍ਰਿਤੀਆਂ ਦੇ ਵੀ ਡੂੰਘੇ ਅਧਿਐਨ ਦੇ ਪ੍ਰਚਲਨ ਦਾ ਉਲੇਖ ਹੈ:

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 265)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਉਕਤ ਵਰਣਿਤ ਧਰਮ-ਪੁਸਤਕਾਂ ਲੋਕਾਈ ਦੀਆਂ ਮਾਰਗ-ਦਰਸ਼ਕ ਹਨ।

## 3.3 ਤਤਕਾਲੀ ਧਾਰਮਿਕ ਫਿਰਕਿਆਂ ਦੀ ਸਥਿਤੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿੱਚੋਂ ਤਤਕਾਲੀ ਦੌਰ ਦੇ ਵੱਖ-ਵੱਖ ਧਾਰਮਿਕ ਫਿਰਕਿਆਂ ਦਾ ਉਲੇਖ ਮਿਲਦਾ ਹੈ ਅਤੇ ਉਨ੍ਹਾਂ ਫਿਰਕਿਆਂ ਵਿਚ ਪ੍ਰਚੱਲਤ ਭਗਤੀ ਦੇ ਢੰਗ ਅਥਵਾ ਪੂਜਾ-ਵਿਧੀਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। "ਅੱਜ ਵਾਂਗ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵੀ ਹਰ ਪ੍ਰਕਾਰ ਦੇ ਜੋਗੀ ਸੰਪ੍ਰਦਾਵਾਂ ਦਾ ਬਹੁਤ ਪ੍ਰਭਾਵ ਸੀ। ਹਰ ਤਰ੍ਹਾਂ ਦੇ ਸਾਧੂਆਂ ਨੂੰ 'ਜੋਗੀ', ਜਾਂ ਫਿਰ ਬੈਰਾਗੀ, ਸੰਨਿਆਸੀ ਅਤੇ ਅਵਧੂਤ ਆਦਿ ਸੰਬੋਧਨਾਂ ਨਾਲ ਜਾਣਿਆ ਜਾਂਦਾ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਨਿਵੇਕਲਿਆਂ ਕੀਤਾ ਜਾਂਦਾ ਸੀ। ਸੰਨਿਆਸੀ ਸੰਪ੍ਰਦਾਵਾਂ ਦੀ ਵੰਡ ਭਾਵੇਂ ਬੜੀ ਬਾਰੀਕੀ ਨਾਲ ਕੀਤੀ ਜਾਂਦੀ ਸੀ, ਪਰ ਇੱਕ ਧੜਾ ਦੂਜੇ ਧੜੇ ਦਾ ਅਕਸਰ ਵਿਰੋਧੀ ਹੀ ਸਾਬਤ ਹੁੰਦਾ ਸੀ। ਆਮ ਜਨਤਾ ਉੱਤੇ ਜੋਗੀਆਂ ਅਤੇ ਸਾਧੂਆਂ ਦਾ ਦਬਦਬਾ ਸੀ ਕਿਉਂਕਿ ਇਹ ਦਾਅਵਾ ਸੀ ਕਿ ਉਨ੍ਹਾਂ ਕੋਲ ਗੁਝੀਆਂ ਸ਼ਕਤੀਆਂ ਹਨ, ਕਿ ਉਹ ਕਰਾਮਾਤਾਂ ਕਰ ਸਕਦੇ ਸਨ, ਅਤੇ ਉਹ ਮਨੁੱਖ ਦੇ ਅੰਦਰ ਸੁੱਤੀ ਹੋਈ ਸ਼ਕਤੀ ਨੂੰ ਜਗਾ ਕੇ ਉਹਨੂੰ ਮੁਕਤੀ ਦੇ ਰਾਹ ਤੇ ਪਾ ਸਕਦੇ ਸਨ। ਬਹੁਤ ਸਾਰੇ ਦਾਅਵੇ ਝੂਠੇ ਸਨ ਕਿਉਂਕਿ ਇਹ ਲੋਕ ਪਾਖੰਡੀ ਸਨ। ਉਹ

ਲੋਕਾਂ ਨੂੰ ਡਰਾ ਕੇ, ਆਪਣਾ ਉੱਲੂ ਸਿੱਧਾ ਕਰਦੇ ਸਨ। ਜੋ ਅਸਲੀ ਸਾਧੂ ਵੀ ਸਨ; ਉਹ ਵੀ ਨਿਸਫਲ ਅਤੇ ਕੱਟੜ ਜੋਗ-ਅਭਿਆਸ ਵਿਚ ਦੁਨੀਆਂ ਤੋਂ ਦੂਰ ਆਪਣਾ ਸਮਾਂ ਬਿਤਾਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਦਾ ਇਸ ਤਰ੍ਹਾਂ ਆਪਣੇ ਆਪ ਨੂੰ ਤੰਗ ਕਰਨਾ ਨਿਰਾਰਥਕ ਦੱਸਿਆ। ਇਹ ਤਾਂ ਇਨਸਾਨ ਦੀ ਕੀਮਤੀ ਸ਼ਕਤੀ ਨੂੰ ਅਜਾਈਂ ਗਵਾਉਣਾ ਸੀ।" (ਤਾਲਿਬ, *ਗੁਰੂ ਨਾਨਕ*70) ਇਨ੍ਹਾਂ ਧਾਰਮਿਕ ਫਿਰਕਿਆਂ ਦਾ ਸਿਰਲੇਖਵਾਰ ਵਰਣਨ ਨਿਮਨਲਿਖਿਤ ਪੰਕਤੀਆਂ ਵਿਚ ਕੀਤਾ ਜਾ ਰਿਹਾ ਹੈ:

### 3.3.1 ਭਗਉਤੀ

"ਭਗਤੀ ਮਾਰਗ ਦੇ ਮੰਨਣ ਵਾਲਾ ਇਕ ਫਿਰਕਾ। ਇਹ ਲੋਕ ਵਿਸ਼ਨੂੰ ਦੇ ਅਵਤਾਰ ਕ੍ਰਿਸ਼ਨ ਆਦਿ ਦੀ ਪੂਜਾ ਵਿੱਚ ਲੱਗੇ ਰਹਿੰਦੇ ਤੇ ਰਾਸਾਂ ਪਾਉਣ ਤੇ ਨੱਚਣ-ਕੁੱਦਣ ਦੁਆਰਾ ਆਪਣੀ ਭਗਤੀ ਨੂੰ ਜ਼ਾਹਰ ਕਰਦੇ ਸਨ। " (ਸ਼੍ਰੋ. ਗੁ. ਪ੍ਰ. ਕ., *ਸ਼ਬਦਾਰਥ* 88) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੀਆਂ ਹੇਠ ਲਿਖੀਆਂ ਪੰਕਤੀਆਂ ਵਿਚ ਭਗਉਤੀ ਦਾ ਉਲੇਖ ਮਿਲਦਾ ਹੈ। ਗੁਰੂ ਸਾਹਿਬ ਭਗਉਤੀ ਵਾਲੇ ਚਿਹਨ-ਚੱਕਰ ਬਣਾ ਕੇ ਸੰਸਾਰ ਨੂੰ ਧੋਖਾ ਦੇ ਰਹੇ ਮਨੁੱਖ (ਕਿਉਂਕਿ ਉਸਦੇ ਮਨ ਵਿਚ ਧੋਖਾ ਹੈ) ਬਾਰੇ ਆਖਦੇ ਹਨ ਕਿ ਪ੍ਰਭੂ ਦੀ ਪ੍ਰਾਪਤੀ ਪਾਖੰਡ ਰਾਹੀਂ ਕਦੇ ਨਹੀਂ ਹੋ ਸਕਦੀ:

ਅੰਤਰਿ ਕਪਟੁ ਭਗਉਤੀ ਕਹਾਏ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 88)

ਇਸ ਉਕਤ ਪੰਕਤੀ ਤੋਂ ਪਤਾ ਲੱਗਦਾ ਹੈ ਕਿ ਤਤਕਾਲੀ ਦੌਰ ਵਿਚ ਕੁਝ ਲੋਕ ਇਸ ਧਾਰਮਿਕ ਫਿਰਕੇ ਦੇ ਪੰਥੀਆਂ ਵਾਲਾ ਭੇਖ ਬਣਾ ਕੇ ਆਪਣੀਆਂ ਦੈਨਿਕ ਲੋੜਾਂ ਦੀ ਪੂਰਤੀ ਕਰਦੇ ਹੋਣਗੇ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਭਗਉਤੀ ਦੀ ਮੂਲ ਪਰਿਭਾਸ਼ਾ ਦਿੰਦੇ ਹਨ, ਜਿਹੜੀ ਕਿ ਇੱਕ ਢੰਗ ਨਾਲ ਉੱਪਰਲੀ ਪੰਕਤੀ ਵਿਚ ਬਿਆਨ ਕੀਤੇ ਗਏ ਭੇਖੀ ਭਗਉਤੀਆਂ ਪ੍ਰਤਿ ਕਟਾਖਸ਼ ਵੀ ਹੈ। ਗੁਰੂ ਸਾਹਿਬ ਆਖਦੇ ਹਨ ਕਿ ਅਸਲ ਵਿਚ ਤਾਂ ਭਗਉਤੀ ਉਹ ਹੈ, ਜਿਹੜਾ ਪਰਮਾਤਮਾ ਦੀ ਸਾਰ ਜਾਣ ਲੈਂਦਾ ਹੈ। ਉਹ ਸਤਿਗੁਰੂ ਦੀ ਕਿਰਪਾ ਸਦਕਾ ਆਪਣੇ ਮੂਲ ਦੀ ਪਛਾਣ ਕਰ ਲੈਂਦਾ ਹੈ ਅਤੇ ਵਿਕਾਰਾਂ ਵੱਲ ਦੌੜਦੇ ਆਪਣੇ ਮਨ ਨੂੰ ਰੋਕ ਲੈਂਦਾ ਹੈ। ਇਸ ਤਰ੍ਹਾਂ ਉਹ ਪਰਮਾਤਮਾ ਦਾ ਨਾਮ ਸਿਮਰਦਾ ਹੋਇਆ ਜੀਵਤ-ਮੁਕਤ ਹੋ ਜਾਂਦਾ ਹੈ। ਗੁਰੂ ਸਾਹਿਬ ਅਜਿਹੇ ਭਗਉਤੀ ਨੂੰ ਸ੍ਰੇਸ਼ਟ ਦੱਸਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਇਨ੍ਹਾਂ (ਉਕਤ) ਗੁਣਾਂ ਵਾਲਾ ਭਗਉਤੀ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ:

ਸੋ ਭਗਉਤੀ ਜੁੋ ਭਗਵੰਤੈ ਜਾਣੈ॥ ਗੁਰ ਪਰਸਾਦੀ ਆਪੁ ਪਛਾਣੈ॥
ਧਾਵਤੁ ਰਾਖੈ ਇਕਤੁ ਘਰਿ ਆਣੈ॥ ਜੀਵਤੁ ਮਰੈ ਹਰਿ ਨਾਮੁ ਵਖਾਣੈ॥
ਐਸਾ ਭਗਉਤੀ ਉਤਮੁ ਹੋਇ॥ ਨਾਨਕ ਸਚਿ ਸਮਾਵੈ ਸੋਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 88)

### 3.3.2 ਅਉਧੂਤ

"ਜੋ ਵਿਕਾਰਾਂ ਦਾ ਇਸ ਤਰ੍ਹਾਂ ਅਵਧੂਨਨ ਕਰਦਾ ਹੈ (ਝਾੜ ਸੁੱਟਦਾ ਹੈ), ਜਿਵੇਂ ਸ਼ਰੀਰ ਨੂੰ ਲੱਗੀ ਮਿੱਟੀ ਅਤੇ ਭਸਮ ਝਾੜ ਸੁੱਟੀਦੀ ਹੈ, ਉਹ ਔਧੂਤ ਹੈ। " (ਨਾਭਾ, *ਗੁਰੁਮਤ ਮਾਰਤੰਡ ਭਾਗ ਪਹਿਲਾ* 50) "ਜੋ ਵਿਰਕਤ ਮਿੱਟੀ ਸੁਆਹ ਵਿੱਚ ਰਾਤ ਨੂੰ ਲੇਟਦਾ ਹੈ ਅਤੇ ਸਵੇਰੇ ਉਠਕੇ ਸਰੀਰ ਤੋਂ ਗਰਦ ਝਾੜਕੇ ਚਲਦਾ ਹੈ, ਉਹ ਭੀ ਅਵਧੂਤ ਸਦਾਉਂਦਾ ਹੈ। " (ਨਾਭਾ, *ਮਹਾਨ ਕੋਸ਼*24) "ਅਉਧੂਤ- ਜਿਸ ਨੇ ਮਾਇਆ ਦੇ ਬੰਧਨ ਤੋੜ ਦਿੱਤੇ ਹਨ। " (ਸਾਹਿਬ ਸਿੰਘ, *ਦਰਪਣ* 3934) ਹੇਠ ਲਿਖੀਆਂ ਪੰਕਤੀਆਂ ਵਿੱਚ ਅਉਧੂਤ ਦਾ ਉਲੇਖ ਹੈ:

ਸੋ ਅਉਧੂਤੀ ਜੋ ਧੂਪੈ ਆਪੁ॥ ਭਿਖਿਆ ਭੋਜਨੁ ਕਰੈ ਸੰਤਾਪੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

ਗੁਰੂ ਸਾਹਿਬ ਆਖਦੇ ਹਨ ਅਸਲ ਵਿਚ ਅਉਧੂਤ ਉਹ ਹੈ, ਜਿਹੜਾ ਹਉਂ ਭਾਵ ਨੂੰ ਸਾੜ ਸੁੱਟੇ ਅਤੇ ਖਿਝ (ਸੰਤਾਪ) ਨੂੰ ਮੰਗ ਕੇ ਲਿਆਂਦੇ ਹੋਏ ਭੋਜਨ (ਭਿੱਖਿਆ) ਦੀ ਥਾਂ ਛਕ ਜਾਵੇ। ਇਸ ਤੋਂ ਇਹ ਵੀ ਅਨੁਮਾਨ ਹੁੰਦਾ ਹੈ ਕਿ ਅਉਧੂਤ ਭਿੱਖਿਆ ਮੰਗ ਕੇ ਭੋਜਨ ਦਾ ਪ੍ਰਬੰਧ ਕਰਦੇ ਹੋਣਗੇ ਤਾਂ ਹੀ ਤਾਂ ਗੁਰੂ ਸਾਹਿਬ ਨੇ ਅਸਲੀ ਅਉਧੂਤ ਸਬੰਧੀ ਇਹ ਆਖਿਆ ਹੈ ਕਿ ਉਹ ਅਜਿਹਾ ਹੋਵੇ, ਜਿਹੜਾ ਮੰਗ ਕੇ ਲਿਆਂਦੇ ਭੋਜਨ ਦੀ ਜਗ੍ਹਾ ਖਿਝ ਨੂੰ ਛਕ ਜਾਵੇ।

### 3.3.3 ਕਾਪੜੀਆ

"ਕਾਪੜੀਆ- ਟਾਕੀਆਂ ਦੀ ਬਣੀ ਹੋਈ ਗੋਦੜੀ ਪਹਿਨਣ ਵਾਲਾ"। (ਸਾਹਿਬ ਸਿੰਘ, *ਭਗਤ-ਬਾਣੀ ਸਟੀਕ ਹਿੱਸਾ ਪਹਿਲਾ* 18) "ਪੁਰੁ ਕਰਿ ਕਾਇਆ ਕਪੜੁ ਪਹਿਰਾ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 139) ਤੁਕਾਂਗ ਵਿਚ ਕਾਪੜੀਆਂ ਬਾਰੇ ਉਲੇਖ ਹੈ, ਜਿਹੜੇ ਗੋਦੜੀ ਦੀ ਵਰਤੋਂ ਕਰ ਕੇ ਪੂਰੇ ਸਰੀਰ ਨੂੰ ਢਕ ਕੇ ਰੱਖਣ। ਇਸ ਪ੍ਰਕਾਰ ਪਤਾ ਲੱਗਦਾ ਹੈ ਕਿ ਕਾਪੜੀਏ ਅਖਵਾਏ ਜਾਣ ਵਾਲੇ ਮਨੁੱਖ ਆਪਣੇ ਪੂਰੇ ਸਰੀਰ ਨੂੰ ਲੀਰਾਂ ਤੋਂ ਬਣੀ ਹੋਈ ਗੋਦੜੀ ਨਾਲ ਢਕ ਕੇ ਰੱਖਦੇ ਸਨ।

### 3.3.4 ਜੰਗਮ

"ਸ਼ਿਵ ਉਪਾਸ਼ਕਾਂ ਦਾ ਇਕ ਤੁਰਨ ਫਿਰਨ ਵਾਲਾ ਫਿਰਕਾ, ਜੋ ਟੱਲੀ ਖੜਕਾ ਕੇ ਮੰਗਦੇ ਫਿਰਦੇ ਹਨ। "(ਸ਼੍ਰੋ. ਗੁ. ਪ੍ਰ. ਕ., *ਸ਼ਬਦਾਰਥ* 149) "ਸ਼ਿਵ ਦੇ ਉਪਾਸ਼ਕ ਜੋ ਸਿਰ ਤੇ ਮੋਰਾਂ ਦੇ ਖੰਭ ਰੱਖਦੇ ਹਨ ਤੇ ਟੱਲੀਆਂ ਵਜਾਂਦੇ ਮੰਗਦੇ ਫਿਰਦੇ ਹਨ। "(ਸ਼੍ਰੋ. ਗੁ. ਪ੍ਰ. ਕ., *ਸ਼ਬਦਾਰਥ* 513) ਹੇਠ ਲਿਖੀਆਂ ਪੰਕਤੀਆਂ ਇਸ ਧਾਰਮਿਕ ਫਿਰਕੇ ਦਾ ਜ਼ਿਕਰ ਹੈ। ਇਹ ਪੰਕਤੀ ਗੁਰੂ ਨਾਨਕ ਦੇਵ ਜੀ ਦੁਆਰਾ ਜੈਨੀਆਂ ਸਬੰਧੀ ਉਚਾਰੇ ਗਏ ਇੱਕ ਲੰਮੇ ਸਲੋਕ ਵਿੱਚੋਂ ਹੈ। ਗੁਰੂ ਸਾਹਿਬ ਆਖਦੇ ਹਨ ਕਿ ਜੈਨੀਆਂ ਦੀ ਰਹੁ-ਰੀਤੀ ਜੋਗੀਆਂ, ਜੰਗਮਾਂ, ਕਾਜ਼ੀ ਅਤੇ ਮੁੱਲਾ ਨਾਲੋਂ ਵੱਖਰੀ ਹੀ ਹੈ:

ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 149)

ਇਸ ਪੰਕਤੀ ਤੋਂ ਅਨੁਮਾਨ ਹੁੰਦਾ ਹੈ ਕਿ ਤਦ ਜੰਗਮ ਫਿਰਕੇ ਦੀ ਸੁਤੰਤਰ ਹੋਂਦ ਸੀ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਅਮਰਦਾਸ ਜੀ ਜੋਗੀਆਂ ਅਤੇ ਸੰਨਿਆਸੀਆਂ ਸਮੇਤ ਜੰਗਮ ਫਿਰਕੇ ਦੇ ਅਨੁਆਈਆਂ ਦੀ ਪ੍ਰਕਿਰਤੀ ਬਾਰੇ ਚਰਚਾ ਕਰਦੇ ਹਨ ਕਿ ਉਹ ਸੰਸਾਰ ਤਿਆਗ ਦੇ ਮਾਣ ਕਾਰਨ ਹੰਕਾਰ ਭਾਵ ਤੋਂ ਗ੍ਰਸਤ ਹਨ। ਉਹ ਗ੍ਰਿਹਸਥੀਆਂ ਦੁਆਰਾ ਸ਼ਰਧਾ ਸਹਿਤ ਦਿੱਤਾ ਹੋਇਆ (ਸ਼ਰਧਾ ਅਨੁਸਾਰ/ਥੋੜ੍ਹਾ) ਕੱਪੜਾ ਅਤੇ ਭੋਜਨ ਸਵੀਕਾਰ ਨਹੀਂ ਕਰਦੇ ਅਤੇ ਆਪਣੀਆਂ ਜ਼ਿਦਾਂ ਕਾਰਨ ਸਮਾਂ ਅਜਾਈਂ ਗੁਆ ਰਹੇ ਹਨ। ਉਹ "ਗ੍ਰਿਹਸਥੀਆਂ ਪਾਸੋਂ ਆਦਰ ਸ਼ਰਧਾ ਨਾਲ ਮਿਲਿਆ ਕੱਪੜਾ ਤੇ ਭੋਜਨ-ਰੂਪ ਭਿੱਛਿਆ ਨਹੀਂ ਲੈਂਦੇ (ਭਾਵ, ਥੋੜ੍ਹੀ ਚੀਜ਼ ਮਿਲਣ ਤੇ ਉਹਨਾਂ ਨੂੰ ਘੂਰਦੇ ਹਨ... ...)। " (ਸਾਹਿਬ ਸਿੰਘ, *ਦਰਪਣ* 2149) ਅਨੁਮਾਨ ਹੁੰਦਾ ਹੈ ਕਿ ਤਤਕਾਲੀ ਦੌਰ ਵਿਚ ਜੰਗਮ ਫਿਰਕੇ ਦੇ ਮਨੁੱਖ ਗ੍ਰਿਹਸਥੀਆਂ ਦੇ ਘਰਾਂ ਵਿਚ ਘੁੰਮ ਕੇ ਉਨ੍ਹਾਂ ਪਾਸੋਂ ਭੋਜਨ, ਕੱਪੜਾ ਅਤੇ ਰੋਜ਼ਾਨਾ ਗੁਜ਼ਾਰੇ ਦੀਆਂ ਹੋਰ ਵਸਤੂਆਂ ਮੰਗਦੇ ਸਨ। ਇਨ੍ਹਾਂ ਦੇ ਬਾਹਰੀ ਚਿਹਨ-ਚੱਕਰ (ਮੋਰਾਂ ਦੇ ਖੰਭ ਅਤੇ ਟੱਲੀਆਂ) ਤਾਂ ਉੱਪਰਲੀਆਂ ਪੰਕਤੀਆਂ ਵਿਚ ਆ ਹੀ ਗਏ ਹਨ:

ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਹਾ ਅਹੰਕਾਰ ਬਹੁ ਗਰਬੁ ਵਧਾਇਆ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)

ਹੇਠ ਲਿਖੀ ਪੰਕਤੀ ਵਿਚ ਵੀ ਉਲੇਖ ਹੈ ਕਿ ਗੁਰੂ ਤੋਂ ਬਿਨਾ ਸਾਰ ਤੱਤ ਦੀ ਪ੍ਰਾਪਤੀ ਨਾ ਹੋਣ ਕਰ ਕੇ ਜੰਗਮ ਲੋਕ, ਜੋਗੀਆਂ ਅਤੇ ਸੰਨਿਆਸੀਆਂ ਵਾਂਗ ਭੁਲੇਖਿਆਂ ਵਿਚ ਫਿਰਦੇ ਹਨ। ਗੁਰੂ ਤੋਂ ਬਿਨਾ ਮਨੁੱਖ ਦੀ ਭਟਕਣ ਖ਼ਤਮ ਨਹੀਂ ਹੁੰਦੀ:

ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 852)

### 3.3.5 ਭੋਜਨ ਦੇ ਤਿਆਗੀ

ਹੇਠ ਲਿਖੀ ਪੰਕਤੀ ਵਿਚ ਗੁਰੂ ਸਾਹਿਬ ਆਖਦੇ ਹਨ ਕਿ ਅੰਨ ਦਾ ਤਿਆਗ ਕਰਨ ਨਾਲ ਸਰੀਰ ਨੂੰ ਦੁੱਖ ਹੀ ਮਿਲਦਾ ਹੈ, ਇਸਦਾ ਹੋਰ ਕੋਈ ਲਾਭ ਨਹੀਂ। ਸਪਸ਼ਟ ਹੁੰਦਾ ਹੈ ਕਿ ਇਹ ਪੰਕਤੀ ਉਨ੍ਹਾਂ ਮਨੁੱਖਾਂ ਦੇ ਸੰਦਰਭ ਵਿਚ ਆਖੀ ਗਈ ਹੈ, ਜਿਹੜੇ ਭੋਜਨ ਗ੍ਰਹਿਣ ਕਰਨਾ ਠੀਕ ਨਹੀਂ ਸਮਝਦੇ:

ਅੰਨੁ ਨ ਖਾਇਆ ਸਾਦੁ ਗਵਾਇਆ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

"ਸ਼ਰੀਰ ਵਲੋਂ ਬੇ-ਰੁਖੀ ਨੂੰ ਗੁਰੂ ਨਾਨਕ ਦੇਵ ਜੀ ਨੇ ਬੜੀ ਸਖ਼ਤੀ ਨਾਲ ਨਿੰਦਿਆ ਹੈ। ਆਪ ਜੀ ਦਾ ਕਹਿਣਾ ਹੈ ਕਿ ਸ਼ਰੀਰ ਪ੍ਰਭੂ ਦਾ ਨਿਵਾਸ ਸਥਾਨ ਹੈ। ਇਸ ਦੁਆਰਾ ਮਾਨਵਤਾ ਲਈ ਕੰਮ ਕਰਨਾ ਹੁੰਦਾ ਹੈ, ਇਸ ਲਈ ਇਸ ਵਲ ਲੋੜੀਂਦਾ ਧਿਆਨ ਨਾ ਦੇਣਾ ਗ਼ਲਤ ਹੈ। ਸਰਵ-ਮੁਕਤੀ ਲਈ ਕੇਵਲ ਸ਼ਰੀਰ ਦੇ ਮਾਧਿਅਮ ਦੁਆਰਾ ਹੀ ਕੰਮ ਕੀਤਾ ਜਾ ਸਕਦਾ ਹੈ। ਸ਼ਰੀਰ ਮਨੁੱਖ ਲਈ ਹੀ ਨਹੀਂ ਬਲਕਿ ਮਨੁੱਖੀ-ਸਮਾਜ ਲਈ ਵੀ ਹੈ। " (*ਖੋਜ ਪਤ੍ਰਿਕਾ ਸਤੰਬਰ 1985* 77)ਹੇਠ ਲਿਖੀ ਪੰਕਤੀ ਵਿਚ ਵੀ ਗੁਰੂ ਸਾਹਿਬ ਆਖਦੇ ਹਨ ਕਿ ਮਨ ਦੀ ਜੂਠ (ਮੈਲ), ਅੰਨ ਦਾ ਤਿਆਗ ਕਰਨ ਨਾਲ ਨਹੀਂ ਲਹਿੰਦੀ। ਇਹ ਸਭ ਪਾਖੰਡ ਤੋਂ ਬਿਨਾ ਕੁਝ ਨਹੀਂ:

ਜੂਠਿ ਨ ਅੰਨੀ ਜੂਠਿ ਨ ਨਾਈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

### 3.3.6 ਜਤੀ

ਭਾਈ ਕਾਨ੍ਹ ਸਿੰਘ ਨਾਭਾ 'ਜਤੀ' ਸ਼ਬਦ ਦੇ ਅਰਥ ਕਰਦੇ ਹੋਏ ਲਿਖਦੇ ਹਨ, "ਯਤ ਰੱਖਣ ਵਾਲਾ.ਇੰਦ੍ਰੀਆਂ ਨੂੰ ਕਾਬੂ ਕਰਨ ਵਾਲਾ."(ਨਾਭਾ, *ਮਹਾਨ ਕੋਸ਼* 502)। ਹੇਠ ਲਿਖੀ ਪੰਕਤੀ ਵਿਚ ਗੁਰੂ ਨਾਨਕ ਦੇਵ ਜੀ ਨੇ ਜਤੀ ਅਖਵਾਏ ਜਾਣ ਵਾਲੇ ਮਨੁੱਖ ਦੁਆਰਾ ਘਰ-ਬਾਰ ਤਿਆਗ ਦਿੱਤੇ ਜਾਣ ਦਾ ਜ਼ਿਕਰ ਕੀਤਾ ਹੈ। ਆਪ ਜੀ ਦਾ ਕਹਿਣਾ ਹੈ ਕਿ ਉਹ ਗ੍ਰਿਹਸਥੀ ਵਿਚ ਰਹਿੰਦਿਆਂ ਇੰਦ੍ਰਿਆਈ ਸੰਜਮ ਰੱਖਣ ਦੀ ਬਜਾਇ ਘਰ-ਗ੍ਰਿਹਸਥੀ ਦਾ ਤਿਆਗ ਹੀ ਕਰ ਬੈਠਦਾ ਹੈ, ਜੋ ਕਿ ਉਚਿਤ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਕਰਕੇ ਉਹ ਜਤ ਦੀ ਜੁਗਤੀ ਨੂੰ ਜਾਨਣ ਤੋਂ ਅਸਮਰੱਥ ਰਹਿੰਦਾ ਹੈ ਕਿਉਂਕਿ ਜੇਕਰ ਉਹ ਇਸ ਜੁਗਤ ਨੂੰ ਸਮਝਦਾ ਹੁੰਦਾ ਤਾਂ ਉਹ ਗ੍ਰਿਹਸਥੀ ਵਿਚ ਰਹਿੰਦਿਆਂ ਸੰਜਮ ਪੂਰਵਕ ਜੀਵਨ ਜਿਉਂਦਾ ਤੇ ਆਪਣੀਆਂ ਗ੍ਰਿਹਸਥੀ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨੇਪਰੇ ਚਾੜ੍ਹਦਾ:

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 469)

### 3.3.7 ਨਾਂਗੇ

ਹੇਠ ਲਿਖੀਆਂ ਪੰਕਤੀਆਂ ਵਿਚ ਉਨ੍ਹਾਂ ਮਨੁੱਖਾਂ ਬਾਰੇ ਜ਼ਿਕਰ ਹੈ, ਜਿਹੜੇ ਕੱਪੜੇ ਨਹੀਂ ਪਹਿਨਦੇ ਅਤੇ ਸਰੀਰ ਨੂੰ ਵਿਅਰਥ ਹੀ ਕਸ਼ਟ ਦਿੰਦੇ ਹਨ। ਉਹ ਨੰਗੇ ਰਹਿੰਦੇ ਹਨ ਤੇ ਉਨ੍ਹਾਂ ਦੀ ਦੇਹ ਦਿਨ-ਰਾਤ ਦੁੱਖ ਸਹਿੰਦੀ ਹੈ। ਗੁਰੂ ਸਾਹਿਬ ਅਜਿਹੇ ਮਨੁੱਖਾਂ ਸਬੰਧੀ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ ਨੰਗੇ ਹੋ ਕੇ ਤੀਰਥਾਂ ਉੱਪਰ ਘੁੰਮਣ ਨਾਲ ਪ੍ਰਭੂ ਦੀ ਰਹਿਮਤ ਪ੍ਰਾਪਤ ਨਹੀਂ ਹੁੰਦੀ:

ਬਸਤ੍ਰ ਨ ਪਹਿਰੈ॥ਅਹਿਨਿਸਿ ਕਹਰੈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਨ ਭੀਜੈ ਤੀਰਥਿ ਭਵਿਐ ਨੰਗਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1237)

ਉਕਤ ਪੰਕਤੀ ਤੋਂ ਇਹ ਵੀ ਅਨੁਮਾਨ ਹੁੰਦਾ ਹੈ ਕਿ ਇਹ ਲੋਕ ਨਗਨ ਅਵਸਥਾ ਵਿਚ ਤੀਰਥਾਂ ਉੱਪਰ ਵੀ ਵਿਚਰਦੇ ਹੋਣਗੇ। ਇਨ੍ਹਾਂ ਦਾ ਅਜਿਹਾ ਕਰਨ ਦਾ ਮਨੋਰਥ ਪ੍ਰਭੂ ਦੀ ਬਖ਼ਸ਼ਿਸ਼ ਪ੍ਰਾਪਤ ਕਰਨਾ ਹੋਵੇਗਾ, ਜਿਸ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਨੇ ਉਕਤ ਟਿੱਪਣੀ ਕੀਤੀ ਹੈ।

### 3.3.8 ਮੌਨ-ਧਾਰੀ

"ਹੋਰਨਾਂ ਨਾਲ ਗੱਲਾਂ ਨਾਹ ਕਰਨ ਵਾਲੇ, ਮੋਨਧਾਰੀ" (ਸਾਹਿਬ ਸਿੰਘ, *ਦਰਪਣ* 5152) ਮਨੁੱਖਾਂ ਨੂੰ ਮੋਨੀ ਆਖਿਆ ਗਿਆ ਹੈ। ਇਹ ਬੋਲਦੇ ਨਹੀਂ ਸਨ। ਤਤਕਾਲੀ ਮੋਨੀਆਂ ਸਬੰਧੀ ਟਿੱਪਣੀ ਕਰਦੇ ਹੋਏ ਗੁਰੂ ਸਾਹਿਬ ਆਖਦੇ ਹਨ ਕਿ ਪੰਡਿਤ ਲੋਕਾਂ ਵਾਂਗ ਮੋਨਧਾਰੀ ਵੀ ਧਾਰਮਿਕ ਪੁਸਤਕਾਂ ਦਾ ਬੜਾ ਪਾਠ ਕਰਦੇ ਹਨ ਪਰ ਪ੍ਰਭੂ ਦੀ ਥਾਂ ਧਨ-ਪਦਾਰਥਾਂ ਨਾਲ ਪਿਆਰ ਹੋਣ ਕਾਰਨ ਉਹ ਕੋਈ ਅਧਿਆਤਮਿਕ ਪ੍ਰਾਪਤੀ ਨਹੀਂ ਕਰ ਪਾਉਂਦੇ ਅਤੇ ਕੋਈ ਵਿਲੱਖਣ ਪ੍ਰਾਪਤੀ ਨਾ ਹੋਣ ਕਾਰਨ ਦੁੱਖ ਪਏ ਸਹਿੰਦੇ ਹਨ। ਗੁਰੂ ਸਾਹਿਬ ਦਾ ਇਸ਼ਾਰਾ ਪ੍ਰਭੂ ਨਾਲ ਨਿਰਛਲ ਪ੍ਰੀਤ ਪਾਏ ਜਾਣ ਵੱਲ ਹੈ। ਅਗਲੀ ਪੰਕਤੀ ਵਿਚ ਵੀ ਗੁਰੂ ਸਾਹਿਬ ਦਾ ਆਖਣਾ ਹੈ ਕਿ ਮੋਨੀ ਲੋਕ ਧਾਰਮਿਕ ਪੁਸਤਕਾਂ ਦੇ ਕੇਵਲ ਪਠਨ ਤੱਕ ਹੀ ਸੀਮਿਤ ਹਨ:

ਪੜਿ੍ ਪੜਿ੍ ਪੰਡਿਤ ਮੋੁਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ॥
ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖ ਲਾਗਾ ਅਤਿ ਭਾਰੀ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1246)

ਪੰਡਿਤ ਮੋਨੀ ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1250)

ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 852)

ਗੁਰੂ ਸਾਹਿਬ ਨੇ ਇਸ ਫਿਰਕੇ ਸਬੰਧੀ ਟਿੱਪਣੀ ਕਰਦਿਆਂ ਆਖਿਆ ਹੈ ਕਿ ਇਹ ਰਸਤੇ ਤੋਂ ਭਟਕ ਗਏ ਹਨ। ਭਲਾ ਵਿਸ਼ਿਆਂ-ਵਿਕਾਰਾਂ ਦੀ ਨੀਂਦ ਵਿਚ ਸੁੱਤਾ ਹੋਇਆ ਮਨੁੱਖ ਗੁਰੂ ਤੋਂ ਬਿਨਾ ਚੇਤਨਤਾ ਕਿਵੇਂ ਪ੍ਰਾਪਤ ਕਰ ਸਕਦਾ ਹੈ? ਸੋ, ਮਨੁੱਖ ਨੂੰ ਸਤਿਗੁਰੂ ਦੀ ਸ਼ਰਨ ਗ੍ਰਹਿਣ ਕਰਨੀ ਚਾਹੀਦੀ ਹੈ:

[20]ਮੋਨਿ [21]ਵਿਗੂਤਾ॥ਕਿਉ ਜਾਗੈ ਗੁਰ ਬਿਨੁ ਸੂਤਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

### 3.3.9ਪੈਰਾਂ ਤੋਂ ਨੰਗੇ

ਗੁਰੂ ਸਾਹਿਬ ਆਖਦੇ ਹਨ ਕਿ ਪੈਰੋਂ ਨੰਗੇ ਰਹਿ ਕੇ ਫਿਰਨ ਵਾਲੇ ਆਪਣੀ ਕੀਤੀ ਇਸ ਭੁੱਲ ਦਾ ਦੁੱਖ ਸਹਿ ਰਹੇ ਹਨ ਭਾਵ ਨੰਗੇ ਪੈਰਾਂ ਕਾਰਨ ਦੁੱਖ ਸਹਿ ਕੇ ਸਾਰੇ ਸਰੀਰ ਨੂੰ ਕਸ਼ਟ ਦੇ ਰਹੇ ਹਨ। ਅਜਿਹੇ ਪਾਖੰਡਾਂ ਦਾ ਕੋਈ ਲਾਭ ਨਹੀਂ ਹੁੰਦਾ:

ਪਗ ਉਪੇਤਾਣਾ॥ਆਪਣਾ ਕੀਆ ਕਮਾਣਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

### 3.3.10 ਬੀਆਬਾਨਾਂ/ਮਸਾਣਾਂ ਦੇ ਵਾਸੀ

ਗੁਰੂ ਨਾਨਕ ਦੇਵ ਜੀ ਅਜਿਹੇ ਮਨੁੱਖਾਂ ਬਾਰੇ ਉਲੇਖ ਕਰਦੇ ਹਨ, ਜਿਹੜੇ ਬੀਆਬਾਨ ਥਾਵਾਂ ਅਤੇ ਮੁਰਦਾਘਾਟਾਂ 'ਤੇ ਵਾਸ ਕਰਦੇ ਸਨ। ਗੁਰੂ ਸਾਹਿਬ ਆਖਦੇ ਹਨ ਕਿ ਮਨ ਨੂੰ ਮਾਰਨ ਹਿੱਤ ਜਿਹੜੇ ਮਨੁੱਖ ਮਾਰੂਥਲਾਂ (ਬੀਆਬਾਨ ਥਾਵਾਂ 'ਤੇ) ਘੁੰਮੇ, ਉਹ

ਕਮਲੇ ਲੋਕ (ਉਨ੍ਹਾਂ ਥਾਵਾਂ 'ਤੇ ਰਹਿ ਕੇ) ਅਜਿਹਾ ਕਰਕੇ ਵੀ ਇਹ ਟੀਚਾ ਪ੍ਰਾਪਤ ਨਾ ਕਰ ਸਕੇ। ਆਪ ਦਾ ਕਹਿਣਾ ਹੈ ਕਿ ਘਰੋਂ ਬਾਹਰ ਸੁੰਨੀਆਂ ਥਾਵਾਂ 'ਤੇ ਬੈਠ ਕੇ ਜੇਕਰ ਕੋਈ ਸੋਚੇ ਕਿ ਮੈਨੂੰ ਪ੍ਰਭੂ ਦੀ ਮਿਹਰ ਪ੍ਰਾਪਤ ਹੋ ਜਾਵੇਗੀ ਤਾਂ ਇਹ ਉਸਦੀ ਭੁੱਲ ਹੈ:

ਰਹੈ ਬੇਬਾਣੀ ਮੜੀ ਮਸਾਣੀ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1089)

ਨ ਭੀਜੈ ਬਾਹਰਿ ਬੈਠਿਆ ਸੁੰਨਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1237)

ਬਾਬਾ ਫਰੀਦ ਜੀ ਦਾ ਕਥਨ ਹੈ ਕਿ ਘਰ ਛੱਡ ਕੇ ਬੇਆਬਾਦ ਥਾਵਾਂ 'ਤੇ ਘੁੰਮ ਫਿਰ ਕੇ ਪ੍ਰਭੂ ਦਾ ਮਿਲਾਪ ਨਹੀਂ ਹੁੰਦਾ, ਉਹ ਤਾਂ ਮਨੁੱਖ ਦੇ ਦਿਲ ਵਿਚ ਵਸਦਾ ਹੈ। ਜੰਗਲਾਂ ਵਿਚ ਲੱਭਣ ਦੀ ਬਜਾਇ, ਉਸਨੂੰ ਦਿਲ ਵਿੱਚੋਂ ਲੱਭਣਾ ਚਾਹੀਦਾ ਹੈ:

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)

### 3.3.11 ਜੈਨੀ ਸਾਧੂ

"unlike Buddhism, Jainism retained its distinct identity but the member of the followers of this religion in the Punjab during medieval times appears to have been so small as to be practically negligible. However, Guru Nanak gives reference to the Jaina monks in his composition." (Arora & Dhillon, *Historical Background to the Age of Guru Amar Das* 16) ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਨਾਨਕ ਦੇਵ ਜੀ ਜੈਨੀ ਸਾਧੂਆਂ ਦੀ ਤਤਕਾਲੀ ਜੀਵਨ-ਜਾਚ ਉੱਪਰ ਦੀਰਘ ਅਤੇ ਤਲਖ਼ ਟਿੱਪਣੀ ਕਰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਇਹ ਲੋਕ ਸਿਰ ਦੇ ਵਾਲ ਪੁਟਾਉਂਦੇ ਹਨ (ਕਿਤੇ ਜੂੰਆਂ ਨਾ ਪੈ ਜਾਣ) ਅਤੇ ਸਾਫ਼ ਪਾਣੀ ਨਹੀਂ ਪੀਂਦੇ। ਇਹ ਮੰਗ-ਮੰਗ ਕੇ ਜੂਠੇ ਪਦਾਰਥ ਖਾਂਦੇ ਹਨ। ਉਹ ਆਪਣੀ ਮਲ (ਵਿਸ਼ਟਾ) ਨੂੰ ਫਰੋਲਦੇ ਹਨ (ਕਿ ਜੀਵ ਪੈਦਾ ਨਾ ਹੋਣ), ਅਜਿਹਾ ਕਰਦਿਆਂ ਉਨ੍ਹਾਂ ਨੂੰ ਵਿਸ਼ਟਾ ਦੀ ਹਵਾੜ ਚੜ੍ਹਦੀ ਹੈ। ਉਹ ਪਾਣੀ ਤੋਂ ਸੰਗਦੇ ਹਨ (ਨਹਾਉਂਦੇ ਨਹੀਂ)। ਉਹ ਭੇਡਾਂ ਦੀ ਨਿਆਈਂ ਸਿਰ ਦੇ ਵਾਲ ਪੁਟਾਉਂਦੇ ਹਨ ਤੇ ਅਜਿਹਾ ਕਰਦਿਆਂ ਵਾਲ ਪੁੱਟਣ ਵਾਲੇ ਦੇ ਹੱਥ ਸੁਆਹ ਨਾਲ ਗੰਦੇ ਹੋ ਜਾਂਦੇ ਹਨ। ਉਹ (ਸਭ ਕਾਸੇ ਦਾ ਤਿਆਗ ਕਰ ਦੇਣ ਕਾਰਨ) ਮਾਂ-ਪਿਓ ਦੇ ਵੀ ਕਿਸੇ ਕੰਮ ਨਹੀਂ ਆਉਂਦੇ ਤੇ ਉਨ੍ਹਾਂ ਦੇ ਘਰ-ਬਾਰ ਤਿਆਗ ਜਾਣ ਅਤੇ ਘਰੇਲੂ ਜ਼ਿੰਮੇਵਾਰੀਆਂ ਤੋਂ ਭੱਜ ਜਾਣ ਕਾਰਨ, ਉਨ੍ਹਾਂ ਦੇ ਪਰਿਵਾਰ ਧਾਹੀਂ ਰੋਂਦੇ ਹਨ (ਕਿਉਂਕਿ ਜੁਆਨ ਹੋ ਕੇ ਉਹ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਉਂਦੇ)।

ਮਰਨ ਮਗਰੋਂ ਇਨ੍ਹਾਂ ਲੋਕਾਂ ਦੀ ਪਿੰਡ ਪੱਤਲ, ਦੀਵਾ ਆਦਿ ਕੋਈ ਕਿਰਿਆ ਨਹੀਂ ਹੁੰਦੀ। ਅਜਿਹੇ ਵਿਚ ਇਹ ਪਰਲੋਕ ਵਿਚ ਥਾਂ ਕਿੱਥੋਂ ਪਾਉਣਗੇ? (ਭਾਵ ਆਪਣੇ ਧਰਮ ਦੀਆਂ ਮਾਨਤਾਵਾਂ ਤੋਂ ਬੇਮੁਖ ਹਨ)। ਇਨ੍ਹਾਂ ਨੂੰ ਅਠਾਹਠ ਤੀਰਥ ਵੀ ਢੋਈ ਨਹੀਂ ਦਿੰਦੇ ਅਤੇ ਬ੍ਰਾਹਮਣ ਲੋਕ ਇਨ੍ਹਾਂ ਤੋਂ ਅੰਨ ਲੈ ਕੇ ਨਹੀਂ ਖਾਂਦੇ (ਇੱਥੇ ਬ੍ਰਾਹਮਣ ਲੋਕਾਂ ਦਾ ਜੈਨੀ ਸਾਧੂਆਂ ਪ੍ਰਤਿ ਤਿਰਸਕਾਰ ਸਪਸ਼ਟ ਹੈ)। ਇਹ ਮੱਥੇ 'ਤੇ (ਬ੍ਰਾਹਮਣਾਂ ਦੀ ਤਰ੍ਹਾਂ) ਟਿੱਕੇ ਨਹੀਂ ਲਗਾਉਂਦੇ ਅਤੇ ਹਮੇਸ਼ਾ ਗੰਦੇ ਰਹਿੰਦੇ ਹਨ। ਇਹ ਕਿਸੇ ਆਦਮੀ ਦੇ ਮਰਨ ਪਿੱਛੋਂ

ਉਸਦੇ ਸੋਗ ਵਿਚ ਵਿਛੇ ਸੱਥਰ ਉੱਪਰ, ਸੋਗ ਵਿਚ ਬੈਠੇ ਹੋਏ ਲੋਕਾਂ ਵਾਂਗ ਸਿਰ ਸੁੱਟੀ ਬੈਠੇ ਰਹਿੰਦੇ ਹਨ (ਜੀਵਨ ਵਿਚ ਕੋਈ ਚਾਅ ਨਹੀਂ) ਅਤੇ ਸਤਿਸੰਗ ਆਦਿ ਵਿਚ ਵੀ ਨਹੀਂ ਜਾਂਦੇ।

ਇਹ ਲੱਕ ਨਾਲ ਪਿਆਲੇ ਬੰਨ੍ਹ ਕੇ ਰੱਖਦੇ ਹਨ ਅਤੇ ਇਨ੍ਹਾਂ ਦੇ ਹੱਥ ਵਿਚ ਸੂਤ ਦਾ ਫੁੰਮਣ ਹੁੰਦਾ ਹੈ ਅਤੇ ਇਹ ਇੱਕ-ਦੂਜੇ ਦੇ ਮਗਰ ਤੁਰਦੇ ਹਨ (ਕਤਾਰਾਂ ਵਿਚ ਤੁਰਦੇ ਹਨ ਮਤਾ ਪੈਰਾਂ ਹੇਠ ਆ ਕੇ ਕੋਈ ਜੀਵ ਮਰ ਜਾਵੇ)। ਇਹ ਨਾ ਤਾਂ ਜੋਗੀਆਂ ਦੀ ਸ਼੍ਰੇਣੀ ਵਿਚ ਆਉਂਦੇ ਹਨ ਅਤੇ ਨਾ ਹੀ ਜੰਗਮਾਂ ਦੀ। ਇਹ ਕਾਜ਼ੀ ਵੀ ਨਹੀਂ ਅਤੇ ਨਾ ਹੀ ਮੁੱਲਾ ਕਹੇ ਜਾ ਸਕਦੇ ਹਨ (ਭਾਵ ਇਨ੍ਹਾਂ ਦੀ ਹੋਂਦ ਅਲੱਗ ਹੈ)। ਗੁਰੂ ਸਾਹਿਬ ਆਖਦੇ ਹਨ ਕਿ ਇੰਨੇ ਕਰੜੇ ਨਿਯਮਾਂ ਦੀ ਪਾਲਣਾ ਕਰਨ ਕਰਦੇ ਹੋਏ (ਜਦੋਂ ਕਿ ਪ੍ਰਭੂ ਦਾ ਚਿੰਤਨ ਕਿਤੇ ਵੀ ਨਹੀਂ) ਵੀ ਇਹ ਲੋਕ ਰੱਬ ਦੇ ਮਾਰੇ ਹੋਏ ਹਨ ਤੇ ਉਸਦੇ ਫਿਟਕਾਰੇ ਹੋਏ ਥਾਂ-ਪੁਰ-ਥਾਂ ਫਿਰਦੇ ਹਨ। ਇਨ੍ਹਾਂ ਦਾ ਸਾਰਾ ਟੋਲਾ ਹੀ ਵਿਗੜਿਆ ਹੋਇਆ ਹੈ।

ਗੁਰੂ ਸਾਹਿਬ ਆਖਦੇ ਹਨ ਕਿ ਜੀਵਾਂ ਨੂੰ ਮਾਰਨ ਤੇ ਜੀਵਾਲਨ ਦਾ ਅਧਿਕਾਰ ਕੇਵਲ ਪ੍ਰਭੂ ਪਾਸ ਹੈ। ਦਾਨ ਅਤੇ ਇਸ਼ਨਾਨ ਤੋਂ ਵਾਂਝੇ (ਇਨ੍ਹਾਂ ਲੋਕਾਂ) ਦੇ ਖੁੱਥੇ ਹੋਏ ਸਿਰ 'ਤੇ ਸੁਆਹ ਹੀ ਪੈਂਦੀ ਹੈ ਭਾਵ ਬੇ-ਪੱਤੀ ਹੀ ਹੁੰਦੀ ਹੈ। ਇਹ ਪਾਣੀ ਤੋਂ ਸੰਗਦੇ ਹਨ (ਨਹਾਉਂਦੇ ਨਹੀਂ) ਤਾਂ ਪਾਣੀ ਦੀ ਮਹੱਤਤਾ ਸੁਣੋ ਅਤੇ ਸਮਝੋ। ਪਰਬਤ ਦੀ ਮਧਾਣੀ ਬਣਾ ਕੇ ਪਾਣੀ ਵਿੱਚੋਂ ਹੀ ਰਤਨ ਕੱਢੇ ਗਏ। ਪਾਣੀ ਦੇ ਸ੍ਰੋਤਾਂ ਦੇ ਗਿਰਦ ਹੀ ਤਾਂ ਦੇਵਤਿਆਂ ਵੱਲੋਂ ਅਠਾਹਠ ਤੀਰਥਾਂ ਦਾ ਸਥਾਪਨਾ ਕੀਤੀ ਗਈ ਹੈ ਜਿੱਥੇ ਵੱਖ-ਵੱਖ (ਸ਼ੁਭ) ਦਿਨਾਂ (ਦਿਹਾੜਿਆਂ) 'ਤੇ ਪ੍ਰਭੂ ਦੇ ਨਾਮ ਦੀ ਸਿਫ਼ਤ-ਸਾਲਾਹ ਹੁੰਦੀ ਹੈ। (ਪਾਣੀ ਨਾਲ) ਨ੍ਹਾ ਕੇ ਹੀ ਪੂਜਾ ਅਤੇ ਨਮਾਜ਼ ਅਦਾ ਕੀਤੀ ਜਾਂਦੀ ਹੈ ਅਤੇ ਸਮਝਦਾਰ ਲੋਕ ਇਸ਼ਨਾਨ ਨੂੰ ਬੜਾ ਮਹੱਤਵ ਦਿੰਦੇ ਹਨ।[22] ਨਹਾਉਣ ਦਾ ਮਹੱਤਵ ਜਿਉਂਦਿਆਂ ਜੀਅ ਤਾਂ ਹੁੰਦਾ ਹੀ ਹੈ, ਮੋਇਆਂ ਹੋਇਆਂ ਨੂੰ ਵੀ ਅੰਤਿਮ ਸਸਕਾਰ ਤੋਂ ਪਹਿਲਾਂ ਨੁਹਾਇਆ ਜਾਂਦਾ ਹੈ ਪਰ ਇਹ ਸਿਰ-ਖੁੱਥੇ ਅਜਿਹੇ ਉਲਟੇ ਰਸਤੇ ਪਏ ਹਨ ਕਿ ਇਨ੍ਹਾਂ ਨੂੰ ਇਸ਼ਨਾਨ ਚੰਗਾ ਨਹੀਂ ਜਾਪਦਾ।

ਪਾਣੀ (ਜਿਸਦੇ ਨੇੜੇ ਜਾਣਾ ਇਹ ਲੋਕ ਚੰਗਾ ਨਹੀਂ ਸਮਝਦੇ) ਜਦੋਂ ਮੀਂਹ ਦੇ ਰੂਪ ਵਿਚ ਆਕਾਸ਼ ਤੋਂ ਧਰਤੀ 'ਤੇ ਡਿੱਗਦਾ ਹੈ ਤਾਂ ਲੋਕਾਈ ਵਿਚ ਖ਼ੁਸ਼ੀ ਦੀ ਲਹਿਰ ਪਸਰਦੀ ਹੈ ਅਤੇ ਜੀਵਨ-ਰੌਂਅ ਅੱਗੇ ਤੁਰਦੀ ਹੈ। ਇਸੇ (ਮੀਂਹ-ਰੂਪ) ਪਾਣੀ ਸਦਕਾ ਅਨਾਜ ਉਪਜਦਾ ਹੈ, ਕਮਾਦ ਵਿਗਸਦਾ ਹੈ ਅਤੇ ਕਪਾਹ ਨੂੰ ਫੁੱਟੀਆਂ ਪੈਂਦੀਆਂ ਹਨ, ਜਿਹੜੀਆਂ ਅੱਗੇ ਜਾ ਕੇ ਕੱਪੜੇ ਦਾ ਰੂਪ ਧਾਰ ਕੇ ਮਨੁੱਖੀ ਤਨ ਨੂੰ ਢੱਕਦੀਆਂ ਹਨ। ਇਸੇ (ਮੀਂਹ-ਰੂਪ) ਪਾਣੀ ਦੀ ਬਦੌਲਤ ਹਰਾ-ਹਰਾ ਘਾਹ ਮੌਲਦਾ ਹੈ, ਜਿਸ ਨੂੰ ਖਾ ਕੇ ਗਊਆਂ ਰੱਜਦੀਆਂ ਹਨ ਤੇ ਦੁੱਧ ਦਿੰਦੀਆਂ ਹਨ। ਤਦ ਘਰ ਦੀ ਸੁਆਣੀ (ਘਰ ਵਿਚ) ਦਹੀਂ ਰਿੜਕਦੀ ਹੈ। ਇਸ ਤਰ੍ਹਾਂ ਤਿਆਰ ਕੀਤਾ ਹੋਇਆ ਘਿਓ ਹੋਮ-ਯੱਗ ਅਤੇ ਪੂਜਾ ਵਿਚ ਵਰਤੀਂਦਾ ਹੈ ਅਤੇ ਕਾਰਜ ਸੰਪੂਰਨ ਸਮਝੇ ਜਾਂਦੇ ਹਨ। ਏਨੀ ਮਹੱਤਤਾ ਵਾਲੇ ਪਾਣੀ ਤੋਂ ਵੀ ਜੇਕਰ ਇਹ ਲੋਕ ਡਰਦੇ ਜਾਂ ਸੰਗਦੇ ਦੂਰ ਰਹਿੰਦੇ ਹਨ ਤਾਂ ਸਮਝੋ ਇਨ੍ਹਾਂ ਨੇ ਬੇ-ਪੱਤੀ ਹੀ ਖੱਟੀ ਹੈ। ਸਤਿਗੁਰੂ ਦੀ ਮਤ ਤੋਂ ਬਿਨਾ ਕੋਈ ਪਾਰ ਨਹੀਂ ਲੱਗ ਸਕਦਾ:

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨ ਧਾਹੀ॥

ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥
ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ॥
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ॥
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥
ਦਾਨਹੁ ਤੈ ਇਸਨਾਨਹੁ ਵੰਞੈ ਭਸੁ ਪਈ ਸਿਰਿ ਖੁਥੈ॥
ਪਾਣੀ ਵਿਚਹੁ ਰਤਨੁ ਉਪੰਨੇ ਮੇਰ ਕੀਆ ਮਾਧਾਣੀ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥
ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ॥
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ॥
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਬਿਲੋਵੈ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ॥
ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 149-50)

ਹੇਠ ਲਿਖੀ ਪੰਕਤੀ ਵਿਚ ਵੀ ਜੈਨੀਆਂ ਦੇ ਹਮੇਸ਼ਾ ਸੋਗੀ ਅਵਸਥਾ ਵਿਚ ਰਹਿਣ ਦਾ ਉਲੇਖ ਹੈ। ਗੁਰੂ ਸਾਹਿਬ ਆਖਦੇ ਹਨ ਕਿ ਅਜਿਹੀ ਅਵਸਥਾ ਵਿਚ ਰਹਿੰਦਿਆਂ ਵੀ ਪ੍ਰਭੂ ਦੀ ਪ੍ਰਸੰਨਤਾ ਪ੍ਰਾਪਤ ਨਹੀਂ ਹੁੰਦੀ। "ਨਿਤਪ੍ਰਤਿ ਸੋਗ ਕਰਨੇ ਸੇ ਭੀ (ਪ੍ਰਭੂ) ਪ੍ਰਸੰਨ ਨਹੀਂ ਹੋਤਾ ਯਥਾ ਜੈਨੀ ਸਦੀਵ ਹੀ ਸੋਗ ਰਖਤੇ ਹੈਂ... ...। " (*ਫ਼ਰੀਦਕੋਟ ਵਾਲਾ ਟੀਕਾ* 2518) "ਹੋਇ ਕੁਚੀਲ ਰਹਾ ਮਲੁ ਧਾਰੀ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 139) ਤੁਕਾਂਗ ਵਿਚ ਵੀ ਜੈਨੀਆਂ ਦੇ ਗੰਦੇ ਅਤੇ ਮੈਲੇ ਰਹਿਣ ਬਾਰੇ ਟਿੱਪਣੀ ਹੈ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਜੈਨੀਆਂ ਸਬੰਧੀ ਟਿੱਪਣੀ ਕਰਦੇ ਹਨ ਕਿ ਇਨ੍ਹਾਂ ਲੋਕਾਂ ਨੇ ਚੰਗਾ-ਸੁੱਚਾ ਭੋਜਨ ਤਿਆਗ ਕੇ ਜੂਠਾ-ਮਿੱਠਾ ਭੋਜਨ ਖਾਣਾ ਚੰਗਾ ਸਮਝਿਆ ਹੈ ਅਤੇ ਸਿਰ ਵਿਚ ਸੁਆਹ ਪਾ ਰੱਖੀ ਹੈ। ਇਸ ਤਰ੍ਹਾਂ ਕਰ ਕੇ ਇਨ੍ਹਾਂ ਨੇ ਆਪਣੀ ਬੇ-ਪੱਤੀ ਹੀ ਕਰਵਾਈ ਹੈ:

ਨ ਭੀਜੈ ਸੋਗੀ ਕੀਤੈ ਰੋਜਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1237)

ਅਲੁ ਮਲੁ ਖਾਈ ਸਿਰਿ ਛਾਈ ਪਾਈ॥

ਮੂਰਖਿ ਅੰਧੈ ਪਤਿ ਗਵਾਈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

### 3.3.12 ਪੀਰ

ਜਿਹੜੀ ਵਿਸ਼ੇਸ਼ਤਾ ਹਿੰਦੂ ਮਤ ਵਿਚ ਗੁਰੂ ਦੀ ਸੀ, ਉਹੀ ਮਹੱਤਤਾ ਇਸਲਾਮ ਵਿਚ ਪੀਰ ਦੀ ਸੀ। ਗੁਰੂ ਸਾਹਿਬ ਜਦੋਂ ਹਿੰਦੂ ਤੇ ਮੁਸਲਮਾਨ ਦੋਹਾਂ ਦੇ ਸੰਦਰਭ ਵਿਚ ਗੱਲ ਕਰਦੇ ਹਨ, ਦੋਹਾਂ ਨੂੰ ਸਮਝਾਉਣ ਦੀ ਗੱਲ ਕਰਦੇ ਹਨ ਤਾਂ ਆਪ ਹਿੰਦੂ ਦੇ ਪਥ-ਪ੍ਰਦਰਸ਼ਕ 'ਗੁਰੂ' ਅਤੇ ਮੁਸਲਮਾਨ ਦੇ ਰਹਿਨੁਮਾ 'ਪੀਰ' ਦਾ ਹਵਾਲਾ ਦਿੰਦੇ ਹਨ। ਆਪ ਦਾ ਮੁੱਖ ਮਕਸਦ ਲੋਕਾਈ ਨੂੰ ਕਿਸੇ ਧਾਰਮਿਕ ਵਿਵਾਦ ਤੋਂ ਦੂਰ ਰੱਖਦੇ ਹੋਏ ਸਹੀ ਰਾਹ 'ਤੇ ਤੋਰਨਾ ਹੈ। ਆਪ ਉਸੇ ਢੰਗ ਨਾਲ ਸਮਝਾਉਂਦੇ ਹਨ, ਜਿਸ ਢੰਗ ਨਾਲ ਦੂਸਰਾ ਬਿਨਾ ਕਿਸੇ ਅੜਚਨ ਦੇ ਸਮਝ ਸਕੇ। ਆਪ ਉਸੇ ਦੀ ਬੋਲੀ ਵਿਚ ਗੱਲ ਕਰਦੇ ਹਨ:

ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰ ਪੀਰੁ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 146)

ਗੁਰੂ ਨਾਨਕ ਦੇਵ ਜੀ ਦਾ ਆਖਣਾ ਹੈ ਕਿ ਕਈ (ਵਿਹਲੜ) ਮਨੁੱਖ ਕੰਨ ਪੜਵਾ ਕੇ ਫ਼ਕੀਰ ਜਾ ਬਣਦੇ ਹਨ ਅਤੇ ਘਰੇਲੂ ਜ਼ਿੰਮੇਵਾਰੀਆਂ ਤੋਂ ਪਾਸਾ ਵੱਟ ਲੈਂਦੇ ਹਨ। ਉਹ ਆਪਣੇ-ਆਪ ਨੂੰ ਗੁਰੂ ਅਥਵਾ ਪੀਰ ਸਦਵਾਉਣ ਲੱਗ ਜਾਂਦੇ ਹਨ। ਗੁਰੂ ਸਾਹਿਬ ਅਜਿਹੇ ਅਖੌਤੀ ਗੁਰੂ-ਪੀਰਾਂ ਤੋਂ ਦੂਰ ਰਹਿਣ ਲਈ ਆਖਦੇ ਹਨ:

ਮਖਟੂ ਹੋਇ ਕੈ ਕੰਨ ਪੜਾਏ॥ਫਕਰੁ ਕਰੇ ਹੋਰੁ ਜਾਤਿ ਗਵਾਏ॥

ਗੁਰੁ ਪੀਰੁ ਸਦਾਏ ਮੰਗਣ ਜਾਇ॥ਤਾ ਕੈ ਮੂਲਿ ਨ ਲਗੀਐ ਪਾਇ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਛੋਟੇ-ਵੱਡੇ ਸ਼ੇਖ ਅਤੇ ਪੀਰ ਸਭ ਅੰਤ-ਕਾਲ (ਮੌਤ ਦੇ ਵਕਤ) ਦੀ ਪੀੜਾ ਤੋਂ ਡਰਦੇ ਹਨ। ਪੀਰਾਂ, ਸ਼ੇਖਾਂ ਸਮੇਤ ਸਾਰੀ ਦੁਨੀਆ ਅੰਤ ਧਰਤੀ ਹੇਠਾਂ ਜਾ ਲੁਕਦੀ ਹੈ (ਮਿੱਟੀ ਵਿਚ ਮਿੱਟੀ ਹੋ ਜਾਂਦੀ ਹੈ):

ਰੋਵਹਿ ਸੇਖ [23]ਮਸਾਇਕ ਪੀਰ॥ਅੰਤਿ ਕਾਲਿ ਮਤੁ ਲਾਗੈ ਭੀੜ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 954)

[24]ਹਮ [25]ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

### 3.3.13 ਨਾਥ

ਨਾਥ ਤੋਂ ਭਾਵ ਹੈ "ਸਾਧਾਰਨ ਜੋਗੀ" (ਸ਼੍ਰੋ. ਗੁ. ਪ੍ਰ. ਕ., *ਸ਼ਬਦਾਰਥ*464)। ਹੇਠ ਲਿਖੀ ਪੰਕਤੀ ਵਿਚ ਜ਼ਿਕਰ ਹੈ ਕਿ ਸਿੱਧ-ਜੋਗੀ, ਗਿਆਨਵਾਨ ਪੁਰਸ਼, ਦੇਵਤੇ ਅਤੇ ਨਾਥ ਸਭ ਪ੍ਰਭੂ ਦੇ ਭੈਅ ਵਿਚ ਹਨ:

ਭੈ ਵਿਚਿ ਸਿਧ ਬੁਧ ਸੁਰ ਨਾਥ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

### 3.3.14 ਸਿੱਧ, ਜੋਗੀ ਤੇ ਸਾਧਕ

"ਤਪਸਿਆ ਅਤੇ ਤਿਆਗ ਹਿੰਦੁਸਤਾਨ ਵਿੱਚ ਇਕ ਬੜਾ ਲੰਮਾ ਇਤਿਹਾਸ ਰਖਦੇ ਹਨ। ਯੋਗ ਦੀ ਇਹ ਪ੍ਰਣਾਲੀ ਵੇਦਾਂ, ਉਪਨਿਸ਼ਦਾਂ ਤੇ ਮਹਾਭਾਰਤ ਦੇ ਕਾਲ ਵਿੱਚ ਵੀ ਪਾਈ ਜਾਂਦੀ ਸੀ। ਸਕੰਦਰ ਨੇ ਜਦੋਂ ਹਿੰਦੁਸਤਾਨ ਉਤੇ ਹਮਲਾ ਕੀਤਾ ਉਸ ਵੇਲੇ ਵੀ

ਅਰਾਧਨਾ ਦਾ ਇਹ ਤਰੀਕਾ ਆਮ ਪਾਇਆ ਜਾਂਦਾ ਸੀ। ਉਸ ਨੇ ਇਨ੍ਹਾਂ ਦਾ ਹਵਾਲਾ ਆਪਣੀਆਂ ਲਿਖਤਾਂ ਵਿੱਚ ਦਿੱਤਾ ਹੈ। ਮਹਾਤਮਾ ਬੁਧ ਦੇ ਸਮੇਂ ਇਹ ਪ੍ਰਣਾਲੀ ਆਮ ਪ੍ਰਚਲਤ ਸੀ। " (*ਯੋਗ ਦਰਸ਼ਨ ਤੇ ਗੁਰਮਤਿ* 3)

ਸਿੱਧ ਤੋਂ ਭਾਵ ਹੈ "ਜੋਗੀਆਂ ਦੇ ਗੁਰੂ"(ਸ਼੍ਰੀ. ਗੁ. ਪ੍ਰ. ਕ., *ਸ਼ਬਦਾਰਥ*1282)। "ਅਣਿਮਾ ਆਦਿਕ ਅੱਠ ਸਿੱਧੀਆਂ ਨੂੰ ਜਿਨ੍ਹਾਂ ਮਹਾਤਮਾ ਲੋਕਾਂ ਨੇ ਪ੍ਰਾਪਤ ਕਰ ਲਿਆ ਹੁੰਦਾ ਸੀ, ਉਹਨਾਂ ਨੂੰ ਸਿੱਧ ਕਿਹਾ ਜਾਂਦਾ ਸੀ; ਪੁੱਗੇ ਹੋਏ ਜੋਗੀ" (ਸਾਹਿਬ ਸਿੰਘ, *ਦਰਪਣ* 1851)। ਜੋਗੀ ਦਾ ਅਰਥ ਹੈ "ਆਤਮਾ ਵਿੱਚ ਜੁੜਿਆ ਹੋਇਆ ਪੁਰਸ਼"(ਨਾਭਾ, *ਮਹਾਨ ਕੋਸ਼* 536) ਅਤੇ ਸਾਧਕ ਸ਼ਬਦ "ਜੋਗ-ਸਾਧਨਾਂ ਦੇ ਅਭਿਆਸੀ" (ਸਾਹਿਬ ਸਿੰਘ, *ਦਰਪਣ* 595) ਦਾ ਲਖਾਇਕ ਹੈ। ਸਾਧਕ ਤੋਂ ਸਿੱਧ ਤੱਕ ਦਾ ਪੜਾਅਵਾਰ ਵਿਕਾਸ ਹੈ, ਜਿਸ ਵਿਚ ਜੋਗੀ ਪਦਵੀ ਇੱਕ ਮੀਲ-ਪੱਥਰ ਹੈ। "ਜੋਗੀ ਆਪਣੀ ਸਾਧਨਾ ਨਾਲ ਪਰਾ-ਪ੍ਰਕ੍ਰਿਤਕ ਸ਼ਕਤੀਆਂ ਪ੍ਰਾਪਤ ਕਰ ਲੈਂਦਾ ਹੈ ਜਿਨ੍ਹਾਂ ਨੂੰ ਸਿੱਧੀਆਂ ਕਹਿੰਦੇ ਹਨ। ਇਸ ਤਰ੍ਹਾਂ ਉਹ ਕਰਾਮਾਤਾਂ ਦਿਖਾਣ ਲੱਗ ਜਾਂਦਾ ਹੈ। ਇਹ ਕਰਾਮਾਤਾਂ ਇਸ ਬ੍ਰਹਿਮੰਡ ਦੇ ਭੌਤਿਕ ਨਿਯਮਾਂ ਦੇ ਵਿਰੁਧ ਹੁੰਦੀਆਂ ਹਨ ਜਿਵੇਂ ਕਿ ਸਰੀਰ ਨੂੰ ਵਡਾ ਕਰ ਲੈਣਾ, ਛੋਟਾ ਕਰ ਲੈਣਾ, ਭਾਰਾ ਕਰ ਲੈਣਾ, ਆਪਣੀ ਇਛਾ ਪੂਰੀ ਕਰ ਲੈਣੀ, ਕਿਸੇ ਨੂੰ ਵਸ ਵਿਚ ਕਰ ਲੈਣਾ ਆਦਿ। ਇਹ ਸਿੱਧੀਆਂ ਧਿਆਨ ਨਾਲ ਪੈਦਾ ਹੋ ਜਾਂਦੀਆਂ ਹਨ। ਇਹ ਆਤਮਕ ਬਲ ਹੁੰਦਾ ਹੈ। ਇਸ ਉਤੇ ਕੁਦਰਤ ਦੇ ਭੌਤਿਕ ਨਿਯਮ ਲਾਗੂ ਨਹੀਂ ਹੁੰਦੇ, ਪਰਾ-ਭੌਤਿਕ ਨਿਯਮ ਲਾਗੂ ਹੁੰਦੇ ਹਨ। " (*ਯੋਗ ਦਰਸ਼ਨ ਤੇ ਗੁਰਮਤਿ* 10) "Prominent among the Jogis were the Siddhas or 'adepts' who were said to have attained perfection." (Arora & Dhillon, *Historical Background to the Age of Guru Amar Das* 14) ਗੁਰੂ ਸਾਹਿਬ ਆਖਦੇ ਹਨ ਕਿ ਇਸ ਸੰਸਾਰ ਵਿਚ ਦੇਵਤੇ, ਦੈਂਤ, ਮਨੁੱਖ, ਸਿੱਧ, ਸਾਧਕ ਆਦਿ ਕੋਈ ਵੀ ਥਿਰ ਰਹਿਣ ਵਾਲਾਨਹੀਂ:

ਨ ਦੇਵ ਦਾਨਵਾ ਨਰਾ॥ਨ ਸਿਧ ਸਾਧਿਕਾ ਧਰਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਉਕਤ ਪੰਕਤੀਆਂ ਤਤਕਾਲੀ ਦੌਰ ਵਿਚ ਸਿੱਧਾਂ ਅਤੇ ਸਾਧਕਾਂ ਦੀ ਪ੍ਰਭਾਵਸ਼ਾਲੀ ਹੋਂਦ ਵੱਲ ਇਸ਼ਾਰਾ ਕਰਦੀਆਂ ਹਨ ਕਿਉਂਕਿ ਇਨ੍ਹਾਂ ਪੰਕਤੀਆਂ ਵਿਚ ਇਨ੍ਹਾਂ (ਸਿੱਧਾਂ ਅਤੇ ਸਾਧਕਾਂ) ਦਾ ਵਿਸ਼ੇਸ਼ ਉਲੇਖ ਹੈ। ਹੇਠ ਲਿਖੀ ਪੰਕਤੀ ਵੀ ਜੋਗੀਆਂ ਦੀ ਤਤਕਾਲੀ ਮਾਨਤਾ ਅਤੇ ਵਿਲੱਖਣ ਪਛਾਣ ਦਾ ਸਬੂਤ ਹੈ। ਇਸ ਪੰਕਤੀ ਵਿਚ ਗੁਰੂ ਸਾਹਿਬ ਜੈਨੀਆਂ ਸਬੰਧੀ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ ਨਾ ਤਾਂ ਇਹ (ਜੈਨੀ) ਜੋਗੀ ਹਨ ਅਤੇ ਨਾ ਹੀ ਜੰਗਮ, ਨਾ ਹੀ ਇਹ ਕਾਜ਼ੀ ਹਨ ਅਤੇ ਨਾ ਹੀ ਮੁੱਲਾ। ਇਸ ਪੰਕਤੀ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਤਤਕਾਲੀ ਦੌਰ ਵਿਚ ਜੋਗੀਆਂ ਦੀ ਵਿਸ਼ੇਸ਼ ਪਛਾਣ ਸੀ, ਤਾਂ ਹੀ ਤਾਂ ਇਨ੍ਹਾਂ ਨਾਲ ਜੈਨੀਆਂ ਦੀ ਤੁਲਨਾ ਕਰਵਾਈ ਗਈ ਹੈ:

ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 149)

ਗੁਰੂ ਸਾਹਿਬ ਆਖਦੇ ਹਨ ਕਿ ਸਿੱਧ-ਲੋਕ, ਗਿਆਨਵਾਨ ਮਨੁੱਖ, ਦੇਵਤੇ ਅਤੇ ਨਾਥ ਸਭ ਪ੍ਰਭੂ ਦੇ ਭੈਅ ਵਿਚ ਹਨ। ਪਰੰਪਰਿਕ ਤੌਰ 'ਤੇ ਚੁਰਾਸੀ ਸਿੱਧ ਬੜੇ ਮਸ਼ਹੂਰ ਸਨ:

ਭੈ ਵਿਚਿ ਸਿਧ ਬੁਧ ਸੁਰ ਨਾਥ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ॥

ਖਟ ਦਰਸਨ ਸੰਸੇ ਪਰੇ ਅਰੁ [26]ਚਉਰਾਸੀਹ ਸਿਧ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

"The Siddhas of medieval times had lost the respect which they enjoyed in ancient times, as a great degeneration was perceptible in their conduct and living." (Arora & Dhillon, *Historical Background to the Age of Guru Amar Das* 14) ਸਿੱਧ ਅਤੇ ਸਾਧਕ, ਸਾਰੇ, ਧਿਆਨ ਜੋੜਦੇ ਹੋਏ, ਨਾਮ ਨੂੰ ਲੱਭਦੇ ਹੋਏ ਥੱਕ ਗਏ ਹਨ ਪਰ ਉਨ੍ਹਾਂ ਨੂੰ ਕੋਈ ਪ੍ਰਾਪਤੀ ਨਹੀਂ ਹੋ ਸਕੀ ਕਿਉਂਕਿ ਸਤਿਗੁਰੂ ਤੋਂ ਬਿਨਾ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਨਾਮ ਤੋਂ ਬਿਨਾ ਸਾਰੀਆਂ ਸਿੱਧੀਆਂ ਅਤੇ ਕਰਾਮਤਾਂ ਵਿਅਰਥ ਹਨ। ਅਸਲ ਸਿੱਧੀ ਅਤੇ ਕਰਾਮਾਤ ਤਾਂ ਬੇ-ਪਰਵਾਹ ਪ੍ਰਭੂ ਦੁਆਰਾ (ਪ੍ਰਸੰਨਤਾ ਸਹਿਤ) ਕੀਤੀ ਹੋਈ ਬਖ਼ਸ਼ਿਸ਼ ਹੈ। ਗੁਰੂ ਦੀ ਕਿਰਪਾ ਨਾਲ ਪ੍ਰਭੂ-ਨਾਮ ਦਾ ਹਿਰਦੇ ਵਿਚ ਵਸਣਾ ਹੀ ਅਸਲ ਸਿੱਧੀ ਅਤੇ ਕਰਾਮਾਤ ਹੈ:

ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 650)

"ਗੁਰਬਾਣੀ ਵਿਚ ਇਸੇ ਸਹਿਜੀਕ੍ਰਿਤ ਢੰਗ ਨਾਲ ਵੱਖ-ਵੱਖ ਤਰ੍ਹਾਂ ਦੇ ਸਾਧੂਆਂ, ਯੋਗੀਆਂ, ਵੈਰਾਗੀਆਂ ਨੂੰ ਸਹੀ ਮਾਰਗ ਦਾ ਬੋਧ ਕਰਾਇਆ ਗਿਆ ਹੈ। " (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004* 03) ਹੇਠ ਲਿਖੀਆਂ ਪੰਕਤੀਆਂ ਵਿਚ ਉਲੇਖ ਹੈ ਕਿ ਜੋਗੀ ਲੋਕ ਪ੍ਰਭੂ ਦਾ ਨਾਮ ਜਪਦੇ ਹਨ ਅਤੇ 'ਅਲਖ', 'ਅਲਖ' ਉਚਾਰਦੇ ਹਨ। (ਉਨ੍ਹਾਂ ਦੇ ਮਤ ਅਨੁਸਾਰ) ਜਿਸਦਾ ਨਾਮ ਉਹ ਸਿਮਰਦੇ ਹਨ, ਉਹ ਸੂਖਮ-ਰੂਪ ਵਾਲਾ ਹੈ ਤੇ ਉਸ ਉੱਪਰ ਮਾਇਆ ਦਾ ਅਸਰ ਨਹੀਂ ਹੋ ਸਕਦਾ। ਸਭ ਦਿਸਦਾ ਸੰਸਾਰ ਉਸੇ ਦਾ ਹੀ (ਸਰਗੁਣ) ਆਕਾਰ ਹੈ। ਗੁਰੂ ਅੰਗਦ ਦੇਵ ਜੀ ਜੋਗ ਮਤ ਸਬੰਧੀ ਟਿੱਪਣੀ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜੋਗ ਦਾ ਮਾਰਗ, ਗਿਆਨ ਦਾ ਮਾਰਗ ਸਮਝਿਆ ਜਾਂਦਾ ਹੈ (ਬ੍ਰਹਮ ਦੀ ਵਿਚਾਰ ਕਰਨ ਦਾ ਮਾਰਗ ਜਾਣਿਆ ਜਾਂਦਾ ਹੈ):

ਜੋਗੀ ਸੁੰਨਿ ਧਿਆਵਨਿ੍ ਜੇਤੇ ਅਲਖ ਨਾਮੁ ਕਰਤਾਰਿ॥
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)
ਜੋਗ ਸਬਦੰ ਗਿਆਨ ਸਬਦੰ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਤਤਕਾਲੀ ਦੌਰ ਦੇ ਜੋਗੀਆਂ ਦੇ ਜੀਵਨ ਸਬੰਧੀ ਟਿੱਪਣੀ ਕਰਦੇ ਹੋਏ ਗੁਰੂ ਸਾਹਿਬ ਆਖਦੇ ਹਨ ਕਿ ਜੰਗਮਾਂ, ਸੰਨਿਆਸੀਆਂ ਵਾਂਗ ਜੋਗੀ ਲੋਕ ਵੀ (ਘਰ-ਬਾਰ ਦੇ) ਤਿਆਗ ਦੇ ਮਾਣ ਕਾਰਨ ਬੜੇ ਹੰਕਾਰ ਗ੍ਰਸਤ ਹਨ। ਉਹ ਗ੍ਰਿਹਸਥੀਆਂ ਦੇ ਦਰਾਂ ਤੋਂ ਮੰਗਦੇ ਫਿਰਦੇ ਹਨ ਪਰ ਜਦੋਂ ਕੋਈ ਗ੍ਰਿਹਸਥੀ ਉਨ੍ਹਾਂ ਨੂੰ ਸ਼ਰਧਾ ਨਾਲ, ਵਿੱਤ ਅਨੁਸਾਰ (ਥੋੜ੍ਹਾ), ਤਨ ਢਕਣ ਲਈ ਕੱਪੜਾ ਅਤੇ ਖਾਣ ਲਈ ਭੋਜਨ ਦਿੰਦੇ ਹਨ ਤਾਂ ਉਹ (ਵੱਧ ਪ੍ਰਾਪਤੀ ਦੀ ਆਸ ਰੱਖ ਕੇ) ਉਨ੍ਹਾਂ ਕੋਲੋਂ ਲੈਂਦੇ ਨਹੀਂ ਭਾਵ ਉਹ ਵੱਧ ਦਾਨ ਦੀ ਆਸ ਰੱਖਦੇ ਹਨ ਭਾਵੇਂ ਉਹ ਦਾਨ ਸ਼ਰਧਾ ਨਾਲ ਵੀ ਕਿਉਂ ਨਾ ਦਿੱਤਾ ਗਿਆ ਹੋਵੇ। ਇਸੇ ਹੱਠ ਵਿਚ ਇਹ ਲੋਕ ਆਪਣਾ ਸਮਾਂ ਅਜਾਈਂ ਗੁਆ ਰਹੇ ਹਨ:

ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਾ ਅਹੰਕਾਰ ਬਹੁ ਗਰਬੁ ਵਧਾਇਆ॥

ਛਾਦਨੁ[27] ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)

ਮੁੱਲਾ, ਫ਼ਕੀਰ, ਜੋਗੀ ਅਤੇ ਮਰਾਸੀ ਦੁਆਰਾ ਗ੍ਰਿਹਸਥੀਆਂ ਦੇ ਘਰਾਂ ਵਿੱਚੋਂ ਮੰਗਣ ਦਾ ਜ਼ਿਕਰ ਹੇਠ ਲਿਖੀਆਂ ਪੰਕਤੀਆਂ ਵਿਚ ਵੀ ਹੈ। ਮੁੱਲਾ ਇਸ ਕੰਮ ਲਈ ਬਾਂਗ ਦਾ ਆਸਰਾ ਲੈਂਦੇ ਸਨ, ਫ਼ਕੀਰ ਘਰਾਂ ਦੇ ਅੱਗੇ ਤੂਤੀ ਵਜਾਉਂਦੇ ਸਨ (ਮੰਗਦੇ ਸਨ), ਜੋਗੀ ਲੋਕ ਤੁਰ੍ਹੀ ਵਜਾ ਕੇ ਮੰਗਦੇ ਸਨ ਤੇ ਮਰਾਸੀ ਲੋਕ ਕਲਾਣ ਕਰਕੇ ਮੰਗਦੇ ਸਨ:

ਬਾਂਗਾ [28]ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ॥
ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

"ਜੋਗੀ ਲੋਗ ਦੇਸ-ਰਟਨ ਨੂੰ ਮੁਕਤੀ ਤੇ ਪਵਿਤਰਤਾ ਦਾ ਸਾਧਨ ਸਮਝਦੇ ਹਨ। "(ਸਾਹਿਬ ਸਿੰਘ, *ਸੁਖਮਨੀ ਸਾਹਿਬ ਸਟੀਕ*5) ਹੇਠ ਲਿਖੀਆਂ ਪੰਕਤੀਆਂ ਵਿਚ ਜੋਗੀਆਂ ਦੁਆਰਾ ਘੁੰਮ ਫਿਰ ਕੇ ਘਰਾਂ ਵਿਚ ਭਿੱਖਿਆ ਮੰਗਣ ਦਾ ਜ਼ਿਕਰ ਹੈ। ਭਿੱਖਿਆ ਅਤੇ (ਜੋਗੀਆਂ ਦੀ) ਕੁਟੀਆ ਦਾ ਵੀ ਉਲੇਖ ਹੈ:

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ॥
ਭਿਖਿਆ ਨਾਮੁ ਸੰਤੋਖ [29]ਮੜੀ ਸਦਾ ਸਚੁ ਹੈ ਨਾਲਿ॥
ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1089)

ਹੇਠਲੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਜੋਗੀਆਂ ਦੇ ਵੇਸ (ਜੋ ਕਈਆਂ ਨੇ ਰੋਟੀ ਦੇ ਜੁਗਾੜ ਲਈ ਧਾਰਨ ਕਰ ਲਿਆ ਹੋਵੇਗਾ) ਸਬੰਧੀ ਟਿੱਪਣੀ ਕਰਦੇ ਹਨ। ਗੁਰੂ ਸਾਹਿਬ ਦਾ ਆਖਣਾ ਹੈ ਕਿ ਜੋਗੀਆਂ ਵਾਲਾ ਕੇਵਲ ਭੇਖ ਧਾਰਨ ਕਰਨ ਨਾਲ ਹੀ ਕੋਈ ਜੋਗੀ ਨਹੀਂ ਹੋ ਜਾਂਦਾ। ਅਸਲ ਜੋਗੀ ਤਾਂ ਉਹ ਹੈ, ਜਿਸਨੂੰ ਗੁਰੂ ਦੇ ਸਨਮੁਖ ਹੋ ਕੇ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ। ਅਜਿਹੇ ਜੋਗੀ ਦੀ ਕਾਇਆ (ਨਗਰੀ) ਅੰਦਰ ਸਾਰੇ ਗੁਣ ਪਰਗਟ ਹੋ ਜਾਂਦੇ ਹਨ ਪਰ ਅਜਿਹਾ (ਸੱਚਾ) ਜੋਗੀ ਕੋਈ ਵਿਰਲਾ ਹੀ ਹੈ:

ਸੋ ਜੋਗੀ ਜੁਗਤਿ ਸੋ ਪਾਏ ਜਿਸ ਨੋ ਗੁਰਮੁਖਿ ਨਾਮੁ ਪਰਾਪਤਿ ਹੋਇ॥
ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ ਭੇਖੀ ਜੋਗੁ ਨ ਹੋਇ॥
ਨਾਨਕ ਐਸਾ ਵਿਰਲਾ ਕੋ ਜੋਗੀ ਜਿਸੁ ਘਟਿ ਪਰਗਟੁ ਹੋਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 556)

ਹੇਠ ਲਿਖੀਆਂ ਪੰਕਤੀਆਂ ਵਿਚ ਜੋਗੀਆਂ ਦੀ ਗੋਦੜੀ (ਖੱਫ਼ਣੀ), ਖੱਪਰ (ਭਿੱਖਿਆ ਮੰਗਣ ਵਾਲਾ ਬਰਤਨ) ਅਤੇ ਆਸਣ ਦਾ ਉਲੇਖ ਹੈ:

ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)
ਕਬੀਰ ਖਿੰਥਾ ਜਲਿ ਕੋਇਲਾ ਭਈ ਖਾਪਰੁ ਫੂਟ ਮਫੂਟ॥
ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)

"ਇਹ ਗੋਰਖ ਨਾਥ ਦੇ ਜੋਗੀ ਕੰਨ ਵਿਚ ਮੁੰਦ੍ਰਾਂ ਪਾਉਂਦੇ ਹਨ, ਖਪਰ ਫੜ ਕੇ ਭਿਖਿਆ ਮੰਗਦੇ ਹਨ, ਲੀਰਾਂ ਦੀ ਬਣੀ ਖਿੰਥਾ ਗੋਦੜੀ ਪਹਨਦੇ ਹਨ, ਇਕ ਡੰਡਾ ਪਾਸ ਰਖਦੇ ਹਨ, ਗਲੇ ਵਿਚ ਨਾਦ ਤੇ ਸਿੰਙੀ ਲਟਕਾ ਕੇ ਰਖਦੇ ਹਨ ਜਿਹਨਾਂ ਨੂੰ ਇਹ ਵਜਾਉਂਦੇ

ਹਨ। ਇਹ ਗ੍ਰਹਿਸਤ ਆਸ਼ਰਮ ਵਿਚ ਨਹੀਂ ਪੈਂਦੇ। ਬਸਤੀਆਂ ਤੋਂ ਦੂਰ ਰਹਿੰਦੇ ਹਨ। ਪਿੰਡੇ ਤੇ ਸੁਆਹ ਮਲਦੇ ਹਨ ਤੇ ਸਿਰ ਤੇ ਜਟਾਂ ਰਖਦੇ ਹਨ। " (*ਯੋਗ ਦਰਸ਼ਨ ਤੇ ਗੁਰਮਤਿ* 8) "ਜੋਗੀ ਤੇ ਸੰਨਿਆਸੀ ਭੰਗ, ਚਰਸ ਦੀ ਵਰਤੋਂ ਕਰਦੇ ਸਨ। " (ਤਾਰਨ ਸਿੰਘ, *'ਗੁਰੂ ਅੰਗਦ ਦੇਵ ਜੀ*9)"ਜੋਗੀ ਤੇ ਸਿਧ ਕੇਵਲ ਵਿਅਕਤੀਗਤ ਸਾਧਨਾਂ, ਨਿੱਜੀ ਮੋਕਸ਼ ਤੇ ਗ੍ਰਿਸਤ-ਤਿਆਗ ਤੋਂ ਸ਼ੁਰੂ ਹੋ ਕੇ ਜੰਤਰ-ਮੰਤਰ, ਕਰਾਮਾਤਾਂ ਤੇ ਨਿੱਜੀ ਸ਼ਕਤੀ ਦੇ ਦਿਖਾਵੇ ਉੱਤੇ ਉੱਤਰ ਆਏ। " (ਸੋਢੀ, *ਗੁਰੂ ਰਾਮ ਦਾਸ: ਜੀਵਨ ਤੇ ਰਚਨਾ* 43)ਅਕੀਦੇ ਦੇ ਉਲਟ ਚੱਲ ਰਹੇ ਜੋਗੀਆਂ 'ਤੇ ਟਿੱਪਣੀ ਕਰਦੇ ਹੋਏ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਜਟਾਵਾਂ ਰੱਖੀ ਅਤੇ ਪਿੰਡੇ ਤੇ ਸੁਆਹ ਮਲ਼ੀ ਫਿਰਦੇ ਇਹ ਜੋਗੀ (ਆਪਣੇ ਮਤ ਦੇ ਉਲਟ) ਗ੍ਰਿਹਸਥੀ ਹੋ ਗਏ ਹਨ। ਧੀਆਂ-ਪੁੱਤ ਇਨ੍ਹਾਂ ਦੇ ਪਿੱਛੇ, ਆਪਣੀਆਂ ਲੋੜਾਂ ਦੀ ਪੂਰਤੀ ਲਈ, ਵਿਲਕਦੇ ਫਿਰ ਰਹੇ ਹਨ। ਅਜਿਹੇ ਹਾਲਾਤਾਂ ਵਿਚ ਇਨ੍ਹਾਂ ਨੇ ਜੀਵਨ-ਮਾਰਗ ਤਾਂ ਕੀ ਪਾਉਣਾ ਸੀ, ਸਗੋਂ ਇਨ੍ਹਾਂ ਨੇ ਤਾਂ ਮਤ ਨੂੰ ਵੀ ਬਦਨਾਮ ਕੀਤਾ। ਇਨ੍ਹਾਂ ਨੇ ਤਾਂ ਸਮਝੋ ਆਪਣੇ ਸਿਰ ਵਿਚ ਸੁਆਹ ਪਵਾਈ ਹੈ (ਬੇ-ਪੱਤੀ ਹੀ ਕਰਵਾਈ ਹੈ)। ਗੁਰੂ ਸਾਹਿਬ ਆਖਦੇ ਹਨ ਕਿ ਅਸਲ ਜੋਗੀ ਤਾਂ ਉਹ ਹੈ, ਜਿਹੜਾ ਕਾਮ-ਵਾਸ਼ਨਾ ਤੋਂ ਦੂਰ ਰਹੇ:

ਜੋਗੀ ਗਿਰਹੀ ਜਟਾ ਬਿਭੂਤ॥ਆਗੈ ਪਾਛੈ ਰੋਵਹਿ ਪੂਤ॥
ਜੋਗੁ ਨ ਪਾਇਆ ਜੁਗਤਿ ਗਵਾਈ॥ਕਿਤੁ ਕਾਰਣਿ ਸਿਰਿ ਛਾਈ ਪਾਈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 951)
ਨਾਨਕ [30]ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ॥
ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

"ਜੋਗੀ ਦੋ ਪ੍ਰਕਾਰ ਦੇ ਹੁੰਦੇ ਹਨ, ਇਕ ਔਘੜ ਅਤੇ ਦੂਸਰੇ ਕਨਫਟੇ। ਕਨਫਟੇ ਜੋਗੀਆਂ ਦਾ ਆਚਾਰਯ ਗੋਰਖ ਹੈ। ਆਦਿ ਨਾਥ ਨਿਪਾਲ ਦਾ ਇੱਕ ਮਹਾਂ ਪੁਰਖ ਸੀ। ਇਹ ਬੋਧੀ ਦੇਵਤਾ ਸੀ। ਉਸ ਦਾ ਚੇਲਾ ਮਛੰਦਰ ਨਾਥ ਸੀ। ਮਛੰਦਰ ਨਾਥ ਦੇ ਅਗੇ ਬਹੁਤ ਚੇਲੇ ਸਨ। ਇਨ੍ਹਾਂ ਵਿਚੋਂ ਇੱਕ ਗੋਰਖ ਨਾਥ ਸੀ। ਗੋਰਖ ਨਾਥ ਆਪਣੇ ਗੁਰੂ ਮਛੰਦਰ ਨਾਥ ਨਾਲੋਂ ਬਹੁਤ ਤਰੱਕੀ ਕਰ ਗਇਆ ਸੀ। ਗੋਰਖ ਨਾਥ ਜੀ ਨੇ ਆਪਣੇ ਚੇਲਿਆਂ ਦੇ ਕੰਨ ਪੜਵਾਏ ਤੇ ਮੁੰਦਰਾਂ ਪਵਾਈਆਂ। ਸੋ ਉਸ ਦੇ ਮੱਤ ਨੂੰ ਕਨਫਟੇ ਜੋਗੀਆਂ ਦਾ ਮੱਤ ਕਿਹਾ ਜਾਂਦਾ ਹੈ। ਗੋਰਖ ਨਾਥ ਕਬੀਰ ਦਾ ਸਮਕਾਲੀ ਸੀ। ... ... ਗੋਰਖਨਾਥ ਨੇ ਬੁਧ ਮੱਤ ਦੇ ਮਹਾਯਾਨ ਫਿਰਕੇ ਨੂੰ ਸ਼ੈਵ ਮੱਤ ਵਿਚ ਬਦਲ ਦਿੱਤਾ। ਇਸ ਤਰ੍ਹਾਂ ਜੋਗ ਮੱਤ ਦਾ ਸੰਬੰਧ ਸ਼ੈਵ ਮੱਤ ਨਾਲ ਵੀ ਕਾਇਮ ਹੋ ਗਿਆ। " (*ਯੋਗ ਦਰਸ਼ਨ ਤੇ ਗੁਰਮਤਿ* 7)

“Connected with Saivism were the jogis were known for their supernatural feasts.” (Arora & Dhillon, *Historical Background to the Age of Guru Amar Das* 14) ਗੁਰੂ ਸਾਹਿਬ ਪ੍ਰਭੂ ਨਾਲ ਜੁੜਨ ਦੀ ਜੁਗਤੀ ਪ੍ਰਾਪਤ ਕਰਨ ਹਿਤ ਕੰਨ ਪੜਵਾਉਣ ਵਾਲੇ ਅਤੇ ਸੰਸਾਰ ਵਿਚ (ਪ੍ਰਭੂ ਦੀ ਪ੍ਰਾਪਤੀ ਹਿਤ) ਘੁੰਮਦੇ ਰਹਿਣ ਵਾਲੇ ਨੂੰ ਪ੍ਰਸ਼ਨ ਕਰਦੇ ਹਨ ਕਿ ਤੂੰ ਨਹੀਂ ਜਾਣਦਾ ਕਿ ਉਸ ਸਿਰਜਣਹਾਰ ਪ੍ਰਭੂ ਦਾ ਵਾਸ ਹਰ ਥਾਂ ਹੈ? ”

ਜੋਗੀ ਕੈ ਘਰਿ ਜੁਗਤਿ ਦਸਾਈ॥ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ॥
ਮੁੰਦ੍ਰਾ ਪਾਇ ਫਿਰੈ ਸੰਸਾਰਿ॥ਜਿਥੈ ਕਿਥੈ ਸਿਰਜਣਹਾਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

ਗੁਰੂ ਤੋਂ ਬਿਨਾ, ਕੇਵਲ ਭੇਖ ਧਾਰਨ ਕਰਨ ਨਾਲ ਹੀ ਸਾਰੀ ਪ੍ਰਾਪਤੀ ਹੋ ਗਈ ਸਮਝ ਲੈਣਾ, ਭੁਲੇਖਾ ਹੀ ਹੈ। ਸਮਾਧੀ, ਗਿਆਨ ਦੀਆਂ ਗੱਲਾਂ ਕਰਨ ਅਤੇ ਜੋਗ ਦੇ ਹੋਰ ਸਾਧਨਾਂ ਦੁਆਰਾ ਪ੍ਰਭੂ ਪ੍ਰਸੰਨ ਨਹੀਂ ਹੁੰਦਾ। ਸੁਆਸਾਂ ਨੂੰ ਰੋਕਣ ਦੇ ਅਭਿਆਸ

(ਪ੍ਰਾਣਾਯਾਮ ਆਦਿ) ਨਾਲ ਮਨ ਦੀ ਮੈਲ ਦੂਰ ਨਹੀਂ ਹੁੰਦੀ। ਸਮਾਧੀਆਂ ਦਾ ਅਭਿਆਸ ਕਰਨ ਵਾਲੇ ਸਿੱਧਾਂ ਬਾਰੇ ਟਿੱਪਣੀ ਕਰਦੇ ਹੋਏ ਗੁਰੂ ਸਾਹਿਬ ਆਖਦੇ ਹਨ ਕਿ ਅਜਿਹਾ ਕਰਨ ਨਾਲ ਮਨ ਵੱਸ ਵਿਚ ਨਹੀਂ ਆਉਂਦਾ। ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਕੋਈ ਪੰਡਿਤ ਧਾਰਮਿਕ ਪੁਸਤਕਾਂ ਦਾ ਕੇਵਲ ਪਾਠ ਹੀ ਕਰਦਾ ਜਾਵੇ ਅਤੇ ਉਨ੍ਹਾਂ ਦੀ ਸਿੱਖਿਆ ਨੂੰ ਆਪਣੇ ਜੀਵਨ ਵਿਚ ਧਾਰਨ ਨਾ ਕਰੇ:

ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 852)

ਨ ਭੀਜੈ ਰਾਗੀ ਨਾਦੀ ਬੇਦਿ॥ਨ ਭੀਜੈ ਸੁਰਤੀ ਗਿਆਨੀ ਜੋਗਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1237)

ਜੁਠਿ ਨ ਪਉਣੈ ਮਾਹਿ ਸਮਾਣੀ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ॥

ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 644)

ਹੇਠ ਲਿਖੀ ਪੰਕਤੀ ਵਿਚ ਜੋਗੀਆਂ ਦੁਆਰਾ (ਪਿੰਡੇ 'ਤੇ) ਵਿਭੂਤ ਲਗਾਉਣ ਅਤੇ ਸਿੰਙੀ (ਤੁਰ੍ਹੀ) ਵਜਾਉਣ ਦਾ ਜ਼ਿਕਰ ਹੈ। ਅਗਲੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਜੋਗੀਆਂ ਨੂੰ ਸੰਬੋਧਿਤ ਹੁੰਦੇ ਹੋਏ ਆਖਦੇ ਹਨ ਕਿ ਮਨ ਦੀ ਬੁਰਾਈ ਦਾ ਖ਼ਾਤਮਾ ਅਤੇ ਜੀਵਨ ਜਿਊਣ ਦੀ ਜੁਗਤੀ ਦੀ ਪ੍ਰਾਪਤੀ ਕੰਨ ਪੜਵਾ ਕੇ ਜਾਂ ਚੂਰਮਾ ਖਾ ਕੇ ਨਹੀਂ ਹੁੰਦੀ। ਪ੍ਰਭੂ ਤਾਂ ਸਦਾ ਥਿਰ ਰਹਿਣ ਵਾਲਾ ਹੈ। ਉਹ ਕਿਹੜਾ ਅੱਖਰ (ਮੰਤਰ) ਹੈ, ਜਿਸ ਨਾਲ ਮਨ ਟਿਕ ਜਾਵੇ? ਇਹ ਅਵਸਥਾ ਤਾਂ ਤਦ ਹੀ ਮਿਲ ਸਕਦੀ ਹੈ, ਜਦੋਂ ਸੁੱਖ-ਦੁੱਖ ਨੂੰ ਇਕੋ ਮਾਨਸਿਕ ਹਾਲਾਤ ਨਾਲ ਸਹਿਣ ਕੀਤਾ ਜਾਵੇ। ਤਾਂ ਹੀ (ਅਸਲ ਅਰਥਾਂ ਵਿਚ) ਗੁਰੂ ਦਾ ਕਿਹਾ ਮੰਨਿਆ ਹੋਇਆ ਆਖਿਆ ਜਾ ਸਕਦਾ ਹੈ। ਜੋਗੀ ਲੋਕ ਸਿਰਫ਼ ਭੇਖ ਹੀ ਬੱਝ ਕੇ ਰਹਿ ਗਏ ਹਨ। ਹੁਣ ਉਹ ਨਾ ਤਾਂ ਸੰਸਾਰੀ ਹੀ ਰਹੇ ਹਨ ਅਤੇ ਨਾ ਹੀ ਸੰਸਾਰ ਦੇ ਤਿਆਗੀ ਹੀ ਕਹੇ ਜਾ ਸਕਦੇ ਹਨ। ਗੁਰੂ ਸਾਹਿਬ ਜੋਗੀਆਂ ਨੂੰ ਨਿਰੰਕਾਰ ਨਾਲ ਜੁੜਨ ਲਈ ਆਖਦੇ ਹਨ ਕਿਉਂਕਿ ਜਿਹੜਾ ਇੱਕ (ਦਾਤੇ) ਨਿਰੰਕਾਰ ਨਾਲ ਜੁੜ ਗਿਆ, ਉਸਨੂੰ ਫਿਰ ਥਾਂ-ਪੁਰ-ਥਾਂ ਭਟਕਣ ਦੀ ਕੀ ਲੋੜ ਰਹਿ ਗਈ? :

ਜਾ ਤੁਧੁ ਭਾਵਹਿ ਤਾ ਕਰਹਿ [31]ਵਿਭੂਤਾ [32]ਸਿੰਙੀ ਨਾਦੁ ਵਜਾਵਹਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 145)

ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ॥ਕੰਨ ਪੜਾਇ ਕਿਆ ਖਾਜੈ [33]ਭੁਗਤਿ॥

[34]ਆਸਤਿ [35]ਨਾਸਤਿ ਏਕੋ ਨਾਉ॥ਕਉਣੁ ਸੁ ਅਖਰੁ ਜਿਤੁ ਰਹੈ ਹਿਆਉ॥

ਧੂਪ ਛਾਵ ਜੇ ਸਮ ਕਰਿ ਸਹੈ॥ਤਾ ਨਾਨਕੁ ਆਖੈ ਗੁਰੁ ਕੋ ਕਹੈ॥

ਛਿਅ ਵਰਤਾਰੇ[36] ਵਰਤਹਿ [37]ਪੂਤ॥ਨਾ ਸੰਸਾਰੀ ਨਾ ਅਉਧੂਤ॥

ਨਿਰੰਕਾਰਿ ਜੋ ਰਹੈ ਸਮਾਇ॥ਕਾਹੇ ਭੀਖਿਆ ਮੰਗਣਿ ਜਾਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 953)

### 3.3.15 ਉਦਾਸੀ

ਉਦਾਸੀ ਤੋ ਭਾਵ ਹੈ "ਵਿਰਕਤ, ਮਾਇਆ ਤੋਂ ਉਪਰਾਮ। " (ਸਾਹਿਬ ਸਿੰਘ, *ਦਰਪਣ* 3934) ਉਦਾਸੀ "ਜਗਤ ਤੋਂ ਉਦਾਸੀਨ ਹੋ ਕੇ ਘਰ-ਬਾਰ ਤਿਆਗਣ ਵਾਲੇ ਦਾ ਨਾਮ" (ਨਾਭਾ, *ਗੁਰਮਤ ਮਾਰਤੰਡ ਭਾਗ ਪਹਿਲਾ* 6) ਹੈ। ਹੇਠ ਲਿਖੀ ਪੰਕਤੀ ਵਿਚ ਗੁਰੂ ਸਾਹਿਬ ਮਨੁੱਖ ਨੂੰ ਗ੍ਰਹਿਸਥ ਵਿਚ ਰਹਿੰਦਿਆਂ ਹੀ (ਗੁਰੂ ਦੇ ਆਖੇ ਅਨੁਸਾਰ) ਮਾਇਆ ਤੋਂ ਉਪਰਾਮ ਰਹਿਣ ਦਾ ਉਪਦੇਸ਼ ਦਿੰਦੇ ਹਨ, ਜਿਸ ਤੋਂ ਭਾਵ ਹੈ ਗ੍ਰਿਹਸਤ ਵਿਚ ਵਿਚਰਦਿਆਂ-ਵਿਚਰਦਿਆਂ ਉਦਾਸੀਆਂ ਵਾਂਗ ਰਹਿਣਾ। ਇਸ ਕਥਨ ਤੋਂ ਸੰਕੇਤ ਮਿਲਦਾ ਹੈ ਕਿ

ਤਤਕਾਲੀ ਦੌਰ ਵਿਚ ਉਦਾਸੀ ਸਦਵਾਉਣ ਵਾਲੇ ਮਨੁੱਖ ਗ੍ਰਹਿਸਤ ਦੇ ਤਿਆਗੀ ਸਨ ਤੇ ਘਰਾਂ ਤੋਂ ਦੂਰ ਰਹਿੰਦੇ ਸਨ। ਗੁਰੂ ਸਾਹਿਬ ਅਸਲ ਉਦਾਸੀ ਦੇ ਗੁਣ ਦੱਸਦੇ ਹਨ ਕਿ ਉਹ ਭੇਖ ਤੋਂ ਨਹੀਂ, ਮਨ ਤੋਂ ਤਿਆਗੀ ਹੁੰਦਾ ਹੈ। ਉਹ ਹਰ ਥਾਂ ਮਾਇਆ ਦੀ ਲਾਗ ਤੋਂ ਰਹਿਤ ਪ੍ਰਭੂ ਦਾ ਵਾਸ ਮੰਨਦਾ ਹੈ। ਉਹ ਸ਼ਾਂਤੀ ਅਤੇ ਗਿਆਨ ਦੇ ਤੇਜ ਦਾ ਮੁਜੱਸਮਾ ਹੁੰਦਾ ਹੈ। ਐਸਾ ਉਦਾਸੀ ਅਮਰ-ਪਦ ਨੂੰ ਪ੍ਰਾਪਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਉਦਾਸੀਆਂ ਦੇ ਮੁਖੀ ਗੋਪੀ ਚੰਦ[38] ਦਾ ਹਵਾਲਾ ਦਿੰਦੇ ਹੋਏ ਆਖਦੇ ਹਨ (ਉਦਾਸੀਆਂ ਨੂੰ ਸਮਝਾਉਂਦੇ ਹਨ) ਕਿ ਪ੍ਰਭੂ ਦੀ ਕੋਈ ਰੂਪ-ਰੇਖਾ ਨਹੀਂ (ਉਹ ਅਰੂਪ ਹੈ):

> ਵਿਚੇ ਗ੍ਰਿਹਿ ਗੁਰ ਬਚਨਿ ਉਦਾਸੀ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)
>
> ਸੋ ਉਦਾਸੀ ਜਿ ਪਾਲੇ ਉਦਾਸੁ॥ਅਰਧ ਉਰਧ ਕਰੇ ਨਿਰੰਜਨ ਵਾਸੁ॥
>
> ਚੰਦ ਸੂਰਜ ਕੀ ਪਾਏ ਗੰਢਿ॥ਤਿਸੁ ਉਦਾਸੀ ਕਾ ਪੜੈ ਨ ਕੰਧੁ॥
>
> ਬੋਲੈ ਗੋਪੀ ਚੰਦੁ ਸਤਿ ਸਰੂਪੁ॥ਪਰਮ ਤੰਤ ਮਹਿ ਰੇਖ ਨ ਰੂਪੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

### 3.3.16 ਸੰਨਿਆਸੀ

ਸੰਨਿਆਸੀ ਤੋਂ ਭਾਵ ਹੈ "ਤਿਆਗੀ"(ਨਾਭਾ, *ਮਹਾਨ ਕੋਸ਼* 246)। "The *sanyasis* who believe in and practiced asceticism and generally applied tilk-mark on their foreheads, had established *maths* which were the centres of their preachings." (Arora & Dhillon, *Historical Background to the Age of Guru Amar Das* 14) ਭਗਤ ਕਬੀਰ ਜੀ ਤਤਕਾਲੀ ਸੰਨਿਆਸੀਆਂ ਬਾਰੇ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ ਇਨ੍ਹਾਂ ਲੋਕਾਂ ਨੇ ਮਾਇਆ ਦਾ ਤਿਆਗ ਕਰਨ ਦਾ ਭਰਮ ਪਾਲ ਕੇ ਆਪਣੀ ਹਉਮੈ ਨੂੰ ਵਧਾ ਰੱਖਿਆ ਹੈ। ਐਸੇ ਤਿਆਗ ਦਾ ਕੀ ਲਾਭ, ਜਿਸ ਤੋਂ ਮਨ ਵਿਚ ਹੰਕਾਰ ਦੀ ਭਾਵਨਾ ਹੀ ਉਤਪੰਨ ਹੋ ਜਾਵੇ? ਅਸਲ ਕੰਮ ਤਾਂ ਹਉਮੈ ਦਾ ਤਿਆਗ ਹੈ, ਜਿਹੜਾ ਸੰਨਿਆਸੀ ਦੇ ਕਰਨ ਯੋਗ ਹੈ ਪਰ ਉਹ ਕੰਮ ਇਨ੍ਹਾਂ ਕੋਲੋਂ ਨਹੀਂ ਹੋ ਸਕਿਆ। ਮਾਇਆ ਦਾ ਤਿਆਗ ਕਰ ਕੇ ਆਪਣੇ ਆਪ ਨੂੰ ਮੁਕਤ ਸਮਝ ਰਹੇ ਇਹ ਲੋਕ ਭਰਮ ਵਿਚ ਜੀਅ ਰਹੇ ਹਨ:

> ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਸੰਨਿਆਸੀ ਲੋਕ ਤਿਆਗ ਦੇ ਮਾਣ ਤੋਂ ਗ੍ਰਸਤ ਸਨ ਤੇ ਹੰਕਾਰੀ ਬਣੇ ਬੈਠੇ ਸਨ। ਉਹ ਗ੍ਰਿਹਸਥੀਆਂ ਦੇ ਘਰਾਂ ਵਿੱਚੋਂ ਮੰਗਣ ਜਾਂਦੇ ਸਨ। ਗ੍ਰਿਹਸਥੀ ਲੋਕ ਉਨ੍ਹਾਂ ਨੂੰ ਸ਼ਰਧਾ ਅਤੇ ਵਿੱਤ ਅਨੁਸਾਰ ਜਦੋਂ ਕੱਪੜਾ ਅਤੇ ਭੋਜਨ ਭੇਂਟ ਕਰਦੇ ਸਨ ਤਾਂ ਇਹ ਲੋਕ ਉਨ੍ਹਾਂ ਨੂੰ ਘੂਰਦੇ ਸਨ (ਭਾਵ ਉਹ ਵੱਧ ਦਾਨ ਚਾਹੁੰਦੇ ਸਨ)। ਇਸ ਤਰ੍ਹਾਂ ਦੀ ਜੀਵਨ-ਜਾਚ ਨਾਲ ਉਹ ਆਪਣਾ ਜੀਵਨ ਅਜਾਈਂ ਗੁਆ ਰਹੇ ਸਨ:

> ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਾ ਅਹੰਕਾਰੁ ਬਹੁ ਗਰਬੁ ਵਧਾਇਆ॥
>
> ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)

### 3.3.17 ਬੈਰਾਗੀ

ਬੈਰਾਗੀ ਉਹ ਹੈ "ਜਗਤ ਦੇ ਪਦਾਰਥਾਂ ਨਾਲ ਜਿਸ ਦਾ ਪ੍ਰੇਮ ਨਹੀਂ."(ਨਾਭਾ, *ਮਹਾਨ ਕੋਸ਼*891)। ਗੁਰੂ ਸਾਹਿਬ ਆਖਦੇ ਹਨ ਕਿ ਅਸਲ ਬੈਰਾਗੀ ਉਹ ਹੈ, ਜਿਸ ਨੇ ਪ੍ਰਭੂ ਦੇ ਨਾਮ ਵਿਚ ਮਨ ਲਗਾਇਆ ਹੋਇਆ ਹੈ। ਇਸੇ ਵਿੱਚੋਂ ਹੀ ਉਸ ਨੂੰ ਪਰਮ-ਸੁੱਖ ਦੀ ਅਨੁਭੂਤੀ ਹੁੰਦੀ ਹੈ। ਸਤਿਗੁਰੂ ਦੇ ਹੁਕਮ ਵਿਚ ਵਿਚਰਨ ਵਾਲੇ ਮਨੁੱਖ (ਗੁਰਮੁਖ) ਅਸਲ ਬੈਰਾਗੀ ਹਨ:

ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ ਅਨਦਿਨੁ ਹਰਿ ਬੈਰਾਗੀ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 590)

ਪ੍ਰਭੂ ਦੇ ਪਿਆਰੇ (ਬੈਰਾਗੀ) ਨੂੰ ਉਸਦੇ ਚਰਨ-ਕਮਲਾਂ ਨਾਲ ਜੁੜਨ ਦੀ ਖਿੱਚ ਰਹਿੰਦੀ ਹੈ ਤੇ ਉਹ ਜੁੜਨ ਲਈ ਤਤਪਰ ਰਹਿੰਦਾ ਹੈ। ਉਹ ਧੋਖੇ-ਰੂਪੀ ਮਾਇਆ ਦਾ ਤਿਆਗ ਕਰਦਾ ਹੈ ਤੇ ਜੁੜਨ ਦੀ ਚਾਹਤ ਉਸ ਨੂੰ ਸਾਧੂਆਂ ਦੀ ਸੰਗਤ ਵਿਚ ਲੈ ਜਾਂਦੀ ਹੈ (ਜਿੱਥੇ ਪ੍ਰਭੂ-ਨਾਮ ਦੀ ਸਿਫ਼ਤ-ਸਾਲਾਹ ਹੁੰਦੀ ਹੈ):

ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹਿ॥
ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 707)

ਗੁਰੂ ਸਾਹਿਬ ਅਨੁਸਾਰ ਬੈਰਾਗੀ ਉਹ ਨਹੀਂ, ਜਿਹੜੇ ਗ੍ਰਿਹਸਥ ਦਾ ਤਿਆਗ ਕਰ ਜਾਣ। ਬੈਰਾਗੀ ਤਾਂ ਉਹ ਹਨ, ਜਿਹੜੇ ਗ੍ਰਹਿਸਤ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਉੱਚੀ ਆਤਮਿਕ ਅਵਸਥਾ ਵਿਚ ਵਿਚਰਨ। ਇਸ ਦੇ ਉਲਟ ਜਿਹੜਾ ਬੈਰਾਗੀ ਹੋ ਕੇ ਵੀ ਸੰਸਾਰ ਨਾ ਛੱਡ ਸਕਿਆ, ਉਸ ਨਾਲੋਂ ਮੰਦੇ ਭਾਗਾਂ ਵਾਲਾ ਹੋਰ ਕਿਹੜਾ ਹੋ ਸਕਦਾ ਹੈ? ਅਜਿਹੇ ਅਖੌਤੀ ਬੈਰਾਗੀ ਨੇ ਤਾਂ ਦੁਨੀਆ ਦੇ ਸਮੇਤ ਦੀਨ ਵੀ ਗੁਆ ਲਿਆ:

ਗਿਰਹ ਕੁਟੰਬ ਮਹਿ ਸਹਜਿ ਸਮਾਧੀ॥ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1246)

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥
ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਅਸਲ ਬੈਰਾਗੀ ਮਨੁੱਖ ਆਪਣਾ ਮਨ ਸੰਸਾਰਕ ਖ਼ਾਹਿਸ਼ਾਂ ਵੱਲੋਂ ਪਰਤਾ ਕੇ ਪ੍ਰਭੂ ਵਿਚ ਜੋੜਦਾ ਹੈ। ਉਹ ਦੁਨਿਆਵੀ ਸਹਾਰਿਆਂ ਦੀ ਟੇਕ ਛੱਡ ਕੇ ਪ੍ਰਭੂ ਦੇ ਨਾਮ ਦਾ ਆਸਰਾ ਲੈਂਦਾ ਹੈ, ਜਿਹੜਾ ਸਦੀਵੀ ਅਤੇ ਅਟੱਲ ਹੈ। ਉਹ ਨਿਰੰਤਰ ਆਪਣਾ ਧਿਆਨ ਪ੍ਰਭੂ ਦੇ ਨਾਮ ਵਿਚ ਜੋੜਦਾ ਹੈ ਤੇ ਅੰਤ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ:

ਸੋ ਬੈਰਾਗੀ ਜਿ ਉਲਟੇ ਬ੍ਰਹਮੁ॥ਗਗਨ ਮੰਡਲ ਮਹਿ ਰੋਪੈ ਥੰਮੁ॥
ਅਹਿਨਿਸਿ ਅੰਤਰਿ ਰਹੈ ਧਿਆਨਿ॥ਤੇ ਬੈਰਾਗੀ ਸਤ ਸਮਾਨਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 53)

### 3.3.18 ਪਖੰਡੀ

ਇਹ "ਇਕ ਵਾਮੀ ਮੱਤ ਹੈ ਜਿਸ ਦੇ ਅਨੁਸਾਰੀ, ਲੋਕਾਂ ਦੀ ਨਜ਼ਰ ਤੋਂ ਬਚਣ ਦੀ ਖ਼ਾਤਰ ਜਾਣ-ਬੁੱਝ ਕੇ ਵਿੱਚੋਂ ਹੋਰ ਤੇ ਉੱਤੋਂ ਹੋਰ ਕਰਮ ਕਰ ਕੇ ਦੱਸਦੇ ਸਨ। " (ਸ਼੍ਰੋ. ਗੁ. ਪ੍ਰ. ਕ., *ਸ਼ਬਦਾਰਥ*952)ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਆਖਦੇ ਹਨ ਕਿ ਅਸਲ ਵਿਚ ਇਸ (ਪਖੰਡੀ) ਮਤ ਦਾ ਅਨੁਸਾਰੀ ਉਹ ਹੈ, ਜਿਹੜਾ ਆਪਣੀ ਦੇਹ ਨੂੰ ਪਾਪਾਂ ਤੇ ਵਿਕਾਰਾਂ ਦੀ ਮੈਲ ਤੋਂ ਸਾਫ਼ ਰੱਖੇ। ਉਹ

ਆਪਣੀ ਸਰੀਰਕ ਊਰਜਾ (ਸ਼ਕਤੀ) ਨੂੰ ਪਰਮਾਰਥ ਦੇ ਪਾਸੇ ਲਾਵੇ ਭਾਵ ਆਪਣੀਆਂ ਰੁਚੀਆਂ ਨੂੰ ਸਹੀ ਪਾਸੇ ਸੇਧਿਤ ਕਰੇ। ਉਹ ਕਾਮਾਦਿਕ ਵਿਕਾਰਾਂ ਤੋਂ ਆਪਣੇ ਸਰੀਰ ਨੂੰ ਬਚਾਅ ਕੇ ਰੱਖੇ। ਅਜਿਹਾ ਪਖੰਡੀ ਆਪਣਾ ਜੀਵਨ ਸਫ਼ਲ ਕਰ ਜਾਂਦਾ ਹੈ ਅਤੇ ਉਸਨੂੰ ਬੁਢਾਪੇ ਅਤੇ ਮੌਤ ਦਾ ਡਰ ਤੰਗ ਨਹੀਂ ਕਰਦਾ:

ਸੋ ਪਾਖੰਡੀ ਜਿ ਕਾਇਆ ਪਖਾਲੇ॥ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ॥
ਸੁਪਨੈ ਬਿੰਦੁ ਨ ਦੇਈ ਝਰਣਾ॥ਤਿਸੁ ਪਾਖੰਡੀ ਜਰਾ ਨ ਮਰਣਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

### 3.3.19 ਵੈਸ਼ਨੋ

ਵੈਸ਼ਨੋ ਦਾ ਅਰਥ ਹੈ "ਤਿਲਕ ਮਾਲਾ ਚੱਕ੍ਰ ਆਦਿਕ ਲਾ ਕੇ ਬਣਿਆ ਹੋਇਆ ਵਿਸ਼ਨੂ ਦਾ ਭਗਤ" (ਸਾਹਿਬ ਸਿੰਘ, *ਦਰਪਣ* 5890)ਹੇਠ ਲਿਖੀਆਂ ਪੰਕਤੀਆਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤਤਕਾਲੀ ਵੈਸ਼ਨੋ ਦੇ ਵਿਹਾਰ 'ਤੇ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ ਵੈਸ਼ਨੋ ਦੇ ਹਾਲਾਤ ਇਹ ਹਨ ਕਿ ਉਹ ਮਨ ਅਤੇ ਕਰਤੂਤਾਂ ਤੋਂ ਅੰਨ੍ਹਿਆਂ ਵਾਂਗ ਵਿਹਾਰ ਕਰਦਾ ਹੈ ਅਤੇ ਝੂਠੇ ਮੂੰਹ ਅਤੇ ਝੂਠੇ ਮਨ ਨਾਲ ਆਪਣੇ ਇਸ਼ਟ ਦੇ ਗੀਤ (ਭਜਨ) ਗਾਉਂਦਾ ਹੈ। ਉਹ ਇਸ਼ਨਾਨ ਕਰਦਾ ਹੈ ਅਤੇ ਆਪਣੇ ਸਰੀਰ 'ਤੇ (ਆਪਣੇ ਮਤ ਅਨੁਸਾਰ) ਧਾਰਮਿਕ ਚਿੰਨ੍ਹ ਬਣਾਉਂਦਾ ਹੈ ਅਤੇ ਧਨ-ਪਦਾਰਥਾਂ ਦੀ ਦੌੜ ਵਿਚ ਭੱਜ ਪੈਂਦਾ ਹੈ (ਜਿਵੇਂ ਧਾਰਮਿਕ ਚਿੰਨ੍ਹ ਬਣਾਉਣ ਦਾ ਉਸਦਾ ਮਨੋਰਥ ਧਨ-ਪਦਾਰਥਾਂ ਦੀ ਪ੍ਰਾਪਤੀ ਹੀ ਹੁੰਦਾ ਹੈ)। ਇਨ੍ਹਾਂ ਬਾਹਰੀ ਦਿਖਾਵਿਆਂ ਨਾਲ ਵਿਕਾਰਾਂ ਦੀ ਮੈਲ ਦੂਰ ਨਹੀਂ ਹੁੰਦੀ ਤੇ ਇਸ ਵਿਵਹਾਰ ਨਾਲ ਆਵਾਗਵਨ ਦਾ ਗੇੜ ਵੀ ਖ਼ਤਮ ਨਹੀਂ ਹੁੰਦਾ। ਉਸਨੂੰ ਨੀਂਦ ਪਿਆਰੀ ਹੈ ਅਤੇ ਉਹ ਕਾਮ-ਗ੍ਰਸਤ ਹੈ ਪਰ ਉੱਪਰੋਂ-ਉੱਪਰੋਂ (ਲੋਕ ਦਿਖਾਵੇ ਲਈ) 'ਹਰਿ, ਹਰਿ' ਦੀ ਰਟ ਲਗਾਉਂਦਾ ਹੈ। ਅਜਿਹਾ ਪਰਪੰਚ ਰਚ ਕੇ ਉਹ ਆਪਣੇ ਆਪ ਨੂੰ ਸਦਵਾਉਂਦਾ ਤਾਂ ਵੈਸ਼ਨੋ ਹੈ, ਪਰ ਹੈ ਉਹ ਹਉਮੈ ਦਾ ਗ੍ਰਸਿਆ ਹੋਇਆ। ਅਜਿਹਾ ਵਿਵਹਾਰ ਕਰ ਕੇ ਉਹ ਕੀ ਫਲ਼ ਪਾ ਲਵੇਗਾ? ਕੀ ਕੇਵਲ ਚਾਵਲਾਂ ਦੇ ਛਿਲਕੇ ਕੁੱਟ ਕੇ ਵੀ ਕਿਸੇ ਨੂੰ ਚਾਵਲਾਂ ਦੀ ਪ੍ਰਾਪਤੀ ਹੋਈ ਹੈ? :

ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ॥
ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ॥
ਅੰਦਰਿ ਮੈਲੁ ਨ ਉਤਰੈ ਹਉਮੈ ਫਿਰਿ ਫਿਰਿ ਆਵੈ ਜਾਵੈ॥
ਨੀਂਦ ਵਿਆਪਿਆ ਕਾਮ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ॥
ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲੁ ਪਾਵੈ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 960)

ਗੁਰੂ ਸਾਹਿਬ ਆਖਦੇ ਹਨ ਕਿ ਵੈਸ਼ਨੋ ਹੋ ਕੇ (ਅਖਵਾ ਕੇ) ਵੀ ਜੇਕਰ ਕੋਈ ਧਰਮ ਦੇ ਰਸਤੇ 'ਤੇ ਨਾ ਤੁਰੇ ਤਾਂ ਉਹ ਇਸ ਤਰ੍ਹਾਂ ਹੈ ਜਿਵੇਂ ਕੋਈ ਸੂਰਮਾ ਬਿਨਾ ਹਥਿਆਰ ਤੋਂ ਯੁੱਧ ਲਈ ਤੁਰ ਪਵੇ, ਭਾਵ ਜਿਸ ਤਰ੍ਹਾਂ ਕੋਈ ਸੂਰਮਾ ਬਿਨਾ ਹਥਿਆਰ ਦੇ ਯੁੱਧ ਨਹੀਂ ਜਿੱਤ ਸਕਦਾ (ਤੇ ਆਪਣਾ ਆਪ ਗੁਆ ਬੈਠਦਾ ਹੈ), ਇਸੇ ਤਰ੍ਹਾਂ ਧਰਮ ਨੂੰ ਕਮਾਉਣ ਤੋਂ ਬਿਨਾ ਕੇਵਲ ਬਾਹਰੀ ਭੇਖ ਬਣਾਏ ਫਿਰਨਾ ਜਨਮ ਬਰਬਾਦ ਕਰਨਾ ਹੀ ਹੈ:

ਆਵਧ[39] ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸਨ੍ਵਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

ਭਗਤ ਕਬੀਰ ਜੀ ਆਖਦੇ ਹਨ ਕਿ ਗਲ਼ ਵਿਚ ਚਾਰ ਮਾਲਾਵਾਂ ਪਾ ਕੇ ਆਪਣੇ ਆਪ ਨੂੰ ਜੇਕਰ ਵੈਸ਼ਨੋ ਸਦਵਾ ਲਿਆ ਤਾਂ ਕੀ ਹੋ ਜਾਵੇਗਾ? (ਭਾਵ ਕੇਵਲ ਭੇਖ ਹੀ ਧਾਰਨ ਕੀਤਾ ਤਾਂ ਕੀ ਲਾਭ? ਧਰਮ ਕਮਾਉਣਾ ਬਹੁਤ ਜ਼ਰੂਰੀ ਹੈ)। ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਬਾਹਰੋਂ ਕੋਈ ਗਹਿਣਾ ਸ਼ੁੱਧ ਸੋਨੇ ਦਾ ਪ੍ਰਤੀਤ ਹੋਵੇ ਪਰ ਉਸਦੇ ਅੰਦਰ ਕੋਈ ਨਿਕੰਮੀ ਜਿਹੀ ਚੀਜ਼ ਭਰੀ ਹੋਈ ਹੋਵੇ:

ਕਬੀਰ ਬੈਸਨੋ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ॥
ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ [40]ਭੰਗਾਰ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਭਗਤ ਕਬੀਰ ਜੀ ਅੱਗੇ ਆਖਦੇ ਹਨ ਕਿ ਪਰਮਾਤਮਾ ਦੇ ਅਸਲ ਭਗਤ ਦੇ ਨੇੜੇ-ਤੇੜੇ ਘੁੰਮਣ ਵਾਲੇ ਤਾਂ ਜਾਨਵਰ ਵੀ ਭਲੇ ਹੁੰਦੇ ਹਨ ਕਿਉਂਕਿ ਉਹ ਚੰਗੀ ਸੰਗਤ ਵਿਚ ਰਹਿੰਦੇ ਹਨ। ਦੂਜੇ ਪਾਸੇ ਸਾਕਤ ਪੁਰਸ਼ ਦੀ ਤਾਂ ਮਾਂ ਵੀ ਚੰਗੀ ਨਹੀਂ ਕਹੀ ਜਾ ਸਕਦੀ ਕਿਉਂਕਿ ਉਹ ਪਾਪ ਕਮਾਉਂਦੀ ਹੈ, ਜਿਸਦਾ ਅਸਰ ਉਸਦੀ ਸੰਤਾਨ 'ਤੇ ਪੈਣਾ ਸੁਭਾਵਕ ਹੀ ਹੈ:

ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥
ਓਹੁ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ [41]ਬਿਸਾਹਨ ਜਾਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1372)

### 3.3.20 ਜਟਾਧਾਰੀ ਅਤੇ ਰੋਡੇ (ਪਰਮਹੰਸ)

ਭਗਤ ਕਬੀਰ ਜੀ ਜਟਾਧਾਰੀ ਮਨੁੱਖ ਦੇ ਸਨਮੁਖ ਹੁੰਦੇ ਹੋਏ ਟਿੱਪਣੀ ਕਰਦੇ ਹਨ ਕਿ ਪਰਮਾਤਮਾ ਦੀ ਪ੍ਰੀਤ ਸਾਹਮਣੇ ਬਾਹਰੀ ਭੇਖਾਂ ਦੀ ਕੋਈ ਕੀਮਤ ਨਹੀਂ। ਪ੍ਰਭੂ ਦੀ ਪ੍ਰੀਤ ਮਨੁੱਖ ਦੇ ਪੱਲੇ ਹੋਵੇ ਤਾਂ ਅਜਿਹੇ ਮਨੁੱਖ ਨੂੰ ਵਾਲ਼ ਵਧਾ ਕੇ (ਸੁਆਹ ਮਲ ਕੇ) ਜਟਾਂ ਰੱਖਣ ਜਾਂ ਰਗੜ ਕੇ ਸਿਰ ਮੁੰਨਵਾਉਣ ਦੀ (ਪਰਮਹੰਸ ਹੋ ਜਾਣ ਦੀ) ਕੋਈ ਜ਼ਰੂਰਤ ਨਹੀਂ ਭਾਵ ਪ੍ਰਭੂ ਦੀ ਸੱਚੀ ਪ੍ਰੀਤ ਦੇ ਸਨਮੁਖ ਇਹ ਸਾਰਾ ਕੁਝ ਪਖੰਡ ਹੈ। ਸਿਰ ਮੁੰਨਵਾ ਕੇ ਇਹ ਸੋਚ ਲੈਣਾ ਕਿ ਕੋਈ ਅਧਿਆਤਮਿਕ ਪ੍ਰਾਪਤੀ ਹੋ ਜਾਵੇਗੀ, ਗ਼ਲਤ ਹੈ ਕਿਉਂਕਿ ਅਸਲ ਘਾਲ ਤਾਂ ਵਿਕਾਰਾਂ ਵੱਲ ਦੌੜਦੇ ਹੋਏ ਮਨ ਨੂੰ ਰੋਕਣਾ ਹੈ, ਜਿਸਦਾ ਸਿਰ ਮੁੰਨਵਾਉਣ ਨਾਲ ਕੋਈ ਸਬੰਧ ਨਹੀਂ। ਕਸੂਰ ਤਾਂ ਵਿਕਾਰਾਂ ਦੀ ਤਰਫ਼ ਭੱਜੇ ਜਾਂਦੇ ਮਨ ਦਾ ਹੈ, ਸਿਰ ਮੁੰਨਵਾ ਕੇ, ਕੀ ਮਨ ਦੀ ਇਹ ਦੌੜ ਰੁਕ ਜਾਵੇਗੀ? :

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥
ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ[42]॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1365)
ਕਬੀਰ ਮਨ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡ ਅਜਾਂਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1369)

### 3.3.21 ਮੁਨੀ

"ਜਿਸ ਦਾ ਮਨ ਦੁੱਖ ਨਾਲ ਵਯਾਕੁਲ ਨਾ ਹੋਵੇ.ਸਾਧੁ.ਰਿਖਿ. ਸੰਤ."(ਨਾਭਾ, *ਮਹਾਨ ਕੋਸ਼*1891)ਉਸਨੂੰ ਮੁਨੀ ਆਖਿਆ ਜਾਂਦਾ ਹੈ ਪਰ ਤਤਕਾਲੀ ਦੌਰ ਵਿਚ ਹਾਲਾਤ ਉਲਟ ਹੀ ਸਨ। ਮੁਨੀ ਲੋਕ, ਇੱਥੋਂ ਤੱਕ ਕਿ ਉਨ੍ਹਾਂ ਦੇ ਮੁਖੀ (ਮੁਨਿਵਰ) ਵੀ ਹੰਕਾਰ ਦੀ ਮਾਰ ਤੋਂ ਬਚ ਨਹੀਂ ਸਨ ਸਕੇ। ਹੰਕਾਰ ਨੇ ਇਨ੍ਹਾਂ ਸਭ ਨੂੰ ਆਪਣਾ ਗ੍ਰਾਸ ਬਣਾ ਲਿਆ ਸੀ। ਹੰਕਾਰ ਦੇ ਮਾਰੇ ਹੋਏ ਇਹ ਲੋਕ ਕੋਈ ਅਧਿਆਤਮਿਕ ਪ੍ਰਾਪਤੀ ਨਹੀਂ ਕਰ ਸਕੇ। ਭਗਤ ਕਬੀਰ ਜੀ ਆਖਦੇ ਹਨ ਕਿ ਇਹ ਲੋਕ ਅਜੇ ਰਸਤਿਆਂ ਵਿਚ ਹੀ ਤੁਰੇ ਫਿਰਦੇ ਹਨ ਜਦ ਕਿ ਪ੍ਰਭੂ ਦੇ ਪ੍ਰੇਮੀ ਅਸਲ ਟਿਕਾਣੇ ਜਾ ਪੁੱਜੇ ਹਨ:

ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਕਬੀਰ [43]ਗੰਗ [44]ਜਮੁਨ ਕੇ ਅੰਤਰੇ [45]ਸਹਜ ਸੁੰਨ ਕੇ ਘਾਟ॥

ਤਹਾ ਕਬੀਰੈ [46]ਮਟੁ ਕੀਆ ਖੋਜਤ ਮੁਨਿ ਜਨ ਬਾਟ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

### 3.3.22 ਸੂਫ਼ੀ

ਸੂਫ਼ੀਆਂ ਦਾ ਇਤਿਹਾਸ ਬੜਾ ਪੁਰਾਣਾ ਹੈ। "Some scholars argue that the downfall of Muslims since the 13$^{th}$ century is not necessarily due to the Mongol invasion and destruction of Muslim lands, but mainly due to many Sufi ideas... ." (Jan-E-Alam Khaki, *The Tribune Daily Dtd. 21.07.2015* 11) ਇਹ ਪੰਕਤੀਆਂ ਤੇਰ੍ਹਵੀਂ ਸਦੀ ਵਿਚ ਸੂਫ਼ੀ ਮਤ ਦੇ ਚੰਗੇ ਪ੍ਰਭਾਵ 'ਤੇ ਪ੍ਰਕਾਸ਼ ਪਾਉਂਦੀਆਂ ਹਨ। ਭਗਤ ਕਬੀਰ ਜੀ ਦੇ ਹੇਠ ਲਿਖੇ ਸਲੋਕ ਵਿਚ ਸੂਫ਼ੀਆਂ ਦੇ 'ਹਾਲ' ਖੇਡਣ (ਪ੍ਰੇਮ ਵਿਚ ਮਸਤ ਹੋ ਜਾਣ) ਦਾ ਜ਼ਿਕਰ ਆਉਂਦਾ ਹੈ। ਆਪ ਆਖਦੇ ਹਨ ਕਿ ਹੇ ਮਨੁੱਖ! ਜੇਕਰ ਤੈਨੂੰ ਪ੍ਰਭੂ-ਪ੍ਰੇਮ ਦੀ ਸਿੱਕ ਹੈ (ਪ੍ਰੇਮ ਦਾ ਸ਼ੌਕ ਹੈ) ਤਾਂ ਆਪਣਾ ਸਭ ਕੁਝ ਅਰਪਣ ਕਰ ਦੇ। ਤੂੰ ਪ੍ਰੇਮ ਵਿਚ ਮਸਤ ਹੋ ਜਾ (ਲੀਨ ਹੋ ਜਾ) ਤੇ ਫਿਰ, ਜੋ ਕੋਈ ਕਹਿੰਦਾ ਹੈ, ਕਹਿੰਦਾ ਰਹੇ:

ਕਬੀਰ ਜਉ ਤੁਹਿ [47]ਸਾਧ ਪਿਰੰਮ ਕੀ ਸੀਸੁ ਕਾਟਿ ਕਰਿ [48]ਗੋਇ॥

ਖੇਲਤ ਖੇਲਤ [49]ਹਾਲ [50]ਕਰਿ ਜੋ ਕਿਛੁ ਹੋਇ ਤ ਹੋਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1377)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਅਨੇਕ ਧਾਰਮਿਕ ਫਿਰਕੇ ਪ੍ਰਚੱਲਤ ਹਨ। ਇਨ੍ਹਾਂ ਫਿਰਕਿਆਂ ਨਾਲ ਸਬੰਧਤ ਸਾਧੂ ਉਕਤ ਵਰਣਿਤ ਜੀਵਨ ਜਾਚ ਨੂੰ ਆਪਣੇ ਫਿਰਕੇ ਦੇ ਆਧਾਰ ਅਸੂਲ ਜਾਣਦੇ ਹੋਏ, ਇਨ੍ਹਾਂ ਦੀ ਪਾਲਣਾ ਕਰ ਰਹੇ ਹਨ। "ਮਨੁੱਖ ਦੇ ਘੜੇ ਕਾਨੂੰਨਾਂ ਅਤੇ ਨਿਯਮਾਂ ਨੇ ਮਨੁੱਖ ਦੇ ਹੂਸ਼ਪੁਣੇ ਨੂੰ ਲੇਪ ਬਣ ਕੇ ਕੱਜ ਰੱਖਿਆ ਹੈ ਅਤੇ ਮਨੁੱਖ, ਇਸੇ ਲਈ, ਜਾਂਗਲੀ ਘੱਟ ਅਤੇ ਮਾਨਵ ਵਧੇਰੇ ਪ੍ਰਤੀਤ ਹੁੰਦਾ ਹੈ। ਮਨੁੱਖ ਦੀ ਮਾਨਵੀ ਪਰਬਿਰਤੀ ਪਰ ਨਿਰੋਲ ਕੁਦਰਤੀ ਨਹੀਂ, ਇਸ ਦੀ ਆਪਣੀ ਤਦਬੀਰ ਇਸ ਪਰਬਿਰਤੀ ਦਾ ਆਧਾਰ ਬਣੀ। ਪਰ ਅੱਜ ਮਨੁੱਖ ਦੀ ਮਾਨਵਤਾ ਵਣਜ-ਵਪਾਰ ਦੇ ਕੰਡਿਆਂ ਉਪਰ ਡਿੱਗ ਕੇ ਲਹੂ-ਲੁਹਾਨ ਹੋ ਰਹੀ ਹੈ। ਸਦਾਚਾਰੀ ਕੋਮਲਤਾ ਦੀ ਮਲ੍ਹਮ ਜੇ ਇਸ ਦੇ ਜ਼ਖ਼ਮਾਂ ਉਤੇ ਨਾ ਲੱਗੀ ਤਦ ਮਨੁੱਖ ਦੀ ਜੀਊਣ ਦੀ ਉਮੰਗ ਮੁਰਝਾ ਜਾਵੇਗੀ ਅਤੇ ਖੜਸੁਕ ਨਿਕਾਰਾ ਜੀਵਨ ਇਸ ਦੇ ਪੱਲੇ ਪਿਆ ਰਹਿ ਜਾਵੇਗਾ। " (ਢਿੱਲੋਂ, *ਸਭਿਆਚਾਰ ਤੇ ਜੀਵਨਜਾਚ*15)

## 3.4 ਤਤਕਾਲੀ ਧਾਰਮਿਕ ਮਨੌਤਾਂ ਸਬੰਧੀ ਕਥਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਧਾਰਮਿਕ ਮਨੌਤਾਂ ਦੀ ਯਥਾਯੋਗ ਜਾਣਕਾਰੀ ਮਿਲਦੀ ਹੈ। ਇਹ ਮਨੌਤਾਂ ਸਮਾਜ ਵਿਚ ਸਹਿਜ ਰੂਪ ਵਿਚ ਮਾਨਤਾ-ਪ੍ਰਾਪਤ ਸਨ। ਇਹ ਪ੍ਰਕਰਣ ਤਤਕਾਲੀ ਧਾਰਮਿਕ ਜੀਵਨ ਵਿਚ ਰਚ-ਮਿਚ ਗਏ ਸਨ। ਇਨ੍ਹਾਂ ਮਨੌਤਾਂ ਦੇ ਅਨੁਸਾਰੀ ਮਨੁੱਖ ਨੂੰ ਧਰਮੀ ਸਮਝਿਆ ਜਾਂਦਾ ਸੀ।

### 3.4.1 ਜਪ-ਤਪ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਫ਼ੋਕੇ ਜਪ-ਤਪ ਦਾ ਨਿਸ਼ੇਧ ਕੀਤਾ ਗਿਆ ਹੈ। ਸਪਸ਼ਟ ਹੁੰਦਾ ਹੈ ਕਿ ਇਹ ਨਿਸ਼ੇਧ ਤਤਕਾਲੀ ਦੌਰ ਵਿਚ ਪ੍ਰਚੱਲਤ ਅਖੌਤੀ ਜਪ-ਤਪ ਦੇ ਪ੍ਰਚਲਨ ਕਾਰਨ ਹੀ ਹੋਂਦ ਵਿਚ ਆਇਆ ਹੋਵੇਗਾ।

ਗੁਰੂ ਸਾਹਿਬ ਆਖਦੇ ਹਨ ਕਿ ਜਪ-ਤਪ ਨਾਲ ਸਰੀਰ ਨੂੰ ਕਸ਼ਟ ਦੇਣ ਦਾ ਕੋਈ ਲਾਭ ਨਹੀਂ। ਪ੍ਰਭੂ ਦੇ ਨਾਮ ਤੋਂ ਬਿਨਾ ਮਨੁੱਖ ਦਾ ਜੀਵਨ ਧਿਰਕਾਰ ਹੈ। ਅਸਲੀ ਜਪ-ਤਪ ਅਤੇ ਸੰਜਮ ਤਾਂ ਪ੍ਰਭੂ ਦੀ ਰਜ਼ਾ ਵਿਚ ਆਨੰਦਿਤ ਰਹਿਣਾ ਹੈ, ਜਿਹੜਾ ਕਿ ਉਸੇ ਦੀ ਬਖ਼ਸ਼ਿਸ਼ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਸੇਵਕ ਦੀ ਜਿਹੜੀ ਗੱਲ ਸਤਿਗੁਰੂ ਨੂੰ ਚੰਗੀ ਲੱਗ ਜਾਵੇ, ਸੇਵਕ ਲਈ ਉਹੀ ਜਪ-ਤਪ ਹੈ। ਜਪ-ਤਪ ਕਰ ਕੇ ਵੀ ਮਨੁੱਖ ਵਿਕਾਰਾਂ ਅਤੇ ਧਨ-ਪਦਾਰਥਾਂ ਦੀ ਦੌੜ ਵਿਚ ਹੀ ਲੱਗਾ ਰਹੇ ਤਾਂ ਉਸਦੇ ਕੀਤੇ ਜਪ-ਤਪ ਦਾ ਕੋਈ ਲਾਭ ਨਹੀਂ:

> ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 86)
>
> ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 88)
>
> ਜਪੁ ਤਪੁ ਸਭੁ ਕਿਛੁ ਮੰਨਿਐ ਅਵਰਿ ਕਾਰਾ ਸਭਿ ਬਾਦਿ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 954)
>
> ਜਿਨੑੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1247)
>
> ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 509)
>
> ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥
> ਚਿਤ ਹਰਣੰ ਤ੍ਰੈ ਲੋਕ ਗੰਮੰ ਜਪ ਤਪ ਸੀਲ ਬਿਦਾਰਣਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1358)
>
> ਜਪੁ ਤਪੁ ਸਭੁ ਹਿਰਿ ਲਇਆ ਮਾਇਆ ਮੁਠੀ ਦੂਜੈ ਭਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 648)

"ਸੋ ਗਿਰਹੀ ਜੋ ਨਿਗ੍ਰਹੁ ਕਰੈ"(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952) ਅਨੁਸਾਰ ਗ੍ਰਿਹਸਥੀ ਮਨੁੱਖ ਲਈ ਵਿਕਾਰਾਂ ਤੋਂ ਆਪਣੇ ਆਪ ਨੂੰ ਦੂਰ ਰੱਖਣਾ ਵਾਜਬ ਸੰਜਮ ਦੱਸਿਆ ਗਿਆ ਹੈ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਕਈ ਧਾਰਮਿਕ ਫਿਰਕਿਆਂ ਵਿਚ ਜਪ-ਤਪ ਰਾਹੀਂ ਸਰੀਰ ਨੂੰ ਵਿਭਿੰਨ ਪ੍ਰਕਾਰ ਦੇ ਕਸ਼ਟ ਦਿੱਤੇ ਜਾਂਦੇ ਹਨ।

### 3.4.2 ਮੂਰਤੀ-ਪੂਜਾ

"ਪੂਜਾ ਸ਼ਬਦ ਦਾ ਅਰਥ ਹੈ ਆਦਰ, ਸਨਮਾਨ ਜਾਂ ਸਤਿਕਾਰ। ਧਰਮ ਦੇ ਖੇਤਰ ਵਿਚ ਇਸ ਸ਼ਬਦ ਨੂੰ ਪਿਆਰ, ਉਪਾਸਨਾ, ਆਰਾਧਨਾ, ਭਗਤੀ ਅਤੇ ਬੰਦਗੀ ਦੇ ਲਈ ਵਰਤਿਆ ਜਾਂਦਾ ਹੈ। " {(ਹਰਚੰਦ ਸਿੰਘ, *ਮੂਰਤੀ ਪੂਜਾ*ਮੁੱਖ-ਬੰਦ ਪੰਨਾ (ੳ)} "ਬ੍ਰਾਹਮਣ ਆਗੂਆਂ ਦੀ ਚਲਾਈ ਹੋਈ ਪਰਿਪਾਟੀ ਅਨੁਸਾਰ ਲੋਕ ਅਵਤਾਰ ਪੂਜਾ ਨੂੰ ਹੀ ਸ਼ਰੇਸ਼ਟ ਭਗਤੀ ਮੰਨ ਰਹੇ ਸਨ, ਅਤੇ ਦਾਨ-ਪੁੰਨ, ਤੀਰਥ ਇਸ਼ਨਾਨ ਆਦਿਕ ਕੰਮਾਂ ਨੂੰ ਪਾਪਾਂ ਦੀ ਨਵਿਰਤੀ ਤੇ ਸਵਰਗ ਆਦਿਕ ਸੁਖਾਂ ਦੀ ਪ੍ਰਾਪਤੀ ਦਾ ਸਾਧਨ ਸਮਝਦੇ ਸਨ। " (ਸਾਹਿਬ ਸਿੰਘ, *ਭਗਤ-ਬਾਣੀ ਸਟੀਕ ਹਿੱਸਾ ਪਹਿਲਾ* 26) ਲੋਕ ਆਪਣੇ ਚੌਗਿਰਦੇ ਤੋਂ ਪ੍ਰਭਾਵਿਤ ਸਨ। ਉਹ ਦੇਖਾ-ਦੇਖੀ ਉਸ ਮੂਰਤ ਨੂੰ, ਜਿਸਨੂੰ ਉਹ ਭਗਵਾਨ ਮੰਨਦੇ ਸਨ, ਖ਼ਰੀਦ ਕੇ ਉਸਦੀ ਪੂਜਾ ਸ਼ੁਰੂ ਕਰ ਦਿੰਦੇ ਸਨ ਅਤੇ ਤੀਰਥ ਯਾਤਰਾ ਵੀ ਕਰਦੇ ਸਨ। ਇਹ ਪ੍ਰਚਲਨ ਕੋਈ ਛੋਟੇ ਪੱਧਰ 'ਤੇ ਨਹੀਂ, ਬੜੇ ਵੱਡੇ ਪੱਧਰ 'ਤੇ ਵਿਆਪਤ ਸੀ। ਬਹੁ-ਗਿਣਤੀ ਲੋਕ ਇਸੇ ਵਹਿਣ ਵਿਚ ਵਹੇ ਜਾ ਰਹੇ ਸਨ। ਬਾਣੀਕਾਰਾਂ ਨੇ ਇਸਨੂੰ ਮਨੁੱਖੀ ਭਟਕਣਾ ਭਾਵ ਨਿਰਰਥਕ ਕੰਮ ਆਖਿਆ:

> ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ॥

ਇਸ ਭਰਵਾਸੇ ਜੋ ਰਹੇ ਬੂਡੇ [51]ਕਾਲੀ ਧਾਰ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

**ਅਜੋਕੀ ਸਥਿਤੀ:** ਮੂਰਤੀ-ਪੂਜਾ ਦਾ ਪ੍ਰਚਲਨ ਹੁਣ ਵੀ ਹੈ। ਪੰ. ਵਿਜੈਸ਼ੰਕਰ ਮਹਿਤਾ 'ਮੂਰਤੀ ਕੋ ਪ੍ਰਾਣ ਕੇ ਭਾਵ ਸੇ ਪੂਜੇਂ, ਪਰਿਣਾਮ ਮਿਲੇਂਗੇ' ਲੇਖ ਵਿੱਚ ਲਿਖਦੇ ਹਨ, "ਸ਼ਾਸਤਰੋਂ ਮੇਂ ਲਿਖਾ ਹੈ ਮੂਰਤੀ ਪੂਜਾ ਆਦਮੀ ਕੋ ਈਮਾਨਦਾਰ ਬਨਾਤੀ ਹੈ। ਲੇਕਿਨ, ਮੂਰਤੀ ਕੇ ਮਾਮਲੇ ਮੇਂ ਪੂਜਾ ਕਾ ਅਰਥ ਅਲਗ ਢੰਗ ਸੇ ਸਮਝਨਾ ਹੋਗਾ। ਕੋਈ ਮੂਰਤੀ ਤਬ ਪੂਜਨੇ ਯੋਗਯ ਹੋਤੀ ਹੈ, ਜਬ ਉਸਕੀ ਪ੍ਰਾਣ ਪ੍ਰਤਿਸ਼ਠਾ ਕੀ ਜਾਤੀ ਹੈ। ਯਾਨੀ ਮਨੁਸ਼ਯ ਕੀ ਤਰਹ ਪੱਥਰ ਮੇਂ ਪ੍ਰਾਣ ਡਾਲਨਾ। ... ... ਮੂਰਤੀ ਕੋ ਪ੍ਰਾਣ ਕੇ ਭਾਵ ਸੇ ਪੂਜਾ ਜਾਏ ਤੋ ਪਰਿਣਾਮ ਮਿਲੇਂਗੇ, ਵਰਨਾ ਆਪ ਕੇਵਲ ਪੱਥਰ ਪੂਜਕਰ ਆ ਰਹੇ ਹੈਂ, ਜੋ ਮਾਤ੍ਰ ਔਪਚਾਰਿਕਤਾ ਹੈ, ਜਿਸਕਾ ਕੋਈ ਸਦਪਰਿਣਾਮ ਪ੍ਰਾਪਤ ਨਹੀਂ ਹੋਗਾ। " (ਵਿਜੈਸ਼ੰਕਰ ਮਹਿਤਾ, *ਦੈਨਿਕ ਭਾਸਕਰ ਰੋਜ਼ਾਨਾ ਮਿਤੀ 23.11.2017* 4) ਇਹ ਪੰਕਤੀਆਂ ਵੀ ਅਜੋਕੇ ਸਮੇਂ ਵਿੱਚ ਮੂਰਤੀ-ਪੂਜਾ ਦੇ ਪ੍ਰਚਲਨ ਦੀ ਹਾਮੀ ਭਰਦੀਆਂ ਹਨ। "ਮੰਦਿਰ 'ਚ ਲੋਕਾਂ ਦੀ ਆਪੋ-ਆਪਣੀ ਆਸਥਾ ਮੁਤਾਬਿਕ ਮੂਰਤੀਆਂ ਦੇ ਰੂਪ ਵਿਚ ਦੇਵੀ-ਦੇਵਤਿਆਂ ਦੀ ਸਥਾਪਨਾ ਹੋ ਜਾਂਦੀ ਹੈ ਤੇ ਸਮਾਂ ਪਾ ਕੇ ਉਹ ਮੰਦਿਰ ਉਨ੍ਹਾਂ ਦੇਵੀ-ਦੇਵਤਿਆਂ ਦੇ ਨਾਂ 'ਤੇ ਹੀ ਪ੍ਰਸਿੱਧ ਹੋ ਜਾਂਦਾ ਹੈ। " (ਧਰਮਪਾਲ ਸਰੀਨ, *ਜਗ ਬਾਣੀ ਰੋਜ਼ਾਨਾ ਮਿਤੀ 28.10.2017*6)

### 3.4.3 ਭਿੱਟ

"ਹਿੰਦੂ, ਰਸੋਈ ਦੇ ਅਸਥਾਨ ਗੋਬਰ ਆਦਿਕ ਦਾ ਚੌਂਕਾ ਪਾ ਕੇ ਲੀਕ (ਕਾਰ) ਇਸ ਵਾਸਤੇ ਕੱਢਦੇ ਹਨ ਕਿ ਹੋਰ ਕੋਈ ਆਦਮੀ ਬਾਹਰ ਤੋਂ ਆ ਕੇ ਅੰਦਰ ਵੜ ਕੇ ਰਸੋਈ ਭ੍ਰਸ਼ਟ ਨਾ ਕਰ ਦੇਵੇ ਅਰੁ ਰਾਖਸ਼ ਅੰਨ ਦਾ ਰਸ ਨਾ ਲੈ ਜਾਣ। " (ਨਾਭਾ, *ਗੁਰੁਮਤ ਮਾਰਤੰਡ ਭਾਗ ਦੂਜਾ* 491) ਰਾਖਸ਼ਾਂ ਦੁਆਰਾ ਅੰਨ ਦਾ ਰਸ ਲੈ ਜਾਣ ਦੇ ਉਕਤ ਕਥਨ ਦੀ ਪੁਸ਼ਟੀ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ 'ਲਘੁ ਅਤ੍ਰਿ ਸੰਹਿਤਾ' ਵਿੱਚੋਂ ਦਿੱਤੇ ਗਏ ਇਸ ਹਵਾਲੇ ਵਿੱਚੋਂ ਵੀ ਹੁੰਦੀ ਹੈ, "ਦੇਵਤੇ ਚੌਂਕੇ ਅਤੇ ਕਾਰ ਦੇ ਹੀ ਆਸਰੇ ਜੀਉਂਦੇ ਹਨ, ਜੇ ਗੋਹੇ ਦਾ ਚੌਂਕਾ ਪਾ ਕੇ ਕਾਰ ਨਾ ਕੱਢੀ ਜਾਵੇ ਤਾਂ ਰਾਖਸ਼ ਅੰਨ ਦਾ ਰਸ ਲੈ ਜਾਂਦੇ ਹਨ। " (*ਗੁਰੁਮਤ ਮਾਰਤੰਡ ਭਾਗ ਦੂਜਾ* 491) ਸਲੋਕ ਬਾਣੀ-ਰੂਪ ਦੀਆਂ ਹੇਠ ਲਿਖੀਆਂ ਪੰਕਤੀਆਂ ਵਿਚ ਵੀ ਉਕਤ ਵਿਚਾਰ ਦਾ ਆਧਾਰ ਸਪਸ਼ਟ ਹੁੰਦਾ ਹੈ:

ਅਭਾਖਿਆ ਕਾ ਕੁਠਾ ਬਕਰਾ ਖਾਣਾ॥

ਚਉਕੇ ਉਪਰਿ ਕਿਸੈ ਨ ਜਾਣਾ॥

ਦੇ ਕੇ ਚਉਕਾ ਕਢੀ ਕਾਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

"ਪਹਿਲਾਂ ਆਪ ਇਸ਼ਨਾਨ ਆਦਿ ਕਰਕੇ ਪਵਿੱਤਰ ਹੋਣ ਦਾ ਢੋਂਗ ਬਣਾ ਕੇ, ਆਸੇ-ਪਾਸੇ ਲੀਕਾਂ ਮਾਰ ਕੇ ਓਨੀ ਕੁ ਥਾਂ ਨੂੰ ਪਵਿੱਤਰ ਮੰਨ ਲੈਣਾ, ਜਿੰਨੀ ਕੁ ਉਪਰ ਪੋਚਾ ਵੱਜਾ ਹੋਇਆ ਹੈ। ਉਸੇ ਪੋਚੇ ਉਤੇ ਵੱਜੀ ਲਕੀਰ ਦੇ ਅੰਦਰ ਬੈਠੇ ਬੰਦੇ ਨਾਲ ਕੋਈ ਛੁਹ ਨਾ ਜਾਵੇ, ਨਹੀਂ ਤਾਂ ਉਹ ਵੀ ਭਿੱਟ ਜਾਵੇਗਾ। "(ਗਿੱਲ, *ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮਾਨਵੀ ਏਕਤਾ* 43) ਹੇਠ ਲਿਖੀਆਂ ਪੰਕਤੀਆਂ ਵਿਚਲੇ "ਬਹਿ ਚਉਕੈ ਪਾਇਆ" ਤੁਕਾਂਗ ਅਨੁਸਾਰ ਜਨੇਊ ਦੀ ਰਸਮ ਵੀ ਚੌਂਕੇ ਵਿਚ ਬਿਠਾ ਕੇ ਹੀ ਪੂਰੀ ਕੀਤੀ ਜਾਂਦੀ ਸੀ। ਗੁਰੂ ਸਾਹਿਬ ਆਖਦੇ ਹਨ ਇਹ ਪ੍ਰਚਲਨ ਕੂੜ (ਝੂਠ) ਹੈ। ਅਸਲ ਵਿਚ ਤਾਂ ਮਨੁੱਖ ਦਇਆ, ਸੰਤੋਖ, ਸੱਚ ਅਤੇ ਸੰਜਮ ਆਦਿ ਗੁਣਾਂ ਦਾ ਧਾਰਨੀ ਹੋਵੇ, ਜਿਹੜੇ ਇਸਦੇ ਜੀਵਨ ਨੂੰ ਸੁਆਰ ਦੇਣ ਅਤੇ ਮਨੁੱਖ ਦਾ ਜੀਵਨ ਧੰਨ ਹੋ ਜਾਵੇ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

"ਗੋਹੇ ਦਾ ਪੋਚਾ ਮਾਰਕੇ, ਉਤੇ ਕਾਰ ਵਾਹ ਦੇਣੀ ਤੇ ਉਸ ਵਿਚ ਬੈਠ ਕੇ ਭੋਜਨ ਛਕਣਾ, ਇਹ ਉਸ ਵੇਲੇ ਦਾ ਬ੍ਰਾਹਮਣੀ ਵਿਧਾਨ ਸੀ। " (ਗਿੱਲ, *ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮਾਨਵੀ ਏਕਤਾ*18) ਹੇਠ ਲਿਖੀਆਂ ਪੰਕਤੀਆਂ ਵਿਚ ਜ਼ਿਕਰ ਹੈ ਕਿ ਬ੍ਰਾਹਮਣ ਨ੍ਹਾ-ਧੋ ਕੇ (ਸਰੀਰ ਸੁੱਚਾ ਕਰ ਕੇ) ਸੁੱਚੇ ਚੌਂਕੇ ਵਿਚ ਬੈਠਦਾ ਹੈ। ਉਸ ਅੱਗੇ ਬਿਨਾ ਭਿੱਟਿਆ (ਸੁੱਚਾ) ਭੋਜਨ ਪਰੋਸਿਆ ਜਾਂਦਾ ਹੈ, ਜਿਸਨੂੰ ਖਾ ਕੇ ਉਹ ਸਲੋਕ ਪੜ੍ਹਦਾ ਹੈ। ਗੁਰੂ ਸਾਹਿਬ ਕੇਵਲ ਪਿੰਡਾ (ਸਰੀਰ) ਧੋਣ ਨੂੰ ਸੁੱਚ ਨਹੀਂ ਮੰਨਦੇ। ਮਨ ਦੇ ਪੱਧਰ 'ਤੇ ਸਵੱਛ ਹੋਣਾ ਹੀ ਸੁੱਚ ਦੀ ਕਸੌਟੀ ਦੱਸਿਆ ਗਿਆ ਹੈ:

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ॥
ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ॥
ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਲੀਕ (ਕਾਰ) ਦੇ ਅੰਦਰ ਮਰਾਸੀ, ਕਸਾਈ ਅਤੇ ਹੋਰ ਅਖੌਤੀ ਨੀਵੀਆਂ ਜਾਤੀਆਂ ਦੇ ਜਾਣ ਦੀ ਮਨਾਹੀ ਸੀ ਜਾਂ ਇੰਵ ਆਖ ਲਉ ਕਿ ਇਹ ਕਾਰ (ਲੀਕ) ਇਨ੍ਹਾਂ ਦੇ ਪ੍ਰਵੇਸ਼ ਨਿਸ਼ੇਧ ਲਈ ਹੀ ਖਿੱਚੀ ਜਾਂਦੀ ਸੀ। "ਅਖੌਤੀ ਸ੍ਰੇਸ਼ਟ ਵਰਗਾਂ ਵੱਲੋਂ ਸੁੱਚ, ਭਿੱਟ ਅਤੇ ਚੌਕਾਕਾਰ ਦੀ ਦੁਹਾਈ ਕਾਰਨ ਸਮਾਜਿਕ ਨਾਬਰਾਬਰੀ ਪੂਰੇ ਜ਼ੋਰ 'ਤੇ ਸੀ। ਛੋਟੀ ਆਖੀ ਜਾਂਦੀ ਜਾਤ ਦੇ ਵਿਅਕਤੀਆਂ ਦਾ ਛੂਹ ਜਾਣਾ ਵੀ ਇਕ ਜੁਰਮ ਮੰਨਿਆ ਜਾਂਦਾ ਸੀ। (ਜੱਗੀ, *ਸਭਿਆਚਾਰ ਪਤ੍ਰਿਕਾ' ਜਨਵਰੀ 2004* 131) ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਵਿਕਾਰਾਂ-ਰੂਪੀ ਨੀਵੇਂ ਗੁਣ ਲੈ ਕੇ ਚੌਂਕੇ ਅੰਦਰ ਬੈਠਣਾ ਕਿੰਨਾ ਕੁ ਭਲਾ ਹੈ? :

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥
ਕਾਰੀ ਕਢੀ ਕਿਆ ਕਰੇ ਜਾਂ ਚਾਰੇ ਬੈਠੀਆ ਨਾਲਿ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 91)
ਦੇ ਕੇ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥
ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਚੌਂਕਾ-ਕਾਰ ਦਾ ਪ੍ਰਚਲਨ ਹੈ। ਕਈ ਮੰਦਰਾਂ ਵਿਚ ਸ਼ੂਦਰਾਂ ਦੇ ਪ੍ਰਵੇਸ਼ ਦੀ ਮਨਾਹੀ ਹੈ।

### 3.4.4 ਚੁਲੀ

ਚੁਲੀ ਦਾ ਸੰਕਲਪ ਪ੍ਰਤਿੱਗਿਆ ਨਾਲ ਜੁੜਿਆ ਹੋਇਆ ਸੀ। ਗੁਰੂ ਸਾਹਿਬ "ਮਨਿ ਜੂਠੈ ਚੁਲੀ ਭਰੇਨਿ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472) ਰਾਹੀਂ ਮਨੁੱਖ ਨੂੰ ਸਹੀ ਜੀਵਨ-ਮਾਰਗ ਸਮਝਾਉਂਦੇ ਹੋਏ ਆਖਦੇ ਹਨ ਕਿ ਜੂਠੇ ਤੇ ਅਸਪਸ਼ਟ ਭਾਵ ਨਾਲ ਲਿਆ ਸੰਕਲਪ ਕਿਸੇ ਕੰਮ ਨਹੀਂ ਭਾਵ ਉਹ ਤੋੜ ਨਹੀਂ ਨਿਭੇਗਾ। "ਹਿੰਦੂ ਮਤ ਦੇ ਵਿਸ਼ਵਾਸੀ, ਧਰਮ ਸ਼ਾਸਤ੍ਰ ਦੀ ਆਗਯਾ ਅਨੁਸਾਰ ਪਾਣੀ ਦੀ ਚੁਲੀ ਭਰ ਕੇ ਵਸਤੂਆਂ ਦੇ ਗ੍ਰਹਣ ਤਯਾਗ ਦਾਨ ਆਦਿਕ ਦੀ ਪ੍ਰਤਿਗਯਾ ਅਰੁ ਸੰਕਲਪ ਕਰਦੇ ਹਨ... ...। " (ਨਾਭਾ, *ਗੁਰਮਤ ਮਾਰਤੰਡ ਭਾਗ ਦੂਜਾ* 490) "ਅੰਨ ਜੁੱਤੀ ਵਸਤ੍ਰ ਅਰ ਇਸਤਰੀ ਆਦਿ ਦੇ ਛੱਡਣ ਜਾਂ ਦਾਨ ਕਰਨ ਲਈ ਚੁਲੀ ਪਾਉਣੀ ਝੂਠੀ ਅਤੇ ਜੂਠੀ ਹੈ... ...। " (ਨਾਭਾ, *ਗੁਰਮਤ ਮਾਰਤੰਡ ਭਾਗ ਦੂਜਾ* 490) ਗੁਰੂ ਸਾਹਿਬ ਜੀਵਨ ਦੇ ਵਿਭਿੰਨ ਪ੍ਰਸੰਗਾਂ ਅਧੀਨ ਸੱਚੀ ਪ੍ਰਤਿੱਗਿਆ (ਚੁਲੀ) ਦਾ ਉਪਦੇਸ਼ ਦਿੰਦੇ ਹਨ:

ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ॥
ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ॥
ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ॥
ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

### 3.4.5 ਪਿਤਰ-ਪੂਜਾ

ਪਿਤਰ-ਪੂਜਾ ਦਾ ਵਿਧਾਨ ਸੀ। ਹੇਠ ਲਿਖੀ ਪੰਕਤੀ ਵਿਚ ਪਿਤਰਾਂ ਦੀ ਯਾਦ ਵਿਚ ਦਿੱਤੇ ਜਾਂਦੇ ਦਾਨ ਦਾ ਉਲੇਖ ਹੈ। ਗੁਰੂ ਸਾਹਿਬ ਆਖਦੇ ਹਨ ਕਿ ਜੇਕਰ ਕੋਈ ਮਨੁੱਖ ਕਿਸੇ ਦੂਜੇ ਦਾ ਘਰ ਲੁੱਟ ਕੇ ਉਸ ਧਨ ਨਾਲ ਆਪਣੇ ਪਿਤਰਾਂ ਦੀ ਯਾਦ ਵਿਚ ਕੁਝ ਦਾਨ ਕਰੇ (ਸ਼ਰਾਧ[52] ਕਰੇ)[53] ਤਾਂ ਉਹ ਆਪਣੇ ਬਜ਼ੁਰਗਾਂ ਨੂੰ ਬਦਨਾਮ ਹੀ ਕਰਦਾ ਹੈ। ਸੋ, ਅਜਿਹੇ ਕਿਰਿਆ-ਕਰਮ ਦਾ ਕੋਈ ਲਾਭ ਨਹੀਂ:

ਜੇ ਮੋਹਾਕਾ ਘਰੁ ਮੁਹੈ ਘਰ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਪਿਤਰਾਂ-ਹਿੱਤ ਪੰਛੀਆਂ ਨੂੰ ਪੱਤਿਆਂ ਦੇ ਥਾਲਾਂ ਉੱਪਰ ਅਨਾਜ ਦੇ ਪੇੜੇ ਪਾਏ ਜਾਂਦੇ ਸਨ। ਜੈਨੀਆਂ ਦੇ ਸਬੰਧ ਵਿਚ ਆਖਿਆ ਗਿਆ ਹੈ ਕਿ ਦੂਜੇ ਲੋਕਾਂ (ਹਿੰਦੂਆਂ) ਦੀ ਤਰ੍ਹਾਂ ਇਨ੍ਹਾਂ ਲੋਕਾਂ ਦੀ ਪਿੰਡ-ਪੱਤਲ ਕਿਰਿਆ ਨਹੀਂ ਹੁੰਦੀ ਤੇ ਨਾ ਹੀ ਇਨ੍ਹਾਂ ਦੇ ਮਤ ਵਿਚ ਮੋਇਆਂ ਦੇ ਦੀਵੇ ਜਗਾਏ ਜਾਂਦੇ ਹਨ:

ਪਿਛੈ [54]ਪਤਲਿ ਸਦਿਹੁ ਕਾਵ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 138)

ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 149)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਪਿਤਰਾਂ ਦੀ ਯਾਦ ਵਿਚ ਸ਼ਰਾਧ ਕੀਤੇ ਜਾਂਦੇ ਹਨ।

### 3.4.6 ਸੂਤਕ

"when, on the thirteenth day of the birth of his (Guru Nanak Dev Ji's) first son (Baba Siri Chand), he came home from Modikhana, he was surprised to find elaborate arrangements for 'purifying' the house supposed to have been polluted by the birth of the child." (Kartar Singh, *Guru Nanak Dev: Life and Teaching* 61)

ਇਹ ਪੰਕਤੀਆਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਸੂਤਕ ਪ੍ਰਥਾ ਦੇ ਪ੍ਰਚਲਨ ਪ੍ਰਤਿ ਹੁੰਘਾਰਾ ਭਰਦੀਆਂ ਹਨ। "ਜਨਮ ਅਤੇ ਮਰਨ ਸਮੇਂ ਵਰਣਾਂ ਦੇ ਭੇਦ ਕਰ ਕੇ ਹਿੰਦੂ ਧਰਮ ਸ਼ਾਸਤ੍ਰਾਂ ਦੀ ਥਾਪੀ ਹੋਈ ਅਸ਼ੁੱਧੀ ਦਾ ਨਾਉਂ ਸੂਤਕ ਪਾਤਕ ਹੈ। ... ... ਬ੍ਰਾਹਮਣ ਦੇ ਬਾਰਾਂ ਦਿਨ, ਛੱਤ੍ਰੀ ਦੇ ਤੇਰਾਂ ਦਿਨ, ਵੈਸ਼ਯ ਦੇ ਸਤਾਰਾਂ ਦਿਨ, ਅਰ ਸ਼ੂਦਰ ਦੇ ਤੀਹ ਦਿਨ ਅਸ਼ੁੱਧੀ ਰਹਿੰਦੀ ਹੈ। " (ਨਾਭਾ, *ਗੁਰੁਮਤ ਮਾਰਤੰਡ ਭਾਗ ਪਹਿਲਾ* 177) ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਦਾ ਸੂਤਕ ਪ੍ਰਥਾ ਨੂੰ ਵਿਅਰਥ ਦੱਸਦੇ ਹਨ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

**ਅਜੋਕੀ ਸਥਿਤੀ:** ਨਵ-ਜਨਮੇ ਬੱਚੇ ਵਾਲੇ ਘਰ ਵਿਚ ਹੁਣ ਵੀ ਸੂਤਕ ਮੰਨਿਆ ਜਾਂਦਾ ਹੈ।

### 3.4.7 ਵਰਤ

"ਪੁੰਨ ਪ੍ਰਾਪਤੀ ਜਾਂ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਅੰਨ-ਜਲ ਦੇ ਤਿਆਗ ਨੂੰ ਵਰਤ ਕਿਹਾ ਜਾਂਦਾ ਹੈ। ਇਹ ਪਾਪਾਂ ਦੇ ਪ੍ਰਾਸਚਿਤ ਕਰਨ ਵਜੋਂ ਵੀ ਰੱਖੇ ਜਾਂਦੇ ਹਨ। ਇਹ ਕਿਸੇ ਨਾ ਕਿਸੇ ਮਨੋਰਥ ਜਾਂ ਫਲ ਦੀ ਪ੍ਰਾਪਤੀ ਲਈ ਰੱਖੇ ਜਾਂਦੇ ਹਨ। " (ਰਾਮ ਮੂਰਤੀ *ਪੰਜਾਬੀਆਂ ਦੇ ਵਹਿਮ-ਭਰਮ ਅਤੇ ਰਸਮ-ਰਿਵਾਜ਼*39) "ਕਿਸੇ ਖ਼ਾਸ ਸਮੇਂ ਤੱਕ ਜਲਪਾਨ ਜਾਂ ਅੰਨਪਾਨ ਨਾ ਕਰਨ ਦਾ ਪ੍ਰਣ ਵਰਤ ਕਹਿਲਾਉਂਦਾ ਹੈ ਜਿਸ ਦੀ ਮੱਧਕਾਲ ਵਿਚ (ਅੱਜ ਕੱਲ੍ਹ ਵਾਂਗ) ਬਹੁਤਾਤ ਸੀ। ਯਹੂਦੀਆਂ ਵਿਚ ਚਾਲੀ, ਮੁਸਲਮਾਨਾਂ ਵਿੱਚ ਤੀਹ ਅਤੇ ਹਿੰਦੂਆਂ ਵਿਚ ਥਿੱਤਾਂ, ਵਾਰਾਂ, ਦਿਨ, ਤਿਉਹਾਰਾਂ ਅਤੇ ਪੁੰਨ ਫਲ ਨਾਲ ਜੋੜੇ ਜਾ ਚੁੱਕੇ ਵਰਤਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। " (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004*131) ਹੇਠ ਲਿਖੀਆਂ ਪੰਕਤੀਆਂ ਵਿਚ ਨਉਮੀ, ਦਸਮੀ, ਏਕਾਦਸੀ ਅਤੇ ਦੁਆਦਸੀ ਦੇ ਵਰਤ ਦਾ ਉਲੇਖ ਹੈ। ਗੁਰੂ ਸਾਹਿਬ ਵਰਤਾਂ ਦੀ ਮਨੌਤ ਵਿਚ ਨਵੇਂ ਅਰਥ ਭਰਦੇ ਹਨ। ਆਪ ਸੱਚ ਦੇ ਆਤਮਸਾਤ ਨੂੰ ਨਉਮੀ ਦਾ ਵਰਤ, ਬੇਕਾਰ ਦੀ ਭਟਕਣਾ ਤੋਂ ਨਿਜਾਤ ਪਾਉਣ ਨੂੰ ਦਸਮੀ ਦਾ ਵਰਤ, ਸਮਦਰਸ਼ੀ ਵਿਉਹਾਰ ਨੂੰ ਏਕਾਦਸੀ ਦਾ ਵਰਤ ਅਤੇ ਮਹਾਂ-ਵਿਕਾਰਾਂ ਦੇ ਸੰਤੁਲਨ ਨੂੰ ਦੁਆਦਸੀ ਦਾ ਵਰਤ ਖ਼ਿਆਲ ਕਰਦੇ ਹਨ:

ਨਉਮੀ ਨੇਮ ਸਚੁ ਜੇ ਕਰੈ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ॥
ਦਸਮੀ ਦਸੇ ਦੁਆਰ ਜੇ ਠਾਕੇ॥ ਏਕਾਦਸੀ ਏਕੁ ਕਰਿ ਜਾਣੈ॥

ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ॥

ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

ਭਗਤ ਕਬੀਰ ਜੀ ਕ੍ਰਿਤ ਨਿਮਨ ਸਲੋਕ ਵਿਚ ਸੀਤਲਾ ਮਾਤਾ ਦੇ ਨਾਂ 'ਤੇ ਰੱਖੇ ਜਾਂਦੇ ਵਰਤ (ਅਹੋਈ ਵਰਤ) ਦਾ ਉਲੇਖ ਮਿਲਦਾ ਹੈ। ਵਰਤ ਰੱਖ ਕੇ ਵੀ ਵਿਕਾਰਾਂ ਦਾ ਤਿਆਗ ਨਾ ਕਰਨਾ ਕਦ ਚੰਗਾ ਹੈ? ਵਿਕਾਰ ਮਨੁੱਖ ਦੇ ਭਵਿੱਖ ਨੂੰ ਡੂੰਘੇ ਰਸਾਤਲ ਵਿਚ ਲੈ ਜਾਂਦੇ ਹਨ। ਅਜਿਹੇ ਵਿਚ, ਮਨੁੱਖ ਦੁਆਰਾ ਰੱਖੇ ਹੋਏ ਵਰਤ ਵੀ, ਉਸਦਾ ਛੁਟਕਾਰਾ ਕਰਵਾਉਣ ਦੇ ਸਮਰੱਥ ਨਹੀਂ ਰਹਿੰਦੇ ਕਿਉਂਕਿ ਵਰਤ ਰੱਖਦਿਆਂ ਹੋਇਆਂ ਵੀ ਬੁਰੇ ਕੰਮਾਂ ਵਿਚ ਫਸੇ ਰਹਿਣਾ ਤਾਂ ਇਸ ਤਰ੍ਹਾਂ ਹੈ ਜਿਵੇਂ ਹਾਥੀ ਨ੍ਹਾ-ਧੋ ਕੇ ਆਪਣਾ ਪਿੰਡਾ ਮਿੱਟੀ ਨਾਲ ਦੁਬਾਰਾ ਭਰ ਲਵੇ:

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ [55]ਅਹੋਈ ਰਾਖੈ ਨਾਰਿ॥

ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥

ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਵਰਤ ਨੇਮ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ॥

ਅੰਤਰਹੁ ਕੁਸੁਧ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ॥

(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1423)

ਗੁਰੂ ਸਾਹਿਬ ਸੱਚ ਦਾ ਆਤਮਸਾਤ ਕਰ ਲੈਣ ਨੂੰ ਅਸਲ ਵਰਤ ਮੰਨਦੇ ਹਨ:

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਵਿਭਿੰਨ ਵਰਤਾਂ ਦਾ ਪ੍ਰਚਲਨ ਹੈ। ਵੱਖ-ਵੱਖ ਥਿੱਤਾਂ, ਵਾਰਾਂ ਅਤੇ ਤਿਉਹਾਰਾਂ ਤੇ ਵਰਤ ਰੱਖੇ ਜਾਂਦੇ ਹਨ।

### 3.4.8 ਮਧੁਕਰੀ

ਫ਼ਕੀਰ ਲੋਕ ਪੇਟ ਖ਼ਾਤਰ ਲੋਕਾਂ ਦੇ ਘਰਾਂ ਵਿੱਚੋਂ ਅਨਾਜ ਮੰਗਿਆ ਕਰਦੇ ਸਨ:

ਕਬੀਰ ਭਲੀ [56]ਮਧੁਕਰੀ ਨਾਨਾ ਬਿਧਿ ਕੋ ਨਾਜੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

**ਅਜੋਕੀ ਸਥਿਤੀ:** ਫ਼ਕੀਰ ਲੋਕ ਘਰਾਂ ਵਿੱਚੋਂ ਅਨਾਜ ਮੰਗਦੇ ਹੋਏ ਦੇਖੇ ਜਾਂਦੇ ਹਨ।

### 3.4.9 ਹੱਜ

ਸਲੋਕ ਬਾਣੀ-ਰੂਪ ਵਿਚ ਤਤਕਾਲੀ ਲੋਕਾਂ ਦੇ ਹੱਜ ਜਾਣ ਦਾ ਜ਼ਿਕਰ ਮਿਲਦਾ ਹੈ। ਇਹ ਯਾਤਰਾ ਇਸਲਾਮ ਧਰਮ ਦੇ ਨਿਯਮਾਂ ਅਨੁਸਾਰ ਮੁਸਲਮਾਨ ਲੋਕਾਂ ਦੁਆਰਾ ਕੀਤੀ ਜਾਂਦੀ ਸੀ। ਭਗਤ ਕਬੀਰ ਜੀ ਆਖਦੇ ਹਨ ਕਿ ਹੱਜ ਕਰਨਾ ਵੀ ਤਦ ਹੀ ਭਲਾ ਆਖਿਆ ਜਾ ਸਕਦਾ ਹੈ, ਜੇਕਰ ਮਨੁੱਖ ਚੰਗੇ ਜੀਵਨ-ਪੰਧ ਦਾ ਅਨੁਸਰਣ ਕਰੇ:

ਸੇਖ ਸਬੂਰੀ ਬਾਹਰਾ ਕਿਆ [57]ਹਜ [58]ਕਾਬੇ ਜਾਇ॥

ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥

ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ [59]ਗਾਏ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1375)

ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ॥

ਸਾਂਈ ਮੁਝ ਮਹਿ ਖਤਾ ਮੁਖਹੁ ਨ ਬੋਲੈ ਪੀਰ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1375)

**ਅਜੋਕੀ ਸਥਿਤੀ:** ਇਸਲਾਮ ਅਨੁਸਾਰ ਮੁਸਲਮਾਨ ਲਈ ਹੱਜ ਜ਼ਰੂਰੀ ਖ਼ਿਆਲ ਕੀਤਾ ਜਾਂਦਾ ਹੈ।

### 3.4.10 ਹਰਾਮ-ਹਲਾਲ

ਹਰਾਮ ਤੋਂ ਭਾਵ ਹੈ "ਵਰਜਿਤ" (ਨਾਭਾ, *ਮਹਾਨ ਕੋਸ਼* 263) ਅਤੇ ਹਲਾਲ ਦਾ ਅਰਥ ਹੈ "ਜਾਇਜ਼, ਭੇਟਾ ਕਰਨ ਯੋਗ"[60] (ਸਾਹਿਬ ਸਿੰਘ, *ਦਰਪਣ* 5906)। ਗੁਰੂ ਨਾਨਕ ਦੇਵ ਜੀ ਪਰਾਇਆ ਹੱਕ ਖਾਣ ਨੂੰ ਹਿੰਦੂ ਅਤੇ ਮੁਸਲਮਾਨ, ਦੋਹਾਂ ਲਈ, ਹਰਾਮ ਦੱਸਦੇ ਹਨ। ਸੁਆਦਲੀਆਂ ਚੀਜ਼ਾਂ ਨਾਲ (ਮਸਾਲਿਆਂ ਨਾਲ) ਲਬਰੇਜ਼ ਕਰ ਕੇ ਵੀ ਵਰਜਿਤ ਵਸਤੂ, ਖਾਣ ਯੋਗ (ਹਲਾਲ) ਨਹੀਂ ਬਣ ਜਾਂਦੀ। ਮਿਹਨਤ ਕਰਕੇ ਜਾਇਜ਼ ਢੰਗ ਨਾਲ ਕੀਤੀ ਕਮਾਈ ਮਾਨੋ ਕੁਰਾਨ ਜਿਹੀ ਸੱਚੀ-ਸੁੱਚੀ ਹੈ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 141)

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 141)

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 140-41)

ਹੇਠ ਲਿਖੀਆਂ ਪੰਕਤੀਆਂ ਵਿਚ ਹਲਾਲ ਦੇ ਨਾਂ 'ਤੇ ਹੋਰਾਂ ਉੱਪਰ ਜ਼ੁਲਮ ਢਾਹੁਣ ਵਾਲਿਆਂ ਨੂੰ ਚੇਤਾਵਨੀ ਹੈ। ਜੀਵਾਂ ਉੱਪਰ ਜ਼ੁਲਮ ਕਰਨ ਵਾਲਿਆਂ ਨੂੰ ਇਸਦਾ ਹਿਸਾਬ ਦੇਣਾ ਪਵੇਗਾ:

ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ॥

ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਕਬੀਰ ਜੀਆ ਜੁ ਮਾਰਹਿ ਜੋਰੁ ਕਰਿ ਕਹਤੇ ਨਾਉ ਹਲਾਲੁ॥

ਦਫਤਰੁ ਦਈ ਜਬ ਕਾਢਿ ਹੈ ਤਬ ਹੋਇਗਾ ਕਉਨੁ ਹਵਾਲੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

ਕਬੀਰ ਜੋਰੁ ਕੀਆ ਜੁਲਮੁ ਹੈ ਲੇਇ ਜਬਾਬੁ ਖੁਦਾਇ॥

ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

**ਅਜੋਕੀ ਸਥਿਤੀ:** ਇਸਲਾਮ ਵਿਚ ਹਰਾਮ ਅਤੇ ਹਲਾਲ ਦੀ ਧਾਰਮਿਕ ਮਨੌਤ ਅੱਜ ਵੀ ਹੈ।

### 3.4.11 ਗੁਰੂ-ਚੇਲਾ ਪਰੰਪਰਾ

ਤਤਕਾਲੀ ਦੌਰ ਵਿਚ ਗੁਰੂ-ਚੇਲਾ ਪਰੰਪਰਾ ਪ੍ਰਚੱਲਤ ਸੀ। ਗੁਰੂ ਨਾਨਕ ਦੇਵ ਜੀ ਤਤਕਾਲੀ ਹਾਲਾਤਾਂ ਦਾ ਚਿੱਤਰ ਖਿੱਚਦੇ ਹੋਏ ਆਖਦੇ ਹਨ ਕਿ ਚੇਲੇ (ਵਾਜੇ) ਵਜਾਉਂਦੇ ਹਨ ਤੇ ਗੁਰੂ ਨੱਚਦੇ ਹਨ। ਹਾਲਾਤ ਇਹ ਹੋ ਗਏ ਹਨ ਕਿ ਹੁਣ ਚੇਲੇ ਗੁਰੂ ਕੋਲ ਦੀਖਿਆ ਲੈਣ ਨਹੀਂ ਜਾਂਦੇ ਸਗੋਂ ਗੁਰੂ, ਚੇਲਿਆਂ ਦੇ ਘਰੀਂ ਜਾ ਕੇ, ਉਨ੍ਹਾਂ ਨੂੰ ਦੀਖਿਅਤ ਕਰਦੇ ਹਨ:

ਵਾਇਨਿ ਚੇਲੇ ਨਚਨਿ ਗੁਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

ਗੁਰ ਦੀਖਿਆ ਘਰਿ ਦੇਵਣ ਜਾਹਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

ਹੇਠ ਲਿਖੀ ਪੰਕਤੀ ਵਿਚ ਗੁਰੂ-ਚੇਲਾ ਪਰੰਪਰਾ ਦੀ ਹਾਸੋ-ਹੀਣੀ ਬਣ ਚੁੱਕੀ ਸਥਿਤੀ ਉੱਪਰ ਟਿੱਪਣੀ ਕਰਦੇ ਹੋਏ ਗੁਰੂ ਸਾਹਿਬ ਆਖਦੇ ਹਨ ਕਿ ਕਮਲੇ ਗੁਰੂ, ਆਪਣੇ ਬੇਸ਼ਰਮ ਸ਼ਾਗਿਰਦ ਨੂੰ (ਗੱਦੀ ਦਿੰਦੇ ਸਮੇਂ) ਸੇਹਲੀ ਟੋਪੀ ਦਿੰਦੇ ਹਨ। ਕਦੇ ਚੂਹਾ ਵੀ, ਲੱਕ ਨਾਲ ਛੱਜ ਬੰਨ੍ਹ ਕੇ, ਖੁੱਡ ਵਿਚ ਵੜ ਸਕਿਆ ਹੈ ਭਾਵ ਅਜਿਹੇ ਪਾਖੰਡ-ਕਰਮਾਂ ਨਾਲ ਕਿਸੇ ਦਾ ਕੀ ਭਲਾ ਹੋ ਸਕਦਾ ਹੈ? :

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥

ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਹੇਠ ਲਿਖੀਆਂ ਪੰਕਤੀਆਂ ਵਿਚ ਉਲੇਖ ਹੈ ਕਿ ਚਾਰ ਕੌਡੀਆਂ ਦਾ ਮੁੱਲ ਲਿਆਂਦਾ ਹੋਇਆ ਜਨੇਊ ਚਉਕੇ ਵਿਚ ਬੈਠ ਕੇ ਗਲ਼ ਪਾਇਆ ਗਿਆ, ਕੰਨ ਵਿਚ ਸਿੱਖਿਆ ਦਿੱਤੀ ਗਈ ਤੇ ਬ੍ਰਾਹਮਣ ਗੁਰੂ ਹੋ ਗਿਆ। "ਉਸ ਸਮੇਂ (ਗੁਰੂ ਅੰਗਦ ਦੇਵ ਜੀ ਦੇ ਸਮੇਂ) ਹਰ ਹਿੰਦੂ ਕਿਸੇ ਮਹਾਂਪੁਰਸ਼ ਨੂੰ ਗੁਰੂ ਧਾਰਨ ਕਰਦਾ ਸੀ ਤੇ ਉਸ ਤੋਂ ਮੰਤ੍ਰ ਗ੍ਰਹਿਣ ਕਰਦਾ ਸੀ ਤੇ ਉਸ ਦਾ ਜਾਪ ਕਰਦਾ ਸੀ। "(ਤਾਰਨ ਸਿੰਘ, *ਗੁਰੂ ਅੰਗਦ ਦੇਵ ਜੀ* 17) ਵੇਦ ਦੇ ਵਿਚਾਰ ਨੂੰ ਵਿਦਵਾਨ ਲੋਕ ਵਿਚਾਰਦੇ ਸਨ ਤੇ ਵਿਦਿਆਰਥੀ ਸੁਣਦੇ ਸਨ ਤੇ ਉਨ੍ਹਾਂ ਵਿਚਾਰਾਂ ਦਾ ਕਈ ਪ੍ਰਕਾਰ ਨਾਲ ਮਨਨ ਕਰਦੇ ਸਨ। ਸਤਿਗੁਰੂ ਦਾ ਆਖਿਆ ਕੋਈ ਵਿਰਲਾ ਹੀ ਸੇਵਕ ਮੰਨਦਾ ਹੈ। ਜੇਕਰ ਸੇਵਕ ਹੀ ਗੁਰੂ ਦੀ ਗੱਲ ਸੁਣ ਕੇ ਅਨਸੁਣੀ ਕਰ ਦੇਵੇ; ਬਾਂਸ ਵਾਂਗ ਇੱਕ ਪਾਸਿਓਂ ਮਾਰੀ ਹੋਈ ਫੂਕ, ਦੂਜੇ ਪਾਸਿਓਂ ਨਿੱਕਲ ਜਾਵੇ, ਤਾਂ ਸਮਰੱਥ ਗੁਰੂ ਵੀ ਕੀ ਕਰ ਸਕਦਾ ਹੈ? :

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ॥

ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣ ਥਿਆ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1355)

ਗੁਰ ਕੀ ਸਿਖ ਕੋ ਵਿਰਲਾ ਲੇਵੈ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 509)

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥

ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਗੁਰੂ ਸਾਹਿਬ ਤਤਕਾਲੀ ਦੌਰ ਦੀ ਗੁਰੂ-ਚੇਲਾ ਪਰੰਪਰਾ 'ਤੇ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ ਜਿਸ ਸੇਵਕ ਦਾ ਗੁਰੂ ਹੀ ਗਿਆਨ-ਵਿਹੂਣਾ ਹੋਵੇ, ਉਸ ਚੇਲੇ ਤੋਂ ਕਿਹੜੇ ਚੰਗੇ ਕੰਮ ਦੀ ਆਸ ਰੱਖੀ ਜਾ ਸਕਦੀ ਹੈ? ਉਹ (ਅਜਿਹੇ ਚੇਲੇ) ਆਪ ਤਾਂ ਡੁੱਬਦੇ ਹੀ ਹਨ, ਆਪਣੀ ਕੁੱਲ ਨੂੰ ਵੀ ਨਾਲ ਹੀ ਲੈ ਡੁੱਬਦੇ ਹਨ:

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ॥
ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ॥
ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ॥
ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

ਗੁਰੂ ਹੋ ਕੇ ਬਹੁਤ ਸਾਰੇ ਚੇਲੇ ਬਣਾ ਲਏ ਪਰ ਆਪ ਪ੍ਰਭੂ ਦਾ ਸੇਵਕ ਨਾ ਬਣਿਆ। ਪ੍ਰਭੂ ਮਿਲਣ ਦੇ ਰਸਤੇ 'ਤੇ ਤੁਰਿਆ ਤਾਂ ਸੀ ਪਰ ਸੇਵਕਾਂ ਵਿਚ ਹੀ (ਉਨ੍ਹਾਂ ਦੁਆਰਾ ਲਿਆਂਦੀਆਂ ਭੇਟਾਵਾਂ ਵਿਚ ਹੀ) ਚਿੱਤ ਅਟਕਾ ਕੇ ਰਹਿ ਗਿਆ। ਅਜਿਹੇ ਗੁਰੂ ਦੂਜਿਆਂ ਨੂੰ ਤਾਂ ਉਪਦੇਸ਼ ਦਿੰਦੇ ਰਹੇ ਪਰ ਆਪ ਪ੍ਰਭੂ-ਨਾਮ ਦਾ ਸੁਆਦ ਨਾ ਚਖ ਸਕੇ। ਉਹ ਹੋਰਾਂ (ਸੇਵਕਾਂ) ਨੂੰ ਖ਼ੁਸ਼ ਕਰਨ ਵਿਚ ਹੀ ਸਮਾਂ ਬਰਬਾਦ ਕਰ ਬੈਠੇ ਅਤੇ ਖ਼ੁਦ ਕੋਈ ਲਾਭ ਨਾ ਲੈ ਸਕੇ:

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)
ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥
ਰਾਸਿ ਬਿਗਾਨੀ ਰਾਖਤੇ ਖਾਯਾ ਘਰ ਕਾ ਖੇਤੁ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1369)

ਉਸ ਗੁਰੂ ਦਾ ਕੀ ਲਾਭ, ਜਿਹੜਾ ਸੇਵਕ ਦੇ ਭਰਮ ਦਾ ਖੰਡਨ ਨਾ ਕਰ ਸਕੇ? ਉਹ ਆਪ ਤਾਂ ਸੰਸਾਰ-ਸਾਗਰ ਤਰਨਾ ਜਾਣਦਾ ਨਹੀਂ, ਉਸਦੇ ਚੇਲੇ ਆਪਣਾ ਕੀ ਸੁਆਰ ਲੈਣਗੇ? :

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਸੰਬੋਧਿਤ ਹੋ ਰਹੇ ਹਨ, ਜਿਸ ਤੋਂ ਤਤਕਾਲੀ ਦੌਰ ਦੀ ਗੁਰੂ-ਚੇਲਾ ਪਰੰਪਰਾ ਦਾ ਗਿਆਨ ਹੁੰਦਾ ਹੈ:

ਉਪਦੇਸੁ ਸੁਣਹੁ ਤੁਮ ਗੁਰਸਿਖਹੁ ਸਚਾ ਇਹੈ ਸੁਆਉ॥
ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ ਲਾਇਹੁ ਭਾਉ॥
ਸੁਖ ਸਹਜ ਆਨਦੁ ਘਣਾ ਪ੍ਰਭ ਜਪਤਿਆ ਦੁਖੁ ਜਾਇ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 963)

ਗੁਰੂ ਸਾਹਿਬ ਆਖਦੇ ਹਨ ਕਿ ਜੇਕਰ ਤੂੰ ਤੈਰਨਾ ਸਿੱਖਣਾ ਚਾਹੁੰਦਾ ਹੈ ਤਾਂ ਇਹ ਜਾਚ ਉਨ੍ਹਾਂ ਪਾਸੋਂ ਸਿੱਖ, ਜਿਹੜੇ ਤੈਰਨ ਦੀ ਜਾਚ ਜਾਣਦੇ ਹਨ। ਇਹ ਪੰਕਤੀ ਵੀ ਗੁਰੂ-ਚੇਲਾ ਪਰੰਪਰਾ ਦੀ ਹਾਮੀ ਭਰਦੀ ਹੈ ਪਰ ਇਹ ਸੰਜੋਗ ਤਾਂ ਬਣਦਾ ਹੈ, ਜੇਕਰ ਭਾਗ ਚੰਗੇ ਹੋਣ। ਗੁਰੂ ਸਾਹਿਬ ਦਾ ਵਿਚਾਰ ਹੈ ਕਿ ਸਿੱਖ ਆਪਣੇ ਸਤਿਗੁਰੂ ਪ੍ਰਤਿ ਪੂਰਨ ਸਮਰਪਿਤ ਹੋਵੇ। ਗੁਰੂ ਵੀ ਅਜਿਹਾ ਹੋਵੇ ਜਿਹੜਾ ਪਰਿਪੂਰਣ ਹੋਵੇ:

ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ ਕਲ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਜਿਨਾ ਭਾਗ ਮਥਾਹੜੈ ਤਿਨ ਉਸਤਾਦ ਪਨਾਹਿ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1096)

**ਅਜੋਕੀ ਸਥਿਤੀ:** ਜੀਵਨ ਦੇ ਲਗਭਗ ਹਰ ਖੇਤਰ ਵਿਚ ਉਸਤਾਦ-ਸ਼ਾਗਿਰਦ ਪਰੰਪਰਾ ਦਾ ਪ੍ਰਚਲਨ ਹੈ।

### 3.4.12 ਪਰਲੋਕ

ਤਤਕਾਲੀ ਲੋਕ ਇਸ ਲੋਕ (ਪ੍ਰਿਥਵੀ ਲੋਕ) ਦੇ ਨਾਲ-ਨਾਲ ਪਰਲੋਕ ਵਿਚ ਵੀ ਵਿਸ਼ਵਾਸ ਰੱਖਦੇ ਸਨ। ਮਨੁੱਖ ਇਹ ਮੰਨਦਾ ਸੀ ਕਿ ਸੰਸਾਰ ਵਿਚ ਉਹ ਜਿਹੜੇ ਕਰਮ ਕਰੇਗਾ, ਉਨ੍ਹਾਂ ਦਾ ਚੰਗਾ-ਮਾੜਾ ਫਲ਼ ਉਸਨੂੰ ਜ਼ਰੂਰ ਮਿਲੇਗਾ। ਗੁਰੂ ਸਾਹਿਬ ਮਨੁੱਖ ਨੂੰ ਆਪਣੇ ਜੀਵਨ ਵਿਚ ਚੰਗੇ ਕਰਮ ਕਰਨ ਦੀ ਪ੍ਰੇਰਨਾ ਦਿੰਦੇ ਹਨ ਤਾਂ ਜੋ ਮਨੁੱਖ ਦਾ ਲੋਕ ਵੀ ਚੰਗਾ ਰਹੇ ਤੇ ਪਰਲੋਕ ਵੀ ਸੰਵਰ ਜਾਵੇ। ਗੁਰੂ ਸਾਹਿਬ ਨੇ ਦੋਹਾਂ ਜਹਾਨਾਂ ਵਿਚ ਸੁਖੀ ਰਹਿਣ ਲਈ ਸਤਿਗੁਰੂ ਦੇ ਭਾਣੇ ਵਿਚ ਰਾਜ਼ੀ ਰਹਿਣ ਦੀ ਪ੍ਰੇਰਨਾ ਦਿੱਤੀ ਹੈ:

ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ॥
ਗਿਆਨੀ ਹੋਇ ਸੁ ਚੇਤੰਨ ਹੋਇ ਅਗਿਆਨੀ ਅੰਧੁ ਕਮਾਇ॥
ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 556)

ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ॥
ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 554)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਲੋਕ-ਪਰਲੋਕ ਦੀ ਮਨੌਤ ਵਿਚ ਯਕੀਨ ਕੀਤਾ ਜਾਂਦਾ ਹੈ।

### 3.4.13 ਜੰਮਣ-ਮਰਨ ਫੇਰ

ਤਤਕਾਲੀ ਮਨੁੱਖ ਇਹ ਮੰਨਦਾ ਸੀ ਕਿ ਜਦ ਤੱਕ ਮਨੁੱਖੀ ਆਤਮਾ ਪੂਰਨਤਾ ਪ੍ਰਾਪਤ ਨਹੀਂ ਕਰ ਲੈਂਦੀ ਤਦ ਤੱਕ ਉਹ ਵੱਖ-ਵੱਖ ਸਰੀਰਾਂ ਵਿਚ ਘੁੰਮਦੀ ਰਹਿੰਦੀ ਹੈ, ਸਰੀਰ ਜੰਮਦੇ ਰਹਿੰਦੇ ਹਨ, ਮਰਦੇ ਰਹਿੰਦੇ ਹਨ ਤੇ ਆਤਮਾ ਦਾ ਗੇੜ ਖ਼ਤਮ ਨਹੀਂ ਹੁੰਦਾ। ਗੁਰੂ ਸਾਹਿਬ ਨੇ ਪੂਰਨਤਾ ਪ੍ਰਾਪਤੀ ਹਿੱਤ ਪ੍ਰਭੂ ਦੇ ਸਿਮਰਨ ਦਾ ਮਾਰਗ ਦੱਸਿਆ:

ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 961)

ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ॥
ਨਾਨਕ ਨਾਮਿ ਵਿਸਾਰਿਐ ਆਵਣ ਜਾਣਾ ਦੋਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1248)

ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ॥
ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 586)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਜੰਮਣ-ਮਰਨ ਦੇ ਫੇਰ ਦੀ ਮਨੌਤ ਵਿਚ ਯਕੀਨ ਕੀਤਾ ਜਾਂਦਾ ਹੈ।

### 3.4.14 ਪੁੰਨ-ਦਾਨ

ਦਾਨ ਦਾ ਅਰਥ ਜਿੱਥੇ ਪਦਾਰਥ ਪੱਖੋਂ ਕੁਝ ਦੇਣਾ ਹੈ, ਓਥੇ ਪੁੰਨ ਦੇ ਅਰਥ ਇਸ ਤੋਂ ਰਤਾ ਕੁ ਭਿੰਨ ਹਨ। ਪੁੰਨ ਦਾ ਅਰਥ ਹੈ, "ਸ਼ੁਭ ਕਰਮ, ਪਵਿਤ੍ਰ ਫਲ ਦੇਣ ਵਾਲਾ ਕਰਮ" (ਨਾਭਾ, *ਮਹਾਨ ਕੋਸ਼* 776) ਇਸ ਵਿਚਾਰ ਅਨੁਸਾਰ ਦਾਨ ਵੀ ਪੁੰਨ ਦੀ ਸ਼੍ਰੇਣੀ ਵਿਚ ਹੀ ਆ ਜਾਂਦਾ ਹੈ। ਤਤਕਾਲੀ ਦੌਰ ਵਿਚ ਦਾਨ ਕਰਨ ਨੂੰ ਚੰਗਾ ਕਰਮ ਮੰਨਿਆ ਜਾਂਦਾ ਸੀ। ਦਾਨ ਕਰਨ ਵਾਲਾ ਸਮਾਜ ਵਿਚ ਮਾਣ-

ਸਤਿਕਾਰ ਦਾ ਭਾਗੀ ਬਣਦਾ ਸੀ। ਹੇਠ ਲਿਖੀਆਂ ਪੰਕਤੀਆਂ ਵਿਚ ਉਲੇਖ ਹੈ ਕਿ ਦਾਨੀ ਪੁਰਸ਼ਾਂ ਦੇ ਮਨ ਵਿਚ ਕਿਸੇ ਨੂੰ ਕੁਝ ਦੇਣ (ਦਾਨ ਕਰਨ) ਦੇ ਵਿਚਾਰ ਨਾਲ ਚਾਅ ਉਪਜਦਾ ਹੈ ਪਰ ਉਹ ਦਾਨ ਕਰਕੇ, ਪ੍ਰਭੂ ਪਾਸੋਂ, ਆਪਣੇ ਕੋਲੋਂ ਦਿੱਤੇ ਦੇ ਬਦਲੇ, ਸੌ ਗੁਣਾ ਦਾਤਾਂ ਦੀ ਮੰਗ ਰੱਖਦੇ ਹਨ ਤੇ ਨਾਲ ਦੀ ਨਾਲ ਚਾਹੁੰਦੇ ਹਨ ਕਿ ਸੰਸਾਰ ਵਿਚ ਉਨ੍ਹਾਂ ਦਾ ਸਤਿਕਾਰ ਵੀ ਹੋਵੇ:

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 466)

ਨੇਕੀ, ਚੰਗਿਆਈ ਅਤੇ ਪੁੰਨ-ਕਰਮ ਮਨੁੱਖ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹਾਉਂਦੇ ਸਨ। ਆਪਣੇ ਆਪ ਨੂੰ ਧਰਮੀ ਮੰਨਣ ਵਾਲੇ (ਪੁੰਨ-ਕਰਮ ਕਰਨ ਵਾਲੇ) ਮਨੁੱਖ ਧਰਮ ਦੇ ਕੰਮ ਕਰਕੇ ਇੱਕ ਤਾਂ ਆਪਣੇ ਆਪ ਨੂੰ ਭਲਾ ਸਦਵਾਉਂਦੇ ਸਨ ਅਤੇ ਦੂਜਾ ਆਪਣੇ ਕੀਤੇ ਕੰਮਾਂ ਬਦਲੇ ਮੁਕਤੀ ਦੀ ਆਸ ਵੀ ਰੱਖਦੇ ਸਨ। ਗੁਰੂ ਅੰਗਦ ਦੇਵ ਜੀ ਕਥਨ ਕਰਦੇ ਹਨ ਕਿ ਪਾਪ-ਪੁੰਨ ਕਰਮਾਂ ਦੇ ਵਿਚਾਰ ਵੇਦਾਂ ਤੋਂ ਆਏ ਹਨ। ਇਨ੍ਹਾਂ ਅਨੁਸਾਰ ਮਨੁੱਖ ਆਪਣੇ (ਚੰਗੇ-ਮਾੜੇ) ਕੰਮਾਂ ਦੇ ਆਧਾਰ 'ਤੇ ਨਰਕ ਜਾਂ ਸਵਰਗ ਨੂੰ ਪ੍ਰਾਪਤ ਹੁੰਦਾ ਹੈ:

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

ਕਥਾ ਕਹਾਣੀ ਬੇਦੰੀ ਆਣੀ ਪਾਪੁ ਪੁੰਨੁ ਬੀਚਾਰੁ॥
ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਗੁਰੂ ਅਮਰਦਾਸ ਜੀ ਤਤਕਾਲੀ ਧਾਰਮਿਕ ਭੇਖ ਵਾਲਿਆਂ ਉੱਪਰ ਟਿੱਪਣੀ ਕਰਦੇ ਹਨ ਕਿ ਇਹ ਲੋਕ ਮਾਣ ਅਤੇ ਹੰਕਾਰ ਵਿਚ ਇੰਨੇ ਗ੍ਰਸਤ ਹਨ ਕਿ (ਗ੍ਰਿਹਸਥੀਆਂ ਦੁਆਰਾ) ਸ਼ਰਧਾ ਨਾਲ ਦਾਨ ਦਿੱਤਾ ਕੱਪੜਾ ਅਤੇ ਭੋਜਨ ਨਹੀਂ ਲੈਂਦੇ (ਭਾਵ ਵੱਧ ਦੀ ਮੰਗ ਕਰਦੇ ਹਨ ਤੇ ਉਨ੍ਹਾਂ ਦੁਆਰਾ ਪ੍ਰਗਟਾਈ ਗਈ ਸ਼ਰਧਾ ਦਾ ਸਤਿਕਾਰ ਨਹੀਂ ਕਰਦੇ) ਤੇ ਇਸ ਤਰ੍ਹਾਂ ਬਜ਼ਿਦ ਰਹਿ ਕੇ ਜਨਮ ਬਰਬਾਦ ਕਰ ਰਹੇ ਹਨ:

ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਾ ਅਹੰਕਾਰ ਬਹੁ ਗਰਬੁ ਵਧਾਇਆ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 513)

ਤਤਕਾਲੀ ਮਨੁੱਖ ਵਿਸ਼ਵਾਸ ਕਰਦਾ ਹੋਵੇਗਾ ਕਿ ਦਾਨ ਕਰਨ ਨਾਲ ਉਸਦੇ ਕੀਤੇ ਹੋਏ ਪਾਪ ਨਸ਼ਟ ਹੁੰਦੇ ਹਨ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਦੁਆਰਾ ਇਸੇ ਪ੍ਰਵਿਰਤੀ ਉੱਪਰ ਹੀ ਟਿੱਪਣੀ ਕੀਤੀ ਗਈ ਲੱਗਦੀ ਹੈ ਕਿ ਇੱਕ-ਦੋ ਨਹੀਂ ਭਾਵੇਂ ਕਰੋੜਾਂ ਤਰ੍ਹਾਂ ਦੇ ਦਾਨ ਅਤੇ ਇਸ਼ਨਾਨ, ਤੇ ਹੋਰ ਪਵਿੱਤਰਤਾ ਦਾ ਸਾਧਨ ਕਰ ਲਉ ਪਰ ਪਾਪਾਂ ਦਾ ਨਾਸ਼ ਨਹੀਂ ਹੋਵੇਗਾ। ਪਾਪਾਂ ਦਾ ਨਾਸ਼ ਤਾਂ ਪ੍ਰਭੂ ਦੇ ਨਾਮ-ਸਿਮਰਨ ਦੁਆਰਾ ਹੁੰਦਾ ਹੈ:

ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ॥
ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 706)

ਮੁੱਲਾਂ (ਜਿਹੜਾ ਬਾਂਗ ਦਿੰਦਾ ਹੈ), ਫ਼ਕੀਰ (ਜਿਹੜਾ ਤੁਰ੍ਹੀ ਵਜਾ ਕੇ ਮੰਗਦਾ ਹੈ), ਜੋਗੀ (ਜਿਹੜਾ ਸਿੰਙੀ ਵਜਾਉਂਦਾ ਹੈ) ਅਤੇ ਮਿਰਾਸੀ (ਜਿਹੜਾ ਕਲਾਣ ਕਰ ਕੇ ਮੰਗਦਾ ਹੈ) ਲਈ ਗ੍ਰਿਹਸਥੀ ਦਾਤਾ ਹੈ, ਜਿਸਦੇ ਘਰੋਂ ਜਾ ਕੇ ਉਹ ਮੰਗਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਅਸਲ ਵਿਚ ਤਾਂ ਕੇਵਲ ਪ੍ਰਭੂ ਹੀ ਦਾਤਾ ਹੈ:

ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ॥
ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 790)

ਉਹ ਅਭਿਆਗਤ (ਸਾਧੂ), ਜਿਨ੍ਹਾਂ ਅੰਦਰ ਭਰਮ ਹੋਵੇ (ਭਾਵ ਦਾਨ ਖ਼ਾਤਰ ਦਰ-ਦਰ ਭਟਕਦੇ ਫਿਰਦੇ ਹੋਣ) ਉਨ੍ਹਾਂ ਨੂੰ ਦਾਨ ਦੇਣ ਵਾਲੇ ਨੂੰ ਵੀ ਉਹੋ ਜਿਹਾ ਫਲ਼ ਪ੍ਰਾਪਤ ਹੁੰਦਾ ਹੈ (ਭਾਵ ਕੁਝ ਨਹੀਂ ਮਿਲਦਾ)। ਕਈ ਅਭਿਆਗਤ (ਸਾਧੂ) ਗ੍ਰਿਹਸਥੀਆਂ ਦੇ ਘਰਾਂ ਵਿਚ ਭੋਜਨ ਵੀ ਕਰਦੇ ਸਨ। ਗੁਰੂ ਸਾਹਿਬ ਸੰਸਾਰ ਦੇ ਹਾਲਾਤ ਦੇਖਦੇ ਹੋਏ ਅਨੁਭਵ ਕਰਦੇ ਹਨ ਕਿ ਕੁਝ ਲੋਕ ਅਜਿਹੇ ਹਨ, ਜਿਹੜੇ ਦਾਨ ਕਰ ਕੇ ਵੀ ਖ਼ਾਲੀ ਨਹੀਂ ਹੁੰਦੇ ਤੇ ਕੁਝ ਅਜਿਹੇ ਹਨ, ਜਿਹੜੇ ਸਦਾ ਮੰਗਦੇ ਹੀ ਫਿਰਦੇ ਹਨ। ਗੁਰੂ ਸਾਹਿਬ ਉਕਤ ਵਿੱਚੋਂ ਪਹਿਲਾ ਰਸਤਾ ਅਪਨਾਉਣ ਦੀ ਤਾਕੀਦ ਕਰਦੇ ਹਨ ਪਰ ਮਨ ਵਿਚ ਮੈਲ ਰੱਖ ਕੇ ਕੀਤਾ ਪੁੰਨ-ਦਾਨ ਕਿਸੇ ਕੰਮ ਦਾ ਨਹੀਂ, ਇਹ ਬਿਰਥਾ ਹੀ ਜਾਂਦਾ ਹੈ:

ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ॥
ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 949)
ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 466)
ਇਕਿ ਦੇ ਖਾਹਿ ਨਿਖੁਟੈ ਨਾਹੀ ਇਕਿ ਸਦਾ ਫਿਰਹਿ ਫਕੀਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1289)
ਘਾਲਿ ਖਾਇ ਕਿਛੁ ਹਥਹੁ ਦੇਇ॥ਨਾਨਕ ਰਾਹੁ ਪਛਾਣਹਿ ਸੇਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1285)
ਅਣਹੋਦੇ [61]ਆਪੁ ਵੰਡਾਏ॥ਕੋ ਐਸਾ ਭਗਤੁ ਸਦਾਏ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1384)
ਪੁੰਨੁ ਦਾਨ ਕਾ ਕਰੇ ਸਰੀਰੁ॥ਸੋ ਗਿਰਹੀ ਗੰਗਾ ਕਾ ਨੀਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ॥
... ... ... ... ... ... ...
ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)
ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ॥
ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥
ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1414)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਪੁੰਨ-ਦਾਨ ਕਰਨ ਵਾਲੇ ਮਨੁੱਖ ਨੂੰ ਸਤਿਕਾਰ ਮਿਲਦਾ ਹੈ। ਕਈ ਲੋਕ ਸਤਿਕਾਰ ਦੀ ਖ਼ਾਤਰ ਹੀ ਪੁੰਨ-ਦਾਨ ਕਰਦੇ ਹਨ ਜਿਸਦਾ ਜਿਉਂਦਾ-ਜਾਗਦਾ ਸਬੂਤ ਧਾਰਮਿਕ ਸਥਾਨਾਂ 'ਤੇ ਦਿਸਦੀਆਂ ਨਿੱਕੀਆਂ-ਮੋਟੀਆਂ ਚੀਜ਼ਾਂ ਉੱਪਰ ਮੋਟੇ ਅੱਖਰਾਂ ਵਿਚ ਲਿਖੇ ਦਾਨੀਆਂ ਦੇ ਨਾਂ ਹਨ। "ਈਸ਼ਵਰ ਜਾਂ ਆਪਣੇ ਪੂਜਨੀਕ ਦੇਵੀ-ਦੇਵਤੇ ਪ੍ਰਤੀ ਸ਼ਰਧਾ ਪ੍ਰਗਟਾਉਣ ਲਈ ਲੋਕਾਂ ਨੂੰ ਰੁਪਏ-ਪੈਸੇ, ਸੋਨੇ-ਚਾਂਦੀ, ਹੀਰੇ-ਜਵਾਹਰਾਤ ਆਦਿ ਦਾਨ ਕਰਨ ਨਾਲ ਜਿਥੇ ਆਤਮ-ਸੰਤੁਸ਼ਟੀ ਮਿਲਦੀ ਹੈ, ਉਥੇ ਹੀ ਦਾਨ ਨਾਲ ਇਨ੍ਹਾਂ ਧਾਰਮਿਕ ਅਸਥਾਨਾਂ ਦਾ ਖਰਚਾ-ਪਾਣੀ ਚਲਦਾ ਹੈ, ਰੱਖ-ਰਖਾਅ ਲਈ ਰਕਮ ਜੁੜਦੀ ਹੈ। ਦਾਨ ਦੇ ਰੂਪ ਵਿਚ ਮਿਲੀ ਰਕਮ ਸੰਭਾਲਣ ਤੇ ਉਸ ਦਾ ਲੇਖਾ-ਜੋਖਾ ਕਰਨ ਲਈ ਕਮੇਟੀਆਂ ਬਣਾਈਆਂ ਜਾਂਦੀਆਂ ਹਨ। "(ਧਰਮਪਾਲ ਸਰੀਨ, *ਜਗ ਬਾਣੀ ਰੋਜ਼ਾਨਾ ਮਿਤੀ 28.10.2017*6)

### 3.4.15 ਚੰਗੇ ਭਾਗ

ਹੇਠ ਲਿਖੀ ਪੰਕਤੀ ਵਿਚ ਗੁਰੂ ਸਾਹਿਬ ਤਤਕਾਲੀ ਚੰਗੇ ਭਾਗਾਂ ਸਬੰਧੀ ਮਨੌਤ ਦੇ ਸਨਮੁਖ ਆਪਣਾ ਮਤ ਸਪਸ਼ਟ ਕਰਦੇ ਹਨ ਕਿ ਅਸਲ ਵਿਚ ਚੰਗੇ ਭਾਗਾਂ ਵਾਲਾ ਮਨੁੱਖ (ਉਸਦਾ ਮੱਥਾ ਭਾਗਾਂ ਵਾਲਾ ਹੈ) ਉਹ ਹੈ, ਜਿਸਦੇ ਮੁਖ 'ਤੇ ਪ੍ਰਭੂ ਦੀ ਵਡਿਆਈ ਸਦਾ ਰਹੇ:

ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 473)

**ਅਜੋਕੀ ਸਥਿਤੀ:** ਹਰ ਮਨੁੱਖ ਆਪਣੇ ਮਾੜੇ ਭਾਗਾਂ ਨੂੰ ਪਿੱਟਦਾ ਦਿਖਾਈ ਦਿੰਦਾ ਹੈ।

### 3.4.16 ਅਰਦਾਸ

ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਕਰਤੇ ਦੇ ਹਜ਼ੂਰ ਅਰਦਾਸ ਕਰਦੇ ਹਨ ਕਿ ਉਹ ਆਪਣੇ ਪੈਦਾ ਕੀਤੇ ਹੋਏ ਜੀਵਾਂ ਦੀ ਸੰਭਾਲ ਕਰੇ, ਭੋਜਨ ਪਦਾਰਥਾਂ ਅਤੇ ਪੀਣ-ਯੋਗ ਪਾਣੀ ਦੀ ਬਹੁਤਾਤ ਹੋਵੇ ਤਾਂ ਜੋ ਸੰਸਾਰ ਵਿੱਚੋਂ ਦੁੱਖਾਂ ਅਤੇ ਗ਼ਰੀਬੀ ਦਾ ਅੰਤ ਹੋਵੇ। ਪ੍ਰਭੂ ਦੇ ਦਰ ਅਰਦਾਸ ਕਬੂਲ ਹੋਈ, ਮੀਂਹ ਪਿਆ ਤੇ ਸੰਸਾਰ ਅੰਦਰ ਖ਼ੁਸ਼ੀ ਦੀ ਲਹਿਰ ਪਸਰ ਗਈ। ਇਨ੍ਹਾਂ ਪੰਕਤੀਆਂ ਵਿਚ ਤਤਕਾਲੀ ਮਨੁੱਖ ਦੇ ਜੀਵਨ ਵਿਚ, ਪ੍ਰਭੂ ਦੇ ਦਰ 'ਤੇ ਅਰਦਾਸ ਕਰਨ ਦੀ ਮਨੌਤ ਵਿਚ ਵਿਸ਼ਵਾਸ ਦਾ ਉਲੇਖ ਹੈ:

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥
ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ॥
ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1251)

**ਅਜੋਕੀ ਸਥਿਤੀ:** ਮਨੁੱਖ ਮੰਨਦਾ ਹੈ ਕਿ ਉਸਦੀ ਇੱਛਾ ਜਾਂ ਸ਼ੁਕਰਾਨਾ ਅਰਦਾਸ ਰਾਹੀਂ ਪ੍ਰਭੂ ਪਾਸ ਪਹੁੰਚ ਜਾਂਦਾ ਹੈ।

### 3.4.17 ਪੁਲ-ਸਿਰਾਤ

"ਇੱਕ ਪੁਲ, ਜਿਸ ਦਾ ਨਰਕ ਦੀ ਅਗਨੀ ਉੱਪਰ ਹੋਣਾ ਮੁਸਲਮਾਨ ਮੰਨਦੇ ਹਨ.ਇਹ ਪੁਲ ਬਾਲ ਤੋਂ ਭੀ ਬਾਰੀਕ ਹੈ ਅਰ ਤਲਵਾਰ ਦੀ ਧਾਰ ਤੋਂ ਤਿੱਖਾ ਹੈ.ਦੋਹੀਂ ਪਾਸੀਂ ਤਿੱਖੇ ਕੰਡੇ ਹਨ, ਜੋ ਏਧਰ ਓਧਰ ਹਿੱਲਣ ਨਹੀਂ ਦਿੰਦੇ.ਧਰਮੀ ਇਸ ਉੱਪਰੋਂ ਛੇਤੀ ਲੰਘ ਜਾਂਦੇ ਹਨ ਅਰ ਪਾਪੀ ਨਰਕ ਦੀ ਅੱਗ ਵਿਚ ਡਿਗ ਪੈਂਦੇ ਹਨ.ਮੁਸਲਮਾਨਾ ਨੇ ਇਸ ਪੁਲ ਦਾ ਖਿਆਲ ਪਾਰਸੀਆਂ ਤੋਂ ਲਿਆ ਹੈ ਜਿਨ੍ਹਾਂ ਨੇ "ਚਿਨਵਤ ਪੇਰੇਤੂ" ਨਾਮਕ ਪੁਲ ਪਰਲੋਕ ਵਿਚ ਮੰਨਿਆ ਹੈ.ਯਹੂਦੀ ਭੀ ਨਰਕ ਦਾ ਪੁਲ ਮੰਨਦੇ ਹਨ." (ਨਾਭਾ, *ਮਹਾਨ ਕੋਸ਼*

199) "ਇਸਲਾਮੀ ਵਿਸ਼ਵਾਸ ਅਨੁਸਾਰ ਇਹ ਦੁਨੀਆਂ ਛੱਡਣ ਤੋਂ ਬਾਅਦ ਜੀਵ ਨੂੰ ਪੁਲਸਰਾਤ ਤੋਂ ਲੰਘਣਾ ਪੈਣਾ ਹੈ ਜੋ ਵਾਲ ਨਾਲੋਂ ਵੀ ਨਿੱਕਾ ਹੈ ਅਤੇ ਤੇਗ ਨਾਲੋਂ ਤਿਖਾ ਹੈ। ਕੁਰਾਨ ਸ਼ਰੀਫ ਦੇ ਸੂਰਤ ਮਰੀਅਮ ਅਨੁਸਾਰ ਪਾਪੀ ਆਦਮੀ ਪੁਲਸਰਾਤ ਤੋਂ ਲੰਘਦੇ ਹੋਏ ਦੋਜ਼ਖ ਵਿਚ ਡਿੱਗ ਪੈਣਗੇ। " (ਸ਼ਰਮਾ, *ਸ਼ੇਖ ਫਰੀਦ: ਚਿੰਤਨ ਤੇ ਕਲਾ* 18) ਇਸ ਪ੍ਰਚੱਲਤ ਲੋਕ ਮਨੌਤ ਦਾ ਜ਼ਿਕਰ ਫਰੀਦ ਜੀ ਦੀ ਬਾਣੀ ਵਿਚ ਆਇਆ ਹੈ। ਬਾਬਾ ਫਰੀਦ ਜੀ ਮਨੁੱਖ ਨੂੰ ਆਖਦੇ ਹਨ ਕਿ ਕੀ ਤੂੰ ਵਾਲ ਤੋਂ ਵੀ ਬਾਰੀਕ ਪੁਲ-ਸਿਰਾਤ ਦਾ ਜ਼ਿਕਰ ਕਦੇ ਨਹੀਂ ਸੁਣਿਆ? ਆਪ ਮਨੁੱਖ ਨੂੰ ਚੰਗੇਰੇ ਜੀਵਨ-ਪੰਧ ਦਾ ਰਾਹੀ ਬਣਾਉਣਾ ਲੋਚਦੇ ਹਨ। ਸਪਸ਼ਟ ਹੋ ਜਾਂਦਾ ਹੈ ਕਿ ਤਤਕਾਲੀ ਦੌਰ ਵਿਚ ਇਸ ਬਾਰੇ ਜ਼ਿਕਰ ਆਮ ਸੀ:

ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1377)

**ਅਜੋਕੀ ਸਥਿਤੀ:** ਧਰਮ ਨਾਲ ਸਬੰਧਤ ਹੋਣ ਕਾਰਨ ਮੁਸਲਮਾਨ ਲੋਕ ਅੱਜ ਵੀ ਇਸ ਮਨੌਤ ਵਿਚ ਵਿਸ਼ਵਾਸ ਰੱਖਦੇ ਹਨ।

### 3.4.18 ਧਰਮ ਰਾਜ

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 8)

ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 146)

ਸੰਸਕ੍ਰਿਤ ਗ੍ਰੰਥਾਂ ਵਿਚ ਜਿਸ ਹਸਤੀ ਲਈ ਯਮ ਅਥਵਾ ਯਮਰਾਜ ਪਦ ਵਰਤਿਆ ਗਿਆ ਹੈ, ਗੁਰਬਾਣੀ ਕਾਲ ਵਿਚ ਧਰਮ ਅਥਵਾ ਧਰਮ ਰਾਜ ਨਾਮ ਉਸੇ ਹਸਤੀ ਦੇ ਨਾਮ ਲਈ ਪ੍ਰਯਾਯਵਾਚੀ ਸ਼ਬਦ ਹੈ। "ਸੰਸਕ੍ਰਿਤ ਗ੍ਰੰਥਾਂ ਵਿਚ ਧਰਮ ਅਤੇ ਧਰਮ ਰਾਜ ਨਾਮ ਯਮ ਅਥਵਾ ਯਮਰਾਜ ਦਾ ਹੈ। " (ਨਾਭਾ, *ਗੁਰੁਮਤ ਮਾਰਤੰਡ ਭਾਗ ਦੂਜਾ* 607) ਇਹ ਸਮਝਿਆ ਜਾਂਦਾ ਸੀ ਕਿ ਇਹ ਨਿਆਂ-ਕਰਤਾ ਹਸਤੀ ਹੈ ਅਤੇ ਜੀਵ ਦੇ ਕੀਤੇ ਚੰਗੇ-ਮਾੜੇ ਕੰਮਾਂ ਦਾ ਹਿਸਾਬ-ਕਿਤਾਬ ਕਰਦਾ ਹੈ। ਸਮਾਜ ਨੂੰ ਬੁਰੇ ਕੰਮਾਂ ਵਾਲੇ ਪਾਸੇ ਤੋਂ ਧਿਆਨ ਮੋੜ ਕੇ ਚੰਗੇ ਕੰਮਾਂ ਵੱਲ ਲਾਉਣ ਲਈ ਪ੍ਰੇਰਿਤ ਕਰਨ ਹਿਤ, ਬਾਣੀਕਾਰਾਂ ਨੇ ਇਸ ਹਸਤੀ ਦੇ ਲੋਕ-ਮਨ ਉੱਪਰ ਪਏ ਖ਼ੌਫ਼ਨਾਕ ਪ੍ਰਭਾਵ ਨੂੰ ਆਪਣੇ ਕਾਰਜ ਦੀ ਸਿੱਧੀ ਵਾਸਤੇ ਵਰਤਿਆ।

ਤਤਕਾਲੀ ਇਸਲਾਮੀ ਨਜ਼ਰੀਏ ਮੁਤਾਬਕ ਮੌਤ ਦਾ ਦੇਵਤਾ, ਅਜ਼ਰਾਈਲ ਜਾਂ ਇਜ਼ਰਾਈਲ ਸੀ। ਖ਼ੁਦਾ ਦਾ ਪੈਗ਼ਾਮ ਪੈਗੰਬਰਾਂ ਪਾਸ ਲੈ ਕੇ ਜਾਣ ਵਾਲਿਆਂ ਚਾਰ ਫ਼ਰਿਸ਼ਤਿਆਂ ਵਿੱਚੋਂ ਇਹ ਇੱਕ ਹੈ। "ਇਜ਼ਰਾਈਲ ਅਥਵਾ ਅਜ਼ਰਾਈਲ, ਜੋ ਮੌਤ ਦਾ ਦੇਵਤਾ ਹੈ, ਜਿਸ ਨੂੰ ਮਲਕੁਲ ਮੌਤ ਭੀ ਸੱਦੀਦਾ ਹੈ। " (ਨਾਭਾ, *ਗੁਰੁਮਤ ਮਾਰਤੰਡ ਭਾਗ ਦੂਜਾ* 609) ਇਸਲਾਮੀ ਨਜ਼ਰੀਏ ਮੁਤਾਬਕ ਜਦੋਂ ਰੱਬ, ਬੰਦੇ ਦੇ ਕੀਤੇ ਕੰਮਾਂ ਦਾ ਲੇਖਾ-ਜੋਖਾ (ਅਮਲਾਂ ਦੀ ਕਿਤਾਬ) ਕੱਢਦਾ ਹੈ ਤਾਂ ਇਹ ਫ਼ਰਿਸ਼ਤਾ ਇਸ ਕਾਰਜ ਵਿਚ ਰੱਬ ਦੇ ਸਹਾਇਕ ਵਜੋਂ ਵਿਚਰਦਾ ਹੈ:

ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 953)

ਤਤਕਾਲੀ ਸੱਭਿਆਚਾਰ ਵਿਚ ਧਰਮ ਰਾਜ ਇੱਕ ਭੈਅ-ਪੂਰਨ ਹਸਤੀ ਵਜੋਂ ਮਾਨਤਾ ਪ੍ਰਾਪਤ ਸੀ। ਧਰਮ ਰਾਜ ਦੇ ਕਾਰਕੁੰਨਾਂ ਅਥਵਾ ਦੂਤਾਂ ਨੂੰ ਜਮ ਸੱਦਿਆ ਜਾਂਦਾ ਸੀ ਅਤੇ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਨ੍ਹਾਂ ਦੇ ਹੱਥ ਵਿਚ ਸੋਟਾ ਹੁੰਦਾ ਹੈ ਜਿਸਦੀ ਮਾਰ ਬੜੀ ਵਿਕਟ ਅਤੇ ਬੁਰੀ ਹੈ। ਮੁਸਲਮਾਨੀ ਖ਼ਿਆਲ ਵਿਚ ਵੀ ਮੰਦੇ ਕੰਮਾਂ ਵਾਲੇ ਮਨੁੱਖਾਂ ਲਈ ਕੋਈ ਰਿਆਇਤ ਨਹੀਂ ਸੀ। ਉਨ੍ਹਾਂ ਨੂੰ ਵੀ 'ਦੋਜਕ' ਦੀ ਅੱਗ ਆਵਾਜ਼ਾਂ ਦੇ ਰਹੀ ਹੁੰਦੀ। ਧਰਮ ਰਾਜ ਦੇ ਦੂਤ ਮਨੁੱਖ ਦੀ ਹਰੇਕ ਗਤੀਵਿਧੀ ਨੂੰ ਬੜੇ ਗਹੁ ਨਾਲ ਤੱਕਦੇ ਹਨ:

ਗਨੰਤ ਸਵਾਸਾ ਭੈਯਾਨ ਧਰਮੰ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1354)

ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 256)

ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1368)

ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਚੂਕੈ ਜਮ ਕੀ ਜੋਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 256)

ਕੀਰਤਨੰ ਸਾਧਸੰਗੇਣ ਨਾਨਕ ਨਹ ਦ੍ਰਿਸਟੰਤਿ ਜਮਦੂਤਨਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

ਤਤਕਾਲੀ ਸਮਾਜ ਦੇ ਵਿਸ਼ਵਾਸ ਅਨੁਸਾਰ ਮਨੁੱਖ ਦੀਆਂ ਗਤੀਵਿਧੀਆਂ ਨੂੰ ਗਹੁ ਨਾਲ ਤੱਕਣ ਵਾਲੇ ਧਰਮ ਰਾਜ ਦੇ ਇਹ ਕਾਰਕੁੰਨ, ਉਸ ਪਲ ਦੀ ਉਡੀਕ ਕਰਦੇ ਹਨ, ਜਦੋਂ ਮਨੁੱਖ ਦੇ ਸਾਹਾਂ ਦਾ ਹਿਸਾਬ ਮੁੱਕੇ। ਜਦੋਂ ਉਹ ਸਮਾਂ ਆਉਂਦਾ ਹੈ ਤਾਂ, ਮਨੁੱਖ ਭਾਵੇਂ ਕਿਸੇ ਵੀ ਰੰਗ-ਰਸ ਵਿਚ ਮਸਤ ਕਿਉਂ ਨਾ ਹੋਵੇ, ਇਹ ਆਪਣਾ ਫ਼ਰਜ਼ ਨਿਭਾਉਣ ਲੱਗੇ ਰਤਾ ਭਰ ਵੀ ਦੇਰ ਨਹੀਂ ਲਾਉਂਦੇ ਅਤੇ ਸਰੀਰ-ਰੂਪੀ ਕਿਲੇ ਨੂੰ ਤਹਿਸ-ਨਹਿਸ ਕਰ ਦਿੰਦੇ ਹਨ ਤੇ ਫਿਰ ਜਦੋਂ ਧਰਮ ਰਾਇ ਮਨੁੱਖ ਦੇ ਕੀਤੇ ਕੰਮਾਂ ਦਾ ਹਿਸਾਬ ਕਰਦਾ ਹੈ ਤਾਂ ਉਹ ਇਸ ਤੋਂ ਇਸ ਦੁਆਰਾ ਕੀਤੇ ਮੰਦੇ ਕੰਮਾਂ ਲਈ ਪੁੱਛ ਕਰਦਾ, ਜਵਾਬ ਮੰਗਦਾ; ਹਿਸਾਬ ਮੰਗਦਾ ਹੈ। ਤਦ ਮਨੁੱਖ ਆਪਣੇ ਦੁਆਰਾ ਕੀਤੇ ਪੁੰਨ-ਦਾਨ ਦੇ ਬਦਲੇ ਧਰਮ ਰਾਜ ਤੋਂ ਛੁਟਕਾਰਾ ਲੋਚਦਾ ਹੈ ਪਰ ਇਨ੍ਹਾਂ ਸਭ ਦੇ ਬਦਲੇ ਛੁਟਕਾਰਾ ਸੰਭਵ ਨਹੀਂ। ਮਨੁੱਖ ਭਾਵੇਂ ਆਪਣੇ ਕੀਤੇ ਹੋਏ ਮਾੜੇ ਕੰਮਾਂ ਨੂੰ ਦਿਲ ਦੀਆਂ ਤਹਿਆਂ ਵਿਚ ਲੁਕੋਈ ਬੈਠਾ ਰਹੇ, ਧਰਮ ਰਾਜ ਦੀ ਕਚਹਿਰੀ ਵਿਚ ਉਹ ਨਸ਼ਰ ਹੋ ਹੀ ਜਾਂਦੇ ਹਨ। ਤਦ ਜਮ ਦੀ ਮਾਰ, ਇਸਦੀ ਖ਼ੁਆਰੀ ਦਾ ਕਾਰਨ ਬਣਦੀ ਹੈ:

ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੇ ਰਹਿ ਗਇਓ ਰਾਮੁ॥

ਆਇ ਪਰੇ ਧਰਮ ਰਾਇ ਕੇ ਬੀਚਹਿ ਧੂਮਾ ਧਾਮ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਢਾਹਨ ਲਾਗੇ ਧਰਮ ਰਾਇ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 256)

ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 965)

ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ॥

ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ॥

ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥

ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1414)

ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ॥

ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮ ਰਾਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰਿ॥

(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 508)

ਜਮਾਂ ਦਾ ਡਰ ਮਨੁੱਖੀ ਮਨ 'ਤੇ ਛਾਇਆ ਰਹਿੰਦਾ ਹੈ ਪਰ ਧਰਮ ਰਾਜ ਵੀ ਆਪਣੀ ਸਮੁੱਚੀ ਕਾਰਵਾਈ ਰੱਬੀ ਰਜ਼ਾ ਅੰਦਰ ਹੀ ਨੇਪਰੇ ਚੜ੍ਹਾਉਂਦਾ ਹੈ:

ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨ ਆਵੈ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 515)

ਭੈ ਵਿਚਿ ਰਾਜਾ ਧਰਮ ਦੁਆਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਮਰਨ ਤੋਂ ਬਾਅਦ ਮਨੁੱਖੀ ਆਤਮਾ ਨੂੰ ਧਰਮ ਰਾਜ ਦੀ ਕਚਹਿਰੀ ਵਿਚ ਪੇਸ਼ ਕੀਤਾ ਜਾਵੇਗਾ ਅਤੇ ਓਥੇ ਇਸਦੇ ਮੰਦੇ-ਚੰਗੇ ਕਰਮਾਂ ਦਾ ਹਿਸਾਬ ਕੀਤਾ ਜਾਵੇਗਾ। ਇਸੇ ਹਿਸਾਬ ਦੇ ਨਿਰਣੇ ਅਨੁਸਾਰ ਇਸਨੂੰ ਸਵਰਗ ਜਾਂ ਨਰਕ ਦੀ ਪ੍ਰਾਪਤੀ ਹੋਵੇਗੀ। "ਕਈਆਂ ਅਨੁਸਾਰ ਉਹ (ਰੂਹ ਜਾਂ ਆਤਮਾ) ਨਰਕ ਜਾਂ ਸੁਰਗ ਵਿਚ ਚਲੀ ਜਾਂਦੀ ਹੈ। ਕਈ ਨਰਕ ਸੁਰਗ ਨੂੰ ਏਥੇ ਹੀ ਮੰਨਦੇ ਹਨ, ਕਈ ਕੋਈ ਵਖਰੀਆਂ ਥਾਵਾਂ, ਜਿਥੇ ਸਾਡੇ ਕਰਮਾਂ ਉਤੇ ਵਿਬੇੜਾ ਹੋਣਾ ਹੈ। ਨਰਕ-ਸੁਰਗ, ਕਰਮ, ਕਿਸਮਤ, ਨਿਰਣਾ, ਨਿਆਂ, ਜਮਰਾਜ (ਜਾਂ ਮੌਤ ਦਾ ਕੋਈ ਫ਼ਰਿਸ਼ਤਾ) ਆਦਿ ਵਿਚਾਰ ਸਭ ਮਤਾਂ ਵਿਚ ਹੀ ਕੁਝ ਕੁਝ ਭਿੰਨਤਾ ਨਾਲ ਮੰਨੇ ਜਾਂਦੇ ਹਨ।" (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 133)

### 3.4.19 ਸ਼ੈਤਾਨ

"ਕਈ ਮੱਤਾਂ ਵਿਚ ਇਕ ਫ਼ਰਿਸ਼ਤਾ ਸ਼ੈਤਾਨ ਨਾਉਂ ਦਾ ਕੇਵਲ ਅਗਨਿ ਤੱਤ ਤੋਂ ਬਣਿਆ ਮੰਨਿਆ ਹੈ, ਜੋ ਪਰਮੇਸ਼ਰਤੋਂ ਵਿਮੁਖ ਕਰਨ ਵਾਲਾ ਹੈ ਪਰ ਗੁਰੂ ਸਾਹਿਬ ਵਿਸ਼ਯ ਵਿਕਾਰਾਂ ਨੂੰ ਸ਼ੈਤਾਨ ਮੰਨਦੇ ਹਨ, ਵਿਕਾਰ ਗ੍ਰਸਤ ਲੋਕ ਸ਼ੈਤਾਨ ਦੇ ਅਸਰ ਹੇਠ ਹਨ।" (ਨਾਭਾ, *ਗੁਰਮਤ ਮਾਰਤੰਡ ਭਾਗ ਪਹਿਲਾ* 191) "ਉਘੇ ਫ਼ਰਿਸ਼ਤੇ ਹਨ- 1. ਜਬਰੀਲ,2. ਇਸਰਾਫ਼ੀਲ,3. ਇਜਰਾਈਲ,4. ਮੇਕਾਈਲ,5. ਅਜ਼ਾਜ਼ੀਲ- ਇਸ ਨੂੰ ਸ਼ੈਤਾਨ ਜਾਂ ਅਬਲੀਸ ਵੀ ਆਖਦੇ ਹਨ। ਇਸ ਫ਼ਰਿਸ਼ਤੇ ਨੇ ਰੱਬ ਦੇ ਕਹਿਣ ਤੇ ਵੀ ਆਦਮ ਨੂੰ ਸਜਦਾ ਨਹੀਂ ਸੀ ਕੀਤਾ। ਇਸ ਨਾਫਰਮਾਂਬਰਦਾਰੀ ਕਾਰਣ ਰੱਬ ਨੇ ਉਸ ਨੂੰ ਧੁਤਕਾਰ ਦਿੱਤਾ ਸੀ। ਤਦ ਤੋਂ ਉਸ ਦਾ ਕੰਮ ਰੱਬ ਦੇ ਚੰਗੇ ਬੰਦਿਆਂ ਨੂੰ ਮੰਦੇ ਰਾਹਾਂ ਤੇ ਪਾਣਾ ਹੋ ਗਿਆ। ਗੁਰੂ ਸਾਹਿਬਾਨ ਦੀ ਬਾਣੀ ਵਿਚ ਕਿਤੇ ਕਿਤੇ ਫ਼ਰਿਸ਼ਤਿਆਂ ਦਾ ਵਰਣਨ ਹੈ..."(ਜੱਗੀ, *ਖੋਜ ਪਤ੍ਰਿਕਾ ਸਤੰਬਰ 1985*274)

ਪਹਿਲੇ ਅਧਿਆਇ ਵਿਚ ਚਰਚਾ ਕੀਤੀ ਗਈ ਹੈ ਕਿ ਸਲੋਕ 'ਸੂਤ੍ਰਕ ਸ਼ੈਲੀ' ਵਿਚ ਰਚਿਆ ਜਾਂਦਾ ਹੈ। ਲੋਕ-ਮਨ ਵਿਚ ਬਦੀ ਦੇ ਪ੍ਰਤੀਕ ਦੇ ਤੌਰ 'ਤੇ ਵਸੇ ਸ਼ੈਤਾਨ ਦੀ ਚਰਚਾ ਜਦੋਂ ਕਿਸੇ ਬਾਣੀਕਾਰ ਦੀ ਰਚਨਾ ਵਿਚ ਆਉਂਦੀ ਹੈ ਤਾਂ ਉਸ ਬਾਣੀਕਾਰ ਨੂੰ ਵਿਕਾਰਾਂ ਜਾਂ ਬੁਰਾਈ ਬਾਰੇ ਕੋਈ ਵਿਖਿਆਨ ਨਹੀਂ ਦੇਣਾ ਪੈਂਦਾ, ਸਗੋਂ ਲੋਕ-ਮਨ ਬਾਣੀਕਾਰ ਦੇ ਉਸ ਭਾਵ ਨੂੰ ਸਹਿਜੇ ਹੀ ਭਾਂਪ ਜਾਂਦਾ ਹੈ ਕਿਉਂਕਿ ਸ਼ੈਤਾਨ ਦਾ ਮੁਹਾਂਦਰਾ ਲੋਕ-ਮਨ ਅੰਦਰ ਪਹਿਲਾਂ ਹੀ ਬਦੀ ਦੇ ਪ੍ਰਤੀਕ ਵਜੋਂ ਚਿੱਤਰਿਆ ਪਿਆ ਹੈ। ਇਸਦਾ ਸਿੱਧਾ ਭਾਵ ਇਹ ਹੈ ਕਿ

ਗੁਰਬਾਣੀ, ਤਤਕਾਲੀ ਮਾਨਵ ਦੇ ਹਿਰਦੇ ਅੰਦਰ 'ਸ਼ੈਤਾਨ' ਰੂਪੀ ਧਾਰਨਾ, ਬਦੀ ਦੇ ਪ੍ਰਤੀਕ ਵਜੋਂ, ਪਹਿਲਾਂ ਹੀ ਮੌਜੂਦ ਸੀ ਜਿਸ ਨੂੰ ਸੁਤ੍ਰਿਕ ਤੌਰ 'ਤੇ ਵਰਤ ਕੇ ਬਾਣੀਕਾਰਾਂ ਨੇ ਸਲੋਕ ਕਾਵਿ-ਰੂਪ ਦੀ ਸੂਤ੍ਰਕਿਤਾ ਦੀ ਸ਼ਰਤ ਨੂੰ ਪੂਰਾ ਕਰ ਲਿਆ ਹੈ:

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥
ਜੋ ਸੈਤਾਨ ਵੰਞਾਇਆ ਸੇ ਕਿਤ ਫੇਰਹਿ ਚਿਤ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1378)
ਅਤੇ,
ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1245)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਜਦੋਂ ਕੋਈ ਬਹੁਤਾ ਸ਼ਰਾਰਤੀ ਜਾਂ ਕਦਾਚਾਰੀ ਹੋਵੇ ਤਾਂ ਉਸਨੂੰ ਆਖਿਆ ਜਾਂਦਾ ਹੈ, "ਇਸਦੇ ਮੌਰਾਂ 'ਤੇ ਸ਼ੈਤਾਨ ਸਵਾਰ ਐ। " ਅਜੋਕੇ ਦੌਰ ਵਿਚ ਵੀ ਸ਼ੈਤਾਨ ਬਦੀ ਦੇ ਪ੍ਰਤੀਕ ਵਜੋਂ ਹੀ ਤਸਲੀਮ ਕੀਤਾ ਜਾਂਦਾ ਹੈ।

### 3.4.20 ਮਲਕ-ਉਲ-ਮੌਤ

ਇਹ ਇਸਲਾਮ ਵਿਚ ਹਿੰਦੂ ਮਤ ਦੇ ਜਮਦੂਤ ਦਾ ਪ੍ਰਯਾਯ ਹੈ। [62] ਇਹ ਮੌਤ-ਰੂਪੀ ਲਾੜੇ ਦੇ ਤੌਰ 'ਤੇ ਆਉਂਦਾ ਹੈ ਅਤੇ ਮਨੁੱਖ ਦੇ ਹੱਡਾਂ ਨੂੰ ਖੜਕਾ-ਖੜਕਾ ਕੇ (ਬੁਰਾ ਹਾਲ ਕਰਦਿਆਂ) ਉਸਦੀ ਜਾਨ ਕੱਢ ਕੇ (ਜਿੰਦ ਨੂੰ ਵਿਆਹ ਕੇ) ਤੁਰ ਜਾਂਦਾ ਹੈ। ਮੌਤ ਦੇ ਪਹਿਲੋਂ ਹੀ ਮੁਕੱਰਰ ਦਿਨ ਨੂੰ 'ਸਾਹਾ' (ਵਿਆਹ ਦਾ ਮੁਕੱਰਰ ਦਿਨ) ਲਿਖਿਆ ਗਿਆ ਹੈ:

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂ ਸਮਝਾਇ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

ਸਰੀਰ-ਰੂਪੀ ਕਿਲੇ ਦੇ ਢਹਿੰਦਿਆਂ ਸਾਰ, ਇਸ ਵਿਚ ਬਲ਼ ਰਹੇ ਅੱਖਾਂ-ਰੂਪੀ ਦੀਵੇ (ਜਿਹੜੇ ਚਾਨਣ ਲਈ ਆਵੱਸ਼ਕ ਸਨ) ਬੁਝਾ ਦਿੱਤੇ ਜਾਂਦੇ ਹਨ। ਸਾਹਾਂ ਦੀ ਡੋਰੀ ਟੁੱਟ ਜਾਂਦੀ ਹੈ ਅਤੇ ਸਰੀਰ-ਰੂਪੀ ਸੋਹਣਾ ਘੜਾ ਟੁੱਟ-ਫੁੱਟ ਜਾਂਦਾ ਹੈ। ਤਦ ਭਰਾ-ਭਾਈ ਵੀ ਇਸ ਮਨੁੱਖ ਨੂੰ ਬੰਨ੍ਹ ਕੇ ਅੱਗੇ ਤੋਰ ਦਿੰਦੇ ਹਨ:

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ॥
ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)
ਫਰੀਦਾ ਭੰਨੀ ਘੜੀ ਸੁਵੰਨਵੀ ਟੁਟੀ ਨਾਗਰ ਲਜੁ॥
ਅਜਰਾਈਲ ਫਰੇਸਤਾ ਕੈ ਘਰਿ ਨਾਠੀ ਅਜੁ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥

ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ॥(ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

**ਅਜੋਕੀ ਸਥਿਤੀ:** ਇਸਲਾਮੀ ਖ਼ਿਆਲ ਅਨੁਸਾਰ ਅੱਜ ਵੀ ਮਲਕ-ਉਲ-ਮੌਤ ਸਰੀਰ ਵਿੱਚੋਂ ਮਨੁੱਖ ਦੀ ਜਾਨ ਕੱਢ ਕੇ ਲਿਜਾਣ ਵਾਲਾ ਫ਼ਰਿਸ਼ਤਾ ਹੈ। "ਕਈਆਂ ਅਨੁਸਾਰ ਉਹ (ਰੂਹ ਜਾਂ ਆਤਮਾ) ਨਰਕ ਜਾਂ ਸੁਰਗ ਵਿਚ ਚਲੀ ਜਾਂਦੀ ਹੈ। ਕਈ ਨਰਕ ਸੁਰਗ ਨੂੰ ਏਥੇ ਹੀ ਮੰਨਦੇ ਹਨ, ਕਈ ਕੋਈ ਵਖਰੀਆਂ ਥਾਵਾਂ, ਜਿਥੇ ਸਾਡੇ ਕਰਮਾਂ ਉਤੇ ਵਿਬੇੜਾ ਹੋਣਾ ਹੈ। ਨਰਕ-ਸੁਰਗ, ਕਰਮ, ਕਿਸਮਤ, ਨਿਰਣਾ, ਨਿਆਂ, ਜਮਰਾਜ (ਜਾਂ ਮੌਤ ਦਾ ਕੋਈ ਫ਼ਰਿਸ਼ਤਾ) ਆਦਿ ਵਿਚਾਰ ਸਭ ਮਤਾਂ ਵਿਚ ਹੀ ਕੁਝ ਕੁਝ ਭਿੰਨਤਾ ਨਾਲ ਮੰਨੇ ਜਾਂਦੇ ਹਨ। " (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 133)

### 3.4.21 ਦਾਨਵ

ਗੁਰਬਾਣੀ ਕਾਲ ਦਾ ਲੋਕ-ਮਨ ਦੇਵਤਿਆਂ ਦੇ ਵਿਰੋਧੀ ਪੱਖ ਨੂੰ ਦਾਨਵ ਸ਼੍ਰੇਣੀ ਮੰਨਦਾ ਸੀ। ਇਸਦਾ ਹਵਾਲਾ ਹੇਠਾਂ ਦਿੱਤੇ ਜਾ ਰਹੇ ਸਲੋਕ-ਅੰਸ਼ ਵਿਚ ਦਿੱਤੇ ਗਏ ਉਲੇਖ ਤੋਂ ਹੋ ਜਾਂਦਾ ਹੈ:

ਨ ਦੇਵ ਦਾਨਵਾ ਨਰਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਮੰਨਦਾ ਹੈ ਕਿ ਦਾਨਵ ਸ਼੍ਰੇਣੀ, ਦੇਵਤਾ ਸ਼੍ਰੇਣੀ ਦੀ ਵਿਰੋਧੀ ਹੈ।

### 3.4.22 ਪ੍ਰੇਤ

ਹਿੰਦੀ ਪੰਜਾਬੀ ਕੋਸ਼ ਅਨੁਸਾਰ ਪ੍ਰੇਤ ਦਾ ਅਰਥ ਹੈ, "ਮਿਰਤਕ ਪ੍ਰਾਣੀ, ਮਰੇ ਹੋਏ ਮਨੁੱਖ ਦੀ ਰੂਹ, ਭੂਤ, ਇਕ ਮਾੜੀ ਜੂਨ। " (271) ਇਸ ਪ੍ਰਕਾਰ ਇਸ ਸ਼ਬਦ ਦਾ ਸਬੰਧ ਮਨੁੱਖ ਦੀ ਮ੍ਰਿਤੂ ਤੋਂ ਅਗਲੀ ਅਵਸਥਾ ਦੇ ਨਾਲ ਜਾ ਜੁੜਦਾ ਹੈ। ਗੁਰਬਾਣੀ ਕਾਲ ਦੇ ਸਮਾਜ ਦਾ ਮਨੁੱਖ ਪ੍ਰੇਤ ਆਤਮਾਵਾਂ ਵਿਚ ਯਕੀਨ ਰੱਖਦਾ ਸੀ, ਇਸੇ ਕਾਰਨ ਹੀ ਬਾਣੀਕਾਰਾਂ ਨੇ ਇਸ ਸੰਕਲਪ ਨੂੰ ਆਪਣੀ ਰਚਨਾ ਵਿਚ ਵਰਤਿਆ ਹੈ। ਪ੍ਰੇਤ ਸੰਕਲਪ ਦਾ ਤਤਕਾਲੀ ਮਨੁੱਖ ਦੇ ਵਿਸ਼ਵਾਸ਼ ਵਿਚ ਨਕਾਰਾਤਮਕ ਪ੍ਰਭਾਵ ਸੀ। ਗੁਰੂ ਸਾਹਿਬ ਮਨੁੱਖ ਨੂੰ ਚੰਗੇ ਕਰਮਾਂ ਦੁਆਰਾ ਦੇਵਤਿਆਂ ਵੱਤ ਬਣਨ ਦੀ ਪ੍ਰੇਰਨਾ ਦਿੰਦੇ ਹਨ:

ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੈ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 323)

ਅਤੇ,

ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 706)

ਪ੍ਰੇਤ ਸੰਕਲਪ ਮਨੁੱਖੀ ਮਾਨਸਿਕਤਾ ਵਿਚ ਨਕਾਰਾਤਮਕਤਾ ਸਹਿਤ ਵਸਿਆ ਹੋਇਆ ਸੀ । ਬਾਣੀਕਾਰਾਂ ਦੀ ਰਚਨਾ ਵਿਚ ਇਸ ਸ਼ਬਦ ਦੇ ਪ੍ਰਤੀਕਰਮ ਵਜੋਂ ਸਕਾਰਾਤਮਕ ਸੰਕਲਪ 'ਦੇਵਤੇ', 'ਭਗਤੀ' ਆਦਿ ਵਰਤੇ ਹੋਏ ਮਿਲਦੇ ਹਨ। ਤਤਕਾਲੀ ਲੋਕ-ਮਨ ਸ਼ਮਸ਼ਾਨ-ਭੂਮੀਆਂ ਵਿਚ ਪ੍ਰੇਤਾਂ ਦਾ ਵਾਸ ਮੰਨਦਾ ਸੀ:

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥

ਸੇ ਘਰ ਮਰਘਟ ਸਾਰਖੇ ਭੂਤ ਬਸਹਿ ਤਿਨ ਮਾਹਿ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਕਬੀਰ ਜੀ ਜਦੋਂ ਸਾਧੂ ਦਾ ਸਤਿਕਾਰ ਨਾ ਕਰਨ ਵਾਲੇ ਘਰ ਦੀ ਤੁਲਨਾ, ਭੂਤਾਂ ਦੇ ਬਸੇਰੇ ਵਾਲੀ ਸ਼ਮਸ਼ਾਨ-ਭੂਮੀ ਨਾਲ ਕਰਦੇ ਹਨ ਤਾਂ ਇਸ ਸਲੋਕ ਵਿਚ ਆਏ ਭਾਵ ਦਾ ਸਬੰਧ, ਸਹਿਜੇ ਹੀ, ਲੋਕ-ਮਨ ਵਿਚ ਬੈਠੇ ਉਸ ਖ਼ਿਆਲ ਨਾਲ ਜਾ ਜੁੜਦਾ ਹੈ, ਜਿਸ ਵਿਚ ਸ਼ਮਸ਼ਾਨ-ਭੂਮੀ ਬਾਰੇ ਸੋਚ ਕੇ ਮਨੁੱਖ ਦਾ ਮਨ ਭੈਅ-ਗ੍ਰਸਤ ਹੁੰਦਾ ਹੈ। ਉਸੇ ਨਕਾਰਾਤਮਕ ਪ੍ਰਭਾਵ ਵਾਲੇ ਚਿੰਨ੍ਹ ਨੂੰ ਭਗਤ ਕਬੀਰ ਜੀ ਆਦਰਸ਼ ਸ਼ਖ਼ਸੀਅਤਾਂ ਦਾ ਸਤਿਕਾਰ ਨਾ ਕਰਨ ਵਾਲੇ ਘਰਾਂ ਉੱਪਰ ਢੁਕਾਉਂਦੇ ਹਨ। ਪ੍ਰੇਤ, ਭੂਤ ਆਦਿ ਸੰਕਲਪਿਤ ਹਸਤੀਆਂ ਸਮਾਜ ਵਿਚ ਅਰਾਜਕਤਾ ਅਤੇ ਦਹਿਸ਼ਤ ਫੈਲਾਉਣ ਵਾਲੀਆਂ ਸਮਝੀਆਂ ਜਾਂਦੀਆਂ ਸਨ:

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ [63]ਬੇਤਾਲ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਜਦੋਂ ਗੁਰੂ ਸਾਹਿਬ ਇਸ ਸੰਕਲਪ ਨੂੰ ਸਮਕਾਲੀ ਸਮਾਜ ਵਿਚ ਫ਼ੈਲੇ ਗੰਧਲੇਪਨ ਦੇ ਸੰਦਰਭ ਵਿਚ ਵਰਤ ਰਹੇ ਹਨ ਤਾਂ ਲੋਕ-ਮਨ ਦੇ ਉਸ ਕੋਨੇ ਨੂੰ ਹਲੂਣ ਰਹੇ ਹਨ ਜਿਸ ਵਿਚ ਭੂਤ ਅਥਵਾ ਪ੍ਰੇਤ ਦਾ ਕਾਲੇ ਸਾਏ ਵਾਲਾ ਸੰਕਲਪ ਸਿਮਟਿਆ ਪਿਆ ਹੈ। ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਭੂਤ ਅਤੇ ਪ੍ਰੇਤ ਦਾ ਸੰਕਲਪ ਤਤਕਾਲੀ ਸਮਾਜ ਵਿਚ ਪ੍ਰਚੱਲਤ ਸੀ ਅਤੇ ਇਹ ਮਨ ਨੂੰ ਭੈਅ-ਗ੍ਰਸਤ ਕਰਨ ਵਾਲਾ ਨਕਾਰਾਤਮਕ ਸੰਕਲਪ ਸੀ।

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਮਨੁੱਖ ਪ੍ਰੇਤਾਂ ਵਿਚ ਯਕੀਨ ਰੱਖਦਾ ਹੈ। ਉਹ ਘਰ ਦੇ ਮਰ ਚੁੱਕੇ ਜੀਅ ਦੀ ਗਤੀ ਲਈ ਕਈ ਰਸਮਾਂ ਕਰਵਾਉਂਦਾ ਹੈ ਤਾਂ ਜੋ ਉਹ ਪ੍ਰੇਤ ਜੂਨ ਵਿਚ ਪੈ ਕੇ ਘਰ ਦੇ ਬਾਕੀ ਜੀਆਂ ਨੂੰ ਅਤੇ ਲੋਕਾਂ ਨੂੰ ਤੰਗ ਨਾ ਕਰੇ। "ਜਿੰਨ, ਭੂਤ, ਪ੍ਰੇਤ, ਜਾਂ ਕੁਝ ਚੰਬੜ ਜਾਨਾ ਜਾਂ ਰੂਹਾਂ ਦਾ ਆ ਕੇ ਘੇਰ ਲੈਣਾ ਆਦਿ ਵਹਿਮ ਸਭ ਮਤਾਂ ਦੇ ਵਹਿਮੀ ਲੋਕ ਮੰਨਦੇ ਹਨ... ... ਕਈਆਂ ਅਨੁਸਾਰ ਰੂਹ ਜਾਂ ਆਤਮਾ ਇਸ ਧਰਤੀ ਉਤੇ ਹੀ ਰਹਿੰਦੀ ਹੈ ਜੋ ਆ ਕੇ ਚੰਬੜ ਸਕਦੀ ਹੈ। ਕਈਆਂ ਅਨੁਸਾਰ ਉਹ ਨਰਕ ਜਾਂ ਸੁਰਗ ਵਿਚ ਚਲੀ ਜਾਂਦੀ ਹੈ। " (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ*132) "ਪਿੰਡਾਂ ਵਿਚ ਤਾਂ ਅੱਗੇ ਹੀ ਬਹੁਤ ਸਾਰੇ ਲੋਕ ਆਪਣੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦਾ ਕਾਰਨ ਇਹ ਸਮਝੀ ਬੈਠੇ ਹਨ ਕਿ ਸਾਨੂੰ ਕਿਸੇ ਨੇ ਕੁਝ 'ਕੀਤਾ' ਹੋਇਆ ਹੈ। ਕਿਸੇ ਛਾਇਆ ਦਾ ਪਹਿਰਾ ਹੈ। ਕਿਸੇ ਟੂਣੇ ਤਵੀਤ ਦਾ ਅਸਰ ਹੈ। ਕਿਸੇ ਬਦਰੂਹ ਦਾ ਪਰਛਾਵਾਂ ਹੈ। " (ਮੰਡ, *ਜੀਵਨ ਦੇ ਰੰਗ ਢੰਗ*57)

### 3.4.23 ਚਾਰ ਯੁੱਗ

ਗੁਰਬਾਣੀ ਕਾਲ ਦਾ ਮਨੁੱਖ ਸਮੇਂ ਦੇ ਅਤਿ ਲੰਮੇ ਅੰਤਰਾਲ ਲਈ 'ਯੁੱਗ' ਸ਼ਬਦ ਦਾ ਇਸਤੇਮਾਲ ਕਰਦਾ ਸੀ। ਇੱਕ ਤਰੀਕੇ ਨਾਲ ਇਹ ਸਮੇਂ-ਕਾਲ ਦੀ ਇਕਾਈ ਨਾਲ ਸਬੰਧ ਰੱਖਦੀ ਗੱਲ ਹੈ। ਭਾਵੇਂ ਇਹ ਇਕਾਈ (ਸਮਾਂ ਹੱਦ) ਹਰ ਯੁੱਗ ਲਈ ਸਮਰੂਪ ਨਾ ਹੋ ਕੇ ਮਨੁੱਖ ਦੀਆਂ ਪ੍ਰਵਿਰਤੀਆਂ ਅਤੇ ਵਿਹਾਰ 'ਤੇ ਆਧਾਰਿਤ ਸੀ। ਤਤਕਾਲੀ ਸਮਾਜ ਇਹ ਸਮਝਦਾ ਸੀ ਕਿ ਸਮਕਾਲੀ ਸਮਾਂ-ਕਾਲ ਕਲਯੁੱਗ ਦਾ ਇੱਕ ਅੰਤਰਾਲ ਹੈ ਅਤੇ ਇਹ ਮਨੁੱਖ ਨੂੰ ਵਿਕਾਰਾਂ ਵਿਚ ਲੈ ਗਰਕਣ ਵਾਲਾ ਯੁੱਗ ਹੈ। ਇਸੇ ਮਾਨਸਿਕਤਾ ਦੇ ਮੱਦੇਨਜ਼ਰ ਗੁਰੂ ਅਮਰਦਾਸ ਜੀ ਸਤਿਗੁਰੂ ਨੂੰ ਐਸੇ ਜਹਾਜ਼ ਵਜੋਂ ਰੂਪਮਾਨ ਕਰਦੇ ਹਨ ਜੋ ਵਿਕਾਰਾਂ ਦੀ ਵੈਤਰਣੀ ਵਿੱਚੋਂ ਮਨੁੱਖ ਨੂੰ ਉਬਾਰ ਲਵੇ:

ਇਹੁ ਮਨ ਕੇਤੜਿਆ ਜੁਗ ਭਰਮਿਆ(*ਸ੍ਰੀ ਗੁਰੂ ਗ੍ਰੰਥ ਸਾਹਿਬ* 513)

ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 552)

ਮਨੁੱਖੀ ਮਨ 'ਤੇ ਪਏ ਕਲਯੁੱਗ ਸੰਕਲਪ ਦੇ ਇਸੇ ਪ੍ਰਭਾਵ ਨੂੰ ਮੁੱਖ ਕੇ, ਗੁਰੂ ਅਮਰਦਾਸ ਜੀ ਅੰਧ-ਗੁਬਾਰ ਦੇ ਇਸ ਯੁੱਗ ਵਿਚ ਗੁਰਮੁਖ ਜੀਵਨ ਵਾਲਾ ਸੁਚੱਜਾ ਰਸਤਾ ਦਰਸਾਉਂਦੇ ਹਨ:

ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ॥

ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1285)

ਗੁਰਬਾਣੀ-ਕਾਲ ਦੀ ਮਾਨਵ-ਮਾਨਸਿਕਤਾ ਵਿਚ ਇਨ੍ਹਾਂ ਯੁੱਗਾਂ ਦੀ ਗਿਣਤੀ ਇੱਕ ਜਾਂ ਦੋ ਨਹੀਂ ਬਲਕਿ ਚਾਰ ਸੀ, ਜਿਸਦਾ ਸਪਸ਼ਟ ਉਲੇਖ ਗੁਰਬਾਣੀ ਵਿਚ ਮਿਲਦਾ ਹੈ:

ਚਹੁ ਜੁਗੀ ਕਲਿ ਕਾਲੀ ਕਾਂਢੀ ਇਕ ਉਤਮ ਪਦਵੀ ਇਸੁ ਜੁਗ ਮਾਹਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 551)

ਅਤੇ,

ਮਾਸੁ ਪੁਰਾਣੀ ਮਾਸੁ ਕਤੇਬਂੀ ਚਹੁ ਜੁਗਿ ਮਾਸੁ ਸਮਾਣਾ॥

ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1290)

ਉਕਤ ਚਾਰ ਯੁੱਗਾਂ ਦੇ ਪ੍ਰਚੱਲਤ ਨਾਮ ਕੀ ਸਨ, ਦਾ ਵੇਰਵਾ ਗੁਰੂ ਨਾਨਕ ਦੇਵ ਜੀ ਕ੍ਰਿਤ ਇੱਕ ਸਲੋਕ, ਜੋ ਆਸਾ ਦੀ ਵਾਰ ਦੀ ਤੇਰ੍ਹਵੀਂ ਪਉੜੀ ਦਾ ਪ੍ਰਥਮ ਸਲੋਕ ਹੈ, ਵਿੱਚੋਂ ਪ੍ਰਾਪਤ ਹੁੰਦਾ ਹੈ:

ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥

ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥

ਦੁਆਪਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ॥

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 470)

ਅੰਧ-ਗੁਬਾਰ ਦੇ ਇਸ ਕਾਲੇ ਯੁੱਗ 'ਕਲਯੁੱਗ' ਵਿਚ ਮਨੁੱਖ ਦੀਆਂ ਪ੍ਰਵਿਰਤੀਆਂ ਅਤੇ ਤਤਕਾਲੀ ਸਮਾਜ ਦੀਆਂ ਪ੍ਰਸਥਿਤੀਆਂ ਕੈਸੀਆਂ ਗੰਭੀਰ ਹੋ ਗਈਆਂ ਹਨ, ਦਾ ਨਕਸ਼ਾ ਗੁਰੂ ਅੰਗਦ ਦੇਵ ਜੀ ਕ੍ਰਿਤ ਨਿਮਨ ਸਲੋਕ ਵਿਚ ਦਿਖਾਈ ਪੈਂਦਾ ਹੈ:

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥

ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥

ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਗੁਰੂ ਸਾਹਿਬਾਨ ਦਾ ਦਰਸਾਇਆ ਮਾਰਗ ਇਸ ਸੰਕਲਪ ਦਾ ਦੂਜਾ ਸਿਰਾ ਹੋਣਾ, ਸਾਧਾਰਣ ਜਨਤਾ ਵਿਚ ਪ੍ਰਚੱਲਤ, ਕਲਯੁੱਗ ਦੇ ਨਕਾਰਾਤਮਕ ਸੰਕਲਪ ਨੂੰ ਸਹਿਜੇ ਹੀ ਸਪਸ਼ਟ ਕਰ ਦਿੰਦਾ ਹੈ:

ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ॥(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1314)

ਅਤੇ,

ਧਨੁ ਧਨੁ ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1414)

ਸਤਿਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਜੱਪਣ ਵਾਲਿਆਂ ਲਈ ਕਲਯੁੱਗ ਵੀ ਮੁਬਾਰਕ ਹੈ। ਕਲਯੁੱਗ ਦਾ ਮਾੜਾ ਪ੍ਰਭਾਵ ਉਨ੍ਹਾਂ ਦਾ ਕੁਝ ਵੀ ਨਹੀਂ ਵਿਗਾੜ ਸਕਦਾ ਕਿਉਂਕਿ ਪ੍ਰਭੂ ਦੇ ਨਾਮ ਦੀ ਸੱਤਿਆ ਉਨ੍ਹਾਂ ਦੀ ਰੱਖਿਆ ਕਰਦੀ ਹੈ।

**ਅਜੋਕੀ ਸਥਿਤੀ:** ਅਜੋਕੇ ਸਮੇਂ ਦਾ ਮਨੁੱਖ ਵੀ ਯੁੱਗਾਂ ਦੀ ਗਿਣਤੀ ਚਾਰ ਮੰਨਦਾ ਹੈ ਤੇ ਅਜੋਕੇ ਸਮਾਂ-ਕਾਲ ਨੂੰ ਕਲਯੁੱਗ ਦਾ ਹੀ ਇੱਕ ਅੰਗ ਮੰਨਦਾ ਹੈ।

### 3.4.24 ਚੁਰਾਸੀ ਲੱਖ ਜੂਨ

ਗੁਰਬਾਣੀ ਕਾਲੀ ਮਨੁੱਖ (ਖ਼ਾਸ ਕਰ [64]ਹਿੰਦੂ ਅਤੇ [65]ਜੈਨੀ) ਸਮੁੱਚੇ ਜੀਵਾਂ ਦੀ ਵੰਡ ਚੁਰਾਸੀ ਲੱਖ ਜਾਤੀਆਂ ਵਿਚ ਹੋਈ ਮੰਨਦਾ ਸੀ, ਜਿਸਦਾ ਸਪਸ਼ਟ ਉਲੇਖ ਸਲੋਕਾਂ ਵਿਚ ਕਈ ਥਾਵਾਂ 'ਤੇ ਮਿਲ ਜਾਂਦਾ ਹੈ:

ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 88)

ਅਤੇ,

ਲਖ ਚਉਰਾਸੀਹ ਮੇਦਨੀ ਤਿਸਨਾ ਜਲਤੀ ਕਰੇ ਪੁਕਾਰ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 416)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਚੁਰਾਸੀ ਲੱਖ ਜੂਨਾਂ ਦੀ ਹੋਂਦ ਵਿਚ ਯਕੀਨ ਰੱਖਦਾ ਹੈ।

### 3.4.25 ਸਵਰਗ

ਲੋਕ-ਮਨ ਦੇ ਵਿਸ਼ਵਾਸ ਅਨੁਸਾਰ ਸਵਰਗ ਲੋਕ ਵਿਚ ਬੇਅੰਤ ਸੁੱਖ ਹਨ, ਜਿਸਦਾ ਉਲੇਖ ਗੁਰੂ ਅਰਜਨ ਦੇਵ ਜੀ ਕ੍ਰਿਤ ਹੇਠ ਲਿਖੇ ਸਲੋਕ ਤੋਂ ਮਿਲਦਾ ਹੈ ਜਦੋਂ ਗੁਰੂ ਜੀ, ਸੂਤ੍ਰਿਕ ਸ਼ੈਲੀ ਵਿਚ, ਅਥਾਹ ਸੁੱਖਾਂ ਨੂੰ 'ਸਵਰਗ ਵਿਚ ਨਿਵਾਸ' ਵਜੋਂ ਬਿਆਨ ਕਰਦੇ ਹਨ। ਗੁਰੂ ਸਾਹਿਬ ਦਾ ਕਥਨ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨਾ ਸਵਰਗ ਜਿਹੇ ਸੁੱਖ ਵੀ ਕਿਸੇ ਕੰਮ ਦੇ ਨਹੀਂ। ਨਾਮ ਤੋਂ ਵਿਹੂਣਾ ਮਨੁੱਖ ਸਵਰਗ ਵਿਚ ਰਹਿੰਦਾ ਹੋਇਆ ਵੀ ਮਾਨੋ ਜੰਗਲ (ਉਜਾੜ) ਦਾ ਵਾਸੀ ਹੈ:

ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ। ।

ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 707)

ਗੁਰੂ ਨਾਨਕ ਦੇਵ ਜੀ ਇਸ ਤਤਕਾਲੀ ਵਿਸ਼ਵਾਸ ਨੂੰ, ਜਿਸ ਅਨੁਸਾਰ ਚੰਗੇ ਕੰਮਾਂ ਵਾਲਾ ਮਨੁੱਖ ਸਵਰਗ ਅਤੇ ਮੰਦੇ ਕੰਮਾਂ ਵਾਲਾ ਮਨੁੱਖ ਨਰਕ ਨੂੰ ਪ੍ਰਾਪਤ ਹੁੰਦਾ ਹੈ, ਵੇਦ ਦੀ ਉਪਜ ਦੱਸਦੇ ਹਨ। ਗੁਰੂ ਅੰਗਦ ਦੇਵ ਜੀ ਦਾ ਵੀ ਇਹੀ ਮਤ ਹੈ:

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ॥

ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਕਥਾ ਕਹਾਣੀ ਬੇਦੰੀ ਆਣੀ ਪਾਪੁ ਪੁੰਨੁ ਬੀਚਾਰੁ॥

ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ॥(ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1243)

ਹਿੰਦੂ ਲੋਕਾਂ ਵਿਚ ਜਿੱਥੇ ਉਕਤ ਥਾਂ ਦਾ ਨਾਂ 'ਸਵਰਗ' ਸੀ, ਓਥੇ ਇਸਲਾਮੀ ਖ਼ਿਆਲ ਮੁਤਾਬਕ ਇਹ ਜਗ੍ਹਾ 'ਬਹਿਸ਼ਤ' ਨਾਮ ਕਰਕੇ ਆਉਂਦੀ ਸੀ, ਜਿਸਦਾ ਉਲੇਖ 'ਬਹਿਸ਼ਤ' ਸ਼ਬਦ ਦੇ ਤਦਭਵੀ-ਰੂਪ ਵਜੋਂ 'ਭਿਸਤ' ਸ਼ਬਦ ਕਰਕੇ ਸਲੋਕ ਬਾਣੀ-ਰੂਪ ਵਿਚ

ਆਇਆ ਹੈ। ਗੁਰੂ ਸਾਹਿਬ ਦਾ ਕਥਨ ਹੈ ਕਿ ਕਰਣੀ ਤੋਂ ਬਿਨਾ ਕੋਈ ਵੀ ਸੁੱਖ ਪ੍ਰਾਪਤ ਹੋਣ ਵਾਲਾ ਨਹੀਂ। ਸੱਚ ਦੀ ਕਮਾਈ ਹੀ ਮਨੁੱਖ ਨੂੰ ਸੁਖੀ ਕਰ ਸਕਦੀ ਹੈ:

ਕਰਣੀ ਬਾਝਹੁ ਭਿਸਤਿ ਨ ਪਾਈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 952)

ਅਤੇ,

ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 141)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਸਵਰਗ/ਬਹਿਸ਼ਤ ਦੀ ਹੋਂਦ ਮੰਨੀ ਜਾਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਚੰਗੇ ਕੰਮ ਕਰਨ ਵਾਲਾ ਮਨੁੱਖ ਸਵਰਗ ਦਾ ਸੁੱਖ ਭੋਗਦਾ ਹੈ। "ਕਈਆਂ ਅਨੁਸਾਰ ਉਹ (ਰੂਹ ਜਾਂ ਆਤਮਾ) ਨਰਕ ਜਾਂ ਸੁਰਗ ਵਿਚ ਚਲੀ ਜਾਂਦੀ ਹੈ। ਕਈ ਨਰਕ ਸੁਰਗ ਨੂੰ ਏਥੇ ਹੀ ਮੰਨਦੇ ਹਨ, ਕਈ ਕੋਈ ਵਖਰੀਆਂ ਥਾਵਾਂ, ਜਿਥੇ ਸਾਡੇ ਕਰਮਾਂ ਉਤੇ ਵਿਬੇੜਾ ਹੋਣਾ ਹੈ। ਨਰਕ-ਸੁਰਗ, ਕਰਮ, ਕਿਸਮਤ, ਨਿਰਣਾ, ਨਿਆਂ, ਜਮਰਾਜ (ਜਾਂ ਮੌਤ ਦਾ ਕੋਈ ਫ਼ਰਿਸ਼ਤਾ) ਆਦਿ ਵਿਚਾਰ ਸਭ ਮਤਾਂ ਵਿਚ ਹੀ ਕੁਝ ਕੁਝ ਭਿੰਨਤਾ ਨਾਲ ਮੰਨੇ ਜਾਂਦੇ ਹਨ। " (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 133)

### 3.4.26 ਨਰਕ

ਗੁਰਬਾਣੀ ਕਾਲ ਦੇ ਮਨੁੱਖ ਲਈ 'ਨਰਕ' ਇੱਕ ਅਜਿਹੇ ਚਿੰਨ੍ਹ ਵਜੋਂ ਪ੍ਰਚੱਲਤ ਸੀ, ਜਿੱਥੇ ਮੰਦ-ਕਰਮੀਆਂ ਨੂੰ ਮੌਤ ਮਗਰੋਂ ਲਿਜਾ ਕੇ ਕਰੜੀ ਸਜ਼ਾ ਦਿੱਤੀ ਜਾਂਦੀ ਸੀ। ਮਨੁੱਖੀ ਮਨ ਅੰਦਰ ਨਰਕ ਇੱਕ ਭੈਅ-ਦਾਇਕ ਚਿੰਨ੍ਹ ਵਜੋਂ ਉਸਰਿਆ ਹੋਇਆ ਸੀ। ਇਸੇ ਚਿੰਨ੍ਹ ਨੂੰ ਹੋਰ ਉਘਾੜ ਕੇ ਬਾਣੀਕਾਰਾਂ ਨੇ ਮਨੁੱਖ ਲਈ ਮੰਦੇ ਕੰਮਾਂ ਵੱਲੋਂ ਵਰਜਨਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਇਸੇ ਲੋਕ-ਪ੍ਰਚੱਲਤ ਵਿਚਾਰ ਨੂੰ ਆਧਾਰ ਬਣਾ ਕੇ ਬਾਣੀਕਾਰਾਂ ਨੇ ਆਪਣੀ ਗੱਲ ਕਹੀ:

ਰਾਮ ਸਨੇਹੀ ਬਾਹਰਾ ਜਮ ਪੁਰੁ ਮੇਰੇ ਭਾਂਇ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਹਰਿ ਛੋਡਨੁ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 322)

ਅਤੇ,

ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 315)

ਨਰਕ ਲਈ ਇੱਕ ਹੋਰ ਨਾਂ 'ਜਮ ਪੁਰ' ਵੀ ਪ੍ਰਚੱਲਤ ਸੀ, ਜਿਸਦਾ ਭਾਵ ਸੀ ਉਹ ਪੁਰੀ (ਨਗਰੀ), ਜਿੱਥੋਂ ਦਾ ਮੁਖੀ ਮਨੁੱਖ ਦੇ ਚੰਗੇ-ਮਾੜੇ ਕੰਮਾਂ ਦਾ ਨਿਆਂ ਕਰਤਾ, ਜਮਰਾਜ ਅਥਵਾ ਧਰਮ ਰਾਜ ਹੋਵੇ ਤੇ ਓਥੇ ਧਰਮ ਰਾਜ ਦੇ ਕੰਕਰ (ਜਮਕੰਕਰ ਭਾਵ ਜਮ ਦੇ ਦਾਸ, ਦੂਤ ਅਥਵਾ ਜਮਦੂਤ) ਵੀ ਆਪਣੀ ਡਿਊਟੀ ਕਰਦੇ ਸਮਝੇ ਜਾਂਦੇ ਸਨ:

ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ<br>ਤਿਥੈ ਖੜਿ ਪਾਇਹੁ ਜਿਥੈ ਮਹਾਂ ਮਹਾਂ ਹਥਿਆਰਿਆ॥(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 316)

ਗੁਰੂ ਸਾਹਿਬ ਨੇ ਮਨੁੱਖ ਨੂੰ ਆਪਣੀ ਕਰਨੀ ਵਿਚ ਉਸਾਰੂ ਤਬਦੀਲੀ ਲਿਆਉਣ 'ਤੇ ਬਲ ਦਿੱਤਾ ਅਤੇ ਇਸ ਭੈ-ਦਾਇਕ ਚਿੰਨ੍ਹ ਦਾ ਮਨੁੱਖੀ ਮਨ ਵਿੱਚੋਂ ਨਿਰਾਕਰਣ ਕੀਤਾ:

ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 257)

ਭਗਤ ਕਬੀਰ ਜੀ ਨੇ ਕਿਹਾ:

ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰੁ॥

ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ ਪਰਵਿਦਗਾਰ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਮੁਸਲਮਾਨੀ ਖ਼ਿਆਲ ਵਿਚ ਨਰਕ ਅਥਵਾ ਜਮਪੁਰੀ ਲਈ 'ਦੋਜਕ' ਨਾਮ ਪ੍ਰਚੱਲਤ ਸੀ:

ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 319)

ਅਤੇ,

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥

ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥(ਭਗਤ ਰਵਿਦਾਸ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਵੀ ਮੰਨਦਾ ਹੈ ਕਿ ਮੰਦ-ਕਰਮੀ ਮਨੁੱਖਾਂ ਨੂੰ ਇਸ ਧਰਾਤਲ 'ਤੇ ਨਾ ਸਹੀ ਨਰਕ ਵਿਚ ਸਜ਼ਾ ਜ਼ਰੂਰ ਮਿਲਦੀ ਹੈ। "ਕਈਆਂ ਅਨੁਸਾਰ ਉਹ (ਰੂਹ ਜਾਂ ਆਤਮਾ) ਨਰਕ ਜਾਂ ਸੁਰਗ ਵਿਚ ਚਲੀ ਜਾਂਦੀ ਹੈ। ਕਈ ਨਰਕ ਸੁਰਗ ਨੂੰ ਏਥੇ ਹੀ ਮੰਨਦੇ ਹਨ, ਕਈ ਕੋਈ ਵਖਰੀਆਂ ਥਾਵਾਂ, ਜਿਥੇ ਸਾਡੇ ਕਰਮਾਂ ਉਤੇ ਵਿਬੇੜਾ ਹੋਣਾ ਹੈ। ਨਰਕ-ਸੁਰਗ, ਕਰਮ, ਕਿਸਮਤ, ਨਿਰਣਾ, ਨਿਆਂ, ਜਮਰਾਜ (ਜਾਂ ਮੌਤ ਦਾ ਕੋਈ ਫ਼ਰਿਸ਼ਤਾ) ਆਦਿ ਵਿਚਾਰ ਸਭ ਮਤਾਂ ਵਿਚ ਹੀ ਕੁਝ ਕੁਝ ਭਿੰਨਤਾ ਨਾਲ ਮੰਨੇ ਜਾਂਦੇ ਹਨ। " (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 133)

### 3.4.27 ਮੋਕਸ਼

ਸਲੋਕ ਬਾਣੀ-ਰੂਪ ਵਿਚ 'ਮੋਕਸ਼' ਸ਼ਬਦ ਲਈ 'ਮੋਖ' (ਤਦਭਵ-ਰੂਪ ਸ਼ਬਦ) ਵੀ ਆਉਂਦਾ ਹੈ। ਮਨੁੱਖ ਦਾ ਮੋਕਸ਼ ਪਦ ਦੀ ਪ੍ਰਾਪਤੀ ਕਰਨਾ ਮਾਨਵ ਜੂਨੀ ਵਿਚ ਆਉਣ ਦਾ ਮਕਸਦ ਰਿਹਾ ਹੈ, ਜਿਸ ਨੂੰ ਆਧਾਰ ਬਣਾ ਕੇ ਬਾਣੀਕਾਰਾਂ ਨੇ ਮਨੁੱਖ ਨੂੰ ਸਮੁੱਚੀ ਮਾਨਵਤਾ ਦਾ ਹਿਤ ਮੁੱਖ ਰੱਖ ਕੇ ਕੰਮ ਕਰਨ ਦੀ ਪ੍ਰੇਰਣਾ ਦਿੱਤੀ:

ਨਾਨਕ ਅਨਦਿਨੁ ਨਾਮੁ ਧਿਆਇ ਤੂ ਅੰਤਰਿ ਜਿਤੁ ਪਾਵਹਿ ਮੋਖ ਦੁਆਰ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1248)

ਜਿਨ ਕੰਉ ਸਤਿਗੁਰੁ ਭੇਟਿਆ ਸੇ ਹਰਿ ਕੀਰਤਿ ਸਦਾ ਕਮਾਹਿ॥

.....................

ਕੁਲੁ ਉਧਾਰਹਿ ਆਪਣਾ ਮੋਖ ਪਦਵੀ ਪਾਹਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 592)

ਇਸ ਪਦ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਨੇ ਆਤਮ-ਚਿੰਤਨ 'ਤੇ ਬਲ ਦਿੱਤਾ:

ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 650)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਮੋਕਸ਼ ਦੀ ਪ੍ਰਾਪਤੀ ਹੋਣ 'ਤੇ ਜਨਮ-ਮਰਨ ਦਾ ਫੇਰ ਮੁੱਕ ਜਾਣ ਵਿਚ ਯਕੀਨ ਕਰਦਾ ਹੈ।

### 3.4.28 ਚਾਰ ਪਦਾਰਥ

"ਜ਼ਿੰਦਗੀ ਦੇ ਸਭ ਤੋਂ ਉੱਤਮ ਚਾਰ ਪਦਾਰਥ ਮੰਨੇ ਗਏ ਹਨ:ਧਰਮ= ਆਪਣੇ ਨੇਮਾਂ ਵਿੱਚ ਪੱਕਾ ਹੋਣਾ;ਅਰਥ= ਦੁਨਿਆਵੀ ਲੋੜਾਂ ਦੀ ਪੂਰਣਤਾ;ਕਾਮ= ਕਾਮਯਾਬੀਆਂ; ਮੋਖ= ਮੁਕਤੀ। "(ਸ਼੍ਰੋ. ਗੁ. ਪ੍ਰ. ਕ., *ਸ਼ਬਦਾਰਥ* 785)

ਸਲੋਕ ਬਾਣੀ-ਰੂਪ ਵਿਚ ਇਨ੍ਹਾਂ ਚਾਰ ਪਦਾਰਥਾਂ ਦਾ ਨਾਮ ਸਹਿਤ ਜ਼ਿਕਰ ਆਉਂਦਾ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਗੁਰਬਾਣੀ ਕਾਲ ਦਾ ਮਾਨਵ, ਮਨੁੱਖੀ ਜੀਵਨ ਦੇ ਇਨ੍ਹਾਂ ਚਾਰ ਪਰਮ-ਲਕਸ਼ਾਂ ਪ੍ਰਤਿ ਵਿਸ਼ਵਾਸ ਰੱਖਦਾ ਸੀ। ਗੁਰੂ ਸਾਹਿਬ ਨੇ ਪ੍ਰਭੂ ਨੂੰ ਸਰਬ-ਪਦਾਰਥਾਂ ਦਾ ਸੁਆਮੀ ਦੱਸਦੇ ਹੋਏ, ਇਨ੍ਹਾਂ ਮੁੱਖ ਚਾਰ ਪਦਾਰਥਾਂ ਦੀ ਨਾਮਾਂ ਸਹਿਤ ਗਿਣਤੀ, ਉਨ੍ਹਾਂ ਪਦਾਰਥਾਂ ਦੀ ਸੂਚੀ ਵਿਚ ਕੀਤੀ ਹੈ। ਪ੍ਰਭੂ ਸਭ ਨਿਆਮਤਾਂ ਦਾ ਦਾਤਾ ਹੈ:

ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ॥
ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 927)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਇਨ੍ਹਾਂ ਸ਼ਬਦਾਂ (ਧਰਮ, ਅਰਥ, ਕਾਮ, ਮੋਕਸ਼) ਦੇ ਅਰਥਾਂ ਵਿਚ ਦਰਸਾਏ ਹੋਏ (ਉਕਤ ਵਰਣਿਤ) ਟੀਚਿਆਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ।

### 3.4.29 ਤ੍ਰਿਭਵਨ

ਗੁਰਬਾਣੀ ਕਾਲ ਦਾ ਮਾਨਵ ਸ੍ਰਿਸ਼ਟੀ ਦੇ ਅੰਤਰਗਤ ਤਿੰਨ ਭਵਨ ਖ਼ਿਆਲਦਾ ਸੀ, "ਸ੍ਵਰਗ, ਪ੍ਰਿਥਵੀ ਅਤੇ ਪਾਤਾਲ"(ਨਾਭਾ, *ਮਹਾਨ ਕੋਸ਼*608)। ਸ੍ਰੀ ਗੁਰੂ ਅਰਜਨ ਦੇਵ ਜੀ ਕ੍ਰਿਤ ਨਿਮਨਲਿਖਤ ਪੰਕਤੀ ਵਿਚ ਤ੍ਰਿਭਵਨ ਦਾ ਸਪਸ਼ਟ ਹਵਾਲਾ ਮਿਲਦਾ ਹੈ:

ਜਤਕਤਹਤਤਹਦ੍ਰਿਸਟੰਸ੍ਵਰਗ ਮਰਤ ਪਯਾਲ ਲੋਕਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1357)

ਮਨੁੱਖ ਸਮਝਦਾ ਸੀ ਕਿ ਸ੍ਰਿਸ਼ਟੀ ਦਾ ਵਿਸਤਾਰ ਇਨ੍ਹਾਂ ਤਿੰਨ ਜਗ੍ਹਾਵਾਂ ਤੱਕ ਹੀ ਸੀਮਿਤ ਹੈ ਤਾਂ ਹੀ ਤਾਂ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥" (*ਸ੍ਰੀ ਗੁਰੂ ਗ੍ਰੰਥ ਸਾਹਿਬ* 5) ਆਖਣ ਵਾਲੇ ਗੁਰੂ ਨਾਨਕ ਦੇਵ ਜੀ ਦੇ ਤੀਸਰੇ ਜਾਂ-ਨਸ਼ੀਨ ਗੁਰੂ ਅਮਰਦਾਸ ਜੀ ਲੋਕ ਖ਼ਿਆਲ ਅਨੁਸਾਰ ਪ੍ਰਭੂ ਦਾ ਪਸਾਰਾ ਤ੍ਰਿਭਵਨਾਂ ਵਿਚ ਪਸਰਿਆ ਦੱਸਦੇ ਹਨ, ਜਦੋਂ ਕਿ ਉਨ੍ਹਾਂ ਦੇ ਕਹਿਣ ਦਾ ਭਾਵ ਹੈ ਕਿ ਪ੍ਰਭੂ ਸ੍ਰਿਸ਼ਟੀ ਦੇ ਜ਼ੱਰ੍ਹੇ-ਜ਼ੱਰ੍ਹੇ ਵਿਚ ਵਿਆਪਕ ਹੈ:

ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 515)

ਗੁਰੂ ਅਮਰਦਾਸ ਜੀ, ਇੱਕ ਥਾਂ ਹੋਰ, ਲੋਕ-ਖ਼ਿਆਲ ਵਿਚ ਵਸੇ ਸ੍ਰਿਸ਼ਟੀ ਦੇ ਇਸ ਤਸੱਵਰ ਅਨੁਸਾਰ ਹਉਮੈ ਦੀ ਰਸਾਈ ਹਰ ਥਾਂ ਦੱਸਦੇ ਹਨ:

ਤ੍ਰਿਭਵਣ ਢੂਢੀ ਸਜਣਾ ਹਉਮੈ ਬੁਰੀ ਜਗਤਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1088)

ਗੁਰੂ ਸਾਹਿਬ ਅਨੁਸਾਰ ਸ੍ਰਿਸ਼ਟੀ ਦਾ ਪਸਾਰਾ ਬੇਅੰਤ ਹੈ।

**ਅਜੋਕੀ ਸਥਿਤੀ:** ਅਜੋਕਾ ਮਨੁੱਖ ਬ੍ਰਹਿਮੰਡ ਦੀ ਅਸੀਮਤਾ ਵਿਚ ਵਿਸ਼ਵਾਸ ਰੱਖਦਾ ਹੈ।

### 3.4.30 ਪੁਰੀਆਂ

ਪੁਰੀ ਤੋਂ ਭਾਵ ਹੈ "ਸਵਰਗ ਲੋਕ ਅਥਵਾ ਦੇਵਪੁਰੀ"(ਨਾਭਾ, *ਮਹਾਨ ਕੋਸ਼*778)। ਵੱਖ-ਵੱਖ ਦੇਵਤਿਆਂ ਦੀਆਂ ਵੱਖ-ਵੱਖ ਨਗਰੀਆਂ (ਪੁਰੀਆਂ) ਮੰਨੀਆਂ ਗਈਆਂ ਹਨ ਜਿਵੇਂ ਇੰਦਰਪੁਰੀ, ਸ਼ਿਵਪੁਰੀ, ਵਿਸ਼ਨੂੰਪੁਰੀ ਆਦਿ। ਗੁਰਬਾਣੀ ਰਚਨਾ-ਕਾਲ ਦਾ ਮਨੁੱਖ ਵਿਭਿੰਨ ਦੇਵਤਿਆਂ ਦੀ ਹੋਂਦ ਵਿਚ ਵਿਸ਼ਵਾਸ ਰੱਖਦਾ ਸੀ, ਸੋ ਉਸਦੇ ਮਨ ਵਿਚ, ਉਨ੍ਹਾਂ ਦੇਵਤਿਆਂ ਦੇ ਨਿਵਾਸ ਸਥਾਨਾਂ (ਪੁਰੀਆਂ) ਪ੍ਰਤਿ ਧਾਰਨਾ ਦਾ ਹੋਣਾ ਵੀ ਲਾਜ਼ਮੀ ਹੈ। ਗੁਰੂ ਨਾਨਕ ਦੇਵ ਜੀ ਤਤਕਾਲੀ ਲੋਕ-ਮਨ ਦੀ ਇਸ ਭਾਵਨਾ ਨੂੰ ਆਪਣੀ ਰਚਨਾ ਵਿਚ ਥਾਂ ਦਿੰਦੇ ਹਨ। ਜਦੋਂ ਗੁਰੂ ਜੀ ਪੂਰੇ ਬ੍ਰਹਿਮੰਡ ਦੇ ਸੰਦਰਭ ਵਿਚ ਗੱਲ ਕਰਦੇ ਹਨ ਤਾਂ ਲੋਕ-ਮਨ ਵਿਚ ਵਸਦੇ ਇਨ੍ਹਾਂ ਦੇਵ-ਸਥਾਨਾਂ ਨੂੰ ਵੀ ਵਿਚ ਸ਼ਾਮਿਲ ਕਰਦੇ ਹਨ:

> ਸਭੇ ਰੁਤੀ ਮਾਹ ਸਭਿ ਸਭਿ ਧਰਤੰੀ ਸਭਿ ਭਾਰ॥
> ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ॥
> ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1241)
> ਅਤੇ,
> ਪੁਰੀਆ ਖੰਡਾ ਸਿਰਿ ਕਰੇ ਇਕ ਪੈਰਿ ਧਿਆਏ॥
> ਪਉਣੁ ਮਾਰਿ ਮਨਿ ਜਪੁ ਕਰੇ ਸਿਰੁ ਮੁੰਡੀ ਤਲੈ ਦੇਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1241)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ (ਜਿਹੜਾ ਇਨ੍ਹਾਂ ਵਿਸ਼ਵਾਸਾਂ ਦਾ ਧਾਰਨੀ ਹੈ) ਦੇਵਤਿਆਂ ਦੇ ਨਿਵਾਸ ਸਥਾਨਾਂ (ਪੁਰੀਆਂ) ਵਿਚ ਯਕੀਨ ਰੱਖਦਾ ਹੈ। ਵੱਖ-ਵੱਖ ਦੇਵੀ-ਦੇਵਤਿਆਂ ਦੇ ਨਾਮ 'ਪੁਰ ਵੱਖ-ਵੱਖ ਦਿਨਾਂ 'ਤੇ ਵਰਤ ਰੱਖੇ ਜਾਂਦੇ ਹਨ।

### 3.4.31 ਨੌਂ ਖੰਡ

ਗੁਰਬਾਣੀ ਕਾਲ ਦਾ ਮਨੁੱਖ ਪ੍ਰਿਥਵੀ ਨੂੰ ਨੌਂ ਹਿੱਸਿਆਂ ਵਿਚ ਵੰਡੀ ਹੋਈ ਮੰਨਦਾ ਸੀ ਅਤੇ ਇਸ ਹਰੇਕ ਹਿੱਸੇ ਜਾਂ ਭਾਗ ਨੂੰ ਉਹ ਖੰਡ ਆਖਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਇਨ੍ਹਾਂ ਨੌਂ ਖੰਡਾਂ ਦੇ ਨਾਵਾਂ ਦਾ ਜ਼ਿਕਰ ਆਪਣੀ ਪੁਸਤਕ 'ਗੁਰੁਮਤ ਮਾਰਤੰਡ', ਭਾਗ-ਦੂਜਾ ਵਿਚ ਕਰਦੇ ਹਨ (ਪੰਨਾ 439)

ੳ. ਕੁਰਅ. ਹਿਰਨਮਯਏ.ਇਲਾਵਰਤਸ. ਕੇਤੁਮਾਲਹ. ਹਰਿਵਰਸ਼ਕ. ਰਮਯਕਖ. ਕਿਪੁਰਸ਼ਗ. ਭਦ੍ਰਘ. ਘ. ਭਾਰਤ।

ਸਲੋਕ ਬਾਣੀ-ਰੂਪ ਵਿਚ ਇਸ ਲੋਕ-ਮਨੌਤ ਦਾ ਜ਼ਿਕਰ ਮਿਲਦਾ ਹੈ। ਗੁਰੂ ਸਾਹਿਬ ਆਖਦੇ ਹਨ ਕਿ ਮਨੁੱਖ ਸੰਸਾਰ ਦੇ ਕਿਸੇ ਭਾਗ ਵਿਚ ਵੀ ਕਿਉਂ ਨਾ ਰਹੇ, ਉਹ ਪਰਮਾਤਮਾ ਦੇ ਨਾਮ ਤੋਂ ਬਿਨਾ ਸੁੱਖ ਹਾਸਲ ਨਹੀਂ ਕਰ ਸਕਦਾ:

> ਬਸੰਤਿ ਸਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ। ।
> ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 707)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਸਮੁੱਚੀ ਧਰਤੀ ਨੂੰ ਸੱਤ ਮਹਾਂਦੀਪਾਂ ਵਿਚ ਵੰਡੀ ਹੋਈ ਮੰਨਦਾ ਹੈ। ਇਨ੍ਹਾਂ ਦੇ ਨਾਮ ਹਨ: ਏਸ਼ੀਆ, ਉੱਤਰੀ ਅਮਰੀਕਾ, ਦੱਖਣੀ ਅਮਰੀਕਾ, ਆਸਟ੍ਰੇਲੀਆ, ਯੂਰਪ, ਅਫ਼ਰੀਕਾ, ਅੰਟਾਰਕਟਿਕਾ।

### 3.4.32 ਸੱਤ ਦੀਪ

ਗੁਰਬਾਣੀ ਰਚਨਾ-ਕਾਲ ਦਾ ਮਨੁੱਖ ਸਮਝਦਾ ਸੀ ਕਿ ਖੰਡਾਂ ਦੇ ਆਧਾਰ 'ਤੇ ਪ੍ਰਿਥਵੀ ਦੇ ਨੌਂ ਭਾਗ ਹਨ ਅਤੇ ਦੀਪਾਂ ਦੇ ਆਧਾਰ 'ਤੇ ਇਹ ਸੱਤ ਹਿੱਸਿਆਂ ਵਿਚ ਵੰਡੀ ਹੋਈ ਹੈ। "ਪ੍ਰਿਥਵੀ ਮੰਡਲ ਦੇ ਸੱਤ ਉਹ ਭਾਗ, ਜੋ ਭਾਗਵਤ ਆਦਿ ਪੁਰਾਣਾਂ ਨੇ ਸੱਤ ਸਮੁੰਦਰਾਂ ਤੋਂ ਘਿਰੇਹੋਏ ਮੰਨੇ ਜਾਂਦੇ ਹਨ, ਇਨ੍ਹਾਂ ਦੇ ਨਾਉਂ ਹਨ - ਜੰਬੁ, ਪਲਕ, ਸ਼ਾਲਮਲਿ, ਕੁਸ਼, ਕ੍ਰੌਂਚ, ਸ਼ਾਕ ਅਤੇ ਪੁਸ਼ਕਰ."(ਨਾਭਾ, *ਮਹਾਨ ਕੋਸ਼* 154)। "ਕੇਂਦਰੀ ਦੀਪ ਦਾ ਨਾਮ 'ਜੰਬੂ ਦੀਪ' ਹੈ ਜਿਸ ਵਿਚ ਹਿੰਦੁਸਤਾਨ ਦੇਸ ਹੈ। "(ਸਾਹਿਬ ਸਿੰਘ, *ਦਰਪਣ*595) ਇਨ੍ਹਾਂ ਸੱਤ ਦੀਪਾਂ ਦੀ ਚਰਚਾ 'ਸਪਤ ਦੀਪ' ਨਾਮ ਵਜੋਂ ਸਲੋਕ ਬਾਣੀ-ਰੂਪ ਵਿਚ ਆਉਂਦੀ ਹੈ:

ਨ ਸੂਰ ਸਸਿ ਮੰਡਲੋ॥ਨ ਸਪਤ ਦੀਪ ਨਹ ਜਲੋ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 144)

**ਅਜੋਕੀ ਸਥਿਤੀ:** ਅਜੋਕੇ ਮਨੁੱਖ ਨੇ ਕਈ ਵੱਡੇ-ਛੋਟੇ ਦੀਪ (islands) ਲੱਭ ਲਏ ਹਨ। ਹਿੰਦੁਸਤਾਨ ਵੀ ਚਾਰੇ ਪਾਸਿਓਂ ਪਾਣੀ ਨਾਲ ਘਿਰਿਆ ਹੋਇਆ ਨਹੀਂ ਹੈ।

### 3.4.33 ਸੱਤ ਸਮੁੰਦਰ

ਗੁਰਬਾਣੀ ਕਾਲ ਦਾ ਮਨੁੱਖ ਮੰਨਦਾ ਸੀ ਕਿ ਉਕਤ ਵਰਣਿਤ 'ਸੱਤ ਦੀਪ' ਸੱਤ ਸਮੁੰਦਰਾਂ ਨਾਲ (ਹਰੇਕ ਦੀਪ ਦੁਆਲੇ ਇੱਕ ਸਮੁੰਦਰ) ਘਿਰੇ ਹੋਏ ਹਨ। ਭਾਈ ਕਾਨ੍ਹ ਸਿੰਘ ਨਾਭਾ ਇਨ੍ਹਾਂ ਸੱਤ ਸਮੁੰਦਰਾਂ ਦੇ ਨਾਵਾਂ ਦੀ ਚਰਚਾ 'ਸਪਤਸਾਗਰ' ਸ਼ਬਦ ਅਧੀਨ ਕਰਦੇ ਹਨ, "ਪੁਰਾਣਾਂ ਵਿੱਚ ਇਹ ਸੱਤ ਸਾਗਰ ਲਿਖੇ ਹਨ-ਦੁੱਧ ਦਾ, ਦਹੀਂ ਦਾ, ਘੀ ਦਾ, ਇੱਖ ਦੇ ਰਸ ਦਾ, ਸ਼ਹਿਦ ਦਾ, ਮਿੱਠੇ ਪਾਣੀ ਦਾ, ਖ਼ਾਰੇ ਪਾਣੀ ਦਾ... ."(ਨਾਭਾ, *ਮਹਾਨ ਕੋਸ਼*154)ਹੇਠ ਲਿਖੇ ਸਲੋਕ ਵਿਚ ਭਗਤ ਕਬੀਰ ਜੀ ਲੋਕ-ਮਨ ਦੇ ਇਸ ਵਿਸ਼ਵਾਸ ਦਾ ਜ਼ਿਕਰ ਕਰਦੇ ਹੋਏ ਆਖਦੇ ਹਨ:

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1368)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਸੰਸਾਰ ਵਿਚ ਪੰਜ ਮਹਾਂਸਾਗਰ ਮੰਨੇ ਜਾਂਦੇ ਹਨ, ਉਹ ਵੀ ਪਾਣੀ ਵਾਲੇ। ਇਨ੍ਹਾਂ ਦੇ ਨਾਮ ਹਨ: ਆਰਕਟਿਕ ਮਹਾਂਸਾਗਰ, ਅਟਲਾਂਟਿਕ ਮਹਾਂਸਾਗਰ, ਹਿੰਦ ਮਹਾਂਸਾਗਰ, ਸ਼ਾਂਤ ਮਹਾਂਸਾਗਰ, ਦੱਖਣੀ(south) ਮਹਾਂਸਾਗਰ।

### 3.4.34 ਸੱਤ ਪਤਾਲ

ਹੇਠ ਲਿਖੇ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਲੋਕ-ਮਨ ਅੰਦਰਲੇ (ਜ਼ਮੀਨ ਹੇਠਲੇ) ਸੱਤ ਪਤਾਲਾਂ ਸਬੰਧੀ ਵਿਸ਼ਵਾਸ ਨੂੰ ਮੁੱਖ ਰੱਖ ਕੇ ਲੋਕਾਈ ਨੂੰ ਸੰਬੋਧਿਤ ਹੁੰਦੇ ਹਨ ਕਿ ਜਦੋਂ ਤੁਹਾਡੇ ਵਿਸ਼ਵਾਸ-ਗਤ ਸੱਤ ਪਤਾਲਾਂ ਦੀ ਵੀ ਹੋਂਦ ਨਹੀਂ ਰਹਿਣੀ, ਤਦ ਵੀ ਅਕਾਲ ਪੁਰਖ ਦੀ ਹਸਤੀ ਕਾਇਮ ਰਹੇਗੀ:

ਨ ਦਾਦੇ ਦਿਹੰਦ ਆਦਮੀ॥ਨ ਸਪਤ ਜੇਰ ਜਿਮੀ॥

ਅਸਤਿ ਏਕ ਦਿਗਰਿ ਕੁਈ॥ਏਕ ਤੁਈ ਏਕ ਤੁਈ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 144)

ਇਸਦਾ ਸਿੱਧਾ ਭਾਵ ਹੈ ਕਿ ਗੁਰਬਾਣੀ ਕਾਲ ਦਾ ਮਨੁੱਖ ਧਰਤੀ ਹੇਠ ਸੱਤ ਪਤਾਲਾਂ ਦੀ ਹੋਂਦ ਮੰਨਦਾ ਸੀ। ਇਨ੍ਹਾਂ ਸੱਤ ਪਤਾਲਾਂ ਦੇ ਨਾਮ ਸਨ, "ਅਤਲ, ਵਿਤਲ, ਸੁਤਲ, ਰਸਾਤਲ, ਤਲਾਤਲ, ਮਹਾਤਲ, ਪਾਤਾਲ"(ਨਾਭਾ, *ਮਹਾਨ ਕੋਸ਼*154)।

**ਅਜੋਕੀ ਸਥਿਤੀ:** ਅਜੋਕੇ ਦੌਰ ਦੇ ਮਨੁੱਖ ਦਾ ਅਜਿਹਾ ਕੋਈ ਵਿਸ਼ਵਾਸ ਨਹੀਂ ਹੈ।

### 3.4.35 ਗਾਂ ਅਤੇ ਸੂਰ

ਹਿੰਦੂਆਂ ਲਈ ਗਾਂ ਅਤੇ ਮੁਸਲਮਾਨਾਂ ਵਾਸਤੇ ਸੂਰ ਪਵਿੱਤਰ ਪਸ਼ੂ ਸਨ। ਹਿੰਦੂ ਲੋਕ ਗਾਂ ਦਾ ਮਾਸ ਖਾਣਾ ਪਾਪ ਸਮਝਦੇ ਸਨ ਤੇ ਮੁਸਲਮਾਨ ਸੂਰ ਦਾ ਮਾਸ ਖਾਣਾ ਧਰਮ ਦੇ ਵਿਰੁੱਧ ਮੰਨਦੇ ਸਨ। ਹੇਠ ਲਿਖੀ ਪੰਕਤੀ ਵਿਚ ਗੁਰੂ ਨਾਨਕ ਦੇਵ ਜੀ ਨੇ ਦੂਸਰੇ ਦੀ ਮਿਹਨਤ ਦੀ ਕਮਾਈ ਹੜੱਪ ਕਰਨ ਨੂੰ (ਮੁਸਲਮਾਨ ਲਈ) ਸੂਰ ਦੇ ਮਾਸ ਖਾਣ ਅਤੇ (ਹਿੰਦੂ ਲਈ) ਗਾਂ ਦੇ ਮਾਸ ਖਾਣ ਬਰਾਬਰ ਦੱਸਿਆ ਹੈ ਭਾਵ ਪਰਾਇਆ ਹੱਕ ਖਾਣਾ ਵੀ ਧਰਮ ਅਨੁਸਾਰ ਠੀਕ ਨਹੀਂ ਮੰਨਿਆ। ਇਸ ਤਰ੍ਹਾਂ ਗੁਰੂ ਜੀ ਨੇ ਪਰਾਇਆ ਹੱਕ ਖਾਣ ਤੋਂ ਮਨੁੱਖੀ ਮਨ ਲਈ ਵਰਜਨਾ ਉਪਜਾਈ ਹੈ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 141)

ਗਊ-ਹੱਤਿਆ ਮਹਾਂ ਪਾਪ ਮੰਨਿਆ ਜਾਂਦਾ ਸੀ। ਹੇਠ ਲਿਖੀਆਂ ਪੰਕਤੀਆਂ ਵਿਚ ਉਲੇਖ ਹੈ ਕਿ ਜਿੰਨਾ ਪਾਪ ਬ੍ਰਾਹਮਣ ਅਤੇ ਗਊ ਦੀ ਹੱਤਿਆ ਕਰਨ, ਧੀ ਮਾਰਨ ਅਤੇ ਕੁਕਰਮੀ ਦਾ ਧਾਨ ਖਾਣ ਨਾਲ ਲੱਗਦਾ ਹੈ (ਜਿਹੋ ਜਿਹਾ ਕਿ ਤਤਕਾਲੀ ਦੌਰ ਵਿਚ ਮੰਨਿਆ ਜਾਂਦਾ ਸੀ), ਇਹ ਸਾਰੇ ਮਹਾਂ ਪਾਪ ਇਕੱਠੇ ਹੋ ਜਾਣ ਤਾਂ ਨਾਮ ਨੂੰ ਵਿਸਾਰੇ ਜਾਣ ਦਾ ਪਾਪ, ਇਨ੍ਹਾਂ ਸਾਰੇ ਪਾਪਾਂ ਦੇ ਸਮੁੱਚ ਦੇ ਤੁੱਲ ਬਣਦਾ ਹੈ:

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥

... ... ... ... ... ... ...

ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1413)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਹਿੰਦੂ ਗਾਂ ਅਤੇ ਮੁਸਲਮਾਨ ਸੂਰ ਦੇ ਮਾਸ ਨੂੰ ਖਾਣਾ ਧਰਮ ਦੇ ਉੱਕਾ ਵਿਰੁੱਧ ਮੰਨਦੇ ਹਨ। "ਸ਼ਰਾਬ ਪੀਣਾ ਅਤੇ ਸੂਰ ਦਾ ਮਾਸ ਖਾਣਾ ਮੁਸਲਮਾਨਾਂ ਲਈ ਨੈਤਿਕਤਾ ਦੀ ਪੱਧਰ 'ਤੇ ਗਲਤ ਹੈ। ਜਦੋਂ ਕਿ ਹਿੰਦੂਆਂ ਲਈ ਗਊ ਦਾ ਮਾਸ ਨਾ ਖਾਣਾ ਨੈਤਿਕਤਾ ਦੀ ਪੱਧਰ 'ਤੇ ਠੀਕ ਮੰਨਿਆ ਜਾਂਦਾ ਹੈ। " (ਮਲਹੋਤਰਾ, *ਨੈਤਿਕਤਾ ਅਤੇ ਤਰਕਸ਼ੀਲਤਾ*55) "ਭਾਰਤ ਗਊ-ਪੂਜਣ ਵਾਲਾ ਦੇਸ਼ ਹੈ। ਭਾਰਤੀ ਲੋਕ ਮਾਸਾਹਾਰੀ ਘੱਟ ਹਨ। ਸ਼ਾਕਾਹਾਰੀ ਵੱਧ ਹਨ। ਯੂਰਪ ਲਗਭਗ ਸਾਰਾ ਹੀ ਮਾਸਾਹਾਰੀ ਹੈ। ਪਰ ਯੂਰਪ ਵਿਚ ਪਸ਼ੂਆਂ ਨਾਲ ਨਿਰਦੈਤਾ ਵਾਲਾ ਵਰਤਾਓ ਘੱਟ ਹੈ। ਭਾਰਤ ਵਿਚ ਵੱਧ ਹੈ। ਇਸ ਦਾ ਭਾਵ ਹੈ, ਕਿ ਬਹੁਤੇ ਭਾਰਤੀ ਲੋਕ ਪਾਖੰਡੀ ਹਨ। ਗਊ-ਪੂਜਾ ਦਿਖਾਵਾ ਹੈ। ਜਿਨ੍ਹਾਂ ਬਾਜ਼ਾਰਾਂ ਵਿਚ ਅਵਾਰਾ ਤੇ ਬਿਮਾਰ ਗਊਆਂ ਬੈਠੀਆਂ ਨਜ਼ਰ ਆਉਂਦੀਆਂ ਹਨ, ਭੁੱਖ ਲੱਗਣ 'ਤੇ ਢੇਰ ਕੂੜਾ ਫੋਲਦੀਆਂ ਹਨ, ਪਲਾਸਟਿਕ ਦੇ ਲਫ਼ਾਫ਼ੇ ਖਾਂਦੀਆਂ ਹਨ, ਦੁਕਾਨਦਾਰ ਦ੍ਰਿਸ਼ ਦੇਖਦੇ ਹਨ, ਪਰ ਉਹ ਇਨ੍ਹਾਂ ਗਊਆਂ ਉੱਤੇ ਤਰਸ ਖਾ ਕੇ ਇਨ੍ਹਾਂ ਦਾ ਕਸ਼ਟ ਹਰਨ ਬਾਰੇ ਨਹੀਂ ਸੋਚਦੇ। " (ਪਿਆਰਾ ਸਿੰਘ ਭੋਗਲ, *ਅਜੀਤ ਰੋਜ਼ਾਨਾ ਮਿਤੀ 27.11.2017*4)

### 3.4.36 ਗੰਗਾ

ਤਤਕਾਲੀ ਦੌਰ ਵਿਚ ਗੰਗਾ ਨਦੀ ਨੂੰ ਪਵਿੱਤਰ ਖ਼ਿਆਲ ਕੀਤਾ ਜਾਂਦਾ ਸੀ। ਗੰਗਾ ਨਦੀ ਦੇ ਕਿਨਾਰੇ ਵਸੇਬਾ ਕਰਨ ਨੂੰ ਵੀ ਉੱਤਮ ਮੰਨਿਆ ਜਾਂਦਾ ਸੀ। ਗੰਗਾ ਨਦੀ ਦਾ ਪਾਣੀ ਵੀ ਨਿਰਮਲ ਹੁੰਦਾ ਸੀ। ਹੇਠ ਲਿਖੇ ਸਲੋਕ ਵਿਚ ਭਗਤ ਕਬੀਰ ਜੀ ਗੰਗਾ ਨਦੀ

ਦੇ ਕਿਨਾਰੇ ਵਸ ਕੇ ਹੀ ਮੁਕਤ ਹੋ ਜਾਣ ਦੀ ਮਿੱਥ ਦਾ ਖੰਡਨ ਕਰਦੇ ਹਨ। ਭਗਤ ਕਬੀਰ ਜੀ ਆਖਦੇ ਹਨ ਕਿ ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾ ਕੋਈ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ:

ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ॥

ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਹ ਕਹਿ ਰਮੇ ਕਬੀਰ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1367)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਗੰਗਾ ਨਦੀ ਨੂੰ ਪਵਿੱਤਰ ਮੰਨਦਾ ਹੈ ਭਾਵੇਂ ਉਸਦਾ ਪਾਣੀ ਮਨੁੱਖ ਨੇ ਨਿਰਮਲ ਨਹੀਂ ਰਹਿਣ ਦਿੱਤਾ। ਗੰਗਾ ਨਦੀ ਦੀ ਸਾਫ਼-ਸਫ਼ਾਈ ਲਈ ਕੇਂਦਰ ਸਰਕਾਰ ਨੇ ਇੱਕ ਵੱਖਰਾ ਵਿਭਾਗ ਸਥਾਪਿਤ ਕੀਤਾ ਹੈ।

### 3.4.37 ਅਠਾਰਾਂ ਭਾਰ

ਪ੍ਰੋ.ਸਾਹਿਬ ਸਿੰਘ ਦੇ ਸ਼ਬਦਾਂ ਵਿਚ "ਪੁਰਾਣਾ ਖਿਆਲ ਹੈ ਕਿ ਹਰ ਇਕ ਬ੍ਰਿਛ ਬੂਟੇ ਦੇ ਇਕ ਇਕ ਪੱਤਰ ਨੂੰ ਲੈ ਕੇ ਸਾਰੇ ਨੂੰ ਤੋਲੀਏ ਤਾਂ੧੮ ਭਾਰ ਦਾ ਵਜ਼ਨ ਹੋਵੇਗਾ। ਇਕ ਭਾਰ ਪੰਜ ਮਣ ਕੱਚੇ ਬਰਾਬਰ ਹੈ। " (*ਦਰਪਣ* 588) ਪ੍ਰੋ. ਸਾਹਿਬ ਸਿੰਘ ਦੇ ਇਸ ਕਥਨ ਦੀ ਰੋਸ਼ਨੀ ਹੇਠ ਇਹ ਮਾਤਰਾ ਨੱਬੇ ਮਣ ਕੱਚੇ ਦੇ ਬਰਾਬਰ ਬਣਦੀ ਹੈ। ਗੁਰਬਾਣੀ ਕਾਲ ਵਿਚ ਇਹ ਮਨੌਤ ਪ੍ਰਚੱਲਤ ਸੀ। ਗੁਰੂ ਨਾਨਕ ਦੇਵ ਜੀ ਕ੍ਰਿਤ ਇੱਕ ਸਲੋਕ ਵਿਚ ਇਸਦਾ ਜ਼ਿਕਰ ਮਿਲਦਾ ਹੈ:

ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਗੁਰੂ ਸਾਹਿਬ ਨੇ ਉਕਤ ਸਲੋਕ ਵਿਚ ਮੇਵੇ ਦੀ ਵੱਡੀ ਮਾਤਰਾ ਦਾ ਜ਼ਿਕਰ ਕੀਤਾ ਹੈ।

**ਅਜੋਕੀ ਸਥਿਤੀ:** ਪਰੰਪਰਾਗਤ ਰੂਪ ਵਿਚ ਮਨੁੱਖ ਇਸ ਵਿਸ਼ਵਾਸ ਨੂੰ ਮਾਨਤਾ ਦਿੰਦਾ ਹੈ। ਕਥਾ-ਵਾਰਤਾ ਵਿਚ ਕਈ ਵਾਰ ਇਸ ਵਿਸ਼ਵਾਸ ਦੀ ਚਰਚਾ ਹੁੰਦੀ ਹੈ।

### 3.4.38 ਚੁਰਾਸੀ ਸਿੱਧ

ਚੁਰਾਸੀ ਸਿੱਧ ਤੋਂ ਭਾਵ ਹੈ, "ਯੋਗੀਆਂ (ਗੋਰਖਪੰਥੀਆਂ) ਦੇ ਮੰਨੇ-ਹੋਏ ਸ਼ਿਰੋਮਣੀ ਯੋਗੀ, ਜਿਨ੍ਹਾਂ ਦੀ ਗਿਣਤੀ ਚੌਰਾਸੀ ਹੈ." (ਨਾਭਾ, *ਮਹਾਨ ਕੋਸ਼* 479) "ਤਪਸਿਆ ਅਤੇ ਤਿਆਗ ਹਿੰਦੁਸਤਾਨ ਵਿੱਚ ਇਕ ਬੜਾ ਲੰਮਾ ਇਤਿਹਾਸ ਰਖਦੇ ਹਨ। ਯੋਗ ਦੀ ਇਹ ਪ੍ਰਣਾਲੀ ਵੇਦਾਂ, ਉਪਨਿਸ਼ਦਾਂ ਤੇ ਮਹਾਭਾਰਤ ਦੇ ਕਾਲ ਵਿੱਚ ਵੀ ਪਾਈ ਜਾਂਦੀ ਸੀ। ਸਕੰਦਰ ਨੇ ਜਦੋਂ ਹਿੰਦੁਸਤਾਨ ਉਤੇ ਹਮਲਾ ਕੀਤਾ ਉਸ ਵੇਲੇ ਵੀ ਅਰਾਧਨਾ ਦਾ ਇਹ ਤਰੀਕਾ ਆਮ ਪਾਇਆ ਜਾਂਦਾ ਸੀ। ਉਸ ਨੇ ਇਨ੍ਹਾਂ ਦਾ ਹਵਾਲਾ ਆਪਣੀਆਂ ਲਿਖਤਾਂ ਵਿੱਚ ਦਿੱਤਾ ਹੈ। ਮਹਾਤਮਾ ਬੁਧ ਦੇ ਸਮੇਂ ਇਹ ਪ੍ਰਣਾਲੀ ਆਮ ਪ੍ਰਚਲਤ ਸੀ। " (*ਯੋਗ ਦਰਸ਼ਨ ਤੇ ਗੁਰਮਤਿ* 3) ਕੁਝ ਵਿਦਵਾਨ ਇਨ੍ਹਾਂ ਚੌਰਾਸੀ ਸਿੱਧਾਂ ਨੂੰ ਬੁੱਧ ਧਰਮ ਨਾਲ ਸਬੰਧਤ ਦੱਸਦੇ ਹੋਏ ਯੋਗ-ਮੁਦ੍ਰਾਵਾਂ ਦੇ ਮਹਾਨ ਪਰਚਾਰਕ ਦੱਸਦੇ ਹਨ। [66]

ਉਕਤ ਚਰਚਾ ਤੋਂ ਸਿੱਧ ਹੋ ਜਾਂਦਾ ਹੈ ਕਿ ਭਾਰਤ ਵਿਚ ਯੋਗ ਪੁਰਾਤਨ ਸਮੇਂ ਤੋਂ ਹੀ ਪ੍ਰਚੱਲਤ ਰਿਹਾ ਹੈ। ਚੁਰਾਸੀ ਸਿੱਧ, ਕਿਉਂਕਿ, ਗੋਰਖਪੰਥੀ ਸ਼੍ਰੇਣੀ ਨਾਲ ਸਬੰਧ ਰੱਖਦੇ ਹਨ, ਸੋ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਕੀ ਜੋਗੀਆਂ ਦੀ ਕੋਈ ਹੋਰ ਸ਼੍ਰੇਣੀ ਵੀ ਹੈ? ਭਾਰਤ ਵਿਚ ਮੁੱਖ ਤੌਰ 'ਤੇ ਜੋਗੀਆਂ ਦੀਆਂ ਦੋ ਸ਼੍ਰੇਣੀਆਂ ਪ੍ਰਭਾਵਸ਼ਾਲੀ ਰਹੀਆਂ ਹਨ, ਇੱਕ ਔਘੜ ਅਤੇ ਦੂਜੇ ਕਨਫਟੇ ਜੋਗੀ। [67]ਭਗਤ ਕਬੀਰ ਜੀ ਨਿਮਨਲਿਖਿਤ ਸਲੋਕ ਵਿਚ ਲੋਕ-ਪ੍ਰਚੱਲਤ ਚੁਰਾਸੀ ਸਿੱਧਾਂ ਦਾ ਜ਼ਿਕਰ ਕਰਦੇ ਹਨ, ਜਿਸ ਤੋਂ ਨਿਰਣਾ ਹੋ ਜਾਂਦਾ ਹੈ ਕਿ ਗੋਰਖਪੰਥ (ਜਿਸ ਨਾਲ ਚੁਰਾਸੀ ਸਿੱਧਾਂ ਦਾ ਸਬੰਧ ਹੈ) ਦਾ ਉਸ ਸਮੇਂ ਕਾਫ਼ੀ ਪ੍ਰਭਾਵ ਸੀ। ਦੂਸਰਾ, ਇਸ ਤੋਂ ਇਹ ਵੀ ਪਤਾ ਲੱਗ

ਜਾਂਦਾ ਹੈ ਕਿ ਗੋਰਖਨਾਥ (ਗੋਰਖਪੰਥ ਦੇ ਬਾਨੀ) ਜਾਂ ਤਾਂ ਭਗਤ ਕਬੀਰ ਜੀ ਤੋਂ ਪਹਿਲਾਂ ਹੋ ਚੁੱਕੇ ਹੋਣਗੇ ਜਾਂ ਫਿਰ ਉਨ੍ਹਾਂ ਦੇ ਸਮਕਾਲੀ ਹੋਣਗੇ। [68]ਕੁਝ ਵੀ ਹੋਵੇ, ਕਬੀਰ ਜੀ ਦੇ ਨਿਮਨਲਿਖਿਤ ਸਲੋਕ ਤੋਂ ਇਹ ਤਾਂ ਸਪਸ਼ਟ ਹੋ ਹੀ ਜਾਂਦਾ ਹੈ ਕਿ ਉਨ੍ਹਾਂ ਦੇ ਸਮੇਂ ਗੋਰਖਪੰਥ ਦਾ ਸਮਾਜ ਵਿਚ ਚੰਗਾ ਪ੍ਰਭਾਵ ਸੀ:

ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰ ਬਰੀ ਅਬਧ॥
ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ॥(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1375)

**ਅਜੋਕੀ ਸਥਿਤੀ:** ਯੋਗੀ ਲੋਕ, ਯੋਗ-ਮੱਤ ਦੇ ਇਨ੍ਹਾਂ ਪ੍ਰਸਿੱਧ ਚੁਰਾਸੀ ਸਿੱਧਾਂ ਦੀ ਹੋਂਦ ਵਿਚ ਹੁਣ ਵੀ ਯਕੀਨ ਕਰਦੇ ਹਨ।

### 3.4.39 ਰਾਹੂ-ਕੇਤੂ

ਗੁਰਬਾਣੀ ਕਾਲੀ ਮਨੁੱਖ ਇਹ ਮੰਨਦਾ ਸੀ ਕਿ ਇਹ ਦੋਵੇਂ (ਰਾਹੂ ਤੇ ਕੇਤੂ) ਗ੍ਰਹਿ (ਤਾਰੇ) ਮਨਹੂਸ ਹਨ ਅਤੇ ਜਿਸ ਮਨੁੱਖ ਨੂੰ ਇਹ ਲੱਗ ਜਾਣ (ਭਾਵ ਜਿਸ 'ਤੇ ਪ੍ਰਭਾਵਸ਼ਾਲੀ ਹੋ ਜਾਣ) ਉਹ ਦੁੱਖ-ਗ੍ਰਸਤ ਹੋ ਜਾਂਦਾ ਹੈ। [69] ਪ੍ਰੋ. ਸਾਹਿਬ ਸਿੰਘ ਇਸ ਮਨੌਤ ਦਾ ਸਬੰਧ ਪੁਰਾਣਾਂ ਦੀ ਇੱਕ ਕਥਾ ਨਾਲ ਜੁੜਿਆ ਹੋਇਆ ਮੰਨਦੇ ਹਨ। (ਸਾਹਿਬ ਸਿੰਘ, *ਦਰਪਣ* 589) ਗੁਰੂ ਨਾਨਕ ਦੇਵ ਜੀ ਦਾ ਨਿਮਨਲਿਖਿਤ ਸਲੋਕ ਲੋਕ-ਮਨ ਦੀ ਇਸੇ ਮਨੌਤ ਨੂੰ ਮੁੱਖ ਰੱਖ ਕੇ, ਇੱਕ ਪਾਸੇ ਦੁੱਖਾਂ ਦੀ ਇੰਤਹਾ ਦੀ ਗੱਲ ਕਰਦੇ ਹਨ ਅਤੇ ਦੂਜੇ ਪਾਸੇ, ਪਰਮਾਤਮਾ ਪ੍ਰਤਿ ਉਸਦੇ ਪਿਆਰਿਆਂ ਦੀ ਪ੍ਰੀਤ ਦੀ ਗਹਿਰਾਈ ਨੂੰ ਬਿਆਨਦੇ ਹਨ ਕਿ ਉਹ ਦੁੱਖਾਂ ਦੇ ਸਮੁੰਦਰ ਵਿਚ ਘਿਰੇ ਹੋਏ ਵੀ ਪ੍ਰਭੂ ਨੂੰ ਵਿਸਾਰਦੇਨਹੀਂ:

ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ॥
ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

**ਅਜੋਕੀ ਸਥਿਤੀ:** ਗ੍ਰਹਿ ਦਸ਼ਾ ਵਿਚ ਯਕੀਨ ਰੱਖਣ ਵਾਲੇ ਅਜੋਕੇ ਦੌਰ ਦੇ ਮਨੁੱਖ ਵੀ ਰਾਹੂ-ਕੇਤੂ ਦੇ ਪ੍ਰਭਾਵ ਤੋਂ ਬਚਣ ਲਈ ਉਪਾਅ ਕਰਦੇ ਹੋਏ ਦੇਖੇ ਜਾਂਦੇ ਹਨ।

### 3.4.40 ਗਜ

"ਇੱਕ ਗੰਧਰਵ, ਜੋ ਦੇਵਲ ਰਿਖੀ ਦੇ ਸ੍ਰਾਪ ਨਾਲ ਹਾਥੀ ਬਣਗਿਆ. ਇਸ ਨੂੰ ਵਰੁਣ ਦੇ ਤਲਾਉ ਵਿੱਚ ਤੇਂਦੂਏ ਨੇ ਗ੍ਰਸਲੀਤਾ.ਜਦ ਨਿਰਬਲ ਹੋਕੇ ਡੁੱਬਣ ਲੱਗਾ, ਤਦ ਕਰਤਾਰ ਅੱਗੇ ਅਰਦਾਸ ਕੀਤੀ, ਜਿਸ ਪੁਰ ਗਜ ਦੇ ਬੰਧਨ ਕੱਟੇਗਏ." (ਨਾਭਾ, *ਮਹਾਨ ਕੋਸ਼* 391)ਗੁਰੂ ਸਾਹਿਬ ਇਸ ਗਜ (ਹਾਥੀ) ਦੇ ਪਰੰਪਰਾਗਤ ਪ੍ਰਸੰਗ ਦੇ ਅੰਤਰਗਤ ਪ੍ਰਭੂ ਦੇ ਨਾਮ ਦੀ ਵਡਿਆਈ ਕਰਦੇ ਹਨ ਤੇ ਆਖਦੇ ਹਨ ਕਿ ਪ੍ਰਭੂ ਦਾ ਆਸਰਾ ਤੱਕਣ ਵਾਲਾ ਜੀਵ ਮੁਸੀਬਤ-ਰੂਪੀ ਬੰਧਨਾਂ ਵਿੱਚੋਂ ਮੁਕਤ ਹੋ ਜਾਂਦਾ ਹੈ:

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ (ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1419)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਪ੍ਰਭੂ-ਨਾਮ ਦੀ ਵਡਿਆਈ ਕਰਦਿਆਂ ਇਹ ਕਥਾ ਅਕਸਰ ਸੁਣਾਈ ਜਾਂਦੀ ਹੈ।

### 3.4.41 ਗੰਧਰਵ ਨਗਰੀ

"ਤ੍ਰਿਸ਼ੰਕੁ ਦਾ ਪੁੱਤਰ ਹਰੀ ਚੰਦ ਰਾਜਾ ਪੁੰਨ-ਦਾਨ ਅਤੇ ਨਿਆਂ ਦੇ ਕਾਰਨ ਆਪਣੀ ਪਰਜਾ ਸਮੇਤ ਸ੍ਵਰਗ ਨੂੰ ਗਿਆ, ਪਰ ਨਾਰਦ ਮੁਨੀ ਨੇ ਛਲ ਨਾਲ ਇਸ ਤੋਂ ਆਪਣੀ ਉਸਤਤਿ ਕਰਵਾਈ, ਜਿਸ ਕਰ ਕੇ ਸ੍ਵਰਗ ਵਿੱਚੋਂ ਕੱਢਿਆ ਗਿਆ। ਉਤੋਂ ਡਿਗਦਿਆਂ-ਡਿਗਦਿਆਂ ਇਸ ਨੇ ਆਪਣੀ ਭੁੱਲ 'ਤੇ ਪਛਤਾਵਾ ਕੀਤਾ, ਜਿਸ ਕਰਕੇ ਆਪਣੇ ਸਾਥੀਆਂ ਸਮੇਤ ਅਧ-ਅਸਮਾਨ ਵਿਚ ਹੀ ਰੁਕ ਗਿਆ, ਜਿਥੇ ਪੁਰਾਣਾਂ ਅਨੁਸਾਰ ਹੁਣ ਤਕ ਉਸ ਦਾ ਨਗਰ ਵਸਦਾ ਹੈ। ਇਸ ਨੂੰ 'ਹਰਿਚੰਦਉਰੀ' ਜਾਂ 'ਗੰਧਰਵ ਨਗਰੀ'(Mirage) ਆਖਦੇ ਹਨ। ਅਸਲ ਵਿਚ ਇਹ ਮ੍ਰਿਗ-ਤ੍ਰਿਸ਼ਨਾ ਵਾਕੁਰ ਨਜ਼ਰ ਨੂੰ ਧੋਖਾ ਦੇਣ ਵਾਲੀ ਇਕ ਖਿਆਲੀ ਰਾਜਪੁਤਾਨਾ ਆਦਿ ਰੇਤਲੇ ਇਲਾਕਿਆਂ ਵਿਚ ਧੁੰਧ ਦੇ ਕਾਰਨ ਦਿਸਦੀ ਹੈ। " (ਸ਼੍ਰੋ. ਗੁ. ਪ੍ਰ. ਕ., *ਸ਼ਬਦਾਰਥ*803)ਗੁਰੂ ਸਾਹਿਬ ਗੰਧਰਵ ਨਗਰੀ ਦੇ ਸੰਕਲਪ ਨੂੰ ਮਨੁੱਖੀ ਮਨ ਦੇ ਭੁਲੇਖਿਆਂ ਦੇ ਸੰਦਰਭ ਵਿਚ ਅਕਸਰ ਵਰਤਦੇ ਹਨ:

ਮ੍ਰਿਗ ਤ੍ਰਿਸਨਾ ਗੰਧਰਵ ਨਗਰੰ [70]ਦ੍ਰੁਮ ਛਾਯਾ ਰਚਿ ਦੁਰਮਤਿਹ॥
ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1356)

**ਅਜੋਕੀ ਸਥਿਤੀ:** ਅਜੋਕਾ ਮਨੁੱਖ ਵੀ ਭਰਮ ਦੇ ਪ੍ਰਸੰਗ ਵਿਚ ਸ਼ਬਦ ''ਮ੍ਰਿਗ ਤ੍ਰਿਸ਼ਨਾ" (ਸਹਿਜ ਸੁਭਾਅ ਹੀ) ਵਰਤ ਲੈਂਦਾ ਹੈ ਪਰ ਉਹ ਸਮਝਦਾ ਹੈ ਕਿ ਇਹ 'ਮ੍ਰਿਗ ਤ੍ਰਿਸ਼ਨਾ' ਕੋਈ 'ਗੰਧਰਵ ਨਗਰੀ' ਨਹੀਂ ਹੈ, ਸਗੋਂ ਨਜ਼ਰ ਦਾ ਧੋਖਾ ਹੈ।

### 3.4.42 ਮਹੂਰਤ

ਗੁਰਬਾਣੀ ਕਾਲ ਦਾ ਮਨੁੱਖ ਯਕੀਨ ਕਰਦਾ ਸੀ ਕਿ ਕੁਝ ਵਿਸ਼ੇਸ਼ ਸਮਾਂ-ਅੰਤਰਾਲ ਕੁਝ ਕੰਮਾਂ-ਵਿਸ਼ੇਸ਼ ਲਈ ਸ਼ੁਭ ਹੁੰਦੇ ਹਨ। ਸਾਰੇ ਕੰਮ ਸਭ ਸਮਿਆਂ ਦੌਰਾਨ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਵਿਸ਼ੇਸ਼ ਸਮਾਂ ਅੰਤਰਾਲਾਂ ਨੂੰ 'ਮਹੂਰਤ' ਆਖਿਆ ਜਾਂਦਾ ਸੀ। ਭਾਈ ਕਾਨ੍ਹ ਸਿੰਘ ਨਾਭਾ ਮੁਤਾਬਕ ਇਹ ਵਿਸ਼ੇਸ਼ ਸਮਾਂ ਅੰਤਰਾਲ ਦੋ ਘੜੀਆਂ ਅਥਵਾ 48 ਮਿੰਟ ਦਾ ਹੁੰਦਾ ਹੈ। (ਨਾਭਾ, *ਮਹਾਨ ਕੋਸ਼* 979) ਗੁਰੂ ਸਾਹਿਬ ਨੇ ਦੋ ਢੰਗਾਂ ਨਾਲ ਇਸ ਸਮਾਂ ਵਿਸ਼ੇਸ਼ ਦਾ ਜ਼ਿਕਰ ਸਲੋਕ ਬਾਣੀ-ਰੂਪ ਵਿਚ ਕੀਤਾ ਹੈ। ਇੱਕ ਤਾਂ ਗੁਰੂ ਸਾਹਿਬ ਨੇ ਉਸ ਸਮੇਂ ਨੂੰ (ਲੋਕ-ਮਨ ਵਿਚ ਵਸੇ ਮਹੂਰਤ ਜਿਹਾ) ਵਿਸ਼ੇਸ਼ ਦੱਸਿਆ (ਭਾਵੇਂ ਵੇਲ਼ਾ ਕੋਈ ਵੀ ਹੋਵੇ), ਜਦੋਂ ਮਨੁੱਖ ਕਿਸੇ ਭਲੇ ਕੰਮ ਨੂੰ ਅੰਜਾਮ ਦੇਵੇ:

ਗੋਪਾਲ ਦਰਸ ਭੇਟੰ ਸਫਲ ਨਾਨਕ ਸੋ ਮਹੂਰਤਹ॥(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 709)

ਦੂਸਰਾ, ਗੁਰੂ ਜੀ ਨੇ ਮਨੁੱਖ ਨੂੰ ਤਰਕ ਸਹਿਤ ਇਹ ਸਮਝਾਇਆ ਕਿ ਅਜਿਹੀਆਂ ਮਨੌਤਾਂ ਵਿਚ ਕੁਝ ਨਹੀਂ ਰੱਖਿਆ ਹੋਇਆ:

ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1244)

ਗ੍ਰਹਿ-ਚਾਲ ਆਦਿ ਦਾ ਅਨੁਮਾਨ ਲਗਾ ਕੇ ਵਿਆਹ ਦੇ ਮੁਕੱਰਰ ਕੀਤੇ ਗਏ ਦਿਨ ਨੂੰ ਸਾਹਾ ਆਖਿਆ ਜਾਂਦਾ ਸੀ। ਹੇਠ ਲਿਖੇ ਸਲੋਕ ਵਿਚ ਫਰੀਦ ਜੀ ਮਨੁੱਖਾ ਦੇਹੀ ਦੇ ਅਖ਼ੀਰਲੇ ਸਮੇਂ ਨੂੰ ਸਾਹੇ ਵਜੋਂ ਬਿਆਨਦੇ ਹਨ, ਜਦੋਂ ਮੌਤ ਦਾ ਫ਼ਰਿਸ਼ਤਾ ਜਿੰਦ-ਰੂਪੀ ਵਹੁਟੀ ਨੂੰ ਪਰਨਾ ਲੈ ਜਾਂਦਾ ਹੈ:

ਜਿਤੁ ਦਿਹਾੜੈ ਧਨ ਵਰੀ [71]ਸਾਹੇ ਲਏ ਲਿਖਾਇ॥

.....................

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1377)

**ਅਜੋਕੀ ਸਥਿਤੀ:** ਅਜੋਕੇ ਦੌਰ ਦੇ ਮਨੁੱਖ ਗੁਰਬਾਣੀ ਦੇ ਇਸ ਅਥਾਹ ਸਮੁੰਦਰ ਤੋਂ ਅਭਿੱਜ ਹੀ ਜਾਪਦੇ ਹਨ ਕਿਉਂਕਿ ਲੋਕ ਅੱਜ ਵੀ ਕੋਈ ਵੱਡਾ ਤੇ ਵਿਸ਼ੇਸ਼ ਕੰਮ ਕਰਨ ਲੱਗੇ ਪਹਿਲਾਂ ਮਹੂਰਤ ਕਢਵਾਉਂਦੇ ਹੋਏ ਦੇਖੇ ਜਾਂਦੇ ਹਨ। ਗੁਰੂ ਸਾਹਿਬ ਨੇ ਬਹੁਤ ਹੀ ਸਪੱਸਟਤਾ ਨਾਲ ਆਖਿਆ ਹੈ ਕਿ ਸਾਰੇ ਹੀ ਸਮੇਂ ਅਤੇ ਸਾਰੇ ਹੀ ਦਿਨ ਸ਼ੁਭ ਹਨ ਜੇਕਰ ਮਨੁੱਖ ਪ੍ਰਭੂ ਦੀ ਨਦਰਿ ਵਿਚ ਵਿਚਰਦਾ ਹੋਇਆ ਅਮਲ ਸ਼ੁਭ ਕਰ ਰਿਹਾ ਹੋਵੇ।

## 3.5 ਦੇਵੀ-ਦੇਵਤੇ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਸਮਾਜ ਵਿਚ ਪ੍ਰਚੱਲਤ ਕਈ ਦੇਵੀ ਦੇਵਤਿਆਂ, ਇਤਿਹਾਸਿਕ-ਮਿਥਿਹਾਸਿਕ ਸ਼ਖ਼ਸੀਅਤਾਂ ਦਾ ਹਵਾਲਾ ਮਿਲਦਾ ਹੈ। ਗੁਰੂ ਸਾਹਿਬਾਨ ਅਤੇ ਬਾਕੀ ਬਾਣੀਕਾਰਾਂ ਦੁਆਰਾ ਆਪਣੀ ਰਚਨਾ ਵਿਚ ਇਨ੍ਹਾਂ ਪਾਤਰਾਂ ਦੇ ਨਾਵਾਂ ਦੀ ਵਰਤੋਂ ਕਰਨਾ ਇਸ ਤੱਥ ਦਾ ਪ੍ਰਮਾਣ ਹੈ ਕਿ ਤਤਕਾਲੀ ਜੀਵਨ ਵਿਚ ਇਹ ਨਾਮ ਕਾਫ਼ੀ ਮਹੱਤਤਾ ਰੱਖਦੇ ਸਨ। ਬਾਣੀਕਾਰਾਂ ਨੇ ਇਨ੍ਹਾਂ ਨਾਵਾਂ ਦੀ ਵਰਤੋਂ ਦੋ ਢੰਗਾਂ ਨਾਲ ਆਪਣੀ ਰਚਨਾ ਵਿਚ ਕੀਤੀ ਹੈ। ਇੱਕ ਤਾਂ ਉਨ੍ਹਾਂ ਨੇ ਲੋਕਾਈ ਨੂੰ ਪ੍ਰੇਰਣਾ ਦਿੱਤੀ ਕਿ ਜੇਕਰ ਤੁਸੀਂ ਇਨ੍ਹਾਂ ਸ਼ਖ਼ਸੀਅਤਾਂ ਨੂੰ ਮੰਨਦੇ ਹੋ, ਪੂਜਦੇ ਹੋ ਤਾਂ ਉਨ੍ਹਾਂ ਦੀਆਂ ਕਹੀਆਂ ਗੱਲਾਂ ਨੂੰ ਵੀ ਤਰਜੀਹੀ ਆਧਾਰ 'ਤੇ ਮੰਨੋ (ਤਾਂ ਜੋ ਸਮੁੱਚੀ ਲੋਕਾਈ ਦਾ ਭਲਾ ਹੋ ਸਕੇ)। ਦੂਜਾ, ਬਾਣੀਕਾਰਾਂ ਨੇ ਇਨ੍ਹਾਂ ਪਾਤਰਾਂ ਦੇ ਜੀਵਨ ਦੀਆਂ ਘਟਨਾਵਾਂ ਦੇ ਹਵਾਲੇ ਦੇ ਕੇ ਦੁਨੀਆ ਅੱਗੇ ਸਪਸ਼ਟ ਕੀਤਾ ਕਿ ਤੁਹਾਡੇ ਸਨਮਾਨ ਦੇ ਹੱਕਦਾਰ ਇਹ ਪਾਤਰ ਵੀ ਵੱਖ-ਵੱਖ ਕਾਰਨਾਂ ਕਰਕੇ ਦੁੱਖਾਂ/ਮੁਸੀਬਤਾਂ ਵਿਚ ਘਿਰੇ ਰਹੇ ਹਨ, ਸੋ ਤੁਸੀਂ ਸੱਚੇ ਪ੍ਰਭੂ ਦੀ ਟੇਕ ਲਵੋ, ਜੋ ਸਰਬ-ਸੁੱਖ ਦਾਤਾ ਹੈ। "ਗੁਰੂ ਸਾਹਿਬ ਨੇ ਪੌਰਾਣਿਕ ਸਾਖੀਆਂ ਨੂੰ ਕਿਸੇ ਸਿੱਧਾਂਤ ਦੀ ਪੁਸ਼ਟੀ ਲਈ ਬਤੌਰ ਉਦਾਹਰਣ ਦੇ (ਭੀ) ਵਰਤਿਆ ਹੈ। ਗੁਰੂ ਸਾਹਿਬ ਜਿਸ ਥਾਂ ਜਿਸ ਧਰਮ ਦੇ ਬੰਦੇ ਨੂੰ ਉਪਦੇਸ਼ ਦਿੰਦੇ ਸਨ, ਉਸ ਨੂੰ ਉਸ ਦੇ ਖਿਆਲਾਂ ਅਨੁਸਾਰ ਪ੍ਰਮਾਨ ਦੇ ਕੇ ਅਸਲੀ ਸੱਚ ਦ੍ਰਿੜ੍ਹਾਂਦੇ ਸਨ। ਸਿਖਿਆ ਆਪਣੀ ਦੇਣੀ, ਪਰ ਸਪਸ਼ਟਤਾ ਤੇ ਪਕਿਆਈ ਵਾਸਤੇ ਉਸੇ ਆਦਮੀ ਦੇ ਨਿਸ਼ਚਿਆਂ ਤੇ ਪਦਾਰਥਾਂ ਨੂੰ ਵਰਤਣਾ। " (ਸ਼ੇਰ ਸਿੰਘ, *ਗੁਰਮਤਿ ਦਰਸ਼ਨ* 106) "ਮਿਥ ਆਦਰਸ਼-ਜਗਤ ਮਨੁੱਖ ਦੀ ਚੇਤਨਾ ਨੂੰ ਜਗਾਉਣ ਲਈ ਇਕ ਸ਼ਕਤੀਸ਼ਾਲੀ ਸਾਧਨ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਯੋਜਨ ਦੀ ਸਿੱਧੀ ਲਈ ਮਿਥ ਨੂੰ ਆਪਣੀ ਰਚਨਾ ਵਿਚ ਵਰਤਿਆ ਹੈ। ਗੁਰੂ ਨਾਨਕ ਦੇਵ ਜੀ ਇਕ ਮਿਥਿਹਾਸਕਾਰ ਵਾਂਗ ਮਿਥਿਹਾਸਿਕ ਪ੍ਰਸੰਗਾਂ ਦੇ ਚੱਕਰਾਂ ਵਿਚ ਨਹੀਂ ਪਏ ਸਗੋਂ ਉਨ੍ਹਾਂ ਮਿਥਿਹਾਸਿਕ ਵਿਅਕਤੀਆਂ ਨੂੰ ਪ੍ਰਤੀਕ ਰੂਪ ਵਿਚ ਵਰਤ ਕੇ ਆਪਣੇ ਅਦ੍ਰਿਸ਼ਟ ਅਧਿਆਤਮਿਕ ਭਾਵਾਂ ਦਾ ਮੂਰਤੀਕਰਣ ਕੀਤਾ ਹੈ। ਲੋਕ ਚੇਤਨਾ ਇਨ੍ਹਾਂ ਮਿਥਿਹਾਸਿਕ ਵਿਅਕਤੀਆਂ ਤੋਂ ਭਲੀ ਭਾਂਤ ਜਾਣੂ ਸੀ। ਇਨ੍ਹਾਂ ਨਾਲ ਲੋਕਾਂ ਦੇ ਡੂੰਘੇ ਮਾਨਸਿਕ ਭਾਵ ਜੁੜੇ ਹੋਏ ਸਨ। ਗੁਰੂ ਨਾਨਕ ਨੇ ਇਨ੍ਹਾਂ ਮਿਥਿਹਾਸਿਕ ਪਾਤਰਾਂ ਨਾਲ ਜੁੜੇ ਲੋਕ-

ਚੇਤਨਾ ਦੇ ਮਿਥਿਹਾਸ-ਭਾਵਾਂ ਦਾ ਅਧਿਆਤਮੀਕਰਣ ਕਰ ਦਿੱਤਾ। ... ... ਗੁਰੂ ਨਾਨਕ ਦੀ ਵਿਲੱਖਣਤਾ ਮਿਥਿਹਾਸ ਨੂੰ ਵਿਸਤਾਰਣ ਦੀ ਥਾਂ ਇਸ ਨੂੰ ਨਵਾਂ ਅਰਥ-ਵਸਤੂ ਦੇਣ ਅਤੇ ਇਸ ਦੀ ਪ੍ਰਤੀਕਾਤਮਕ ਵਰਤੋਂ ਵਿਚ ਹੈ। " (*ਖੋਜ ਪਤ੍ਰਿਕਾ ਸਤੰਬਰ 1982,* 145) ਸਾਧਾਰਣ ਮਨੁੱਖ ਦੇ ਮਨ ਅੰਦਰ 'ਦੇਵਤਾ' ਸ਼ਬਦ ਦਾ ਭਾਵ ਉੱਚੀ ਹਸਤੀ ਵਾਲੀ ਆਦਰਸ਼ ਸ਼ਖ਼ਸੀਅਤ ਸੀ:

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 463)

ਅਤੇ,

ਗੁਰ ਸੇਵਾ ਤੇ ਹਰਿ ਪਾਇਐ ਜਾ ਕਉ ਨਦਰਿ ਕਰੇਇ॥
ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 850)

ਨਿਮਨਲਿਖਿਤ ਪੰਕਤੀ ਵਿਚ ਗੁਰੂ ਸਾਹਿਬ ਦਾ ਇਸ਼ਾਰਾ ਉਸ ਰੀਤੀ ਵੱਲ ਹੈ, ਜਿਸ ਅਨੁਸਾਰ ਤਤਕਾਲੀ ਮਨੁੱਖ ਆਪਣੇ ਇਸ਼ਟ (ਦੇਵਤੇ) ਅੱਗੇ ਭੇਂਟ ਰੱਖਦਾ ਸੀ। ਉਸੇ ਰੀਤੀ ਦਾ ਸੂਤ੍ਰਿਕ ਰੂਪ ਵਿਚ ਹਵਾਲਾ ਦਿੰਦੇ ਹੋਏ ਗੁਰੂ ਸਾਹਿਬ ਮਨੁੱਖ ਨੂੰ "ਆਪਣੀ ਸ਼ੁਭ ਕਰਨੀ ਨੂੰ ਸਤਿਗੁਰੂ ਦੀ ਭੇਂਟ ਬਣਾਉਣ" ਦੀ ਪ੍ਰੇਰਨਾ ਦਿੰਦੇ ਹਨ:

ਸੇਵਕ ਸੇਵਹਿ ਕਰਮਿ ਚੜਾਉ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਤਿੰਨ ਪ੍ਰਮੁੱਖ ਦੇਵਤਿਆਂ ਵਜੋਂ ਮਾਨਤਾ ਪ੍ਰਾਪਤ ਸਨ ਤਾਂ ਹੀ ਤਾਂ ਗੁਰੂ ਜੀ ਹੇਠ ਲਿਖੀ ਪੰਕਤੀ ਵਿਚ ਮਨੁੱਖ ਨੂੰ ਸਮਝਾਉਣ ਲਈ ਇਨ੍ਹਾਂ ਸਿਖ਼ਰਲੇ ਸਮਝੇ ਜਾਂਦੇ ਇਨ੍ਹਾਂ ਦੇਵਤਿਆਂ ਦੀ ਉਦਾਹਰਨ ਦਿੰਦੇ ਹਨ। ਕਿਉਂਕਿ, ਜਦੋਂ ਮਨੁੱਖੀ ਮਨ ਵਿਚ ਉੱਚੇ ਪੱਧਰ ਤੇ ਵਸਦੇ ਦੇਵਤਿਆਂ ਨੂੰ ਆਧਾਰ ਬਣਾ ਕੇ ਕੋਈ ਗੱਲ ਕੀਤੀ ਗਈ ਤਾਂ ਉਸ ਸ਼੍ਰੇਣੀ ਦੇ ਬਾਕੀ ਦੇਵਤਿਆਂ ਉੱਪਰ ਉਹ ਗੱਲ ਖ਼ੁਦ-ਬ-ਖ਼ੁਦ ਲਾਗੂ ਹੋ ਗਈ:

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 852)

**ਅਜੋਕੀ ਸਥਿਤੀ:** ਵੱਖ-ਵੱਖ ਥਾਵਾਂ 'ਤੇ ਬਣੇ ਦੇਵੀ-ਦੇਵਤਿਆਂ ਦੇ ਮੰਦਿਰ ਅਜੋਕੇ ਮਨੁੱਖ ਦੀ ਇਨ੍ਹਾਂ ਦੇਵੀ-ਦੇਵਤਿਆਂ ਪ੍ਰਤਿ ਸ਼ਰਧਾ ਦਾ ਹੀ ਪ੍ਰਗਟਾਵਾ ਹਨ।

### 3.5.1 ਸ੍ਰੀ ਰਾਮ ਚੰਦਰ ਜੀ

ਸਲੋਕ ਬਾਣੀ-ਰੂਪ ਵਿਚ ਸ੍ਰੀ ਰਾਮ ਚੰਦਰ ਜੀ ਦਾ ਜ਼ਿਕਰ ਕਈ ਥਾਈਂ ਆਉਂਦਾ ਹੈ ਜਿਸ ਤੋਂ ਤਤਕਾਲੀ ਲੋਕ-ਚੇਤਨਾ ਵਿਚ ਇਸ ਪਾਤਰ ਦੇ ਡੂੰਘੇ ਪ੍ਰਭਾਵ ਦਾ ਸੰਕੇਤ ਮਿਲਦਾ ਹੈ। "ਪਰਮਾਤਮਾ ਦੇ ਦੋ ਅਵਤਾਰਾਂ (ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ) ਦਾ ਮਧਯੁੱਗ ਵਿਚ ਬਹੁਤ ਜਿਆਦਾ ਪ੍ਰਚਲਨ ਸੀ। " (ਅਮਨਜੋਤ ਕੌਰ, *ਸ੍ਰੀ ਗੁਰੂ ਗ੍ਰੰਥ ਸਾਹਿਬ : ਪ੍ਰਾਚੀਨ ਅਤੇ ਆਧੁਨਿਕ ਪ੍ਰਾਸੰਗਿਕਤਾ* 14) ਬਾਣੀਕਾਰਾਂ ਨੇ ਇਸ ਪਾਤਰ ਦੇ ਜੀਵਨ-ਕਾਲ ਦੀਆਂ ਕਈ ਘਟਨਾਵਾਂ ਦਾ ਹਵਾਲਾ ਆਪਣੀ ਰਚਨਾ ਵਿਚ ਦਿੱਤਾ ਹੈ:

ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ॥
ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ॥
ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ॥

ਨਾਨਕ ਕਰਤਾ ਕਰਣਹਾਰੁ ਕਰਿ ਵੇਖੈ ਥਾਪਿ ਉਥਾਪਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਉਕਤ ਸਲੋਕ ਵਿਚ ਵਰਣਿਤ ਵਿਛੋੜੇ ਤੋਂ ਉਪਜੀ ਸਥਿਤੀ ਵਿੱਚੋਂ ਉਭਰਨ ਹਿੱਤ ਕੀਤੀ ਗਏ ਉਪਚਾਰ ਦਾ ਵੇਰਵਾ ਨਿਮਨਲਿਖਿਤ ਸਲੋਕ ਵਿਚ ਮਿਲਦਾ ਹੈ:

ਮਨਿ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ॥

ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ॥

ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ॥

ਨਾਨਕ ਵੇਪਰਵਾਹੁ ਹੈ ਕਿਰਤਿ ਨ ਮਿਟਈ ਰਾਮੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1412)

ਸ੍ਰੀ ਰਾਮ ਚੰਦਰ ਜੀ ਦੇ ਦੇਸ਼-ਨਿਕਾਲੇ (ਬਨਵਾਸ) ਕਾਰਨ ਘਰ ਛੱਡਣ ਅਤੇ ਰਾਵਣ ਦੁਆਰਾ ਸੀਤਾ ਹਰਣ ਦੀ ਘਟਨਾ ਦਾ ਉਲੇਖ ਵੀ ਗੁਰੂ ਨਾਨਕ ਦੇਵ ਜੀ ਕ੍ਰਿਤ ਇੱਕ ਸਲੋਕ ਵਿਚ ਮਿਲਦਾ ਹੈ:

ਰੋਵੈ ਰਾਮੁ ਨਿਕਾਲਾ ਭਇਆ॥ਸੀਤਾ ਲਖਮਣ ਵਿਛੁੜਿ ਗਇਆ॥

ਰੋਵੈ ਦਹਸਿਰੁ ਲੰਕ ਗਵਾਇ॥ਜਿਨਿ ਸੀਤਾ ਆਦੀ ਡਉਰੂ ਵਾਇ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 953)

ਕਾਲ-ਵੰਡ ਦੀ ਪ੍ਰਚਲਿਤ ਰੀਤੀ ਅਨੁਸਾਰ ਗੁਰੂ ਨਾਨਕ ਦੇਵ ਜੀ ਤ੍ਰੇਤੇ ਯੁੱਗ ਵਿਚ (ਜਿਵੇਂ ਕਿ ਤਸਲੀਮ ਕੀਤਾ ਗਿਆ ਸੀ) ਰਾਮ ਚੰਦਰ ਜੀ ਦੇ ਪ੍ਰਭਾਵ ਬਾਰੇ ਸੰਕੇਤ ਦਿੰਦੇ ਹਨ:

ਰਿਗੁ ਕਹੈ ਰਹਿਆ ਭਰਪੂਰਿ॥ਰਾਮ ਨਾਮੁ ਦੇਵਾ ਮਹਿ ਸੂਰੁ॥

ਨਾਇ ਲਇਐ ਪਰਾਛਤ ਜਾਹਿ॥ਨਾਨਕ ਤਉ ਮੋਖੰਤਰੁ ਪਾਹਿ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 470)

ਗੁਰੂ ਤੇਗ ਬਹਾਦਰ ਜੀ ਲੋਕਾਈ ਨੂੰ ਜੀਵਨ ਦੀ ਅਸਥਿਰਤਾ ਦਾ ਗਿਆਨ ਕਰਵਾਉਂਦੇ ਹੋਏ ਦੱਸਦੇ ਹਨ ਕਿ ਤੁਹਾਡੇ ਮਨਾਂ ਵਿਚ ਵੱਡਾ ਪ੍ਰਭਾਵ ਰੱਖਣ ਵਾਲੇ ਸ੍ਰੀ ਰਾਮ ਚੰਦਰ ਜੀ ਜਿਹੇ ਪਾਤਰ ਵੀ ਇਸ ਸੰਸਾਰ ਉੱਪਰ ਸਦੀਵੀ ਤੌਰ 'ਤੇ ਨਹੀਂ ਜਿਉ ਸਕੇ। ਸੋ, ਇਸ ਸੰਸਾਰ ਵਿਚ ਕੋਈ ਵੀ ਥਿਰ ਰਹਿਣ ਵਾਲਾ ਨਹੀਂ:

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥(ਮਹਲਾ ੯, *ਸ੍ਰੀ ਗੁਰੂ ਗ੍ਰੰਥ ਸਾਹਿਬ* 1429)

ਨਾਨਕ ਨਿਰਭਉ ਨਿਰੰਕਾਰ ਹੋਰਿ ਕੇਤੇ ਰਾਮ ਰਵਾਲ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਭਗਤ ਕਬੀਰ ਜੀ ਸੰਸਾਰ ਅੱਗੇ ਸਪਸ਼ਟ ਕਰਦੇ ਹਨ ਕਿ ਦੁਨੀਆ ਵਿਚ ਪ੍ਰਚੱਲਤ ਰਾਜੇ ਰਾਮ ਅਤੇ ਸਦੀਵੀ ਰਾਮ (ਪ੍ਰਭੂ) ਦਰਮਿਆਨ ਭੇਦ ਹੈ:

ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥

ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਅਤੇ,

ਕਬੀਰ ਰਾਮੈ ਰਾਮ ਕਹੁ ਕਹਿਬੈ ਮਾਹਿ ਬਿਬੇਕ॥

ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ॥(*ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਇਸ ਪ੍ਰਕਾਰ ਉਕਤ ਪੰਕਤੀਆਂ ਵਿਚ ਸ੍ਰੀ ਰਾਮ ਚੰਦਰ ਜੀ ਦੇ ਜੀਵਨ ਨਾਲ ਸਬੰਧਤ ਹੋਰ ਪਾਤਰਾਂ ਸੀਤਾ, ਲਛਮਣ, ਹਨੂੰਮਾਨ ਅਤੇ ਰਾਵਣ ਬਾਰੇ ਉਲੇਖ ਵੀ ਮਿਲਦਾ ਹੈ।

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਮਨੁੱਖ ਵੀ ਸ੍ਰੀ ਰਾਮ ਚੰਦਰ ਜੀ ਨੂੰ ਭਗਵਾਨ ਰੂਪ ਵਿਚ ਪੂਜਦਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਹਵਾਲਿਆਂ ਰਾਹੀਂ ਆਪਣੀ ਵਿਚਾਰਧਾਰਾ ਨੂੰ ਬਹੁਤ ਸਪੱਸ਼ਟਤਾ ਨਾਲ ਬਿਆਨ ਕੀਤਾ ਅਤੇ ਸਿਆਣੇ, ਤਾਕਤਵਰ ਅਤੇ ਭਗਵਾਨ ਦਾ ਰੂਪ ਕਹੇ ਜਾਣ ਵਾਲੇ ਪਾਤਰਾਂ ਰਾਹੀਂ ਇਹ ਸੰਦੇਸ਼ ਦਿੱਤਾ ਕਿ ਪਰਮਾਤਮਾ ਦੇ ਗੁਣ ਗਾਉਣ ਵਾਲਾ ਸਦਾ ਇੱਕ ਮਨ ਅਤੇ ਇੱਕ ਚਿੱਤ ਤਾਂ ਰਹਿ ਸਕਦਾ ਹੈ ਪਰ ਇਸ ਸੰਸਾਰ ’ਤੇ ਸਦੀਵ ਨਹੀਂ ਰਹਿ ਸਕਦਾ ਪਰ ਅਜੋਕੇ ਮਨੁੱਖ ਨੇ ਇਸ ਤੋਂ ਵੀ ਕੁਝ ਨਹੀਂ ਸਿੱਖਿਆ ਜਾਪਦਾ ਕਿਉਂਕਿ ਵੈਰ ਵਿਰੋਧ ਅਤੇ ਪਦਾਰਥਾਂ ਦੀ ਦੌੜ ਵਿਚ ਲੱਗੇ ਅੱਜ ਦੇ ਮਨੁੱਖ ਨੂੰ ਮਰਨਾ ਤਾਂ ਜਿਵੇਂ ਵਿਸਰਿਆ ਹੀ ਪਿਆ ਹੈ।

### 3.5.2 ਸ੍ਰੀ ਕ੍ਰਿਸ਼ਨ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਸਪਸ਼ਟ ਸੰਕੇਤ ਮਿਲਦੇ ਹਨ ਕਿ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਨਾਲ ਸਬੰਧਤ ਗਾਥਾਵਾਂ ਤਤਕਾਲੀ ਸਮਾਜ ਵਿਚ ਵੱਡੇ ਪੱਧਰ 'ਤੇ ਪ੍ਰਚੱਲਤ ਸਨ:

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥
ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਤਤਕਾਲੀ ਲੋਕ-ਚੇਤਨਾ ਵਿਚ ਕ੍ਰਿਸ਼ਨ ਜੀ ਦਾ ਸਬੰਧ ਦੁਆਪਰ ਯੁੱਗ ਨਾਲ ਸਮਝਿਆ ਜਾਂਦਾ ਸੀ, ਜਿਸ ਨੂੰ ਆਧਾਰ ਮਿੱਥ ਕੇ ਗੁਰੂ ਨਾਨਕ ਦੇਵ ਜੀ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਦੀ ਇੱਕ ਘਟਨਾ ਦਾ ਉਲੇਖ ਕਰਦੇ ਹਨ:

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 470)

ਲੋਕ-ਮਨ ਸ੍ਰੀ ਕ੍ਰਿਸ਼ਨ ਜੀ ਨੂੰ ਹੀ ਅਕਾਲ ਅਤੇ ਸਰਬ ਦੇਵਤਿਆਂ ਦਾ ਸੁਆਮੀ ਮੰਨਦਾ ਸੀ। ਸ੍ਰੀ ਕ੍ਰਿਸ਼ਨ ਜੀ ਪਾਤਰ ਦੇ ਲੋਕ-ਮਨ ਉੱਪਰ ਪਏ ਗੂੜ੍ਹੇ ਪ੍ਰਭਾਵ ਨੂੰ ਮੁਖ਼ਾਤਿਬ ਹੋ ਕੇ ਗੁਰੂ ਅਰਜਨ ਦੇਵ ਜੀ ਸਪਸ਼ਟ ਨਿਰਣਾ ਦਿੰਦੇ ਹਨ ਕਿ ਪ੍ਰਭੂ ਤਾਂ ਸਭ ਰੂਪਾਂ ਤੋਂ ਨਿਆਰਾ ਹੈ:

ਏਕ ਕ੍ਰਿਸਨੰਤ ਸਰਬ ਦੇਵਾ ਦੇਵ ਦੇਵਾ ਤ ਆਤਮਹ॥
ਆਤਮੰ ਸ੍ਰੀ ਬਾਸ੍ਵਦੇਵਸ ਜੇ ਕੋਈ ਜਾਨਸਿ ਭੇਵ॥
ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਵ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1353)
ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ॥
ਅਸ੍ਚਰਜ ਰੂਪੰ ਰਹੰਤ ਜਨਮੰ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਸ੍ਰੀ ਕ੍ਰਿਸ਼ਨ ਜੀ ਨੂੰ ਵਿਸ਼ਨੂੰ ਦੇ ਅਵਤਾਰ ਵਜੋਂ ਪੂਜਿਆ ਜਾਂਦਾ ਹੈ।

### 3.5.3 ਬ੍ਰਹਮਾ

"ਪੁਰਾਣਾਂ ਅਨੁਸਾਰ ਜਗਤ ਰਚਣ ਵਾਲਾ ਦੇਵਤਾ, ਜਿਸ ਦੀ ਤਿੰਨ ਦੇਵਤਿਆਂ ਵਿੱਚ ਗਿਣਤੀ ਹੈ. ... ...। " (ਨਾਭਾ, *ਮਹਾਨ ਕੋਸ਼* 897)ਗੁਰਬਾਣੀ ਰਚਨਾ-ਕਾਲ ਵਿਚ ਇਹ ਮੰਨਿਆ ਜਾਂਦਾ ਸੀ ਕਿ ਬ੍ਰਹਮਾ ਦੇਵਤਾ ਦੀ ਉਤਪਤੀ ਵਿਸ਼ਨੂੰ ਦੀ ਨਾਭੀ ਵਿੱਚੋਂ ਹੋਈ ਹੈ। ਉਸਨੂੰ ਦੇਵਤਿਆਂ ਦੀ ਸ਼੍ਰੇਣੀ ਵਿਚ ਅਗਲੇਰੀ ਥਾਂ ਦਿੱਤੀ ਗਈ ਸੀ। ਇਸੇ ਤੱਥ ਨੂੰ ਮੁੱਖ ਰੱਖ ਕੇ ਗੁਰੂ ਨਾਨਕ ਦੇਵ ਨਿਮਨਲਿਖਿਤ ਸਲੋਕ ਵਿਚ ਲੋਕਾਈ ਨੂੰ ਦੱਸਦੇ ਹਨ ਕਿ ਤੁਹਾਡੇ ਅਨੁਸਾਰ ਪ੍ਰਮਾਤਮਾ ਦੇ ਗਿਰਦ ਪਹਿਲੀ ਕਤਾਰ ਵਿਚ ਖੜ੍ਹਾ ਬ੍ਰਹਮਾ ਵੀ ਉਸ ਅਕਾਲ ਦਾ ਭੇਤ ਨਹੀਂ ਜਾਣ ਸਕਿਆ:

ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1237)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਬ੍ਰਹਮਾ ਦੀ ਥਾਂ, ਉਕਤ ਦਰਸਾਈ ਹੋਈ ਵਾਲੀ ਹੀ ਹੈ। ਬ੍ਰਹਮਾ ਦੀ ਗਿਣਤੀ ਤਿੰਨ ਪ੍ਰਮੁੱਖ ਦੇਵਤਿਆਂ ਵਿਚ ਹੁੰਦੀ ਹੈ।

### 3.5.4 ਇੰਦਰ

ਲੋਕ-ਮਨ ਇੰਦਰ ਨੂੰ ਵਰਖਾ ਦਾ ਦੇਵਤਾ ਮੰਨਦਾ ਸੀ। ਮਨੁੱਖ ਇਹ ਸਮਝਦਾ ਸੀ ਕਿ ਇਹ ਇੰਦਰ ਦੇਵਤਾ ਹੀ ਹੈ, ਜੋ ਕਿਰਪਾ ਕਰੇ ਤਾਂ ਧਰਤੀ ਉੱਪਰ ਵਰਖਾ ਹੁੰਦੀ ਹੈ। ਗੁਰੂ ਅਮਰਦਾਸ ਜੀ ਹੇਠ ਲਿਖੇ ਸਲੋਕ ਵਿਚ ਸਮਕਾਲੀ ਲੋਕ-ਮਨ ਦੀ ਇਸ ਮਨੌਤ ਨੂੰ ਮੁਖ਼ਾਤਬ ਹੁੰਦੇ ਹੋਏ, ਲੋਕਾਈ ਦੇ ਸਨਮੁਖ ਅਸਲੀ ਤਸਵੀਰ ਪੇਸ਼ ਕਰਦੇ ਹੋਏ ਇਸ ਉਕਤ ਮਨੌਤ ਨੂੰ ਰੱਦ ਕਰਦੇ ਹਨ। ਗੁਰੂ ਸਾਹਿਬ ਅਨੁਸਾਰ ਸਭ ਕਾਸੇ ਦਾ ਕਰਤਾ ਅਤੇ ਕਾਰਣ ਅਕਾਲ ਪੁਰਖ ਹੈ:

ਇੰਦੁ ਵਰਸੈ ਕਰਿ ਦਇਆ ਲੋਕਾਂ ਮਨਿ ਉਪਜੈ ਚਾਉ॥
ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ ਕੈ ਸਦ ਬਲਿਹਾਰੈ ਜਾਂਉ॥ (ਮਹਲਾ ੩, ਸ੍ਰੀ ਗੁਰੂ ਗ੍ਰੰਥ ਸਾਹਿਬ 1285-86)
ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ॥
ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਹਿ॥(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1280)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਵੱਧ ਵਰਖਾ ਨੂੰ ਇੰਦਰ ਦੇਵਤਾ ਦੀ ਕਰੋਪੀ ਖ਼ਿਆਲ ਕੀਤਾ ਜਾਂਦਾ ਹੈ। ਸੋ, ਇੰਦਰ ਨੂੰ ਵਰਖਾ ਦਾ ਸੁਆਮੀ ਮੰਨਿਆ ਜਾਂਦਾ ਹੈ।

### 3.5.5 ਨਾਰਦ

ਨਾਰਦ "ਬ੍ਰਹਮਾ ਦੇ ਦਸ ਪੁਤ੍ਰਾਂ ਵਿਚੋਂ ਇਕ ਸੀ, ਉਸ ਦੇ ਪੱਟ ਵਿਚੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ। ਇਸ ਦੀ ਬਾਬਤ ਇਹ ਮੰਨਿਆ ਜਾਂਦਾ ਹੈ ਕਿ ਇਹ ਦੇਵਤਿਆਂ ਦੇ ਸੁਨੇਹੇ ਮਨੁੱਖਾਂ ਪਾਸ ਤੇ ਮਨੁੱਖਾਂ ਦੀਆਂ ਲੋੜਾਂ ਦੇਵਤਿਆਂ ਪਾਸ ਅਪੜਾਂਦਾ ਸੀ। ......ਇਸ ਨੇ ਇਕ 'ਸਿਮ੍ਰਿਤਿ' ਭੀ ਲਿਖੀ ਸੀ।" (ਨਾਭਾ, *ਮਹਾਨ ਕੋਸ਼* 698) "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਰਦ ਸੰਬੰਧੀ 23 ਤੁਕਾਂ ਹਨ...। " (*ਨਾਨਕ ਪ੍ਰਕਾਸ਼ ਪੱਤ੍ਰਿਕਾ ਜੂਨ 1980* 5) ਗੁਰਬਾਣੀ ਵਿਚ ਜਦੋਂ ਭੂਤਕਾਲ ਦੀ ਕਿਸੇ ਸ਼ਖ਼ਸੀਅਤ ਨੂੰ ਕੋਈ ਸੁਆਲ ਪੁੱਛਣ ਦਾ ਪ੍ਰਸੰਗ ਆਉਂਦਾ ਹੈ ਤਾਂ ਉਸ ਦਾ ਸਹਿਜ ਭਾਵ ਉਸ ਸ਼ਖ਼ਸੀਅਤ ਦੁਆਰਾ ਕੀਤੀ ਗਈ ਰਚਨਾ ਦਾ ਅਧਿਐਨ ਕੀਤਾ ਜਾਣਾ ਹੁੰਦਾ ਹੈ। ਗੁਰੂ

ਅਮਰਦਾਸ ਜੀ ਹੇਠ ਲਿਖੇ ਸਲੋਕ ਵਿਚ ਆਪਣੀ ਗੱਲ ਦੀ ਪ੍ਰੋੜ੍ਹਤਾ ਲਈ ਬਿਆਸ ਅਤੇ ਸੁਕਦੇਵ ਦੀਆਂ ਰਚਨਾਵਾਂ ਦੇ ਨਾਲ-ਨਾਲ ਨਾਰਦ ਕ੍ਰਿਤ ਸਿਮ੍ਰਿਤਿ ਦੇ ਵਿਸ਼ਾ-ਵਸਤੂ ਦਾ ਹਵਾਲਾ ਦਿੰਦੇ ਹਨ:

ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥
ਜਿ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੇਈ ਕਰਮਿ ਕਰੇਨਿ॥
ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ ਬਚਨ ਸਭ ਸ੍ਰਿਸਟਿ ਕਰੇਨਿ॥
(ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਨਾਰਦ ਮੁੱਖ ਤੌਰ 'ਤੇ ਵਿਵਾਦ ਕਰਵਾਉਣ ਵਾਲੇ ਵਜੋਂ ਚਿੰਨ੍ਹਿਤ ਹੈ। ਦੋ ਧਿਰਾਂ ਵਿਚ ਵਿਵਾਦ ਪੈਦਾ ਕਰਨ ਵਾਲੇ ਸੱਜਣ ਨੂੰ ਨਾਰਦ ਆਖ ਦਿੱਤਾ ਜਾਂਦਾ ਹੈ।

## ਹਵਾਲੇ ਅਤੇ ਟਿੱਪਣੀਆਂ:

---

[1]He (Hindu) worships secretly, but in public he flaunts his smatterings of the ruling class culture.” (Surjit Hans, ‘A Reconstruction of Sikh History From Sikh Literature’, pg. 6)

[2]'ਟਿਕੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-960)

[3]'ਗੁੱਸਾ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-960)

[4]'ਅ+ਜਾਣੰਤਾ, ਨਹੀਂ ਜਾਣਦਾ, ਆਪ ਕੁਝ ਨਹੀਂ ਸਮਝਦਾ।'('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5136)

[5]ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ॥(ਸਲੋਕ ਭਗਤ ਕਬੀਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1368)

[6]'ਹਸਤ ਊਚ- ਗੋਮੁਖੀ, ਮਾਲਧਾਨੀ, ਇਕ ਥੈਲੀ ਜਿਸ ਦਾ ਆਕਾਰ ਗਊ ਦੇ ਮੁਖ ਜੇਹਾ ਹੁੰਦਾ ਹੈ, ਜਿਸ ਵਿਚ ਮਾਲਾ ਪਾ ਕੇ ਫੇਰੀ ਜਾਂਦੀ ਹੈ। ਹਿੰਦੂ ਸ਼ਾਸਤ੍ਰ ਅਨੁਸਾਰ ਇਸ ਨੂੰ ਜ਼ਮੀਨ ਨਾਲ ਛੁਹਾਣ ਦੀ ਆਗਿਆ ਨਹੀਂ; ਛਾਤੀ ਦੀ ਕੌਡੀ ਨਾਲ ਹੱਥ ਲਾ ਕੇ ਜਪ ਕਰਨ ਦੀ ਆਗਿਆ ਹੈ। ਇਸੇ ਲਈ ਇਸ ਦਾ ਨਾਮ 'ਹਸਤ ਊਚ' ਹੈ।'('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5751)

[7]'ਉਹ ਪੋਥੀ ਜਿਸ ਵਿਚੋਂ ਬ੍ਰਾਹਮਣ ਆਪਣੇ ਜਜਮਾਨ ਆਦਿਕਾਂ ਨੂੰ ਥਿੱਤਾਂ ਦੱਸਦੇ ਹਨ। (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1093)

[8]'ਨਮਾਜ਼ ਲਈ ਪੁਕਾਰ, ਜੋ ਮਸਜਿਦ ਦੇ ਮੀਨਾਰ ਪੁਰ ਅਥਵਾ ਮਸਜਿਦ ਵਿੱਚ ਖੜੋਕੇ ਉੱਚੇ ਸੁਰ ਨਾਲ ਕੀਤੀ ਜਾਂਦੀ ਹੈ; ਜਿਸ ਨੂੰ ਸੁਣਕੇ ਨਮਾਜ਼ੀ ਜਮਾਂ ਹੋਜਾਣ. ਇਸ ਦਾ ਨਾਉਂ 'ਬਾਂਗ' ਭੀ ਹੈ.ਅਜਾਨ ਦੇਣ ਵਾਲੇ ਦਾ ਨਾਉਂ "ਮੁਅੱਜਿਨ" ਹੈ.ਅਜਾਨ ਦਾ ਪ੍ਰਚਾਰ ਹਜ਼ਰਤ ਮੁਹੰਮਦ ਦੇ ਸਮੇਂ ਅਰੰਭ ਹੋਇਆ.ਅਜਾਨ ਮੱਕੇ ਵੱਲ ਮੂੰਹ ਕਰਕੇ ਅਰ ਕੰਨਾਂ ਵਿੱਚ ਉਂਗਲੀਆਂ ਦੇਕੇ ਦੇਣ ਦਾ ਹੁਕਮ ਹੈ. ਮਲੀਨ, ਸ਼ਰਾਬੀ ਅਤੇ ਇਸਤ੍ਰੀ ਨੂੰ ਅਜਾਨ ਦੇਣ ਦਾ ਅਧਿਕਾਰ ਨਹੀਂ'('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-47)

[9]'ਨਮਾਜ਼ ਲਈ ਪੁਕਾਰ, (ਅਜਾਨ)' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-849)

[10]"ਗੁਰੂ ਅਮਰਦਾਸ ਜੀ ਨੇ ਬਾਉਲੀ ਸਾਹਿਬ ਦੇ ਸੰਪੂਰਨ ਹੋਣ 'ਤੇ ਜੱਗ ਕੀਤਾ। ਤਪੇ ਨੂੰ ਵੀ ਸੱਦਿਆ। ਉਸ ਨੇ ਨਾਂਹ ਕਰ ਦਿੱਤੀ। ਪਿੱਛੋਂ ਜਦ ਪਤਾ ਲੱਗਾ ਕਿ ਉਥੇ ਮਾਇਆ ਦੇ ਗੱਫੇ ਵੀ ਮਿਲਣੇ ਹਨ ਤਾਂ ਝਟ ਪੁੱਤ ਨੂੰ ਭੇਜ ਦਿੱਤਾ......।" ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-315)

[11]‘Perspectives on Guru Amar Das’,pg. 175

[12]'ਕਿਤਾਬ ਦਾ ਬਹੁ ਵਚਨ' ('ਗੁਰੁਮਤ ਮਾਰਤੰਡ' ਭਾਗ ਦੂਜਾ, ਪੰਨਾ-841)

[13]'ਯਹੂਦੀ (ਮੁਸਾਈਆਂ) ਦਾ ਧਰਮ ਗ੍ਰੰਥ, ਜੋ ਹਜ਼ਰਤ ਮੂਸਾ ਨੂੰ ਪਰਗਟ ਹੋਇਆ Old Testament’ ('ਗੁਰੁਮਤ ਮਾਰਤੰਡ' ਭਾਗ ਦੂਜਾ, ਪੰਨਾ-841)

[14]‘ਪੈਗੰਬਰ ਦਾਊਦ ਦਵਾਰਾ ਪ੍ਰਕਾਸ਼ਿਆ ਈਸਾਈਆਂ ਦਾ ਧਰਮ ਗ੍ਰੰਥ Psalms of Larid’ ('ਗੁਰੁਮਤ ਮਾਰਤੰਡ' ਭਾਗ ਦੂਜਾ, ਪੰਨਾ-841)

[15]'ਮਸੀਹ ਈਸਾ ਦਵਾਰਾ ਪ੍ਰਕਾਸ਼ਿਆ ਈਸਾਈਆਂ ਦਾ ਧਰਮ ਗ੍ਰੰਥ New Testament’ ('ਗੁਰੁਮਤ ਮਾਰਤੰਡ' ਭਾਗ ਦੂਜਾ, ਪੰਨਾ-841)

[16]'ਹਜ਼ਰਤ ਮੁਹੰਮਦ ਰਾਹੀਂ ਪ੍ਰਗਟ ਹੋਇਆ ਇਸਲਾਮ ਦਾ ਧਰਮ ਪੁਸਤਕ ।' ('ਗੁਰੁਮਤ ਮਾਰਤੰਡ' ਭਾਗ ਦੂਜਾ, ਪੰਨਾ-841)

[17]'ਸ਼ਾਸਤ੍ਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-304)

[18]‘ਵੇਦ’ ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-304)

[19]'ਛੇ ਵੇਦਾਂਗ- (ਸ਼ਿਕਸ਼ਾ, ਕਲਪ, ਵਿਆਕਰਣ, ਛੰਦ, ਨਿਰੁਕਤ, ਜੋਤਿਸ਼)' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5117)

[20] 'ਮੋਨ-ਧਾਰੀ ਜੋ ਚੁੱਪ ਬੈਠਾ ਰਹੇ।' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-1865)

[21]'ਕੁਰਾਹੇ ਪਿਆ ਹੋਇਆ ਹੈ।' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-1865)

[22]"ਨਮਾਜ਼ ਪੜ੍ਹਨ ਸਮੇਂ ਕੱਪੜਿਆਂ ਅਤੇ ਸਥਾਨ ਦਾ ਸ਼ੁੱਧ ਹੋਣਾ ਜ਼ਰੂਰੀ ਹੈ। ਸਰੀਰ ਨੂੰ ਸ਼ੁੱਧ ਕਰਨ ਲਈ ਵੁਜ਼ੂ (ਇਕ ਖਾਸ ਢੰਗ ਨਾਲ ਹੱਥ ਪੈਰ ਮੂੰਹ ਆਦਿ ਧੋਣਾ) ਕੀਤਾ ਜਾਂਦਾ ਹੈ ਅਤੇ ਫਿਰ ਨਮਾਜ਼ ਪੜ੍ਹੀ ਜਾਂਦੀ ਹੈ।" (ਪ੍ਰੋ. ਜੀ. ਐੱਲ. ਸ਼ਰਮਾ, 'ਸ਼ੇਖ ਫਰੀਦ: ਚਿੰਤਨ ਤੇ ਕਲਾ', ਪੰਨਾ-21)

[23]'ਲਫ਼ਜ਼ 'ਸ਼ੇਖ' ਦਾ ਬਹੁ-ਵਚਨ.' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-3938)

[24] 'ਸਾਰੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-143)

[25]'ਥੱਲੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-143)

[26]'ਯੋਗੀਆਂ (ਗੋਰਖਪੰਥੀਆਂ) ਦੇ ਮੰਨੇਹੋਏ ਸ਼ਿਰੋਮਣੀ ਯੋਗੀ, ਜਿਨ੍ਹਾਂ ਦੀ ਗਿਣਤੀ ਚੌਰਾਸੀ ਹੈ.' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-479)

[27] 'ਕੱਪੜਾ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-513)

[28]'ਤੂਤੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-790)

[29]'ਕੁਟੀਆ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-4504)

[30]'ਪ੍ਰਤਿੱਗਿਆ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1240)

[31]'ਸੁਆਹ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-599)

[32]'ਯੋਗੀਆਂ ਦੀ ਤੁਰ੍ਹੀ, ਜੋ ਸਿੰਗ ਦੀ ਹੁੰਦੀ ਹੈ.ਸਿੰਗ ਦਾ ਵਾਜਾ.'('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-194)

[33]'ਜੋਗੀਆਂ ਦਾ ਚੂਰਮਾ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-3936)

[34]'ਮੌਜੂਦ ਹੈ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-3936)

[35]'ਨਹੀਂ ਹੈ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-3936)

[36]'ਛੇ ਭੇਖਾਂ ਵਿਚ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-3936)

[37]'ਚੇਲੇ (ਜੋਗੀਆਂ ਦੇ)'('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-3936)

[38]'ਉਦਾਸੀ ਜਿਸਦੀ ਚਰਚਾ ਗੁਰੂ ਨਾਨਕ ਦੇਵ ਜੀ ਨਾਲ ਹੋਈ' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-429)

[39]'ਸ਼ਸਤ੍ਰ' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5762)

[40]'ਛੇਤੀ ਟੁੱਟ ਭੁਰ ਜਾਣ ਵਾਲੀ (ਲਾਖ)'('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1372)

[41]'ਕਮਾਣ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1372)

42"ਭਾਂਵੈ ਲੰਬੇ ਕੇਸ ਜਟਾ ਆਦਿਕ ਕਰ ਲੇਵੇ ਔ ਭਾਂਵੈ (ਘਰਰਿ) ਰਗੜ ਕੇ ਮੁੰਡਾਇ ਦੇਵੈ ਅਰਥਾਤ ਪਰਮਹੰਸ ਹੋ ਜਾਵੈ ਭਾਵ ਯੇਹ ਤਿਸਕੇ ਦੋਨੋਂ ਕਰਤਬਯ ਵਿਅਰਥ ਹੈਂ...।" ('ਫਰੀਦਕੋਟ ਵਾਲਾ ਟੀਕਾ', ਪੰਨਾ-2772)

43'ਇੜਾ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1372)

44'ਪਿੰਗਲਾ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1372)

45'ਸਹਜ ਅਵਸਥਾ ਦੇ ਟਿਕਾਣੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1372)

46'ਟਿਕਾਉ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1372)

47'ਸਧਰ ਹੈ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1377)

48'ਗੇਂਦ ਕਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1377)

49"ਮਸਤ ਹੋ ਜਾ (ਨੋਟ:- ਨੌ ਸ਼ਾਹੀਏ ਫ਼ਕੀਰ 'ਹਾਲ' ਖੇਡਦੇ ਹਨ, ਤੇ ਮਸਤ ਹੋ ਜਾਂਦੇ ਹਨ)।" ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5930)

50"ਪ੍ਰੇਮ ਦੀ ਮਸਤੀ, ਜਿਸ ਵਿੱਚ ਸਰੀਰ ਦੀ ਸੁਧ ਬੁੱਧ ਨਾ ਰਹੇ। ਸੂਫੀ ਫ਼ਕੀਰਾਂ ਨੂੰ ਹਾਲ ਪੈਂਦਾ ਹੈ।" ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1377)

51'ਡੂੰਘੇ ਪਾਣੀ ਵਿਚ (ਨੋਟ:- ਸਮੁੰਦਰ ਦਾ ਪਾਣੀ ਜਿਉਂ ਜਿਉਂ ਵਧੀਕ ਡੂੰਘਾ ਹੁੰਦਾ ਜਾਏ, ਉਸ ਦਾ ਰੰਗ ਵਧੀਕ ਕਾਲਾ ਦਿੱਸੇਗਾ।' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5886)

52"ਮੋਏ ਹੋਏ ਪਿਤਰਾਂ ਨੂੰ ਤ੍ਰਿਪਤ ਅਤੇ ਪ੍ਰਸੰਨ ਕਰਨ ਵਾਸਤੇ ਜੋ ਅੰਨ ਵਸਤੂ ਆਦਿਕ ਸਾਮੱਗ੍ਰੀ ਦਿੱਤੀ ਜਾਂਦੀ ਹੈ, ਪੁਰਾਣਾਂ ਅਤੇ ਸਿਮ੍ਰਿਤੀ ਅਨੁਸਾਰ ਉਸ ਦਾ ਨਾਂ ਸ਼੍ਰਾਧ ਹੈ।" ('ਗੁਰੁਮਤ ਮਾਰਤੰਡ' ਭਾਗ ਦੂਜਾ, ਪੰਨੇ 472-73)

53"ਘਰ ਲੁੱਟ ਕੇ ਆਪਣੇ ਮਰ ਚੁੱਕੇ ਵੱਡਿਆਂ ਨੂੰ ਦੇਵੇ; ਭਾਵ ਉਨ੍ਹਾਂ ਦੇ ਸ਼ਰਾਧ ਵਿੱਚ ਦੇਵੇ।" ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ', ਪੰਨਾ-472)

54"ਪੱਤਿਆਂ ਦੀ ਥਾਲੀ ਉੱਤੇ ਆਟੇ ਜੌਂ ਆਦਿਕ ਦੇ ਪਿੰਨੇ ਗੋਲੇ ਕਾਵਾਂ ਨੂੰ (ਪਿਤਰਾਂ ਹਿਤ) ਪਾਉਂਦੇ।" ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-138)

55'ਅਹੋਈ: ਕੱਤਕ ਦੇ ਮਹੀਨੇ ਸੀਤਲਾ ਦੇਵੀ ਦੀ ਪੂਜਾ ਦਾ ਵਰਤ।' ('ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5875)

56'ਕਈ ਘਰਾਂ 'ਚੋਂ ਇਕਤ੍ਰ ਹੋਣ ਕਰਕੇ ਕਈ ਕਿਸਮਾਂ ਦਾ ਅਨਾਜ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1373)

57'ਹੱਜ. ਕਾਬੇ ਦੀ ਯਾਤ੍ਰਾ, ਜੋ ਮੁਸਲਮਾਨ ਲਈ ਧਰਮ ਦਾ ਉਸੂਲ (ਨਿਯਮ) ਜਾਣਕੇ ਕਰਨੀ ਜ਼ਰੂਰੀ ਹੈ.ਇਹ ਹਿਜਰੀ ਸਾਲ ਦੇ ਬਾਰ੍ਹਵੇਂ ਮਹੀਨੇ "ਜੁਲਹਿਜ਼ਰ" ਵਿੱਚ ਹੁੰਦੀ ਹੈ.' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-248)

58'ਕਾਬਾ. ਅਰਬ ਦੇ ਮੱਕੇ ਸ਼ਹਿਰ ਵਿੱਚ ਮੁਸਲਮਾਨਾਂ ਦਾ ਧਰਮਮੰਦਿਰ' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-319)

59'ਗਾਹ (ਥਾਂ)' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1375)

60'ਗੁਰੂ ਗ੍ਰੰਥ ਸਾਹਿਬ ਦਰਪਣ', ਪੰਨਾ-5906

[61]'ਆਪਣਾ ਭਾਗ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1384)

[62]'ਮਲਕਲਮਉਤ. ਮ੍ਰਿਤਯੁ ਦਾ ਫ਼ਰਿਸ਼ਤਾ, ਯਮਦੂਤ, ਅਜ਼ਰਾਈਲ' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-956)

[63]'ਬੇਤਾਲ: ਉਹ ਮੁਰਦਾ, ਜਿਸ ਵਿੱਚ ਭੂਤ ਨੇ ਪ੍ਰਵੇਸ਼ ਕੀਤਾ ਹੈ.' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-886)

[64]"ਹਿੰਦੂਮਤ ਦੇ ਪ੍ਰਚੀਨ ਵਿਦਵਾਨਾਂ ਨੇ ਜੀਵਾਂ ਦੀਆਂ ਜਾਤੀਆਂ ਚੌਰਾਸੀ ਲੱਖ ਮੰਨੀਆਂ ਹਨ... ... ." (ਕਾਨ੍ਹ ਸਿੰਘ ਨਾਭਾ, 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-480)

[65]"ਜੈਨੀਆਂ ਨੇ ਚੌਰਾਸੀ ਲੱਖ ਜੀਵਾਂ ਦੀ ਵੰਡ ਇਉਂ ਮੰਨੀ ਹੈ... ... ." (ਕਾਨ੍ਹ ਸਿੰਘ ਨਾਭਾ, 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-480)

[66]"एक ओर ये ही चौरासी सिद्ध हिन्दी के आदि कवि हैं, तो दूसरी ओर बौद्ध धर्म में वज्रयान सम्प्रदाय की नींव डाल कर भयंकर्रकाँन्ति करने वाले भी ये ही हैं। भारत के साधकों में अनेक प्रसिद्ध आसनों और मुद्राओं का प्रचार करने वाले भी ये ही थे।" ('राहुल निबन्धावली', पं.-93)

[67]"ਜੋਗੀ ਦੋ ਪ੍ਰਕਾਰ ਦੇ ਹੁੰਦੇ ਹਨ, ਇਕ ਔਘੜ ਅਤੇ ਦੂਸਰੇ ਕਨਫਟੇ। ਕਨਫਟੇ ਜੋਗੀਆਂ ਦਾ ਆਚਾਰਯ ਗੋਰਖ ਹੈ। ਆਦਿ ਨਾਥ ਨਿਪਾਲ ਦਾ ਇੱਕ ਮਹਾਂਪੁਰਖ ਸੀ। ਇਹਬੋਧੀ ਦੇਵਤਾ ਸੀ। ਉਸ ਦਾ ਚੇਲਾ ਮਛੰਦਰ ਨਾਥ ਸੀ। ਮਛੰਦਰ ਨਾਥ ਦੇ ਅੱਗੇ ਬਹੁਤ ਚੇਲੇ ਸਨ। ਇਨ੍ਹਾਂ ਵਿੱਚੋਂ ਇੱਕ ਗੋਰਖ ਨਾਥ ਸੀ। ਗੋਰਖ ਨਾਥ ਆਪਣੇ ਗੁਰੂ ਮਛੰਦਰ ਨਾਥ ਨਾਲੋਂ ਬਹੁਤ ਤਰੱਕੀ ਕਰ ਗਿਆ ਸੀ। ਗੋਰਖ ਨਾਥ ਜੀ ਨੇ ਆਪਣੇ ਚੇਲਿਆ ਦੇ ਕੰਨ ਪੜਵਾਏ ਤੇ ਮੁੰਦਰਾਂ ਪਵਾਈਆਂ। ਸੋ ਉਸ ਦੇ ਮੱਤ ਨੂੰ ਕਨਫਟੇ ਜੋਗੀਆਂ ਦਾ ਮੱਤ ਕਿਹਾ ਜਾਂਦਾ ਹੈ।" ('ਯੋਗ ਦਰਸ਼ਨ ਤੇ ਗੁਰਮਤਿ', ਪੰਨੇ-7, 8)

[68]"ਗੋਰਖਨਾਥ ਕਬੀਰ ਜੀ ਦਾ ਸਮਕਾਲੀ ਸੀ।" ('ਯੋਗ ਦਰਸ਼ਨ ਤੇ ਗੁਰਮਤਿ', ਪੰਨਾ-8)

[69]"ਰਾਹੂ ਤੇ ਕੇਤੂ, ਜੋ ਪਾਪਾਂ ਦੇ ਗ੍ਰਹ (ਤਾਰੇ) ਹਨ, ਸਰੀਰ ਨੂੰ ਲੱਗ ਜਾਣ। ਰਾਹੂ ਇਕ ਰਾਖਸ਼ ਸੀ ਜਿਸ ਦੀਆਂ ਚਾਰ ਬਾਹਾਂ ਤੇ ਇਕ ਮੱਛ ਦੀ ਪੂਛ ਜੇਹਾ ਧੜ ਸੀ। ਜਦ ਦੇਵਤਿਆਂ ਸਮੁੰਦਰ ਰਿੜਕ ਕੇ 14 ਰਤਨ ਕੱਢੇ ਤਾਂ ਇਹ ਰੂਪ ਵਟਾ ਕੇ ਪੰਗਤ ਵਿੱਚ ਜਾ ਬੈਠਾ ਤੇ ਅੰਮ੍ਰਿਤ ਇਸ ਨੂੰ ਵੀ ਮਿਲਿਆ। ਸੂਰਜ ਅਤੇ ਚੰਦ੍ਰਮਾ ਨੇ ਪਛਾਣ ਲਿਆ ਤੇ ਵਿਸ਼ਨੂੰ ਨੂੰ ਦੱਸਿਆ, ਜਿਸ ਨੇ ਇਸ ਦਾ ਸਿਰ ਤੇ ਦੋ ਬਾਹਾਂ ਕੱਟ ਦਿੱਤੀਆਂ। ਪਰ ਕਿਉਂਕਿ ਇਹ ਅਮਰ ਹੋ ਚੁੱਕਾ ਸੀ ਇਸ ਲਈ ਇਸ ਦੇ ਦੋ ਸਰੀਰ ਬਣ ਗਏ- ਕੇਤੂ ਅਤੇ ਰਾਹੂ। ਕਹਿੰਦੇ ਹਨ ਚੰਦ੍ਰਮਾ ਤੇ ਸੂਰਜ ਨੂੰ ਆਪਣਾ ਪੁਰਾਣਾ ਵੈਰ ਲੈਣ ਲਈ ਰਾਹੂ ਕੇਤੂ ਆ ਘੇਰਦੇ ਹਨ ਅਤੇ ਗ੍ਰਹਣ ਲੱਗਦਾ ਹੈ। ਇਨ੍ਹਾਂ ਦਾ ਆਗਮਨ ਮਾੜਾ ਗਿਣਿਆ ਜਾਂਦਾ ਹੈ।" ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ',ਪੰਨਾ-142)

[70]'ਰੁੱਖ ਦੀ ਛਾਂ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-1356)

[71]'ਸਾਹਾ. ਹਿੰਦੂਮਤ ਅਨੁਸਾਰ ਗ੍ਰਹ ਆਦਿਕ ਦੀ ਗਿਣਤੀ ਕਰਕੇ ਵਿਆਹ ਲਈ ਮੁਕੱਰਰ ਕੀਤਾ ਦਿਨ.' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼', ਪੰਨਾ-177)

# ਅਧਿਆਇ ਚੌਥਾ

# ਰਾਜਨੀਤਕ ਸਰੋਕਾਰਾਂ ਸਬੰਧੀ ਵਿਚਾਰਧਾਰਾ ਅਤੇ ਉਨ੍ਹਾਂ ਦੀ ਅਜੋਕੀ ਸਥਿਤੀ

## 4.1 ਤਤਕਾਲੀ ਰਾਜਨੀਤਕ ਹਾਲਾਤ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿੱਚੋਂ ਤਤਕਾਲੀ ਰਾਜਨੀਤਕ ਹਾਲਾਤਾਂ ਦੀ ਜਾਣਕਾਰੀ ਵੀ ਮਿਲਦੀ ਹੈ। "ਆਪਣੀ ਬਾਣੀ ਅਤੇ ਖਾਸ ਕਰਕੇ ਵਾਰਾਂ ਵਿਚ ਆਪ (ਗੁਰੂ ਨਾਨਕ ਦੇਵ ਜੀ) ਨੇ ਉਸ ਪਤਨਸ਼ੀਲ ਸਮਾਜ ਦਾ ਨਕਸ਼ਾ ਪੇਸ਼ ਕੀਤਾ ਹੈ ਜਿਥੇ ਪਾਪ, ਲਾਲਚ ਉਸਦਾ ਵਜ਼ੀਰ ਤੇ ਕਾਮ ਨਾਇਬ ਜਾਂ ਕਾਰਿੰਦਾ ਸੀ। ਅੰਨੀ ਤੇ ਗੂੰਗੀ ਰਈਅਤ ਮੁਰਦਿਆਂ ਵਾਂਗ ਚੁਪ ਤੇ ਬੇਹਿੱਸ ਸੀ। " (*ਖੋਜ ਪਤ੍ਰਿਕਾ ਸਤੰਬਰ 1985* 55) ਰਾਜਾ ਪਰਜਾ ਸਬੰਧੀ ਫ਼ੈਸਲੇ ਲੈਣ ਵੇਲੇ ਆਪਣੇ ਹਿੱਤਾਂ ਦੀ ਪੂਰਤੀ ਨੂੰ ਮੁੱਖ ਰੱਖਿਆ ਜਾਂਦਾ ਸੀ। ਪਰਜਾ ਇੰਨੀ ਬੇ-ਦਿਲ ਹੋ ਚੁੱਕੀ ਸੀ ਕਿ ਜੋ ਰਾਜੇ ਕਰਦੇ ਸਨ, ਉਸ ਨੂੰ ਚੁੱਪ-ਚਾਪ ਸਵੀਕਾਰ ਕਰਦੀ ਜਾ ਰਹੀ ਸੀ। ਇਹ ਇਸ ਤਰ੍ਹਾਂ ਸੀ ਕਿ ਜਿਵੇਂ ਕਿਸੇ ਮੁਰਦੇ ਵੱਲੋਂ ਉਸ ਨਾਲ ਕੀਤਾ ਜਾਂਦਾ ਕੋਈ ਵੀ ਵਿਵਹਾਰ ਬਿਨਾ ਕਿਸੇ ਵਿਰੋਧ ਦੇ ਸਹਿਨ ਕੀਤਾ ਜਾ ਰਿਹਾ ਹੋਵੇ। ਪਰਜਾ ਰਾਜਿਆਂ ਦੀ ਬੇਹੱਦ ਆਗਿਆਕਾਰੀ ਸੀ (ਭਾਵੇਂ ਇਸਦਾ ਕਾਰਨ ਪਰਜਾ ਦੇ ਦਿਲਾਂ ਅੰਦਰ ਬੈਠਾ ਰਾਜਿਆਂ ਦਾ ਡਰ ਸੀ):

> ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
> ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
> ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468-69)

ਤੁਰਕ ਹਾਕਮਾਂ ਦਾ ਪ੍ਰਭਾਵ ਏਨਾ ਸੀ ਕਿ ਹਿੰਦੂ ਲੋਕ, ਪਿਆਰ ਤਾਂ ਭਾਵੇਂ ਆਪਣੇ ਧਰਮ ਨੂੰ ਕਰਦੇ ਸਨ ਪਰ ਬਾਹਰੀ ਤੌਰ 'ਤੇ ਉਨ੍ਹਾਂ ਨੂੰ ਵੀ ਇਸਲਾਮੀ ਵੇਸ ਬਣਾ ਕੇ ਹੀ ਰੱਖਣਾ ਪੈ ਰਿਹਾ ਸੀ। ਨੀਲੇ ਰੰਗ ਦੇ ਵਸਤਰ ਪਹਿਨ ਕੇ ਹੀ ਤੁਰਕ ਹਾਕਮਾਂ ਦੀ ਨਜ਼ਰ ਵਿਚ ਪਰਵਾਨ ਹੋਇਆ ਜਾ ਸਕਦਾ ਸੀ:

> ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ[1]॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)
> ਨੀਲ ਵਸਤ੍ਰ[2] ਪਹਿਰਿ ਹੋਵਹਿ ਪਰਵਾਣੁ[3]॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਕਾਜ਼ੀ ਲੋਕਾਂ ਦਾ ਕੰਮ ਨਿਆਂ ਕਰਨਾ ਸੀ। ਉਹ ਬਾਹਰੀ ਤੌਰ 'ਤੇ (ਧਾਰਮਿਕ ਚਿੰਨ੍ਹਾਂ ਦੇ ਧਾਰਨੀ ਹੋਣ ਕਾਰਨ) ਬੜੇ ਧਾਰਮਿਕ ਦਿਖਾਈ ਦਿੰਦੇ ਸਨ। ਉਹ ਤਸਬੀ ਫੇਰਦੇ ਹੋਏ, ਖ਼ੁਦਾ ਦਾ ਨਾਂ ਲੈਂਦੇ ਸਨ, ਜਿਸ ਤੋਂ ਉਨ੍ਹਾਂ ਦੇ ਵੱਡੇ ਧਰਮੀ ਹੋਣ ਦਾ ਭੁਲੇਖਾ ਪੈਂਦਾ ਸੀ ਪਰ ਅਸਲੀਅਤ ਇਸਦੇ ਐਨ ਉਲਟ ਸੀ। ਉਹ ਵੱਢੀ ਲੈ ਕੇ ਝੂਠੇ ਪੱਖ ਦੇ ਹੱਕ ਵਿਚ ਫ਼ੈਸਲੇ ਕਰਦੇ ਸਨ। ਜੇਕਰ ਉਨ੍ਹਾਂ ਅੱਗੇ ਕੋਈ ਤਰਕ ਕਰਦਾ ਵੀ ਸੀ ਤਾਂ ਉਹ ਪ੍ਰਚੱਲਤ ਕਾਨੂੰਨ ਦੇ ਆਪਣੀ ਮਰਜ਼ੀ ਅਨੁਸਾਰ ਅਰਥ ਕਰ ਕੇ (ਤ੍ਰੋੜ-ਮਰੋੜ ਕੇ) ਅਗਲੇ ਦੀ ਤਸੱਲੀ ਕਰਵਾ ਦਿੰਦੇ ਸਨ:

> ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥
> ਵਢੀ ਲੈ ਕੈ ਹਕੁ ਗਵਾਇ॥ ਜੇ ਕੋ ਪੁਛੈ ਤਾ ਪੜਿ ਸੁਣਾਏ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 951)

ਹਿੰਦੂ ਆਗੂਆਂ ਦੇ ਹਾਲਾਤ ਇਹ ਸਨ ਕਿ ਇਹ ਤੁਰਕ ਹਾਕਮਾਂ ਦੀ ਚਾਪਲੂਸੀ ਕਰਦੇ ਸਨ। ਉਹ ਆਪਣੇ ਦੇਸ਼-ਵਾਸੀਆਂ ਦੇ ਵਿਰੁੱਧ ਉਨ੍ਹਾਂ (ਤੁਰਕ ਹਾਕਮਾਂ) ਦੇ ਕੰਨ ਭਰਦੇ ਸਨ ਅਤੇ ਉਨ੍ਹਾਂ ਦੇ ਮਨਾਂ ਵਿਚਨਫ਼ਰਤ ਪੈਦਾ ਕਰਦੇ ਸਨ। ਉਹ ਆਪਣੇ ਦੇਸ਼-ਵਾਸੀਆਂ ਨੂੰ ਹਾਕਮਾਂ ਪਾਸੋਂ ਲੁਟਵਾਉਂਦੇ ਸਨ। ਇਹ ਸਾਰਾ ਕੁਝ ਕਰਕੇ ਉਹ ਤੁਰਕ ਹਾਕਮਾਂ ਮੂਹਰੇ ਚੰਗੇ ਬਣਨ ਦੀ ਕੋਸ਼ਿਸ਼ ਕਰਦੇ ਸਨ। ਸਰਕਾਰੀ (ਭਾਰਤੀ) ਅਹਿਲਕਾਰ ਵੀ ਅਜਿਹੇ ਸਨ ਕਿ ਉਹ ਹਿਰਨਾਂ ਅਤੇ ਬਾਜਾਂ ਵਾਂਗ (ਜਿਹੜੇ ਸਿੱਖੇ ਹੋਏ ਹੁੰਦੇ ਹਨ) ਆਪਣੇ ਹੀ ਹਮ-ਨਸਲਾਂ ਨੂੰ ਫਾਹੀ ਵਿਚ ਫਸਾਉਂਦੇ ਸਨ (ਭਾਵ ਹਾਕਮਾਂ ਦਾ ਸ਼ਿਕਾਰ ਬਣਾਉਂਦੇ ਸਨ)। ਰਾਜੇ ਸ਼ੇਰਾਂ ਵਰਗੇ ਮਾਸ-ਖੋਰੇ ਸਨ (ਪਰਜਾ ਦਾ ਘਾਣ ਕਰਦੇ ਸਨ) ਅਤੇ ਉਨ੍ਹਾਂ ਦੇ ਨਾਇਬ ਕੁੱਤਿਆਂ ਦੀ ਨਿਆਈਂ ਸਨ। ਉਹ (ਨਾਇਬ) ਬੈਠੇ-ਸੁੱਤੇ ਹਾਕਮਾਂ ਦੇ ਕੰਨ ਭਰ ਕੇ ਉਨ੍ਹਾਂ ਨੂੰ (ਪਰਜਾ ਵਿਰੁੱਧ ਭੜਕਾ ਕੇ) ਸਰਗਰਮ ਕਰਦੇ ਸਨ। ਸਰਕਾਰੀ ਨੌਕਰ ਪਰਜਾ ਨੂੰ ਲਹੂ-ਲੁਹਾਨ ਕਰ ਰਹੇ ਸਨ (ਲੁੱਟ ਰਹੇ ਸਨ) ਅਤੇ ਬਾਕੀ ਰਹਿੰਦੀ ਕਸਰ ਛੋਟੇ ਸਰਕਾਰੀ ਮੁਲਾਜ਼ਮ ਕੱਢ ਰਹੇ ਸਨ:

> ਤੁਰਕ ਮੰਤ੍ਰ ਕਨਿ ਰਿਦੈ ਸਮਾਹਿ॥ ਲੋਕ ਮੁਹਾਵਹਿ ਚਾੜੀ ਖਾਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 951)
>
> ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
>
> ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਤਤਕਾਲੀ ਆਗੂ ਝੂਠ ਬੋਲ ਕੇ, ਬੇਈਮਾਨੀ ਕਰ ਕੇ, ਦੁਨੀਆ ਨੂੰ ਲੁੱਟਦੇ ਸਨ ਪਰ ਦੂਜਿਆਂ ਨੂੰ ਸਮਝਾਉਣ ਵਿਚ ਬੜੇ ਮਾਹਰ ਸਨ ਭਾਵ ਸਮਾਜ ਵਿਚ ਆਪਣੇ-ਆਪ ਨੂੰ ਸਿਆਣਾ ਵੀ ਸਿੱਧ ਕਰਦੇ ਸਨ ਤਾਂ ਜੋ ਲੋਕ ਉਨ੍ਹਾਂ 'ਤੇ ਯਕੀਨ ਕਰਨ ਤੇ ਉਨ੍ਹਾਂ ਦਾ ਬੇਈਮਾਨੀ ਦਾ ਸਿਲਸਿਲਾ ਨਿਰੰਤਰ ਚਲਦਾ ਰਹੇ। ਇਸ ਤਰ੍ਹਾਂ (ਦੂਜਿਆਂ ਨੂੰ ਧੋਖਾਂ ਦੇ ਕੇ) ਉਹ (ਅਧਿਆਤਮਿਕ 'ਤੌਰ 'ਤੇ) ਆਪ ਤਾਂ ਠਗੇ ਜਾ ਹੀ ਰਹੇ ਸਨ ਨਾਲ ਦੀ ਨਾਲ, ਸ਼ਾਸਕਾਂ ਨੂੰ ਭੜਕਾ ਕੇ, ਲੋਕਾਂ ਨੂੰ ਵੀ ਉਨ੍ਹਾਂ ਪਾਸੋਂ ਲੁਟਵਾ ਰਹੇ ਸਨ। ਗੁਰੂ ਸਾਹਿਬ ਆਖਦੇ ਹਨ ਕਿ ਅਜਿਹੀਆਂ ਕਰਤੂਤਾਂ ਵਾਲੇ ਮਨੁੱਖ ਤਤਕਾਲੀ ਦੌਰ ਵਿਚ'ਆਗੂ' ਆਖੇ ਜਾਂਦੇ ਹਨ। ਗੁਰੂ ਸਾਹਿਬ ਦਾ ਆਸ਼ਾ ਹੈ ਕਿ ਇਹ ਲੋਕ ਆਪਣੇ ਦੇਸ਼ ਦੀ ਸੇਵਾ ਵਿਚ ਯੋਗਦਾਨ ਪਾਉਣ, ਨਾ ਕਿ ਦੇਸ਼-ਵਾਸੀਆਂ ਦਾ ਨੁਕਸਾਨ ਕਰਨ:

> ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥
>
> ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 140)
>
> ਆਪਿ ਨ ਬੂਝਾ ਲੋਕ ਬੁਝਾਈ ਐਸਾ ਆਗੂ ਹੋਵਾਂ॥
>
> ਨਾਨਕ ਅੰਧਾ ਹੋਇ ਕੈ ਦਸੈ ਰਾਹੈ ਸਭਸੁ ਮੁਹਾਏ ਸਾਥੈ॥
>
> ਅਗੈ ਗਇਆ ਮੁਹੈ ਮੁਹਿ ਪਾਹਿ ਐਸਾ ਆਗੂ ਜਾਪੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 140)
>
> ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
>
> ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਇਸ ਸਥਿਤੀ ਨੂੰ ਦੇਖਦਿਆਂ ਚੀਨੀ ਦਰਸ਼ਨ 'ਤਾਓਵਾਦ' ਦੇ ਇਹ ਵਿਚਾਰ ਯਾਦ ਆਉਂਦੇ ਹਨ, "ਜਦ ਕੋਈ ਰਾਜ ਦਰਬਾਰ ਦੇ ਖਾਣ-ਪੀਣ ਦਾ ਹਿੱਸੇਦਾਰ ਹੋ ਜਾਂਦਾ ਹੈ ਤਾਂ ਉਸ ਦੇ ਚੰਗੇ ਨਸੀਬ ਹੁੰਦੇ ਹਨ। ਸਾਰਾ ਪਰਿਵਾਰ ਖ਼ੁਸ਼ੀਆਂ ਮਾਣਦਾ ਹੈ। " (ਸੋਢੀ-ਅਨੁ: ਤੇ ਸੰਪਾ:, ਚੀਨੀ ਦਰਸ਼ਨ: ਤਾਓਵਾਦ 123) ਗੁਰੂ ਸਾਹਿਬ ਆਖਦੇ ਹਨ ਕਿ ਤਤਕਾਲੀ ਤੁਰਕ ਸ਼ਾਸਕਾਂ ਦੇ ਭਾਰਤੀ ਨਾਇਬ

ਸਿੱਖੇ ਹੋਏ ਹਿਰਨਾਂ ਅਤੇ ਬਾਜ਼ਾਂ ਦੀ ਤਰ੍ਹਾਂ ਆਪਣੀ ਹੀ ਨਸਲ ਵਾਲਿਆਂ ਨੂੰ ਫਸਾਉਣ (ਲੁਟਾਉਣ) ਦਾ ਕੰਮ ਕਰ ਰਹੇ ਹਨ (ਭਾਵ ਆਪਣੀ ਸਿੱਖਿਆ ਨੂੰ ਦੇਸ਼-ਸੇਵਾ ਦੀ ਬਜਾਇ ਦੇਸ਼ ਦੇ ਨੁਕਸਾਨ ਲਈ ਵਰਤ ਰਹੇ ਹਨ)। ਇਹ ਆਪ ਤਾਂ ਉਨ੍ਹਾਂ ਦੇ ਜਾਲ ਵਿਚ ਫਸੇ ਹੀ ਹੋਏ ਹਨ, ਹੁਣ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਦੇਸ਼-ਵਾਸੀਆਂ ਨੂੰ ਵੀਉਨ੍ਹਾਂ ਦੇ ਚੁੰਗਲ ਵਿਚ) ਲੁੱਟੇ ਜਾਣ ਲਈ (ਫਸਾ ਰਹੇ ਹਨ। ਅਜਿਹੇ ਨਾਇਬ ਭਵਿੱਖਵਿਚ ਕਸ਼ਟ ਸਹਿਣਗੇ ਭਾਵ ਅਖ਼ੀਰ ਵਿਚ ਸ਼ਾਸਕ ਇਨ੍ਹਾਂ ਨੂੰ ਵੀ ਬਖ਼ਸ਼ਣਗੇ ਨਹੀਂ:

ਹਰਣਾਂ ਬਾਜਾਂ ਤੇ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

"ਅਸਲ ਵਿਚ ਉਸ ਵਕਤ ਦੀ ਸ਼ਾਸਨ-ਪ੍ਰਣਾਲੀ ਅਤੇ ਰਾਜਨੀਤਿਕ ਅਵਸਥਾ ਦੀਆਂ ਤਰੁਟੀਆਂ ਕਰਕੇ ਸਤਾਈ ਹੋਈ ਅਤੇ ਪੀੜਿਤ ਜਨਤਾ ਦੇ ਦੁਖਾਂ ਨੂੰ ਜ਼ਬਾਨ ਦੇਣਾ ਗੁਰੂ ਨਾਨਕ ਬਾਣੀ ਦਾ ਆਸ਼ਾ ਰਿਹਾ ਹੈ। " (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004*5)

**ਅਜੋਕੀ ਸਥਿਤੀ:** ਅਜੋਕੇ ਦੌਰ ਦਾ ਰਾਜਨੀਤਕ ਤਾਣਾ-ਬਾਣਾ ਵੀ ਆਮ ਸ਼ਹਿਰੀ ਦਾ ਜੀਵਨ ਸੁਖੀ ਨਹੀਂ ਬਣਾ ਸਕਿਆ। ਆਮ ਸ਼ਹਿਰੀ ਅੱਜ ਵੀ ਆਪਣੀਆਂ ਮੂਲ ਲੋੜਾਂ ਦੀ ਪੂਰਤੀ ਲਈ ਸੰਘਰਸ਼ ਕਰ ਰਿਹਾ ਹੈ। ਅਮੀਰ ਤੇ ਗ਼ਰੀਬ ਦਾ ਪਾੜਾ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਮਹਿੰਗਾਈ ਅਤੇ ਗ਼ਰੀਬੀ ਦਾ ਗ੍ਰਾਫ਼ ਉੱਚਾ ਹੁੰਦਾ ਜਾ ਰਿਹਾ ਹੈ। "ਪੰਜਾਬੀ ਸਮਾਜ ਦੇ ਰਾਜਨੀਤਕ ਪੱਖ ਨੂੰ ਵੀ ਘੋਖਣ ਦੀ ਲੋੜ ਹੈ। ਪਰਜਾਤੰਤਰ ਵੀ ਤਕਨਾਲੋਜੀ ਅਤੇ ਉਦਯੋਗਾਂ ਦਾ ਸਿਰਜਿਆ ਹੁੰਦਾ ਹੈ। ਅਨੇਕਾਂ ਧਰਮਾਂ ਅਤੇ ਸਭਿਆਚਾਰਾਂ ਕਾਰਨ ਸਾਡੀ ਸਮੁੱਚੀ ਸਥਿਤੀ ਹੀ ਅਜਿਹੀ ਹੈ ਕਿ ਸਾਡੇ ਦੇਸ਼ ਵਿਚ ਪਰਜਾਤੰਤਰ ਤੋਂ ਸਿਵਾਏ ਕੋਈ ਪ੍ਰਣਾਲੀ ਚਲ ਹੀ ਨਹੀਂ ਸਕਦੀ ਪਰ ਸਾਡਾ ਪਰਜਾਤੰਤਰ ਯੂਰਪੀਨ ਦੇਸ਼ਾਂ ਵਾਲਾ ਵਿਗਿਆਨ-ਆਧਾਰਿਤ ਪਰਜਾਤੰਤਰ ਨਹੀਂ ਹੈ, ਸਾਮੰਤਵਾਦੀ-ਪਰਜਾਤੰਤਰ ਹੈ। ਦੂਜੇ ਸ਼ਬਦਾਂ ਵਿਚ ਸਾਡੇ ਦੇਸ਼ ਵਿਚ ਪਰਜਾਤੰਤਰ-ਸਾਮੰਤਵਾਦ ਹੈ। ਪੰਜਾਬੀ ਸਮਾਜ ਦੀ ਸਥਿਤੀ ਵਿਚ ਸਾਮੰਤਵਾਦੀ ਰੁਚੀਆਂ ਭਾਰੂ ਹਨ ਅਤੇ ਕੁਝ ਪਰਿਵਾਰ ਹੀ ਪੰਜਾਬ ਦੀ ਰਾਜਨੀਤੀ ਉੱਤੇ ਛਾਏ ਹੋਏ ਹਨ ਅਤੇ ਉਨ੍ਹਾਂ ਦੀਆਂ ਆਪਸ ਵਿਚ ਰਿਸ਼ਤੇਦਾਰੀਆਂ ਵੀ ਹਨ ਅਤੇ ਹਰੇਕ ਆਗੂ ਆਪਣੀ ਅਗਲੀ ਸੰਤਾਨ ਨੂੰ ਆਪਣੀ ਵਾਗਡੋਰ ਸੰਭਾਲਣ ਦਾ ਯਤਨ ਕਰ ਰਿਹਾ ਹੈ। (ਧਨਵੰਤ ਕੌਰ (ਸੰਪਾ:), *ਸਮਕਾਲੀ ਪੰਜਾਬੀ ਸਮਾਜ* 90-91)

"ਧਾਰਮਿਕ ਅਡੰਬਰਾਂ. ਪਾਖੰਡਾਂ, ਰਸਮ-ਰਿਵਾਜਾਂ ਦੀ ਬਹੁਲਤਾ ਨੇ ਸਮਕਾਲੀ ਸਮਾਜ ਨੂੰ ਇਕ ਅਜਿਹੇ ਤਬਾਹਕੁਨ ਮੋੜ ਤੇ ਲੈ ਆਂਦਾ ਹੈ ਜਿਥੇ ਆਰਥਿਕ ਤੇ ਰਾਜਸੀ ਵਿਕਾਸ ਦੀ ਮਸਨੂਈ ਚਕਾਚੌਂਧ ਦੇ ਪਿਛੋਕੜ ਵਿਚ ਹਨ੍ਹੇਰਿਆਂ ਦੀ ਲੁਕਵੀਂ ਪਰਤ ਏਨੀ ਗਾੜ੍ਹੀ ਹੈ ਜਿਸ ਦੀ ਪਛਾਣ ਬੜੀ ਜ਼ਰੂਰੀ ਹੈ। " (ਧਨਵੰਤ ਕੌਰ (ਸੰਪਾ:), *ਸਮਕਾਲੀ ਪੰਜਾਬੀ ਸਮਾਜ* 163) "The data on parliamentarians is sobering enough to warrant a court-EC (Election Commission) mandated special drive - almost 34 per cent have criminal cases, of which about 20 per cent are of a heinous nature." (*The Tribune Daily Dtd. 03.11.2017* 8) "ਰੁਜ਼ਗਾਰ ਦੇ ਮੌਕੇ ਘਟ ਗਏ ਹਨ। ਭ੍ਰਿਸ਼ਟਾਚਾਰ ਸਭ ਹੱਦਾਂ-ਬੰਨੇ ਟੱਪ ਗਿਆ ਹੈ। " (ਨਰਿੰਦਰ ਸਿੰਘ, *ਪੰਜਾਬੀ ਜਾਗਰਣ ਰੋਜ਼ਾਨਾ ਮਿਤੀ 20.11.2017* 4)

## 4.2 ਤਤਕਾਲੀ ਰਾਜਿਆਂ ਅਤੇ ਸੱਤਾ ਬਾਰੇ ਉਲੇਖ

"ਕੂੜੁ ਰਾਜਾ ਕੂੜੁ ਪਰਜਾ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468) ਰਾਜਿਆਂ ਅਤੇ ਪਰਜਾ ਦੇ ਆਪਸੀ ਸਬੰਧਾਂ ਦੀ ਸ਼ਾਹਦੀ ਹੈ (ਭਾਵ ਉਹ ਪਰਜਾ 'ਤੇ ਰਾਜ ਕਰਦੇ ਸਨ)। "ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ॥" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1241) ਅਨੁਸਾਰ ਸੱਤਾ ਦਾ ਸਿੱਧਾ ਸਬੰਧ ਹੁਕਮ (ਸ਼ਕਤੀ) ਨਾਲ ਸੀ ਅਤੇ ਇਨ੍ਹਾਂ ਦੋਹਾਂ (ਸੱਤਾ ਅਤੇ ਸ਼ਕਤੀ) ਦਾ ਸਬੰਧ ਦੁਨਿਆਵੀ ਸੁੱਖ-ਸਹੂਲਤਾਂ ਨਾਲ ਸੀ ਭਾਵ ਰਾਜਿਆਂ ਦਾ ਜੀਵਨ ਪੂਰਨ ਸੁਵਿਧਾਮਈ ਅਤੇ ਐਸ਼-ਪ੍ਰਸਤੀ ਵਾਲਾ ਹੁੰਦਾ ਸੀ। "ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ"(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1081) ਤੁਕਾਂਗ ਵੀ ਰਾਜਿਆਂ ਦੇ ਵੈਭਵ-ਪੂਰਨ ਜੀਵਨ ਦੀ ਹਾਮੀ ਭਰਦਾ ਹੈ ਕਿਉਂਕਿ ਇਸ ਤੁਕਾਂਗ ਵਿਚ ਇੱਕ ਰਾਜੇ ਦਾ ਜੀਵਨ ਘਾਹ ਨਾਲ ਬਣੇ ਘਰ (ਛੱਪਰ) ਵਿਚ ਰਹਿਣ ਵਾਲੇ (ਗਰੀਬ) ਮਨੁੱਖ ਦੇ ਜੀਵਨ ਦੇ ਐਨ ਉਲਟ ਦਰਸਾਇਆ ਗਿਆ ਹੈ। "ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ॥"(ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 326) ਦਾ ਵੀ ਇਹੀ ਭਾਵ ਹੈ। ਗੁਰੂ ਸਾਹਿਬ ਦਾ ਕਥਨ ਹੈ ਕਿ ਤਤਕਾਲੀ (ਪਰਜਾ ਦੀ ਰੱਖਿਆ ਲਈ ਜ਼ਿੰਮੇਵਾਰ) ਰਾਜੇ ਕਸਾਈਆਂ ਵਰਗੇ ਹੋ ਗਏ ਹਨ ਅਤੇ ਆਪਣੀ ਪਰਜਾ ਦਾ ਘਾਣ ਕਰ ਰਹੇ ਹਨ। ਉਹ ਮਾਨਵੀ ਗੁਣਾਂ ਤੋਂ ਕੋਰੇ ਹਨ ਅਤੇ ਮਾਨਵਤਾ ਦਾ ਰਾਹ ਤਿਆਗ ਗਏ ਹਨ। ਉਨ੍ਹਾਂ ਨੇ ਹੱਥਾਂ ਵਿਚ ਛੁਰੀਆਂ ਫੜੀਆਂ ਹੋਈਆਂ ਹਨ ਤੇ ਉਹ ਪਰਜਾ ਨੂੰ ਹਲਾਲ ਕਰ ਰਹੇ ਹਨ। ਉਹ ਰਾਜ-ਸੱਤਾ ਦਾ ਆਨੰਦ ਮਾਣਦੇ ਹੋਏ ਵੀ ਸੰਤੁਸ਼ਟ ਨਹੀਂ ਹਨ, ਉਹ ਸੱਤਾ ਦੇ ਖ਼ੁਮਾਰ ਵਿਚ ਉਲਝੇ ਹੋਏ ਹਨ ਅਤੇ ਹੋਰ-ਹੋਰ ਦੀ ਰੱਟ ਲਗਾਏ ਹੋਏ ਹਨ। ਇਹ ਅਤ੍ਰਿਪਤੀ, ਏਨੀਆਂ ਸੁੱਖ-ਸੁਵਿਧਾਵਾਂ ਦੇ ਹੁੰਦਿਆਂ-ਸੁੰਦਿਆਂ ਵੀ, ਰਾਜਿਆਂ ਦੇ ਦੁੱਖ ਦਾ ਕਾਰਨ ਬਣੀ ਬੈਠੀ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 145)

ਰਾਜਨ ਮਹਿ ਰਾਜਾ ਉਰਝਾਇਓ(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 613)

ਰਾਜਾ ਰਾਜਿ ਨ ਤ੍ਰਿਪਤਿਆ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 148)

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 264)

"ਅਮਰ ਹੀਣੰ ਜਥਾ ਰਾਜਨਹ॥" (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359) ਤੁਕਾਂਗ ਸੱਤਾ ਤੋਂ ਬਿਨਾ ਰਾਜੇ ਦੀ ਕੋਈ ਖ਼ਾਸ ਹੋਂਦ ਬਾਕੀ ਨਾ ਰਹਿ ਜਾਣ ਵੱਲ ਇਸ਼ਾਰਾ ਕਰਦਾ ਹੈ। ਰਾਜੇ ਦੀ ਹੋਂਦ ਤਾਂ ਤਦ ਹੀ ਹੈ, ਜੇਕਰ ਉਹ ਸੱਤਾ 'ਤੇ ਕਾਬਜ਼ ਹੋਵੇ। ਸੱਤਾ ਤੋਂ ਬਿਨਾ ਰਾਜੇ ਦੀ ਕੀ ਹੋਂਦ? "ਕਿਆ ਸੁਲਤਾਨੁ ਸਲਾਮ ਵਿਹੂਣਾ"(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 354) ਅਨੁਸਾਰ ਉਸ ਨੂੰ ਸੁਲਤਾਨ ਕੌਣ ਕਹੇ, ਜਿਸ ਨੂੰ ਕੋਈ ਸਲਾਮ ਹੀ ਨਾ ਕਰੇ, ਜਿਸ ਦੇ ਸਾਹਮਣੇ ਕੋਈ ਝੁਕੇ ਹੀ ਨਾ। ਭਾਵ ਸ਼ਾਸਕ ਦਾ ਇੱਕ ਵਿਸ਼ੇਸ਼ ਪ੍ਰਭਾਵ ਹੁੰਦਾ ਸੀ ਅਤੇ ਲੋਕ ਉਸਦੇ ਅੱਗੇ ਝੁਕਦੇ ਸਨ। ਉਹ ਵੱਡੀ ਸੈਨਾ ਦਾ ਸੁਆਮੀ ਹੁੰਦਾ ਸੀ ਅਤੇ ਉਸਦੀ ਸਵਾਰੀ ਸਮੇਂ ਸੰਗੀਤਕ ਧੁਨਾਂ ਹਵਾ ਵਿਚ ਗੂੰਜਦੀਆਂ ਸਨ, ਹਥਿਆਰਬੰਦ ਦਸਤੇ ਉਸਦੀ ਸੁਰੱਖਿਆ ਲਈ ਮੌਜੂਦ ਰਹਿੰਦੇ ਸਨ ਤੇ ਉਸ ਨੂੰ ਵੇਖ ਕੇ, ਬੈਠੇ ਹੋਏ ਲੋਕ, ਉੱਠ ਕੇ ਉਸਨੂੰ ਸਲਾਮ ਕਰਦੇ ਸਨ। ਦੂਸਰੇ ਪਾਸੇ ਜਦੋਂ ਕਿਸੇ ਨੂੰ ਸੱਤਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਹ ਹਉਮੈ ਤੋਂ ਬਚਿਆ ਨਹੀਂ ਰਹਿ ਸਕਦਾ ਭਾਵ ਉਸ ਅੰਦਰ ਹੰਕਾਰ ਦਾ ਪਰਗਟ ਹੋਣਾ ਬੜਾ ਸੁਭਾਵਿਕ ਹੈ। ਮਗਰੋਂ ਇਹੀ ਹੰਕਾਰ ਉਸਦੇ ਵਿਨਾਸ਼ ਦਾ ਵੀ ਕਾਰਨ ਬਣ

ਬੈਠਦਾ ਹੈ। ਗੁਰੂ ਸਾਹਿਬ ਨੇ ਸੱਤਾ ਦੇ ਹੰਕਾਰ, ਧਨ-ਸੰਪਦਾ ਦੇ ਹੰਕਾਰ, ਨਿੱਜ ਸੁੰਦਰਤਾ ਦੇ ਹੰਕਾਰ, ਉੱਚੀ ਜਾਤੀ ਦੇ ਹੰਕਾਰ ਅਤੇ ਜਵਾਨੀ ਦੇ ਹੰਕਾਰ ਨੂੰ ਠਗ ਦੱਸਿਆ ਹੈ, ਜੋ ਪਹਿਲਾਂ ਤਾਂ ਬੜੇ ਸੁਹਾਵਣੇ ਅਤੇ ਚੰਗੇ ਦਿਖਾਈ ਦਿੰਦੇ ਹਨ ਪਰ ਮਗਰੋਂ ਸਾਰਾ ਕੁਝ ਲੁੱਟ ਕੇ ਲੈ ਜਾਂਦੇ ਹਨ। ਗੁਰੂ ਸਾਹਿਬ ਮੰਨਦੇ ਹਨ ਕਿ ਸੱਤਾ ਦੀ ਪ੍ਰਾਪਤੀ ਹੰਕਾਰ ਦਾ ਕਾਰਨ ਨਾ ਬਣੇ, ਸਗੋਂ ਲੋਕ-ਸੇਵਾ ਦਾ ਸਬੱਬ ਬਣੇ:

ਰਾਜੰ ਨ ਮਾਨੰ ਅਭਿਮਾਨੰ ਤ ਹੀਨੰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 358)

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥<br>
ਏਨੀ ਠਗੀਂ ਨਾਨਕਾ ਕਿਨੈ ਨ ਰਖੀ ਲਜ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1355)

ਉਹ ਸਰੀਰ (ਰਾਜੇ), ਜਿਹੜੇ ਸ਼ਾਹੀ ਸਵਾਰੀਆਂ ਦਾ ਆਨੰਦ ਭੋਗਦੇ ਹਨ ਅਤੇ ਜਿਨ੍ਹਾਂ ਦੇ ਸਿਰ 'ਤੇ ਛਤ੍ਰ ਝੂਲਦੇ ਹਨ, ਵੀ ਮਗਰੋਂ ਆਮ ਲੋਕਾਂ ਵਾਂਗ ਮਿੱਟੀ ਵਿਚ ਹੀ ਮਿਲਦੇ ਹਨ। ਆਮ ਲੋਕ, ਜਿਵੇਂ ਉਮਰ ਭੋਗਣ ਤੋਂ ਬਾਅਦ ਮਿੱਟੀ ਵਿਚ ਮਿੱਟੀ ਹੋ ਜਾਂਦੇ ਹਨ, ਉਸੇ ਤਰ੍ਹਾਂ ਵੱਡੇ-ਛੋਟੇ ਸ਼ਾਸਕ ਵੀ ਇੱਕ ਦਿਨ ਖ਼ਾਕ ਹੋ ਜਾਂਦੇ ਹਨ। ਸੱਤਾਧਾਰੀ ਮਨੁੱਖ ਵੀ ਇਹ ਦਾਅਵਾ ਕਰਨ ਦੀ ਹਿੰਮਤ ਨਹੀਂ ਕਰ ਸਕਦਾ ਕਿ ਉਹ ਇਸ ਧਰਤੀ 'ਤੇ ਸਦੀਵੀ ਤੌਰ 'ਤੇ ਰਹਿ ਸਕੇਗਾ। ਸੱਤਾਧਾਰੀਆਂ ਅਤੇ ਆਮ ਲੋਕਾਂ ਦਾ ਇਸ ਧਰਤੀ 'ਤੇ ਆਉਣ ਅਤੇ ਇੱਥੋਂ ਜਾਣ ਦਾ ਸਿਲਸਿਲਾ ਕੋਈ ਨਵੀਂ ਗੱਲ ਨਹੀਂ, ਇਹ ਤਾਂ ਯੁੱਗਾਂ-ਯੁਗਾਂਤਰਾਂ ਤੋਂ ਚੱਲਿਆ ਆ ਰਿਹਾ ਸਿਲਸਿਲਾ ਹੈ। ਇੱਕ ਅਟੱਲ ਪਰਮਾਤਮਾ ਦੀ ਸੱਤਾ ਹੀ ਨਿਆਰੀ ਅਤੇ ਅਦੁੱਤੀ ਹੈ, ਜਿਹੜੀ ਸਦੀਵੀ ਤੌਰ 'ਤੇ ਕਾਇਮ ਦਾਇਮ ਹੈ ਅਤੇ ਕਦੇ ਵੀ ਸਮਾਪਤ ਹੋਣ ਵਾਲੀ ਨਹੀਂ। ਸੋ, ਸੱਤਾਧਾਰੀ ਲੋਕ ਇਸ ਤਨ-ਰੂਪੀ ਮਹੱਲ ਵਿਚ ਰਹਿੰਦਿਆਂ ਲੋਕ-ਸੇਵਾ ਨੂੰ ਪਹਿਲ ਦੇਣ, ਨਾ ਕਿ ਨਿੱਜੀ ਸੁੱਖ ਨੂੰ:

ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1366)<br>
ਕੋਇ ਨ ਰਹਿਹੈ ਰਾਜਾ ਰਾਨਾ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1157)<br>
ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 931)

ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 531)

**ਅਜੋਕੀ ਸਥਿਤੀ:** ਅਜੋਕੇ ਲੋਕਤੰਤਰੀ ਯੁੱਗ ਵਿਚ ਵੀ ਜਨਤਾ ਆਪਣੀ ਹੋਣੀ ਦਾ ਰੋਣਾ ਰੋ ਰਹੀ ਹੈ। ਸਿਆਸਤ ਵਿਚ ਪਰਿਵਾਰਵਾਦ ਭਾਰੂ ਹੈ, ਜਿਹੜਾ ਮੱਧਕਾਲ ਦੇ ਰਾਜਾਸ਼ਾਹੀ ਯੁੱਗ ਦੀ ਯਾਦ ਦੁਆਉਂਦਾ ਹੈ। ਸੱਤਾ ਦੇ ਹੰਕਾਰ ਵਿਚ ਸੱਤਾਧਾਰੀ ਲੋਕ ਕਈ ਵਾਰ ਬੇਹੁਦਗੀਆਂ ਕਰ ਬੈਠਦੇ ਹਨ। "ਸਾਡੇ ਸਮਕਾਲੀ ਸਮਾਜ ਨੂੰ ਕਈ ਨਵੀਆਂ ਚੁਣੌਤੀਆਂ ਦਰਪੇਸ਼ ਹਨ, ਜਿਨ੍ਹਾਂ ਵਿਚ ਸ਼ਹਿਰੀਕਰਨ (Urbanisation), ਸਿਆਸਤ ਦਾ ਅਪਰਾਧੀਕਰਨ (Criminalisation of politics), ਪ੍ਰਸ਼ਾਸਨ ਦਾ ਸਿਆਸੀਕਰਨ (Politicalisation of administration), ਰਾਜਨੀਤੀ-ਅਪਰਾਧੀ-ਪ੍ਰਸ਼ਾਸਨ ਗੱਠਜੋੜ (Politics-criminal-administration nexus), ਸੰਪਰਦਾਇਕਤਾ (Communalism), ਭ੍ਰਿਸ਼ਟਾਚਾਰ (Corruption), ਪੱਛਮੀਕਰਨ (Westernisation), ਕਦਰਾਂ-ਕੀਮਤਾਂ ਦਾ ਨਿਘਾਰ (Degeneration of values) ਆਦਿ ਮੁੱਖ ਹਨ। ਸਮਕਾਲੀ ਸਮਾਜ ਦੀਆਂ ਇਹ ਸਮੱਸਿਆਵਾਂ ਪ੍ਰਸ਼ਾਸਨ ਲਈ ਚੁਣੌਤੀਆਂ ਹਨ ਅਤੇ ਇਹ ਪ੍ਰਸ਼ਾਸਨ ਦੇ ਮਨੋਬਲ ਨੂੰ ਕੇਵਲ ਹਿਲਾਉਂਦੀਆਂ ਹੀ ਨਹੀਂ ਬਲਕਿ

ਪ੍ਰਸ਼ਾਸਨ ਨੂੰ ਇਨ੍ਹਾਂ ਬੁਰਾਈਆਂ ਵਿਚ ਹਿੱਸੇਦਾਰ ਵੀ ਬਣਾਉਂਦੀਆਂ ਹਨ ਜਿਸ ਨਾਲ ਸਮੁਚੇ ਸਮਾਜ ਨੂੰ ਬਹੁਤ ਨੁਕਸਾਨ ਹੁੰਦਾ ਹੈ। " (ਧਨਵੰਤ ਕੌਰ ਸੰਪਾ:, *ਸਮਕਾਲੀ ਪੰਜਾਬੀ ਸਮਾਜ* 195-96)

"ਸਾਡੇ ਸਮਕਾਲੀ ਸਮਾਜ ਵਿਚ ਸਿਆਸਤ ਦਾ ਅਪਰਾਧੀਕਰਨ ਜ਼ੋਰਾਂ ਤੇ ਹੈ। ਇਹ ਗੰਭੀਰ ਸਮੱਸਿਆ ਸਾਡੀ ਰਾਜਨੀਤਿਕ ਪ੍ਰਣਾਲੀ ਨੂੰ ਨਿਘਾਰ ਵੱਲ ਲਿਜਾ ਰਹੀ ਹੈ ... ... ਸਿਆਸਤਦਾਨ ਸ਼ਾਇਦ ਆਪਣੇ ਸੌੜੇ ਰਾਜਨੀਤਿਕ ਹਿੱਤਾਂ ਕਾਰਨ ਬੇਬੱਸ ਹਨ। ਜੇਕਰ ਰਾਜਨੀਤਿਕ ਦਲਾਂ ਨੇ ਇਸ ਗੰਭੀਰ ਸਮੱਸਿਆ ਦੇ ਹੱਲ ਲਈ ਤੁਰੰਤ ਪੂਰਣ ਸਹਿਯੋਗ ਨਾ ਦਿੱਤਾ ਤਾਂ ਉਹ ਦਿਨ ਦੂਰ ਨਹੀਂ ਹੋਵੇਗਾ ਜਿਸ ਦਿਨ ਸਾਡੀਆਂ ਲੋਕਤੰਤਰੀ ਸੰਸਥਾਵਾਂ ਉੱਤੇ ਉੱਘੇ ਸਿਆਸਤਦਾਨਾਂ ਦੀ ਥਾਂ ਅਪਰਾਧੀ ਵਿਅਕਤੀ ਕਾਬਜ਼ ਹੋਵੇਗਾ। " (ਧਨਵੰਤ ਕੌਰ ਸੰਪਾ:, *ਸਮਕਾਲੀ ਪੰਜਾਬੀ ਸਮਾਜ* 197)

"ਪ੍ਰਸ਼ਾਸਨ ਦੇ ਸਿਆਸੀਕਰਨ ਨੂੰ ਸਾਡੇ ਸਿਆਸਤਦਾਨ ਆਪਣੇ ਨਿੱਜੀ ਅਤੇ ਸਿਆਸੀ ਹਿੱਤਾਂ ਲਈ ਉਤਸ਼ਾਹਿਤ ਕਰਦੇ ਹਨ ਅਤੇ ਪ੍ਰਸ਼ਾਸਨ ਖ਼ੁਦ ਇਸ ਵਿਚ ਹਿੱਸੇਦਾਰ ਬਣ ਜਾਂਦਾ ਹੈ ਕਿਉਂਕਿ ਰਾਜਨੀਤੀ-ਪ੍ਰਸ਼ਾਸਨ ਗੱਠਜੋੜ ਦੋਹਾਂ ਧਿਰਾਂ ਨੂੰ ਆਪਸੀ ਫ਼ਾਇਦੇ (mutual benefit) ਵਾਲਾ ਜਾਪਦਾ ਹੈ। ਇਸ ਦੇ ਸਿੱਟੇ ਵਜੋਂ ਸਮਾਜ ਦੇ ਆਮ ਮੈਂਬਰਾਂ ਨੂੰ ਕਾਫ਼ੀ ਨੁਕਸਾਨ ਉਠਾਉਣਾ ਪੈ ਰਿਹਾ ਹੈ ਕਿਉਂਕਿ ਲੋਕ ਪ੍ਰਸ਼ਾਸਨ ਆਪਣੀ ਅਸਲ ਜ਼ਿੰਮੇਵਾਰੀ ਤੋਂ ਪਰੇ ਹਟ ਰਿਹਾ ਹੈ। ਇਸ ਨਾਲ ਲੋਕ ਪ੍ਰਸ਼ਾਸਨ ਦੇ ਅਸਤਿੱਤਵ ਨੂੰ ਠੇਸ ਪਹੁੰਚ ਰਹੀ ਹੈ ਕਿਉਂਕਿ ਲੋਕਾਂ ਦਾ ਪ੍ਰਸ਼ਾਸਨ ਤੋਂ ਵਿਸ਼ਵਾਸ ਉੱਠ ਰਿਹਾ ਹੈ। " (ਧਨਵੰਤ ਕੌਰ ਸੰਪਾ:, *ਸਮਕਾਲੀ ਪੰਜਾਬੀ ਸਮਾਜ* 197)

## 4.3 ਸ਼ਾਹੀ ਮਹੱਲ ਚਰਿੱਤਰ (ਰਹਿਣ-ਸਹਿਣ)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀਵਿਚ ਤਤਕਾਲੀ ਸ਼ਾਹੀ ਰਹਿਣ ਸਹਿਣ ਬਾਰੇ ਕਾਫ਼ੀ ਜਾਣਕਾਰੀ ਮਿਲਦੀ ਹੈ। ਰਾਜ ਪਰਿਵਾਰਾਂ ਦਾ ਰਹਿਣ-ਸਹਿਣ ਉੱਚੇ ਪੱਧਰ ਦਾ ਸੀ ਤੇ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਸੁਵਿਧਾ ਪ੍ਰਾਪਤ ਸੀ। ਉਹ ਸ਼ਾਹੀ ਮਹੱਲਾਂ ਵਿਚ ਰਹਿੰਦੇ ਸਨ, ਜਿਹੜੇ ਪਹਾੜਾਂ ਵਾਂਗ ਚਿੱਟੇ ਹੁੰਦੇ ਸਨ ਤੇ ਉਨ੍ਹਾਂ ਨੂੰ ਚੂਨੇ ਦਾ ਪਲਸਤਰ ਹੋਇਆ ਹੁੰਦਾ ਸੀ। ਰਾਜੇ ਸੈਨਾ ਦੇ ਸੁਆਮੀ ਹੁੰਦੇ ਸਨ ਅਤੇ ਉਨ੍ਹਾਂ (ਰਾਜਿਆਂ) ਦੇ ਕਈ-ਕਈ ਸਹਾਇਕ ਹੁੰਦੇ ਸਨ। ਉਹ ਰਾਜ-ਸੱਤਾ ਦਾ ਆਨੰਦ ਮਾਣਦੇ ਸਨ ਅਤੇ ਉਨ੍ਹਾਂ ਕੋਲ ਸੁੱਖਾਂ ਦੇ ਬੇਅੰਤ ਸਾਮਾਨ ਹੁੰਦੇ ਸਨ। ਉਹ ਵੱਡੇ ਅਤੇ ਸ਼ਾਨਦਾਰ ਬਾਗਾਂ ਦੇ ਸੁਆਮੀ ਹੁੰਦੇ ਸਨ, ਜਿੱਥੇ ਘੁੰਮ ਕੇ ਉਹ ਆਪਣਾ ਮਨ ਪਰਚਾਉਂਦੇ ਸਨ। ਉਨ੍ਹਾਂ ਦਾ ਹੁਕਮ ਵੀ ਬਿਨਾ ਕਿਸੇ ਰੋਕ-ਟੋਕ ਦੇ ਚਲਦਾ ਸੀ ਭਾਵ ਉਨ੍ਹਾਂ ਦਾ ਆਖਿਆ ਮੋੜਨ ਦੀ ਜੁਅਰਤ ਕਿਸੇ ਵਿਚ ਵੀ ਨਹੀਂ ਸੀ ਹੁੰਦੀ। ਉਹ ਕਈ ਤਰ੍ਹਾਂ ਦੇ ਰੰਗ-ਤਮਾਸ਼ੇ ਨਿਹਾਰਦੇ ਸਨ ਭਾਵ ਉਨ੍ਹਾਂ ਦੇ ਮਨ-ਪਰਚਾਵੇ ਲਈ ਕਈ ਪ੍ਰਕਾਰ ਦੇ ਸਾਧਨ ਹੋਇਆ ਕਰਦੇ ਸਨ।

ਸਾਰੀ ਚਰਚਾ ਦਾ ਸਿੱਟਾ ਇਹੀ ਨਿਕਲਦਾ ਹੈ ਕਿ ਸੱਤਾਧਾਰੀਆਂ ਦੇ ਮਨ ਨੂੰ ਹਰ ਵੇਲੇ ਪ੍ਰਸੰਨ ਰੱਖਣਲਈ ਬੇਅੰਤ ਸੁਵਿਧਾਵਾਂ ਦੀ ਵਿਵਸਥਾ ਸੀ। ਗੁਰੂ ਸਾਹਿਬ ਦਾ ਆਖਣਾ ਹੈ ਕਿ ਏਨੀਆਂ ਸੁੱਖ-ਸੁਵਿਧਾਵਾਂ ਦੇ ਹੁੰਦਿਆਂ ਵੀ ਜੇਕਰ ਪਰਮਾਤਮਾ ਚਿੱਤ ਨਾ ਆਵੇ (ਲੋਕ ਭਲਾਈ ਵੱਲ ਧਿਆਨ ਨਾ ਜਾਵੇ) ਅਤੇ ਮਨ ਵਿਚ ਹੰਕਾਰ-ਭਾਵ ਉੱਠ-ਉੱਠ ਪਵੇ ਤਾਂ ਸਮਝ ਲਵੋ ਕਿ ਜਨਮ ਵਿਅਰਥ ਹੀ ਹੈ। ਉਨ੍ਹਾਂ ਦੀ ਸੇਵਾ ਵਿਚ ਸ਼ਾਹੀ ਨੌਕਰ ਹਾਜ਼ਰ ਰਹਿੰਦੇ ਸਨ। ਸ਼ਾਹੀ ਮਹੱਲ ਵੱਡੇ, ਚਿੱਟੇ ਪਰਬਤਾਂ ਜਿਹੇ ਸ਼ਾਨਦਾਰ ਹੁੰਦੇ ਸਨ। ਫੌਜਾਂ ਦੀ ਦੇਖ-ਰੇਖ ਅਤੇ ਅਗਵਾਈ ਕਰਨ ਲਈ ਫੌਜਾਂ ਦੇ ਮੁਖੀ ਹੁੰਦੇ ਸਨ। ਰਾਜਿਆਂ ਦੀ ਸਹੂਲਤ ਲਈ ਬੇਅੰਤ ਪ੍ਰਕਾਰ ਦੇ ਸ਼ੋਭਾ ਦੇ ਸਾਮਾਨ ਹਾਜ਼ਰ ਰਹਿੰਦੇ ਸਨ। ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਰਾਜ-ਪਰਿਵਾਰਾਂ ਦੀਆਂ ਇਹ ਸਾਰੀਆਂ ਸਹੂਲਤਾਂ ਦੀ ਗਿਣਤੀ

ਕਰਵਾ ਕੇ ਅਖ਼ੀਰ 'ਤੇ ਦੱਸਦੇ ਹਨ ਕਿ ਪ੍ਰਭੂ ਦੇ ਨਾਮ ਤੋਂ ਬਿਨਾ ਸਭ ਕੁਝ ਵਿਅਰਥ ਹੈ। ਰਾਜਿਆਂ ਦੇ ਸਿਰਾਂ 'ਤੇ ਸੋਨੇ ਦੇ ਛਤ੍ਰ ਝੁੱਲਦੇ ਸਨ। ਇਨ੍ਹਾਂ ਨੂੰ ਆਧਾਰ ਰੱਖ ਕੇ ਗੁਰੂ ਸਾਹਿਬ ਪ੍ਰਭੂ-ਭਗਤਾਂ ਦੇ ਸਿਰ 'ਤੇ ਪ੍ਰਭੂ ਦੁਆਰਾ ਝੁਲਾਏ ਜਾਂਦੇ ਸੱਚੇ ਛਤ੍ਰ ਦੀ ਗੱਲ ਕਰਦੇ ਹਨ:

ਕਿਆ ਲਸਕਰ ਕਿਆ [4]ਨੇਬ ਖਵਾਸੀ ਆਵੈ ਮਹਲੀ ਵਾਸੁ॥

ਗਚੁ[5] ਜਿ ਲਗਾ [6]ਗਿੜਵੜੀ ਸਖੀਏ [7]ਧਉਲਹਰੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1410)

ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ॥ (ਭਗਤ ਕਬੀਰ ਜੀ,*ਸ੍ਰੀ ਗੁਰੂ ਗ੍ਰੰਥ ਸਾਹਿਬ* 1365)

ਚੀਰੀ ਜਿਸ ਕੀ ਚਲਣਾ ਮੀਰ ਮਲਕ [8]ਸਲਾਰ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1239)

ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ॥

ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ॥

ਰੰਗ ਤਮਾਸੇ ਬਹੁ ਬਿਧੀ ਚਾਇ ਲਗ ਰਹਿਆ॥

ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1105)

ਨਾਨਕ ਸਚੇ ਨਾਮ ਵਿਣੁ ਸਭੇ [9]ਟੋਲ ਵਿਣਾਸੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 590)

ਹੇਠ ਲਿਖੀਆਂ ਪੰਕਤੀਆਂ ਵਿਚ ਸ਼ਾਸਕਾਂ ਦੇ ਵੈਭਵ-ਪੂਰਨ ਜੀਵਨ ਦਾ ਜ਼ਿਕਰ ਹੈ। ਉਹ ਸਰੀਰ ਨੂੰ ਮਹਿਕਦਾ ਦਰਸਾਉਣ ਲਈ ਇਤਰ ਦਾ ਇਸਤੇਮਾਲ ਕਰਦੇ ਹਨ। ਉਹ ਰੇਸ਼ਮ ਤੋਂ ਬਣੇ ਹੋਏ (ਮਹਿੰਗੇ) ਪਹਿਰਾਵੇ ਪਹਿਨਦੇ ਹਨ। ਗੁਰੂ ਸਾਹਿਬ ਦਾ ਕਥਨ ਹੈ ਕਿ ਪਰਮਾਤਮਾ ਦੇ ਨਾਮ ਤੋਂ ਸੁੱਖ ਕਦੋਂ ਮਿਲ ਸਕਦਾ ਹੈ? ਹਿਰਦੇ ਵਿਚ ਉਸਦਾ ਨਾਮ ਨਹੀਂ ਤਾਂ ਫ਼ੋਕੇ ਦਿਖਾਵੇ ਕਰਨ ਦਾ ਕੀ ਲਾਭ ਹੈ? ਪਰਮਾਤਮਾ ਦੇ ਨਾਮ ਤੋਂ ਬਿਨਾ ਅਤੇ ਲੋਕ-ਸੇਵਾ ਤੋਂ ਬਗੈਰ ਮਨ ਵਿਚ ਸ਼ਾਂਤੀ ਨਹੀਂ ਆ ਸਕਦੀ। ਅਗਲੀਆਂ ਪੰਕਤੀਆਂ ਵਿਚ ਸੱਤਾਧਾਰੀ (ਅਮੀਰ) ਲੋਕਾਂ ਦੇ ਕੰਨਾਂ ਵਿਚ ਪਾਏ ਹੋਏ ਕੁੰਡਲਾਂ ਦਾ ਜ਼ਿਕਰ ਹੈ। ਉਹ ਗਲ਼ ਵਿਚ ਮੋਤੀਆਂ (ਰਤਨਾਂ) ਦੀ ਮਾਲਾ ਪਹਿਨਦੇ ਹਨ। ਸੁੰਦਰ ਸੇਜਾਂ ਉਨ੍ਹਾਂ ਲਈ ਤਿਆਰ ਹਨ, ਵਿਛੀਆਂ ਹੋਈਆਂ ਹਨ। ਪਰ ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਵਸਾਉਣ ਤੋਂ ਸੁੱਖ ਅਤੇ ਬੇਫ਼ਿਕਰੀ ਵਾਲੀ ਨੀਂਦ ਕਿੱਥੇ? ਸੋਹਣੀਆਂ ਅੱਖਾਂ ਵਾਲੀ ਔਰਤ ਕੋਲ਼ ਹੋਵੇ ਜਿਸਨੇ ਉੱਪਰੋਂ ਸੋਲਾਂ ਸ਼ਿੰਗਾਰ ਵੀ ਕੀਤੇ ਹੋਏ ਹੋਣ ਪਰ ਪਰਮਾਤਮਾ ਦੇ ਸਿਮਰਨ ਤੋਂ ਬਿਨਾ ਸਭ ਦੇਹ ਦੀ ਖ਼ੁਆਰੀ ਹੀ ਹੈਕਿਉਂਕਿ ਨਾਮ ਤੋਂ ਬਿਨਾ ਮਨੁੱਖ ਸੰਜਮ ਦੀ ਪਾਲਣਾ ਭੁੱਲ ਜਾਵੇਗਾ ਅਤੇ ਕਾਮ ਕਾਰਨ ਉਸਦੇ ਸਰੀਰ ਦਾ ਨਾਸ਼ ਹੋਣਾ ਲਾਜ਼ਮੀ ਹੈ। ਰਹਿਣ ਲਈ ਘਰ ਮਹੱਲ-ਨੁਮਾ ਹੋਣ ਅਤੇ ਸੁਖਦਾਈ ਵਿਛਾਉਣਿਆਂ ਦਾ ਪੂਰਾ ਪ੍ਰਬੰਧ ਹੋਵੇ, ਮਾਲੀ ਉਨ੍ਹਾਂ ਵਿਛਾਉਣਿਆਂ ਉੱਪਰ ਨਿੱਤ ਨਵੇਂ ਫੁੱਲ ਵਿਛਾਉਂਦਾ ਹੋਵੇ ਪਰ ਪਰਮਾਤਮਾ ਦੇ ਨਾਮ ਤੋਂ ਵਿਹੂਣੀ ਦੇਹ ਨੂੰ ਉਸ ਸੁੱਖ-ਸੇਜ ਉੱਪਰ ਵੀ ਨੀਂਦ ਕਿੱਥੇ? ਘੋੜਿਆਂ ਅਤੇ ਹਾਥੀਆਂ ਦੀਆਂ ਸਵਾਰੀਆਂ ਹੋਣ, ਤੁਰਦੇ ਸਮੇਂ ਵਾਜੇ ਵੱਜਣ, ਸੈਨਾ ਨਾਲ ਤੁਰਦੀ ਹੋਵੇ (ਤਤਕਾਲੀ ਰਾਜਿਆਂ ਦਾ ਚਰਿੱਤਰ ਦਿਖਾਈ ਪੈਂਦਾ ਹੈ), ਨਾਇਬਾਂ ਅਤੇ ਸ਼ਾਹੀ ਸੇਵਕਾਂ ਦੀਆਂ ਕਤਾਰਾਂ ਆਸ-ਪਾਸ ਹੋਣ ਪਰ ਪਰਮਾਤਮਾ ਦੇ ਨਾਮ ਤੋਂ ਬਿਨਾ ਸਭ ਝੂਠੇ ਦਿਖਾਵੇ ਹੀ ਹਨ:

ਚੋਆ[10] ਚੰਦਨੁ [11]ਅੰਕਿ ਚੜਾਵਉ॥

ਪਾਟ ਪਟੰਬਰ[12] ਪਹਿਰਿ ਹਢਾਵਉ॥
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ॥
ਕਿਆ ਪਹਿਰਉ ਕਿਆ [13]ਓਢਿ ਦਿਖਾਵਉ॥
ਬਿਨੁ ਜਗਦੀਸ ਕਹਾ ਸੁਖੁ ਪਾਵਉ॥
ਕਾਨੀ ਕੁੰਡਲ[14] ਗਲਿ ਮੋਤੀਅਨ ਕੀ ਮਾਲਾ॥
ਲਾਲ ਨਿਹਾਲੀ ਫੂਲ ਗੁਲਾਲਾ[15]॥
ਬਿਨੁ ਜਗਦੀਸ ਕਹਾ ਸੁਖੁ [16]ਭਾਲਾ॥
ਨੈਨ ਸਲੋਨੀ[17] ਸੁੰਦਰੁ ਨਾਰੀ॥
ਖੋੜ[18] ਸੀਗਾਰ ਕਰੈ ਅਤਿ ਪਿਆਰੀ॥
ਬਿਨੁ ਜਗਦੀਸ ਭਜੇ ਨਿਤ ਖੁਆਰੀ॥
ਦਰ ਘਰ ਮਹਲਾ ਸੇਜ ਸੁਖਾਲੀ॥
ਅਹਿਨਿਸਿ ਫੂਲ ਬਿਛਾਵੈ ਮਾਲੀ॥
ਬਿਨੁ ਹਰਿ ਨਾਮ ਸੁ ਦੇਹ ਦੁਖਾਲੀ॥
[19]ਹੈਵਰ [20]ਗੈਵਰ ਨੇਜੇ ਵਾਜੇ॥
ਲਸਕਰ [21]ਨੇਬ [22]ਖਵਾਸੀ [23]ਪਾਜੇ॥
ਬਿਨੁ ਜਗਦੀਸ ਝੂਠੇ ਦਿਵਾਜੇ॥
... ... ... ... ... ...
ਖਾਨੁ [24]ਮਲੂਕ ਕਹਾਵਉ ਰਾਜਾ॥
ਅਬੇ ਤਬੇ ਕੂੜੇ ਹੈ ਪਾਜਾ॥
ਬਿਨੁ ਗੁਰ ਸਬਦ ਨ ਸਵਰਸਿ ਕਾਜਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 225)

ਹੇਠ ਲਿਖੀਆਂ ਪੰਕਤੀਆਂ ਵੀ ਤਤਕਾਲੀ ਰਾਜਿਆਂ ਦੇ ਸੁਖਮਈ ਜੀਵਨ ਦਾ ਚਿੱਤਰ ਉਲੀਕਦੀਆਂ ਹਨ। ਗੁਰੂ ਸਾਹਿਬ ਆਖਦੇ ਹਨ ਕਿ ਕਿਸੇ ਮਨੁੱਖ ਕੋਲ ਭਾਵੇਂ ਰਾਜਿਆਂ ਵਾਂਗ ਹਵਾ ਨਾਲ ਗੱਲਾਂ ਕਰਨ ਵਾਲੇ (ਤੇਜ਼ ਗਤੀ ਵਾਲੇ) ਘੋੜੇ ਹੋਣ, ਸਵਾਰੀ ਕਰਨ ਲਈ ਹਾਥੀ ਹੋਣ, ਸਰੀਰ ਨੂੰ ਮਹਿਕਦਾ ਰੱਖਣ ਲਈ ਸੁੰਦਰ ਖ਼ੁਸ਼ਬੋਆਂ ਦਾ ਪ੍ਰਬੰਧ ਹੋਵੇ, ਸੁੰਦਰ ਇਸਤਰੀਆਂ ਦਾ ਸਾਥ ਹੋਵੇ, ਮਨ ਪਰਚਾਵੇ ਦੇ ਅਨੇਕ ਸਾਧਨ ਹੋਣ (ਤਤਕਾਲੀ ਰਾਜਿਆਂ ਦਾ ਚਰਿੱਤਰ ਨਸ਼ਰ ਹੁੰਦਾ ਹੈ) ਫਿਰ ਵੀ ਉਹ ਪਰਮਾਤਮਾ ਦੇ ਨਾਮ ਤੋਂ ਬਿਨਾ ਮਾਨਸਿਕ ਸੁੱਖ ਹਾਸਲ ਨਹੀਂ ਕਰ ਸਕਦਾ ਅਤੇ ਮਾਨਸਿਕ ਸੁੱਖ ਤੋਂ ਬਿਨਾ ਸਰੀਰਕ ਸੁੱਖ ਕੋਈ ਬਹੁਤਾ ਮਾਇਨਾ ਨਹੀਂ ਰੱਖਦੇ। ਦਰਬਾਰ ਦੇ ਵਿਚ ਬੈਠਣ ਲਈ ਤਖ਼ਤ ਸੱਜਿਆ ਹੋਇਆ ਹੋਵੇ, ਸੁੰਦਰ ਗ਼ਲੀਚੇ ਵਿਛੇ ਹੋਏ ਹੋਣ (ਸੁੰਦਰ ਸਜਾਵਟ ਬਣੀ ਹੋਈ ਹੋਵੇ), ਖਾਣ ਲਈ ਮੇਵੇ (ਵਧੀਆ ਅਤੇ ਮਹਿੰਗੇ ਖਾਧ ਪਦਾਰਥ) ਹੋਣ, ਸੈਰ ਕਰਨ ਲਈ (ਘੁੰਮਣ ਲਈ) ਸਜਾਵਟੀ ਬਗ਼ੀਚੇ ਹੋਣ, ਸ਼ਿਕਾਰ

ਖੇਡਣ ਦਾ ਪੂਰਾ ਪ੍ਰਬੰਧ ਹੋਵੇ ਅਤੇ ਮਨ ਪਰਚਾਵੇ ਦੀਆਂ ਹੋਰ ਸਾਰੀਆਂ ਵਿਵਸਥਾਵਾਂ ਹੋਣ ਪਰ ਮਨ ਫਿਰ ਵੀ ਸੁਖਦਾਇਕਤਾ ਮਹਿਸੂਸ ਨਹੀਂ ਕਰਦਾ। ਜਦੋਂ ਮਨੁੱਖ ਗੁਰਮੁਖਾਂ ਦੀ ਸੰਗਤ ਵਿਚ ਜੁੜਦਾ ਹੈ ਅਤੇ ਇਸ ਅੰਦਰ ਗੁਣਾਂ ਅਤੇ ਸ਼ੁੱਧ ਭਾਵਨਾਵਾਂ ਦਾ ਸੰਚਾਰ ਹੁੰਦਾ ਹੈ ਤਾਂ ਇਹ ਅਸਲ ਆਨੰਦ ਦਾ ਅਨੁਭਵ ਕਰ ਪਾਉਂਦਾ ਹੈ:

ਅਸੁ ਪਵਨ[25] ਹਸਤਿ ਅਸਵਾਰੀ॥
ਚੋਆ ਚੰਦਨੁ ਸੇਜ ਸੁੰਦਰਿ ਨਾਰੀ॥
ਨਟ ਨਾਟਿਕ ਆਖਾਰੇ ਗਾਇਆ[26]॥
ਤਾ ਮਨਹ ਮਨਿ ਸੰਤੋਖੁ ਨ ਪਾਇਆ॥
ਤਖਤੁ ਸਭਾ ਮੰਡਨ[27] ਦੋਲੀਚੇ॥
ਸਗਲ ਮੇਵੇ ਸੁੰਦਰ ਬਾਗੀਚੇ॥
ਆਖੇੜ ਬਿਰਤਿ ਰਾਜਨ ਕੀ ਲੀਲਾ[28]॥
ਮਨੁ ਨ ਸੁਹੇਲਾ [29]ਪਰਪੰਚੁ ਹੀਲਾ॥
ਕਰਿ ਕਿਰਪਾ ਸੰਤਨ ਸਚੁ ਕਹਿਆ॥
ਸਰਬ ਸੂਖ ਇਹੁ ਆਨੰਦ ਲਹਿਆ॥
ਸਾਧਸੰਗਿ ਹਰਿ ਕੀਰਤਨੁ ਗਾਈਐ॥
ਕਹੁ ਨਾਨਕ ਵਡਭਾਗੀ ਪਾਈਐ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 179)

ਸਮਾਜ ਵਿਚ ਰਾਜਿਆਂ ਦਾ ਉੱਚਾ ਰੁਤਬਾ ਹੁੰਦਾ ਸੀ। ਜਦੋਂ ਗੁਰੂ ਸਾਹਿਬ ਇਹ ਆਖਦੇ ਹਨ ਕਿ ਇਸ ਦੁਨੀਆ ਵਿਚ ਤਾਂ ਪੀਰ, ਵੱਡੇ-ਵੱਡੇ ਸ਼ੇਖ਼ ਅਤੇ ਰਾਜੇ ਵੀ ਸਦਾ ਨਹੀਂ ਰਹੇ ਤਾਂ ਇਹ ਪੰਕਤੀ ਰਾਜਿਆਂ ਨੂੰ ਸਮਾਜ ਵਿਚ ਪ੍ਰਾਪਤ ਉੱਤਮ ਪਦਵੀ ਦੀ ਹੋਂਦ ਤਰਫ਼ ਇਸ਼ਾਰਾ ਕਰਦੀ ਹੈ ਕਿਉਂਕਿ ਗੁਰੂ ਸਾਹਿਬ ਮਨੁੱਖ ਨੂੰ ਸਿੱਧੇ ਸ਼ਬਦਾਂ ਵਿਚ (ਉਦਾਹਰਨ ਸਹਿਤ) ਸਮਝਾਉਂਦੇ ਹਨ ਕਿ ਇਸ ਤਰ੍ਹਾਂ ਦੀਆਂ ਮਾਨਤਾ ਪ੍ਰਾਪਤ ਹਸਤੀਆਂ ਨਹੀਂ ਰਹੀਆਂ ਤਾਂ ਹੋਰ ਕੋਈ ਕੌਣ ਹੈ? ਗੁਰੂ ਸਾਹਿਬ ਦੱਸਦੇ ਹਨ ਕਿ ਰਾਜੇ-ਮਹਾਰਾਜੇ, ਅਮੀਰ, ਮੁਖੀਏ ਆਦਿ ਅੰਤ ਸਾਰੇ ਮਿੱਟੀ ਹੋ ਜਾਂਦੇ ਹਨ। ਪ੍ਰਭੂ ਦੀ ਕਿਰਪਾ ਸਦਕਾ ਜਦੋਂ ਸਧਾਰਨ ਆਦਮੀ ਨੂੰ ਬਾਦਸ਼ਾਹੀ ਰੁਤਬਾ ਪ੍ਰਾਪਤ ਹੋਣ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਹ ਗੱਲ ਵੀ ਰਾਜਿਆਂ ਦੀ ਉੱਚੀ ਪਦਵੀ ਦੀ ਲਖਾਇਕ ਹੈ।

ਗੁਰੂ ਸਾਹਿਬ ਆਖਦੇ ਹਨ ਕਿ ਅਜਿਹੇ ਬਥੇਰੇ ਹੋ ਨਿਬੜੇ ਹਨ, ਜਿਹੜੇ ਸਿੰਘਾਸਨਾਂ ਉੱਪਰ ਬਹਿ ਕੇ ਆਪਣਾ ਸਿੱਕਾ ਚਲਾ ਗਏ ਹਨ ਭਾਵ ਆਪਣੀ ਮਨ-ਮਰਜ਼ੀ ਕਰ ਗਏ ਹਨ। ਚੋਜ-ਤਮਾਸ਼ੇ (ਐਸ਼-ਪ੍ਰਸਤੀ), ਰਾਜ-ਸੱਤਾ ਦੀਆਂ ਮੌਜਾਂ, ਸੁੰਦਰਤਾ, ਛਤ੍ਰ, ਚੌਰ ਅਤੇ ਤਖ਼ਤ ਰਾਜਿਆਂ ਦੇ ਜੀਵਨ ਨਾਲ ਸਬੰਧਤ ਆਵੱਸ਼ਕ ਚੀਜ਼ਾਂ ਸਨ। ਫ਼ੌਜ, ਧੌਂਸੇ ਅਤੇ ਵੱਡੇ-ਵੱਡੇ ਦਰਵਾਜ਼ਿਆਂ ਵਾਲੇ ਸ਼ਾਨਦਾਰ ਮਹੱਲ ਉਨ੍ਹਾਂ ਦੀ ਸੰਪੱਤੀ ਵਿਚ ਆਉਂਦੇ ਸਨ। ਉਹ ਜਿੱਥੇ ਵੀ ਚਾਹੁਣ, ਠਹਿਰ ਸਕਦੇ ਸਨ। ਉਨ੍ਹਾਂ ਦੇ ਕਿਤੇ ਵੀ ਰੁਕਣ ਦੀ ਵਿਵਸਥਾ (ਤੰਬੂ), ਛਤ੍ਰ ਅਤੇ ਜਦੋਂ ਮਨ ਕਰੇ, ਕਿਤੇ ਜਾਣ ਦੀ ਵਿਵਸਥਾ (ਰੱਥ ਆਦਿ) ਹਮੇਸ਼ਾ ਬਣੀ ਹੋਈ (ਤਿਆਰ) ਹੁੰਦੀ ਸੀ। ਜੇ ਦਾ ਤਖ਼ਤ (ਸੱਤਾ) ਨਾਲ ਐਡਾ ਗੂੜ੍ਹਾ ਸਬੰਧ ਸੀ ਕਿ ਗੁਰੂ ਸਾਹਿਬ ਜੀਵ-ਆਤਮਾ ਨੂੰ ਤਖ਼ਤ ਅਤੇ ਪ੍ਰਭੂ ਨੂੰ ਉਸ ਤਖ਼ਤ ਉੱਪਰ ਬੈਠਣ ਵਾਲਾ

(ਬਾਦਸ਼ਾਹ) ਬਿਆਨ ਕਰਦੇ ਹਨ। ਪਰਮਾਤਮਾ-ਰੂਪੀ ਸੱਚਾ-ਸਦੀਵੀ ਰਾਜਾ ਸੱਚ-ਰੂਪ ਤਖ਼ਤ 'ਤੇ ਬੈਠ ਕੇ ਸੱਚਾ ਨਿਆਂ ਕਰਦਾ ਹੈ। ਭਾਵ ਦੁਨਿਆਵੀ ਰਾਜੇ ਤਾਂ ਕਿਸੇ ਹਿਤ ਕਾਰਨ ਝੂਠੀ ਧਿਰ ਦਾ ਪੱਖ ਪੂਰ ਸਕਦੇ ਹਨ ਪਰ ਪਰਮਾਤਮਾ, ਜਿਸ ਦੇ ਦਰ 'ਤੇ ਸਦਾ ਹੀ ਨਿਆਂ ਹੁੰਦਾ ਹੈ, ਸੱਚ ਦਾ ਸਾਥ ਦਿੰਦਾ ਹੈ:

[30]ਹਮ [31]ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਜਿਤਨੇ ਸਾਹ ਪਾਤਿਸਾਹ [32]ਉਮਰਾਵ [33]ਸਿਕਦਾਰ ਚਉਧਰੀ ਸਭਿ ਮਿਥਿਆ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 861)

ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 144)

ਕਿਤੀ ਬੈਹਨਿ੍ ਬੈਹਣੇ ਮੁਚੁ ਵਜਾਇਨਿ ਵਜ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 518)

ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 707)

ਲਸਕਰ ਸਣੈ ਦਮਾਮਿਆ ਛੁਟੇ ਬੰਕ ਦੁਆਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1244)

ਖੇਮੇ ਛਤ੍ਰ[34]ਸਰਾਇਚੇ ਦਿਸਨਿ ਰਥ ਪੀੜੇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 989)

ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਿਸਾਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1098)

ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 949)

ਰਾਜੇ ਕਿਲਿਆਂ ਦੇ ਵੀ ਸੁਆਮੀ ਹੁੰਦੇ ਸਨ। ਉਹ ਹਾਥੀ, ਘੋੜਿਆਂ ਦੀਆਂ ਸਵਾਰੀਆਂ ਕਰਦੇ ਸਨ। ਇਹ ਸਵਾਰੀਆਂ ਸਾਧਾਰਨ ਨਹੀਂ, ਸ਼ਾਹੀ ਹੋਇਆ ਕਰਦੀਆਂ ਸਨ ਅਤੇ ਗਿਣਤੀ ਵਿਚ ਇੱਕ ਨਹੀਂ, ਕਈ-ਕਈ। ਉਨ੍ਹਾਂ ਦੀ ਸ਼ਾਨ ਵਿਚ ਧੌਂਸੇ ਅਤੇ ਤੂਤੀਆਂ ਆਦਿ ਸਾਜ਼ ਵੱਜਦੇ ਸਨ। ਉਨ੍ਹਾਂ ਦੀ ਉਸਤਤ ਵਿਚ ਗੀਤ (ਰਡ) ਗਾਏ ਜਾਂਦੇ ਸਨ। ਉਨ੍ਹਾਂ ਦੇ ਰਾਜ ਵਿਚ ਉਨ੍ਹਾਂ ਦੇ ਨਾਂ (ਸੱਤਾ) ਦੇ ਝੰਡੇ ਝੁੱਲਦੇ ਸਨ। ਇਹ ਸਾਰਾ ਕੁਝ ਉਨ੍ਹਾਂ ਦੇ ਮਨ ਨੂੰ ਸੁੱਖ ਦਿੰਦਾ ਸੀ। ਬਾਣੀਕਾਰਾਂ ਦਾ ਕਥਨ ਹੈ ਕਿ ਹਾਥੀ ਦੀ (ਸ਼ਾਹੀ) ਸਵਾਰੀ ਹੋਵੇ ਅਤੇ ਸਿਰ ਉੱਪਰ ਸੋਨੇ ਦਾ ਛਤ੍ਰ ਝੁੱਲ ਰਿਹਾ ਹੋਵੇ (ਬੇਅੰਤ ਸ਼ੋਭਾ ਬਣੀ ਹੋਈ ਹੋਵੇ) ਪਰ ਪਰਮਾਤਮਾ ਦੇ ਨਾਮ ਤੋਂ ਬਿਨਾ ਸਭ ਮਿੱਟੀ ਵਿਚ ਰੁਲ਼ ਜਾਂਦਾ ਹੈ। ਗੁਰੂ ਸਾਹਿਬ ਦੇ ਕਹਿਣ ਦਾ ਭਾਵ ਹੈ ਕਿ ਰਾਜ-ਸੱਤਾ ਦੇ ਸਾਰੇ ਸੁੱਖ ਹੁੰਦਿਆਂ ਹੋਇਆਂ, ਅਤੇ ਉਨ੍ਹਾਂ ਨੂੰ ਭੋਗਦਿਆਂ ਹੋਇਆਂ ਵੀ ਮਨੁੱਖ ਦੇ ਮਨ ਵਿਚ ਪਰਮਾਤਮਾ ਦਾ ਭੈਅ ਬਣਿਆ ਰਹਿਣਾ ਚਾਹੀਦਾ ਹੈ। ਪਰਮਾਤਮਾ ਦੇ ਭੈਅ ਦੇ ਅਸਰ ਹੇਠ ਮਨੁੱਖ ਚੰਗੇ ਕੰਮ ਕਰਨ ਨੂੰ ਤਰਜੀਹ ਦੇਵੇਗਾ।

ਨਿਰੰਕੁਸ਼ਤਾ ਅਰਾਜਕਤਾ ਨੂੰ ਜਨਮ ਦਿੰਦੀ ਹੈ। ਸੋਹਣੇ ਰੂਪ ਵਾਲੀਆਂ ਅਨੇਕ ਇਸਤਰੀਆਂ ਆਸ-ਪਾਸ ਹੋਣ ਪਰ ਪਰਮਾਤਮਾ ਦੇ ਨਾਮ ਤੋਂ ਬਿਨਾ ਸਭ ਕੁਝ ਫਿੱਕਾ-ਫਿੱਕਾ ਜਾਪਦਾ ਹੈ। ਗੁਰੂ ਸਾਹਿਬ ਦਾ ਕਥਨ ਹੈ ਕਿ ਅਰਬੀ ਅਤੇ ਤੁਰਕੀ ਨਸਲ ਦੇ (ਵਧੀਆ ਨਸਲ ਦੇ) ਘੋੜੇ ਕੋਲ਼ ਹੋਣ, ਸੋਨੇ ਅਤੇ ਚਾਂਦੀ ਦੇ ਗਹਿਣਿਆਂ ਨਾਲ ਸਰੀਰ ਲੱਦਿਆ ਹੋਇਆ ਹੋਵੇ, ਮਹਿੰਗਾ ਅਤੇ ਸੁੰਦਰ ਪਹਿਰਾਵਾ ਪਹਿਨਿਆ ਹੋਇਆ ਹੋਵੇ, ਅੰਤ ਵੇਲ਼ੇ ਕਿਸੇ ਦੇ ਨਾਲ ਨਹੀਂ ਜਾਂਦਾ। ਕੀ ਰਾਜੇ, ਕੀ ਪਰਜਾ, ਕੀ ਆਗੂ ਲੋਕ, ਅੰਤ ਵਿਚ ਸਭ ਖ਼ਤਮ ਹੋ ਜਾਂਦੇ ਹਨ। ਵੱਡੇ-ਵੱਡੇ ਸ਼ਹਿਰਾਂ ਦੇ ਉੱਜੜ ਜਾਣ ਦਾ ਕੋਈ ਪਤਾ ਵੀ ਨਹੀਂ ਲੱਗਦਾ (ਕਿ ਕਦੋਂ ਤਬਾਹ ਹੋ ਗਏ)। ਹੰਕਾਰ ਭਾਵ

ਅਧੀਨ ਮੱਤ ਪੱਖੋਂ ਖੀਣ ਹੋ ਚੁੱਕਾ ਮਨੁੱਖ ਵੱਡੀਆਂ ਸੁੰਦਰ ਇਮਾਰਤਾਂ ਨੂੰ ਆਪਣਾ ਜਾਣਦਾ ਹੈ। ਮਾਲ-ਅਸਬਾਬਾ ਨਾਲ ਭਰੇ ਹੋਏ ਖ਼ਜ਼ਾਨੇ ਇੱਕ ਖਿਨ ਵਿਚ ਖਾਲੀ ਹੋ ਜਾਂਦੇ ਹਨ (ਤਾਂ ਹੰਕਾਰ ਕਾਹਦਾ? )। ਵਧੀਆ ਨਸਲਾਂ ਦੇ ਘੋੜੇ, ਊਠ ਅਤੇ ਹਾਥੀਆਂ ਦੀਆਂ ਸਵਾਰੀਆਂ ,ਸੁੰਦਰ ਬਾਗ-ਬਗੀਚੇ ਕਦ ਆਪਣੇਹੋਏ ਹਨ ?ਆਰਾਮ ਕਰਨ ਦੇ ਸੋਹਣੇ ਸਮਾਨ ,ਅੰਤ ਸਭ ਨਸ਼ਟ ਹੋਜਾਂਦੇ ਹਨ। ਬਾਣੀਕਾਰ ਮਨੁੱਖੀ ਮਨ ਲਈ ਸੱਚਾ ਸੁੱਖ ਪ੍ਰਭੂ ਨੂੰ ਯਾਦ ਕਰਨ ਅਤੇ ਉੱਤਮ ਕਰਮ ਕੀਤੇਜਾਣ ਵਿਚ ਮੰਨਦੇ ਹਨ। ਸੋਨਾ ਅਤੇ ਸੁੰਦਰ ਇਸਤਰੀਆਂ ਰਾਜਿਆਂ ਦੀ ਸ਼ੋਭਾ ਨੂੰ ਹੋਰ ਦੂੱਗਣਾ ਕਰਦੀਆਂ ਸਨ। ਸੁੰਦਰ ਇਸਤਰੀਆਂ ਹਾਰ-ਸ਼ਿੰਗਾਰ ਕਰ ਕੇ ਰਾਜਿਆਂ ਦਾ ਸਰੀਰ ਭੋਗਦੀਆਂ ਸਨ। ਦੋਸ਼ੀਆਂ ਨੂੰ ਸਜ਼ਾ ਦੇਣ ਲਈ ਕੈਦਖਾਨੇ ਹੁੰਦੇ ਸਨ:

ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1244)

ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਇ॥
ਇਆ ਸੁਖ ਤੇ ਭਿੱਖਾ ਭਲੀ ਜਉ ਹਰਿ ਸਿਮਰਤ ਦਿਨ ਜਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1370)

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1380)

ਸੁਲਤਾਨ ਹੋਵਾ [35]ਮੇਲਿ ਲਸਕਰ ਤਖਤਿ ਰਾਖਾ [36]ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 14)

ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ॥
ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ॥
ਰੂਪ ਸੁੰਦਰੀਆ ਅਨਿਕ ਇਸਤਰੀਆ॥
ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 385)

ਤਾਜੀ ਤੁਰਕੀ[37] ਸੁਇਨਾ ਰੁਪਾ ਕਪੜ ਕੇਰੇ ਭਾਰਾ॥
ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 155)

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥
ਹਟ [38]ਪਟਣ ਬਾਜਾਰ ਹੁਕਮੀ ਢਹਸੀਓ॥
ਪਕੇ [39]ਬੰਕ ਦੁਆਰ ਮੂਰਖੁ ਜਾਣੈ ਆਪਣੇ॥
ਦਰਬਿ[40] ਭਰੇ ਭੰਡਾਰ [41]ਰੀਤੇ ਇਕਿ [42]ਖਣੇ॥
ਤਾਜੀ[43]ਰਥ [44]ਤੁਖਾਰ ਹਾਥੀ [45]ਪਾਖਰੇ॥
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥
ਤੰਬੂ ਪਲੰਘ ਨਿਵਾਰ [46]ਸਰਾਇਚੇ [47]ਲਾਲਤੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 141)

ਊਚ ਭਵਨ ਕਨਕਾਮਨੀ ਸਿਖਰਿ ਧਜਾ ਫਹਰਾਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥
ਓਹ ਮਾਂਗ ਸਵਾਰੈ ਬਿਖੈ ਕਉ ਓਹ ਸਿਮਰੈ ਹਰਿ ਨਾਮੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1373)

ਕਬੀਰ ਕਾਗਦ ਕੀ [48]ਓਬਰੀ ਮਸੁ ਕੇ ਕਰਮ ਕਪਾਟ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਗੁਰੂ ਸਾਹਿਬ ਦੱਸਦੇ ਹਨ ਕਿ ਸੱਤਾ ਦਾ ਨਸ਼ਾ ਅਤੇ ਧਨ ਦਾ ਨਸ਼ਾ ਐਸਾ ਬਲਵਾਨ ਹੁੰਦਾ ਹੈ ਕਿ ਮਨੁੱਖ ਦੀ ਸਾਰੀ ਲਾਜ-ਸ਼ਰਮ ਜਾਂਦੀ ਰਹਿੰਦੀ ਹੈ। ਇਸ ਨਸ਼ੇ ਦੇ ਅਧੀਨ ਵਿਚਰਦਾ ਮਨੁੱਖ ਸੱਭਿਅਤਾ ਅਤੇ ਮਰਿਆਦਾ ਦੇ ਬੰਧਨ ਤੋੜ ਸੁੱਟਦਾ ਹੈ ਅਤੇ ਫਿਰ ਉਸਨੂੰ ਸਮਾਜ ਦੀ ਕੋਈ ਪਰਵਾਹ ਨਹੀਂ ਰਹਿੰਦੀ। ਇਸੇ ਗ਼ਰੂਰ ਵਿਚ ਉਹ ਫਿਰ ਕਈ ਤਰ੍ਹਾਂ ਦੇ ਕੁਕਰਮ ਕਰਦਾ ਹੈ। ਸੱਤਾ ਅਤੇ ਧਨ ਦੇ ਗ਼ਰੂਰ ਵਿਚ ਮਨੁੱਖ ਸੱਭਿਆਚਾਰ ਦੀਆਂ ਧਜੀਆਂ ਉਡਾ ਦਿੰਦਾ ਹੈ। ਹੋਰਾਂ ਨਾਲ ਧੱਕਾ ਕਰ ਕੇ, ਉਨ੍ਹਾਂ 'ਤੇ ਜ਼ੁਲਮ ਕਰ ਕੇ, ਉਹ ਬੜਾ ਚੌੜਾ ਹੁੰਦਾ ਹੈ। ਰਾਜੇ-ਰਾਣੀਆਂ ਦੇ ਸਾਂਗ ਕਰਦੇ ਹੋਏ ਰਾਸਧਾਰੀਏ ਉਨ੍ਹਾਂ ਦੀਆਂ ਕੀਤੀਆਂ ਹੋਈਆਂ ਉਲਟ-ਪੁਲਟ ਗੱਲਾਂ ਦੀਆਂ ਨਕਲਾਂ ਲਾਉਂਦੇ ਹਨ, ਜਿਨ੍ਹਾਂ ਤੋਂ ਉਨ੍ਹਾਂ ਦੇ ਅਸਲ ਜੀਵਨ ਬਾਰੇ ਪਤਾ ਲੱਗਦਾ ਹੈ। ਭਗਤ ਕਬੀਰ ਜੀ ਬਿਆਨ ਕਰਦੇ ਹਨ ਕਿ ਅਮੀਰੀ ਦੇ ਨਸ਼ੇ ਵਿਚ ਮਦ-ਮਸਤ ਮਨੁੱਖ ਓਪਰੇ ਤੌਰ 'ਤੇ ਧੋਤੀ ਹੋਈ ਲਾਖ ਵਰਗਾ ਚਮਕਦਾਰ ਲਗਦਾ ਹੈ ਪਰ ਉਹ ਵਿਹਾਰ ਦਾ ਚੰਚਲ ਅਤੇ ਜੀਵਨ ਗੰਦਾ ਹੁੰਦਾ ਹੈ। ਗੁਰੂ ਸਾਹਿਬ ਤਾਂ ਸੱਤਾ-ਬਲ ਦਾ ਪ੍ਰਯੋਗ ਲੋਕ-ਹਿੱਤ ਵਿਚ ਕਰਨ 'ਤੇ ਜ਼ੋਰ ਦਿੰਦੇ ਹਨ:

ਰਾਜਿ ਰੰਗੁ ਮਾਲਿ ਰੰਗੁ॥ ਰੰਗਿ ਰਤਾ ਨਚੈ ਨੰਗੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 142)

ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 145)

ਜੋਰ ਜੁਲਮ ਫੂਲਹਿ ਘਨੋ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 255)

ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ ਲਾਖ॥

ਦੀਸੈ ਚੰਚਲੁ ਬਹੁ ਗੁਨਾ ਮਤਿ ਹੀਨਾ ਨਾਪਾਕ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1371)

ਸ਼ਾਹੀ ਮਹੱਲਾਂ ਤੱਕ ਹਰੇਕ ਨਾਗਰਿਕ ਦੀ ਰਸਾਈ (ਪਹੁੰਚ) ਨਹੀਂ ਸੀ ਹੁੰਦੀ। ਕਿਸੇ ਅਨਜਾਣ ਨੂੰ ਪੁੱਛ-ਪੜਤਾਲ ਤੋਂ ਉਪਰੰਤ ਹੀ ਮਹੱਲਾਂ ਵਿਚ ਵੜਨ ਦਿੱਤਾ ਜਾਂਦਾ ਸੀ। ਹਾਂ, ਰਾਜਾ ਜਿਸ ਉੱਪਰ ਅਤਿਅੰਤ ਖ਼ੁਸ਼ ਹੋਵੇ (ਭਾਵ ਜਿਸ ਉੱਪਰ ਉਸਨੂੰ ਭਰੋਸਾ ਹੋਵੇ) ਉਹ ਬਿਨਾ ਕਿਸੇ ਰੋਕ-ਟੋਕ ਦੇ ਸ਼ਾਹੀ ਮਹੱਲਾਂ ਵਿਚ ਆ-ਜਾ ਸਕਦਾ ਸੀ। ਖ਼ਜ਼ਾਨਚੀ ਵੀ ਰਾਜੇ ਦਾ ਸ਼ੁਭ-ਚਿੰਤਕ ਹੀ ਹੋ ਸਕਦਾ ਸੀ, ਜਿਸ ਉੱਪਰ ਰਾਜੇ ਨੂੰ ਪੂਰਨ ਵਿਸ਼ਵਾਸ ਹੋਵੇ। ਸਲੋਕ ਬਾਣੀ-ਰੂਪ ਵਿਚ ਪ੍ਰਭੂ ਦੇ ਦਰਬਾਰ ਦੀ ਤੁਲਨਾ ਦੁਨਿਆਵੀ ਰਾਜਿਆਂ ਦੇ ਦਰਬਾਰ ਨਾਲ ਕੀਤੀ ਗਈ ਹੈ। ਜਦੋਂ ਬਾਣੀਕਾਰ ਪ੍ਰਭੂ ਦੇ ਦਰਬਾਰ ਵਿਚ ਭਗਤਾਂ ਦੀ ਜੈ-ਜੈ ਕਾਰ ਜਾਂ ਉਨ੍ਹਾਂ ਨੂੰ ਵਡਿਆਈ ਦਿੱਤੇ ਜਾਣ ਦੀ ਗੱਲ ਕਰਦੇ ਹਨ ਤਾਂ ਉਹ ਰਾਜਿਆਂ ਦੇ ਦਰਬਾਰ ਵਿਚ ਸ੍ਰੇਸ਼ਟ ਪੁਰਸ਼ਾਂ ਨੂੰ ਦਿੱਤੀ ਜਾਂਦੀ ਵਡਿਆਈ ਵਾਂਗ ਹੈ। ਰਾਜਾ ਜਿਸ ਉੱਪਰ ਖ਼ੁਸ਼ ਹੋਵੇ, ਉਸਨੂੰ ਦਰਬਾਰ ਵਿਚ ਖਿੱਲਤ (ਸਿਰੋਪਾ) ਪਹਿਨਾਈ ਜਾਂਦੀ ਸੀ। ਪ੍ਰਭੂ ਨੂੰ ਵੀ ਰਾਜਾ (ਉਹ ਰਾਜਾ, ਜਿਹਦੇ ਵਰਗਾ ਹੋਰ ਕੋਈ ਦੂਜਾ ਰਾਜਾ ਨਹੀਂ) ਆਖਿਆ ਗਿਆ ਹੈ। ਉਹ ਪਰਜਾ ਸਮੇਤ, ਰਾਜਿਆਂ ਦੁਆਰਾ ਕੀਤੇ ਹੋਏ ਕੰਮਾਂ ਦੀ ਵੀ ਪੜਚੋਲ ਕਰਦਾ ਹੈ। ਇਸ ਤਰ੍ਹਾਂ ਆਖ ਕੇ ਗੁਰੂ ਸਾਹਿਬ ਤਤਕਾਲੀ ਸ਼ਾਸਨ-ਪ੍ਰਸ਼ਾਸਨ ਨੂੰ ਉਨ੍ਹਾਂ ਦੇ ਗ਼ਲਤ ਕਾਰਨਾਮਿਆਂ ਪ੍ਰਤਿ ਖ਼ਬਰਦਾਰ ਕਰਦੇ ਹਨ:

ਠਾਕ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 255-56)

ਹਰਿ ਹਰਿ ਨਾਮੁ ਜਪੰਤਿਆ ਕੋਇ ਨ ਬੰਧੈ ਵਾਟ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 961)

ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ॥
ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥ (ਭਗਤ ਰਵਿਦਾਸ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 345)

ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥
ਕੁੰਜੀ ਜਿਨ ਕਉ ਦਿਤੀਆ ਤਿਨ੍ਾ ਮਿਲੇ ਭੰਡਾਰ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1239)

ਤੇ ਹਰਿ ਦਰਗਹਿ ਪੈਨਾਈਅਹਿ ਜਿਨ ਹਰਿ ਵੁਠਾ ਮਨ ਮਾਹਿ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 310)

ਏਕੋ ਆਪਿ ਤੂਹੈ ਵਡ ਰਾਜਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1078)

ਸੁ ਐਸਾ ਰਾਜਾ ਸ੍ਰੀ ਨਰਹਰੀ॥ (ਭਗਤ ਨਾਮਦੇਵ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1292)

ਕੋਊ ਹਰਿ ਸਮਾਨਿ ਨਹੀ ਰਾਜਾ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ [49]ਦਿਵਾਜਾ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 856)

ਰਾਜੇ ਦੀ ਕਚਹਿਰੀ (ਦੀਬਾਣੁ) ਪਰਜਾ ਨੂੰ ਨਿਆਂ ਦੇਣ ਲਈ ਹੁੰਦੀ ਸੀ। ਓਥੇ ਨਿਆਂ ਕੀਤਾ ਜਾਣਾ ਹੁੰਦਾ ਸੀ, ਖੋਟੇ-ਖ਼ਰੇ ਦੀ ਪਰਖ ਕੀਤੀ ਜਾਣੀ ਹੁੰਦੀ ਸੀ। ਓਥੇ ਰਾਜੇ ਦੇ ਹੁਕਮ (ਜਿਹੜਾ ਉਸ ਵੱਲੋਂ ਕਿਸੇ ਮਾਮਲੇ ਦੇ ਸਬੰਧ ਵਿਚ ਦਿੱਤਾ ਜਾਂਦਾ ਸੀ) ਅਨੁਸਾਰ ਕਲਮ ਵਹਿੰਦੀ ਸੀ। ਭਾਵੇਂ ਤਤਕਾਲੀ ਹਾਲਾਤ ਇਸ ਦੇ ਉਲਟ ਸਨ ਕਿ ਰਿਸ਼ਵਤ ਲੈ ਕੇ ਗ਼ਲਤ ਪੱਖ ਦੇ ਹੱਕ ਵਿਚ ਫ਼ੈਸਲੇ ਭੁਗਤਾਏ ਜਾਂਦੇ ਸਨ। ਇਸੇ ਕਰ ਕੇ ਬਾਣੀਕਾਰਾਂ ਨੇ ਇਸ ਝੂਠੀ ਕਚਹਿਰੀ ਦੇ ਸਨਮੁਖ ਸੱਚੀ ਕਚਹਿਰੀ (ਪਰਮਾਤਮਾ ਦੇ ਦਰਬਾਰ) ਦਾ ਸੰਕਲਪ ਸਿਰਜਿਆ ਸੀ। ਉਸ ਸੱਚੀ ਕਚਹਿਰੀ ਵਿਚ ਸਦਾ ਹੀ ਨਿਆਂ ਹੁੰਦਾ ਹੈ। ਸੱਚੀ ਕਚਹਿਰੀ ਦਾ ਸੰਕਲਪ ਤਤਕਾਲੀ ਕੂੜ-ਕਚਹਿਰੀਆਂ ਦੇ ਸਨਮੁਖ ਆਦਰਸ਼ ਵਜੋਂ ਸਥਾਪਿਤ ਕੀਤਾ ਗਿਆ ਸੀ ਤਾਂ ਜੋ ਤਤਕਾਲੀ ਨਿਆਂਕਾਰਾਂ ਨੂੰ ਪ੍ਰੇਰਨਾ ਮਿਲ ਸਕੇ ਅਤੇ ਉਹ ਉਸ ਆਦਰਸ਼ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹੋ ਸਕਣ। ਭਗਤ ਕਬੀਰ ਜੀ ਆਖਦੇ ਹਨ ਕਿ ਪਰਮਾਤਮਾ-ਰੂਪੀ ਰਾਜੇ ਦੀ ਸ਼ਰਨ ਵਿਚ ਜਾਣ ਵਾਲਾ ਜੀਵ ਕਦੇ ਵੀ ਘਾਟਾ ਨਹੀਂ ਖਾਂਦਾ। ਉਹ ਸੱਚਾ ਨਿਆਂਕਾਰ ਹੈ, ਜਿਹੜਾ ਬਿਨਾ ਕਿਸੇ ਦਾ ਹਿਤ ਕੀਤਿਆਂ ਸੱਚ ਦੇ ਆਧਾਰ ਤੇ ਨਿਆਂ ਕਰਦਾ ਹੈ। ਬਾਣੀਕਾਰਾਂ ਦਾ ਨਿਸ਼ਚਾ ਸੀ ਕਿ ਜੇਕਰ ਹਿਰਦੇ ਵਿਚ ਸੱਚ ਨਹੀਂ ਤਾਂ ਸਵਰਗ ਦੇ ਰਾਜੇ ਇੰਦਰ ਨੂੰ ਮਿਲੇ ਹੋਏ ਸੁੱਖਾਂ ਜਿਹੇ ਸੁੱਖ ਵੀ ਕਿਸੇ ਕੰਮ ਦੇ ਨਹੀਂ। ਗੁਰੂ ਸਾਹਿਬ ਨੇ ਸ਼ਾਸਕਾਂ ਨੂੰ ਨਿਆਂ ਪ੍ਰਤਿ ਪ੍ਰਤਿਬੱਧ ਹੋ ਲਈ ਆਖਿਆ। ਤਤਕਾਲੀ ਦੌਰ ਵਿਚ ਜਦੋਂ ਕਿਸੇ ਨੇ ਰਾਜੇ ਪਾਸ ਆਪਣੀ ਫ਼ਰਿਆਦ ਜਾਂ ਕਿਸੇ ਦੀ ਸ਼ਿਕਾਇਤ ਲੈ ਕੇ ਜਾਣਾ ਹੁੰਦਾ ਸੀ ਤਾਂ ਉਸਨੂੰ ਸ਼ਾਹੀ ਮੁਲਾਜ਼ਮਾਂ ਵੱਲੋਂ ਵਿਸ਼ੇਸ਼ ਰੰਗ ਦਾ ਚੋਲਾ ਪਹਿਨਾਇਆ ਜਾਂਦਾ ਸੀ[50] ਜਿਸ ਨੂੰ ਦੇਖ ਕੇ ਰਾਜਾ, ਆਏ ਹੋਏ ਦਾ ਭਾਵ ਸਮਝ ਜਾਂਦਾ ਸੀ:

ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 789)

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥

ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1241)

ਉਬਰਤ ਰਾਜਾ ਰਾਮ ਕੀ ਸਰਣੀ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 215)

ਅਬ ਮੋ ਕਉ ਭਏ ਰਾਜਾ ਰਾਮ ਸਹਾਈ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 331)

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥

ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥

(ਭਗਤ ਰਵਿਦਾਸ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 658)

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

ਮਲੁ ਜੂਈ ਭਰਿਆ[51] ਨੀਲਾ ਕਾਲਾ [52]ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 306)

ਰਾਜੇ ਦੇ ਸਹਾਇਕਾਂ ਅਤੇ ਸਲਾਹਕਾਰਾਂ ਵਿਚ ਵਜ਼ੀਰ, ਚੌਧਰੀ ਅਤੇ ਨਾਇਬ ਆਦਿ ਅਹੁਦੇਦਾਰ ਹੋਇਆ ਕਰਦੇ ਸਨ। ਗੁਰੂ ਸਾਹਿਬ ਤਤਕਾਲੀ ਗੰਧਲੀ ਰਾਜਨੀਤੀ ਦਾ ਚਿੱਤਰ ਉਲੀਕਦੇ ਹੋਏ ਆਖਦੇ ਹਨ ਕਿ ਹੁਣ ਤਾਂ ਲਾਲਚ ਨਾਲ ਗ੍ਰਸੇ ਹੋਏ ਰਾਜਿਆਂ ਦੇ ਸਹਾਇਕ ਅਹੁਦੇਦਾਰ ਵੀ ਉਹੋ ਜਿਹੇ ਹੀ ਹਨ। ਵਜ਼ੀਰ ਪਾਪੀ ਹਨ, ਚੌਧਰੀ ਝੂਠ ਦੀ ਪੰਡ ਹਨ ਅਤੇ ਨਾਇਬ ਆਪਣੀਆਂ ਖਾਹਿਸ਼ਾਂ ਦੇ ਦਾਸ ਹਨ ਭਾਵ ਆਪਣੇ ਹਿੱਤਾਂ ਨੂੰ ਹੀ ਅੱਗੇ ਰੱਖਦੇ ਹਨ। ਇਨ੍ਹਾਂ ਪੰਕਤੀਆਂ ਵਿਚ ਰਾਜੇ ਦਾ ਸਹਾਇਕਾਂ ਅਤੇ ਸਲਾਹਕਾਰਾਂ ਦਾ ਜ਼ਿਕਰ ਸਹਿਜ ਭਾਵ ਵਿਚ ਹੀ ਆ ਗਿਆ ਹੈ। ਲੋੜ ਪੈਣ 'ਤੇ ਰਾਜਾ ਵੱਖ-ਵੱਖ ਮਾਮਲਿਆਂ ਵਿਚ ਇਨ੍ਹਾਂ ਦੀ ਸਲਾਹ ਲੈਂਦਾ ਸੀ। ਸਰਬ-ਸਮਰੱਥ ਪ੍ਰਭੂ ਨੂੰ ਵੀ ਭਗਤ ਦਾ ਸਲਾਹਕਾਰ (ਮੰਤਰੀ) ਦੱਸਿਆ ਗਿਆ ਹੈ। ਇਹ ਭਾਵ ਮੰਤਰੀ ਦੇ ਕੁਝ ਖ਼ਾਸ ਗੁਣਾਂ ਵੱਲ ਸੰਕੇਤ ਹੈ। ਗੁਰੂ ਸਾਹਿਬ ਦਾ ਇੱਥੇ ਭਾਵ ਹੈ ਕਿ ਸ਼ਾਸਕ ਦੇ ਸਲਾਹਕਾਰਾਂ ਵਿਚ ਕੁਝ ਖ਼ਾਸ ਗੁਣ ਹੋਣੇ ਚਾਹੀਦੇ ਹਨ, ਜਿਨ੍ਹਾਂ ਦੇ ਬਲਬੂਤੇ 'ਤੇ ਉਹ ਰਾਹੇ ਨੂੰ ਯੋਗ ਰਾਇ ਦੇਵੇ ਤਾਂ ਜੋ ਰਾਜਾ ਉਨ੍ਹਾਂ ਰਾਵਾਂ 'ਤੇ ਪਹਿਰਾ ਦਿੰਦਾ ਹੋਇਆ ਲੋਕ-ਕਲਿਆਣ ਕਰੇ। ਰਾਜੇ ਜੰਗਾਂ-ਯੁੱਧਾਂ ਵਿਚ ਭਾਗ ਲੈਂਦੇ ਸਨ, ਜਿੱਥੇ ਕਈ ਰਾਜੇ ਮਰ ਵੀ ਜਾਂਦੇ ਸਨ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਅਸਲ ਵਿਚ ਉਨ੍ਹਾਂ ਨੂੰ ਰਾਜੇ ਆਖਿਆ ਹੀ ਨਹੀਂ ਜਾ ਸਕਦਾ, ਜਿਹੜੇ ਲੋਕ-ਭਲਾਈ ਵੱਲ ਧਿਆਨ ਨਾ ਦੇ ਕੇ ਹਰ ਵੇਲੇ ਜੰਗਾਂ-ਯੁੱਧਾਂ ਦੀ ਰਾਜਨੀਤੀ ਵਿਚ ਪਏ ਰਹਿਣ। ਅਜਿਹੇ ਆਗੂ ਨਾ ਤਾਂ ਆਪ ਹੀ ਮਾਨਸਿਕ ਤੌਰ 'ਤੇ ਇਕਾਗਰ ਰਹਿ ਸਕਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਸ਼ਾਸਨ-ਪ੍ਰਸ਼ਾਸਨ ਵਿਚ ਹੀ ਸਥਿਰਤਾ ਆਉਂਦੀ ਹੈ:

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 468)

ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 958)

ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 907)

ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 590)

ਕਰਮਚਾਰੀਆਂ ਦੀਆਂ ਡਿਊਟੀਆਂ ਨਿਸ਼ਚਿਤ ਹੋਇਆ ਕਰਦੀਆਂ ਸਨ। ਰਾਜੇ ਦੁਆਰਾ ਨਿਸ਼ਚਿਤ ਕੀਤੀਆਂ ਗਈਆਂ ਇਨ੍ਹਾਂ ਡਿਊਟੀਆਂ ਮੁਤਾਬਕ ਹੀ ਉਹ ਆਪਣਾ ਕਾਰਜ ਕਰਦੇ ਸਨ। ਇਨ੍ਹਾਂ ਹੁਕਮਾਂ ਤੋਂ ਬਾਹਰ ਹੋ ਜਾਣਾ, ਉਨ੍ਹਾਂ ਦੇ ਵੱਸੋਂ ਬਾਹਰ ਦੀ ਗੱਲ ਹੁੰਦੀ ਸੀ। ਕਿਸੇ ਨਿਸ਼ਚਿਤ ਕੰਮ (ਮੁਹਿੰਮ) ਲਈ ਜਦੋਂ ਉਨ੍ਹਾਂ ਨੂੰ ਹੁਕਮ ਹੁੰਦੇ ਸਨ ਤਾਂ ਉਹ ਉਨ੍ਹਾਂ ਹੁਕਮਾਂ ਦੀ ਤਾਮੀਲ ਲਈ ਰਾਹੇ ਪੈ ਜਾਂਦੇ ਸਨ। ਜਿੰਨੇ ਚਿਰ ਲਈ ਰਾਜੇ ਦਾ ਹੁਕਮ ਹੁੰਦਾ ਸੀ, ਉਹ ਕਾਰਜ ਕਰਦੇ ਸਨ। ਉਸ ਤੋਂ ਬਾਅਦ ਉਹ (ਰਾਜੇ ਦੇ ਹੁਕਮਾਂ ਅਨੁਸਾਰ) ਵਾਪਸ ਮੁੜ ਜਾਂਦੇ ਸਨ। (ਦੁਨਿਆਵੀ ਧਰਾਤਲ 'ਤੇ) ਰਾਜੇ ਦਾ ਹੁਕਮ ਅਟੱਲ ਹੁੰਦਾ ਸੀ ਪਰ ਪ੍ਰਭੂ ਨੂੰ ਰਾਜਿਆਂ ਦਾ ਰਾਜਾ ਦੱਸਿਆ ਗਿਆ ਹੈ, ਜਿਸਦੇ ਹੁਕਮ ਵਿਚ ਸਾਰੀ ਸ੍ਰਿਸ਼ਟੀ ਕਾਰਜ ਕਰਦੀ ਹੈ:

ਜਿਨ੍ਹ ਚੀਰੀ ਚਲਣਾ ਹਥਿ ਤਿਨ੍ਹ ਕਿਛੁ ਨਾਹਿ॥
ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1239)

ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 1239)

ਰਾਜਾ ਕਿਸੇ ਤਰ੍ਹਾਂ ਦੀ ਪੁੱਛ-ਗਿੱਛ ਲਈ ਕਿਸੇ ਨੂੰ ਵੀ ਆਪਣੀ ਕਚਹਿਰੀ ਵਿਚ ਬੁਲਾ ਸਕਦਾ ਸੀ। ਹੇਠ ਲਿਖੀਆਂ ਪੰਕਤੀਆਂ ਵਿਚ ਧਰਮਰਾਜ ਦੀ ਕਚਿਹਰੀ ਦਾ ਉਲੇਖ ਹੈ ਅਤੇ ਨਾਲ ਦੀ ਨਾਲ ਉਸ ਦੁਆਰਾ ਕੀਤੀ ਜਾਂਦੀ ਤਲਬ ਦਾ ਜ਼ਿਕਰ ਹੈ। ਪਿੱਛੇ ਵੀ ਜ਼ਿਕਰ ਕੀਤਾ ਗਿਆ ਹੈ ਕਿ ਇਹ ਰੱਬੀ ਜਾਂ ਧਰਮਰਾਜ ਦੇ ਦਰਬਾਰ ਦੀ ਸਿਰਜਣਾ ਦਾ ਆਧਾਰ (ਦੁਨੀਆ ਨੂੰ ਸੁਖਾਲਾ ਸਮਝਾਉਣ ਲਈ) ਦੁਨਿਆਵੀ (ਰਾਜਿਆਂ ਦੇ) ਦਰਬਾਰ 'ਤੇ ਆਧਾਰਿਤ ਹੈ। ਰਾਜ ਦਰਬਾਰਾਂ ਵੱਲੋਂ ਹੁਕਮ ਜਾਰੀ ਕੀਤੇ ਜਾਂਦੇ ਸਨ:

ਜਿਨ੍ਹ ਸਤਿਗੁਰ ਸਿਉ ਚਿਤੁ ਸੁ ਖਾਲੀ ਕੋਈ ਨਾਹਿ॥

ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 516)

ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 956)

ਅਹਿਮ ਸਮੱਗਰੀ ਨੂੰ ਮੋਹਰਬੰਦ ਕੀਤਾ ਜਾਂਦਾ ਸੀ। ਗੁਰਬਾਣੀ ਵਿਚ ਅਧਿਆਤਮਿਕ ਵਿਹਾਰ ਲਈ ਇਸ ਵਾਸਤੇ ਮੁਦਾਵਣੀ ਸ਼ਬਦ ਵਰਤਿਆ ਗਿਆ ਹੈ। ਰਾਜ ਦਰਬਾਰ ਨਾਲ ਸਬੰਧਤ ਅਹਿਮ ਦਸਤਾਵੇਜ਼ ਬੜੇ ਗੂੜ੍ਹ ਢੰਗ ਨਾਲ ਲਿਖੇ ਜਾਂਦੇ ਸਨ, ਜਿਨ੍ਹਾਂ ਨੂੰ ਗਿਣਤੀ ਦੇ ਲੋਕ ਹੀ ਪੜ੍ਹ ਅਤੇ ਸਮਝ ਸਕਦੇ ਸਨ। ਸਰਕਾਰੀ ਕਾਗਜ਼ਾਂ ਵਿਚ ਰਿਕਾਰਡ ਸਾਂਭਿਆ ਜਾਂਦਾ ਸੀ:

ਏਹ [53]ਮੁਦਾਵਣੀ ਕਿਉ ਵਿਚਹੁ ਕਢੀਐ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 645)

ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ॥
ਨਾਨਕ ਏਹੁ [54]ਪਟੰਤਰਾ ਤਿਤੁ ਦੀਬਾਣਿ ਗਇਆਹ॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ [55]ਪੰਨੈ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1281)

ਦਫਤਰਿ[56] ਲੇਖਾ ਮੰਗੀਐ ਤਬ ਹੋਇਗੋ ਕਉਨੁ ਹਵਾਲੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)

ਰਾਜੇ ਲਗਾਨ (ਕਰ) ਵਸੂਲ ਕਰਦੇ ਸਨ। ਹੇਠ ਲਿਖੀ ਪੰਕਤੀ ਵਿਚ ਮਹਿਦੂਦ ਦਾ ਉਲੇਖ ਹੈ, ਜਿਸ ਦਾ ਭਾਵ ਹੈ ਪੱਕੇ ਇਕਰਾਰ ਵਾਲੀ ਲਿਖਤ, ਜਿਸ ਤੋਂ ਬਾਅਦ ਲਗਾਨ ਇੱਕ ਸੀਮਾ 'ਤੇ ਟਿਕ ਜਾਂਦਾ ਸੀ ਭਾਵ ਫਿਰ ਵਧਾਇਆ ਨਹੀਂ ਸੀ ਜਾ ਸਕਦਾ:

ਮੈ [57]ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1286)

ਪਰਜਾ ਦੇ ਲੋਕ ਵੱਖ-ਵੱਖ ਪੱਧਰ ਦਾ ਜੀਵਨ ਜਿਉਂਦੇ ਸਨ। ਕੁਝ ਸਮਾਨ ਜੀਵਨ ਪੱਧਰ 'ਤੇ ਸਨ, ਕਈ ਗ਼ਰੀਬੀ ਵਿਚ ਦਿਨ-ਕਟੀ ਕਰਦੇ ਸਨ ਤੇ ਸ਼ਾਹੀ ਮੁਲਾਜ਼ਮ ਸਹੂਲਤ-ਭਰਪੂਰ ਜੀਵਨ ਬਸਰ ਕਰਦੇ ਸਨ:

[58]ਧਰਤੀ [59]ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1289)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਰਾਜਾਸ਼ਾਹੀ ਤਾਂ ਨਹੀਂ ਪਰ ਲੋਕਤੰਤਰੀ ਨਿਜ਼ਾਮ ਵਿਚ ਸੱਤਾਧਾਰੀਆਂ ਦਾ ਜੀਵਨ ਰਾਜਿਆਂ ਵਾਂਗ ਹੀ ਐਸ਼-ਪ੍ਰਸਤੀ ਵਾਲਾ ਹੈ। ਉਹ ਮਹਿਲ-ਨੁਮਾ ਮਕਾਨਾਂ (ਕੋਠੀਆਂ) ਵਿਚ ਰਹਿੰਦੇ ਹਨ ਤੇ ਉਨ੍ਹਾਂ ਦੀ ਸੇਵਾ ਵਿਚ ਵੱਡੀ ਗਿਣਤੀ ਵਿਚ ਕਰਮਚਾਰੀ ਤਾਇਨਾਤ ਰਹਿੰਦੇ ਹਨ। ਉਹ ਕਈ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਦਾ ਲਾਭ ਉਠਾਉਂਦੇ ਹਨ। ਵੱਡੇ-ਵੱਡੇ ਅਧਿਕਾਰੀ ਉਨ੍ਹਾਂ ਦੀ ਸਹਾਇਤਾ ਲਈ ਮੌਜੂਦ ਰਹਿੰਦੇ ਹਨ। ਵੱਖ-ਵੱਖ ਕੰਮਾਂ ਨੂੰ ਵਿਭਿੰਨ ਵਿਭਾਗਾਂ ਵੱਚ ਵੰਡ ਕੇ ਉਨ੍ਹਾਂ ਵਿਭਾਗਾਂ ਦੀਆਂ ਜ਼ਿੰਮੇਵਾਰੀਆਂ ਦੀ ਵੰਡ ਦੂਜੇ ਮੰਤਰੀਆਂ ਨੂੰ ਕੀਤੀ ਜਾਂਦੀ ਹੈ। "ਇਸ ਗੱਲ ਤੋਂ ਤਾਂ ਅਸੀਂ ਭਲੀ-ਭਾਂਤ ਜਾਣੂ ਹਾਂ ਕਿ ਸੱਤਾਧਾਰੀ ਰਾਜਨੀਤਿਕ ਦਲਾਂ ਦੁਆਰਾ ਆਪਣੇ ਰਾਜਨੀਤਿਕ ਹਿੱਤਾਂ ਲਈ ਪ੍ਰਸ਼ਾਸਕੀ ਮਸ਼ੀਨਰੀ ਦੀ ਵਰਤੋਂ ਦਾ ਦੋਸ਼ ਆਮ ਜਿਹੀ ਗੱਲ ਬਣ ਚੁੱਕੀ ਹੈ। ਇਹ ਸਮਾਜ ਅਤੇ ਪ੍ਰਸ਼ਾਸਨ ਦੋਹਾਂ ਲਈ ਮਾੜੀ ਗੱਲ ਹੈ। ਇਸ ਨਾਲ 'ਰਾਜਨੀਤਿਕ ਨਿਰਪੱਖਤਾ' ਨਾਂ ਦੇ ਪ੍ਰਸ਼ਾਸਨ ਦੇ ਇਕ ਮੂਲ ਸਿਧਾਂਤ ਨੂੰ ਵੀ ਠੇਸ ਪਹੁੰਚਦੀ ਹੈ। ਪ੍ਰਸ਼ਾਸਨ ਦਾ ਸਿਆਸੀਕਰਨ ਸਾਡੇ ਪ੍ਰਸ਼ਾਸਨ ਲਈ ਇਕ ਚੁਣੌਤੀ ਹੈ ਕਿਉਂਕਿ ਅਜਿਹੀ ਸਥਿਤੀ ਵਿਚ ਪ੍ਰਸ਼ਾਸਨ ਦਾ ਗੈਰ-ਜ਼ਿੰਮੇਵਾਰ ਬਣਨਾ ਸੁਭਾਵਿਕ ਹੈ। " (ਧਨਵੰਤ ਕੌਰ ਸੰਪਾ:, *ਸਮਾਕਲੀ ਪੰਜਾਬੀ ਸਮਾਜ* 197)

"ਰਾਜਨੀਤਿਕ ਅਤੇ ਪ੍ਰਸ਼ਾਸਨਿਕ ਭ੍ਰਿਸ਼ਟਾਚਾਰ ਸਾਡੇ ਸਮਕਾਲੀ ਸਮਾਜ ਦੀਆਂ ਜੜ੍ਹਾਂ ਨੂੰ ਘੁਣ ਵਾਂਗ ਥੋਥਾ ਕਰ ਰਿਹਾ ਹੈ। ਸਰਕਾਰੀ ਅਹੁਦਿਆਂ ਲਈ ਨਿਯੁਕਤੀਆਂ ਸੰਬੰਧੀ ਭ੍ਰਿਸ਼ਟਾਚਾਰ ਦੇ ਬੇ-ਨਕਾਬ ਹੋਏ ਚਿਹਰਿਆਂ ਤੋਂ ਅਹਿਸਾਸ ਹੋਇਆ ਹੈ ਕਿ ਸਾਡਾ ਸਮਕਾਲੀ ਪੰਜਾਬੀ ਸਮਾਜ ਕਿਸ ਕਦਰ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਧਸ ਚੁੱਕਾ ਹੈ। " (ਧਨਵੰਤ ਕੌਰ ਸੰਪਾ:, *ਸਮਾਕਲੀ ਪੰਜਾਬੀ ਸਮਾਜ* 198)

"ਰਾਜਨੀਤਕ ਪਾਰਟੀਆਂ, ਉਨ੍ਹਾਂ ਦੇ ਆਗੂ ਅਤੇ ਅਫ਼ਸਰਸ਼ਾਹੀ ਵਿਚ ਦੇਸ਼ ਤੇ ਦੇਸ਼ ਦੇ ਲੋਕਾਂ ਪ੍ਰਤੀ ਪ੍ਰਤੀਬੱਧਤਾ ਦੀ ਘਾਟ ਹੈ। ਉਹ ਸਮੂਜਿਕ ਦੀ ਥਾਂ ਨਿੱਜੀ ਵਿਕਾਸ ਨੂੰ ਤਰਜੀਹ ਦਿੰਦੇ ਹਨ। ਦੇਸ਼ ਦੇ ਵਿੱਤੀ ਅਤੇ ਕੁਦਰਤੀ ਸਾਧਨਾਂ ਦਾ ਸ਼ੋਸ਼ਣ ਕਰ ਕੇ ਆਪਣੀਆਂ ਤਿਜੋਰੀਆਂ ਭਰਨ ਨੂੰ ਪਹਿਲ ਦਿੰਦੇ ਹਨ। ਭ੍ਰਿਸ਼ਟਾਚਾਰ ਦੇਸ਼ ਦੇ ਕਣ-ਕਣ ਵਿਚ ਰਚਿਆ ਹੋਇਆ ਹੈ। " (ਨਰਿੰਦਰ ਸਿੰਘ, *ਪੰਜਾਬੀ ਜਾਗਰਣ ਰੋਜ਼ਾਨਾ 20.11.2017* 4) "ਆਮ ਦੇਖਣ ਵਿਚ ਆਇਆ ਹੈ ਕਿ ਸਿਆਸੀ ਪਾਰਟੀਆਂ ਜਦੋਂ ਸੱਤਾ ਵਿਚ ਆਉਂਦੀਆਂ ਹਨ, ਤਾਂ ਪੁਲਿਸ ਕੋਲੋਂ ਗ਼ੈਰ-ਕਾਨੂੰਨੀ ਕੰਮ ਕਰਵਾਉਂਦੀਆਂ ਹਨ। ਵਿਰੋਧੀ ਧਿਰ ਦੇ ਨੇਤਾਵਾਂ ਅਤੇ ਪਾਰਟੀ ਵਰਕਰਾਂ ਉੱਪਰ ਝੂਠੇ ਪਰਚੇ ਦਰਜ ਕਰਵਾਏ ਜਾਂਦੇ ਹਨ। " (ਮਹਿੰਦਰ ਸਿੰਘ ਬਾਜਵਾ, *ਅਜੀਤ ਰੋਜ਼ਾਨਾ24.11.2017* 4)

"ਯੂਰਪੀਨ ਦੇਸ਼ਾਂ ਵਿਚ ਲੋਕਤੰਤਰੀ ਸਰਕਾਰਾਂ ਹਨ। ਭਾਰਤ ਵਿਚ ਵੀ ਲੋਕਤੰਤਰ ਹੈ। ਪਰ ਲੋਕਤੰਤਰ ਦਾ ਭਾਵ ਇਹ ਨਹੀਂ , ਹਰ ਕੋਈ ਹਰ ਪੱਖ ਤੋਂ 'ਆਜ਼ਾਦ' ਹੋਵੇ। ਭਾਰਤ ਦਾ ਸੰਵਿਧਾਨ ਹੈ, ਬੇਸ਼ੁਮਾਰ ਕਾਨੂੰਨ ਹਨ। ਪਰ ਕਾਨੂੰਨਾਂ ਦੀ ਪਾਲਣਾ ਘੱਟ ਹੈ। ਕਈ ਨੇਤਾ ਤੇ ਮੰਤਰੀ ਆਪਣੀ ਪਸੰਦ-ਨਾਪਸੰਦ ਜਨਤਾ ਉੱਤੇ ਠੋਸਦੇ ਹਨ। " (ਪਿਆਰਾ ਸਿੰਘ ਭੋਗਲ, *ਅਜੀਤ ਰੋਜ਼ਾਨਾ ਮਿਤੀ 27.11.2017* 4) "ਇਹ ਆਮ ਪ੍ਰੰਪਰਾ ਬਣ ਗਈ ਹੈ ਕਿ ਤਕਰੀਬਨ ਅੱਧੇ ਘੰਟੇ ਵਿਚ 10 ਤੋਂ 15 ਬਿੱਲ ਬਿਨਾਂ ਕਿਸੇ ਬਹਿਸ ਤੋਂ ਪਾਸ ਕਰ ਦਿੱਤੇ ਜਾਂਦੇ ਹਨ, ਜਦ ਕਿ ਸੰਵਿਧਾਨ ਅਨੁਸਾਰ ਵਿਧਾਨਕਾਰਾਂ ਦਾ ਮੁੱਖ ਕੰਮ ਕਾਨੂੰਨ ਬਣਾਉਣਾ ਹੈ ਅਤੇ ਕਾਨੂੰਨ ਬਣਾਉਣ ਸਮੇਂ ਚੰਗੀ ਤਰ੍ਹਾਂ ਪੜ੍ਹ ਕੇ ਅਤੇ ਹਰ ਕਲਾਜ਼ 'ਤੇ ਬਹਿਸ ਕਰਕੇ ਬਿੱਲ ਪਾਸ ਕਰਨੇ ਹੁੰਦੇ ਹਨ, ਪ੍ਰੰਤੂ ਹੌਲੀ-ਹੌਲੀ ਸਰਕਾਰਾਂ ਨੇ ਸੰਵਿਧਾਨ ਦੀਆਂ ਪ੍ਰੰਪਰਾਵਾਂ ਦਾ ਘਾਣ ਕੀਤਾ ਅਤੇ ਬਿਨਾਂ ਬਹਿਸ ਤੋਂ ਬਿੱਲ ਪਾਸ ਕਰਵਾਉਣੇ ਸ਼ੁਰੂ ਕਰ ਦਿੱਤੇ। " (ਸੋਮ ਪ੍ਰਕਾਸ਼, *ਅਜੀਤ ਰੋਜ਼ਾਨਾ ਮਿਤੀ 27.11.2017* 4)

ਰਾਜਨੀਤਕ ਲੋਕਾਂ ਨੇ ਪੈਸੇ ਅਤੇ ਕੁਰਸੀ ਖ਼ਾਤਰ ਨੌਜਵਾਨਾਂ ਦੀਆਂ ਅਲਮਤਾਂ ਦਾ ਭਰਪੂਰ ਫਾਇਦਾ ਉਠਾਇਆ ਹੈ, ਜੋ ਉਜਲੇ ਭਵਿੱਖ ਲਈ ਠੀਕ ਨਹੀਂ। ਸਿਆਸਤਦਾਨਾਂ ਦੀ ਗੰਧਲੀ ਰਾਜਨੀਤੀ ਦੀ ਸ਼ਹਿ 'ਤੇ ਨੌਜਵਾਨ ਵਰਗ ਅਪਰਾਧੀ ਬਣ ਰਿਹਾ ਹੈ। ਇਨ੍ਹਾਂ ਲੋਕਾਂ ਨੇ ਆਪਣੇ ਮੁਕਾਮ ਨੂੰ ਹਾਸਲ ਕਰਨ ਲਈ ਨੌਜਵਾਨਾਂ ਦੇ ਸਿਰਲੱਥ ਸਿਰੜੇ ਨੂੰ ਆਪਣੇ ਲਈ ਵਰਤਿਆ ਹੈ ਅਤੇ ਨਸ਼ੇ ਦੇ ਦਰਿਆ ਵਿਚ ਡੋਬ ਰਹੇ ਹਨ। " (ਚੰਨਦੀਪ ਸਿੰਘ 'ਬੁਤਾਲਾ, *ਅਜੀਤ ਰੋਜ਼ਾਨਾ ਮਿਤੀ 27.11.2017* 15) "ਅੱਜ ਵੋਟਰਾਂ ਦੇ ਹੱਥ ਤਾਕਤ ਹੈ। ਵੋਟਾਂ ਰਾਹੀਂ ਚੋਣ ਕਰ ਕੇ ਜੇਤੂ ਉਮੀਦਵਾਰਾਂ ਨੂੰ ਤਾਕਤ ਬਖ਼ਸ਼ ਦਿੱਤੀ ਜਾਂਦੀ ਹੈ। ਅਜਿਹੇ ਸਮੇਂ ਚੋਣ ਲੜ ਰਿਹਾ ਹਰ ਆਸ਼ਾਵਾਨ ਵੋਟਰਾਂ ਦੇ ਦਰ ਉੱਪਰ ਪਹੁੰਚ ਕਰਦਾ ਹੈ। ਹਾਲਾਤ ਮੁਤਾਬਕ ਉਹ ਆਪਣੀ ਬੌਧਿਕ ਚਤੁਰਾਈ ਦੀ ਵਰਤੋਂ ਕਰਦਾ ਹੋਇਆ ਵਾਅਦਿਆਂ-ਇਕਰਾਰਨਾਮਿਆਂ ਦੇ ਢੇਰ ਉਸਾਰੀ ਜਾਂਦਾ ਹੈ। ... ... ਜਦ ਕੁਰਸੀ ਤਕ ਪਹੁੰਚ ਹੋ ਜਾਂਦੀ ਹੈ ਤਾਂ ਸਬੰਧਤ ਨੇਤਾ ਦੀਆਂ ਅੱਖਾਂ ਧਰਤੀ ਦੀ ਥਾਂ ਅਰਸ਼ਾਂ ਵੱਲ ਤਕਦੀਆਂ ਹਨ। ਜਿਹੜੇ ਵੋਟਰ ਕੱਲ੍ਹ ਹੀਰੋ ਸਨ, ਉਹੀ ਅੱਜ ਜ਼ੀਰੋ ਦਿਸਦੇ ਹਨ। " (ਜੁਗਿੰਦਰ ਸਿੰਘ ਫੁੱਲ, *ਪੰਜਾਬੀ ਜਾਗਰਣ ਰੋਜ਼ਾਨਾ ਮਿਤੀ 27.11.2017* 4)

"ਪਰ ਸਭ ਤੋਂ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਪੈਸੇ ਅਤੇ ਬਾਹੂਬਲ ਕਾਰਨ ਚੋਣ ਪ੍ਰਣਾਲੀ ਵਿਚ ਢੇਰ ਸਾਰੀਆਂ ਕਮੀਆਂ ਆ ਗਈਆਂ ਹਨ ਤੇ ਗਵਰਨੈਂਸ ਦੇ ਸਾਰੇ ਪੱਧਰਾਂ 'ਤੇ ਸੱਤਾ ਦੇ ਦਲਾਲ, ਨੌਸਰਬਾਜ਼ ਕਿਸਮ ਦੇ ਲੋਕ ਸ਼ਾਸਕ ਵਰਗ ਦੇ ਕਾਰਕੁੰਨਾਂ ਨਾਲ ਗੰਢਤੁੱਪ ਕਰ ਲੈਂਦੇ ਹਨ। ... ... ਜ਼ਿਆਦਾਤਰ ਨੇਤਾ ਸਿਰਫ ਲੋਕਾਂ ਨੂੰ ਖੁਸ਼ ਕਰਨ ਲਈ ਬਹੁਤ ਸ਼ਬਦੀ ਜਾਦੂਗਰੀ ਦਿਖਾਉਂਦੇ ਹਨ ਅਤੇ ਫੜ੍ਹਾਂ ਮਾਰਦੇ ਹਨ ਪਰ ਵਿਵਸਥਾ ਨੂੰ ਸੁਧਾਰਨ ਅਤੇ ਗਰੀਬਾਂ ਨੂੰ ਸਮਾਜਿਕ ਤੇ ਆਰਥਿਕ ਨਿਆਂ ਦਿਵਾਉਣ ਦੀ ਜ਼ਰਾ ਜਿੰਨੀ ਵੀ ਚਿੰਤਾ ਤੇ ਕੋਸ਼ਿਸ਼ ਨਹੀਂ ਕਰਦੇ। " (ਹਰੀ ਜੈ ਸਿੰਘ, *ਜਗ ਬਾਣੀ ਰੋਜ਼ਾਨਾ ਮਿਤੀ 28.10.2017* 6) "ਪੁਲਿਸ ਦਾ ਰਵਈਆ ਹਮੇਸ਼ਾ ਆਮ ਲੋਕਾਂ ਨਾਲ ਠੀਕ ਨਹੀਂ ਰਿਹਾ ਹੈ। " (ਜੋਗਿੰਦਰ ਭਾਟੀਆ, *ਪੰਜਾਬੀ ਜਾਗਰਣ ਰੋਜ਼ਾਨਾ 29.11.2017* 6)

"ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਦੇਸ਼ ਦੀ ਰਾਜਨੀਤੀ 'ਚ ਗਿਰਾਵਟ ਆਉਣੀ ਸ਼ੁਰੂ ਹੋ ਗਈ। ਦੇਸ਼ ਦੀ ਰਹਿਨੁਮਾਈ ਕਰਨ ਵਾਲੇ ਬਹੁਤੇ ਰਾਜ ਨੇਤਾਵਾਂ ਨੇ ਆਪਣੇ ਆਪ ਨੂੰ ਅਗਾਂਹ ਲਿਆਉਣ ਲਈ ਅਮੀਰੀ-ਗਰੀਬੀ, ਜਾਤ-ਪਾਤ, ਊਚ-ਨੀਚ ਨੂੰ ਦੂਰ ਕਰਨ ਦੀ ਬਜਾਏ, ਉਸ ਨੂੰ ਹੋਰ ਉਛਾਲਿਆ, ਜਿਸ ਨਾਲ ਭਾਰਤ ਦੀ ਰਾਜਨੀਤੀ 'ਚ ਭ੍ਰਿਸ਼ਟਾਚਾਰ, ਸਰਕਾਰੀ ਦਫਤਰਾਂ 'ਚ ਰਿਸ਼ਵਤਖੋਰੀ ਅਤੇ ਵਪਾਰੀ ਵਰਗ 'ਚ ਬੇਈਮਾਨੀ ਦਾ ਅਜਿਹਾ ਦੌਰ ਚੱਲਿਆ, ਜੋ ਅਖੀਰ ਸਾਡੇ ਖੂਨ 'ਚ ਸਮਾ ਗਿਆ ਅਤੇ ਫੇਰ ਇਥੋਂ ਦੇ ਲੋਕਾਂ ਦਾ

ਟੀਚਾ ਸਿਰਫ ਪੈਸਾ ਇਕੱਠਾ ਕਰਨਾ ਹੀ ਰਹਿ ਗਿਆ। "[60] (ਅਸ਼ੋਕ ਕੁਮਾਰ ਸ਼ਿੰਗਾਰੀ, *ਜਗ ਬਾਣੀ ਰੋਜ਼ਾਨਾ ਮਿਤੀ 27.11.2017* 6)

## 4.4 ਯੁੱਧਾਂ ਤੇ ਹਥਿਆਰਾਂ ਸਬੰਧੀ ਚਰਚਾ

ਜਿਵੇਂ ਕਿ ਪਿੱਛੇ ਜ਼ਿਕਰ ਆ ਚੁੱਕਾ ਹੈ ਰਾਜੇ ਜੰਗਾਂ-ਯੁੱਧਾਂ ਵਿਚ ਭਾਗ ਲੈਂਦੇ ਸਨ। ਇਨ੍ਹਾਂ ਯੁੱਧਾਂ ਵਿਚ ਤਲਵਾਰ ਅਤੇ ਹੋਰ ਯੁੱਧ-ਸਮੱਗਰੀ ਨਾਲ ਵਿਰੋਧੀ ਧਿਰ ਦਾ ਮੁਕਾਬਲਾ ਕੀਤਾ ਜਾਂਦਾ ਸੀ ਤੇ ਇੱਕ-ਦੂਜੇ ਦੇ ਸਿਰ ਲਾਹੇ ਜਾਂਦੇ ਸਨ ਭਾਵ ਅੰਤ ਕੀਤਾ ਜਾਂਦਾ ਸੀ। ਜਿਹੜਾ ਪੱਖ ਭਾਰੀ ਰਹਿੰਦਾ ਸੀ ਉਸਨੂੰ ਫ਼ਤਿਹ (ਜਿੱਤ) ਮਿਲਦੀ ਸੀ। ਗੁਰਬਾਣੀ ਵਿਚ ਸੰਸਾਰਕ ਲੜਾਈਆਂ ਦੇ ਸਨਮੁਖ ਮਨ ਨਾਲ ਲੜਾਈ ਜਾਂ ਵਿਕਾਰਾਂ ਨਾਲ ਲੜਾਈ ਦਾ ਜ਼ਿਕਰ ਹੈ। ਢੰਗ (ਰਣਨੀਤੀ) ਸੰਸਾਰਕ ਲੜਾਈਆਂ ਵਾਲੀ ਹੈ ਜਿਸ ਤੋਂ ਤਤਕਾਲੀ ਯੁੱਧਾਂ ਦੇ ਢੰਗ ਬਾਰੇ ਅਤੇ ਹਥਿਆਰਾਂ ਬਾਰੇ ਯਥਾਯੋਗ ਸਮੱਗਰੀ ਪ੍ਰਾਪਤ ਹੋ ਜਾਂਦੀ ਹੈ। ਜੰਗਾਂ ਵੇਲ਼ੇ ਜ਼ਰਹ ਬਕਤਰ ਪਹਿਨੇ ਜਾਂਦੇ ਸਨ ਤਾਂ ਜੋ ਚੋਟ ਤੋਂ ਬਚਾਅ ਹੋ ਸਕੇ। ਉਦੇਸ਼ ਵੈਰੀ ਨੂੰ ਯੁੱਧ ਦੇ ਮੈਦਾਨ ਵਿੱਚੋਂ (ਹਰਾ ਕੇ) ਭਜਾਉਣਾ ਹੁੰਦਾ ਸੀ। ਜਦੋਂ ਵੈਰੀ ਭੱਜ ਜਾਵੇ ਤਾਂ ਉਸਦੇ (ਉਸ ਸਮੇਂ) ਹਾਰ ਜਾਣ ਦਾ ਸਬੂਤ ਹੋ ਜਾਂਦਾ ਸੀ। ਕਈ ਸੂਰਮੇ, ਰਣ ਵਿਚ ਬਹਾਦਰੀ ਦੇ ਕਰਤੱਵ ਦਿਖਾਉਂਦੇ ਹੋਏ, ਵੈਰੀ ਦੇ ਸਨਮੁਖ ਹੁੰਦੇ ਹੋਏ ਪ੍ਰਾਣ ਤਿਆਗਦੇ ਸਨ। ਇਸ ਤਰ੍ਹਾਂ ਉਹ ਮਹਾਨ ਸੂਰਮਿਆਂ ਦੀ ਗਿਣਤੀ ਵਿਚ ਸ਼ੁਮਾਰ ਹੁੰਦੇ ਸਨ:

ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 145)

ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 590)

ਫਤਿਹ ਭਈ ਮਨਿ ਜੀਤ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 258)

ਸਤਿਗੁਰੂ ਕਾ ਖੜਗੁ [61]ਸੰਜੋਉ ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ॥

(ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 312)

ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

ਨ ਭੀਜੈ ਭੇੜਿ ਮਰਹਿ ਭਿੜਿ ਸੂਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1237)

ਸੂਰਮੇ ਅਤੇ ਵੀਰ ਪੁਰਸ਼ਾਂ ਦੀ ਸਮਾਜ ਵਿਚ ਚੰਗੀ ਪੁੱਛ-ਗਿੱਛ ਹੁੰਦੀ ਸੀ। ਇਸੇ ਕਰਕੇ ਹੀ ਹੇਠ ਲਿਖੀ ਪੰਕਤੀ ਵਿਚ ਉੱਚ ਆਤਮਿਕ ਪਦਵੀ ਦੇ ਅਧਿਕਾਰੀ ਨੂੰ ਸੂਰਮੇ ਨਾਲ ਤੁਲਨਾਇਆ ਗਿਆ ਹੈ। ਯੁੱਧ ਦੇ ਮੈਦਾਨ ਨੂੰ ਤੱਕ ਕੇ ਸੂਰਮਿਆਂ ਦੇ ਅੰਦਰ ਯੁੱਧ ਦਾ ਚਾਅ ਠਾਠਾਂ ਮਾਰਨ ਲੱਗਦਾ ਸੀ, ਉਹ ਲੋਚਦੇ ਸਨ ਕਿ ਕਿਸ ਘੜੀ ਉਹ ਰਣ ਖੇਤਰ ਵਿਚ ਉੱਤਰ ਕੇ ਆਪਣੀ ਕਲਾ ਦੇ ਜੌਹਰ ਦਿਖਾ ਸਕਣ। ਅਜਿਹੇ ਸੂਰਮੇ ਰਣ ਦੇ ਮੈਦਾਨ ਵਿਚ ਇੱਕ ਵਾਰ ਉੱਤਰ ਕੇ ਵਾਪਸ ਮੁੜਨ (ਦੌੜਨ) ਦੀ ਕਦੇ ਸੋਚ ਵੀ ਨਹੀਂ ਸਨ ਰੱਖਦੇ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ਕਿ ਇਹ ਪ੍ਰਬਲ ਭਾਵਨਾ ਪਰਮਾਤਮਾ ਦੀ ਦਾਤ ਹੀ ਹੈ ਜਿਸ ਸਦਕਾ ਮਨੁੱਖ ਦੇ ਅੰਦਰ (ਸੱਚ ਲਈ) ਜੂਝਣ ਦਾ ਚਾਅ ਪੈਦਾ ਹੁੰਦਾ ਹੈ। ਰਣ ਤੱਤੇ ਵਿਚ ਦਮਾਮੇ ਵੱਜਦੇ ਸਨ, ਨਿਸ਼ਾਨੇ ਲਾ ਕੇ ਵਾਰ ਕੀਤੇ ਜਾਂਦੇ ਸਨ ਅਤੇ ਜੂਝਣ ਲਈ, ਸੂਰਮੇ, ਮੈਦਾਨ ਆ ਮੱਲਦੇ ਸਨ। ਰਣ ਤੱਤੇ ਵਿਚ ਜੂਝਦੇ ਹੋਏ ਉਹ ਆਪਣਾ ਅੰਗ-ਅੰਗ ਕਟਵਾ ਲੈਂਦੇ ਸਨ ਅਥਵਾ ਵੈਰੀ ਦੀਆਂ ਧਜੀਆਂ ਉਡਾ ਦਿੰਦੇ ਸਨ। ਤੀਰ ਚਲਾਏ ਜਾਂਦੇ ਸਨ ਅਤੇ ਵੈਰੀਆਂ ਦੇ ਸੀਨੇ ਵਿਚ (ਨਿਸ਼ਾਨਾ ਲਗਾ ਕੇ) ਛੇਕ ਕੀਤੇ ਜਾਂਦੇ

ਸਨ। ਇਹ ਪੰਕਤੀ ਤਤਕਾਲੀ ਦੌਰ ਵਿਚ ਪੱਕੇ ਨਿਸ਼ਾਨਚੀਆਂ ਦੀ ਹੋਂਦ ਵੱਲ ਵੀ ਸੰਕੇਤ ਕਰਦੀ ਹੈ। ਨੇਜ਼ਾ ਉਸ ਕਾਲ ਦਾ (ਯੁੱਧ ਵਿਚ ਕੰਮ ਆਉਣ ਵਾਲਾ) ਇੱਕ ਹੋਰ ਹਥਿਆਰ ਸੀ। ਨੇਜ਼ੇ ਦੀ ਚੋਟ ਵਿਰੋਧੀ ਦੇ ਪ੍ਰਾਣ ਤਤਕਾਲ (ਤੁਰੰਤ) ਹਰ ਲੈਂਦੀ ਸੀ। ਗੁਰੂ ਸਾਹਿਬ ਆਖਦੇ ਹਨ ਕਿ ਉਨ੍ਹਾਂ ਮਨੁੱਖਾਂ ਨੂੰ ਸੂਰਮੇ ਨਹੀਂ ਕਿਹਾ ਜਾ ਸਕਦਾ, ਜਿਹੜੇ ਆਪਣੀ ਤਾਕਤ (ਸਿਖਲਾਈ) ਦੇ ਹੰਕਾਰ ਵਿਚ ਗ੍ਰਸਤ ਰਹਿਣ। ਅਸਲੀ ਸੂਰਮੇ ਤਾਂ ਉਹ ਮਨੁੱਖ ਹਨ, ਜਿਹੜੇ ਸੱਚ ਦੀ ਖ਼ਾਤਰ ਜੂਝਦੇ ਹਨ (ਅਜਿਹਾ ਕਰਦਿਆਂ ਮਨ ਵਿਚ ਹੰਕਾਰ ਭਾਵ ਵੀ ਉਤਪੰਨ ਨਹੀਂ ਹੁੰਦਾ)। ਉਹ ਤਾਂ ਆਪਣੇ ਟੀਚੇ ਦੀ ਪ੍ਰਾਪਤੀਲਈ ਅੰਗ-ਅੰਗ ਕਟਵਾ ਲੈਂਦੇ ਹਨ ਪਰ ਪਿੱਛਾ ਮੁੜ ਕੇ ਨਹੀਂ ਦੇਖਦੇ ਤੇ ਅੰਤ ਜਿੱਤ ਪ੍ਰਾਪਤ ਕਰਦੇ ਹਨ। ਅਜਿਹੇ ਸੂਰਮੇ ਫਿਰ ਸੱਚੀ ਵਡਿਆਈ ਹਾਸਲ ਕਰਦੇ ਹਨ:

ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 929)

ਰਣਿ ਦੇਖਿ ਸੂਰੇ ਚਿਤ ਉਲਾਸ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1180)

ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 342)

ਅਤਿ ਸੂਰਾ ਜੇ ਕੋਊ ਕਹਾਵੈ॥
ਪ੍ਰਭ ਕੀ ਕਲਾ ਬਿਨਾ ਕਹ ਧਾਵੈ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 282)

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤ ਜੁ [62]ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1105)
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1105)
ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ॥
ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1372)
ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਲੇਜੇ ਛੇਕੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)
ਕਬੀਰ ਚੋਟ ਸੁਹੇਲੀ [63]ਸੇਲ ਕੀ ਲਾਗਤ ਲੇਇ [64]ਉਸਾਸ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1374)
ਸੂਰੇ ਇਹ ਨ ਆਖੀਅਹਿ ਅਹੰਕਾਰਿ ਮਰਹਿ ਦੁਖ ਪਾਵਹਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1089)

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1105)
ਸੂਰੇ ਸੇਈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 580)

ਫੌਜ ਦੀ ਵੱਡੀ ਗਿਣਤੀ ਵਿਚ ਪੈਦਲ ਅਤੇ ਘੋੜਸਵਾਰ ਵੀ ਹੁੰਦੇ ਸਨ ਅਤੇ ਫ਼ੌਜੀ ਰਸਾਲੇ ਵੀ ਹੁੰਦੇ ਸਨ। :

ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ [65]ਪਾਤਿਸਾਹ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1287)

ਹੇਠ ਲਿਖੀਆਂ ਪੰਕਤੀਆਂ ਵਿਚ ਦੁਸ਼ਮਣ ਉੱਪਰ ਧਾਵਾ ਬੋਲਣ ਅਤੇ ਜਿੱਤ ਪ੍ਰਾਪਤ ਕਰਨ ਦਾ ਪੂਰਾ ਨਕਸ਼ਾ ਦਿੱਤਾ ਗਿਆ ਹੈ। ਇਹ ਅਧਿਆਤਮਿਕ ਲੜਾਈ ਦਾ ਚਿੱਤਰ ਹੈ ਜਿਸ ਵਿਚ ਪੰਜ ਵੈਰੀਆਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਉੱਪਰ ਜਿੱਤ ਦੀ ਪ੍ਰਾਪਤੀ ਦਾ ਉਲੇਖ ਹੈ। ਗੁਰੂ ਸਾਹਿਬ ਮਨੁੱਖ ਨੂੰ ਆਤਮ-ਵਿਜੇਤਾ ਬਣਾਉਣਾ ਚਾਹੁੰਦੇ ਹਨ। ਇੱਥੇ ਯੁੱਧ ਦੀ ਤਿਆਰੀ, ਢੰਗ ਅਤੇ ਯੁੱਧ ਦਾ ਸੰਚਾਲਨ, ਦੁਨਿਆਵੀ ਯੁੱਧ ਦੇ ਅਰਥਾਂ ਵਿਚ ਹੀ ਹੈ। ਇਸ ਨਕਸ਼ੇ ਤੋਂ ਤਤਕਾਲੀ ਯੁੱਧ ਦੇ ਵਿਭਿੰਨ ਲੱਛਣ ਮਿਲ ਜਾਂਦੇ ਹਨ। ਯੁੱਧ ਦੀ ਤਿਆਰੀ ਵਜੋਂ ਸੈਨਾ ਦਾ ਇਕੱਠ ਕੀਤਾ ਜਾਂਦਾ ਸੀ ਅਤੇ ਵੱਡੇ ਸੂਰਮੇ ਅਗਵਾਈ ਕਰਦੇ ਸਨ। ਉਹ ਜ਼ਰਹ ਬਕਤਰ (ਸੰਜੋਅ) ਪਹਿਨਦੇ ਸਨ ਅਤੇ ਸ਼ਸਤਰਾਂ ਨਾਲ ਲੈਸ ਹੁੰਦੇ ਸਨ। ਉਹ ਢਾਲ ਆਦਿ ਦੀ ਵਰਤੋਂ ਕਰ ਕੇ ਆਪਣੀ ਰੱਖਿਆ ਦਾ ਪ੍ਰਬੰਧ ਵੀ ਕਰ ਲੈਂਦੇ ਸਨ। ਤਦ ਸਾਰੀ ਸੈਨਾ ਹਾਥੀਆਂ, ਰੱਥਾਂ ਅਤੇ ਘੋੜਿਆਂ ਆਦਿ 'ਤੇ ਅਸਵਾਰ ਹੋ ਕੇ ਯੁੱਧ ਲਈ ਤੁਰ ਪੈਂਦੀ ਸੀ। ਜਦੋਂ ਉਹ ਹੌਸਲੇ, ਨਿਡਰਤਾ ਅਤੇ ਦ੍ਰਿੜ੍ਹਤਾ ਨਾਲ ਧਾਵਾ ਬੋਲਦੇ ਸਨ ਤਾਂ ਵੈਰੀ 'ਤੇ ਜਿੱਤ ਪ੍ਰਾਪਤ ਕਰ ਲੈਂਦੇ ਸਨ। ਪੰਜ ਮਹਾਂ-ਵਿਕਾਰਾਂ ਉੱਪਰ ਜਿੱਤ ਪ੍ਰਾਪਤ ਕਰਨ ਲਈ ਵੀ ਚੰਗੇ ਗੁਣਾਂ, ਦ੍ਰਿੜ੍ਹਤਾ ਅਤੇ ਹੌਸਲੇ ਦੀ ਜ਼ਰੂਰਤ ਹੁੰਦੀ ਹੈ:

ਸੈਨਾ ਸਾਧ ਸਮੂਹ ਸੂਰ ਅਜਿਤੰ [66]ਸੰਨਾਹੰ ਤਨਿ ਨਿੰਮ੍ਰਤਾਹ॥
ਆਵਧਹ[67] ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ॥
ਆਰੂੜਤੇ ਅਸਵ ਰਥ [68]ਨਾਗਹ ਬੁਝੰਤੇ ਪ੍ਰਭ ਮਾਰਗਹ॥
ਬਿਚਰਤੇ ਨਿਰਭਯੰ ਸਤ੍ਰ ਸੈਨਾ [69]ਧਾਯੰਤੇ ਗੋੁਪਾਲ ਕੀਰਤਨਹ॥
ਜਿਤਤੇ ਬਿਸ੍ਵ ਸੰਸਾਰਹ[70] ਵਸੰ੍ ਕਰੋਤਿ ਪੰਚ ਤਸਕਰਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1356)

ਸੂਰਮੇ ਦੀ ਪਛਾਣ ਦਾ ਅਹਿਮ ਚਿੰਨ੍ਹ ਸ਼ਸਤਰ ਹੁੰਦਾ ਸੀ। ਹੇਠ ਲਿਖੀ ਪੰਕਤੀ ਵਿਚ ਜ਼ਿਕਰ ਹੈ ਕਿ ਭਗਤੀ ਤੋਂ ਬਿਨਾ ਪ੍ਰਭੂ ਦਾ ਭਗਤ ਇਸ ਤਰ੍ਹਾਂ ਹੁੰਦਾ ਹੈ, ਜਿਵੇਂ ਸ਼ਸਤਰ ਤੋਂ ਬਿਨਾ ਸੂਰਮਾ। ਇਸ ਪੰਕਤੀ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸ਼ਸਤਰ ਸੂਰਮੇ ਦਾ ਅਤਿ ਅਹਿਮ ਪਛਾਣ-ਚਿੰਨ੍ਹ ਹੁੰਦਾ ਸੀ:

ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸ੍ਨਵਹ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1359)

**ਅਜੋਕੀ ਸਥਿਤੀ:** ਉੱਪਰ ਵਰਣਿਤ ਜੰਗਾਂ-ਯੁੱਧਾਂ ਦਾ ਵਰਣਨ ਦੂਜੇ ਰਾਜਿਆਂ ਦੇ ਰਾਜ ਨੂੰ ਹਥਿਆਉਣ ਲਈ ਕੀਤੇ ਜਾਂਦੇ ਯੁੱਧਾਂ ਨਾਲ ਸਬੰਧਤ ਹੈ। ਅਜੋਕੇ ਲੋਕਤੰਤਰੀ ਯੁੱਗ ਵਿਚ ਸੱਤਾ ਹਾਸਲ ਕਰਨ ਲਈ ਵਿਰੋਧੀਆਂ ਨੂੰ ਚਿੱਤ ਕਰਨ ਦੇ ਭਰਪੂਰ ਯਤਨ ਕੀਤੇ ਜਾਂਦੇ ਹਨ। ਇਹ ਰਣ ਤੱਤੇ ਦੀ ਥਾਂ ਮਾਨਸਿਕ ਪੱਧਰ 'ਤੇ ਲੜੇ ਜਾਂਦੇ ਹਨ। ਵਿਰੋਧੀਆਂ ਨੂੰ ਧੂੜ ਚਟਾਉਣ ਲਈ ਕਈ ਤਰ੍ਹਾਂ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਬਦਨਾਮ ਕਰਕੇ ਖ਼ੁਦ ਸੱਤਾ ਪ੍ਰਾਪਤ ਕਰਨ ਦੇ ਯਤਨ ਕੀਤੇ ਜਾਂਦੇ ਹਨ। ਆਪਣੀ ਪ੍ਰਭੂਸੱਤਾ ਨੂੰ ਖ਼ਤਰਾ ਦੇਖ ਕੇ ਕਈ ਵਾਰ ਦੂਜੇ ਦੇਸ਼ਾਂ ਨਾਲ ਵੀ ਲੜਾਈ ਕਰਨ ਦੀ ਨੌਬਤ ਵੀਆ ਜਾਂਦੀ ਹੈ। "ਜੰਗਾਂ, ਜੁਧਾਂ, ਹਮਲਿਆਂ, ਲੁਟਾਂ ਆਦਿ ਦਾ ਫਲ ਸਰੂਪ ਇਹ ਹੈ ਕਿ ਇਹ (ਪੰਜਾਬੀ) ਆਪਣੇ ਸਰੀਰ ਨੂੰ ਸ਼ਕਤੀ ਵਾਨ ਅਤੇ ਬਲਵਾਨ ਬਣਾਈ ਰਖਣ ਲਈ ਕਸਰਤਾਂ ਦੇ ਸ਼ੌਕੀਨ ਹਨ। " (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 146)

"ਸਾਰਾ ਸੰਸਾਰ ਆਚੰਭਤ ਰਹਿ ਗਿਆ ਸੀ ਕਿ ਸੁਖੀ ਰਹਿਣਾ ਤੇ ਮੌਜੀ ਦਿਸਦਾ ਪੰਜਾਬੀ ਜੋ ਸੋਹਣੇ ਤੋਂ ਸੋਹਣੇ ਕੱਪੜੇ ਪਾਉਣ, ਚੰਗੀਆਂ ਕੋਠੀਆਂ ਵਿਚ ਰਹਿਣ, ਸ਼ਹਿਰ ਵਸਾਉਣ, ਇੰਜੀਨੀਅਰ, ਡਾਕਟਰ ਅਤੇ ਪ੍ਰੋਫ਼ੈਸਰ ਆਦਿ ਬਣਿਆ ਦਿਸਏ ਸੀ ਕਿਵੇਂ ਚੀਨ

ਨਾਲ 1962 ਵਿਚ ਹੋਏ ਜੰਗ ਅਤੇ 1965 ਵਿਚ ਪਾਕਿਸਤਾਨ ਨਾਲ ਹੋਈ ਝੜਪ ਵਿਚ ਇਕ ਦਮ ਸੂਰਬੀਰ ਪੰਜਾਬੀ ਸਿੱਧ ਹੋਇਆ। ਇਹੀ ਸੰਸਕ੍ਰਿਤੀ ਜਾਂ ਕਲਚਰ ਦੀ ਕਰਾਮਾਤ ਇਤਿਹਾਸਕ ਵਿਰਸੇ ਦਾ ਕ੍ਰਿਸ਼ਮਾ ਹੈ ਅਤੇ ਇਹੀ ਸਭਿਆਚਾਰ ਦਾ ਮੂਲ ਹੈ। "[71] (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 152)

"ਪੰਜਾਬ ਵਿਚ ਸੂਰਬੀਰ ਸ਼ਸਤ੍ਰ ਭੀ ਕਈ ਪ੍ਰਕਾਰ ਦੇ ਵਰਤਦੇ ਹਨ ਅਤੇ ਸ਼ਸਤ੍ਰਾਂ ਨੂੰ ਪਿਆਰ ਭੀ ਬਹੁਤ ਕਰਦੇ ਹਨ। ਪੁਰਾਤਨ ਸਮੇਂ ਵਿਚ ਤਲਵਾਰ, ਤੀਰ, ਨੇਜ਼ਾ, ਬਰਛਾ, ਭਾਲਾ, ਪੰਜਾਬ ਵਿਚ ਬਹੁਤ ਪ੍ਰਚੁਲਤ ਰਹੇ ਹਨ... ... ਅੰਗਰੇਜ਼ਾਂ ਦੇ ਰਾਜ ਵਿਚ ਮਸ਼ੀਨ-ਗੰਨਾਂ, ਕਈ ਤਰ੍ਹਾਂ ਦੀਆਂ ਤੋਪਾਂ, ਸਟੇਨਗੰਨਾਂ, ਰਾਈਫਲਾਂ, ਐਂਟੀ ਏਅਰ ਗੰਨਾਂ ਆਦਿ ਕਈ ਪ੍ਰਕਾਰ ਦੇ ਮਾਰੂ ਸ਼ਸਤ੍ਰ ਆ ਗਏ ਹਨ। ਮਾਣ ਵਾਲੀ ਗਲ ਤਾਂ ਇਹ ਹੈ ਸਭ ਪ੍ਰਕਾਰ ਦੇ ਸ਼ਸਤ੍ਰ ਵਰਤਣ ਵਿਚ ਪੰਜਾਬੀ ਮਾਹਿਰ ਹਨ। ਇਸ ਤਰ੍ਹਾਂ ਸੂਰਬੀਰਤਾ ਦੇ ਵਿਰਸੇ ਨੂੰ ਇਨ੍ਹਾਂ ਨੇ ਹੁਣ ਤਕ ਸਾਂਭਿਆ ਹੋਇਆ ਹੈ। ਇਥੇ ਕਿਸੇ ਨੂੰ ਮਾਣ ਦੇਣਾ ਹੋਵੇ, ਭਾਵੇਂ ਉਹ ਸਨਮਾਨ, ਰਾਗ, ਕਵਿਤਾ ਜਾਂ ਕਿਸੇ ਕੋਮਲ ਕਲਾ ਲਈ ਹੀ ਹੋਵੇ, ਅਜੇ ਤਕ ਤਲਵਾਰ ਹੀ ਭੇਟ ਕੀਤੀ ਜਾਂਦੀ ਹੈ। "[72] (ਅਮੋਲ, *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ* 157)

## 4.5 ਖੇਤਰੀ ਸੁਰੱਖਿਆ

"ਖਤ੍ਰੀ ਸਬਦੰ ਸੂਰ ਸਬਦੰ" (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 469) ਅਨੁਸਾਰ ਪਰੰਪਰਿਕ ਤੌਰ 'ਤੇ, ਖੱਤਰੀਆਂ ਦਾ ਮਾਰਗ ਸੂਰਬੀਰਤਾ ਵਾਲਾ ਮਾਰਗ ਮੰਨਿਆ ਜਾਂਦਾ ਰਿਹਾ ਹੈ। "ਸਿੱਖ ਧਰਮ ਤੋਂ ਪਹਿਲਾਂ ਸਮਾਜ ਦੇ ਕੁਝ ਲੋਕਾਂ ਦੇ ਅਧਿਕਾਰ ਬਹੁਤ ਜ਼ਿਆਦਾ ਸਨ ਅਤੇ ਕੇਵਲ ਇੰਨ੍ਹਾ ਹੀ ਨਹੀਂ ਉਹ ਕਾਫੀ ਹੱਦ ਤਕ ਸੁਰੱਖਿਅਤ ਵੀ ਸਨ। ਪਵਿੱਤਰਤਾ, ਵਿਦਿਆ ਪ੍ਰਾਪਤੀ ਅਤੇ ਗਿਆਨ ਦੇ ਪਸਾਰ ਦਾ ਅਧਿਕਾਰ ਇਕ ਜ਼ਾਤ ਵਿਸ਼ੇਸ ਅਧਿਕਾਰ ਦੇ ਨਾਂ ਤੇ ਕੁਝ ਹੋਰ ਜਾਤਾਂ ਦੇ ਮੱਥੇ ਮੜਿਆ ਹੋਇਆ ਸੀ। ਸਿੱਖ ਧਰਮ ਅਜਿਹੇ ਵਿਤਕਰੇ ਦੇ ਖਿਲਾਫ ਦ੍ਰਿੜ੍ਹਤਾ ਪੂਰਬਕ ਖੜਾ ਹੋਇਆ... ... ਆਪਣੇ ਸਲੋਕਾਂ ਵਿਚੋਂ ਇਕ ਸਲੋਕ ਵਿਚ ਗੁਰੂ ਅੰਗਦ ਦੇਵ ਜੀ ਜ਼ੋਰਦਾਰ ਤਰੀਕੇ ਨਾਲ ਕਹਿੰਦੇ ਹਨ... ... ...

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥

ਅਰਥਾਤ ਵਿਦਿਆ ਅਤੇ ਗਿਆਨ ਉਪਾਰਜਨ ਕਰਨਾ ਜੋਗੀਆਂ ਦਾ ਮਾਰਗ ਮੰਨਿਆ ਜਾਂਦਾ ਹੈ, ਵੇਦਾਂ ਦਾ ਪਾਠ ਕਰਨਾ ਬ੍ਰਾਹਮਣਾਂ ਦਾ ਮਾਰਗ ਮੰਨਿਆ ਜਾਂਦਾ ਹੈ, ਖਤਰੀਆਂ ਦਾ ਜੀਵਨ ਮਾਰਗ ਸੂਰਬੀਰਤਾ ਦਾ ਮਾਰਗ ਮੰਨਿਆ ਜਾਂਦਾ ਹੈ ਅਤੇ ਪਰਾਈ ਕਿਰਤ ਕਰਨਾ ਸਮਾਜਿਕ ਧਾਰਮਿਕ ਆਗੂਆਂ ਵਲੋਂ ਸ਼ੂਦਰਾਂ ਦਾ ਮਾਰਗ ਮੰਨਿਆ ਗਿਆ ਹੈ। ਉਪਰੋਕਤ ਪੰਕਤੀਆਂ ਵਿਚੋਂ ਅਖ਼ੀਰਲੀਆਂ ਦੋ ਪੰਕਤੀਆਂ ਵਿਚ ਗੁਰੂ ਅੰਗਦ ਦੇਵ ਜੀ ਸਪਸ਼ਟ ਤੌਰ ਤੇ ਕਹਿੰਦੇ ਹਨ ਕਿ ਗੁਰੂ ਤਾਂ ਉਸ ਦਾ ਦਾਸ ਬਣ ਸਕਦਾ ਹੈ ਜਿਹੜਾ ਵਿਅਕਤੀ ਸਮਾਜ ਦੇ ਇਹਨਾਂ ਬਣਾਏ ਹੋਏ ਵਿਤਕਰਿਆਂ ਨੂੰ ਨਾ ਮੰਨ ਕੇ ਚਲਦਾ ਹੈ। ਹਰ ਇੱਕ ਨੂੰ ਹਰ ਪ੍ਰਕਾਰ ਦਾ ਕੰਮ ਕਰਨ ਲਈ ਆਖਿਆ ਗਿਆ ਹੈ। ਇਹ ਕੰਮ ਭਾਵੇਂ ਸਰੀਰਕ ਸੇਵਾ ਹੋਵੇ, ਅਕਾਦਮਿਕ ਹੋਵੇ, ਸੂਰਬੀਰਤਾ ਨਾਲ ਸਬੰਧਿਤ ਹੋਵੇ ਅਤੇ ਭਾਵੇਂ ਲੈਣ-ਦੇਣ ਵਪਾਰ ਲਈ ਦੂਜਿਆਂ ਨਾਲ ਗੱਲਬਾਤ ਕਰਨ ਦੀ ਹੋਵੇ। ਵਿਅਕਤੀ ਦੀ ਪਹਿਚਾਣ ਉਸ ਦਾ ਵਰਣ ਜਾਂ ਜਾਤ ਨੂੰ

ਨਹੀਂ ਮੰਨਿਆ ਜਾਣਾ ਚਾਹੀਦਾ। " (*ਨਾਨਕ ਪ੍ਰਕਾਸ਼ ਪਤ੍ਰਿਕਾ ਜੂਨ 2003* 2) ਤਤਕਾਲੀ ਦੌਰ ਵਿਚ ਖੱਤਰੀ ਵਰਗ ਦੇ ਲੋਕ ਸੱਤਾਧਾਰੀਆਂ ਦੇ ਮੁਨਸ਼ੀ ਹੋਇਆ ਕਰਦੇ ਸਨ:

ਮਾਣਸ ਖਾਣੇ ਕਰਹਿ ਨਿਵਾਜ॥

ਛੁਰੀ ਵਗਾਇਨਿ ਤਿਨ ਗਲਿ ਤਾਗ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਉਪਰੋਕਤ ਦੂਜੀ ਪੰਕਤੀ ਦੀ ਵਿਆਖਿਆ ਵਿਚ ਪ੍ਰੋ. ਸਾਹਿਬ ਸਿੰਘ 'ਗੁਰੂ ਗ੍ਰੰਥ ਸਾਹਿਬ ਦਰਪਣ' ਵਿਚ ਲਿਖਦੇ ਹਨ, "......ਇਹਨਾਂ ਹਾਕਮਾਂ ਦੇ ਅੱਗੇ ਮੁਨਸ਼ੀ ਖੱਤ੍ਰੀ ਹਨ। " (ਪੰਨਾ 1884) ਡਾ. ਤਾਰਨ ਸਿੰਘ ਦੇ ਸ਼ਬਦਾਂ ਵਿਚ, "ਖਤ੍ਰੀ ਆਮ ਕਰਕੇ ਮੁਸਲਮਾਨੀ ਹਕੂਮਤ ਵਿਚ ਮੁਨਸ਼ੀ-ਮੁਸ਼ਦੀ ਸਨ। ਕੁਝ ਉਚੇਰੇ ਅਹੁਦਿਆਂ ਤੇ ਵੀ ਸਨ। " (*ਗੁਰੂ ਅੰਗਦ ਦੇਵ ਜੀ* 19) ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਅਸਲੀ ਖੱਤਰੀ (ਸੂਰਮਾ) ਉਹ ਹੈ ਜਿਸਦੇ ਕਰਮ ਉੱਚੇ-ਸੁੱਚੇ ਹੋਣ ਭਾਵ ਉਹ ਗੁਣਾਂ ਦਾ ਧਾਰਨੀ ਹੋਵੇ, ਉਸ ਅੰਦਰ ਦੇਸ਼-ਭਗਤੀ ਦਾ ਜਜ਼ਬਾ ਹੋਵੇ। ਜਿਸ ਅੰਦਰ ਇਹ ਗੁਣ ਹੋਣ, ਉਹ ਫਿਰ ਭਾਵੇਂ ਕਿਸੇ ਵੀ ਜਾਤ ਨਾਲ ਸਬੰਧ ਕਿਉਂ ਨਾ ਰੱਖਦਾ ਹੋਵੇ, ਉਹ ਖੱਤਰੀ ਹੈ:

ਖਤ੍ਰੀ ਸੋ ਜੁ ਕਰਮਾ ਕਾ ਸੂਰੁ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1411)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵਿਭਿੰਨ ਵਰਗਾਂ ਨਾਲ ਸਬੰਧਤ ਲੋਕ ਵੱਖ-ਵੱਖ ਸਰਕਾਰੀ ਅਹੁਦਿਆਂ 'ਤੇ ਤਾਇਨਾਤ ਹਨ। ਹਰੇਕ ਵਰਗ ਨਾਲ ਸਬੰਧਤ ਲੋਕ ਫ਼ੌਜੀ ਅਫ਼ਸਰ ਹਨ।

## 4.6 ਰਾਜਿਆਂ ਦੁਆਰਾ ਉਗਰਾਹੁਣ (ਕਰ ਪ੍ਰਣਾਲੀ)

ਤਤਕਾਲੀ ਦੌਰ ਵਿਚ ਮਾਮਲਾ ਉਗਰਾਹੁਣ ਵਾਲੇ ਅਧਿਕਾਰੀ ਨੂੰ [73]ਮੁਕੱਦਮ ਆਖਿਆ ਜਾਂਦਾ ਸੀ। "ਰਾਜੇ ਸੀਹ ਮੁਕਦਮ ਕੁਤੇ॥" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288) ਪੰਕਤੀ ਵਿਚ ਇਸੇ ਅਧਿਕਾਰੀ ਦਾ ਹੀ ਜ਼ਿਕਰ ਹੈ। ਨਾਲ ਦੀ ਨਾਲ ਇਸ ਪਦਵੀ ਦੀ ਅਹਿਮੀਅਤ ਦਾ ਵੀ ਗਿਆਨ ਹੁੰਦਾ ਹੈ ਕਿਉਂਕਿ ਇਸ ਪਦਵੀ ਦਾ ਜ਼ਿਕਰ ਰਾਜੇ ਦੇ ਜ਼ਿਕਰ ਦੇ ਨਾਲ (ਉਸੇ ਪੰਕਤੀ) ਵਿਚ ਹੀ ਆਇਆ ਹੈ। ਰਾਜ-ਪ੍ਰਬੰਧ ਦੁਆਰਾ ਪਰਜਾ ਨੂੰ ਕਈ ਤਰ੍ਹਾਂ ਦੇ ਮਾਮਲੇ (ਕਰ) ਲਗਾਏ ਗਏ ਹੁੰਦੇ ਸਨ ਅਤੇ ਉਨ੍ਹਾਂ ਮਾਮਲਿਆਂ ਨੂੰ ਸਮੇਂ ਸਿਰ ਅਦਾ ਕਰਨ ਵਾਲਾ ਰਾਜ-ਪ੍ਰਬੰਧ ਦੇ ਰੋਹ ਦਾ ਸ਼ਿਕਾਰ ਨਹੀਂ ਸੀ ਹੁੰਦਾ ਭਾਵ ਉਸ ਪ੍ਰਤਿ ਰਾਜ-ਪ੍ਰਬੰਧ ਦਾ ਰਵੱਈਆ ਨਰਮ ਰਹਿੰਦਾ ਸੀ। ਮਾਮਲਾ ਅਦਾ ਨਾ ਕਰਨ ਦੀ ਸੂਰਤ ਵਿਚ ਰਾਜ-ਪ੍ਰਬੰਧ ਨਾਲ ਸਬੰਧ ਸੁਖਾਵੇਂ ਨਹੀਂ ਸਨ ਰਹਿ ਸਕਦੇ। ਦਰਿਆ ਤੋਂ ਪਾਰ ਹੋਣ ਲਈ ਵੀ ਮਸੂਲ (ਕਰ) ਦੇਣਾ ਹੁੰਦਾ ਸੀ:

ਰਾਜਾ ਮੰਗੈ ਦਿਤੈ ਗੰਢੁ ਪਾਇ[74]॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 143)

ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 416)

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 471)

ਜ਼ਕਾਤ ਦਾ ਪ੍ਰਚਲਨ ਵੀ ਸੀ। ਹੇਠ ਲਿਖੀ ਪੰਕਤੀ ਵਿਚ ਜ਼ਕਾਤ ਸ਼ਬਦ ਦਾ ਤਦਭਵ-ਰੂਪ 'ਜਾਗਾਤਿ' ਵਰਤਿਆ ਗਿਆ ਹੈ। "ਆਪਣੇ ਮਾਲ ਵਿੱਚੋਂ ਧਰਮਅਰਥ ਜੋ ਹਿੱਸਾ ਕੱਢਿਆਜਾਂਦਾ ਹੈ ਉਸ ਦਾ ਨਾਮ "ਜ਼ਕਾਤ" ਇਸ ਲਈ ਹੋਗਿਆ ਹੈ ਕਿ ਉਸ ਭਾਗ ਦੇ

ਦੇਣ ਨਾਲ ਧਨ ਮਾਲ ਪਵਿਤ੍ਰ ਹੋਜਾਂਦਾਹੈ. ਕੁਰਾਨ ਵਿਚ ਜ਼ਕਾਤ ਦੇਣਾ ਧਾਰਮਿਕ ਨਿਯਮ ਹੈ." (ਨਾਭਾ, *ਮਹਾਨ ਕੋਸ਼* 500) ਗੁਰੂ ਸਾਹਿਬ ਦਾ ਕਥਨ ਹੈ ਕਿ ਸਤਿਗੁਰੂ ਦੇ ਦਰਸਾਏ ਮਾਰਗ 'ਤੇ ਚੱਲਣ ਵਾਲੇ ਮਨੁੱਖਾਂ ਨੂੰ ਘਾਟਾ ਨਹੀਂ ਪੈਂਦਾ:

ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1411)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਸੱਤਾ-ਪ੍ਰਬੰਧ ਦੁਆਰਾ ਜਨਤਾ ਉੱਪਰ ਆਮਦਨ ਕਰ ਅਤੇ ਹੋਰ ਕਈ ਤਰ੍ਹਾਂ ਦੇ ਟੈਕਸ (ਸੈੱਸ) ਲਗਾਏ ਜਾਂਦੇ ਹਨ।

## 4.7 ਸਰਕਾਰੀ ਕਰਮਾਚਾਰੀ

ਤਤਕਾਲੀ ਰਾਜ ਸੱਤਾ ਵਿਚ ਮੁਲਾਜ਼ਮ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਦੇ ਸਨ। ਇਨ੍ਹਾਂ ਅਹੁਦਿਆਂ ਦਾ ਇੱਕ ਨਾਮ 'ਪਦਵੀ' ਹੋਇਆ ਕਰਦਾ ਸੀ। ਹੇਠ ਲਿਖੀ ਪੰਕਤੀ ਵਿਚ ਗੁਰੂ ਅਮਰਦਾਸ ਜੀ ਗੁਰੂ ਦੀ ਰਜ਼ਾ ਵਿਚ ਰਹਿਣ ਦੀ ਪ੍ਰੇਰਨਾ ਕਰਦੇ ਹੋਏ ਇਹ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਸੰਸਾਰਕ ਪਦਵੀਆਂ ਹਨ, ਗੁਰੂ ਦੇ ਭਾਣੇ ਵਿਚ ਵਿਚਰਨ ਵਾਲੇ ਨੂੰ, ਉੱਚ-ਜੀਵਨ ਰੂਪੀ ਪਦਵੀ ਪ੍ਰਾਪਤ ਹੁੰਦੀ ਹੈ। ਸਮਝਾਉਣ ਲਈ, ਗੁਰੂ ਜੀ ਨੇ, ਦ੍ਰਿਸ਼ਟਾਂਤ ਦੁਨਿਆਵੀ ਸੰਕਲਪ ਦਾ ਲਿਆ ਹੈ ਤਾਂ ਜੋ ਗੱਲ, ਸ੍ਰੋਤੇ ਦੀ ਸਮਝ ਵਿਚ ਸਹਿਜ ਹੀ ਆ ਜਾਵੇ। ਇਸ ਤੋਂ ਨਿਰਣਾ ਹੋ ਜਾਂਦਾ ਹੈ ਕਿ ਤਤਕਾਲੀ ਦੌਰ ਵਿਚ ਸਰਕਾਰੀ ਸੱਤਾ ਅੰਦਰ ਮੁਲਾਜ਼ਮ ਵੱਖ-ਵੱਖ ਪਦਵੀਆਂ 'ਤੇ ਕੰਮ ਕਰਦੇ ਸਨ:

ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 508)

ਇਸ (ਉਕਤ) ਪੰਕਤੀ ਵਿਚ ਗੁਰੂ ਸਾਹਿਬ ਪ੍ਰਭੂ ਦੇ ਸਿਮਰਨ ਸਦਕਾ ਪ੍ਰਾਪਤ ਹੋਣ ਵਾਲੀ 'ਉੱਤਮ ਪਦਵੀ' ਦੀ ਗੱਲ ਕਰਦੇ ਹਨ। ਹੁਣ ਇਹ ਉੱਤਮ ਪਦਵੀ ਕਿਸ ਪਦਵੀ ਦੇ ਨਾਲ ਤੁਲਨਾਈ ਗਈ ਹੈ ਭਾਵ ਕਿਸ ਪਦਵੀ ਦੇ ਸਨਮੁਖ ਇਸਨੂੰ ਉੱਤਮ ਦੱਸਿਆ ਗਿਆ ਹੈ? , ਸਪਸ਼ਟ ਹੈ ਕਿ ਦੁਨਿਆਵੀ ਪਦਵੀਆਂ ਦੇ ਸਨਮੁਖ ਇਸ (ਪ੍ਰਭੂ-ਸਿਮਰਨ ਸਦਕਾ ਪ੍ਰਾਪਤ ਹੋਣ ਵਾਲੀ ਪਦਵੀ) ਨੂੰ ਉੱਤਮ ਦਰਸਾਇਆ ਗਿਆ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਪਦਵੀ ਨੂੰ ਉੱਤਮ ਕਿਉਂ ਦਰਸਾਇਆ ਗਿਆ ਜਦਕਿ ਤਤਕਾਲੀ ਸੱਤਾ ਵਿਚ ਵੀ ਛੋਟੇ ਅਤੇ ਵੱਡੇ ਅਹੁਦਿਆਂ ਤੇ ਅਹੁਦੇਦਾਰ ਆਸੀਨ ਹੋਣਗੇ। ਇਸਦੀ ਵਜ੍ਹਾ ਦਾ ਅਨੁਮਾਨ ਗੁਰੂ ਨਾਨਕ ਦੇਵ ਜੀ ਕ੍ਰਿਤ ਹੇਠ ਲਿਖੇ ਸਲੋਕ ਨੂੰ ਪੜ੍ਹ ਕੇ ਹੋ ਜਾਵੇਗਾ ਜਿਸ ਵਿਚ ਆਪ ਜੀ ਬਿਆਨ ਕਰਦੇ ਹਨ ਕਿ ਸਰਕਾਰੀ ਅਧਿਕਾਰੀ ਹਨ ਤਾਂ ਪੜ੍ਹੇ-ਲਿਖੇ ਤੇ ਸਮਝਦਾਰ ਪਰ ਆਪਣੀ ਇਸ ਲਿਆਕਤ ਦਾ ਇਸਤੇਮਾਲ ਉਹ ਆਪਣੇ ਹੀ ਦੇਸ਼ ਦੇ ਲੋਕਾਂ ਨੂੰ ਗ਼ੁਲਾਮ ਰੱਖਣ ਹਿੱਤ, ਤਤਕਾਲੀ ਸੱਤਾ ਦੀ ਸਹਾਇਤਾ ਕਰਕੇ, ਕਰ ਰਹੇ ਹਨ। ਉਹ ਹਿਰਣਾਂ ਅਤੇ ਬਾਜ਼ਾਂ ਦੀ ਤਰ੍ਹਾਂ, ਸਿਖਲਾਈ ਹਾਸਲ ਕਰ ਕੇ, ਆਪਣੀ ਹੀ ਨਸਲ ਦੇ ਜੀਵਾਂ ਨੂੰ ਫਹਾ ਰਹੇ ਹਨ। ਇਸ ਢੰਗ ਨਾਲ ਦੇਖੀਏ ਤਾਂ ਉਨ੍ਹਾਂ ਦੀ ਪੜ੍ਹਾਈ-ਸਿਖਲਾਈ ਕਿਸ ਕੰਮ ਦੀ? ਇਸ ਮੁਹਾਰਤ ਦਾ ਅਸਲ ਲਾਭ ਤਾਂ ਤਦ ਸੀ ਜੇਕਰ ਉਹ ਆਪਣੀ ਇਸ ਕਾਬਲੀਅਤ ਨੂੰ ਲੋਕਾਈ ਦੇ ਭਲੇ ਹਿੱਤ ਲਾਉਂਦੇ। ਕੀ ਉੱਪਰਲੇ, ਕੀ ਹੇਠਲੇ ਦਰਜੇ ਦੇ ਸਰਕਾਰੀ ਮੁਲਾਜ਼ਮ ਆਪਣੇ ਦੇਸ਼ ਦੇ ਲੋਕਾਂ ਦੇ ਹੀ ਵੈਰੀ ਬਣ ਬੈਠੇ ਹਨ। ਉਹ ਸ਼ੀਂਹ ਰਾਜਿਆਂ ਲਈ ਕੁੱਤਿਆਂ ਵਜੋਂ ਕੰਮ ਕਰਦੇ ਹੋਏ ਸ਼ਿਕਾਰ ਫਹਾ ਕੇ ਲਿਆਉਂਦੇ ਹਨ। ਉਹ ਸਮਾਜਿਕ ਜੀਵਨ ਦੇ ਸਹਿਜ ਰੌਂਅ ਵਿਚ ਉਥਲ-ਪੁਥਲ ਮਚਾਉਂਦੇ ਹਨ। ਸਰਕਾਰੀ ਮੁਲਾਜ਼ਮ ਆਪਣੇ ਨਹੁੰਆਂ ਨਾਲ ਸਮਾਜ-ਰੂਪੀ ਦੇਹ 'ਤੇ ਨਹੁੰਦਰਾਂ ਮਾਰ ਕੇ ਉਸ ਨੂੰ ਲਹੂ-ਲੁਹਾਨ ਕਰ ਰਹੇ ਹਨ ਅਤੇ ਚੰਗਾ ਮਾਸ ਸ਼ੀਂਹ ਰਾਜਿਆਂ ਦੇ ਸਨਮੁਖ ਭੇਂਟ ਕਰ ਰਹੇ ਹਨ। ਬਚਿਆ-ਖੁਚਿਆ ਮਾਲ ਛੋਟੇ-ਮੋਟੇ ਕਰਮਚਾਰੀ ਚਟ ਕਰ ਜਾਂਦੇ ਹਨ:

ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਾ ਪੜ੍ਹਿਆ ਨਾਉ॥

ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥

ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥

... ... ... ... ... ... ... ...

ਰਾਜੇ ਸੀਹ [75]ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥

ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1288)

ਇਸੇ ਕਾਰਨ ਗੁਰੂ ਅਮਰਦਾਸ ਜੀ ਨੇ ਪ੍ਰਭੂ ਦੀ ਯਾਦ ਵਿਚ ਵਕਤ ਬਿਤਾਉਣ ਵਾਲੇ ਅਤੇ ਲੋਕਾਈ ਦਾ ਦਰਦ ਸਮਝਣ ਵਾਲੇ ਮਨੁੱਖ ਦੀ ਪਦਵੀ (ਅਵਸਥਾ) ਨੂੰ 'ਉੱਤਮ ਪਦ' ਆਖਿਆ ਹੈ। ਇਸ ਪਰਮ ਪਦਵੀ ਨੂੰ ਹਾਸਲ ਕਰਨ ਦਾ ਇੱਛੁਕ ਕੋਈ ਵਿਰਲਾ ਮਨੁੱਖ ਹੀ ਹੈ ਜਦਕਿ ਰਾਜ ਸੱਤਾ ਵਿਚ ਪਦਵੀ ਪ੍ਰਾਪਤ ਕਰਨ ਦੇ ਭੁੱਖੇ ਸਭ ਸਨ:

ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਕੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 949)

ਜਿੱਥੇ ਰਾਜ ਸੱਤਾ ਦੀਆਂ ਵਿਭਿੰਨ ਪਦਵੀਆਂ 'ਤੇ ਕਾਰਜਰਤ ਅਹੁਦੇਦਾਰ ਹੀ ਭ੍ਰਿਸ਼ਟ ਹੋਣ, ਰਾਜੇ ਖ਼ੁਦ ਦੁਰਾਚਾਰੀ ਹੋਣ ਉੱਥੇ ਲੋਕ ਭਲਾਈ ਦਾ ਕਾਰਜ ਕਰ ਕੇ ਸੱਤਾ ਨਾਲ ਮੱਥਾ ਲਾਉਣ ਰੂਪੀ ਦੁੱਖ ਕੌਣ ਸਹੇੜੇਗਾ? ਅਜਿਹਾ ਦਲੇਰੀ ਭਰਿਆ ਕੰਮ ਕਰਨ ਵਾਲਾ ਮਨੁੱਖ ਤਾਂ ਕੋਈ ਵਿਰਲਾ ਹੀ ਹੋਵੇਗਾ। ਇੱਕ ਹੋਰ ਸਲੋਕ ਵਿਚ ਗੁਰੂ ਨਾਨਕ ਦੇਵ ਜੀ ਸਰਕਾਰੀ ਕਰਮਚਾਰੀਆਂ ਦੀ ਕਾਰਗੁਜ਼ਾਰੀ ਦਾ ਚਿੱਤਰ ਖਿੱਚਦੇ ਹਨ। ਆਪ ਬਿਆਨ ਕਰਦੇ ਹਨ ਕਿ ਰਾਜੇ ਰਈਅਤ ਦੀ ਰੱਤ ਪੀਣ ਵਾਲੇ ਹਨ ਅਤੇ ਉਨ੍ਹਾਂ ਦੇ ਕਰਮਚਾਰੀ ਉਨ੍ਹਾਂ ਦੀ ਇਸ ਲਾਲਸਾ ਦੀ ਪੂਰਤੀ ਹਿੱਤ ਲੋਕਾਈ ਨੂੰ ਲਹੂ-ਲੁਹਾਨ ਕਰਦੇ ਹਨ। ਦੇਖਣ ਨੂੰ ਉਨ੍ਹਾਂ ਨੇ ਧਾਰਮਿਕ ਚਿੰਨ੍ਹ ਧਾਰਨ ਕੀਤੇ ਹੋਏ ਹਨ। ਆਪਣੇ ਮਾਲਕਾਂ ਵਾਂਗ ਹੀ, ਜਿਹੜੇ ਲੋਕਾਂ ਦੀ ਰੱਤ ਵੀ ਪੀਂਦੇ ਹਨ, ਉਹ ਨਮਾਜ਼ ਗੁਜ਼ਾਰਨਾ ਵੀ ਨਹੀਂ ਭੁੱਲਦੇ। ਇਸ ਤਰ੍ਹਾਂ ਉਹ ਵੀ ਪੂਰਾ ਧਾਰਮਿਕ ਪਖੰਡ ਕਰਦੇ ਹਨ। ਹੋਰ ਜ਼ਾਬਤਿਆਂ ਦੇ ਨਾਲ-ਨਾਲ ਸਰਕਾਰੀ ਮੁਲਾਜ਼ਮਾਂ ਲਈ ਸਰਕਾਰੀ ਵਰਦੀ ਦੇ ਰੰਗ ਦੀ ਇਕਸਾਰਤਾ ਦਾ ਕੋਡ ਵੀ ਲਾਗੂ ਸੀ। ਉਹ ਨੀਲੇ ਰੰਗ ਦੇ ਵਸਤਰ ਪਹਿਨਿਆ ਕਰਦੇ ਸਨ:

ਮਾਣਸ ਖਾਣੇ ਕਰਹਿ ਨਿਵਾਜ॥

ਛੁਰੀ ਵਗਾਇਨਿ ਤਿਨ ਗਲਿ ਤਾਗ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

**ਅਜੋਕੀ ਸਥਿਤੀ:** ਅਜੋਕੇ ਲੋਕਤੰਤਰੀ ਸ਼ਾਸਨ ਵਿਚ ਵੀ ਮੁਲਾਜ਼ਮ ਵੱਖ-ਵੱਖ ਅਹੁਦਿਆਂ 'ਤੇ ਕਾਰਜਰਤ ਹਨ।

## 4.8 ਸਜ਼ਾ ਦੀ ਵਿਵਸਥਾ

ਤਤਕਾਲੀ ਦੌਰ ਵਿਚ ਦੋਸ਼ੀ ਲਈ ਸਜ਼ਾ ਦੀ ਵਿਵਸਥਾ ਸੀ, ਜਿਸਦਾ ਸਿੱਧਾ-ਅਸਿੱਧਾ ਉਲੇਖ ਸਲੋਕ ਬਾਣੀ-ਰੂਪ ਵਿੱਚੋਂ ਪ੍ਰਾਪਤ ਹੁੰਦਾ ਹੈ। ਚੋਰ ਨੂੰ ਸੂਲੀ ਦੀ ਸਜ਼ਾ ਦਿੱਤੀ ਜਾਂਦੀ ਸੀ ਭਾਵ ਉਸਨੂੰ ਸੂਲੀ 'ਤੇ ਚੜ੍ਹਾਇਆ ਜਾਂਦਾ ਸੀ, ਜੋ ਅਸਹਿ ਪੀੜਾ ਦੇਣ ਵਾਲੀ ਸਜ਼ਾ ਸੀ। ਹੇਠ ਲਿਖੀ ਪੰਕਤੀ ਵਿਚ ਪ੍ਰਭੂ ਤੋਂ ਵਿਛੜੇ ਹੋਏ ਜੀਵਾਂ ਦੁਆਰਾ ਸਹਿਨ ਕੀਤੀ ਜਾਂਦੀ ਅਸਹਿ ਪੀੜਾ (ਦੁੱਖ) ਦੀ ਤੁਲਨਾ ਸੂਲੀ 'ਤੇ

ਟੰਗੇ ਹੋਏ ਚੋਰ ਨਾਲ ਕੀਤੀ ਗਈ ਹੈ। ਪ੍ਰਭੂ ਤੋਂ ਵਿਛੜਿਆ ਹੋਇਆ ਜੀਵ ਸੂਲੀ 'ਤੇ ਟੰਗੇ ਹੋਏ ਜੀਵ ਵਾਂਗਰ ਦੁੱਖ ਸਹਿੰਦਾ ਹੈ। ਸੰਭਵ ਹੈ ਕਿ ਇਹ ਤੁਲਨਾ ਤਤਕਾਲੀ ਦੌਰ ਵਿਚ ਪ੍ਰਚੱਲਤ ਸਜ਼ਾ-ਪ੍ਰਬੰਧ ਵਿੱਚੋਂ ਹੀ ਆਈ ਹੈ:

ਭਾਣੈ ਚਲੈ ਆਪਣੈ ਬਹੁਤੀ ਲਹੈ ਸਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 949)

ਵੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 319)

ਚੋਰੀ ਕਰਦਾ ਹੋਇਆ ਚੋਰ ਫੜਿਆ ਜਾਂਦਾ ਸੀ ਤਾਂ ਉਸਨੂੰ ਬੜੀ ਮਾਰ (ਉਸੇ ਥਾਂ) ਪੈਂਦੀ ਸੀ। ਹੇਠ ਲਿਖੀ ਪੰਕਤੀ ਵਿਚ ਜਮਦੂਤਾਂ ਦੁਆਰਾ ਮਾਰੀ ਜਾਂਦੀ ਮਾਰ ਨੂੰ ਚੋਰੀ ਕਰਦੇ ਚੋਰ ਨੂੰ ਪੈਂਦੀ ਕੁੱਟ ਨਾਲ ਤੁਲਨਾਇਆ ਗਿਆ ਹੈ:

ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨੑੀ ਉਪਰਿ ਚੋਰ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1247)

ਗੁਰੂ ਸਾਹਿਬ ਆਖਦੇ ਹਨ ਕਿ ਪ੍ਰਭੂ ਨਾਲੋਂ ਪਏ ਹੋਏ ਵਿਛੋੜੇ ਦੇ ਪਲ-ਪਲ ਜੰਬੂਰ ਦੁਆਰਾ ਦਿੱਤੇ ਹੋਏ ਦੁੱਖ ਵਰਗੇ ਹਨ। ਜੰਬੂਰ "ਇਕ ਤਸੀਹੇ ਦੇਣ ਦਾ ਹਥਿਆਰ ਹੁੰਦਾ ਸੀ, ਚਿਮਟੇ ਵਰਗਾ ਜਿਸ ਨਾਲ ਆਪਣੇ ਵਸ ਪਏ ਹੋਏ ਵੈਰੀਆਂ ਦਾ ਮਾਸ ਬੋਟੀ-ਬੋਟੀ ਕਰ ਕੇ ਤੋੜਿਆ ਜਾਂਦਾ ਸੀ। " (ਸ਼੍ਰੋ. ਗੁ. ਪ੍ਰ. ਕ., *ਸ਼ਬਦਾਰਥ* 52) ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਵਸ ਪਏ ਹੋਏ ਵੈਰੀ ਲਈ ਬੜੀ ਕਰੜੀ ਸਜ਼ਾ ਸੀ:

ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 520)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਦੋਸ਼ੀ ਮਨੁੱਖ ਨੂੰ ਸਜ਼ਾ ਦੇਣ ਲਈ ਨਿਆਂ-ਵਿਵਸਥਾ ਦਾ ਪ੍ਰਬੰਧ ਹੈ, ਜਿਹੜੀ ਸੱਤਾ ਦੇ ਕੰਟ੍ਰੋਲ ਤੋਂ ਸੁਤੰਤਰ ਵਿਵਹਾਰ ਕਰਦੀ ਹੈ।

## 4.9 ਗ਼ੁਲਾਮਗਿਰੀ (ਗ਼ੁਲਾਮ ਪ੍ਰਥਾ) ਦਾ ਵਰਣਨ

"ਪੁਰਾਣੇ ਸਮੇਂ ਯੁੱਧ ਵਿੱਚੋਂ ਵੈਰੀ ਦੇ ਫੜੇਹੋਏ ਆਦਮੀਆਂ ਨੂੰ ਜਾਨੋਂ ਨਹੀਂ ਮਾਰਦੇ ਸਨ, ਸਗੋਂ ਕਾਬੂ ਕਰਕੇ ਕੈਦ ਕਰ ਲੈਂਦੇ ਸਨ.ਕੁਝ ਚਿਰ ਮਗਰੋਂ ਜਾਂਤਾਂ ਇਨ੍ਹਾਂ ਤੋਂ ਕਰੜੀ ਮਿਹਨਤ ਕਰਾਉਂਦੇ, ਜਾਂ ਡੰਗਰਾਂ ਵਾਂਗ ਵੇਚ ਛਡਦੇ.ਇਸ ਤਰ੍ਹਾਂ ਖਰੀਦੇ ਜਾਂ ਫੜੇ ਹੋਏ ਮਨੁੱਖ ਨੂੰ ਗ਼ੁਲਾਮ ਕਿਹਾਜਾਂਦਾ ਸੀ." (ਨਾਭਾ, *ਮਹਾਨ ਕੋਸ਼* 424) ਸਲੋਕ ਬਾਣੀ-ਰੂਪ ਵਿਚ ਇਸ ਪ੍ਰਚਲਨ ਸਬੰਧੀ ਕਈ ਉਲੇਖ ਆਏ ਹਨ। ਕਈ ਥਾਈਂ ਬਾਣੀਕਾਰ ਆਪਣੇ-ਆਪ ਨੂੰ ਪ੍ਰਭੂ ਦੇ ਗ਼ੁਲਾਮਾਂ ਦੇ ਗ਼ੁਲਾਮ ਆਖਦੇ ਹਨ। ਸੰਭਵ ਹੈ ਕਿ ਇਹ ਉਲੇਖ ਅਤਿ ਨਿਮਰਤਾ ਭਾਵ ਦਰਸਾਉਣ ਲਈ ਸਮਾਜ ਵਿਚ ਪ੍ਰਚੱਲਤ ਗ਼ੁਲਾਮਗਿਰੀ ਦੀ ਪ੍ਰਥਾ ਤੋਂ ਹੀ ਗੁਰਬਾਣੀ ਵਿਚ ਆ ਗਿਆ ਹੈ ਕਿਉਂਕਿ ਗ਼ੁਲਾਮ ਨੂੰ ਜਿਹੜਾ ਹੁਕਮ ਉਸਦੇ ਮਾਲਕ ਵੱਲੋਂ ਪ੍ਰਾਪਤ ਹੁੰਦਾ ਸੀ, ਉਹ ਉਸ ਹੁਕਮ ਦੀ ਇੰਨ-ਬਿੰਨ ਪਾਲਣਾ ਕਰਦਾ ਸੀ। ਉਸਨੂੰ ਕੋਈ ਵੀ ਅਧਿਕਾਰ ਪ੍ਰਾਪਤ ਨਹੀਂ ਸੀ ਹੁੰਦਾ। ਉਹ ਤਾਂ ਆਪਣੇ ਮਾਲਕ ਦੀ ਦਇਆ 'ਤੇ ਹੀ ਨਿਰਭਰ ਹੁੰਦਾ ਸੀ। ਬਾਣੀਕਾਰ ਖ਼ੁਦ ਨੂੰ ਪ੍ਰਭੂ ਦੀ ਇੱਛਾ (ਭਾਣੇ) ਦੇ ਸਪੁਰਦ ਕਰ ਦਿੰਦੇ ਹਨ ਅਤੇ ਇਸ ਤਰ੍ਹਾਂ ਲੋਕਾਈ ਲਈ ਆਦਰਸ਼ ਕਾਇਮ ਕਰਦੇ ਹਨ:

ਜੋ ਸਿਖ ਗੁਰ ਕਾਰ ਕਮਾਵਹਿ ਹਉ [76]ਗੁਲਮੁ ਤਿਨਾ ਕਾ ਗੋਲੀਆ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 311)

ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਅੱਗ ਵੀ ਪ੍ਰਭੂ ਦੇ ਹੁਕਮ ਵਿਚ ਉਸਦੀ ਵਗਾਰ ਕੱਢ ਰਹੀ ਹੈ ਭਾਵ (ਮਾਲਕ ਦੇ ਡਰ ਕਾਰਨ) ਉਸਦੇ ਹੁਕਮ ਦੀ ਪਾਲਣਾ ਕਰ ਰਹੀ ਹੈ। ਡਰ ਕਾਰਨ ਵਗਾਰ ਕੱਢਣਾ ਵੀ ਵਗਾਰ ਪ੍ਰਥਾ ਅਥਵਾ ਗ਼ੁਲਾਮਗਿਰੀ ਨਾਲ ਸਬੰਧਤ ਹੈ। ਇਹ ਵੀ ਮਾਲਕ ਦੇ ਹੁਕਮ ਦੀ ਪਾਲਣਾ ਕਰਨ ਨਾਲ ਸਬੰਧਤ ਹੈ:

ਭੈ ਵਿਚਿ ਅਗਨਿ ਕਢੈ ਵੇਗਾਰਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਕਈ ਥਾਈਂ ਸੀਰੀ-ਪ੍ਰਥਾ ਦਾ ਪ੍ਰਚਲਨ ਹੈ, ਜਿੱਥੇ ਪੀੜ੍ਹੀ-ਦਰ-ਪੀੜ੍ਹੀ ਸੀਰੀ ਲੋਕ ਆਪਣੇ ਮਾਲਕਾਂ ਦੀ ਗ਼ੁਲਾਮੀ ਕਰਦੇ ਹਨ।

## 4.10 ਰਾਹਦਾਰੀ ਦੀ ਵਿਵਸਥਾ

ਰਾਹਦਾਰੀ ਤੋਂ ਭਾਵ ਹੈ "ਰਸਤੇ ਜਾਣ ਦਾ ਹੁਕਮਨਾਮਾ (ਆਗਯਾਪਤ੍ਰ), ਸੜਕ ਦਾ ਮਹਿਸੂਲ" (ਨਾਭਾ, *ਮਹਾਨ ਕੋਸ਼* 1026)। ਇਸ ਪੱਤਰ ਰਾਹੀਂ ਰਸਤੇ ਵਿੱਚੋਂ ਬਿਨਾ ਕਿਸੇ ਰੋਕ-ਟੋਕ ਦੇ ਲੰਘਿਆ ਜਾ ਸਕਦਾ ਸੀ। ਰਾਹਦਾਰੀ ਦਾ ਜ਼ਿਕਰ ਹੇਠ ਲਿਖੀ ਪੰਕਤੀ ਵਿਚ 'ਨੀਸਾਣੁ 'ਸ਼ਬਦ ਵਜੋਂ ਆਇਆ ਹੈ। ਗੁਰੂ ਸਾਹਿਬ ਸਤਿਗੁਰੂ ਦੀ ਬਖ਼ਸ਼ਿਸ਼ ਨੂੰ ਪ੍ਰਭੂ ਦੇ ਦਰ ਪਹੁੰਚਣ ਦੀ ਅਸਲ ਰਾਹਦਾਰੀ ਦੱਸਦੇ ਹਨ। ਸੰਭਵ ਹੈ ਕਿ ਇਹ ਸੰਕਲਪ ਦੁਨਿਆਵੀ ਤੌਰ 'ਤੇ ਲਾਗੂ ਰਾਹਦਾਰੀ ਦੀ ਵਿਵਸਥਾ ਤੋਂ ਹੀ ਲਿਆ ਗਿਆ ਹੈ। ਸੋ, ਤਤਕਾਲੀ ਦੌਰ ਵਿਚ ਰਾਹਦਾਰੀ ਦੀ ਵਿਵਸਥਾ ਦਾ ਪ੍ਰਚਲਨ ਸੀ:

ਨਾਨਕ ਮਤੀ ਮਿਥਿਆ ਕਰਮੁ ਸਚਾ [77]ਨੀਸਾਣੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 467)

**ਅਜੋਕੀ ਸਥਿਤੀ:** ਅਜੋਕੇ ਦੌਰ ਵਿਚ ਵੀ ਰਸਤਿਆਂ (ਸੜਕਾਂ) ਤੋਂ ਗੁਜ਼ਰਨ ਲਈ ਨਿਸ਼ਚਿਤ ਫ਼ੀਸ ਅਦਾ ਕਰਨੀ ਹੁੰਦੀ ਹੈ।

## 4.11 ਬਾਣੀਕਾਰਾਂ ਦੁਆਰਾ ਦਰਸਾਇਆ ਗਿਆ ਆਦਰਸ਼ਕ ਰਾਜਨੀਤਕ ਵਿਵਸਥਾ ਦਾ ਖ਼ਾਕਾ

ਗੁਰੂ ਸਾਹਿਬ ਨੇ ਨਾ ਸਿਰਫ਼ ਤਤਕਾਲੀ ਭ੍ਰਿਸ਼ਟ ਰਾਜਨੀਤਕ ਵਿਵਸਥਾ ਦਾ ਪਾਜ ਹੀ ਉਘਾੜਿਆ, ਸਗੋਂ ਇਸ ਭ੍ਰਿਸ਼ਟ ਵਿਵਸਥਾ ਦਾ ਸੁਹਿਰਦ ਬਦਲ ਵੀ ਪੇਸ਼ ਕੀਤਾ। "ਗੁਰੂ ਨਾਨਕ ਕਾਲੀਨ ਭਾਰਤ ਸਾਮੰਤੀ ਯੁਗ ਦੀ ਅਮਾਨਵੀ ਲੁਟ-ਖਸੁਟ ਅਤੇ ਅਤਿਆਚਾਰੀ ਵਿਵਸਥਾ ਦਾ ਸ਼ਿਕਾਰ ਸੀ ਜਿਸ ਦਾ ਭਰਪੂਰ ਪ੍ਰਗਟਾਵਾ ਗੁਰੂ ਨਾਨਕ ਬਾਣੀ ਵਿਚ ਅਨੇਕਾਂ ਥਾਵਾਂ ਉੱਤੇ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਸਾਮ੍ਹਣੇ ਸਾਮੰਤਵਾਦੀ ਵਿਵਸਥਾ ਦਾ ਕੋਈ ਬਦਲ ਮੌਜੂਦ ਨਹੀਂ ਸੀ ਪਰ ਤਾਂ ਵੀ ਉਨ੍ਹਾਂ ਦੀ ਬਾਣੀ ਵਿਚੋਂ ਇਕ ਅਜਿਹੇ ਰਾਜ ਦਾ ਸੰਕਲਪ ਉਜਾਗਰ ਹੁੰਦਾ ਹੈ ਜੋ ਹੱਕ ਇਨਸਾਫ਼ ਉੱਤੇ ਆਧਾਰਿਤ ਹੋਵੇ। ਅਰਥਾਤ ਜਿਥੇ ਰਾਜੇ 'ਕਸਾਈ' ਨਾ ਹੋਣ ਅਤੇ ਪਰਜਾ 'ਗਿਆਨ ਵਿਹੂਣੀ' ਨਾ ਹੋਵੇ। ਸ਼ੋਸ਼ਣ ਰਹਿਤ ਰਾਜਸੱਤਾ ਅਤੇ ਜਾਗ੍ਰਿਤ ਪਰਜਾ ਦਾ ਇਹ ਸੰਕਲਪ ਗੁਰੂ ਨਾਨਕ ਦੇ ਕ੍ਰਾਂਤੀਕਾਰੀ ਚਿੰਤਨ ਦੀ ਹੀ ਸਾਖੀ ਭਰਦਾ ਹੈ। " (ਜੱਗੀ, *ਸਭਿਆਚਾਰ ਪਤ੍ਰਿਕਾ ਜਨਵਰੀ 2004* 92)

ਗੁਰੂ ਸਾਹਿਬ ਚਾਹੁੰਦੇ ਸਨ ਕਿ ਰਾਜ-ਵਿਵਸਥਾ ਇਹੋ ਜਿਹੀ ਹੋਵੇ, ਜਿੱਥੇ ਲੋਕਾਈ ਸੁਖੀ ਵਸ ਸਕੇ। ਇਹ ਤਦ ਹੀ ਹੋ ਸਕਦਾ ਸੀ ਜੇਕਰ ਸ਼ਾਸਕ-ਪ੍ਰਸ਼ਾਸਕ ਲੋਕ ਆਪਣੀ ਜ਼ਿੰਮੇਵਾਰੀ ਨੂੰ ਠੀਕ ਰੂਪ ਵਿਚ ਸਮਝਣ ਅਤੇ ਉਸਨੂੰ ਨਿਭਾਉਣ। ਇਹ ਸੰਦੇਸ਼ ਦਿੰਦਿਆਂ ਮੁਖ ਸੁਰ ਭਾਵੇਂ ਅਧਿਆਤਮਿਕ ਹੀ ਹੈ ਪਰ ਗਹੁ ਨਾਲ ਦੇਖਿਆਂ ਪਤਾ ਲੱਗਦਾ ਹੈ ਕਿ ਇਹ ਦਿਸ਼ਾ-ਨਿਰਦੇਸ਼ ਸੱਤਾ ਪੱਖ ਨੂੰ ਹਨ। ਦੁਨਿਆਵੀ ਰਾਜ-ਵਿਵਸਥਾ ਦੇ ਸਨਮੁਖ ਪ੍ਰਭੂ ਦੇ ਰਾਜ ਦੀ ਗੱਲ ਕਰਨਾ ਵੀ ਇੱਕ ਆਦਰਸ਼ ਰਾਜ ਦੀ ਸਥਾਪਨਾ ਵੱਲ ਇਸ਼ਾਰਾ ਹੈ। ਗੁਰੂ ਸਾਹਿਬ ਇਸ ਸਿਧਾਂਤ ਰਾਹੀਂ ਇੱਕ ਆਦਰਸ਼ ਸ਼ਾਸਨ ਦੀ ਰੂਪ-ਰੇਖਾ ਤਿਆਰ ਕਰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਉਸ ਰਾਜੇ ਦੀ ਵਡਿਆਈ (ਸ਼ੋਭਾ) ਅਸਲੀਅਤ ਵਿਚ ਹੁੰਦੀ ਹੈ (ਪਰਜਾ ਅੰਦਰ ਪਏ ਹੋਏ ਕੇਵਲ ਡਰ ਕਾਰਨ ਨਹੀਂ) ਜਿਹੜਾ ਸੱਚ ਦਾ ਨਿਆਂ ਕਰੇ ਭਾਵ ਨਿਆਂਕਾਰੀ ਹੋਵੇ (ਸਪਸ਼ਟ ਹੈ ਕਿ ਇਹ ਵਿਵਸਥਾ ਤਤਕਾਲੀ 'ਰੱਤ-ਪੀਣੇ ਰਾਜਿਆਂ' ਨੂੰ ਮੁੱਖ ਰੱਖ ਕੇ ਹੀ ਸੀ) ਅਤੇ ਉਹ

ਕਿਸੇ ਡਰ ਜਾਂ ਲਿਹਾਜ਼ ਕਾਰਨ ਆਪਣਾ ਫ਼ੈਸਲਾ ਨਾ ਬਦਲੇ ਭਾਵ ਇਨ੍ਹਾਂ ਗੱਲਾਂ ਤੋਂ ਉੱਪਰ ਉੱਠ ਕੇ ਪਰਜਾ ਦੇ ਹੱਕ ਦੀ ਗੱਲ ਕਰੇ (ਪਰਜਾ ਦੇ ਹਿੱਤ ਨੂੰ ਮੁੱਖ ਰੱਖੇ) ਜਦਕਿ ਰਾਜੇ ਦੇਸੀ ਆਗੂਆਂ ਦੀ ਚਾਪਲੂਸੀ ਵਿਚ ਅਥਵਾ ਬਹਿਕਾਵੇ ਵਿਚ ਆ ਕੇ ਪਰਜਾ ਨੂੰ ਲੁੱਟ ਰਹੇ ਸਨ।

ਰਾਜਾ ਅਜਿਹਾ ਹੋਵੇ ਜੋ ਕਿਸੇ ਦੇ ਦਰਦ ਨੂੰ ਸਮਝ ਸਕਦਾ ਹੋਵੇ। ਉਹ ਸਭ ਦੇ ਦਿਲ ਦੀ ਬੁੱਝ ਲੈਂਦਾ ਹੋਵੇ ਭਾਵ ਲੋਕ-ਰਾਇ ਨੂੰ ਜਾਣ ਕੇ ਉਸ ਅਨੁਸਾਰ ਨੀਤੀਆਂ ਬਣਾਵੇ ਤਾਂ ਜੋ ਪਰਜਾ ਦਾ ਹਿੱਤ ਹੋ ਸਕੇ। ਉਹ ਕਿਸੇ ਨੂੰ ਪੁੱਛ ਕੇ (ਕਿਸੇ ਦੇ ਦਬਾਅ ਅਧੀਨ ਹੋ ਕੇ) ਕਿਸੇ ਨੂੰ ਦਾਤ ਨਾ ਦਿੰਦਾ ਹੋਵੇ ਭਾਵ ਉਹ ਦਾਤ ਦਾ ਆਧਾਰ ਅਗਲੇ ਦੀ ਯੋਗਤਾ ਹੋਵੇ। ਉਹ ਅਸੂਲਾਂ ਦੇ ਆਧਾਰ ਤੇ ਸ਼ਾਸਨ ਚਲਾਵੇ ਅਤੇ ਜੋ ਕੁਝ ਕਰਨਾ ਹੈ ਸੋਚ-ਸਮਝ ਕੇ ਕਰੇ:

ਵਡੀ ਵਡਿਆਈ ਜਾ ਸਚੁ ਨਿਆਉ॥
ਵਡੀ ਵਡਿਆਈ ਜਾ ਨਿਹਚਲ ਥਾਉ॥
ਵਡੀ ਵਡਿਆਈ ਜਾਣੈ ਆਲਾਉ॥
ਵਡੀ ਵਡਿਆਈ ਬੁਝੈ ਸਭਿ ਭਾਉ॥
ਵਡੀ ਵਡਿਆਈ ਪੁਛਿ ਨ ਦਾਤਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 463)

ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ [78]ਤਾਕੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਚੀਨੀ ਦਰਸ਼ਨ ਤਾਓਵਾਦ ਦੇ ਅਨੁਸਾਰ, "ਆਮ ਲੋਕਾਂ ਨੂੰ ਜਿਨ੍ਹਾਂ ਦੇ ਮੌਜੂਦ ਹੋਣ ਦਾ ਅਹਿਸਾਸ ਮਾਤਰ ਹੀ ਹੋਵੇ, ਉਹੀ ਹਾਕਮ ਸਭ ਤੋਂ ਉੱਚੀ ਪੱਧਰ ਦੇ ਹਾਕਮ ਹੁੰਦੇ ਹਨ। " (ਸੋਢੀ ਅਨੁ: ਤੇ ਸੰਪਾ: *ਚੀਨੀ ਦਰਸ਼ਨ: ਤਾਓਵਾਦ* 54) ਗੁਰਮਤਿ ਵਿਚਾਰਧਾਰਾ ਦੀਆਂ ਵਿਸ਼ੇਸ਼ਤਾਈਆਂ ਦੱਸਦੇ ਹੋਏ ਡਾ. ਬਲਵਿੰਦਰ ਸਿੰਘ ਥਿੰਦ ਲਿਖਦੇ ਹਨ, "ਰਾਜਾ ਉਹ ਸਵੀਕਾਰ ਹੈ ਜੋ ਇਨਸਾਫ਼ ਦਾ ਮੁੱਦਈ ਹੋਵੇ/ ਭੇਦਭਾਵ ਤੋਂ ਉਪਰ ਹੋਵੇ, ਧਰਮ ਉਸ ਦਾ ਮਾਰਗ ਹੋਵੇ, ਮਨੁੱਖਤਾ ਦਾ ਕਲਿਆਣ ਉਸ ਦਾ ਕਰਮ ਹੋਵੇ। " (*ਮੱਧਕਾਲੀ ਪੰਜਾਬੀ ਸਾਹਿਤ ਸਮੀਖਿਆ* 52) ਸ਼ਾਸਕ ਅਜਿਹਾ ਨਹੀਂ ਹੋਣਾ ਚਾਹੀਦਾ, ਜਿਹੜਾ ਜੰਗਾਂ-ਯੁੱਧਾਂ ਨੂੰ ਤਰਜੀਹ ਦੇਵੇ ਸਗੋਂ ਉਹ ਤਾਂ ਸ਼ਾਂਤੀ ਵਰਤਾਉਣ ਵਾਲਾ ਹੋਣਾ ਚਾਹੀਦਾ ਹੈ ਤਾਂ ਜੋ ਪਰਜਾ ਸ਼ਾਂਤਮਈ ਜੀਵਨ ਬਤੀਤ ਕਰਦੀ ਹੋਈ ਸਮੁੱਚੇ ਖੇਤਰ ਦੇ ਵਿਕਾਸ ਵਿਚ ਯੋਗਦਾਨ ਦੇ ਸਕੇ। "ਰਾਜੇ ਚੁਲੀ ਨਿਆਵ ਕੀ" (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240) ਤੁਕਾਂਗ ਅਨੁਸਾਰ ਰਾਜੇ ਦਾ ਆਧਾਰ-ਭੂਤ ਗੁਣ ਪਰਜਾ ਨਾਲ ਨਿਆਂ ਕਰਨਾ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਪ੍ਰਭੂ ਦੇ ਦਰਬਾਰ ਵਿਚ ਮਨੁੱਖ ਦੇ ਕਰਮਾਂ (ਕੀਤੇ ਹੋਏ ਕੰਮਾਂ) ਅਨੁਸਾਰ ਫਲ਼ ਦਿੱਤੇ ਜਾਂਦੇ ਹਨ ਉਸੇ ਤਰ੍ਹਾਂ ਹੀ ਸ਼ਾਸਕ ਦੀ ਨਿਆਂ ਪ੍ਰਣਾਲੀ ਵਿਚ ਵੀ ਮਨੁੱਖ ਦੇ ਗੁਣਾਂ-ਦੋਸ਼ਾਂ ਦੇ ਆਧਾਰ 'ਤੇ ਹੀ ਨਿਆਂ ਹੋਣਾ ਚਾਹੀਦਾ ਹੈ:

ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 590)

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥

ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1241)

## 4.12 ਬਾਣੀਕਾਰਾਂ ਦੁਆਰਾ ਦਰਸਾਏ ਗਏ ਰਾਜਨੀਤਕ ਮਾੱਡਲ ਦੀ ਵਰਤਮਾਨ ਵਿਚ ਸਾਰਥਕਤਾ

ਜਦੋਂ ਬਾਣੀਕਾਰਾਂ ਦੁਆਰਾ ਦਰਸਾਏ ਗਏ ਰਾਜਨੀਤਕ ਮਾੱਡਲ ਦੇ ਸਰੂਪ ਵੱਲ ਨਜ਼ਰ ਮਾਰੀ ਜਾਂਦੀ ਹੈ ਤਾਂ, ਇੱਕ ਪਾਸੇ ਤਾਂ ਵਰਤਮਾਨ ਦੌਰ ਦੀਆਂ ਰਾਜਨੀਤਕ ਪਰਿਪਾਟੀਆਂ ਵੱਲ ਦੇਖ ਕੇ ਦੁੱਖ ਹੁੰਦਾ ਹੈ ਤੇ ਦੂਸਰਾ ਬਾਣੀਕਾਰਾਂ ਦੁਆਰਾ ਦਰਸਾਏ ਗਏ ਉਕਤ ਮਾੱਡਲ ਵਿਚ ਸਮਾਜ ਲਈ ਇੱਕ ਚਾਨਣ-ਮੁਨਾਰਾ ਦਿਖਾਈ ਦਿੰਦਾ ਹੈ। ਸਚੁਮੱਚ ਹੀ ਇਹ ਰਾਜਨੀਤਕ ਮਾੱਡਲ ਆਦਰਸ਼ ਰਾਜਨੀਤਕ ਮਾੱਡਲ ਦਿਖਾਈ ਪੈਂਦਾ ਹੈ। ਅਜੋਕੇ ਹਾਲਾਤਾਂ ਵਿਚ ਆਮ ਆਦਮੀ ਦੀ ਪਹੁੰਚ ਨਿਆਂ ਤੋਂ ਬੜੀ ਦੂਰ ਹੈ। ਨਿਆਂ ਹਾਸਲ ਕਰਨਾ ਉਸ ਲਈ ਬੜੀ ਦੂਰ ਦੀ ਕੌਡੀ ਹੈ। ਅਜਿਹੀ ਹਾਲਤ ਵਿਚ ਗੁਰੂ ਸਾਹਿਬ ਦੇ ਦਿੱਤੇ ਹੋਏ ਵਿਚਾਰਾਂ ਵੱਲ ਧਿਆਨ ਜਾਂਦਾ ਹੈ ਜਦੋਂ ਆਪ ਆਖਦੇ ਹਨ ਕਿ ਰਾਜਾ ਨਿਆਂਕਾਰੀ ਹੋਣਾ ਚਾਹੀਦਾ ਹੈ। ਸਚੁਮੱਚ ਸ਼ਾਸਕ ਅਜਿਹੇ ਹੋਣੇ ਚਾਹੀਦੇ ਹਨ ਜੋ ਇਹੋ ਜਿਹੀ ਵਿਵਸਥਾ ਦੀ ਸਿਰਜਣਾ ਕਰਨ ਕਿ ਨਿਆਂ ਤੱਕ ਆਮ ਮਨੁੱਖ ਦੀ ਪਹੁੰਚ ਯਕੀਨੀ ਬਣ ਸਕੇ। ਨਿਆਂ ਵਿਵਸਥਾ ਕਿਸੇ ਵੀ ਸਰਕਾਰੀ ਅਥਵਾ ਗ਼ੈਰ-ਸਰਕਾਰੀ ਦਬਾਅ ਤੋਂ ਮੁਕਤ ਹੋਣੀ ਚਾਹੀਦੀ ਹੈ ਤਾਂ ਜੋ ਹਰ ਨਾਗਰਿਕ ਨੂੰ ਸਹੀ ਨਿਆਂ ਮਿਲ ਸਕੇ।

ਗੁਰੂ ਸਾਹਿਬ ਦਾ ਕਥਨ ਹੈ ਕਿ ਸ਼ਾਸਕ ਇਹੋ ਜਿਹਾ ਹੋਵੇ ਜਿਹੜਾ ਬਿਨਾ ਕਿਸੇ ਡਰ ਜਾਂ ਦਬਾਅ ਦੇ ਫ਼ੈਸਲਾ ਲੈ ਸਕੇ। ਵਰਤਮਾਨ ਵਿਚ ਵੀ ਇਸ ਆਦਰਸ਼ ਦੀ ਪੂਰਤੀ ਦੀ ਖ਼ਾਸੀ ਲੋੜ ਹੈ। ਆਮ ਤੌਰ 'ਤੇ ਵੱਖ-ਵੱਖ ਸੰਗਠਨਾਂ ਦੇ ਦਬਾਅ ਹੇਠ ਸਰਕਾਰ ਆਪਣੇ ਫ਼ੈਸਲੇ ਬਦਲ ਲੈਂਦੀ ਹੈ ਜੋ ਕਈ ਵਾਰ ਸਾਰੇ ਖਿੱਤੇ ਦੇ ਲੋਕਾਂ ਦੇ ਹੱਕ ਵਿਚ ਨਹੀਂ ਹੁੰਦੇ। ਸੋ, ਸੱਤਾਧਾਰੀ ਲੋਕਾਂ ਨੂੰ ਬਿਨਾ ਕਿਸੇ ਦਬਾਅ ਦੇ, ਸਾਰਿਆਂ ਦੇ ਹਿੱਤ ਨੂੰ ਮੁੱਖ ਰੱਖ ਕੇ, ਫ਼ੈਸਲੇ ਲੈਣੇ ਚਾਹੀਦੇ ਹਨ।

ਵਰਤਮਾਨ ਦੌਰ ਵਿਚ ਅਕਸਰ ਦੇਖਿਆ ਜਾਂਦਾ ਹੈ ਕਿ ਸ਼ਾਸਕ ਲੋਕ ਜਨਤਾ ਦੇ ਦੁੱਖ-ਦਰਦ ਨੂੰ ਨਹੀਂ ਸਮਝਦੇ। ਜਦੋਂ ਰਾਜਨੀਤਕ ਲੋਕ ਸੱਤਾ ਤੋਂ ਲਾਂਭੇ ਹੁੰਦੇ ਹਨ ਤਦ ਹਰ ਗੱਲ ਨੂੰ ਮੁੱਦਾ ਬਣਾ ਕੇ, ਲੋਕ-ਹਿੱਤ ਨਾਲ ਜੋੜ ਕੇ, ਕੁਰਸੀ ਦੀ ਪ੍ਰਾਪਤੀ ਲਈ ਦਾਅ-ਪੇਚ ਲੜਾਉਂਦੇ ਹਨ। ਉਹ ਮਨੁੱਖੀ ਦਰਦ ਦੀ ਗੱਲ ਕਰਦੇ ਹਨ, ਮਨੁੱਖਤਾ ਦੀ ਗੱਲ ਕਰਦੇ ਹਨ ਪਰ ਜਿਉਂ ਹੀ ਕੁਰਸੀ ਉਨ੍ਹਾਂ ਦੇ ਹੱਥ ਆਉਂਦੀ ਹੈ, ਉਹ ਵੀ ਪਹਿਲੇ ਸੱਤਾਧਾਰੀਆਂ ਦੇ ਰਸਤੇ 'ਤੇ ਤੁਰ ਪੈਂਦੇ ਹਨ। ਉਹ ਵੀ ਲੋਕ-ਦਰਦ ਨੂੰ ਵਿਸਾਰ ਛੱਡਦੇ ਹਨ। ਤਦ ਬਾਣੀਕਾਰਾਂ ਦੇ ਇਹ ਬੋਲ, ਕਿ ਸ਼ਾਸਕ ਲੋਕਾਂ ਦਾ ਦਰਦ ਸਮਝਣ ਵਾਲਾ ਹੋਵੇ, ਯਾਦ ਆਉਂਦੇ ਹਨ ਤੇ ਬਾਣੀਕਾਰਾਂ ਦੇ ਰਾਜਨੀਤਕ ਵਿਵਸਥਾ 'ਪੁਰ ਦਿੱਤੇ ਵਿਚਾਰ ਅੱਜ ਵੀ ਢੁਕਵੇਂ ਪ੍ਰਤੀਤ ਹੁੰਦੇ ਹਨ।

ਗੁਰੂ ਸਾਹਿਬ ਨੇ ਕਿਹਾ ਹੈ ਕਿ ਸ਼ਾਸਕ ਲੋਕ ਪਰਜਾ ਦੇ ਮਨ ਦੀ ਗੱਲ ਬੁੱਝ ਲੈਣ ਦੇ ਸਮਰੱਥ ਹੋਣ। ਕੀ ਵਰਤਮਾਨ ਵਿਚ ਵੀ ਇਹ ਕਥਨ ਸਾਰਥਕ ਨਹੀਂ ਲੱਗਦਾ? ਜਦੋਂ ਸ਼ਾਸ਼ਕ ਆਪਣੀ ਪਰਜਾ ਦੀ ਰਾਇ ਨੂੰ ਸਮਝਣਯੋਗ ਹੋ ਜਾਵੇ ਤਾਂ ਉਹ ਇਸ ਕਾਬਲ ਹੋ ਜਾਂਦਾ ਹੈ ਕਿ ਉਸ ਦੁਆਰਾ ਕੀਤੇ ਜਾਣ ਵਾਲੇ ਕੰਮ ਪਰਜਾ ਦੇ ਭਲੇ ਵਾਲੇ ਹੋਣ। ਜੇਕਰ ਉਹ ਲੋਕ-ਰਾਇ ਨੂੰ ਮੁੱਖ ਰੱਖ ਕੇ ਆਪਣੇ ਕਾਰਜਾਂ ਨੂੰ ਅੱਗੇ ਵਧਾਵੇ, ਤਾਂ ਜਿੱਥੇ ਉਹ ਹਰਮਨ-ਪਿਆਰਾ ਬਣੇਗਾ ਉਥੇ ਪਰਜਾ ਦਾ ਵੀ ਹਿੱਤ ਹੋਵੇਗਾ।

ਇਹ ਵਿਚਾਰ ਕਿ ਸ਼ਾਸਕ ਵਰਗ ਬਿਨਾ ਕਿਸੇ ਦਬਾਅ ਦੇ ਦਾਤ ਕਰੇ, ਅਜੋਕੀਆਂ ਰਾਜਨੀਤਕ ਪ੍ਰਸਥਿਤੀਆਂ ਵਿਚ ਕਿੰਨਾ ਢੁਕਵਾਂ ਲੱਗਦਾ ਹੈ। ਅਜੋਕੇ ਦੌਰ ਵਿਚ ਜਦੋਂ ਸੱਤਾ ਦੀ ਵਾਗਡੋਰ ਪੀੜ੍ਹੀ-ਦਰ-ਪੀੜ੍ਹੀ ਅੱਗੇ ਫੜਾ ਦਿੱਤੀ ਜਾਂਦੀ ਹੈ ਅਤੇ ਸਭ ਕੁਝ ਮੁੜ-

ਮੁੜ ਆਪਣਿਆਂ ਨੂੰ ਹੀ ਵੰਡਿਆ ਜਾਂਦਾ ਹੈ ਤਾਂ ਇਨ੍ਹਾਂ ਬਚਨਾਂ ਦੀ ਸਾਰਥਕਤਾ ਹੋਰ ਵੀ ਵਧ ਜਾਂਦੀ ਹੈ। ਅਜਿਹੀ ਵਿਵਸਥਾ ਲਾਜ਼ਮੀ ਹੈ, ਜਿੱਥੇ ਯੋਗ ਵਿਅਕਤੀ ਨੂੰ ਹੀ ਅਧਿਕਾਰ ਮਿਲੇ। ਤਾਂ ਹੀ ਉਹ ਆਪਣੇ ਕਿੱਤੇ ਨਾਲ ਨਿਆਂ ਕਰਦਾ ਹੋਇਆ, ਸਹੀ ਰੂਪ ਵਿਚ ਲੋਕ-ਭਲਾਈ ਦੇ ਕਾਰਜ ਕਰ ਸਕੇਗਾ।

ਗੁਰੂ ਸਾਹਿਬ ਦਾ ਕਥਨ ਹੈ ਕਿ ਸੱਤਾ ਪੱਖ ਜੰਗਾਂ-ਯੁੱਧਾਂ ਨੂੰ ਤਰਜੀਹ ਨਾ ਦੇਵੇ। ਅੱਜ ਦੇ ਸਮੇਂ ਵਿਚ ਜਦੋਂ ਹਰ ਦੇਸ਼ ਵੱਧ ਤੋਂ ਵੱਧ ਤਬਾਹਕੁੰਨ ਹਥਿਆਰ ਇਕੱਤਰ ਕਰਨ ਦੀ ਦੌੜ ਵਿਚ ਸ਼ਾਮਿਲ ਹੈ ਤਾਂ ਇਹ ਵਿਚਾਰ ਕਿੰਨੇ ਸਾਰਥਕ ਹਨ। ਇੱਕ ਪਾਸੇ (ਅਜੋਕੇ ਸਮੇਂ ਵਿਚ) ਸ਼ਾਂਤੀ ਦੀ ਦੁਹਾਈ ਦਿੱਤੀ ਜਾਂਦੀ ਹੈ ਤੇ ਦੂਜੇ ਪਾਸੇ ਆਪਣੀ ਤਾਕਤ ਦਾ ਡਰਾਵਾ ਵੀ ਦਿੱਤਾ ਜਾਂਦਾ ਹੈ ਜਦਕਿ ਧਰਤੀ ਸ਼ਾਂਤੀ ਲਈ ਪੁਕਾਰ ਕਰ ਰਹੀ ਹੈ। ਜੰਗ ਅਤੇ ਯੁੱਧ ਕਦੇ ਵੀ ਸ਼ਾਂਤੀ ਅਤੇ ਵਿਕਾਸ ਦਾ ਆਧਾਰ ਨਹੀਂ ਰਹੇ ਸਗੋਂ ਇਨ੍ਹਾਂ ਨੇ ਹਮੇਸ਼ਾ ਅਸ਼ਾਂਤੀ ਅਤੇ ਅੱਤਿਆਚਾਰ ਨੂੰ ਹੀ ਜਨਮ ਦਿੱਤਾ ਹੈ। ਅਜਿਹੇ ਹਾਲਾਤਾਂ ਵਿਚ ਵਿਕਾਸ ਤਾਂ ਬੜੇ ਦੂਰ ਦੀ ਗੱਲ ਹੋ ਜਾਂਦੀ ਹੈ। ਸੋ, ਸੱਤਾਧਾਰੀਆਂ ਨੂੰ ਚਾਹੀਦਾ ਹੈ ਕਿ ਦੂਜੇ ਰਾਜਾਂ ਨਾਲ ਮਧੁਰ ਸਬੰਧ ਕਾਇਮ ਕਰਦੇ ਹੋਏ, ਜਨਤਾ ਦੇ ਵਿਕਾਸ ਨੂੰ ਪਹਿਲ ਦੇਣ।

ਕਿਹਾ ਜਾ ਸਕਦਾ ਹੈ, "ਇਸ (ਸ੍ਰੀ ਗੁਰੂ ਗ੍ਰੰਥ ਸਾਹਿਬ ) ਵਿੱਚ ਦਿੱਤੀਆਂ ਸਿਖਿਆਵਾਂ ਅੱਜ ਵੀ ਉਨੀਆਂ ਹੀ ਸਾਰਥਿਕ ਹਨ ਜਿਨੀਆਂ ਉਸ ਸਮੇਂ ਸਨ ਜਿਸ ਵੇਲੇ ਇਹ ਲਿਖੀਆਂ ਗਈਆਂ ਸਨ। " (ਮਾਂਗਟ, *ਗੁਰਬਾਣੀ ਵਿਗਿਆਨ ਅਤੇ ਮਿੱਥਕ* 18)

## ਬਾਣੀਕਾਰਾਂ ਦੁਆਰਾ ਦਰਸਾਇਆ ਗਿਆ ਰਾਜਨੀਤਕ ਮਾੱਡਲ ਸਾਡੀ ਰਾਜਨੀਤਕ ਵਿਵਸਥਾ ਵਿਚ ਲਾਗੂ ਕਿਉਂ ਨਹੀਂ ਹੋ ਪਾਇਆ?

ਇਸ ਪ੍ਰਸ਼ਨ ਦੇ ਹੱਲ ਲਈ ਵੱਖ-ਵੱਖ ਵਿਦਵਾਨਾਂ ਅਤੇ ਸਨਮਾਨਿਤ ਸ਼ਖ਼ਸੀਅਤਾਂ ਨਾਲ ਵਿਚਾਰ-ਚਰਚਾ ਕੀਤੀ ਗਈ। ਹੇਠ ਲਿਖੇ ਅਨੁਸਾਰ ਪ੍ਰਸ਼ਨ ਪਤ੍ਰਿਕਾ ਤਿਆਰ ਕੀਤੀ ਗਈ ਸੀ:

## 4.13 ਖੋਜ-ਕਾਰਜ ਸਬੰਧੀ ਪ੍ਰਸ਼ਨ-ਪਤ੍ਰਿਕਾ

ਅਤਿ ਸਤਿਕਾਰਯੋਗ .........।

ਮੈਂ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ ਤੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ  ਵਿਚ ਸੰਕਲਿਤ ਸਲੋਕ ਬਾਣੀ-ਰੂਪ: ਵਿਚਾਰਧਾਰਾਈ ਪਰਿਪੇਖ' ਵਿਸ਼ੇ ਦਾ ਪੀ.ਐੱਚ.ਡੀ ਡਿਗਰੀ ਦਾ ਖੋਜਾਰਥੀ ਹਾਂ। ਇਸ ਵਿਸ਼ੇ ਵਿਚ ਆਪ ਜੀ ਦੀ ਵਿਸ਼ੇਸ਼ ਮੁਹਾਰਤ ਨੂੰ ਮੁੱਖ ਰੱਖਦੇ ਹੋਏ ਖੋਜ-ਕਾਰਜ ਵਿਚ ਆਪ ਜੀ ਦੀ ਕੀਰਤੀਮਾਨ ਰਾਇ ਸ਼ਾਮਲ ਕਰਨ ਹਿਤ, ਇਹ ਪ੍ਰਸ਼ਨ-ਪਤ੍ਰਿਕਾ ਮੈਂ ਆਪ ਜੀ ਦੀ ਸੇਵਾ ਵਿਚ ਭੇਜ ਰਿਹਾ ਹਾਂ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਆਪ ਜੀ ਇਸ ਪ੍ਰਸ਼ਨ-ਪਤ੍ਰਿਕਾ ਵਿਚ ਆਪਣੀ ਅਨਮੋਲ ਰਾਇ ਦੇ ਕੇ ਮੈਨੂੰ ਕਿਰਤਾਰਥ ਕਰੋਗੇ।

ਉਡੀਕ ਵਿਚ,

ਨਾਮ ..........

**ਅਸੀਂ ਜਾਣਦੇ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਮਕਾਲੀ ਰਾਜਨੀਤਕ ਪ੍ਰਸਥਿਤੀਆਂ ਤੋਂ ਸੰਤੁਸ਼ਟ ਨਹੀਂ ਸਨ:**

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥

ਚਾਕਰ ਨਹਦਾ ਪਾਇਨਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥ (ਮ:੧, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ-1288)
ਕੂੜੁ ਬੋਲਿ ਮੁਰਦਾਰੁ ਖਾਇ॥
ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥
ਨਾਨਕ ਐਸਾ ਆਗੂ ਜਾਪੈ॥ (ਮ:੧, ਪੰਨਾ-140)
ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ (ਮ:੧, ਪੰਨਾ-145)

**ਗੁਰੂ ਨਾਨਕ ਦੇਵ ਜੀ ਨੇ ਉਕਤ ਕੁ-ਵਿਵਸਥਾ ਨੂੰ ਕੇਵਲ ਨਕਾਰਿਆ ਹੀ ਨਹੀਂ, ਸਗੋਂ ਲੋਕ-ਹਿੱਤ ਖ਼ਾਤਰ ਇਸਦਾ ਬਦਲ ਵੀ ਪੇਸ਼ ਕੀਤਾ:**

ਵਡੀ ਵਡਿਆਈ ਜਾ ਸਚੁ ਨਿਆਉ॥
ਵਡੀ ਵਡਿਆਈ ਜਾ ਨਿਹਚਲੁ ਥਾਉ॥
ਵਡੀ ਵਡਿਆਈ ਜਾਣੈ ਆਲਾਉ॥
ਵਡੀ ਵਡਿਆਈ ਬੁਝੈ ਸਭਿ ਭਾਉ॥
ਵਡੀ ਵਡਿਆਈ ਪੁਛਿ ਨ ਦਾਤਿ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥ (ਮ:੧, ਪੰਨਾ-464)

ਗੁਰੂ ਜੀ ਅਨੁਸਾਰ ਸੱਤਾਧਾਰੀ ਸੱਚਾ ਨਿਆਉ ਕਰੇ। ਉਹ ਲਿਹਾਜ਼ ਜਾਂ ਡਰ ਕਾਰਨ ਆਪਣਾ ਨੇਮ ਜਾਂ ਇਰਾਦਾ ਨਾ ਬਦਲੇ। ਉਹ ਲੋਕਾਈ ਦਾ ਦਰਦ ਸਮਝਦਾ ਹੋਵੇ। ਪਰਜਾ ਆਪਣਾ ਦੁੱਖ ਨਾ ਵੀ ਰੋਵੇ, ਤਾਂ ਵੀ ਉਹ ਉਸਦੀ ਨਬਜ਼ ਪਛਾਣ ਲਵੇ। ਉਹ ਕਿਸੇ ਨੂੰ ਪੁੱਛ ਕੇ (ਕਿਸੇ ਦੀ ਸਲਾਹ ਹਾਂ ਸਿਫ਼ਾਰਸ਼ ਨਾਲ) ਕਿਸੇ ਦਾ ਪੱਖ ਨਾ ਪੂਰੇ, ਸਗੋਂ ਯੋਗ ਨੂੰ ਸਹਾਇਤਾ ਦੇਵੇ। ਉਹ ਸਭ ਕੁਝ ਵਿਵੇਕਮਈ ਢੰਗ ਨਾਲ ਕਰੇ।

ਕੋਈ ਵੀ ਇਹ ਮੋਟੀ ਜਿਹੀ ਗੱਲ ਸਮਝ ਸਕਦਾ ਹੈ ਕਿ ਜੇਕਰ ਐਸੀ ਵਿਵਸਥਾ ਲਾਗੂ ਹੋ ਜਾਵੇ ਤਾਂ ਲੋਕ-ਕਲਿਆਣ ਹੋਵੇਗਾ ਪਰ ਅਜਿਹਾ ਸੰਭਵ ਨਹੀਂ ਹੋ ਸਕਿਆ ਕਿਉਂਕਿ ਸਾਡੀ ਵਿਵਸਥਾ ਨੇ ਇਨ੍ਹਾਂ ਵਿਚਾਰਾਂ ਤੋਂ ਦੂਰੀ ਬਣਾ ਰੱਖੀ ਹੈ।

**ਪ੍ਰ. ਉਹ ਕਿਹੜੇ ਕਾਰਨ ਹਨ, ਜਿਨ੍ਹਾਂ ਕਰਕੇ ਇਹ ਸਰਬ-ਮੰਗਲਕਾਰੀ ਵਿਚਾਰ ਸਾਡੀ ਵਿਵਸਥਾ ਵਿਚ ਲਾਗੂ ਨਹੀਂ ਹੋ ਪਾਏ?**

ਵੱਖ-ਵੱਖ ਵਿਦਵਾਨਾਂ ਅਤੇ ਸਨਮਾਨਿਤ ਸ਼ਖ਼ਸੀਅਤਾਂ ਨੇ ਉਕਤ ਮੁੱਦੇ 'ਤੇ ਹੇਠ ਲਿਖੇ ਅਨੁਸਾਰ ਆਪਣੀ ਕੀਮਤੀ ਰਾਇ ਦਿੱਤੀ:

### 4.13.1 ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ, ਸਾਬਕਾ ਜਥੇਦਾਰ[79] ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ:

ਗੁਰੂ ਸਾਹਿਬਾਨ ਨੇ "ਰਾਜੇ ਚੁਲੀ ਨਿਆਵ ਕੀ" ਅਤੇ ਹੋਰ ਮਹਾਂਵਾਕਾਂ ਰਾਹੀਂ ਰਾਜੇ ਦਾ ਚਰਿੱਤਰ ਸਮਝਾਇਆ ਹੈ ਪਰ ਸੱਤਾਧਾਰੀ ਲੋਕ ਇਸਨੂੰ ਲਾਗੂ ਨਹੀਂ ਕਰ ਸਕੇ, ਅਪਣਾਅ ਨਹੀਂ ਸਕੇ ਕਿਉਂਕਿ ਰਾਜੇ ਹਉਮੈ ਤੋਂ ਪੀੜਤ ਹਨ। ਉਹ ਤਾਂ ਆਪਣਾ ਹੁਕਮ ਚਲਾਉਣਾ ਚਾਹੁੰਦੇ ਹਨ। ਗੁਰੂ ਸਾਹਿਬਾਨ ਤਾਂ ਸਾਨੂੰ ਰਸਤਾ ਦਿਖਾ ਗਏ, ਉਨ੍ਹਾਂ ਨੇ ਕਿਹਾ ਕਿ ਰਾਜਾ ਧਰਮ ਸਰੂਪ ਹੋਵੇ, ਪਰ ਉਸ ਉੱਪਰ ਚੱਲਣਾ ਤਾਂ ਹੁਣ ਅਸੀਂ ਹੀ ਹੈ ਪਰ ਸਾਡਾ ਲੋਭ-ਲਾਲਚ, ਹੰਕਾਰ ਸਾਨੂੰ ਉਸ ਰਸਤੇ 'ਤੇ ਚੱਲਣ ਨਹੀਂ ਦਿੰਦਾ।

### 4.13.2 ਸੰਤ ਬਲਬੀਰ ਸਿੰਘ ਜੀ ਸੀਚੇਵਾਲ[80]:

**ੳ**. ਰਾਜੇ ਧਰਮੀ ਨਹੀਂ, ਉਨ੍ਹਾਂ ਅੰਦਰ ਦਇਆ ਨਹੀਂ ਤਾਂ ਇਹ ਵਿਵਸਥਾ ਸਾਡੇ ਦੇਸ਼ ਵਿਚ ਕਿਵੇਂ ਲਾਗੂ ਹੋ ਪਾਉਂਦੀ?

**ਅ**. ਸੰਵਿਧਾਨ ਵਿਚ ਦਿੱਤੇ ਹੋਏ ਧਰਮ-ਨਿਰਪੇਖਤਾ ਦੇ ਸਿਧਾਂਤ ਨੂੰ ਸਾਡੇ ਰਾਜਨੀਤਕ ਲੋਕ ਸਮਝ ਨਹੀਂ ਸਕੇ। ਇਨ੍ਹਾਂ ਸ਼ਬਦਾਂ ਦਾ ਭਾਵ ਸੀ ਕਿ ਸੱਤਾਧਾਰੀ ਲੋਕਾਂ ਨੇ ਕਿਸੇ ਧਰਮ-ਵਿਸ਼ੇਸ਼ ਦੀ ਤਰਫ਼ਦਾਰੀ ਨਹੀਂ ਕਰਨੀ ਪਰ ਇਨ੍ਹਾਂ ਨੇ ਇਸ ਗੱਲ ਦਾ ਮਤਲਬ ਨਾਸਤਿਕਤਾ ਕਰ ਲਿਆ। ਭਲਾ ਜੇ ਤੁਸੀਂ ਧਰਮ ਦੀ ਗੱਲ ਨਹੀਂ ਸੁਣਨੀ ਤਾਂ ਦੇਸ਼-ਭਗਤੀ ਦੀ ਭਾਵਨਾ ਤਾਂ ਰੱਖੋ, ਪਰ ਨਹੀਂ। ਇਨ੍ਹਾਂ ਅੰਦਰ ਦੇਸ਼-ਭਗਤੀ ਦੀ ਭਾਵਨਾ ਵੀ ਨਹੀਂ, ਤਾਂ ਅਜਿਹੀਆਂ ਸਥਿਤੀਆਂ ਵਿਚ ਗੁਰੂ ਨਾਨਕ ਦੀ ਦਰਸਾਈ ਰਾਜਨੀਤਕ ਵਿਵਸਥਾ ਇਸ ਦੇਸ਼ ਵਿਚ ਕਿਵੇਂ ਲਾਗੂ ਹੋ ਸਕਦੀ ਹੈ?

**ੲ**. ਸੰਵਿਧਾਨ ਸਾਡੇ ਹੱਕਾਂ ਦਾ ਰਾਖਾ ਹੈ। ਇਸ ਵਿਚ ਸਾਨੂੰ ਮੌਲਿਕ ਅਧਿਕਾਰ ਦਿੱਤੇ ਗਏ ਹਨ। ਪਹਿਲਾਂ ਅਧਿਕਾਰ ਤਾਂ ਜਿਊਣ ਦਾ ਹੈ ਪਰ ਸਾਡੇ ਰਾਜਨੀਤਕ ਲੋਕ ਹੁਣ ਸੰਵਿਧਾਨ ਦਾ ਆਸਰਾ ਲੈ ਕੇ ਜਨਤਾ ਨੂੰ ਲੁੱਟ ਰਹੇ ਹਨ। ਸੰਵਿਧਾਨ ਤਾਂ ਲੋਕਾਂ ਦੀ ਰੱਖਿਆ ਲਈ ਛੱਤਰੀ ਹੈ ਪਰ ਇਨ੍ਹਾਂ ਲੋਕਾਂ ਨੇ ਇਸ ਛੱਤਰੀ ਨੂੰ ਲੋਕਾਂ ਦੇ ਦਬਾਉਣ ਲਈ ਵਰਤ ਲਿਆ। ਇਸ ਛੱਤਰੀ ਉੱਪਰ ਮੰਤਰੀਆਂ ਦਾ ਬੋਝ ਹੈ, ਸੰਤਰੀਆਂ ਦਾ ਬੋਝ ਹੈ। ਇਹ ਲੋਕ ਤਾਂ ਸੰਵਿਧਾਨ ਦੀ ਅਸਲ ਆਤਮਾ ਨੂੰ ਵੀ ਲਾਗੂ ਨਹੀਂ ਕਰ ਪਾਏ, ਜਿਹੜੀ ਗੁਰੂ ਨਾਨਕ ਦੀ ਸਿੱਖਿਆ ਨਾਲ ਮੇਲ ਖਾਂਦੀ ਹੈ। ਸੋ ਇਨ੍ਹਾਂ ਦੀਆਂ ਨਿੱਜੀ ਰੁਚੀਆਂ ਨੇ ਇਹ ਵਿਵਸਥਾ ਭਾਰਤ ਵਿਚ ਲਾਗੂ ਨਹੀਂ ਹੋਣ ਦਿੱਤੀ।

### 4.13.3 ਸੰਤ ਦਿਲਾਵਰ ਸਿੰਘ ਜੀ ਬ੍ਰਹਮ, ਚਾਂਸਲਰ[81] ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲ਼ਾ (ਜਲੰਧਰ):

ਗੁਰਬਾਣੀ ਵਿਚ ਦਰਸਾਇਆ ਹੋਇਆ ਰਾਜਨੀਤਕ ਮਾੱਡਲ ਸਭ ਦੇ ਭਲੇ, ਸਭ ਦੇ ਸੁੱਖ ਦੀ ਗੱਲ ਕਰਦਾ ਹੈ। ਜਦੋਂ ਉਹ ਮਾੱਡਲ ਲਾਗੂ ਹੋ ਜਾਵੇਗਾ ਤਾਂ ਦੇਸ਼ ਵਿੱਚੋਂ ਵੈਰ-ਵਿਰੋਧ, ਹੰਕਾਰ ਦੇ ਝਗੜੇ ਖ਼ਤਮ ਹੋ ਜਾਣਗੇ ਪਰ ਸਾਡੇ ਲੋਕ ਵੈਰ-ਵਿਰੋਧ, ਹੰਕਾਰ ਨਾਲ ਭਰੇ ਹੋਏ ਹਨ। ਇਨ੍ਹਾਂ ਦਾ ਆਪਣਾ ਜੀਵਨ ਉਸ ਪੱਧਰ ਦਾ ਨਹੀਂ ਬਣ ਸਕਿਆ ਕਿ ਇਹ ਗੁਰਬਾਣੀ ਦੇ ਵਿਚਾਰਾਂ ਨੂੰ ਅਪਣਾਅ ਸਕਣ। ਇਹ ਆਪਣੇ ਹੰਕਾਰ ਨੂੰ ਤਿਆਗਣਾ ਨਹੀਂ ਚਾਹੁੰਦੇ, ਵੈਰ-ਵਿਰੋਧ ਜਾਰੀ ਰੱਖਣਾ ਚਾਹੁੰਦੇ ਹਨ। ਇਸ ਕਰਕੇ ਗੁਰਬਾਣੀ ਦੀ ਵਿਚਾਰਧਾਰਾ ਸਾਡੇ ਦੇਸ਼ ਵਿਚ ਲਾਗੂ ਨਹੀਂ ਹੋ ਸਕੀ।

### 4.13.4 ਡਾ.ਰਤਨ ਸਿੰਘ ਜੱਗੀ, ਪ੍ਰੋ. ਅਤੇ ਮੁਖੀ (ਰਿਟਾਇਰਡ)[82] ਲਿਟਰੇਰੀ ਸਟੱਡੀਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ:

ਗੁਰੂ ਨਾਨਕ ਦੇਵ ਜੀ ਨੇ ਰਾਜੇ, ਪਰਜਾ ਅਤੇ ਰਾਜਨੀਤਕ ਵਾਤਾਵਰਨ ਸਬੰਧੀ ਜਿਹੜੇ ਦਿਸ਼ਾ-ਨਿਰਦੇਸ਼ ਦਿੱਤੇ ਹਨ ਉਹ ਪਰਚਾਰ ਦੀ ਮੰਗ ਕਰਦੇ ਹਨ। ਚਾਹੀਦਾ ਇਹ ਹੈ ਕਿ ਗੁਰਮਤਿ ਫ਼ਿਲਾਸਫ਼ੀ ਦੀ ਠੀਕ ਅਤੇ ਸਰਲ ਢੰਗ ਨਾਲ ਵਿਆਖਿਆ ਕਰਕੇ ਸਸਤੇ ਮੁੱਲ 'ਤੇ ਲੋਕਾਂ ਤੱਕ ਪਹੁੰਚਾਈ ਜਾਵੇ ਤਾਂ ਜੋ ਲੋਕ ਉਸਨੂੰ ਅੰਗੀਕਾਰ ਕਰ ਸਕਣ। ਜਦੋਂ ਲੋਕਾਂ ਤੱਕ ਇਹ ਵਿਚਾਰਧਾਰਾ ਪਹੁੰਚੇਗੀ ਤਦ ਹੀ ਤਾਂ ਉਹ ਇਸਨੂੰ ਅਪਨਾਉਣਗੇ।

#### 4.13.5 ਡਾ.ਜਗਬੀਰ ਸਿੰਘ, ਪ੍ਰੋ. ਅਤੇ ਮੁਖੀ (ਰਿਟਾਇਰਡ)[83] ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ:

ਕਿਸੇ ਵੀ ਮਹਾਂਪੁਰਸ਼ ਨੇ ਸਾਨੂੰ ਜੀਵਨ-ਜਾਚ ਦਾ ਸੁਚੱਜਾ ਮਾਰਗ ਦਰਸਾਉਣਾ ਹੁੰਦਾ ਹੈ, ਇਹੀ ਗੱਲ ਉਸਨੂੰ ਮਹਾਂਪੁਰਸ਼ਾਂ ਦੀ ਸ਼੍ਰੇਣੀ ਵਿਚ ਖੜ੍ਹਾ ਕਰਦੀ ਹੈ। ਉਨ੍ਹਾਂ ਨੇ ਮਨੁੱਖ ਦੇ ਜੀਵਨ-ਪੰਧ ਲਈ ਦਿਸ਼ਾ-ਨਿਰਦੇਸ਼ ਤੈਅ ਕਰਨੇ ਹੁੰਦੇ ਹਨ, ਜਿਨ੍ਹਾਂ ਉੱਪਰ ਚੱਲ ਕੇ ਮਨੁੱਖ ਦਾ ਅਤੇ ਉਸਦੇ ਆਲ਼ੇ-ਦੁਆਲ਼ੇ ਦਾ ਜੀਵਨ ਸੁਖਾਲ਼ਾ ਹੋ ਸਕੇ। ਉਸਨੂੰ ਅਪਨਾਉਣਾ ਜਾਂ ਨਾ ਅਪਨਾਉਣਾ ਸਮਕਾਲੀ ਪ੍ਰਸਥਿਤੀਆਂ ਅਤੇ ਬਹੁਤਾ ਕਰਕੇ ਉਸ ਮਨੁੱਖ ਦੀ ਮਰਜ਼ੀ 'ਤੇ ਮੁਨੱਸਰ ਕਰਦਾ ਹੈ, ਜਿਸਦੇ ਹੱਥ ਸੱਤਾ ਦੀ ਵਾਗਡੋਰ ਹੁੰਦੀ ਹੈ। ਸੱਤਾ ਦਾ ਨਸ਼ਾ ਮਨੁੱਖ ਦੇ ਆਪ-ਹੁਦਰੇਪਨ ਨੂੰ ਉਤਸ਼ਾਹਿਤ ਕਰਦਾ ਹੈ। ਸੋ, ਮਨੁੱਖ ਕਿਸੇ ਵੀ ਸਿਧਾਂਤ ਦੀ ਨਿਗਰਾਨੀ ਤੋਂ ਮੁਨਕਰ ਹੋਣ ਵਿਚ ਹੀ ਆਪਣੀ ਹਉਂ ਦੀ ਪੂਰਤੀ ਸਮਝਦਾ ਹੈ। ਇਸ ਕਰਕੇ ਗੁਰਮਤਿ ਦਰਸ਼ਨ ਸਾਡੇ ਰਾਜਨੀਤਕ ਸਿਸਟਮ ਵਿਚ ਲਾਗੂ ਨਹੀਂ ਹੋ ਸਕਿਆ।

#### 4.13.6 ਡਾ. ਜਸਪਾਲ ਕੌਰ ਕਾਂਗ, ਚੇਅਰਪਰਸਨ[84] ਗੁਰੂ ਨਾਨਕ ਸਿੱਖ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ:

ਬਾਣੀਕਾਰਾਂ ਦਾ ਦਰਸਾਇਆ ਰਾਜਨੀਤਕ ਮਾੱਡਲ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ ਪਰ ਜਦੋਂ ਕੋਈ ਸੱਤਾ ਦੀ ਪ੍ਰਾਪਤੀ ਕਰ ਲੈਂਦਾ ਹੈ ਤਾਂ, ਉਹ ਤਾਂ ਆਪਣਾ ਹੁਕਮ ਚਲਾਉਣਾ ਚਾਹੁੰਦਾ ਹੈ, ਆਪਣੀ ਮਰਜ਼ੀ ਕਰਨਾ ਚਾਹੁੰਦਾ ਹੈ। ਤਦ ਉਸਨੂੰ ਕਿਸੇ ਦੇ ਦਰਸਾਏ ਮਾੱਡਲ ਦੀ ਕੋਈ ਪਰਵਾਹ ਨਹੀਂ ਰਹਿੰਦੀ। ਬਾਣੀਕਾਰਾਂ ਦਾ ਦਰਸਾਇਆ ਰਾਜਨੀਤਕ ਮਾੱਡਲ ਸਮਾਜਵਾਦ ਦਾ ਮਾੱਡਲ ਹੈ ਜਦਕਿ ਸੱਤਾਧਾਰੀ ਪਰਜਾ ਨੂੰ ਵਧੇਰੇ ਹੱਕ-ਹਕੂਕ ਦੇਣ ਦੇ ਵਿਰੋਧੀ ਹੁੰਦੇ ਹਨ। ਉਨ੍ਹਾਂ ਨੇ ਤਾਂ ਆਪ, ਵੱਧ ਤੋਂ ਵੱਧ ਫ਼ਾਇਦੇ ਲੈਣੇ ਹੁੰਦੇ ਹਨ। ਇਸ ਕਰਕੇ ਉਹ ਕਿਸੇ ਦੇ ਵੀ ਦਰਸਾਏ ਮਾੱਡਲ ਦੀ ਪਰਵਾਹ ਨਹੀਂ ਕਰਦੇ।

#### 4.13.7 ਡਾ. ਗੁਲਜ਼ਾਰ ਸਿੰਘ ਕੰਗ, ਡਾਇਰੈਕਟਰ[85] ਸੈਂਟਰ ਆੱਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ , ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਸਾਹਿਬ:

ਜਦੋਂ ਕੋਈ ਕੁਰਸੀ 'ਤੇ ਬੈਠਦਾ ਹੈ ਤਾਂ ਉਹ ਕਿਸੇ ਵੀ ਸਿਧਾਂਤ ਨਾਲੋਂ ਆਪਣੇ-ਆਪ ਨੂੰ ਵੱਡਾ ਸਮਝਦਾ ਹੈ। ਉਹ ਚਾਹੁੰਦਾ ਹੈ ਕਿ ਮੈਂ ਨਿਰੰਕੁਸ਼ ਹੋ ਕੇ ਆਪਣਾ ਸ਼ਾਸਨ ਚਲਾਵਾਂ ਅਤੇ ਮੇਰੇ ਉੱਪਰ ਕਿਸੇ ਤਰ੍ਹਾਂ ਦਾ ਕੋਈ ਕੰਟਰੋਲ ਨਾ ਹੋਵੇ। ਇਸਤੋਂ ਵਿਕਾਰ ਪੈਦਾ ਹੁੰਦੇ ਹਨ, ਪਰ ਉਸਨੂੰ ਇਨ੍ਹਾਂ ਗੱਲਾਂ ਦੀ ਕੋਈ ਪਰਵਾਹ ਨਹੀਂ ਹੁੰਦੀ। ਗੁਰੂ ਸਾਹਿਬ ਤਾਂ ਆਪਣਾ ਦਰਸ਼ਨ ਸਾਡੇ ਹਵਾਲੇ ਕਰ ਗਏ, ਹੁਣ ਉਸਨੂੰ ਅਪਨਾਉਣਾ ਤਾਂ ਅਸੀਂ ਹੈ, ਇਹ ਸਾਡੀ ਜ਼ਿੰਮੇਵਾਰੀ ਹੈ।

### 4.13.8 ਡਾ. ਬ੍ਰਹਮਜਗਦੀਸ਼ ਸਿੰਘ, ਮੁਖੀ (ਰਿਟਾਇਰਡ)[86] ਪੰਜਾਬੀ ਵਿਭਾਗ, ਬਰਜਿੰਦਰਾ ਕਾਲਜ ਫਰੀਦਕੋਟ:

ਗੁਰਬਾਣੀ ਰਚਨਾ-ਕਾਲ ਦਾ ਯੁੱਗ ਜਾਗੀਰਦਾਰੀ ਵਿਵਸਥਾ ਦਾ ਯੁੱਗ ਸੀ। ਰਾਜੇ ਆਪ-ਮੁਹਾਰੇ ਅਤੇ ਨਿਰਦਈ ਸਨ। ਤਦ ਗੁਰੂ ਨਾਨਕ ਦੇਵ ਜੀ ਨੇ ਇਸ ਵਿਵਸਥਾ ਦਾ ਸਖ਼ਤ ਨੋਟਿਸ ਲਿਆ ਅਤੇ ਰਾਜਨੀਤੀ ਦਾ ਆਦਰਸ਼ ਮਾੱਡਲ ਸਾਹਮਣੇ ਰੱਖਿਆ। ਅੱਜ ਭਾਰਤ ਵਿਚ ਲੋਕਤੰਤਰੀ ਸ਼ਾਸਨ-ਪ੍ਰਣਾਲੀ ਲਾਗੂ ਹੈ ਪਰ ਗੁਰਬਾਣੀ ਇਸ ਵਿਵਸਥਾ ਦਾ ਆਧਾਰ ਨਹੀਂ ਬਣ ਸਕੀ, ਇਸਦਾ ਕਾਰਨ ਇਹ ਹੈ ਕਿ ਸਾਡੇ ਵਿਦਵਾਨ ਗੁਰਬਾਣੀ ਦੀ ਫ਼ਿਲਾਸਫ਼ੀ ਨੂੰ ਲੋਕਤੰਤਰ ਦੇ ਆਧਾਰਕ ਸਿੱਧਾਂਤਾਂ ਦੇ ਸਮੁੱਚ ਵਾਲੀ ਰਚਨਾ ਦੇ ਤੌਰ 'ਤੇ ਸਿੱਧ ਨਹੀਂ ਕਰ ਸਕੇ। ਉਹ ਲੋਕਾਂ ਨੂੰ ਇਹ ਨਹੀਂ ਦੱਸ ਸਕੇ ਕਿ ਗੁਰਬਾਣੀ ਦੀ ਫ਼ਿਲਾਸਫ਼ੀ ਲੋਕਤੰਤਰੀ ਨਿਜ਼ਾਮ ਵਿਚ ਕਿੰਨੀ ਸਾਰਥਿਕ ਅਤੇ ਪ੍ਰਾਸੰਗਿਕ ਹੈ। ਇਹੀ ਕਾਰਨ ਹੈ ਕਿ ਗੁਰਬਾਣੀ-ਫ਼ਿਲਾਸਫ਼ੀ ਭਾਰਤੀ ਲੋਕਤੰਤਰੀ ਨਿਜ਼ਾਮ ਵਿਚ ਲਾਗੂ ਨਹੀਂ ਹੋ ਸਕੀ।

### 4.13.9 ਡਾ. ਅਮਰਜੀਤ ਸਿੰਘ, ਮੁਖੀ[87] ਪੰਜਾਬੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਜਲੰਧਰ, ਅਤੇ ਸੰਪਾਦਕ, ਤਿਮਾਹੀ ਮੈਗਜ਼ੀਨ 'ਕਾਵਿ ਸ਼ਾਸਤਰ' (ਆਈ. ਐੱਸ. ਐੱਸ. ਐੱਨ. ਨੰਬਰ):

ਡਾ. ਸਾਹਿਬ ਦੇ ਸ਼ਬਦਾਂ ਵਿਚ, "ਇਸਦਾ ਕਾਰਨ ਅਕਾਦਮਿਕ ਚਿੰਤਨ ਦੀ ਖੜੋਤ ਹੈ। ਅਕਾਦਮਿਕ ਚਿੰਤਨ ਦੀ ਇਹ ਖੜੋਤ ਹੀ ਵਿਚਾਰਾਂ ਤੋਂ ਦੂਰੀ ਬਣਾ ਰੱਖਦੀ ਹੈ। ......ਅਕਾਦਮਿਕ ਚਿੰਤਨ ਦੀ ਚਿੰਤਨ ਵਿਆਖਿਆ ਦਾ ਸਰਬ-ਮੰਗਲਕਾਰੀ ਵਿਚਾਰਾਂ ਨਾਲ ਕੋਈ ਸਰੋਕਾਰ ਨਹੀਂ ਹੈ।"

### 4.13.10 ਡਾ. ਜਸਪਾਲ ਸਿੰਘ, ਪ੍ਰਿੰਸੀਪਲ[88] ਗੁਰੂ ਨਾਨਕ ਨੈਸ਼ਨਲ ਕਾਲਜ (ਲੜਕੇ) ਨਕੋਦਰ, ਜਲੰਧਰ:

ਗੁਰੂ ਸਾਹਿਬਾਨ ਦੁਆਰਾ ਦਿੱਤੇ ਹੋਏ ਰਾਜਨੀਤਕ ਆਦਰਸ਼ ਬੜੇ ਉੱਚੇ-ਸੁੱਚੇ ਹਨ ਅਤੇ ਸਮੁੱਚੀ ਮਾਨਵਤਾ ਦੇ ਭਲੇ ਦਾ ਹੋਕਾ ਦਿੰਦੇ ਹਨ ਪਰ ਇਸ ਦੇਸ਼ ਦੇ ਰਾਜਨੀਤਕ ਲੋਕ ਆਪਣੇ ਹਿੱਤਾਂ ਨਾਲ ਇਸ ਕਦਰ ਬੱਝੇ ਹੋਏ ਹਨ ਕਿ ਉਹ ਇਨ੍ਹਾਂ ਆਦਰਸ਼ਾਂ ਨੂੰ ਲਾਗੂ ਕਰਨ ਦੀ ਸੋਚ ਵੀ ਨਹੀਂ ਸਕਦੇ। ਲੋਕ ਵੀ ਅਜਿਹੇ ਹੀ ਹੋ ਗਏ ਹਨ ਕਿ ਰੌਲ਼ਾ ਤਾਂ ਪਾਉਂਦੇ ਹਨ ਪਰ ਜਦੋਂ ਇਨ੍ਹਾਂ ਨੂੰ ਕੋਈ ਮੌਕਾ ਮਿਲਦਾ ਹੈ ਤਾਂ ਹੱਥੋਂ ਨਹੀਂ ਜਾਣ ਦਿੰਦੇ। ਹੁਣ ਦੇਖੋ, ਲੋਕ ਰਿਸ਼ਵਤਖੋਰੀ ਵਿਰੁੱਧ ਰੌਲ਼ਾ ਪਾਉਂਦੇ ਹਨ ਪਰ ਜਦੋਂ ਕਿਸੇ ਦਾ ਆਪਣਾ ਕੋਈ ਗ਼ਲਤ ਕੰਮ ਅੜਿਆ ਹੁੰਦਾ ਹੈ ਤਾਂ ਉਹ ਪੂਰਾ ਜ਼ੋਰ ਲਾਉਂਦਾ ਹੈ ਕਿ ਕਿਸੇ ਵੀ ਸਿੱਧੇ-ਅਸਿੱਧੇ ਤਰੀਕੇ ਨਾਲ ਉਸਦਾ ਉਹ ਕੰਮ ਹੋ ਜਾਵੇ। ਅਜਿਹੀਆਂ ਗੱਲਾਂ ਨਾਲ ਰਾਜਨੀਤਕ ਲੋਕਾਂ ਨੂੰ ਸ਼ਹਿ ਮਿਲਦੀ ਹੈ ਤੇ ਉਹ ਆਪਣੀ ਤਾਕਤ ਦਾ ਗ਼ਲਤ ਇਸਤੇਮਾਲ ਕਰਨ ਤੋਂ ਗ਼ੁਰੇਜ਼ ਨਹੀਂ ਕਰਦੇ। ਸੋ, ਸਭ ਤੋਂ ਪਹਿਲਾਂ ਤਾਂ ਲੋਕਾਂ ਨੂੰ ਆਪਣੇ ਅੰਦਰ ਸੁਧਾਰ ਲਿਆਉਣਾ ਪਵੇਗਾ ਤਾਂ ਹੀ ਉਹ ਸਹੀ ਨੇਤਾ ਚੁਣ ਸਕਣਗੇ ਤੇ ਸਮਾਜ ਨੂੰ ਸੁਹਿਰਦ ਵਿਵਸਥਾ ਮਿਲ ਸਕੇਗੀ।

### 4.13.11 ਡਾ. ਸੁਖਵਿੰਦਰ ਕੌਰ ਸੰਘਾ, ਪ੍ਰਿੰਸੀਪਲ[89] ਗੁਰੂ ਨਾਨਕ ਨੈਸ਼ਨਲ ਕਾਲਜ (ਲੜਕੀਆਂ) ਨਕੋਦਰ, ਜਲੰਧਰ:

ਗੁਰਬਾਣੀ ਦੀ ਫ਼ਿਲਾਸਫ਼ੀ ਸੱਚ ਹੈ ਜਦਕਿ ਰਾਜਨੀਤੀ ਝੂਠ ਦਾ ਪੁਲੰਦਾ ਹੈ। ਸਾਡੀ ਰਾਜਨੀਤੀ ਵਿਚ ਸੱਚ ਦੀ ਚੰਗਿਆੜੀ ਨੂੰ ਖ਼ਤਮ ਕੀਤਾ ਜਾਂਦਾ ਹੈ, ਸੱਚ ਨੂੰ ਫਾਂਸੀ ਹੋ ਰਹੀ ਹੈ ਤੇ ਕੂੜ ਪ੍ਰਧਾਨ ਹੋ ਕੇ ਫਿਰ ਰਿਹਾ ਹੈ। ਇੱਕ ਮਿਆਨ ਵਿਚ ਦੋ ਤਲਵਾਰਾਂ ਕਿਵੇਂ

ਰਹਿ ਸਕਦੀਆਂ ਹਨ?ਰਾਜਨੀਤਕ ਲੋਕ ਨਹੀਂ ਚਾਹੁੰਦੇ ਕਿ ਲੋਕ-ਭਲਾਈ ਦਾ ਕੋਈ ਅਮਲ ਸਹੀ ਰੂਪ ਵਿਚ ਲਾਗੂ ਹੋ ਸਕੇ। ਇਸ ਕਰਕੇ ਇਹ ਦਰਸ਼ਨ ਸਾਡੀ ਰਾਜਨੀਤੀ ਵਿਚ ਅੱਜ ਤੱਕ ਲਾਗੂ ਨਹੀਂ ਹੋ ਸਕਿਆ।

**4.13.12 ਡਾ. ਜਗਤਾਰ ਸਿੰਘ, ਮੁਖੀ[90] ਪੰਜਾਬੀ ਵਿਭਾਗ, ਗੁਰੂ ਨਾਨਕ ਨੈਸ਼ਨਲ ਕਾਲਜ (ਲੜਕੇ) ਨਕੋਦਰ, ਜਲੰਧਰ:**

ਸਾਡੇ ਰਾਜਨੀਤਕ ਨੇਤਾ ਹਮੇਸ਼ਾ ਆਪਣੇ ਹਿੱਤਾਂ ਨੂੰ ਤਰਜੀਹ ਦਿੰਦੇ ਹਨ ਜਦਕਿ ਗੁਰਬਾਣੀ ਸਭ ਦੇ ਭਲੇ ਨੂੰ ਮੁੱਖ ਰੱਖ ਕੇ ਚੱਲਦੀ ਹੈ। ਜਦੋਂ ਸਭ ਦੇ ਭਲੇ ਦੀਆਂ ਨੀਤੀਆਂ ਲਾਗੂ ਹੋਣਗੀਆਂ ਤਾਂ ਇਨ੍ਹਾਂ ਦੀਆਂ ਸਹੂਲਤਾਂ ਨੂੰ ਤਾਂ ਖੋਰਾ ਲੱਗੇਗਾ ਹੀ ਲੱਗੇਗਾ, ਜੋ ਇਹ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕਰ ਸਕਦੇ। ਇਸ ਕਰਕੇ ਬਾਣੀਕਾਰਾਂ ਦੁਆਰਾ ਦਰਸਾਇਆ ਹੋਇਆ ਰਾਜਨੀਤਕ ਮਾੱਡਲ ਇਸ ਦੇਸ਼ ਵਿਚ ਲਾਗੂ ਨਹੀਂ ਹੋ ਸਕਿਆ।

## ਹਵਾਲੇ ਤੇ ਟਿੱਪਣੀਆਂ

[1]"ਅੰਦਰ ਬੈਠ ਕੇ (ਭਾਵ, ਤੁਰਕ ਹਾਕਮਾਂ ਤੋਂ ਚੋਰੀ ਚੋਰੀ) ਪੂਜਾ ਕਰਦਾ ਹੈ; (ਬਾਹਰ ਮੁਸਲਮਾਨਾਂ ਨੂੰ ਵਿਖਾਲਣ ਵਾਸਤੇ) ਕੁਰਾਨ ਆਦਿ ਪੜ੍ਹਦਾ ਹੈ; ਤੇ ਮੁਸਲਮਾਨਾਂ ਵਾਲੀ ਹੀ ਰਹਿਤ ਰੱਖੀ ਹੋਈ ਹੈ।" (ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-471)

[2]"ਨੀਲੇ ਕੱਪੜੇ ਪਾ ਕੇ (ਮੁਸਲਮਾਨ ਹਾਕਮਾਂ ਦੀ ਨਜ਼ਰ ਵਿੱਚ) ਪ੍ਰਵਾਨ ਹੁੰਦੇ ਹਨ। (ਉਨ੍ਹਾਂ ਦਿਨਾਂ ਵਿੱਚ ਨੀਲੇ ਕੱਪੜੇ ਪਾਣਾ ਮੁਸਲਮਾਨੀ ਫ਼ੈਸ਼ਨ ਸੀ। ਹਿੰਦੂ ਲੋਕ ਮੁਸਲਮਾਨਾਂ ਨੂੰ ਖ਼ੁਸ਼ ਕਰਨ ਲਈ ਇਹ ਫ਼ੈਸ਼ਨ ਕਰਦੇ ਸਨ। ..." ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਪੰਨਾ-472)

[3]"ਮੁਲਾਜ਼ਮਤ ਵੇਲੇ ਨੀਲੇ ਕੱਪੜੇ ਪਾ ਕੇ ਜਾਂਦੇ ਹਨ, (ਤਾਂ ਹੀ ਹਾਕਮਾਂ ਦੇ ਸਾਹਮਣੇ ਜਾਣ ਦੀ ਆਗਿਆ ਮਿਲਦੀ ਹੈ)।" ('ਗੁਰੂ ਗ੍ਰੰਥ ਸਾਹਿਬ ਦਰਪਣ' 1885)

[4]'ਸ਼ਾਹੀ ਨੌਕਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 142)

[5]'ਚੂਨੇ ਦਾ ਪਲਸਤਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'1410)

[6]'ਪਹਾੜਾਂ ਜਹੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1410)

[7]'ਚਿੱਟੇ ਮਹਲ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1410)

[8]'ਫੌਜ ਦੇ ਸਰਦਾਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1239)

[9]'ਸ਼ੋਭਾ ਦੇ ਸਮਿਆਨ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 142)

[10]'ਅਗਰ ਦਾ ਤੇਲ, ਅਤਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[11]'ਅੰਗ ਨਾਲ, ਸਰੀਰ ਨਾਲ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[12]'ਪਟ ਅਤੇ ਪਟ ਦੇ ਅੰਬਰ (ਕਪੜੇ)' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[13]'ਪਹਿਨ ਕੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[14]'ਕੰਨਾਂ ਦੇ ਕੁੰਡਲ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[15]'ਲਾਲ ਰੰਗ ਦੀ ਤੁਲਾਈ 'ਤੇ ਲਾਲਹ ਦੇ ਫੁੱਲ ਪਾਏ ਹੋਏ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[16]'ਲੱਭਦਾ ਹੈ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[17]'ਸੁੰਦਰ ਨੈਣਾਂ ਵਾਲੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[18]'ਖੋੜਸ, ਸੋਲਾਂ ਕਿਸਮ ਦੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[19]'ਚੰਗੇ-ਚੰਗੇ ਘੋੜੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[20]'ਚੰਗੇ-ਚੰਗੇ ਹਾਥੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[21]'ਨਾਇਬ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[22]'ਸ਼ਾਹੀ ਸੇਵਕ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'  225)

[23]'ਦਿਖਾਵੇ ਕਈ ਤਰ੍ਹਾਂ ਦੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 225)

[24]'ਪਾਤਸ਼ਾਹ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'  225)

[25]'ਹਵਾ ਵਾਂਗ ਤੇਜ਼ ਘੋੜੇ ਦੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 179)

[26]'ਨਾਟਕ ਦੇਖੇ ਤੇ ਅਖਾੜਿਆਂ ਵਿੱਚ ਉਨ੍ਹਾਂ ਦਾ ਗਾਣਾ ਭੀ ਸੁਣਿਆ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'179)

[27]'ਸਜਾਵਟ। ਰਾਜ ਸਭਾ ਵਿੱਚ ਤਖ਼ਤ ਤੇ ਗ਼ਲੀਚੇ ਆਦਿ ਦੀ ਸਜਾਵਟ ਦੇਖੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'179)

[28]'ਸ਼ਿਕਾਰ ਦਾ ਸ਼ੌਕ ਤੇ ਰਾਜਿਆਂ ਵਾਲੀਆਂ ਹੋਰ ਖੇਡਾਂ ਵੀ ਖੇਡੀਆਂ।'('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'179)

[29]'ਛਲ, ਧੋਖਾ। ਮਨ ਸੌਖਾ ਨਹੀਂ ਹੋਇਆ; ਇਹ ਸਾਰਾ ਹੀਲਾ (ਉੱਦਮ) ਨਿਰਾ ਛਲ ਸੀ।' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'179)

[30] 'ਸਾਰੀ'('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 143)

[31]'ਥੱਲੇ'('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'143)

[32]'ਅਮੀਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'861)

[33]'('ਸ਼ਿਕਦਾਰ' ਪਠਾਣ ਬਾਦਸ਼ਾਹਾਂ ਦੇ ਵੇਲੇ ਇਕ ਹਾਕਮ ਹੁੰਦਾ ਸੀ) ਸਰਦਾਰ।'('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'861)

[34]'ਕਨਾਤਾਂ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 989)

[35]'ਇਕੱਠੇ ਕਰਕੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 14)

[36]'ਪੈਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' '14)

[37]'ਅਰਬੀ ਤੇ ਤੁਰਕੀ ਘੋੜੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 155)

[38]'ਸ਼ਹਿਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 141)

[39]'ਸੁੰਦਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 141)

[40]'ਪਦਾਰਥ ਨਾਲ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 141)

[41]'ਖਾਲੀ ਹੋ ਜਾਂਦੇ ਹਨ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 141)

[42]'ਖਿਨ ਵਿੱਚ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 141)

[43]'ਅਰਬੀ ਨਸਲ ਦੇ ਘੋੜੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 141)

[44]'ਊਠ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' '141)

[45]'ਹਾਥੀ ਘੋੜੇ ਦੇ ਸਰੀਰ ਨੂੰ ਸੱਟਾਂ ਤੋਂ ਬਚਾਣ ਲਈ ਲੋਹੇ ਦਾ ਝੁੱਲ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 141)

[46]'ਕਨਾਤਾਂ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'141)

[47]'ਅਤਲਸ, ਕੀਮਖ਼ਾਬ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 141)

[48]'ਕੈਦਖ਼ਾਨਾ' ('ਗੁਰੂ ਗ੍ਰੰਥ ਸਾਹਿਬ ਦਰਪਣ' 5880)

[49]'ਦਿਖਾਵੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 856)

[50]"ਮੁਗ਼ਲਾਂ ਦੇ ਵੇਲੇ ਜਦ ਕੋਈ ਪੁਰਸ਼ ਸ਼ਿਕਾਇਤ ਲੈ ਕੇ ਪਾਤਸ਼ਾਹ ਪਾਸ ਜਾਂਦਾ ਸੀ ਤਾਂ ਉਸ ਦੇ ਗਲ ਵਿੱਚ ਇਕ ਖਾਸ ਕਿਸਮ ਦਾ ਕਾਲਾ ਜੁੱਲਾ ਪਾਇਆ ਜਾਂਦਾ ਸੀ, ਜਿਸ ਤੋਂ ਪਾਤਸ਼ਾਹ ਉਸ ਦੇ ਆਵਣ ਦਾ ਭਾਵ ਸਮਝ ਲੈਂਦਾ ਸੀ। ਇਹ ਜੁੱਲਾ ਬਹੁਤਿਆਂ ਦੇ ਵਰਤਨ ਕਰਕੇ ਅਕਸਰ ਮੈਲਾ ਤੇ ਜੂੰਆਂ ਨਾਲ ਭਰਿਆ ਹੁੰਦਾ ਸੀ। " ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 306)

[51]"ਮੈਲ ਤੇ ਜੂੰਆਂ ਨਾਲ ਭਰਿਆ। ਮਰਵਾਹਾ ਖੱਤਰੀ ਆਪਣੇ ਇਕ ਆਦਮੀ ਨੂੰ ਨਾਲ ਲਿਜਾ ਕੇ ਅਕਬਰ ਪਾਤਸ਼ਾਹ ਦੇ ਕੋਲ ਗੁਰੂ ਅਮਰਦਾਸ ਜੀ ਦੇ ਵਿਰੁੱਧ ਚੁਗ਼ਲੀ ਕਰਾਂਦਾ ਹੈ, ਪਰ ਨਿਰਾਸ ਤੇ ਬੇਇਜ਼ਤ ਹੋ ਕੇ ਪਰਤ ਆਉਂਦਾ ਹੈ। ਉਸ ਪਰਥਾਏ ਫੁਰਮਾਇਆ ਹੈ।" ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 306)

[52]'ਜੁੱਲਾ'('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 306)

[53]'ਮੋਹਰ ਛਾਪ ਲਾ ਕੇ ਬੰਦ ਕੀਤੀ ਹੋਈ'('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'645)

[54]'ਪਟ+ਅੰਤਰਾ= ਪਟੇ ਦਾ ਭੇਦ। ਸਰਕਾਰੀ ਪਟੇ ਬੜੀਆਂ ਗੂੜ੍ਹ ਲਿਖਤਾਂ ਹੁੰਦੀਆਂ ਸਨ, ਉਨ੍ਹਾਂ ਦਾ ਸਮਝਣਾ ਔਖਾ ਹੁੰਦਾ ਹੈ।' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'788)

[55]'ਦਫਤਰ ਮੇਂ ਪਾਇ ਲੀਆ ਹੈ'('ਫਰੀਦਕੋਟ ਵਾਲਾ ਟੀਕਾ' 2605)

[56]'ਕਾਰਯਾਲਯ, ਉਹ ਅਸਥਾਨ,ਜਿੱਥੇ ਲਿਖਤ ਪੜ੍ਹਤ ਦਾ ਕੰਮ ਹੋਵੇ.'('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼'620)

[57]'ਉਹ ਨਵਿਸਤ, ਜਿਸ ਵਿੱਚ ਨਿਯਮਾਂ ਦੀ ਹੱਦ ਬੰਨ੍ਹ ਦਿੱਤੀ ਜਾਵੇ...... ਹੁਣ ਕੋਈ ਮੇਰੇ ਉੱਪਰ ਲਗਾਨ ਵਧਾ ਨਹੀਂ ਸਕਦਾ, ਪੱਕਾ ਬੰਦੋਬਸਤ ਹੋਗਿਆ.'('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' 933)

[58]'ਸਮਾਨ ਜੀਵਨ' ('ਗੁਰੂ ਗ੍ਰੰਥ ਸਾਹਿਬ ਦਰਪਣ' 5317)

[59]'ਨਿੱਘਰਿਆ'('ਗੁਰੂ ਗ੍ਰੰਥ ਸਾਹਿਬ ਦਰਪਣ'5317)

[60]ਅਸ਼ੋਕ ਕੁਮਾਰ ਸ਼ਿੰਗਾਰੀ, ਰੋਜ਼ਾਨਾ 'ਜਗ ਬਾਣੀ', ਮਿਤੀ 27.11.2017, ਪੰਨਾ-6

[61]'ਜ਼ਰਹ ਬਕਤਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 312)

[62]'ਮੱਲਿਆ, ਖਲੋ ਗਿਆ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1105)

[63]'ਨੇਜ਼ਾ' ('ਗੁਰੂ ਗ੍ਰੰਥ ਸਾਹਿਬ ਦਰਪਣ' 5906)

[64]'ਸਾਹ ਕੱਢ ਲੈਂਦੀ'('ਫਰੀਦਕੋਟ ਵਾਲਾ ਟੀਕਾ' 5906)

[65]'ਫੌਜੀ ਰਸਾਲਿਆਂ ਦੇ ਮਾਲਕ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1287)

[66]'ਸੰਜੋਅ'('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1356)

[67]'ਸ਼ਸਤ੍ਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1356)

[68]'ਹਾਥੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1356)

[69]'ਹੱਲਾ ਕਰਦੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1356)

[70]'ਜਿਹੜੇ ਜੱਗ ਜਿੱਤੀ ਬੈਠੇ, ਪੰਜ ਚੋਰ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1356)

[71]ਸ. ਸ. ਅਮੋਲ, ਪੰਜਾਬੀ ਸਭਿਆਚਾਰ ਦੀ ਰੂਪ ਰੇਖਾ, ਪੰਨਾ-152

[72]ਸ. ਸ. ਅਮੋਲ, ਪੰਜਾਬੀ ਸਭਿਆਚਾਰ ਦੀ ਰੂਪ ਰੇਖਾ, ਪੰਨਾ-157

[73]'ਮੁਗ਼ਲ ਅਤੇ ਸਿੱਖ ਰਾਜ ਕੁਲੈਕਟਰ ਦਾ ਨਾਇਬ, ਜੋ ਮੁਆਮਲਾ ਉਗਰਾਹਿਆ ਕਰਦਾ ਸੀ' ('ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' 981)

[74]'ਰਾਜਾ (ਪਰਜਾ ਪਾਸੋਂ ਮਾਮਲਾ) ਮੰਗਦਾ ਹੈ (ਨਾਹ ਦਿੱਤਾ ਜਾਏ ਤਾਂ ਰਾਜਾ ਪਰਜਾ ਦੀ ਵਿਗੜਦੀ ਹੈ, ਮਾਮਲਾ) ਦਿੱਤਿਆਂ (ਰਾਜਾ ਪਰਜਾ ਦਾ) ਮੇਲ ਬਣਦਾ ਹੈ।' ('ਗੁਰੂ ਗੰਥ ਸਾਹਿਬ ਦਰਪਣ' 594)

[75]'ਮੁਗ਼ਲ ਅਤੇ ਸਿੱਖ ਰਾਜ ਸਮੇਂ ਕਲੈਕਟਰ ਦਾ ਨਾਇਬ, ਜੋ ਮੁਆਮਲਾ ਉਗਰਾਹਿਆ ਕਰਦਾ ਸੀ (foreman).' ('ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' 981)

[76]'ਉਨ੍ਹਾਂ ਦੇ ਗੁਲਾਮਾਂ ਦਾ ਗੋਲਾ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 311)

[77]'ਪਰਵਾਨਾ, ਰਾਹਦਾਰੀ, ਨਿਸ਼ਾਨ', ('ਗੁਰੂ ਗ੍ਰੰਥ ਸਾਹਿਬ ਦਰਪਣ' 1863)

[78]'ਗੁਣਾਂ ਵਿੱਚ ਨਿਪੁੰਨ, ਸਿਆਣਾ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 464)

[79]ਮਿਤੀ 15.02.2017 ਨੂੰ ਸਵੇਰੇ 10:30 ਵਜੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਵਿੱਚ ਸਥਿਤ 'ਗੁਰੂ ਗ੍ਰੰਥ ਸਾਹਿਬ ਭਵਨ' ਵਿਖੇ ਉਕਤ ਮੁੱਦੇ ਤੇ ਆਪ ਜੀ ਨਾਲ ਚਰਚਾ ਹੋਈ।

[80]ਮਿਤੀ 12.01.2017 ਨੂੰ ਸਵੇਰੇ 8:50 ਵਜੇ ਵਿਸ਼ਵ-ਪ੍ਰਸਿੱਧ ਵਾਤਾਵਰਨ ਪ੍ਰੇਮੀ (ਜਿਹੜੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਿਰਤੀ ਸੰਭਾਲ ਦੇ ਆਸ਼ੇ ਨੂੰ, ਮੁੱਖ ਤੌਰ 'ਤੇ, ਨਾਲ ਲੈ ਕੇ ਅੱਗੇ ਵਧ ਰਹੇ ਹਨ) ਸੰਤ ਬਲਬੀਰ ਸਿੰਘ ਜੀ ਸੀਚੇਵਾਲ ਨਾਲ ਉਨ੍ਹਾਂ ਦੇ ਡੇਰੇ (ਸੀਚੇਵਾਲ) ਵਿਖੇ ਇਸ ਪ੍ਰਸ਼ਨ ਸਬੰਧੀ ਚਰਚਾ ਹੋਈ।

[81]ਮਿਤੀ 27.01.2017 ਨੂੰ ਸਵੇਰੇ 9:35 ਵਜੇ ਤੋਂ 10:10 ਵਜੇ ਤੱਕ ਸੰਤ ਦਿਲਾਵਰ ਸਿੰਘ ਜੀ ਬ੍ਰਹਮ ਜੀ ਨਾਲ ਉਨ੍ਹਾਂ ਦੇ ਡੇਰੇ (ਜੱਬੜ, ਜਲੰਧਰ) ਵਿਖੇ ਉਕਤ ਮੁੱਦੇ 'ਤੇ ਵਿਚਾਰ ਕੀਤੀ ਗਈ।

[82]ਮਿਤੀ 18.02.2017 ਨੂੰ ਸ਼ਾਮ 4:19 ਵਜੇ ਡਾ. ਰਤਨ ਸਿੰਘ ਜੱਗੀ ਜੀ ਨਾਲ ਫ਼ੋਨ ਉੱਪਰ ਉਕਤ ਮੁੱਦੇ 'ਤੇ ਚਰਚਾ ਹੋਈ।

[83]ਮਿਤੀ 16.02.2017 ਨੂੰ ਆਪ ਦਸ਼ਮੇਸ਼ ਗਰਲਜ਼ ਕਾਲਜ, ਚੱਕ ਅੱਲ੍ਹਾ ਬਖ਼ਸ਼, ਮੁਕੇਰੀਆਂ ਵਿਖੇ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ: ਜੀਵਨ ਅਤੇ ਦਰਸ਼ਨ' ਵਿਸ਼ੇ 'ਤੇ ਆਯੋਜਿਤ ਸੈਮੀਨਾਰ ਵਿੱਚ ਸ਼ਾਮਲ ਹੋਣ ਲਈ ਆਏ ਹੋਏ ਸਨ, ਜਿੱਥੇ ਇਸ ਪ੍ਰਸ਼ਨ 'ਤੇ ਆਪ ਜੀ ਨਾਲ ਚਰਚਾ ਹੋਈ।

[84]ਮਿਤੀ 20.02.2017 ਨੂੰ ਡਾ. ਜਸਪਾਲ ਕੌਰ ਕਾਂਗ ਜੀ ਨਾਲ ਸ਼ਾਮ 5:43 ਵਜੇ ਫ਼ੋਨ ਉੱਪਰ ਇਸ ਮੁੱਦੇ 'ਤੇ ਚਰਚਾ ਕੀਤੀ ਗਈ।

[85]ਮਿਤੀ 15.02.2017 ਨੂੰ ਸਵੇਰੇ 10:55 ਵਜੇ ਡਾ. ਗੁਲਜ਼ਾਰ ਸਿੰਘ ਕੰਗ ਜੀ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵਿਖੇ ਉਕਤ ਮੁੱਦੇ 'ਤੇ ਚਰਚਾ ਹੋਈ।

[86]ਮਿਤੀ 13.01.17 ਨੂੰ ਆਪ ਜੀ ਨਾਲ 12:41 ਵਜੇ ਤੋਂ 12:54 ਵਜੇ ਤੱਕ ਆਪ ਜੀ ਦੇ ਫ਼ੋਨ 'ਤੇ ਗੱਲ ਹੋਈ।

[87]ਆਪ ਜੀ ਨੇ ਉਕਤ ਸੁਆਲ ਦਾ ਉੱਤਰ ਈ-ਮੇਲ ਰਾਹੀਂ ਭੇਜਿਆ ਹੈ।

[88]ਆਪ ਜੀ ਨਾਲ ਮਿਤੀ 12.01.17 ਨੂੰ 12:30 ਵਜੇ ਕਾਲਜ ਵਿਖੇ ਉਕਤ ਸੁਆਲ ਬਾਰੇ ਚਰਚਾ ਕੀਤੀ ਗਈ।

[89]ਆਪ ਜੀ ਨਾਲ ਮਿਤੀ 12.01.17 ਨੂੰ 2:20 ਵਜੇ ਕਾਲਜ ਵਿਖੇ ਉਕਤ ਪ੍ਰਸ਼ਨ ਸਬੰਧੀ ਚਰਚਾ ਕੀਤੀ ਗਈ।

[90]ਆਪ ਨੇ ਸੱਤ ਐੱਮ.ਏ. ਕੀਤੀਆਂ ਹੋਈਆਂ ਹਨ ਅਤੇ ਗੁਰਮਤਿ ਖੇਤਰ ਵਿੱਚ ਡਾੱਕਟਰੇਟ ਹਨ। ਮਿਤੀ 12.01.17 ਨੂੰ 1:05 ਵਜੇ ਕਾਲਜ ਵਿਖੇ ਉਕਤ ਪ੍ਰਸ਼ਨ ਸਬੰਧੀ ਆਪ ਜੀ ਨਾਲ ਚਰਚਾ ਕੀਤੀ ਗਈ।

# ਅਧਿਆਇ ਪੰਜਵਾਂ

# ਵਾਤਾਵਰਨ-ਚੇਤਨਾ ਸਬੰਧੀ ਵਿਚਾਰਧਾਰਾ ਅਤੇ ਉਸ ਦੀ ਅਜੋਕੀ ਸਥਿਤੀ

ਸਲੋਕ ਬਾਣੀ-ਰੂਪ ਦਾ ਅਧਿਐਨ ਕਰਦਿਆਂ ਦੇਖਿਆ ਜਾਂਦਾ ਹੈ ਕਿ ਇਹ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੀ ਤਰ੍ਹਾਂ, ਮਨੁੱਖ ਦੀ ਨਾ ਸਿਰਫ਼ ਅਧਿਆਤਮਿਕ ਅਗਵਾਈ ਕਰਦੀ ਹੈ ਸਗੋਂ, ਤਤਕਾਲੀ ਪ੍ਰਸਥਿਤੀਆਂ ਦੀ ਜਾਣਕਾਰੀ ਕਰਵਾਉਂਦੇ ਹੋਏ ਵਾਤਾਵਰਨ ਸੰਭਾਲ ਪ੍ਰਤਿ ਚੇਤਨਤਾ ਵੀ ਪੈਦਾ ਕਰਦੀ ਹੈ। ਵਾਤਾਵਰਨ ਸਦਾ ਹੀ ਮਨੁੱਖ ਦੇ ਜੀਵਨ ਦਾ ਅਹਿਮ ਅੰਗ ਰਿਹਾ ਹੈ। ਇਸ ਤੋਂ ਬਿਨਾ ਮਨੁੱਖ ਦੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਮਨੁੱਖ ਦੀ ਹੋਂਦ ਦਾ ਪ੍ਰਮੁੱਖ ਆਧਾਰ ਹੈ। ਬਾਣੀਕਾਰ ਜਿੱਥੇ ਮਨੁੱਖ ਦੇ ਸਾਵੇਂ-ਸੁਖਾਵੇਂ ਜੀਵਨ ਦੀ ਕਾਮਨਾ ਕਰਦੇ ਹਨ, ਓਥੇ ਉਸਨੂੰ ਵਾਤਾਵਰਨ ਸੰਭਾਲ ਪ੍ਰਤਿ ਵੀ ਜਾਗਰੂਕ ਹੋਣ ਦਾ ਸੰਦੇਸ਼ ਦਿੰਦੇ ਹਨ ਤਾਂ ਜੋ ਇਸ ਪੱਖ ਤੋਂ ਵੀ ਉਸਦਾ ਜੀਵਨ ਪੂਰਾ ਹੋਵੇ ਭਾਵ ਉਸਦੇ ਜੀਵਨ ਦਾ ਇਹ ਆਧਾਰਕ ਪੱਖ ਵੀ ਮੁਕੰਮਲ ਹੋਵੇ। ਗੁਰੂ ਸਾਹਿਬ ਵਾਤਾਵਰਨ ਦੇ ਮੁੱਖ ਤੱਤਾਂ ਹਵਾ, ਪਾਣੀ, ਬਨਸਪਤੀ ਅਤੇ ਧਰਤੀ ਆਦਿ ਦੀ ਰੱਖਿਆ-ਸੁਰੱਖਿਆ ਕਰਨ ਲਈ ਆਖਦੇ ਹਨ। ਅੱਗੇ ਲਿਖੀਆਂ ਪੰਕਤੀਆਂ ਵਿਚ ਇਸ ਚਰਚਾ ਦਾ ਵਿਸਤਾਰ ਕੀਤਾ ਜਾਵੇਗਾ:

## 5.1 ਹਵਾ

ਮਨੁੱਖ ਹਵਾ ਦੇ ਆਸਰੇ ਸਾਹ ਲੈਂਦਾ ਹੈ। ਇਸ ਤੋਂ ਬਿਨਾ ਅਸੀਂ ਜਿਉਂਦੇ ਨਹੀਂ ਰਹਿ ਸਕਦੇ। ਇਹ ਜੀਵ-ਜਗਤ ਦੇ ਪ੍ਰਾਣਾਂ ਦਾ ਆਧਾਰ ਹੈ। [1]'ਪਵਣੁ ਗੁਰੂ'(*ਸ੍ਰੀ ਗੁਰੂ ਗ੍ਰੰਥ ਸਾਹਿਬ* 8) ਆਖ ਕੇ ਗੁਰੂ ਨਾਨਕ ਦੇਵ ਜੀ ਨੇ ਹਵਾ ਨੂੰ, ਮਨੁੱਖੀ ਜੀਵਨ ਦੇ ਸੰਦਰਭ ਵਿਚ, ਗੁਰੂ ਦੀ ਪਦਵੀ ਨਾਲ ਤੁਲਨਾਇਆ ਹੈ। ਗੁਰਬਾਣੀ ਵਿਚ ਗੁਰੂ ਨੂੰ ਉੱਤਮ ਪਦਵੀ ਦਿੱਤੀ ਗਈ ਹੈ। ਗੁਰੂ ਮਨੁੱਖ ਦੇ ਜੀਵਨ ਦਾ ਆਧਾਰ ਦੱਸਿਆ ਗਿਆ ਹੈ ਤੇ ਉਸਦੀ ਇੱਛਾ ਦੇ ਵਿਰੁੱਧ ਤਾਂ ਤੁਰਨ ਨੂੰ ਵੀ ਬੁਰਾ ਗਿਣਿਆ ਗਿਆ ਹੈ। ਜਿਹੜਾ ਮਨੁੱਖ ਅਜਿਹਾ ਕਰਦਾ ਹੈ ਉਹ ਅੰਤ ਪਛਤਾਉਂਦਾ ਹੈ ਅਤੇ ਗੁਜ਼ਰ ਚੁੱਕੇ ਵਕਤ ਲਈ, ਜਿਹੜਾ ਉਸਨੇ ਅਜਾਈਂ ਗੁਆ ਦਿੱਤਾ, ਝੂਰਦਾ ਹੈ। ਹੁਣ ਇਸ ਸੰਦਰਭ ਵਿਚ ਹਵਾ ਦੀ ਮਹੱਤਤਾ ਦਾ ਸੰਕਲਪ ਵਿਚਾਰੀਏ ਤਾਂ ਗੁਰੂ ਨਾਨਕ ਦੇਵ ਜੀ ਦਾ ਹਵਾ ਨੂੰ ਗੁਰੂ ਦੀ ਪਦਵੀ ਨਾਲ ਤੁਲਨਾਉਣਾ ਸਮਝ ਆ ਜਾਂਦਾ ਹੈ।

ਹਵਾ ਕੁਦਰਤ ਦਾ ਮਨੁੱਖ ਨੂੰ ਦਿੱਤਾ ਹੋਇਆ ਅਨਮੋਲ ਤੋਹਫ਼ਾ ਹੈ। ਇਸ ਦਾ ਕੋਈ ਵੀ ਬਦਲ ਨਹੀਂ। ਗੁਰੂ ਸਾਹਿਬ ਦੇ ਕਹਿਣ ਦਾ ਭਾਵ ਇਹ ਹੈ ਕਿ ਜਿਵੇਂ ਤੁਸੀਂ ਆਪਣੇ ਰਹਿਬਰ (ਗੁਰੂ) ਦੀ ਸੇਵਾ-ਸੰਭਾਲ ਕਰਦੇ ਹੋ, ਇਸੇ ਤਰ੍ਹਾਂ ਹੀ ਹਵਾ ਦੀ ਸੰਭਾਲ ਕਰੋ (ਇਸਨੂੰ ਸਵੱਛ ਰੱਖੋ)। ਇਹ ਮਨੁੱਖੀ ਜੀਵਨ ਦਾ ਆਧਾਰ ਹੈ। ਇਹ ਜੀਵ-ਜਗਤ ਦੇ ਜੀਵਨ ਦੀ ਟੇਕ ਹੈ। (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 144) ਗੁਰੂ ਸਾਹਿਬ "ਆਪੇ ਪਉਣੁ ਪਾਣੀ ਬੈਸੰਤਰ"(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1020) ਰਾਹੀਂ ਆਖਦੇ ਹਨ ਕਿ ਪ੍ਰਭੂ ਆਪ ਹੀ ਨਿਰਗੁਣ-ਰੂਪ ਹੋ ਕੇ ਕੁਦਰਤ ਵਿਚ ਪਸਰਿਆ ਹੋਇਆ ਹੈ। ਹਵਾ ਵੀ ਉਸੇ ਅਰੂਪ ਮਾਲਕ ਦੀ ਹੋਂਦ ਦਾ ਪ੍ਰਮਾਣ ਹੈ। ਜਦੋਂ ਮਨੁੱਖ ਪਰਮਾਤਮਾ ਦੇ ਮਿਲਣ ਦੀ ਤਾਂਘ ਰੱਖਦਾ ਹੈ ਤਾਂ ਉਸਦੇ ਕੁਦਰਤ ਵਿਚ ਮਿਲਦੇ ਇਨ੍ਹਾਂ ਰੂਪਾਂ ਨਾਲ ਖਿਲਵਾੜ ਕਰਨ ਦੀ ਕਿਵੇਂ ਸੋਚ ਸਕਦਾ ਹੈ?

ਸੁਖਦਾਈ ਪਵਨੁ ਪਾਵਕੁ ਅਮੁਲਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 267)

ਜੇਤੇ ਜੀਅ ਜੀਵਹਿ ਲੈ ਸਾਹਾ॥[2]

ਆਪੇ ਪਾਵਕੁ ਆਪੇ ਪਵਨਾ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 329)

ਮਨੁੱਖ ਤਸੱਲੀ ਅਤੇ ਆਰਾਮ ਦਾ ਡੂੰਘਾ ਸਾਹ ਫਿਰ ਹੀ ਲੈ ਸਕਦਾ ਹੈ, ਜੇਕਰ ਹਵਾ ਤਾਜ਼ੀ ਅਤੇ ਸਵੱਛ ਹੋਵੇ। ਸਵੱਛ ਵਾਤਾਵਰਨ ਵਿਚ ਸਾਡਾ ਮਨ ਅਤੇ ਸਰੀਰ ਤਰੋ-ਤਾਜ਼ਾ ਮਹਿਸੂਸ ਕਰਦਾ ਹੈ। ਇਸ ਕਰਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜਿਸ ਹਵਾ ਵਿਚ ਮਨੁੱਖ ਨੇ ਸਾਹ ਲੈਣਾ ਹੈ, ਉਹ ਸਾਫ਼ ਅਤੇ ਸਵੱਛ ਹੋਵੇ ਤੇ ਇਸਨੂੰ ਸਾਫ਼ ਅਤੇ ਸਵੱਛ ਰੱਖਣਾ ਮਨੁੱਖ ਦੀ ਹੀ ਜ਼ਿੰਮੇਵਾਰੀ ਹੈ, ਕਿਸੇ ਹੋਰ ਦੀ ਨਹੀਂ। ਮਨੁੱਖ ਆਪਣੇ-ਆਪ ਨੂੰ ਸ੍ਰਿਸ਼ਟੀ ਦਾ ਸ਼੍ਰੋਮਣੀ ਜੀਵ ਅਖਵਾਉਂਦਾ ਹੈ, ਇਸਨੂੰ ਇਸ ਗੱਲ ਦਾ ਸਬੂਤ ਦੇਣਾ ਚਾਹੀਦਾ ਹੈ। ਜੇਕਰ ਇਹ ਜਾਣਦਾ ਹੈ ਕਿ ਹਵਾ ਦਾ ਸਾਫ਼-ਸਵੱਛ ਹੋਣਾ ਜ਼ਰੂਰੀ ਹੈ ਤਾਂ ਇਸਨੂੰ ਸਾਫ਼ ਅਤੇ ਸਵੱਛ ਰੱਖਣ ਦੀ ਜ਼ਿੰਮੇਵਾਰੀ ਕਿਸਦੀ ਹੈ? ਮਨੁੱਖ ਦੀ ਲਿਆਕਤ ਤਾਂ ਫਿਰ ਹੈ, ਜੇਕਰ ਇਹ ਵਿਚਾਰਾਂ ਤੋਂ ਉੱਠ ਕੇ ਅਮਲ ਵੱਲ ਕਦਮ ਪੁੱਟੇ, ਆਪਣੀ ਜ਼ਿੰਮੇਵਾਰੀ ਸਮਝੇ। ਸਿਰਫ਼ ਵਿਚਾਰ ਪ੍ਰਗਟ ਕਰ ਸਕਣ ਦੇ ਆਧਾਰ 'ਤੇ ਹੀ ਆਪਣੇ-ਆਪ ਨੂੰ ਸ੍ਰੇਸ਼ਟ ਨਾ ਆਖਦਾ ਫਿਰੇ। ਜੇਕਰ ਮਨੁੱਖ ਹੀ ਆਪਣਾ ਫ਼ਰਜ਼ ਨਹੀਂ ਪਛਾਣੇਗਾ, ਉਸਨੂੰ ਨਹੀਂ ਨਿਭਾਵੇਗਾ, ਤਾਂ ਉਸਦਾ ਖ਼ਾਮਿਆਜ਼ਾ ਭੁਗਤਣ ਲਈ ਵੀ ਇਸਨੂੰ ਤਿਆਰ ਰਹਿਣਾ ਚਾਹੀਦਾ ਹੈ।

ਤਤਕਾਲੀ ਸਮਾਜ ਵਿਚ ਜਦੋਂ ਮਨੁੱਖ ਵੱਖ-ਵੱਖ ਜਾਤਾਂ ਵਿਚ ਵੰਡਿਆ ਹੋਇਆ ਸੀ (ਜਿਸਦਾ ਜ਼ਿਕਰ ਪਿੱਛੇ ਆ ਚੁੱਕਾ ਹੈ) ਤਾਂ ਗੁਰੂ ਸਾਹਿਬ ਨੇ ਕੁਦਰਤ ਦੇ ਇਨ੍ਹਾਂ ਮੂਲ ਅੰਗਾਂ (ਜਿਹੜੇ ਪ੍ਰਭੂ ਦਾ ਸਰਗੁਣ-ਰੂਪ ਦੱਸੇ ਗਏ ਹਨ) ਨੂੰ ਆਧਾਰ ਬਣਾ ਕੇ ਹੀ ਮਨੁੱਖ ਨੂੰ ਸਮਝਾਇਆ ਕਿ ਜਦੋਂ ਇਨ੍ਹਾਂ ਦਾ ਜ਼ਾਤ-ਪਾਤ ਨਾਲ ਕੋਈ ਸਬੰਧ ਨਹੀਂ[3] ਤਾਂ ਮਨੁੱਖੀ-ਵੰਡ ਦਾ ਕੀ ਆਧਾਰ ਹੋ ਸਕਦਾ ਹੈ? ਭਾਵ ਇਹ ਵੰਡ ਝੂਠੀ ਹੈ। ਕੁਦਰਤ ਦੇ ਇਸ ਗੁਣ ਦੀ ਵਿਆਖਿਆ ਕਰਦੇ ਹੋਏ ਗੁਰੂ ਸਾਹਿਬ ਮਨੁੱਖੀ ਏਕਤਾ ਦਾ ਸੰਦੇਸ਼ ਦੇ ਗਏ ਹਨ। ਇਸ ਸਾਰੀ ਚਰਚਾ ਦਾ ਆਧਾਰ ਕੁਦਰਤ ਦੇ ਰੂਪਾਂ ਨੂੰ ਬਨਾਉਣਾ, ਗੁਰੂ ਸਾਹਿਬ ਦਾ, ਇਨ੍ਹਾਂ ਦੀ ਮਹੱਤਤਾ ਪ੍ਰਤਿ ਚੇਤੰਨ ਹੋਣਾ ਦਰਸਾਉਂਦਾ ਹੈ।

ਗੁਰੂ ਸਾਹਿਬ ਆਖਦੇ ਹਨ ਕਿ ਹਵਾ ਵੀ ਪ੍ਰਭੂ ਦੇ ਹੁਕਮ ਵਿਚ ਚੱਲਦੀ ਹੈ, ਇਹ ਪ੍ਰਤਿ ਖਿਨ ਪਰਮਾਤਮਾ ਨੂੰ ਯਾਦ ਕਰਦੀ ਹੈ ਅਤੇ ਇਹ ਰੱਬੀ ਕੁਦਰਤ ਦਾ ਸ਼ਿੰਗਾਰ ਹੈ। ਕੁਦਰਤ ਦੇ ਇਨ੍ਹਾਂ ਰੂਪਾਂ ਵੱਲ ਵੇਖ ਕੇ ਮਨ ਅੰਦਰ ਰੱਬੀ ਸੁਆਦ ਪੈਦਾ ਹੁੰਦਾ ਹੈ:

ਭੈ ਵਿਚਿ ਪਵਣੁ ਵਹੈ ਸਦ ਵਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਆਠ ਪਹਰ ਤੁਧੁ ਜਾਪੇ ਰਸਨਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 130)

ਗਹਣੇ ਪਉਣੁ ਪਾਣੀ ਬੈਸੰਤਰੁ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਤਦ ਗੁਰੂ ਸਾਹਿਬ ਦੇ ਕਹਿਣ ਦਾ ਭਾਵ ਹੈ ਕਿ ਕੁਦਰਤ ਦੇ ਇਹ ਰੂਪ ਮਨੁੱਖ ਨੂੰ, ਸਿੱਧੇ-ਅਸਿੱਧੇ, ਪ੍ਰਭੂ ਨਾਲ ਹੀ ਜੋੜਨ ਵਾਲੇ ਹਨ। ਇਹ ਪ੍ਰਭੂ ਦਾ ਹੀ ਸਰਗੁਣ-ਰੂਪ ਹਨ[4]। ਜੇਕਰ ਮਨੁੱਖ ਦੇ ਮਨ ਵਿਚ ਪ੍ਰਭੂ-ਮਿਲਣ ਦੀ ਤਾਂਘ ਹੈ ਤਾਂ ਮਨੁੱਖ ਨੂੰ ਇਨ੍ਹਾਂ ਕੁਦਰਤ ਦੇ ਪ੍ਰਰੂਪਾਂ ਨੂੰ ਗੰਦਾ ਨਹੀਂ ਕਰਨਾ ਚਾਹੀਦਾ ,ਸਗੋਂ ਸਵੱਸ਼ ਰੱਖਣਾ ਚਾਹੀਦਾ ਹੈ। ਗੁਰੂ ਸਾਹਿਬ ਕੁਦਰਤ ਵਿੱਚੋਂ ਹੀ ਰੱਬ ਦੇ ਦੀਦਾਰ

ਕਰਦੇ ਹਨ ਅਤੇ ਇਸਨੂੰ ਉੱਚੀ ਪਦਵੀਦਿੰਦੇ ਹਨ। ਇਸ ਤਰ੍ਹਾਂ ਕਰ ਕੇ ਆਪ ਸਹਿਜ-ਰੂਪ ਵਿਚ ਹੀ ਕੁਦਰਤ ਦੀ ਸੰਭਾਲ ਦਾ ਸੰਦੇਸ਼ ਦੇ ਜਾਂਦੇ ਹਨ।

ਸਾਫ਼ ਅਤੇ ਤਾਜ਼ਾ ਹਵਾ ਹਰ ਮਨੁੱਖ ਦਾ ਬੁਨਿਆਦੀ ਅਧਿਕਾਰ ਹੈ ਪਰ ਜਦੋਂ ਮਨੁੱਖ ਵੱਖ-ਵੱਖ ਢੰਗਾਂ ਨਾਲ ਹਵਾ ਨੂੰ ਦੂਸ਼ਿਤ ਕਰਦਾ ਹੈ ਤਾਂ ਉਹ ਆਪਣੇ ਹੀ ਹਮ-ਨਸਲਾਂ ਦਾ ਇਹ ਬੁਨਿਆਦੀ ਅਧਿਕਾਰ ਖੋਹਣ ਦਾ ਯਤਨ ਕਰ ਰਿਹਾ ਹੁੰਦਾ ਹੈ। ਮਨੁੱਖ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਉਸਦੇ ਆਸ-ਪਾਸ ਦੀ ਹਵਾ ਸਾਫ਼ ਅਤੇ ਸਵੱਛ ਹੋਵੇ। ਮਨੁੱਖ ਨੂੰ ਮਹਾਂਪੁਰਸ਼ਾਂ ਦਾ ਆਖਿਆ ਮੰਨਣਾ ਚਾਹੀਦਾ ਹੈ ਤਾਂ ਹੀ ਉਨ੍ਹਾਂ ਦਾ ਸਰਬੱਤ ਦੇ ਭਲੇ ਦਾ ਆਸ਼ਾ ਪੂਰਾ ਹੋ ਸਕਦਾ ਹੈ।

ਡਾ. ਮਨਜੀਤ ਸਿੰਘ ਕੰਗ (ਸਾਬਕਾ ਉਪ-ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਅਣਾ) ਦੇ ਵਿਚਾਰ ਏਥੇ ਵਰਣਨਯੋਗ ਹਨ, "ਕਿਸਾਨ, ਖਾਸ ਤੌਰ 'ਤੇ ਝੋਨੇ ਦੀ ਕਟਾਈ ਤੋਂ ਬਾਅਦ, ਸੌਖ ਲਈ, ਅਗਲੀ ਕਣਕ ਦੀ ਫ਼ਸਲ ਦੀ ਜਲਦੀ ਬਿਜਾਈ ਲਈ ਝੋਨੇ ਦੀ ਪਰਾਲੀ ਨੂੰ ਜਲਾ ਦਿੰਦੇ ਹਨ ਜਿਸ ਕਾਰਨ ਹਵਾ ਪ੍ਰਦੂਸ਼ਤ ਹੋ ਜਾਂਦੀ ਹੈ ਅਤੇ ਅਜਿਹਾ ਹੋਣ ਨਾਲ ਸਿਹਤ ਦੀਆਂ ਗੰਭੀਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਪਰਾਲੀ ਦੇ ਜਲਾਉਣ ਤੋਂ ਪੈਦਾ ਹੋਏ ਧੂਏਂ ਅਤੇ ਕਣਾਂ ਨਾਲ ਲੋਕ ਦਮਾਂ ਆਦਿ ਸਾਹ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਹਨ। ਇਸ ਤੋਂ ਇਲਾਵਾ, ਕਿਸਾਨਾਂ ਨੂੰ ਖ਼ੁਰਾਕੀ ਤੱਤ ਜਲਾਉਣ ਕਾਰਨ ਕਈ ਕਰੋੜ ਰੁਪਏ ਸਾਲਾਨਾ ਦਾ ਨੁਕਸਾਨ ਹੁੰਦਾ ਹੈ। ਪਰਾਲੀ ਜਲਾਉਣ ਨਾਲ ਜ਼ਮੀਨ ਵਿਚ ਰਹਿੰਦੇ ਫ਼ਸਲਾਂ ਲਈ ਲਾਭਦਾਇਕ ਸੂਖਮ ਜੀਵ-ਜੰਤੂ ਵੀ ਨਸ਼ਟ ਹੋ ਜਾਂਦੇ ਹਨ। ਕਿਸਾਨਾਂ ਨੂੰ ਪਰਾਲੀ ਨਾ ਜਲਾਉਣ ਦੇ ਫ਼ਾਇਦਿਆਂ ਬਾਰੇ ਜਾਣਕਾਰੀ ਦੇਣਾ ਜ਼ਰੂਰੀ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਨਵੀਆਂ ਖੇਤੀ ਤਕਨੀਕਾਂ ਜਿਵੇਂ ਹੈਪੀ-ਸੀਡਰ, ਰੋਟਾਵੇਟਰ, ਆਦਿ ਦੀ ਠੀਕ ਵਰਤੋਂ ਬਾਰੇ ਵੀ ਦੱਸਣਾ ਚਾਹੀਦਾ ਹੈ। ਬਿਜਲੀ ਪੈਦਾ ਕਰਨ ਲਈ ਕੋਲੇ 'ਤੇ ਚੱਲਣ ਵਾਲੇ ਥਰਮਲ ਪਲਾਂਟ ਖ਼ਤਰਨਾਕ ਰਾਖ ਪੈਦਾ ਕਰਦੇ ਹਨ। ਇਹ ਨਾ ਕੇਵਲ ਗ੍ਰੀਨ-ਹਾਊਸ ਗੈਸਾਂ ਪੈਦਾ ਕਰਦੇ ਹਨ ਬਲਕਿ ਸਥਾਨਕ ਪ੍ਰਦੂਸ਼ਣ ਅਤੇ ਸਿਹਤ ਦੇ ਨੁਕਸਾਨ ਲਈ ਵੀ ਜ਼ਿੰਮੇਵਾਰ ਹਨ। ਵਾਤਾਵਰਨ ਦੀ ਸਹੀ ਸੰਭਾਲ ਕਰਨਾ ਮਨੁੱਖਤਾ ਬਚਾਉਣ ਲਈ ਬਹੁਤ ਜ਼ਰੂਰੀ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ 'ਮਨੁੱਖੀ ਉੱਤਰਜੀਵਤਾ' (survival of mankind) ਬਾਰੇ ਕੋਰਸ ਪੜ੍ਹਾਏ ਜਾਣੇ ਚਾਹੀਦੇ ਹਨ। ਜੇ ਮਨੁੱਖ ਵਾਤਾਵਰਨ ਦੀ ਸੰਭਾਲ ਕਰੇਗਾ ਤਾਂ ਵਾਤਾਵਰਨ ਮਨੁੱਖ ਦੀ ਸੰਭਾਲ ਕਰ ਸਕੇਗਾ। ਇਸ ਲਈ ਸਾਡਾ ਨਾਅਰਾ ਹੋਣਾ ਚਾਹੀਦਾ ਹੈ 'ਵਾਤਾਵਰਨ ਬਚਾਓ, ਮਨੁੱਖਤਾ ਬਚਾਓ'। "[5]

## 5.2 ਪਾਣੀ

ਪਾਣੀ ਮਨੁੱਖ ਨੂੰ ਪਰਮਾਤਮਾ ਵੱਲੋਂ ਦਿੱਤੀ ਹੋਈ ਅਨਮੋਲ ਦਾਤ ਹੈ। ਇਹ ਪਰਮਾਤਮਾ ਦੀ ਮਨੁੱਖ ਨੂੰ ਦਿੱਤੀ ਹੋਈ ਅਹਿਮ ਬਖ਼ਸ਼ਿਸ਼ ਹੈ। ਪਰਮਾਤਮਾ ਨੇ ਮਨੁੱਖ ਨੂੰ ਵੱਡੀ ਮਾਤਰਾ ਵਿਚ ਸਾਫ਼ ਪਾਣੀ ਦੇ ਰੂਪ ਵਿਚ ਇਹ ਦਾਤ ਬਖ਼ਸੀ ਹੈ। ਮਨੁੱਖ ਕੋਲ਼ ਝਰਨਿਆਂ, ਨਹਿਰਾਂ, ਨਦੀਆਂ, ਸਮੁੰਦਰਾਂ, ਦਰਿਆਵਾਂ, ਝੀਲਾਂ, ਤਲਾਬਾਂ, ਵਰਖਾ ਅਤੇ ਜ਼ਮੀਨੀ ਪਾਣੀ ਦੇ ਰੂਪ ਵਿਚ ਇਹ ਅਨਮੋਲ ਖ਼ਜ਼ਾਨਾ ਉਪਲਬਧ ਹੈ। ਪਰਮਾਤਮਾ ਨੇ ਇਹ ਦਾਤ ਸਾਰੀ ਸ੍ਰਿਸ਼ਟੀ ਨੂੰ ਬਿਨਾ ਕਿਸੇ ਵਿਤਕਰੇ ਦੇ ਬਖ਼ਸ਼ੀ ਹੈ ਅਤੇ ਇਸ ਉੱਪਰ ਸਭ ਦਾ ਬਰਾਬਰ ਅਧਿਕਾਰ ਹੈ। ਹਸਨ ਅਬਦਾਲ ਵਿਖੇ ਗੁਰੂ ਨਾਨਕ ਦੇਵ ਜੀ ਨੇ, ਪਾਣੀ ਦੇ ਸ੍ਰੋਤ ਨੂੰ ਨਿੱਜੀ ਮਲਕੀਅਤ ਸਮਝੀ ਬੈਠੇ, ਵਲੀ ਕੰਧਾਰੀ ਦਾ ਹੰਕਾਰ ਤੋੜ ਕੇ ਇਹ ਸੁਨੇਹਾ ਦਿੱਤਾ ਸੀ ਕਿ ਕੁਦਰਤ ਦੇ ਬਖ਼ਸ਼ੇ ਹੋਏ ਇਨ੍ਹਾਂ ਭੰਡਾਰਾਂ 'ਤੇ ਸਭ ਦਾ ਬਰਾਬਰ ਅਧਿਕਾਰ ਹੈ। ਕਿਸੇ ਇੱਕ ਵਿਅਕਤੀ ਜਾਂ ਕੁਝ ਵਿਅਕਤੀਆਂ ਦਾ ਇਹ ਅਧਿਕਾਰ ਕਦੇ ਵੀ ਨਹੀਂ ਬਣ ਜਾਂਦਾ ਕਿ ਉਨ੍ਹਾਂ ਦੇ ਕਾਰਨਾਮਿਆਂ ਦੀ ਸਜ਼ਾ ਬਹੁ-

ਗਿਣਤੀ ਮਨੁੱਖਾਂ ਨੂੰ ਭੁਗਤਣੀ ਪਵੇ। ਜਿਸ ਤਰ੍ਹਾਂ ਪਰਮਾਤਮਾ ਨੇ ਮਨੁੱਖ ਨੂੰ ਇਹ ਅਨਮੋਲ ਜੀਵਨ (ਸੁਆਸ), ਹੱਥ, ਕੰਨ, ਨੱਕ ਅਤੇ ਸਰੀਰ ਦੇ ਹੋਰ ਬਾਕੀ ਅੰਗ ਬਖ਼ਸ਼ੇ ਹਨ (ਜਿਨ੍ਹਾਂ ਤੋਂ ਬਿਨਾ ਮਨੁੱਖ ਦਾ ਜੀਵਨ ਅਧੂਰਾ ਜਿਹਾ ਜਾਪਦਾ ਹੈ), ਉਸੇ ਤਰ੍ਹਾਂ ਪਰਮਾਤਮਾ ਨੇ, ਕਿਰਪਾ ਕਰ ਕੇ, ਮਨੁੱਖ ਨੂੰ ਪਾਣੀ-ਰੂਪੀ ਮਹਾਂ ਦਾਤ ਬਖ਼ਸ਼ੀ ਹੈ ਭਾਵ ਇਸਦੀ ਕੋਈ ਵੀ ਕੀਮਤ ਨਹੀਂ ਆਖੀ ਜਾ ਸਕਦੀ। ਮਨੁੱਖ ਦੀ ਦੇਹ ਦੀਆਂ ਸਮੁੱਚੀਆਂ ਪ੍ਰਣਾਲੀਆਂ (Human body systems) ਭੋਜਨ ਅਤੇ ਪਾਣੀ ਦੇ ਆਸਰੇ ਹੀ ਤਾਂ ਕੰਮ ਕਰਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਪਾਣੀ ਨੂੰ ਪਿਤਾ ਆਖਿਆ ਹੈ।[6] ਜਿਵੇਂ ਪਿਤਾ ਆਪਣੀ ਸੰਤਾਨ ਦੀ ਸੰਭਾਲ ਕਰਦਾ ਹੈ, ਉਸੇ ਤਰ੍ਹਾਂ ਹੀ ਜਲ ਵੀ ਸਰੀਰ ਦਾ ਆਧਾਰ ਹੈ। ਆਮ ਤੌਰ 'ਤੇ ਲਿਖਿਆ ਹੋਇਆ ਹੁੰਦਾ ਹੈ "ਜਲ ਹੀ ਜੀਵਨ ਹੈ। "ਪਾਣੀ ਸਰੀਰ ਨੂੰਆਸਰਾ ਦਿੰਦਾ ਹੈ , ਇਹ ਸਰੀਰ ਨੂੰ ਮੂਲ ਤਾਕਤ ਦਿੰਦਾ ਹੈ। ਗੁਰੂ ਅਮਰਦਾਸ ਜੀ ਦਾ ਕਥਨ ਹੈ ਕਿ ਜਲ ਸ੍ਰਿਸ਼ਟੀ ਦੇ ਜੀਵਨ ਦਾ ਆਧਾਰ ਹੈ। ਮੂਲ , ਜਲ ਤੋਂ ਹੀ ਸੰਸਾਰਦਾ ਵਿਸਥਾਰ ਹੋਇਆ ਹੈ ਭਾਵ ਸ੍ਰਿਸ਼ਟੀ ਦੇ ਵਿਸਥਾਰ ਦਾ ਮੂਲ-ਆਧਾਰ ਜਲ ਹੀ ਹੈ। ਪਾਣੀ ਪੀ ਕੇ ਹੀ ਮਨੁੱਖ ਦਾ ਹਿਰਦਾ ਸ਼ਾਂਤੀ ਮਹਿਸੂਸ ਕਰਦਾ ਹੈ। ਜਲ ਤੋਂ ਬਿਨਾ ਹੋਰ ਕੋਈ ਵਸਤੂ ਐਸੀ ਨਹੀਂ, ਜਿਹੜੀ ਮਨੁੱਖ ਦੀ ਪਿਆਸ ਨੂੰ ਸ਼ਾਂਤ ਕਰ ਸਕਣ ਦੀ ਸਮਰੱਥਾ ਰੱਖਦੀ ਹੋਵੇ। ਪਾਣੀ ਤੋਂ ਬਿਨਾ (ਪਿਆਸ ਨਾਲ) ਮਨੁੱਖ ਤੜਫ-ਤੜਫ ਕੇ ਦਮ ਤੋੜ ਦਿੰਦਾ ਹੈ। ਪਿਆਸੇ ਮਨੁੱਖ ਲਈ ਓਸ ਸਮੇਂ, ਜਦੋਂ ਉਹ ਪਿਆਸ ਕਾਰਨ ਮਰਨ ਕਿਨਾਰੇ ਹੋਵੇ, ਕਿਸੇ ਹੋਰ ਵਸਤੂ ਦੀ ਓਨੀ ਕੀਮਤ ਨਹੀਂ ਹੁੰਦੀ, ਜਿੰਨੀ ਪਾਣੀ ਦੀ ਹੁੰਦੀ ਹੈ। ਪਾਣੀ ਤੋਂ ਬਿਨਾ ਉਸ ਮਨੁੱਖ ਲਈ, ਉਸ ਸਮੇਂ, ਸੰਸਾਰ ਦੀ ਕੋਈ ਵੀ ਹੋਰ ਚੀਜ਼ ਵੱਧ ਕੀਮਤੀ ਨਹੀਂ ਹੁੰਦੀ। ਪਾਣੀ ਪੀ ਕੇ ਉਸ ਦੇ ਅੰਦਰ ਜੀਵਨ ਦਾ ਸੰਚਾਰ ਹੁੰਦਾ ਹੈ। ਜਲ ਰਿਹਾ ਉਸਦਾ ਅੰਦਰ ਠਰ ਜਾਂਦਾ ਹੈ। ਸੰਤਾਨ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਪਿਤਾ ਦਾ ਸਤਿਕਾਰ ਕਰੇ। ਇਸੇ ਸੰਦਰਭ ਵਿਚ ਪਾਣੀ ਦੀ ਸੰਭਾਲ ਦਾ ਸੰਕਲਪ ਉਜਾਗਰ ਹੁੰਦਾ ਹੈ। ਜਦ ਮਨੁੱਖ ਆਪਣੇ ਪਿਤਾ ਦਾ ਸਤਿਕਾਰ ਕਰਨਾ ਆਪਣਾ ਫ਼ਰਜ਼ ਜਾਣਦਾ ਹੈ ਤਾਂ ਪਾਣੀ, ਜੋ ਪਿਤਾ ਵਾਂਗ ਹੀ ਬਾਲਕ ਭਾਵ ਮਨੁੱਖ ਦੇ ਵਾਧੇ ਅਤੇ ਵਿਕਾਸ ਦਾ ਆਧਾਰ ਹੈ, ਦੀ ਬੇ-ਪੱਤੀ ਮਨੁੱਖ ਕਿਵੇਂ ਕਰ ਸਕਦਾ ਹੈ? ਭਾਵ ਜਿਵੇਂ ਮਨੁੱਖ ਆਪਣੇ ਜੀਵਨ ਦੇ ਆਧਾਰ ਪਿਤਾ ਦਾ ਸਤਿਕਾਰ ਕਰਦਾ ਹੈ, ਪਿਛਲੀ ਉਮਰ ਵਿਚ ਉਸਦੀ ਸੰਭਾਲ ਕਰਦਾ ਹੈ, ਉਸੇ ਤਰ੍ਹਾਂ ਹੀ ਉਸਨੂੰ ਪਾਣੀ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਇਸ ਸਤਿਕਾਰ ਦਾ ਅਰਥ ਉਸਨੂੰ ਅਜਾਈਂ ਅਤੇ ਫ਼ਜ਼ੂਲ ਵਗਣ ਤੋਂ ਰੋਕਣਾ ਹੈ ਅਤੇ ਉਸਦੀ ਯੋਗ ਵਰਤੋਂ ਕਰਨਾ ਹੈ:

ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 267)

ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 167)

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥ (ਸ਼ੇਖ ਫਰੀਦ ਜੀ,*ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1283)

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1379)

ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 757)

ਤ੍ਰਿਖਾਵੰਤ ਜਲ ਸੇਤੀ ਕਾਜ॥ (ਭਗਤ ਨਾਮਦੇਵ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1164)

ਤ੍ਰਿਖਾਵੰਤ ਜਲੁ ਪੀਵਤ ਠੰਢਾ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 100)

ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1273)

ਬਾਣੀਕਾਰਾਂ ਨੇ ਕੁਦਰਤ ਨੂੰ ਬੜਾ ਸਲਾਹਿਆ ਹੈ ਅਤੇ ਇਸੇ ਵਿੱਚੋਂ ਕਾਦਰ ਦੇ ਦਰਸ਼ਨ ਕੀਤੇ ਹਨ। ਉਨ੍ਹਾਂ ਨੂੰ ਇਸ ਵਿੱਚੋਂ ਰੱਬ ਦਿਸਦਾ ਹੈ। ਇਸ ਕਰਕੇ ਉਨ੍ਹਾਂ ਨੇ ਕੁਦਰਤ ਦੀ ਵੀ ਸਿਫ਼ਤ-ਸਾਲਾਹ ਕੀਤੀ ਹੈ। ਬਾਣੀਕਾਰ ਸਮੁੱਚੇ ਸੰਸਾਰ ਨੂੰ ਪਰਮਾਤਮਾ ਦੀ ਕਿਰਤ ਮੰਨਦੇ ਹਨ। ਬਾਣੀਕਾਰ, ਜਿਹੜੇ ਕੁਦਰਤ ਵਿੱਚੋਂ ਰੱਬ ਨੂੰ ਤੱਕਦੇ ਹਨ, ਇਸਦੀ ਦਿੱਖ ਨੂੰ ਵਿਗੜਦਾ ਹੋਇਆ ਕਿਵੇਂ ਬਰਦਾਸ਼ਤ ਕਰ ਸਕਦੇ ਹਨ? ਅਤੇ ਅਸਾਨੂੰ, ਜਿਹੜੇ ਬਾਣੀਕਾਰਾਂ ਦੀ ਸੋਚ ਨੂੰ ਅੱਗੇ ਲਿਜਾਣ ਦੀ ਗੱਲ ਕਰਦੇ ਹਾਂ, ਇਸ ਤੱਥ ਨੂੰ ਸਮਝਣਾ ਚਾਹੀਦਾ ਹੈ ਕਿ ਕੁਦਰਤ ਦੀ ਸੰਭਾਲ ਕੀਤੀ ਜਾਵੇ। ਪਾਣੀ ਕੁਦਰਤ ਦਾ ਅਹਿਮ ਅੰਗ ਹੈ। ਸਲੋਕ-ਬਾਣੀ ਰੂਪ ਵਿਚ ਥਾਂ-ਪੁਰ-ਥਾਂ, ਵੱਖ-ਵੱਖ ਸੰਦਰਭਾਂ ਵਿਚ, ਪਾਣੀ ਦਾ ਜ਼ਿਕਰ ਆਉਂਦਾ ਹੈ। ਗੁਰੂ ਸਾਹਿਬ ਨੇ ਜੈਨੀ ਸਾਧੂਆਂ ਨੂੰ, ਜਿਹੜੇ ਪਾਣੀ ਤੋਂ ਦੂਰੀ ਬਣਾ ਕੇ ਰੱਖਦੇ ਸਨ, ਆਖਿਆ ਕਿ ਤੁਸੀਂ ਪਾਣੀ ਤੋਂ ਸੰਗਦੇ ਕਿਉਂ ਹੋ? ਪਾਣੀ ਦੀ ਮਹੱਤਤਾ ਨੂੰ ਸਮਝੋ। ਜਦੋਂ (ਸੁਮੇਰ) ਪਰਬਤ ਦੀ ਮਧਾਣੀ ਬਣਾਈ ਗਈ ਸੀ ਤਾਂ ਇਹ ਪਾਣੀ ਹੀ ਸੀ ਜਿਸ ਵਿੱਚੋਂ ਚੌਦਾਂ ਰਤਨ ਪਰਗਟ ਹੋਏ ਸਨ। ਇਹ ਪਾਣੀ (ਨਦੀਆਂ) ਦੇ ਕਿਨਾਰੇ (ਕੰਢੇ) ਹੀ ਹਨ, ਜਿੱਥੇ ਤੀਰਥ ਸਥਾਪਤ ਹਨ ਅਤੇ ਵੱਖ-ਵੱਖ ਪੁਰਬਾਂ 'ਤੇ ਓਥੇ ਪ੍ਰਭੂ-ਨਾਮ ਦੀ ਕਥਾ ਹੁੰਦੀ ਹੈ।

(ਪਾਣੀ ਨਾਲ) ਨਹਾ ਕੇ ਹੀ ਤਾਂ ਪੂਜਾ ਅਤੇ ਨਮਾਜ਼ ਸਿਰੇ ਚੜ੍ਹਦੀ ਹੈ1[7] (ਪੂਰੀ ਹੁੰਦੀ ਹੈ) ਅਤੇ ਸੁਹਿਰਦ ਲੋਕ ਇਸ਼ਨਾਨ ਦੀ ਬੜੀ ਮਹੱਤਤਾ ਦਰਸਾਉਂਦੇ ਹਨ। ਨਵ-ਜਨਮੇ ਅਤੇ ਮੋਏ ਪ੍ਰਾਣੀਆਂ ਦੇ ਸੰਸਕਾਰ ਪਾਣੀ ਸਦਕਾ ਹੀ ਪੂਰੇ ਹੁੰਦੇ ਹਨ (ਭਾਵ ਇਸ਼ਨਾਨ ਕਰਵਾਇਆ ਜਾਂਦਾ ਹੈ)। ਵਰਖਾ ਦੇ ਰੂਪ ਵਿਚ ਜਦੋਂ ਪਾਣੀ ਧਰਤੀ 'ਤੇ ਪੁੱਜਦਾ ਹੈ ਤਾਂ ਵੇਖੋ ,ਅਨੰਦ ਉਪਜਦਾ ਹੈ ,ਮਨ ਖ਼ੁਸ਼ ਹੋ ਜਾਂਦਾਹੈ ਅਤੇ ਜੀਵਨ-ਜੁਗਤਿ ਅੱਗੇ ਵਧਦੀਹੈ। ਇਸੇ) ਵਰਖਾ ਦੇ (ਪਾਣੀ ਤੋਂ ਹੀ ਅੰਨ ,ਕਮਾਦ ,ਕਪਾਹ ਉਪਜਦੇ ਹਨਅਤੇ ਕੱਪੜਾ ਤਿਆਰ ਹੁੰਦਾ ਹੈ ਜਿਸ ਨਾਲ ਮਨੁੱਖ ਦਾ ਤਨ ਢਕਿਆ ਜਾਂਦਾ ਹੈ। ਇਸੇ ਮੀਂਹ (ਪਾਣੀ) ਦੇ ਸਦਕਾ ਘਾਹ ਉਪਜਦਾ ਹੈ, ਜਿਸ ਨੂੰ ਚਰ ਕੇ ਗਊਆਂ ਦੁੱਧ ਦਿੰਦੀਆਂ ਹਨ ਤੇ ਘਰਾਂ ਵਿਚ ਮਧਾਣੀ ਘੁੰਮਦੀ ਹੈ (ਸਵਾਣੀ ਦਹੀਂ ਰਿੜਕਦੀ ਹੈ)। ਇਸ ਰਿੜਕਣ ਤੋਂ ਤਿਆਰ ਹੋਇਆ ਘਿਓ ਫਿਰ ਹੋਮ-ਯੱਗ ਅਤੇ ਪੂਜਾ ਵਿਚ ਵਰਤਿਆ ਜਾਂਦਾ ਹੈ ਅਤੇ ਕਾਰਜ ਸੰਪੂਰਨ ਹੁੰਦੇ ਹਨ। ਭੋਜਨ ਪਦਾਰਥ ਤਿਆਰ ਕਰਨ ਵਿਚ ਵੀ ਪਾਣੀ ਦੀ ਯੋਗ ਵਰਤੋਂ ਹੁੰਦੀ ਹੈ। ਭਗਤ ਕਬੀਰ ਜੀ ਆਖਦੇ ਹਨ ਕਿ ਭੋਜਨ-ਪਦਾਰਥਾਂ ਦੀ ਤਿਆਰੀ ਲਈ ਵਰਤੇ ਜਾਂਦੇ ਪਾਣੀ ਸਦਕਾ ਇਨ੍ਹਾਂ ਖਾਧ-ਪਦਾਰਥਾਂ ਦਾ ਸੁਆਦ ਬਣਦਾ ਹੈ। ਸਰੀਰ ਜਦੋਂ ਪਲੀਤ (ਗੰਦਾ) ਹੋ ਜਾਂਦਾ ਹੈ ਤਾਂ ਪਾਣੀ ਦੀ ਵਰਤੋਂ ਨਾਲ ਹੀ ਮੁੜ ਸਾਫ਼ ਹੁੰਦਾ ਹੈ। ਗੰਦੇ ਹੋ ਚੁੱਕੇ ਕੱਪੜੇ ਆਦਿ ਵੀ ਪਾਣੀ ਦੇ ਪ੍ਰਯੋਗ ਦੁਆਰਾ ਹੀ ਸਾਫ਼ ਹੁੰਦੇ ਹਨ:

ਜਲ ਮਹਿ ਜੋਤਿ ਰਹਿਆ ਭਰਪੂਰਿ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 411)

ਗੁਰ ਨਾਨਕ ਕਉ ਪ੍ਰਭੁ ਦਿਖਾਇਆ ਜਲਿ ਥਲਿ ਤ੍ਰਿਭਵਣਿ ਰੁਖੀ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 617)

ਪ੍ਰਭਿ ਜਲ ਥਲ ਗਿਰਿ ਕੀਏ ਪਹਾਰ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1194)

ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੇ ਬਾਣੀ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥

… … … … … … … …

ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ॥

ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥

ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ॥

ਤਿਤਿ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 150)

ਅੰਭੈ ਕੈ ਸੰਗਿ ਨੀਕਾ ਵੰਨੁ[8]॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 873)

ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥

ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 4)

ਗੁਰੂ ਸਾਹਿਬ ਨੇ ਪਾਣੀ ਨੂੰ ਗੁਰੂ ਨਾਲ ਵੀ ਤਸ਼ਬੀਹ ਦਿੱਤੀ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਉਸਦਾ ਮਨ ਪਾਣੀ ਜਿਹਾ ਨਿਰਮਲ (ਪਵਿੱਤਰ) ਕਰਨ ਲਈ ਆਖਿਆ ਹੈ ਤਾਂ ਜੋ ਉਸਦੇ ਅਤੇ ਪਰਮਾਤਮਾ ਦੇ ਦਰਮਿਆਨ ਕੋਈ ਭੇਦ ਨਾ ਰਹਿ ਜਾਵੇ (ਭਾਵ ਮਨੁੱਖ ਪਰਮਾਤਮਾ ਨਾਲ ਇਕਮਿਕਤਾ ਹਾਸਲ ਕਰ ਲਵੇ, ਜਿਹੜਾ ਇਸ ਸੰਸਾਰ ਵਿਚ ਆਉਣ ਦਾ ਉਸਦਾ ਮੂਲ ਮਨੋਰਥ ਹੈ)। ਗੁਰੂ ਸਾਹਿਬ ਮਨੁੱਖ ਨੂੰ ਸਹਿਣਸ਼ੀਲਤਾ ਦਾ ਗੁਣ ਪਾਣੀ ਅਤੇ ਹਵਾ ਤੋਂ ਸਿੱਖਣ ਲਈ ਆਖਦੇ ਹਨ। ਪਾਣੀ ਅਤੇ ਹਵਾ ਨਾਲ ਕੋਈ ਭਾਵੇਂ ਕਿਹੋ ਜਿਹਾ ਵੀ ਵਿਵਹਾਰ ਕਿਉਂ ਨਾ ਕਰੇ, ਉਹ ਆਪਣਾ ਫ਼ਰਜ਼ ਨਿਭਾਉਂਦੇ ਹੀ ਤੁਰੇ ਜਾਂਦੇ ਹਨ। ਉਹ ਕਿਸੇ ਤੋਂ ਮਿਲੇ ਰੁੱਖੇ ਵਿਵਹਾਰ ਨੂੰ ਮੁੱਖ ਰੱਖ ਕੇ ਆਪਣੇ ਫ਼ਰਜ਼ ਦੇ ਰਸਤੇ ਤੋਂ ਕਦੇ ਵੀ ਭਟਕਦੇ ਨਹੀਂ।

ਗੁਰੂ ਸਾਹਿਬ ਆਖਦੇ ਹਨ ਕਿ ਜਿਸ ਤਰ੍ਹਾਂ ਮੀਂਹ ਦੇ ਪੈਣ ਨਾਲ ਧਰਤੀ 'ਤੇ ਹਰਿਆਵਲ ਛਾ ਜਾਂਦੀ ਹੈ, ਉਸੇ ਤਰ੍ਹਾਂ ਹੀ ਗੁਰੂ ਦੇ ਦੀਦਾਰ ਹੋਣ ਨਾਲ ਗੁਰਸਿੱਖ ਦਾ ਮਨ ਖੇੜੇ ਵਿਚ ਆ ਜਾਂਦਾ ਹੈ। ਇਹ ਹਰਿਆਵਲ ਵੀ ਧਰਤੀ ਦਾ ਸ਼ਿੰਗਾਰ ਹੈ। ਮੀਂਹ ਪੈਣ ਨਾਲ ਸਭ ਪਾਸੇ ਦਾ ਵਾਤਾਵਰਨ ਹਰਾ-ਭਰਾ ਹੋ ਜਾਂਦਾ ਹੈ ਅਤੇ ਸਰੋਵਰ ਆਦਿਕ (ਜੋ ਮਨੁੱਖ ਦੀਆਂ ਜਲ ਦੀਆਂ ਲੋੜਾਂ ਪੂਰੀਆਂ ਕਰਦੇ ਸਨ) ਨੱਕੋ-ਨੱਕ ਭਰ ਜਾਂਦੇ ਹਨ। ਪਾਣੀ ਨਾਲ ਪੂਰੇ ਹੋਏ ਬੱਦਲ਼ ਜਦੋਂ ਧਰਤੀ 'ਤੇ ਵਰ੍ਹਦੇ ਹਨ ਤਾਂ ਧਰਤੀ ਦੀ ਪਿਆਸ ਬੁਝਦੀ ਹੈ (ਧਰਤੀ ਅੰਦਰਲੇ ਪਾਣੀ ਦਾ ਸੰਤੁਲਨ ਬਣਦਾ ਹੈ) ਤੇ ਮਾਨੋ ਧਰਤੀ ਖ਼ੁਸ਼ੀ ਮਨਾਉਂਦੀ ਹੈ, ਸਮੁੱਚੀ ਬਨਸਪਤੀ ਲਹਿਲਹਾ ਉੱਠਦੀ ਹੈ, ਝੂਮ ਉੱਠਦੀ ਹੈ। ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਜਿਸ ਤਰ੍ਹਾਂ ਦੁੱਧ ਤੋਂ ਬਿਨਾ ਗਊ ਅਤੇ ਪਰਾਂ ਤੋਂ ਬਿਨਾ ਪੰਛੀ ਕਿਸੇ ਕੰਮ ਜੋਗਾ ਨਹੀਂ ਸਮਝਿਆ ਜਾਂਦਾ, ਉਸੇ ਤਰ੍ਹਾਂ ਪਾਣੀ (ਸਿੰਚਾਈ) ਤੋਂ ਬਿਨਾ ਫ਼ਸਲ ਦੀ ਕੀ ਹੋਂਦ ਹੈ ਭਾਵ ਪਾਣੀ ਸਦਕਾ ਹੀ ਫ਼ਸਲ ਵਧ-ਫੁੱਲ ਸਕਦੀ ਹੈ, ਪਾਣੀ ਤੋਂ ਬਿਨਾ ਫ਼ਸਲ ਸੁੱਕ-ਸੜ ਜਾਂਦੀ ਹੈ:

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥

ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1367)

ਜੈਸੇ ਮੈਲੁ ਨ ਲਾਗੈ ਜਲਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 272)

ਸਹਨ ਸੀਲ ਪਵਨ ਅਰੁ ਪਾਣੀ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 999)

ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ॥

ਸਭ ਦਿਸੈ ਹਰਿਆਵਲੀ ਸਰ ਭਰੇ ਸੁਭਰ ਤਾਲ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1278)

ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 928)

ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 748)

ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ [9]ਉਤਭੁਜ ਕਾਮਿ ਨਹੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 345)

ਤਤਕਾਲੀ ਦੌਰ ਵਿਚ ਵਰਖਾ ਦਾ ਮਨੁੱਖੀ ਜੀਵਨ ਵਿਚ ਵੱਡਾ ਸਥਾਨ ਸੀ। ਵਰਖਾ ਦੇ ਪਾਣੀ ਤੋਂ ਹੀ ਮਨੁੱਖ ਦੀਆਂ ਪਾਣੀ ਸਬੰਧੀ ਬਹੁਤੀਆਂ ਲੋੜਾਂ ਪੂਰੀਆਂ ਹੁੰਦੀਆਂ ਸਨ। ਉਸ ਕਾਲ ਵਿਚ ਪਾਣੀ ਵਰਖਾ ਦੀ ਬਦੌਲਤ ਪ੍ਰਾਪਤ ਹੁੰਦਾ ਸੀ। ਵਰਖਾ ਦੀ ਮਹੱਤਤਾ ਮੁੱਖ ਤੌਰ 'ਤੇ ਪਾਣੀ ਦੇ ਕਾਰਨ ਹੀ ਸੀ ਭਾਵ ਪਾਣੀ ਦਾ ਮਹੱਤਵ ਮਨੁੱਖ ਦੇ ਜੀਵਨ ਵਿਚ ਹਰ ਕਾਲ ਵਿਚ ਰਿਹਾ ਹੈ। ਗੁਰੂ ਸਾਹਿਬ ਆਖਦੇ ਹਨ ਕਿ ਮੀਂਹ ਦੇ ਪਾਣੀ ਸਦਕਾ ਮਨੁੱਖਾ ਜੀਵਨ ਦੀ ਰੌਂਅ ਅੱਗੇ ਤੁਰਦੀ ਹੈ ਅਤੇ ਧਰਤੀ ਸੋਹਣੀ ਜਾਪਦੀ ਹੈ। ਗੁਰੂ ਸਾਹਿਬ ਆਖਦੇ ਹਨ ਕਿ ਧਰਤੀ ਦਾ ਸਮੁੱਚਾ ਜੀਵਨ ਜਲ ਕਾਰਨ ਹੀ ਹੈ। ਇਸੇ ਸਦਕਾ ਹੀ ਸਭ ਕੁਝ ਹੈ। ਗੁਰੂ ਸਾਹਿਬ ਆਪ ਵੀ ਕਰਤਾਰ ਦੇ ਦਰ 'ਤੇ ਅਰਦਾਸ ਕਰਦੇ ਹਨ ਕਿ ਕਿਰਪਾ ਕਰਕੇ ਸੰਸਾਰ ਵਿਚ ਲੋੜੀਂਦਾ ਖਾਧ-ਪਦਾਰਥ ਅਤੇ ਪਾਣੀ ਉਪਜਾਓ ਤਾਂ ਜੋ ਸੰਸਾਰ ਵਿੱਚੋਂ ਦੁੱਖ ਅਤੇ ਗ਼ਰੀਬੀ ਦਾ ਨਾਸ਼ ਹੋਵੇ। ਪਰਮਾਤਮਾ ਦੇ ਦਰ 'ਤੇ ਅਰਦਾਸ ਕਬੂਲ ਹੁੰਦੀ ਹੈ ਤੇ ਉਹ ਰਹਿਮਤ ਦੇ ਘਰ ਵਿਚ ਆ ਕੇ ਵਰਖਾ ਦੀ ਦਾਤ ਕਰਦਾ ਹੈ। ਯੋਗ ਮਾਤਰਾ ਵਿਚ ਅੰਨ ਦੇ ਭੰਡਾਰ ਉਪਜਦੇ ਹਨ ਤੇ ਸਮੁੱਚੀ ਲੋਕਾਈ ਤਨ-ਮਨ ਕਰਕੇ ਸ਼ਾਂਤ ਹੁੰਦੀ ਹੈ (ਵਰਖਾ ਦੀ ਠੰਢਕ ਕਾਰਨ ਤਨ ਤੋਂ ਅਤੇ ਭੋਜਨ ਪਦਾਰਥਾਂ ਦਾ ਫ਼ਿਕਰ ਮੁੱਕਣ ਕਾਰਨ ਮਨ ਤੋਂ):

ਵੁਠੈ ਜੀਆ ਜੁਗਤਿ ਹੋਇ ਧਰਣੀ ਨੋ ਸੀਗਾਰੁ ਹੋਇ॥

ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1283)

ਜਲੁ ਹੇਵਤ ਭੂਖ ਅਰੁ ਨੰਗਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1305)

ਅਨੁ ਧਨੁ ਬਹੁਤਾ ਉਪਜੈ ਧਰਤੀ ਸੋਭਾ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1305)

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥

ਅੰਨੁ ਪਾਣੀ [10]ਮੁਚੁ ਉਪਾਇ ਦੁਖ ਦਾਲਦੁ [11]ਭੰਨਿ ਤਰੁ॥

ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ [12]ਠਰੁ॥

ਲੇਵਹੁ ਕੰਠਿ ਲਗਾਇ [13]ਅਪਦਾ ਸਭ ਹਰੁ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1251)

ਵੁਠੇ ਮੇਘ ਸੁਹਾਵਣੇ[14] ਹੁਕਮੁ ਕੀਤਾ ਕਰਤਾਰਿ॥

ਰਿਜਕੁ ਉਪਾਇਓਨੁ [15]ਅਗਲਾ ਠਾਂਢਿ ਪਈ ਸੰਸਾਰਿ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1251)

ਪਾਣੀ ਦੀ ਬਦੌਲਤ ਹੀ ਅੰਨ, ਕਮਾਦ, ਕਪਾਹ ਅਤੇ ਗੰਨਾ ਆਦਿਕ ਫ਼ਸਲਾਂ ਉਪਜਦੀਆਂ-ਵਿਗਸਦੀਆਂ ਹਨ। ਇਸ ਪਾਣੀ ਦੇ ਸਦਕਾ ਹੀ ਸਾਰੀ ਬਨਸਪਤੀ ਮੌਲਦੀ ਹੈ। ਜਲ ਤੋਂ ਬਿਨਾ ਮਨੁੱਖ ਦੀ ਪਿਆਸ ਵੀ ਕਦ ਬੁਝੀ ਹੈ? :

ਤੋਇਅਹੁ ਅੰਨੁ ਕਮਾਦ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 1290)

ਜਲ ਹੀ ਤੇ ਸਭ ਉਪਜੈ ਬਿਨੁ ਜਲ ਪਿਆਸ ਨ ਜਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1419)

ਜਲੁ ਪੀਵਤ ਜਿਉ ਤਿਖਾ ਮਿਟੰਤ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 914)

ਪਾਣੀ ਦੀ ਤਸ਼ਬੀਹ ਦੇ ਕੇ ਹੀ (ਹਵਾ ਸਮੇਤ) ਗੁਰੂ ਸਾਹਿਬ ਨੇ ਵਰਨ-ਵਿਵਸਥਾ ਵਿਚ ਫਸੇ ਹੋਏ ਲੋਕਾਂ ਨੂੰ ਸਮਝਾਇਆ ਸੀ ਕਿ ਜੇਕਰ ਕੁਦਰਤ ਦੇ ਇਨ੍ਹਾਂ ਰੂਪਾਂ ਦਾ ਜਾਤ-ਪਾਤ ਨਾਲ ਕੋਈ ਲੈਣ-ਦੇਣ ਨਹੀਂ ਤਾਂ (ਰੱਬ ਦੇ ਪੈਦਾ ਕੀਤੇ ਹੋਏ) ਜੀਵਾਂ ਦਾ ਜ਼ਾਤ-ਪਾਤ ਨਾਲ ਸਬੰਧ ਕਿਵੇਂ ਹੋ ਗਿਆ? [16] ਗੁਰੂ ਸਾਹਿਬ ਨੂੰ ਤਾਂ ਕੁਦਰਤ ਦੇ ਰੂਪ ਵਿਸਮਾਦਿਤ ਕਰ ਦਿੰਦੇ ਹਨ। ਆਪ ਨੂੰ ਇਨ੍ਹਾਂ ਵਿਚ ਰੱਬ ਦੇ ਦੀਦਾਰ ਹੁੰਦੇ ਹਨ:

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਆਪੇ ਪਉਣੁ ਪਾਣੀ ਬੈਸੰਤਰ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1020)

ਏਕੁ ਅਚਾਰੁ ਰੰਗੁ ਇਕੁ ਰੂਪੁ॥

ਪਉਣ ਪਾਣੀ ਅਗਨੀ ਅਸਰੂਪ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 929)

[17]ਊਰਧ [18]ਧੂਰਮ ਜੋਤਿ ਉਜਾਲਾ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 930)

ਆਪੇ ਭਵਰੁ ਫੁਲੁ ਫਲੁ ਤਰਵਰੁ॥

ਆਪੇ ਜਲੁ ਥਲੁ ਸਾਗਰੁ ਸਰਵਰੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1020)

ਇਸ ਸੰਦਰਭ ਵਿਚ ਅਰੂਪ, ਅਦ੍ਰਿਸ਼ਟ ਪ੍ਰਭੂ ਦਾ ਸਾਕਾਰ-ਸਰਗੁਣ ਰੂਪ ਕੁਦਰਤ ਆਖੀ ਜਾ ਸਕਦੀ ਹੈ। ਇਸ ਲਈ ਮਨੁੱਖ ਦਾ ਫ਼ਰਜ਼ ਬਣ ਜਾਂਦਾ ਹੈ ਕਿ ਉਹ ਕਾਦਰ ਦੇ ਸਰਗੁਣ ਰੂਪ ਨੂੰ ਮੈਲਾ ਨਾ ਹੋਣ ਦੇਵੇ। ਗੁਰੂ ਸਾਹਿਬ ਦਾ ਆਖਣਾ ਹੈ ਕਿ ਪਾਣੀ ਦੇ ਵੱਡੇ ਵਹਿਣ (ਦਰਿਆ) ਵੀ ਪ੍ਰਭੂ ਦੇ ਹੁਕਮਾਂ ਵਿਚ ਵਗ ਰਹੇ ਹਨ। ਹਵਾ, ਪਾਣੀ ਅਤੇ ਅੱਗ ਕੁਦਰਤ ਦੇ ਗਹਿਣੇ-ਰੂਪ ਹਨ। ਪਾਣੀ ਵਿਚ (ਜ਼ਮੀਨ ਸਮੇਤ) ਜੀਵਾਂ ਦਾ ਨਿਵਾਸ ਹੈ। [19] ਜੀਵ ਵਿਚ ਪ੍ਰਾਣਾਂ ਦਾ ਸੰਚਾਰ ਪਾਣੀ ਹੀ ਕਰਦਾ ਹੈ:

ਭੈ ਵਿਚਿ ਚਲਹਿ ਲਖ ਦਰੀਆਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 464)

ਗਹਣੇ ਪਉਣੁ ਪਾਣੀ ਬੈਸੰਤਰੁ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 465)

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 472)

ਗੁਰੂ ਸਾਹਿਬ ਜਲ ਨੂੰ ਜੀਵਨ-ਦਾਤਾ ਖ਼ਿਆਲ ਕਰਦੇ ਹਨ। [20] ਧਰਤੀ (ਦੀ ਹੋਂਦ) ਵੀ ਪਾਣੀ ਕਰਕੇ ਹੀ ਹੈ। [21] ਇਸੇ ਲਈ ਗੁਰੂ ਸਾਹਿਬ ਪਾਣੀ ਨੂੰ ਸੰਸਾਰ ਦਾ ਪਿਤਾ ਆਖਦੇ ਹਨ। [22] "ਔਰ ਪਾਣੀ ਸਰਬ ਕਾ ਪਿਤਾ ਅਰਥਾਤ ਉਤਪਤੀ ਕਰਤਾ ਹੈ ਭਾਵ ਕਿ ਰਕਤ ਬੀਰਜ ਏਹ ਜਲ ਰੂਪ ਹੈ।" (*ਫਰੀਦਕੋਟ ਵਾਲਾ ਟੀਕਾ* 2524)ਜੀਵ ਪ੍ਰਤੀਪਾਲਨਾ ਦੇ ਇਨ੍ਹਾਂ ਗੁਣਾਂ ਕਾਰਨ ਹੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਬਾਣੀਕਾਰ ਪਾਣੀ ਨੂੰ ਵਾਰ-ਵਾਰ ਪਿਤਾ ਆਖ ਕੇ ਸਤਿਕਾਰਦੇ ਹਨ:

ਪਉਣ ਗੁਰੂ ਪਾਣੀ ਪਿਤ ਜਾਤਾ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1021)

ਪਾਣੀ ਪਿਤਾ ਜਗਤ ਕਾ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1240)

ਪਉਣੁ ਗੁਰੂ ਪਾਣੀ ਪਿਤਾ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 146)

ਅਜੋਕਾ ਮਨੁੱਖ ਇੱਕ ਪਾਸੇ ਤਾਂ ਚੰਦ ਅਤੇ ਮੰਗਲ ਆਦਿ ਉੱਪਰ ਪਾਣੀ ਲੱਭ ਰਿਹਾ ਹੈ ਅਤੇ ਜਦੋਂ ਉਸਨੂੰ ਓਥੇ ਪਾਣੀ ਦੇ ਮਾੜੇ-ਮੋਟੇ ਸ੍ਰੋਤ ਦੀ ਕੋਈ ਨਿਸ਼ਾਨੀ ਲੱਭਦੀ ਹੈ ਤਾਂ ਮਨੁੱਖ ਬੜਾ ਖ਼ੁਸ਼ ਹੁੰਦਾ ਹੈ, ਦੂਸਰੇ ਪਾਸੇ ਧਰਤੀ 'ਤੇ ਮੌਜੂਦ ਸਾਫ਼ ਪਾਣੀ ਦੀ ਸੰਭਾਲ ਤੋਂ ਕੰਨੀ ਕਤਰਾਉਂਦਾ ਹੈ। ਬੜੀ ਅਜੀਬ ਜਿਹੀ ਸਥਿਤੀ ਹੈ ਅਜੋਕੇ ਮਨੁੱਖ ਦੀ। ਮਨੁੱਖ ਕੁਦਰਤ ਦੇ ਦਿੱਤੇ ਹੋਏ ਸਾਫ਼ ਪਾਣੀ ਦੇ ਅਨਮੋਲ ਭੰਡਾਰਾਂ ਨੂੰ ਜ਼ਹਿਰੀਲੇ ਪਦਾਰਥਾਂ ਅਤੇ ਹੋਰ ਕਈ ਤਰ੍ਹਾਂ ਦੀਆਂ ਗੰਦਗੀਆਂ ਨਾਲ ਦੂਸ਼ਿਤ ਕਰਦਾ ਹੈ ਅਤੇ ਵਾਤਾਵਰਨ ਸਬੰਧੀ ਕਾਨੂੰਨਾਂ ਅਤੇ ਨਿਯਮਾਂ ਦੀਆਂ ਧੱਜੀਆਂ ਉਡਾਉਂਦਾ ਹੈ। ਉਦਯੋਗਾਂ ਆਦਿ ਤੋਂ ਨਿਕਲੇ ਹੋਏ ਵਾਧੂ ਅਤੇ ਜ਼ਹਿਰੀਲੇ ਮਾਦੇ ਧਰਤੀ ਹੇਠਲੇ ਸਾਫ਼ ਪਾਣੀ ਨੂੰ ਜ਼ਹਿਰੀਲਾ ਬਣਾ ਰਹੇ ਹਨ। ਬਹੁ-ਗਿਣਤੀ ਲੋਕ ਇਸੇ ਜ਼ਹਿਰੀਲੇ ਪਾਣੀ ਨੂੰ ਨਲਕਿਆਂ ਅਤੇ ਟਿਊਬਵੈੱਲਾਂ ਰਾਹੀਂ ਧਰਤੀ ਵਿੱਚੋਂ ਕੱਢ ਕੇ ਪੀਣ ਲਈ ਵਰਤਦੇ ਹਨ। ਅਜਿਹੇ ਵਿਚ ਉਹ ਕਈ ਮਾਰੂ ਰੋਗਾਂ ਦਾ ਸ਼ਿਕਾਰ ਹੁੰਦੇ ਹਨ। ਅਜਿਹੇ ਜ਼ਹਿਰੀਲੇ ਪਾਣੀ ਦੀ ਵਰਤੋਂ ਕਰਕੇ ਮਨੁੱਖ, ਮਜਬੂਰੀ ਵੱਸ, ਭਵਿੱਖਤ ਪੀੜ੍ਹੀਆਂ ਦੀ ਝੋਲੀ ਵੀਨਾਮੁਰਾਦ ਬਿਮਾਰੀਆਂ ਨਾਲ ਭਰ ਰਿਹਾ ਹੈ। ਅਜੋਕੇ ਮਨੁੱਖ ਦੀਆਂ ਇਨ੍ਹਾਂ ਗ਼ਲਤੀਆਂ ਦੇ ਸਿੱਟੇ ਬੜੇ ਦੂਰਗਾਮੀ ਹੋਣਗੇ, ਸੋ ਅਜੋਕੇ ਮਨੁੱਖ ਨੂੰ ਇਸ ਖੇਤਰ ਵਿਚ ਗਹਿਨ ਚਿੰਤਨ ਕਰਕੇ, ਉਸ ਉੱਪਰ ਅਮਲ ਕਰਨ ਦੀ ਲੋੜ ਹੈ।

ਅਜੋਕੇ ਦੌਰ ਵਿਚ ਸਾਫ਼ ਪਾਣੀ ਦੇ ਸ੍ਰੋਤ ਗੰਧਲੇ ਹੁੰਦੇ ਜਾ ਰਹੇ ਹਨ ਅਤੇ ਅਜਿਹੀ ਸਥਿਤੀ ਵਿਚ ਜੀਵ-ਜੰਤੂਆਂ ਨੂੰ ਲੋੜੀਂਦੀ ਸਮਰੱਥਾ ਪ੍ਰਦਾਨ ਕਰਨ ਤੋਂ ਅਸਮਰੱਥ ਹਨ। ਪੰਜਾਬ ਦੇ ਸਤਲੁਜ ਦਰਿਆ ਵਿਚਲੀਆਂ ਪਾਣੀ ਵਿਚ ਰਹਿਣ ਵਾਲੀਆਂ ਲਗਭਗ ਸਾਰੀਆਂ ਪ੍ਰਜਾਤੀਆਂ ਨਸ਼ਟ ਹੋ ਚੁੱਕੀਆਂ ਹਨ। [23]

ਧਰਤੀ ਹੇਠਲੇ ਪਾਣੀ ਦੀ ਅੰਧਾ-ਧੁੰਦ ਵਰਤੋਂ ਕਾਰਨ ਪੈਦਾ ਹੋਈ ਪਾਣੀ ਦੀ ਘਾਟ ਕਾਰਨ ਮੈਦਾਨੀ ਇਲਾਕੇ ਮਾਰੂਥਲ ਬਣਦੇ ਜਾ ਰਹੇ ਹਨ। ਇਹ ਸਮੱਸਿਆ ਸੰਸਾਰ ਦੇ ਕਈ ਖੇਤਰਾਂ ਨੂੰ ਪ੍ਰਭਾਵਿਤ ਕਰ ਰਹੀ ਹੈ। ਆਲਮੀ ਤਪਸ਼ ਦੇ ਕਾਰਨ ਬਰਫ਼ੀਲੇ ਪਰਬਤਾਂ ਦੀਆਂ ਚੋਟੀਆਂ (ਗਰਮੀ ਨਾਲ ਪਿਘਲਣ ਕਾਰਨ)ਨੀਵੀਆਂ ਹੋ ਰਹੀਆਂ ਹਨ ਤੇ ਨਦੀਆਂ ਵਿਚ ਪਾਣੀ ਦਾ ਪੱਧਰ (ਵਹਾਅ) ਲਗਾਤਾਰ ਘਟਦਾ ਜਾ ਰਿਹਾ ਹੈ, ਜਿਸਦੀ ਪੂਰਤੀ ਹੋਣਾ ਮੁਸ਼ਕਿਲ ਦਿਖਾਈ ਦੇ ਰਿਹਾ ਹੈ। ਉਨ੍ਹਾਂ ਖੇਤਰਾਂ, ਜਿੱਥੇ ਖੇਤੀ ਮੁੱਖ ਤੌਰ 'ਤੇ ਧਰਤੀ ਹੇਠਲੇ ਪਾਣੀ 'ਤੇ ਆਧਾਰਿਤ ਹੈ, ਵਿਚ ਤੇਜ਼ ਗਤੀ ਅਤੇ ਵੱਧ ਮਾਤਰਾ ਵਿਚ ਧਰਤੀ ਵਿੱਚੋਂ ਪਾਣੀ ਕੱਢੇ ਜਾਣ ਕਾਰਨ, ਉਨ੍ਹਾਂ ਖੇਤਰਾਂ ਵਿਚ ਪਾਣੀ ਦੀ ਕਮੀ ਹੋਣ ਕਾਰਨ ਉਪਜਾਊ ਖੇਤਰ ਬੰਜਰ ਅਤੇ ਮਾਰੂਥਲ ਬਣਦੇ ਜਾ ਰਹੇ ਹਨ। ਮੌਸਮਾਂ ਦੀ ਕੁਦਰਤੀ ਇੱਕਸਾਰਤਾ ਪ੍ਰਭਾਵਿਤ ਹੋਣ ਨਾਲ ਪਾਣੀ ਦੇ ਪੱਧਰ 'ਤੇ ਅਸਰ ਪੈ ਰਿਹਾ ਹੈ। ਮੀਂਹ ਪਹਿਲਾਂ ਜਿਹੇ ਹੁਣ ਨਹੀਂ ਵਰ੍ਹਦੇ। ਅਜਿਹੇ ਵਿਚ ਨਾ ਸਿਰਫ਼ ਖੇਤੀ ਯੋਗ ਖੇਤਰ ਬੰਜਰ ਅਤੇ ਮਾਰੂਥਲ ਬਣੇ ਹਨ ਬਲਕਿ ਬਹੁ-ਗਿਣਤੀ ਲੋਕ ਪੀਣ ਵਾਲੇ ਪਾਣੀ ਨੂੰ ਹਾਸਲ ਕਰਨ ਲਈ ਵੀ ਜੱਦੋ-ਜਹਿਦ ਕਰ ਰਹੇ ਹਨ।

ਸੋ, ਸਾਡਾ ਸਾਰਿਆਂ ਦਾ ਫ਼ਰਜ਼ ਬਣ ਜਾਂਦਾ ਹੈ ਕਿ ਪਾਣੀ ਨੂੰ ਜ਼ਹਿਰੀਲਾ ਹੋਣ ਤੋਂ ਬਚਾਈਏ। ਪੀਣ ਵਾਲਾ ਸਾਫ਼ ਪਾਣੀ ਹਰ ਮਨੁੱਖ ਦੀ ਬੁਨਿਆਦੀ ਲੋੜ ਹੈ ਅਤੇ ਹਰ ਮਨੁੱਖ ਦੀ ਪਹੁੰਚ ਅੰਦਰ ਹੋਣਾ ਚਾਹੀਦਾ ਹੈ। ਇਸ ਵਿਚ ਕੋਈ ਬੁਰੀ ਗੱਲ ਨਹੀਂ ਕਿ ਮਨੁੱਖ ਚੰਦ ਅਤੇ ਹੋਰਨਾਂ ਗ੍ਰਹਿਆਂ ਉੱਪਰ ਪਾਣੀ ਦੀ ਭਾਲ ਕਰੇ ਪਰ ਮਨੁੱਖ ਨੂੰ ਚਾਹੀਦਾ ਹੈ ਕਿ ਕੁਦਰਤ ਵੱਲੋਂ ਜੋ ਇਸਨੂੰ ਮਿਲਿਆ ਹੈ, ਉਸਦੀ ਵੀ ਸੰਭਾਲ ਕਰੇ। ਪ੍ਰਸਿੱਧ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਜੀ ਸੀਚੇਵਾਲ ਦੇ ਵਿਚਾਰ ਏਥੇ ਬੜੇ ਢੁਕਵੇਂ ਹਨ, "ਪਾਣੀ

ਪਰਮਾਤਮਾ ਦਾ ਧਰਤੀ ਦੇ ਲੋਕਾਂ ਨੂੰ ਦਿੱਤਾ ਹੋਇਆ ਸਭ ਤੋਂ ਕੀਮਤੀ ਤੋਹਫ਼ਾ ਹੈ। ਭਵਿੱਖ ਨੂੰ ਮੁੱਖ ਰੱਖ ਕੇ, ਇਸ ਦੀ ਸੁਰੱਖਿਆ ਕਰਨਾ ਅਤੇ ਇਸਨੂੰ ਸੰਭਾਲਣਾ ਸਾਡੀ ਜ਼ਿੰਮੇਵਾਰੀ ਹੈ। ਕਹਿਣ ਦੀ ਲੋੜ ਨਹੀਂ ਕਿ ਬ੍ਰਹਿਮੰਡ ਦੇ ਹਰੇਕ ਜੀਵ ਦੇ ਜਿਉਂਦੇ ਰਹਿਣ ਲਈ ਪਾਣੀ ਬੜਾ ਅਹਿਮ ਅਤੇ ਲੋੜੀਂਦਾ ਹੈ। ਪਾਣੀ ਤੋਂ ਬਿਨਾ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਹਵਾ, ਪਾਣੀ ਅਤੇ ਭੋਜਨ ਮਨੁੱਖ ਨੂੰ ਜਿਉਂਦੇ ਰਹਿਣ ਲਈ ਆਧਾਰ ਪ੍ਰਦਾਨ ਕਰਦੇ ਹਨ। ਬੜੀ ਬੁਰੀ ਗੱਲ ਹੈ ਕਿ ਵਿਗਿਆਨ ਅਤੇ ਤਕਨੀਕ ਦੇ ਅਜੋਕੇ ਯੁੱਗ ਵਿਚ, ਮਨੁੱਖ ਆਪਣੇ ਜੀਵਨ ਦਾਤੇ, ਪਾਣੀ ਦੇ ਸ੍ਰੋਤਾਂ ਨੂੰ, ਜ਼ਹਿਰੀਲੇ ਬਣਾਉਣ 'ਤੇ ਤੁਲੇ ਹੋਏ ਹਾਂ। ਭਾਰਤ, ਜਿਹੜਾ ਕਿ ਪੀਣ ਵਾਲੇ ਸਾਫ਼ ਪਾਣੀ ਦੇ ਵੱਡਾ ਸ੍ਰੋਤ ਅਤੇ ਨਦੀਆਂ ਦੇ ਪਾਣੀ ਦੀ ਬਹੁਤਾਤ ਲਈ ਜਾਣਿਆਂ ਜਾਂਦਾ ਸੀ, ਅੱਜ ਏਥੇ ਤਥਾਕਥਿਤ ਬੋਤਲ ਵਾਲਾ ਪਾਣੀ (mineral water) 20 ਰੁਪਏ ਲੀਟਰ ਵਿਕਦਾ ਹੈ। ਇੰਗਲੈਂਡ ਵਿਚ ਇਹ 90 ਰੁਪਏ ਬੋਤਲ ਮਿਲਦਾ ਹੈ। ਕਿੱਡਾ ਦੁਰਭਾਗ ਹੈ ਕਿ ਪਹਿਲਾਂ ਤਾਂ ਅਸੀਂ ਨਗਰ ਕੌਂਸਲਾਂ, ਨਗਰ ਨਿਗਮਾਂ ਅਤੇ ਉਦਯੋਗਾਂ ਨੂੰ ਆਪਣੇ ਪੀਣ ਵਾਲੇ ਸਾਫ਼ ਪਾਣੀ ਦੇ ਸ੍ਰੋਤਾਂ ਨੂੰ ਰਸਾਇਣਾਂ ਅਤੇ ਹੋਰ ਪ੍ਰਦੂਸ਼ਕਾਂ ਨਾਲ ਦੂਸ਼ਿਤ ਕਰਨ ਦੀ ਖੁੱਲ੍ਹ ਦਿੰਦੇ ਹਾਂ ਤੇ ਮਗਰੋਂ ਸਾਫ਼ ਪਾਣੀ ਪੀਣ ਹਿਤ (ਪਾਣੀ ਨੂੰ ਸਾਫ਼ ਕਰਨ ਲਈ) ਆਰ.ਓ. ਲਗਵਾਉਣ 'ਤੇ ਭਾਰੀ ਰਕਮਾਂ ਅਦਾ ਕਰਦੇ ਹਾਂ। ... ... ... ਪਾਣੀ ਦੇ ਸ੍ਰੋਤਾਂ ਨੂੰ ਕੂੜੇ ਅਤੇ ਸੀਵਰੇਜ ਨਾਲ ਦੂਸ਼ਿਤ ਕਰਨ ਦੀ ਬਜਾਇ, ਸਾਨੂੰ ਇਸਨੂੰ ਯੋਗ ਪਰਕਿਰਿਆ ਰਾਹੀਂ ਸਾਫ਼ ਕਰ ਕੇ ਖੇਤੀ ਲਈ ਵਰਤਣਾ ਚਾਹੀਦਾ ਹੈ। ਇਸ ਤਰ੍ਹਾਂ ਸਾਡਾ ਦੋ ਤਰ੍ਹਾਂ ਨਾਲ ਫ਼ਾਇਦਾ ਹੋਵੇਗਾ; ਇੱਕ ਤਾਂ ਸਾਡਾ ਖਾਦਾਂ ਦਾ ਖ਼ਰਚ ਘਟੇਗਾ ਤੇ ਦੂਸਰਾ ਸਾਡੇ ਸਾਫ਼ ਪਾਣੀ ਦੇ ਸ੍ਰੋਤ ਬਚੇ ਰਹਿਣਗੇ। "[24]

## 5.3 ਧਰਤੀ

"ਮਾਤਾ ਧਰਤਿ ਮਹਤੁ" (*ਸ੍ਰੀ ਗੁਰੂ ਗ੍ਰੰਥ ਸਾਹਿਬ* 8) ਸ਼ਬਦਾਂ ਰਾਹੀਂ ਗੁਰੂ ਨਾਨਕ ਸਾਹਿਬ ਨੇ ਧਰਤੀ ਦਾ ਮਹੱਤਵ ਮਾਂ ਜਿਹਾ ਦੱਸਿਆ ਹੈ। "ਮਹਾਨ ਧਰਤੀ ਮਾਤਾ ਹੈ। "(ਜੋਧ ਸਿੰਘ, *ਜਪੁਜੀ ਸਟੀਕ* 64)ਮਨੁੱਖ ਦੇ ਜੀਵਨ ਵਿਚ ਮਾਂ ਦਾ ਬੜਾ ਵੱਡਾ ਮਹੱਤਵ ਹੁੰਦਾ ਹੈ। ਉਹ ਮਨੁੱਖ ਨੂੰ ਜਨਮ ਦਿੰਦੀ ਹੈ, ਉਸਦਾ ਪਾਲਣ-ਪੋਸ਼ਣ ਕਰਦੀ ਹੈ ਤੇ ਆਪ ਦੁੱਖ ਸਹਿੰਦੀ ਹੋਈ, ਉਸ 'ਤੇ ਕਦੇ ਵੀ ਕੋਈ ਕਸ਼ਟ ਨਹੀਂ ਆਉਣ ਦੇਣਾ ਚਾਹੁੰਦੀ। ਉਹ ਸੰਤਾਨ ਦੇ ਸਿਰ 'ਤੇ ਗੂੜ੍ਹੀ ਛਾਂ ਵਰਗੀ ਹੁੰਦੀ ਹੈ, ਜਿਹੜੀ ਉਸਨੂੰ ਦੁੱਖਾਂ-ਕਸ਼ਟਾਂ ਦੀ ਤਪਸ਼ ਤੋਂ ਬਚਾ ਕੇ ਰੱਖਦੀ ਹੈ। ਮਨੁੱਖ ਆਪਣੀ ਮਾਤਾ ਦੇ ਗਰਭ ਵਿਚ ਲਗਭਗ ਨੌਂ ਮਹੀਨੇ ਰਹਿੰਦਾ ਹੈ ਪਰ ਮਗਰੋਂ ਉਹ ਸਾਰੀ ਉਮਰ ਧਰਤੀ-ਰੂਪੀ ਮਾਤਾ ਦੀ ਗੋਦ ਵਿਚ ਹੀ ਸਾਰੀ ਉਮਰ ਗੁਜ਼ਾਰਦਾ ਹੈ। ਧਰਤੀ ਮਾਂ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦੀ ਹੈ।

ਧਰਤੀ ਮਾਂ ਮਨੁੱਖ ਨੂੰ ਇਸਦੇ ਕੋਲ਼ ਪਏ ਹੋਏ ਕੁਦਰਤ ਦੇ ਅਨਮੋਲ ਖ਼ਜ਼ਾਨੇ ਆਪਣੀ ਸੰਤਾਨ ਦੇ ਹਵਾਲੇ ਕਰਦੀ ਹੈ ਤੇ ਆਪਣੀ ਸੰਤਾਨ ਨੂੰ ਸਾਧਨ ਸੰਪੰਨ ਦੇਖਣਾ ਚਾਹੁੰਦੀ ਹੈ। ਜੇਕਰ ਮਨੁੱਖ ਧਰਤੀ ਦਾ ਸਤਿਕਾਰ ਮਾਂ ਵਾਂਗ ਕਰੇ ਅਤੇ ਇਸਦੇ ਨਾਲ ਚੰਗਾ ਵਤੀਰਾ ਰੱਖੇ ਤਾਂ ਉਹ ਕਈ ਬਿਪਤਾਵਾਂ ਤੋਂ ਬਚ ਸਕਦਾ ਹੈ। ਧਰਤੀ ਮਾਤਾ ਖਿਮਾ ਦਾ ਚਿੰਨ੍ਹ ਹੈ। ਧਰਤੀ ਨੂੰ ਚਾਹੇ ਕੋਈ ਖੋਦੇ, ਚਾਹੇ ਉਸ ਉੱਪਰ ਚੰਦਨ ਆਦਿ ਸੁਗੰਧਿਤ ਵਸਤਾਂ ਦਾ ਲੇਪ ਕਰਦਾ ਫਿਰੇ, ਉਹ ਸਭ ਨਾਲ ਇੱਕੋ ਜਿਹਾ ਹੀ ਸਲੂਕ ਰੱਖਦੀ ਹੈ। ਉਸ ਉੱਪਰ ਚੰਦਨ ਦਾ ਲੇਪ ਕਰਨ ਵਾਲੇ ਨੂੰ ਉਹ ਕੋਈ ਖ਼ਾਸ ਵਸਤੂ ਨਹੀਂ ਬਖਸ਼ਦੀ ਅਤੇ ਖੋਦਣ ਵਾਲੇ ਨੂੰ ਕੋਈ ਚੀਜ਼ ਘੱਟ ਨਹੀਂ ਦਿੰਦੀ, ਉਸਦੀਆਂ ਦਾਤਾਂ ਤਾਂ ਉਸਦੀਆਂ ਸਾਰੀਆਂ ਸੰਤਾਨਾਂ ਲਈ ਸਾਵੀਆਂ ਅਤੇ ਸੰਤੁਲਿਤ ਹੁੰਦੀਆਂ ਹਨ। ਇਸ ਕਾਰਨ ਧਰਤੀ ਖਿਮਾ ਦਾ ਚਿੰਨ੍ਹ ਹੈ। ਮਨੁੱਖ ਨੂੰ ਸ਼ਹਿਨਸ਼ੀਲਤਾ ਅਤੇ ਖਿਮਾ ਦਾ ਗੁਣ ਧਰਤੀ ਤੋਂ ਧਾਰਨ ਕਰਨਾ ਚਾਹੀਦਾ ਹੈ।

ਧਰਤੀ, ਸਭ ਨੂੰ ਜਨਮ ਦਿੰਦੀ ਹੈ, ਮਾਂ ਵਾਂਗ ਆਪਣੀ ਗੋਦ ਵਿਚ ਸਾਰਿਆਂ ਨੂੰ ਖਿਡਾਉਂਦੀ ਹੈ ਅਤੇ ਅੰਤ, ਸਾਰਾ ਦਿਸਦਾ ਜਗਤ ਇਸੇ ਮਾਂ ਦੀ ਗੋਗ ਵਿਚ ਹੀ ਸਦਾ ਦੀ ਨੀਂਦ ਸੌਂ ਜਾਂਦਾ ਹੈ। ਇਸੇ 'ਉਦਰ ਸੰਜੋਗ' ਕਾਰਨ ਧਰਤੀ ਮਾਂ ਅਖਵਾਏ ਜਾਣ ਦੀ ਪੂਰਨ ਅਧਿਕਾਰੀ ਹੈ। ਗੁਰੂ ਸਾਹਿਬ ਆਖਦੇ ਹਨ ਕਿ ਸ੍ਰਿਸ਼ਟੀ ਦੇ ਸਮੁੱਚੇ ਜੀਵ-ਜੰਤੂਆਂ ਦੀ ਇਹ ਮਾਂ ਧਰਤੀ ਪਰਮਾਤਮਾ ਨੇ ਹੱਥੀਂ ਸਾਜੀ ਹੈ ਅਤੇ ਮਨੁੱਖ ਨੂੰ ਧਰਤੀ ਦੀ ਸਰਵ-ਉੱਤਮ ਸੰਤਾਨ ਹੋਣ ਦਾ ਮਾਣ ਬਖ਼ਸ਼ਿਆ ਹੈ। ਪਰਮਾਤਮਾ ਦੇ ਹੁਕਮ ਵਿਚ ਸਾਜੀ ਗਈ ਇਸ ਧਰਤੀ ਨੂੰ ਗੁਰੂ ਅਮਰਦਾਸ ਜੀ 'ਸਚੀ ਧਰਮਸਾਲਾ' ਆਖਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਇਸ ਦਾਤੀ ਮਾਂ (ਜਿਹੜੀ ਹਰ ਦਾਤ ਦੇਣ ਦੇ ਸਮਰੱਥ ਹੈ) ਨੂੰ ਮਨੁੱਖ ਪਾਸੋਂ ਕਿਸੇ ਭੇਟਾ ਜਾਂ ਚੀਜ਼ ਦੀ ਲੋੜ ਨਹੀਂ ਹੈ ਭਾਵ ਇਹ ਮਨੁੱਖ ਪਾਸੋਂ ਕੋਈ ਆਸ ਨਹੀਂ ਰੱਖਦੀ (ਕਿਉਂਕਿ ਮਾਂ ਹੈ) ਪਰ ਮਨੁੱਖ ਦਾ ਇਹ ਇਖ਼ਲਾਕੀ ਫ਼ਰਜ਼ ਤਾਂ ਬਣ ਹੀ ਜਾਂਦਾ ਹੈ ਕਿ ਆਪਣੀ ਮਾਂ ਦੀ ਸੇਵਾ-ਸੰਭਾਲ ਕਰੇ। ਲਾਇਕ ਪੁੱਤਰ (ਮਨੁੱਖ) ਦੇ ਹੁੰਦਿਆਂ-ਸੁੰਦਿਆਂ ਉਸਦੀ (ਧਰਤੀ) ਮਾਂ ਦੀ, ਕਿਸੇ ਵੀ ਪੱਖੋਂ ਬੇ-ਪੱਤੀ ਨਾ ਹੋਵੇ। ਯੱਗ-ਹਵਨ ਸਮੇਂ ਉਸ ਦਾਤੀ ਨੂੰ ਉਸੇ ਦੀਆਂ ਬਖ਼ਸ਼ੀਆਂ ਹੋਈਆਂ ਦਾਤਾਂ ਵਿੱਚੋਂ ਨਾਂ-ਮਾਤਰ ਜਿਹਾ ਹਿੱਸਾ ਭੇਂਟ ਕਰ ਕੇ ਉਸਦੀ ਪੂਜਾ ਕਰਨ ਦੀ ਬਜਾਇ, ਉਸਨੂੰ ਹਰਿਆ-ਭਰਿਆ ਬਣਾਉਣ ਦੇ ਯਤਨ ਕੀਤੇ ਜਾਣ।

"ਧਰਣਿ ਸੁਵੰਨੀ ਖੜ ਰਤਨ ਜੜਾਵੀ"(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 322) ਤੁਕਾਂਗ ਅਨੁਸਾਰ ਹਰੀ-ਭਰੀ ਧਰਤੀ, ਜਿਸ ਉੱਪਰ ਤ੍ਰੇਲ-ਰੂਪ ਮੋਤੀ ਬਿਖਰੇ ਹੋਏ ਹੋਣ, ਸੁੰਦਰ ਦਿਖਾਈ ਦਿੰਦੀ ਹੈ। ਇਸਦਾ ਭਾਵ ਹੈ ਕਿ ਹਰਿਆਵਲ ਵਿਹੂਣੀ ਧਰਤੀ ਸੁੰਦਰਤਾ ਤੋਂ ਕੋਰੀ ਹੋਵੇਗੀ, ਸੋ ਇਸ ਤੁਕਾਂਗ ਵਿਚ ਵੀ ਧਰਤੀ ਨੂੰ ਹਰਿਆਵਲ ਭਰਪੂਰ ਰੱਖੇ ਜਾਣ ਦਾ ਸੁਨੇਹਾ ਦਿੱਤਾ ਗਿਆ ਹੈ। ਜਿੱਥੇ ਪਿਆਰੇ ਸਤਿਗੁਰੂ ਬਿਰਾਜਦੇ ਹਨ, ਉਸ ਧਰਤੀ ਨੂੰ ਹਰੀ-ਭਰੀ ਆਖਿਆ ਗਿਆ ਹੈ। ਇਸ ਪੰਕਤੀ ਵਿਚ ਵੀ ਹਰਿਆਵਲ ਨੂੰ ਵਿਸ਼ੇਸ਼ਤਾ ਦਿੱਤੀ ਗਈ ਹੈ ਤਾਂ ਹੀ ਤਾਂ ਸਤਿਗੁਰੂ ਜੀ ਦੇ ਬਿਰਾਜਣ ਦੀ ਥਾਂ ਨੂੰ ਹਰਿਆ-ਭਰਿਆ ਦੱਸਿਆ ਗਿਆ ਹੈ। ਜਿਹੜੇ ਜੀਵ ਚੱਲ ਕੇ ਸਤਿਗੁਰੂ ਦੇ ਦਰਸ਼ਨ ਕਰਦੇ ਹਨ ਉਨ੍ਹਾਂ ਦੇ ਮਨ ਦਾ ਹਰਿਆ-ਭਰਿਆ ਹੋ ਜਾਣਾ (ਖੇੜੇ ਵਿਚ ਆ ਜਾਣਾ) ਵੀ ਹਰਿਆਵਲ ਲਈ ਇੱਕ ਸ਼ਾਬਾਸ਼ੀ ਹੈ। ਹਰਿਆਵਲ ਖੇੜੇ ਦਾ ਪ੍ਰਤੀਕ ਮੰਨੀ ਗਈ ਹੈ:

ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 999)

ਪਉਣੁ ਗੁਰੂ ਪਾਣੀ ਪਿਤ ਜਾਤਾ॥

ਉਦਰ ਸੰਜੋਗੀ ਧਰਤੀ ਮਾਤਾ[25]॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 1021)

ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ॥

ਬਸੁਧਾ ਦੀਓ ਬਰਤਨਿ [26]ਬਲਨਾ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 913)

ਆਪੇ ਧਰਤੀ ਸਾਜੀਅਨੁ ਆਪੇ ਆਕਾਸੁ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 302)

ਇਸੁ ਧਰਤੀ ਮਹਿ ਤੇਰੀ ਸਿਕਦਾਰੀ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 374)

ਹੁਕਮੇ ਧਰਤੀ ਸਾਜੀਅਨੁ [27]ਸਚੀ ਧਰਮ ਸਾਲਾ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 785)

ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ[28]॥ (ਮਹਲਾ ੨, *ਸ੍ਰੀ ਗੁਰੂ ਗ੍ਰੰਥ ਸਾਹਿਬ* 150)

ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥

ਸੇ ਜੰਤ ਭਏ ਹਰਿਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 319)

ਮਾਂ ਉਸ ਵੇਲੇ ਤ੍ਰਿਪਤ ਹੋ ਜਾਂਦੀ ਹੈ (ਆਪਣੇ ਆਪ ਨੂੰ ਰੱਜਿਆ ਜਾਣਦੀ ਹੈ), ਜਦੋਂ ਉਸਦੀ ਸੰਤਾਨ ਤ੍ਰਿਪਤ ਹੋ ਜਾਵੇ। ਜਦੋਂ ਮੀਂਹ ਦੇ ਪਾਣੀ ਸਦਕਾ ਧਰਤੀ ਦੀ ਸੰਤਾਨ (ਜੀਵ-ਜੰਤੂਆਂ) ਲਈ ਚੋਖਾ ਅੰਨ ਪੈਦਾ ਹੋ ਜਾਂਦਾ ਹੈ, ਜਿਸ ਤੋਂ ਧਨ ਦਾ ਉਤਪਾਦਨ ਵੀ ਹੁੰਦਾ ਹੈ, ਤਾਂ ਇਹ ਧਰਤੀ ਮਾਂ ਆਪਣੀ ਸੰਤਾਨ ਨੂੰ ਪ੍ਰਸੰਨ ਦੇਖ ਕੇ ਤ੍ਰਿਪਤ ਹੋ ਉੱਠਦੀ ਹੈ। ਇਸੇ ਅੰਨ ਤੋਂ ਹੀ ਸ੍ਰਿਸ਼ਟੀ ਦਾ ਸਮੁੱਚਾ ਜੀਵਨ-ਪ੍ਰਵਾਹ ਤੁਰਦਾ ਹੈ। ਅੰਨ ਸਦਕਾ ਹੀ ਸਰੀਰ ਵਿਚ ਸੱਤਿਆ (ਤਾਕਤ) ਆਉਂਦੀ ਹੈ, ਜਿਸ ਸਦਕਾ ਮਨੁੱਖ ਕੋਈ ਵੀ ਕੰਮ ਕਰਨ ਲਈ ਸਕਸ਼ਮ ਹੁੰਦਾ ਹੈ। ਇੱਥੋਂ ਤੱਕ ਕਿ ਮਨੁੱਖਾ ਜਨਮ ਦਾ ਮੁੱਖ ਮਨੋਰਥ ਪ੍ਰਾਪਤ ਕਰਨ ਹਿਤ ਵੀ ਕੀਤਾ ਜਾਣ ਵਾਲਾ ਕਾਰਜ (ਪਰਮਾਤਮਾ ਦਾ ਨਾਮ ਜੱਪਣਾ) ਵੀ ਅੰਨ ਤੋਂ ਪ੍ਰਾਪਤ ਹੋਣ ਵਾਲੀ ਤਾਕਤ ਨਾਲ ਹੀ ਕੀਤਾ ਜਾ ਸਕਦਾ ਹੈ। ਇਸ ਕਰਕੇ ਅੰਨ ਕੋਈ ਛੁਟਿਆਉਣ ਵਾਲੀ ਵਸਤੂ ਨਹੀਂ। ਭੁੱਖੇ ਮਨੁੱਖ ਦੀ ਤ੍ਰਿਪਤੀ ਤਾਂ ਤਦ ਹੀ ਹੁੰਦੀ ਹੈ, ਜਦੋਂ ਉਹ ਭੋਜਨ ਛਕ ਲੈਂਦਾ ਹੈ:

ਪਾਰਬ੍ਰਹਮਿ ਫੁਰਮਾਇਆ ਮੀਹੁ ਵੁਠਾ ਸਹਜਿ ਸੁਭਾਇ॥

ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ ਰਜੀ ਤਿਪਤਿ ਅਘਾਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 321)

ਅਨੁ ਧਨੁ ਬਹੁਤਾ ਉਪਜੈ ਧਰਤੀ ਸੋਭਾ ਪਾਇ॥ (ਮਹਲਾ ੩, *ਸ੍ਰੀ ਗੁਰੂ ਗ੍ਰੰਥ ਸਾਹਿਬ* 1420)

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥ (ਸ਼ੇਖ ਫਰੀਦ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 1383)

ਜਪੀਐ ਨਾਮੁ ਅੰਨ ਕੈ ਸਾਦਿ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 873)

ਜਪੀਐ ਨਾਮੁ ਜਪੀਐ ਅੰਨੁ॥ (ਭਗਤ ਕਬੀਰ ਜੀ, *ਸ੍ਰੀ ਗੁਰੂ ਗ੍ਰੰਥ ਸਾਹਿਬ* 873)

ਭੂਖੇ ਪ੍ਰੀਤਿ ਹੋਵੈ ਅੰਨੁ ਖਾਇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 164)

ਤਦ ਮਨੁੱਖ ਦਾ ਵੀ ਫ਼ਰਜ਼ ਬਣ ਜਾਂਦਾ ਹੈ ਕਿ ਜਿਹੜੀ ਮਾਂ (ਧਰਤੀ) ਉਸਦੀ ਖ਼ੁਸ਼ਹਾਲੀ ਦਾ ਆਧਾਰ ਹੈ, ਉਹ (ਮਨੁੱਖ) ਉਸਦੀ ਸੰਭਾਲ ਕਰੇ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਕਿੰਨੇ ਦੁਖਾਂਤ ਦੀ ਗੱਲ ਹੈ ਕਿ ਮਨੁੱਖ ਧਰਤੀ ਉੱਪਰ ਹੀ ਪੈਦਾ ਹੁੰਦਾ ਹੈ ਅਤੇ ਅੰਤ ਇਸੇ ਅੰਦਰ ਹੀ ਸਮਾਅ ਜਾਂਦਾ ਹੈ (ਭਾਵ ਧਰਤੀ ਹੀ ਇਸਦੇ ਜੀਵਨ ਦਾ ਆਧਾਰ ਹੈ) ਪਰ ਇਹ ਮਨੁੱਖ, ਏਨੇ (ਬੇਅੰਤ) ਗੁਣਾਂ ਵਾਲੀ ਧਰਤੀ ਦੀ ਕਦਰ ਫਿਰ ਵੀ ਨਹੀਂ ਕਰਦਾ। ਇਹ ਪਾਵਨ ਕਥਨ ਮਨੁੱਖ ਨੂੰ ਧਰਤੀ ਦੀ ਸੇਵਾ-ਸੰਭਾਲ ਪ੍ਰਤਿ ਪ੍ਰੇਰਿਤ ਕਰਨ ਹਿਤ ਕਿੰਨਾ ਮਹੱਤਵਪੂਰਨ ਹੈ। ਭਗਤ ਪੂਰਨ ਸਿੰਘ ਜੀ ਆਪਣੀ ਪੁਸਤਕ 'ਆਦਰਸ਼ਕ ਜੀਵਨ ਲਈ ਸੇਧਾਂ' ਵਿਚ ਗੁਰੂ ਤੇਗ ਬਹਾਦਰ ਜੀ ਦੇ ਸਬੰਧ ਵਿਚ ਲਿਖਦੇ ਹਨ, "ਉਨ੍ਹਾਂ (ਸ੍ਰੀ ਗੁਰੂ ਤੇਗ ਬਹਾਦਰ ਜੀ) ਨੇ ਲੋਕਾਂ ਨੂੰ ਬੈਲ ਮੁਫ਼ਤ ਦਿੱਤੇ। ਨੰਗੀ ਧਰਤੀ ਨੂੰ ਉਸ ਦੀ ਖੱਲੜੀ ਰੁੱਖਾਂ ਨਾਲ ਕੱਜਣ ਲਈ ਥਾਂ-ਥਾਂ ਰੁੱਖ ਲਗਵਾਏ। " (ਪੰਨਾ-37) ਭਗਤ ਪੂਰਨ ਸਿੰਘ ਜੀ ਨੇ ਧਰਤੀ ਨੂੰ ਜ਼ਿੰਦਗੀ ਦਾ ਧਰਮ ਆਖਿਆ ਹੈ। (*ਆਦਰਸ਼ਕ ਜੀਵਨ ਲਈ ਸੇਧਾਂ* 109) "Man has lost his capacity to forsee and forestall. He will end by destroying the earth and with it of course himself. Pollute and perish." (Albert Schweitzer,' *ਹਰ ਪ੍ਰਾਣੀ ਦਾ ਬੁਨਿਆਦੀ ਅਧਿਕਾਰ ਹੈ ਪਾਣੀ'* 20) "ਅੱਜ ਜਦੋਂ ਕੁਦਰਤੀ ਸੋਮੇ ਦਿਨ-ਬ-ਦਿਨ ਘੱਟ ਹੁੰਦੇ ਜਾ ਰਹੇ ਹਨ, ਅਜਿਹੇ 'ਚ

ਸਾਨੂੰ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਚੀਜ਼ਾਂ ਨੂੰ ਬਰਬਾਦ ਨਾ ਕਰੀਏ ਅਤੇ ਆਪਣੀਆਂ ਛੋਟੀਆਂ-ਛੋਟੀਆਂ ਕੋਸ਼ਿਸ਼ਾਂ ਨਾਲ ਇਸ ਧਰਤੀ ਨੂੰ ਸੁਰੱਖਿਅਤ ਬਣਾ ਕੇ ਰੱਖੀਏ। " (*ਜਗ ਬਾਣੀ ਰੋਜ਼ਾਨਾ ਮਿਤੀ 11.08.2015* 6)

ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 877)

ਧਰਤੀ ਦੀ ਹਿੱਕ ਵਿੱਚੋਂ ਆਪ-ਹੁਦਰੇ ਢੰਗਾਂ ਨਾਲ ਵਿੱਤ ਤੋਂ ਵੱਧ ਫ਼ਸਲਾਂ ਉਪਜਾ-ਉਪਜਾ ਕੇ ਮਨੁੱਖ ਨੇ ਧਰਤੀ ਦੀ ਕੁੱਖ ਬੰਜਰ ਕਰ ਦਿੱਤੀ ਹੈ। ਆਪਣੇ ਜੀਵਨ-ਕਾਲ ਦੇ ਅੰਤਲੇ ਦਿਨਾਂ ਵਿਚ ਕਰਤਾਰਪੁਰ (ਪਾਕਿਸਤਾਨ) ਵਿਚ ਰਹਿ ਕੇ ਖੇਤੀ ਕਰਦਿਆਂ, ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਵਾਤਾਵਰਨ ਅਨੁਕੂਲ ਖੇਤੀ ਕਰਨ ਦਾ ਅਮਲੀ ਢੰਗ ਸਿਖਾਇਆ ਸੀ[29] ਪਰ ਅਜੋਕੇ ਸਮਾਜ ਨੇ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਮੁੱਖ ਫੇਰ ਲਿਆ ਹੈ। ਮਨੁੱਖ ਰਸਾਇਣਿਕ ਖਾਦਾਂ, ਕੀਟਨਾਸ਼ਕਾਂ/ਨਦੀਨਨਾਸ਼ਕਾਂ ਤੇ ਹੋਰ ਕਈ ਮਾਰੂ ਦਵਾਈਆਂ ਦਾ (ਬਹੁਤੀ ਵਾਰ ਲੋੜ ਤੋਂ ਵੱਧ) ਇਸਤੇਮਾਲ ਕਰ ਕੇ ਧਰਤੀ ਦਾ ਨਾਸ਼ ਕਰ ਰਿਹਾ ਹੈ। ਖੇਤਾਂ ਵਿਚ ਛੱਡਿਆ ਹੋਇਆ, ਇਨ੍ਹਾਂ ਮਾਰੂ ਰਸਾਇਣਾਂ ਤੋਂ ਯੁਕਤਪਾਣੀ, ਧਰਤੀ ਹੇਠਲੇ ਪਾਣੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਅਕਸਰ ਉਦਯੋਗਾਂ ਤੋਂ ਨਿਕਲਿਆ ਹੋਇਆ ਗੰਧਲਾ ਅਤੇ ਮਾਰੂ ਮਾਦਿਆਂ ਵਾਲਾ ਪਾਣੀ ਸਿੱਧਾ ਹੀ ਫ਼ਸਲਾਂ ਨੂੰ ਦੇ ਦਿੱਤਾ ਜਾਂਦਾ ਹੈ, ਜਿਹੜਾ ਕਿ ਫ਼ਸਲਾਂ ਅਤੇ ਧਰਤੀ ਵਿਚ ਜ਼ਹਿਰੀਲੇ ਤੱਤ ਭਰ ਦਿੰਦਾ ਹੈ। ਇਹ ਜ਼ਹਿਰੀਲੀਆਂ ਫ਼ਸਲਾਂ ਅਤੇ ਮਾਰੂ ਰਸਾਇਣਾਂ ਦਾ ਪ੍ਰਭਾਵ ਕਬੂਲ ਕਰ ਚੁੱਕੀ ਮਿੱਟੀ ਵਿੱਚੋਂ ਭਵਿੱਖ ਵਿਚ ਪੈਦਾ ਹੋਣ ਵਾਲੀਆਂ ਫ਼ਸਲਾਂ ਮਨੁੱਖੀ ਨਸਲ ਨੂੰ ਤਬਾਹ ਕਰਦੀਆਂ ਹਨ। ਇਹ ਮਾਰੂ ਰਸਾਇਣ ਸਾਡੇ ਵਾਤਾਵਰਨ ’ਤੇ ਬੜਾ ਉਲਟ ਪ੍ਰਭਾਵ ਪਾਉਂਦੇ ਹਨ। ਇਨ੍ਹਾਂ ਮਾਰੂ ਰਸਾਇਣਾਂ ਦੇ ਅਸਰ ਹੇਠ ਜੀਵ-ਜੰਤੂ ਤੇ ਮਨੁੱਖ ਅਸਾਧ (ਜਿਨ੍ਹਾਂ ਦਾ ਇਲਾਜ ਨਹੀਂ) ਰੋਗਾਂ ਦੇ ਸ਼ਿਕਾਰ ਹੁੰਦੇ ਹਨ ਤੇ ਉਨ੍ਹਾਂ ਅਸਰਾਂ ਦਾ ਪ੍ਰਭਾਵ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰਿਆ ਜਾਂਦਾ ਹੈ। ਜੀਵ-ਜੰਤੂਆਂ ਦੀਆਂ ਕਈ ਨਸਲਾਂ ਪ੍ਰਜਣਨ ਤੋਂ ਅਸਮਰੱਥ ਹੋ ਕੇ ਮੁੱਕਣ ਕੰਢੇ ਹਨ। ਮਨੁੱਖ ਦੀ ਲੋੜ ਤੋਂ ਵੱਧ ਧਨ ਕਮਾਉਣ ਦੀ ਲਾਲਸਾ, ਜਿਸ ਅਧੀਨ ਉਸਨੇ ਵਾਤਾਵਰਨ ਦੇ ਨਿਯਮਾਂ ਨੂੰ ਨਾ ਮੰਨਦੇ ਹੋਏ ਉਦਯੋਗ ਲਗਾਏ ਹਨ ਤੇ ਅਨਿਯਮਿਤ ਖੇਤੀ ਨੂੰ ਤਰਜੀਹ ਦਿੱਤੀ ਹੈ, ਨੇ ਵਾਯੂਮੰਡਲ ਨੂੰ ਤਬਾਹ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ।

ਗੁਰੂ ਸਾਹਿਬਾਨ ਪਾਪਾਂ ਤੋਂ ਹਾਸਲ ਹੋਣ ਵਾਲੇ ਧਨ ਦੀ ਨਿਖੇਧੀ ਕਰਦੇ ਹਨ। ਗੁਰੂ ਨਾਨਕ ਦੇਵ ਜੀ ਮਲਿਕ ਭਾਗੋ ਦੇ ਪਕਵਾਨ ਛੱਡ ਕੇ ਕਿਰਤੀ ਭਾਈ ਲਾਲੋ ਦੇ ਘਰ ਦੀ ਸਾਦੀ ਰੋਟੀ ਨੂੰ ਭੋਗ ਲਾਉਂਦੇ ਹਨ। ਜੇਕਰ ਅਸੀਂ ਗੁਰੂ ਨਾਨਕ ਦੀ ਵਿਚਾਰਧਾਰਾ ਦੇ ਪਹਿਰੇਦਾਰ ਅਖਵਾਉਂਦੇ ਹਾਂ ਤਾਂ ਸਾਨੂੰ ਉਨ੍ਹਾਂ ਦੇ ਦੱਸੇ ਹੋਏ ਮਾਰਗ ਨੂੰ ਆਪਣੇ ਅਮਲੀ ਜੀਵਨ ਵਿਚ ਢਾਲਣਾ ਪਵੇਗਾ। ਅਜਿਹੇ ਵਿਚ ਸਾਡਾ ਵਾਤਾਵਰਨ ਹਰ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਮੁਕਤ ਹੋ ਜਾਵੇਗਾ।

## 5.4 ਰੁੱਖ

ਮਨੁੱਖ ਦਾ ਜਨਮ, ਵਿਕਾਸ ਅਤੇ ਅੰਤਿਮ ਸਮਾਂ ਕੁਦਰਤ ਨਾਲ ਇੱਕਮਿਕ ਹੈ। ਇਸੇ ਕਰਕੇ ਦੋਹਾਂ ਦੀ ਆਪਸ ਵਿਚ ਡੂੰਘੀ ਸਾਂਝ ਹੈ। ਸੱਭਿਅਤਾ ਦੇ ਦੌਰ ਦੇ ਮੁੱਢਲੇ ਮਨੁੱਖ ਨੂੰ ‘ਬਨਵਾਸੀ’ ਆਖਿਆ ਗਿਆ ਹੈ, ਜਿਸਦਾ ਭਾਵ ਹੈ ਵਣਾਂ (ਜੰਗਲਾਂ) ਵਿਚ ਵਿਚਰਨ ਵਾਲਾ। ਇਹ ਤੱਥ ਵੀ ਮਨੁੱਖ ਦੀ ਕੁਦਰਤ ਨਾਲ ਨੇੜਤਾ ਅਤੇ ਇੱਕਮਿਕਤਾ ਨੂੰ ਦਰਸਾਉਂਦਾ ਹੈ। ਇਹ ਉਹ ਦੌਰ ਸੀ, ਜਦੋਂ ਮਨੁੱਖ ਆਪਣੀ ਹਰ ਛੋਟੀ-ਵੱਡੀ ਲੋੜ ਕੁਦਰਤ ਵਿੱਚੋਂ ਹੀ ਪੂਰੀ ਕਰਦਾ ਸੀ। ਇਹ ਰੁੱਖ ਹੀ ਸਨ ਜਿਨ੍ਹਾਂ ਦੇ ਫਲ ਅਤੇ ਫੁੱਲ ਉਹ ਮਨੁੱਖ ਭੋਜਨ ਵਜੋਂ ਵਰਤਦਾ ਸੀ। ਫਲਾਂ ਅਤੇ ਫੁੱਲਾਂ ਦੇ ਅਭਾਵ ਵਿਚ ਰੁੱਖਾਂ ਦੇ ਪੱਤਿਆਂ ਨੂੰ ਹੀ ਆਹਾਰ ਬਣਾਇਆ ਜਾਂਦਾ ਸੀ। ਰੁੱਖਾਂ ਦੀ ਓਟ ਵਿਚ

ਆਵਾਸ ਕੀਤਾ ਜਾਂਦਾ ਸੀ ਅਤੇ ਇਨ੍ਹਾਂ ਦੀਆਂ ਛਿੱਲਾਂ ਉਧੇੜ ਕੇ ਮਨੁੱਖ ਆਪਣਾ ਜਿਸਮ ਕੱਜਦਾ ਸੀ। ਪੱਤਿਆਂ ਦੀ ਵਰਤੋਂ ਵੀ ਇਸ ਕੰਮ ਲਈ ਕੀਤੀ ਜਾਂਦੀ ਸੀ। ਅਜੋਕੇ ਦੌਰ ਦਾ ਮਨੁੱਖ ਭਾਵੇਂ ਰੁੱਖਾਂ ਦੀ ਮਹੱਤਤਾ ਨੂੰ ਓਨਾ ਨਹੀਂ ਪਛਾਣਦਾ ਪਰ ਉਸਦੀਆਂ ਬਹੁਤੀਆਂ ਲੋੜਾਂ ਹੁਣ ਵੀ ਇਨ੍ਹਾਂ ਦੀ ਸਹਾਇਤਾ ਨਾਲ ਹੀ ਪੂਰੀਆਂ ਹੁੰਦੀਆਂ ਹਨ। ਰੁੱਖ ਧਰਤੀ ਦਾ ਸ਼ਿੰਗਾਰ ਹਨ। ਗੁਰਬਾਣੀ ਵਿਚ ਰੁੱਖਾਂ ਨੂੰ ਸਿੱਧੇ-ਅਸਿੱਧੇ ਤੌਰ 'ਤੇ ਵਡਿਆਇਆ ਗਿਆ ਹੈ। ਗੁਰੂ ਸਾਹਿਬ ਆਖਦੇ ਹਨ ਕਿ ਕੁਦਰਤ ਦੀ ਸਾਰੀ ਰਚਨਾ ਉਸ ਕਾਦਰ ਪਰਮਾਤਮਾ ਵੱਲੋਂ ਖ਼ੁਦ ਕੀਤੀ ਗਈ ਹੈ। ਇਹ ਰਚਨਾ ਕਰ ਕੇ ਉਹ ਆਪ ਇਸ ਵਿਚ ਸਮਾਅ ਬੈਠਾ ਹੈ। ਸਤਿਗੁਰੂ ਦੁਆਰਾ ਬਖ਼ਸ਼ਿਸ਼ ਕੀਤੀ ਹੋਈ ਅੱਖ ਨਾਲ ਉਹ ਪਰਮਾਤਮਾ ਇਸ ਅੰਦਰੋਂ ਦਿਖਾਈ ਪੈਂਦਾ ਹੈ। ਜਿਸ ਤਰ੍ਹਾਂ ਦੁੱਧ ਵਿਚ ਘਿਓ ਹੁੰਦਾ ਹੈ ਪਰ ਸਹਿਜੇ ਹੀ ਦਿਖਾਈ ਨਹੀਂ ਦਿੰਦਾ (ਦੁੱਧ ਨੂੰ ਮੱਥਣਾ ਪੈਂਦਾ ਹੈ), ਇਸੇ ਤਰ੍ਹਾਂ ਬਨਸਪਤੀ ਅੰਦਰ ਕਾਰਜਰਤ ਅੱਗ ਦੀ ਨਿਆਈਂ ਉਹ ਪਰਮਾਤਮਾ ਕੁਦਰਤ ਵਿਚ ਪਸਰਿਆ ਹੋਇਆ ਹੈ, ਜਿਸਨੂੰ ਜਾਨਣ ਅਤੇ ਸਮਝਣ ਲਈ ਆਤਮ-ਮੰਥਨ ਦੀ ਲੋੜ ਹੁੰਦੀ ਹੈ। "ਗੁਰਬਾਣੀ ਵਿਚ ਵੀ ਸਾਰੀ ਸ੍ਰਿਸ਼ਟੀ ਦੀ ਅਠਾਰਾਂ ਵਾਰ ਬਨਸਪਤੀ ਨੂੰ ਪ੍ਰਭੂ ਦੇ ਗੁਣ ਗਾਉਂਦਿਆਂ 'ਸਗਲ ਬਨਰਾਇ ਫੂਲੰਤ ਜੋਤੀ' ਅਤੇ 'ਪਾਤੀ ਪਾਤੀ ਜੀਉ' ਕਹਿ ਕੇ ਨਿਵਾਜਿਆ ਗਿਆ ਹੈ। [30]ਗੁਰੂ ਸਾਹਿਬ ਆਖਦੇ ਹਨ ਕਿ ਪੰਛੀਆਂ ਦੇ ਪੱਲੇ ਧਨ ਨਹੀਂ ਹੁੰਦਾ (ਜਿਸ ਨਾਲ ਉਹ ਆਪਣਾ ਭੋਜਨ ਖ਼ਰੀਦ ਸਕਣ), ਉਹ ਤਾਂ ਆਪਣੇ ਭੋਜਨ ਦੀ ਆਸ ਵਿਚ ਰੁੱਖਾਂ ਦੀ ਸ਼ਰਨ ਲੈਂਦੇ ਹਨ (ਰੁੱਖਾਂ ਦੇ ਆਸਰੇ ਜੀਵਨ ਬਸਰ ਕਰਦੇ ਹਨ)। ਰੁੱਖ ਜੀਵ-ਜੰਤੂਆਂ ਦੇ ਜੀਵਨ ਦਾ ਆਧਾਰ ਹਨ:

> ਜਾ ਕੇ ਰੁਖ ਬਿਰਖ ਆਰਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 25)
>
> ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 723)
>
> ਗੁਰ ਨਾਨਕ ਕਉ ਪ੍ਰਭੁ ਦਿਖਾਇਆ ਜਲਿ ਥਲਿ [31]ਤ੍ਰਿਭਵਣਿ ਰੁਖੀ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 617)
>
> ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥ (ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 617)
>
> ਪਰੰਦਏ ਨ ਗਿਰਾਹ ਜਰ॥ ਦਰਖਤ ਆਬ ਆਸ ਕਰ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 144)

ਭਾਈ ਗੁਰਦਾਸ ਜੀ ਦੀਆਂ ਹੇਠ ਲਿਖੀਆਂ ਪੰਕਤੀਆਂ ਵਿਚ ਵੀ ਉਨ੍ਹਾਂ ਨੇ ਰੁੱਖਾਂ ਦੀ ਵਡਿਆਈ ਕੀਤੀ ਹੈ, ਜਿਹੜੇ ਆਪ ਦੁੱਖ ਸਹਿ ਕੇ ਸੰਸਾਰ ਨੂੰ ਸੁੱਖ ਪ੍ਰਦਾਨ ਕਰਦੇ ਹਨ:

> ਧਰਤੀ ਉਤੇ ਰੁਖ ਸਿਰ ਤਲਵਾਇਆ॥
>
> ਆਪ ਸਹਿੰਦੇ ਦੁਖ ਜਗ ਵਰੋਸਾਇਆ॥[32]

ਧਰਮ (ਜੀਵਨ ਜਿਊਣ ਦੇ ਢੰਗ) ਨੂੰ ਵੀ ਰੁੱਖ ਨਾਲ ਤੁਲਨਾ ਦਿੱਤੀ ਗਈ ਹੈ ਜਦਕਿ ਗਿਆਨ ਨੂੰ ਇਸ ਰੁੱਖ ਦੇ ਫੁੱਲ ਤੇ ਫਲ਼ ਆਖਿਆ ਗਿਆ ਹੈ। ਪਰਮਾਤਮਾ ਨੂੰ ਵੀ 'ਸਫ਼ਲ ਰੁੱਖ' ਆਖਿਆ ਗਿਆ ਹੈ। ਇਹ ਤੁਲਨਾ ਰੁੱਖ ਦੇ ਗੁਣਾਂ ਕਾਰਨ ਹੀ ਤਾਂ ਕੀਤੀ ਗਈ ਹੈ:

> ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 147)
>
> ਸਾਹਿਬ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 557)

ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥

(ਮਹਲਾ ੫, *ਸ੍ਰੀ ਗੁਰੂ ਗ੍ਰੰਥ ਸਾਹਿਬ* 717)

"ਰਸਿ ਰਸਿਆ ਹਰਿਆ ਸਦਾ"(ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 147) ਰਾਹੀਂ ਖਿੜੇ ਹੋਏ (ਪ੍ਰਸੰਨ) ਮਨ ਨੂੰ ਹਰਿਆਵਲ ਨਾਲ ਤੁਲਨਾਇਆ ਗਿਆ ਹੈ। ਇੱਥੇ ਹਰਿਆਵਲ ਦੀ ਮਹੱਤਤਾ ਨੂੰ ਹੀ ਤਾਂ ਦਰਸਾਇਆ ਗਿਆ ਹੈ। ਬਾਣੀਕਾਰਾਂ ਨੂੰ ਕੁਦਰਤ ਵਿੱਚੋਂ ਹੀ ਕਾਦਰ ਦੇ ਦਰਸ਼ਨ ਹੁੰਦੇ ਹਨ। ਇਸ ਲਈ ਉਹ ਇਸ ਤੋਂ ਬਲਿਹਾਰ-ਬਲਿਹਾਰ ਜਾਂਦੇ ਹਨ। [33] ਕੁਦਰਤ ਦੀਆਂ ਇਨ੍ਹਾਂ ਦਾਤਾਂ ਲਈ ਬਾਣੀਕਾਰ ਦਾਤੇ ਦੇ ਸਦਕੇ ਜਾਂਦੇ ਹਨ। ਇਹ ਪੰਕਤੀਆਂ ਇਨ੍ਹਾਂ ਅਮੋਲਕ ਵਸਤੂਆਂ ਦੀ ਮਹੱਤਤਾ ਨੂੰ ਹੋਰ ਚਾਰ ਚੰਨ ਲਾਉਂਦੀਆਂ ਹਨ:

ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ॥

ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 849)

ਜਾਂ ਸਹੁ ਦੇਖਨਿ ਆਪਣਾ ਨਾਨਕ ਥੀਵਨਿ ਭੀ ਹਰੇ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1422)

ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ॥

ਸਾਗਰ ਲਹਰਿ ਸਮੁੰਦ ਸਰ ਵੇਲਿ ਵਰਸ [34]ਵਰਾਹੁ॥ (ਮਹਲਾ ੧, *ਸ੍ਰੀ ਗੁਰੂ ਗ੍ਰੰਥ ਸਾਹਿਬ* 788)

ਗੁਰੂ ਸਾਹਿਬ ਨੇ ਪ੍ਰਭੂ ਨੂੰ ਵੀ ਬਿਰਖ-ਰੂਪ ਆਖਿਆ ਹੈ। ਗੁਰੂ ਸਾਹਿਬ ਆਖਦੇ ਹਨ ਭੌਰੇ-ਰੂਪ ਗੁਰਮੁਖ, ਨਾਮ-ਰੂਪ ਫੁੱਲ ਦੀ ਸੁਗੰਧੀ ਲੈਂਦੇ ਹਨ। ਉਹ ਭੈ ਦੂਰ ਕਰ ਕੇ ਪ੍ਰਭੂ ਦੇ ਚਰਨ-ਕਮਲਾਂ ਵਿਚ ਜੁੜਦੇ ਹਨ। ਇਹ ਰੁੱਖਾਂ ਦੇ ਗੁਣ ਹੀ ਹਨ ਕਿ ਬਾਬਾ ਫਰੀਦ ਜੀ ਫ਼ਕੀਰਾਂ ਨੂੰ ਰੁੱਖਾਂ ਜਿਹਾ ਜਿਗਰਾ ਰੱਖਣ ਦੀ ਸਲਾਹ ਦਿੰਦੇ ਹਨ:

ਸਹਜਿ ਵਣਸਪਤਿ ਫੁਲੁ ਫਲੁ ਭਵਰੁ ਵਸੈ ਭੈ ਖੰਡਿ॥

ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਭਿਰੰਗੁ॥ (ਮਹਲਾ ੪, *ਸ੍ਰੀ ਗੁਰੂ ਗ੍ਰੰਥ ਸਾਹਿਬ* 1089)

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥ (*ਸ੍ਰੀ ਗੁਰੂ ਗ੍ਰੰਥ ਸਾਹਿਬ* 1381)

ਰੁੱਖ ਧਰਮ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਇਹ ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਗੱਲ ਕਰੀਏ ਤਾਂ ਘਰ ਦੀ ਉਸਾਰੀ ਵਿਚ ਰੁੱਖਾਂ ਤੋਂ ਮਿਲਦਾ ਵੱਡਾ ਸਹਿਯੋਗ ਕਿਸੇ ਤੋਂ ਲੁਕਿਆ ਹੋਇਆ ਨਹੀਂ। ਭੋਜਨ ਤਿਆਰ ਕਰਨ ਦੀ ਆਧਾਰਕ ਸਮੱਗਰੀ ਦੀ ਤਾਂ ਇਹ ਟਕਸਾਲ ਹਨ। ਕੱਪੜੇ ਦੀ ਬੁਣਾਈ ਵੀ ਇਨ੍ਹਾਂ ਦੇ ਰੇਸ਼ਿਆਂ ਤੋਂ ਹੁੰਦੀ ਰਹੀ ਹੈ ਅਤੇ ਅੱਜ ਵੀ ਇਨ੍ਹਾਂ ਦੇ ਰੇਸ਼ਿਆਂ ਤੋਂ ਤਿਆਰ ਕੀਤੇ ਹੋਏ ਕੱਪੜੇ ਖ਼ਾਸ ਪਸੰਦ ਕੀਤੇ ਜਾਂਦੇ ਹਨ। ਇਹ ਮਿੱਟੀ ਦੀ ਉਪਜਾਊ ਪਰਤ ਬਰਕਰਾਰ ਰੱਖਦੇ ਹਨ। "ਇੱਕ ਮਨੁੱਖ ਦੇ ਜੀਵਨ ਕਾਲ ਵਿਚ ਰੁੱਖ ਉਸ ਨੂੰ 16 ਲੱਖ ਰੁਪਏ ਤਕ ਦਾ ਲਾਭ ਪਹੁੰਚਾਉਂਦੇ ਹਨ। ਇਕੱਲਾ ਬੋਹੜ ਦਾ ਰੁੱਖ ਇਕ ਦਿਨ ਵਿਚ 400 ਲਿਟਰ ਪਾਣੀ ਹਵਾ ਵਿਚ ਮਿਲਾ ਦਿੰਦਾ ਹੈ। ਰੁੱਖ ਵਿਹੂਣੀ ਇਕ ਏਕੜ ਭੂਮੀ ਹਰ ਸਾਲ 30 ਟਨ ਮਿੱਟੀ ਗੁਆ ਬਹਿੰਦੀ ਹੈ। ਹੜ੍ਹਾਂ ਦੀ ਮਾਰ ਨਾਲ ਮਿੱਟੀ ਦੀ ਉਪਜਾਊ-ਸ਼ਕਤੀ ਗੁਆਚ ਜਾਂਦੀ ਹੈ। ... ... ...ਸਾਡੇ ਪੁਰਾਣੇ ਸੱਭਿਆਚਾਰ ਵਿਚ ਰੁੱਖਾਂ ਨੂੰ ਪੁੱਤਾਂ ਵਾਂਗ ਪਾਲਿਆ ਜਾਂਦਾ ਸੀ। ਸੰਤਾਨਹੀਣ ਲੋਕ ਤ੍ਰਿਵੈਣੀ

ਭਾਵ ਬੋਹੜ, ਪਿੱਪਲ ਅਤੇ ਨਿੰਮ ਦੇ ਤਿੰਨ ਰੁੱਖ ਲਾ ਕੇ ਆਪਣੀ ਵੰਸ਼ ਅੱਗੇ ਤੋਰਦੇ ਸਨ। ਧੁੱਪ ਨਾਲ ਤਪੇ ਰਾਹਾਂ ਉਤੇ ਛਾਂਦਾਰ ਰੁੱਖ ਲਾਉਣਾ ਪੁੰਨ ਦਾ ਕੰਮ ਸਮਝਿਆ ਜਾਂਦਾ ਸੀ। ... ... ...ਹਿੰਦੂ ਧਰਮ ਦੇ ਅਠਾਰਾਂ ਪੁਰਾਣਾਂ ਵਿਚੋਂ ਇਕ ਮਤੱਸਿਆ ਪੁਰਾਣ ਹੈ, ਜਿਸ ਵਿਚ ਦੱਸਿਆ ਹੋਇਆ ਹੈ ਕਿ ਇੱਕ ਰੁੱਖ ਲਗਾਉਣ ਦਾ ਫਲ ਦਸ ਗੁਣਵਾਨ ਪੁੱਤਰਾਂ ਜਿੰਨਾ ਹੈ। "[35]

ਰੁੱਖ ਮਨੁੱਖ ਦੇ ਜੀਵਨ ਵਿਚ ਬਹੁਤ ਅਹਿਮ ਭੂਮਿਕਾ ਨਿਭਾਉਂਦੇ ਹਨ। ਰੁੱਖ ਪ੍ਰਾਣੀਆਂ ਦੁਆਰਾ ਸਾਹ ਰਾਹੀਂ ਛੱਡੀ ਗਈ ਕਾਰਬਨ ਡਾਈਆਕਸਾਈਡ ਨੂੰ ਸੋਖਦੇ ਹਨ ਤੇ ਇਸਨੂੰ ਆਕਸੀਜਨ ਵਿਚ ਤਬਦੀਲ ਕਰਦੇ ਹਨ, ਜਿਹੜੀ ਮਨੁੱਖ ਦੇ ਸਾਹ ਲੈਣ ਲਈ ਜ਼ਰੂਰੀ ਹੈ। ਮਨੁੱਖ ਜਾਤੀ ਅਤੇ ਰੁੱਖਾਂ ਦਾ ਆਪਸ ਵਿਚ ਇਹ ਦੁਪਾਸੜ ਸਬੰਧ ਹੈ, ਜਿਹੜਾ ਆਪਸੀ ਆਦਾਨ-ਪ੍ਰਦਾਨ 'ਤੇ ਆਧਾਰਿਤ ਹੈ। ਲੋੜ ਤੋਂ ਵੱਧ ਕੀਤੀ ਗਈ/ਕੀਤੀ ਜਾ ਰਹੀ ਰੁੱਖਾਂ ਦੀ ਕਟਾਈ ਨੇ ਇਹ ਆਪਸੀ ਸਬੰਧ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੈ। ਇਸ ਨਾਲ ਕੁਦਰਤ ਦਾ ਸੰਤੁਲਨ ਵਿਗੜਿਆ ਹੈ। ਗੁਰੂ ਸਾਹਿਬਾਨ ਇਸ ਪੱਖ ਤੋਂ ਬੜੇ ਸੁਚੇਤ ਦਿਖਾਈ ਦਿੰਦੇ ਹਨ। ਸੱਤਵੇਂ ਗੁਰੂ ਸਾਹਿਬ, ਗੁਰੂ ਹਰਿ ਰਾਏ ਸਾਹਿਬ ਨੇ ਬਾਗਾਂ ਅਤੇ ਬਗ਼ੀਚਿਆਂ ਦੇ ਸ਼ਹਿਰ ਵਜੋਂ ਕੀਰਤਪੁਰ ਸਾਹਿਬ ਸ਼ਹਿਰ ਵਸਾਇਆ ਸੀ। ਸਿੱਖ ਧਰਮ ਦੇ ਪ੍ਰਸਿੱਧ ਵਿਦਵਾਨ ਮੈਕਾਲਿਫ਼ ਨੇ ਉਲੇਖ ਕੀਤਾ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨੇਮੁਗ਼ਲ ਸ਼ਾਸਕ ਜਹਾਂਗੀਰ ਨੂੰ ਰਸਤਿਆਂ ਦੇ ਆਸ-ਪਾਸ ਰੁੱਖ ਲਗਵਾਉਣ ਲਈ ਆਖਿਆ ਸੀ ਅਤੇ ਇਸ ਕਾਰਜ ਨੂੰ ਆਦਰਸ਼ ਸ਼ਾਸਕ ਦੀ ਇੱਕ ਅਹਿਮ ਜ਼ਿੰਮੇਵਾਰੀ ਤਸਲੀਮ ਕੀਤਾ ਸੀ। [36]"ਭਾਰਤੀ ਪ੍ਰੰਪਰਾ ਵਿਚ ਕਿਹਾ ਗਿਆ ਹੈ ਕਿ ਹਰ ਮਨੁੱਖ ਨੂੰ ਆਪਣੇ ਜੀਵਨ ਪੰਜ ਪੌਦੇ ਲਾਉਣੇ ਚਾਹੀਦੇ ਹਨ। [37]ਸੋ, ਮਨੁੱਖ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਰੁੱਖਾਂ ਦੀ ਮਹੱਤਤਾ ਨੂੰ ਆਪਣੇ ਜੀਵਨ ਵਿਚ ਸਵੀਕਾਰ ਕਰੇ ਅਤੇ ਇਨ੍ਹਾਂ ਦੀ ਯੋਗ ਦੇਖ-ਭਾਲ ਕਰੇ।

## ਹਵਾਲੇ ਤੇ ਟਿੱਪਣੀਆਂ

[1]ਇਸ ਮਾਟੀ ਮਹਿ ਪਵਨੁ ਸਮਾਇਆ॥ (ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ 336)

[2]ਕੁਦਰਤਿ ਕਰਿ ਕੈ ਵਸਿਆ ਸੋਇ॥ (ਸਲੋਕ ਮ:੧, ਸ੍ਰੀ ਗੁਰੂ ਗ੍ਰੰਥ ਸਾਹਿਬ 84)

[3]ਪਉਣ ਪਾਣੀ ਕਿਆ ਜਾਤਿ॥ (ਮ:੨, ਸ੍ਰੀ ਗੁਰੂ ਗ੍ਰੰਥ ਸਾਹਿਬ 150)

[4]ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ 329

[5]'ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)' ਅੰਮ੍ਰਿਤਸਰ ਵੱਲੋਂ ਮਿਤੀ 11.02.2014 ਨੂੰ 'ਵਾਤਾਵਰਨ ਬਚਾਓ, ਮਨੁੱਖਤਾ ਬਚਾਓ'ਸਿਰਲੇਖ ਅਧੀਨ ਛਾਪਿਆ ਗਿਆ ਪੰਫ਼ਲੈੱਟ ਪੰਨਾ 2

[6]ਪਵਣੁ ਗੁਰੂ ਪਾਣੀ ਪਿਤਾ (ਸ੍ਰੀ ਗੁਰੂ ਗ੍ਰੰਥ ਸਾਹਿਬ 8)

[7]"ਨਿਮਾਜ਼ ਤੋਂ ਪਹਿਲਾਂ ਸਰੀਰ ਅਤੇ ਬਸਤਰ ਚੰਗੀ ਤਰ੍ਹਾਂ ਸ਼ੁਧ ਕਰਨੇ ਚਾਹੀਦੇ ਹਨ।" ('ਇਸਲਾਮ ਤੇ ਗੁਰਮਤਿ' 10)

[8]"ਪਾਣੀ। ਪਾਣੀ ਨਾਲ ਸੋਹਣਾ ਸਵਾਦ ਬਣ ਜਾਂਦਾ ਹੈ।" ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 873)

[9]'ਬਨਸਪਤੀ, ਖੇਤੀ।' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 354)

[10]'ਬਹੁਤ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1251)

[11]'ਭੰਨ ਕੇ ਤਾਰ ਦੇ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1251)

[12]'ਠੰਢੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1251)

[13]'ਸਾਰੇ ਦੁੱਖ ਦੂਰ ਕਰੋ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'1251)

[14]'ਸੋਹਣੇ ਬੱਦਲ ਵਰ੍ਹ ਪਏ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1251)

[15]'ਬਹੁਤਾ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 1251)

[16]ਪਉਣ ਪਾਣੀ ਕਿਆ ਜਾਤਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ 150)

[17]'ਜਲ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 930)

[18]'ਧਰਤੀ' ('ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' 930)

[19]ਜਲਿ ਥਲਿ ਜੀਆ (ਸਲੋਕ ਮ:੧, ਸ੍ਰੀ ਗੁਰੂ ਗ੍ਰੰਥ ਸਾਹਿਬ 466)

[20]ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ॥ (ਸਲੋਕੁ ਮ:੧, ਸ੍ਰੀ ਗੁਰੂ ਗ੍ਰੰਥ ਸਾਹਿਬ473)

[21]ਜਿਮੀ ਵਸੰਦੀ ਪਾਣੀਐ (ਮ:੫, ਸ੍ਰੀ ਗੁਰੂ ਗ੍ਰੰਥ ਸਾਹਿਬ521)

[22]ਪਾਣੀ ਪਿਤਾ ਜਗਤ ਕਾ(ਮ: ੧, ਸ੍ਰੀ ਗੁਰੂ ਗ੍ਰੰਥ ਸਾਹਿਬ1240)

[23]"Almost all the species of aquatic creatures have died in the major rivers of Punjab, such as the Satluj." ('Sikh Religion & Environment Conservation' 6)

[24] "Water is the most precious gift the almighty God has given on this earth. It is our responsibility to preserve and conserve it foe posterity. Needless to say, water is imperative and essential for survival of evary living being in this universe. No life can be thought of without water. Air, Water and Food are sustaining us. Unfortunately, In the present-day world of science and technology, we are bent upon deteriorating life-potential by poisoning out water resources. In India, which is known as the country with abundance of water and sea-water, the socalled "Mineral Water' is being sold at the rate of Rs. 20 per litre. In England it is sold at Rs. 90. How unfortunate is that first we pollute the water with chemicals and other pollutants and

then we spend the funds on RO systems for hygienic water. … … …Rather than violating the 1974 act by polluting the water resources with garbage and sewerage, we should treat it for agriculture use. This would help us in two fold ways: Expenses on chemical fertilezers will come down and the natural resources will remain unpolluted.” (‘Sikh Religion & Environment Conservation’, Back Page)

[25]“ਪੇਟ ਦੇ ਸੰਬੰਧ ਕਰ ਕੇ ਧਰਤੀ ਮਾਤਾ ਹੈ; ਭਾਵ ਧਰਤੀ ਇਸ ਕਰ ਕੇ ਮਾਤਾ ਕਹਾਉਣ ਜੋਗ ਹੈ, ਕਿ ਇਹ ਭੀ ਮਾਤਾ ਵਾਂਗੂ ਚੀਜ਼ਾਂ ਨੂੰ ਪੇਟ ਵਿੱਚ ਰੱਖਦੀ ਹੈ ਤੇ ਪੇਟ ਵਿੱਚੋਂ ਪੈਦਾ ਕਰਦੀ ਹੈ।” (‘ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ’ 1021)

[26]‘ਵਲੇਵਾ, ਸਮਿਆਨ।’ (‘ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ’ 913)

[27]“ਧਰਮ ਦੇ ਕਮਾਵਣ ਦੀ ਜਗ੍ਹਾ ਹੈ ਇਹ ਧਰਤੀ। ‘ਪਵਣ ਪਾਣੀ ਅਗਨੀ ਪਾਤਾਲ॥ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ’ (ਜਪੁ)।” (‘ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ’ 785)

[28]“ਚੀਜ਼ਾਂ, ਭੋਜਨ ਆਦਿਕ ਜੋ ਯੱਗ ਹਵਨ ਸਮੇਂ ਧਰਤੀ ਨੂੰ ਅਰਪਨ ਕੀਤੇ ਜਾਂਦੇ ਹਨ। ਧਰਤੀ ਨੂੰ, ਜਿਸ ਤੋਂ ਚੀਜ਼ਾਂ ਪੈਦਾ ਹੁੰਦੀਆਂ ਹਨ, ਉਹੋ ਚੀਜ਼ਾਂ ਅਰਪਣ ਵਿੱਚ ਕੀ ਵਡਿਆਈ ਹੈ? ” (‘ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ’ 150)

[29] “After settling down to cultivate his land towards the end of his life, Guru Nanak Dev showed example how eco-friendly farming can be done.” (‘*Sikh Religion & Environment Conservation’* 9)

[30] ਸੰਧਾਵਾਲੀਆ ਲਿਖਤ ‘ਰੁੱਖ: ਆਪ ਸਹਿੰਦੇ ਦੁੱਖ, ਜਗ ਵਰੋਸਾਇਆ’ ਪੰਫ਼ਲੈੱਟ ਵਿੱਚੋਂ, ਪੰਨਾ 2

[31]‘ਤਿੰਨਾਂ ਦੁਨੀਆਂ ਵਿੱਚ-ਉੱਤੇ, ਹੇਠ ਅਤੇ ਸਾਡੀ ਦੁਨੀਆਂ ਵਿੱਚ।’ (‘ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ’ ਪੰਨਾ 617)

[32]ਉਧਰਿਤ ਡਾ. ਸਰਬਜੀਤ ਕੌਰ ਸੰਧਾਵਾਲੀਆ ਲਿਖਤ ‘ਰੁੱਖ: ਆਪ ਸਹਿੰਦੇ ਦੁੱਖ, ਜਗ ਵਰੋਸਾਇਆ’ ਪੰਫ਼ਲੈੱਟ ਵਿੱਚੋਂ ਪੰਨਾ-1

[33]ਬਲਿਹਾਰੀ ਕੁਦਰਤ ਵਸਿਆ॥ (ਸਲੋਕੁ ਮ:੧, *ਸ੍ਰੀ ਗੁਰੂ ਗ੍ਰੰਥ ਸਾਹਿਬ* 469)

[34]‘ਵਰਸਨ ਵਾਲਾ ਬੱਦਲ’ (‘ਸ਼੍ਰੋ.ਗੁ.ਪ੍ਰ.ਕ. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ’ 788)

[35]ਡਾ. ਸਰਬਜੀਤ ਕੌਰ ਸੰਧਾਵਾਲੀਆ, ‘ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)’ ਅੰਮ੍ਰਿਤਸਰ ਵੱਲੋਂ ਮਿਤੀ 11.02.2014 ਨੂੰ ‘ਵਾਤਾਵਰਨ ਬਚਾਓ, ਮਨੁੱਖਤਾ ਬਚਾਓ’ ਸਿਰਲੇਖ ਅਧੀਨ ਛਾਪਿਆ ਗਿਆ ਪੰਫ਼ਲੈੱਟ ਪੰਨਾ-1

[36] “Macauliffe, a prominent Sikh scholar reports that Guru Hargobind Sahib recommended to Mughal Emperor Jahangir planting of trees by the roadside as one of the important duties of an ideal ruler.” (‘Sikh Religion & Environment Conservation’ pg. 2)

[37]ਡਾ. ਸਰਬਜੀਤ ਕੌਰ ਸੰਧਾਵਾਲੀਆ, ‘ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)’ ਅੰਮ੍ਰਿਤਸਰ ਵੱਲੋਂ ਮਿਤੀ 11.02.2014 ਨੂੰ ‘ਵਾਤਾਵਰਨ ਬਚਾਓ, ਮਨੁੱਖਤਾ ਬਚਾਓ’ ਸਿਰਲੇਖ ਅਧੀਨ ਛਾਪਿਆ ਗਿਆ ਪੰਫ਼ਲੈੱਟ ਪੰਨਾ-2

# ਸਿੱਟੇ ਤੇ ਸਥਾਪਨਾਵਾਂ

**ਤਤਕਾਲੀ ਸਮਾਜਿਕ-ਸੱਭਿਆਚਾਰਕ ਪ੍ਰਸਥਿਤੀਆਂ:** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਤਤਕਾਲੀ ਦੌਰ ਵਿਚ ਜਾਤ-ਪਾਤ ਦਾ ਬੜਾ ਜ਼ੋਰ ਸੀ। ਗੁਰੂ ਸਾਹਿਬ ਨੇ ਇਸ ਪ੍ਰਥਾ ਦਾ ਡੱਟਵਾਂ ਵਿਰੋਧ ਕੀਤਾ। ਤਤਕਾਲੀ ਔਰਤ ਦੀ ਸਥਿਤੀ ਬੜੀ ਮਾੜੀ ਸੀ। ਉਹ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੀ ਹੋਈ, ਪਤੀ ਦੀ ਆਗਿਆ ਵਿਚ ਹੀ ਖੁਸ਼ ਰਹਿ ਸਕਦੀ ਸੀ। ਪਤੀ ਦੇ ਨਾਰਾਜ਼ ਹੋ ਜਾਣ 'ਤੇ ਉਸਨੂੰ ਸਹੁਰੇ ਤੇ ਪੇਕੇ ਘਰੋਂ ਨਾਰਾਜ਼ਗੀ ਹੀ ਸਹਿਣੀ ਪੈਂਦੀ ਸੀ। ਪਤੀ ਦੇ ਮਰ ਜਾਣ 'ਤੇ ਉਸਨੂੰ ਉਸਦੀ ਸਹਿਮਤੀ ਨਾਲ ਸਤੀ ਕਰ ਦਿੱਤਾ ਜਾਂਦਾ ਸੀ। ਇਹ ਪ੍ਰਥਾ ਹਿੰਦੂਆਂ ਵਿਚ ਤਾਂ ਪ੍ਰਚੱਲਤ ਸੀ ਹੀ, ਮੁਸਲਮਾਨ ਵੀ ਇਸ ਅਣਮਨੁੱਖੀ ਪ੍ਰਥਾ ਤੋਂ ਅਛੂਤੇ ਨਹੀਂ ਸਨ। ਭਾਵੇਂ ਇਹ ਅਣਮਨੁੱਖੀ ਕਾਰਾ ਉਸਦੀ ਸਹਿਮਤੀ ਨਾਲ ਹੀ ਹੁੰਦਾ ਸੀ ਪਰ ਵਿਧਵਾ ਔਰਤ ਨੂੰ ਜਿਉਂਦਿਆਂ ਰਹਿ ਕੇ ਏਨਾ ਤਿਰਸਕਾਰ ਸਹਿਣਾ ਪੈਂਦਾ ਸੀ ਕਿ ਉਹ ਇਸ ਤਿਰਸਕਾਰ ਨਾਲੋਂ ਸੜ ਕੇ ਮਰ ਜਾਣ ਨੂੰ ਪਹਿਲ ਦਿੰਦੀ ਸੀ। ਗੁਰੂ ਸਾਹਿਬ ਔਰਤ ਦੇ ਪੱਖ ਵਿਚ ਖੜ੍ਹੇ ਹੋਏ ਤੇ ਉਨ੍ਹਾਂ ਨੇ ਸਤੀ ਪ੍ਰਥਾ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ। ਤਤਕਾਲੀ ਦੌਰ ਵਿਚ ਕਿਸੇ ਮਨੁੱਖ ਦੀ ਮੌਤ ਤੋਂ ਬਾਅਦ ਕੁਝ ਕਰਮਕਾਂਡ ਪ੍ਰਚੱਲਤ ਸਨ, ਬਾਣੀਕਾਰਾਂ ਨੇ ਇਨ੍ਹਾਂ ਫੋਕੇ ਪ੍ਰਚਲਨਾਂ ਦਾ ਵਿਰੋਧ ਕੀਤਾ।

ਤਤਕਾਲੀ ਦੌਰ ਵਿਚ ਕਈ ਪ੍ਰਕਾਰ ਦੇ ਖਾਧ ਪਦਾਰਥ ਪ੍ਰਚਲਨ ਵਿਚ ਸਨ। ਗਾਂ ਦੇ ਦੁੱਧ ਤੋਂ ਤਿਆਰ ਘਿਓ ਨੂੰ ਉੱਤਮ ਜਾਣਿਆ ਜਾਂਦਾ ਸੀ ਤੇ ਇਸਦੀ ਵਰਤੋਂ ਹੋਮ ਯੱਗ ਵਿਚ ਕੀਤੀ ਜਾਂਦੀ ਸੀ। ਗ਼ਰੀਬ ਲੋਕ ਤੰਗ ਸਨ ਤੇ ਕੋਧਰੇ ਆਦਿ ਦੀ ਰੋਟੀ ਖਾ ਕੇ ਗੁਜ਼ਾਰਾ ਕਰਦੇ ਸਨ, ਕਈ ਆਟੇ ਤੋਂ ਵੀ ਅਵਾਜ਼ਾਰ ਸਨ। ਧਨੀ ਲੋਕ ਮਾਸ ਨਾਲ ਰੋਟੀ ਖਾਂਦੇ ਸਨ ਤੇ ਮਹਿਮਾਨਾਂ ਦੀ ਚੰਗੀ ਆਓ-ਭਗਤ ਕੀਤੀ ਜਾਂਦੀ ਸੀ। ਅਮੀਰ ਲੋਕ ਪਾਨ-ਸੁਪਾਰੀ ਦੀ ਵਰਤੋਂ ਕਰਦੇ ਸਨ। ਬੱਕਰਾ ਮਾਰ ਕੇ ਰਿੰਨ੍ਹਿਆ ਜਾਂਦਾ ਸੀ। ਫਿੱਕੀ ਚੀਜ਼ ਦੀ ਥਾਂ ਸਲੂਣੀ ਚੀਜ਼ ਪਸੰਦ ਕੀਤੀ ਜਾਂਦੀ ਸੀ (ਪੰਨਾ-76)। ਬਾਣੀਕਾਰ ਸਾਦਾ ਖਾਣ ਨੂੰ ਤਰਜੀਹ ਦਿੰਦੇ ਹਨ ਤੇ ਮਾਸ ਦੀ ਵਰਤੋਂ ਦੀ ਮਨਾਹੀ ਕਰਦੇ ਹਨ।

ਮਨੋਰੰਜਨ ਅਤੇ ਖੇਡਾਂ ਵਿਚ ਜਾਦੂ ਦੇ ਖੇਲ੍ਹ ਪ੍ਰਚੱਲਤ ਸਨ। ਨਟ ਆਦਿ ਤਮਾਸ਼ਾ ਦਿਖਾਉਂਦੇ ਸਨ। ਮੇਲੇ ਤੇ ਅਖਾੜੇ ਸਜਦੇ ਸਨ, ਘੁੜਸਵਾਰੀ ਪ੍ਰਚੱਲਤ ਸੀ। ਗੁਰੂ ਸਾਹਿਬ ਨੇ ਖੇਡ ਕਿਰਿਆਵਾਂ ਨੂੰ ਮਨ ਦਾ ਚਾਓ ਦੱਸਿਆ ਹੈ। ਕਪਾਹ ਤੋਂ ਕੱਪੜਾ ਤਿਆਰ ਕੀਤਾ ਜਾਂਦਾ ਸੀ। ਇਸ ਕੱਪੜੇ ਦੀ ਸਿਲਾਈ ਕੀਤੀ ਜਾਂਦੀ ਸੀ। ਨਵੇਂ ਕੱਪੜੇ ਪਹਿਨ ਕੇ ਲੋਕ ਖ਼ੁਸ਼ ਹੁੰਦੇ ਸਨ। ਕਈ ਲੋਕ ਚੰਗੇ ਕੱਪੜਿਆਂ ਦਾ ਹੰਕਾਰ ਕਰਦੇ ਸਨ, ਜਿਸਦੀ ਗੁਰੂ ਸਾਹਿਬ ਨੇ ਨਿਖੇਧੀ ਕੀਤੀ। ਕੱਪੜਿਆਂ ਨੂੰ ਸੁੰਦਰ ਦਿੱਖ ਦੇਣ ਲਈ ਰੰਗ ਦਿੱਤਾ ਜਾਂਦਾ ਸੀ। ਸੋਨੇ ਅਤੇ ਚਾਂਦੀ ਦੇ ਗਹਿਣੇ ਪਹਿਨੇ ਜਾਂਦੇ ਸਨ। ਪੈਰਾਂ ਵਿਚ ਜੁੱਤੀ ਪਹਿਨੀ ਜਾਂਦੀ ਸੀ। ਔਰਤਾਂ ਸ਼ਿੰਗਾਰ ਕਰਦੀਆਂ ਸਨ। ਸ਼ਾਦੀ ਸਮੇਂ ਸੁੱਭਰ ਆਦਿ ਪਹਿਰਾਵਾ ਪਹਿਨਿਆ ਜਾਂਦਾ ਸੀ। ਕੱਜਲ, ਫੁੱਲ ਅਤੇ ਪਾਨ-ਰਸ ਆਦਿ ਸ਼ਿੰਗਾਰ ਸਮੱਗਰੀ ਸੀ। ਦੰਦਾਂ ਨੂੰ ਚਿੱਟੇ ਰੱਖਣਾ ਸੁੰਦਰਤਾ ਦਾ ਚਿੰਨ੍ਹ ਸੀ। ਬਾਣੀਕਾਰਾਂ ਨੇ ਚੰਗੇ ਪਹਿਰਾਵੇ ਦੀ ਮਨਾਹੀ ਨਹੀਂ ਕੀਤੀ ਪਰ ਚੰਗੇ ਪਹਿਰਾਵੇ ਤੋਂ ਉਤਪੰਨ ਹੋਣ ਵਾਲੇ ਹੰਕਾਰ ਤੋਂ ਬਚਣ ਦੀ ਪ੍ਰੇਰਨਾ ਦਿੱਤੀ ਹੈ।

ਅਮੀਰ ਲੋਕ ਮਕਾਨ ਬਣਾਉਣ ਲਈ ਇੱਟਾਂ ਦਾ ਇਸਤੇਮਾਲ ਕਰਦੇ ਸਨ। ਘਰਾਂ ਨੂੰ ਚੂਨੇ ਦਾ ਪਲੱਸਤਰ ਕੀਤਾ ਜਾਂਦਾ ਸੀ ਤੇ ਲੱਕੜੀ ਦੇ ਸਾਮਾਨ ਨੂੰ ਰੰਗ-ਰੋਗਨ ਕਰਵਾਇਆ ਜਾਂਦਾ ਸੀ। ਮਨੁੱਖ ਬੜੀ ਰੂਹ ਨਾਲ ਘਰ ਦੀ ਉਸਾਰੀ ਕਰਵਾਉਂਦਾ ਸੀ। ਕਈ

ਲੋਕ ਤੀਰਥਾਂ ਅਤੇ ਪਵਿੱਤਰ ਸਮਝੇ ਜਾਂਦੇ ਦਰਿਆਵਾਂ ਦੇ ਕੰਢੇ ਰਹਿ ਕੇ ਮਾਨਸਿਕ ਸੰਤੁਸ਼ਟੀ ਦੀ ਪੂਰਤੀ ਹੋਣਾ ਖ਼ਿਆਲ ਕਰਦੇ ਸਨ। ਬਾਣੀਕਾਰਾਂ ਨੇ ਇਸ ਪ੍ਰਥਾ ਨੂੰ ਨਿੰਦਿਆ। ਘਰ ਵਿਚ ਰਸੋਈ ਹੁੰਦੀ ਸੀ, ਜਿਸ ਵਿਚ ਭੋਜਨ ਤਿਆਰ ਕੀਤਾ ਜਾਂਦਾ ਸੀ। ਰਸੋਈ ਵਿਚ ਹੀ ਕੱਚਾ ਸੀਧਾ ਸਾਂਭਿਆ ਜਾਂਦਾ ਸੀ। ਚੁੱਲ੍ਹੇ ਵਿਚ ਲੱਕੜਾਂ ਅਤੇ ਗੋਹਾ ਬਾਲ਼ਿਆ ਜਾਂਦਾ ਸੀ। ਅਮੀਰ ਲੋਕ ਬਿਸਤਰੇ ਵਿਚ ਤੁਲਾਈ ਵਿਛਾਉਂਦੇ ਸਨ ਅਤੇ ਪਲੰਘ 'ਤੇ ਸੌਂਦੇ ਸਨ। ਘਰ ਨੂੰ ਜਿੰਦਾ (ਤਾਲਾ) ਲਗਾਇਆ ਜਾਂਦਾ ਸੀ। ਘਰਾਂ ਵਿਚ ਪ੍ਰਾਹੁਣਿਆਂ ਦੀ ਆਮਦ ਹੁੰਦੀ ਸੀ।

ਗ਼ਰੀਬ ਲੋਕਾਂ ਦੇ ਘਰ ਕੱਖ-ਕਾਣ ਤੋਂ ਬਣੇ ਹੋਏ ਹੁੰਦੇ ਸਨ। ਸਾਧੂ-ਜਨ ਵੀ ਛੱਪਰਾਂ ਵਿਚ ਵਾਸ ਕਰਦੇ ਸਨ। ਰਾਜੇ ਮਹੱਲਾਂ ਵਿਚ ਰਹਿੰਦੇ ਸਨ, ਜਿਹੜੇ ਪਰਬਤਾਂ ਜਿਹੇ ਵੱਡੇ ਅਤੇ ਸ਼ਾਨਦਾਰ ਹੁੰਦੇ ਸਨ। ਪਿੰਡਾਂ ਵਿਚ ਜਾਤਾਂ ਦੇ ਅਨੁਸਾਰ ਘਰ ਹੋਇਆ ਕਰਦੇ ਸਨ ਭਾਵ ਘਰਾਂ ਦਾ ਇਕੱਠ ਬਿਰਾਦਰੀ ਅਨੁਸਾਰ ਹੁੰਦਾ ਸੀ। ਗੁਰੂ ਸਾਹਿਬ ਨੇ ਮਹੱਲ-ਨੁਮਾ ਘਰਾਂ ਦੇ ਹੰਕਾਰ ਤੋਂ ਬਚਣ ਲਈ ਆਖਿਆ ਤੇ ਕਿਤੇ ਵੀ ਰਹਿੰਦਿਆਂ ਰੱਬ ਨੂੰ ਯਾਦ ਰੱਖਣ ਦਾ ਸੰਦੇਸ਼ ਦਿੱਤਾ।

ਤਤਕਾਲੀ ਦੌਰ ਵਿਚ ਵੱਖ-ਵੱਖ ਪੱਧਰ ਦੀ ਸਮਰੱਥਾ ਵਾਲੇ ਬਰਤਨ ਪ੍ਰਚੱਲਤ ਸਨ। ਬਰਤਨਾਂ ਦੀ ਤਿਆਰੀ ਮਿੱਟੀ ਤੋਂ ਵੀ ਹੁੰਦੀ ਸੀ। ਇਹ ਕੰਮ ਘੁਮਿਆਰ ਕਰਦਾ ਸੀ, ਜਿਹੜਾ ਮਿੱਟੀ ਨੂੰ ਗੁੰਨ੍ਹ ਕੇ, ਚੱਕ ਉੱਪਰ ਰੱਖ ਕੇ, ਲੋੜੀਂਦਾ ਆਕਾਰ ਦਿੰਦਾ ਸੀ। ਇਸ ਤੋਂ ਮਗਰੋਂ ਬਰਤਨ ਨੂੰ ਅੱਗ (ਆਵੇ) ਵਿਚ ਪਕਾਇਆ ਜਾਂਦਾ ਸੀ। ਬਰਤਨ ਦੀ ਸਮਰੱਥਾ ਅਤੇ ਗੁਣ ਅਨੁਸਾਰ ਉਸਦਾ ਪ੍ਰਯੋਗ ਵੱਖ-ਵੱਖ ਕੰਮਾਂ ਲਈ ਕੀਤਾ ਜਾਂਦਾ ਸੀ। ਗੁਰੂ ਸਾਹਿਬ ਨੇ ਇਸ ਸਰੀਰ ਨੂੰ ਕੱਚਾ ਭਾਂਡਾ ਆਖਿਆ, ਜਿਸਦੀ ਕੋਈ ਠੋਸ ਬੁਨਿਆਦ ਨਹੀਂ।

ਸਲੋਕ ਬਾਣੀ-ਰੂਪ ਵਿਚ ਤਤਕਾਲੀ ਦੌਰ ਵਿਚ ਛੱਪੜਾਂ ਅਤੇ ਖੂਹਾਂ ਦੀ ਹੋਂਦ ਦੇ ਵੀ ਉਲੇਖ ਮਿਲਦੇ ਹਨ। ਖੂਹ ਵਿੱਚੋਂ ਪਾਣੀ ਘੜੀ ਰਾਹੀ ਕੱਢਿਆ ਜਾਂਦਾ ਸੀ, ਜਿਸਨੂੰ ਖੂਹ ਵਿੱਚੋਂ ਕੱਢਣ ਅਤੇ ਖੂਹ ਵਿੱਚ ਸੁੱਟਣ ਲਈ ਲੱਜ (ਰੱਸੀ) ਦਾ ਪ੍ਰਯੋਗ ਕੀਤਾ ਜਾਂਦਾ ਸੀ। ਬਾਣੀਕਾਰ ਆਖਦੇ ਹਨ ਕਿ ਸੁਆਸਾਂ-ਰੂਪੀ ਲੱਜ ਨੇ ਵੀ ਇੱਕ ਦਿਨ ਟੁੱਟ ਜਾਣਾ ਹੈ। ਹਲਟ (ਜੋ ਬਲਦਾਂ ਦੀ ਸਹਾਇਤਾ ਨਾਲ ਗਿੜਦਾ ਸੀ) ਰਾਹੀਂ ਖੂਹ ਵਿੱਚੋਂ ਪਾਣੀ ਕੱਢ ਕੇ ਖੇਤਾਂ ਦੀ ਸਿੰਚਾਈ ਕੀਤੀ ਜਾਂਦੀ ਸੀ। ਬਾਣੀਕਾਰ ਚਲਦੇ ਹਲਟ ਵਿੱਚੋਂ ਪ੍ਰਭੂ-ਨਾਮ ਦੀ ਧੁਨ ਸੁਣਦੇ ਹਨ। ਤਦੋਂ ਗੰਗਾ ਨਦੀ ਦਾ ਪਾਣੀ ਸਾਫ਼ ਸੀ। ਬਾਣੀਕਾਰ ਆਖਦੇ ਹਨ ਕਿ ਮਨ ਨੂੰ ਉਸ ਪਾਣੀ ਜਿਹਾ ਨਿਰਮਲ ਕਰੋ। ਰਸਤੇ, ਪੱਕੇ ਅਤੇ ਕੱਚੇ, ਕਈ ਤਰ੍ਹਾਂ ਦੇ ਹੁੰਦੇ ਸਨ। ਕੱਚੇ ਰਸਤਿਆਂ ਵਿਚ ਆਮ ਤੌਰ 'ਤੇ ਘਾਹ ਆਦਿ ਉੱਗ ਪੈਂਦਾ ਸੀ। ਪਿੰਡਾਂ ਵਿਚ ਗਲੀਆਂ ਹੋਇਆ ਕਰਦੀਆਂ ਸਨ।

ਸਲੋਕ ਬਾਣੀ-ਰੂਪ ਵਿਚ ਤਤਕਾਲੀ ਬਨਸਪਤੀ ਦੇ ਵਿਭਿੰਨ ਉਲੇਖ ਮਿਲਦੇ ਹਨ। ਮਨੁੱਖਾ ਜੀਵਨ ਨੂੰ ਪ੍ਰਭੂ ਦੀ ਖੇਤੀ ਦਰਸਾਇਆ ਗਿਆ ਹੈ। ਬਾਣੀ ਵਿਚ ਬਿਜਾਈ ਤੋਂ ਲੈ ਕੇ ਫ਼ਸਲ ਵੱਢਣ, ਗਾਹੁਣ ਅਤੇ ਦਾਣੇ ਕੱਢਣ ਆਦਿ ਦਾ ਵਿਵਰਣ ਹੈ। ਚਾਵਲ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਛਿਲਕੇ ਸਮੇਤ ਕੁੱਟ ਲਿਆ ਜਾਂਦਾ ਸੀ। ਇਸ ਕੰਮ ਲਈ ਮੁਹਲ਼ੀ ਦੀ ਵਰਤੋਂ ਕੀਤੀ ਜਾਂਦੀ ਸੀ। ਮੋਠ ਦੀ ਦਾਲ ਵਿਚ ਕੁੜਕੜੂ ਦਾ ਉਲੇਖ ਵੀ ਮਿਲਦਾ ਹੈ। ਗੰਨੇ ਨੂੰ ਪੀੜ ਕੇਰਸ ਕੱਢੀ ਜਾਂਦੀ ਸੀ ਤੇ ਉਸ ਰਸ ਨੂੰ ਕੜਾਹੇ ਵਿਚ ਪਾ ਕੇ ਤਪਾਇਆ (ਹੇਠਾਂ ਅੱਗ ਬਾਲ਼ ਕੇ) ਜਾਂਦਾ ਸੀ ਅਤੇ ਗੁੜ ਬਣਾਇਆ ਜਾਂਦਾ ਸੀ। ਖੇਤੀ ਮੀਂਹ 'ਤੇ ਆਧਾਰਿਤ ਸੀ। ਮੀਂਹ ਪੈਣ ਨਾਲ ਹੀ ਕਮਾਦ, ਕਪਾਹਾਂ ਤੇ ਹੋਰ ਫ਼ਸਲਾਂ ਮੌਲਦੀਆਂ ਸਨ। ਇਸੇ ਕਪਾਹ ਤੋਂ ਤਿਆਰ ਹੋਏ ਕੱਪੜੇ ਨਾਲ ਲੋਕਾਈ ਦਾ ਤਨ ਢਕਿਆ ਜਾਂਦਾ

ਸੀ। ਮੀਂਹ ਪੈਣ ਨਾਲ ਘਾਹ ਵਿਗਸਦਾ ਸੀ। ਗਾਵਾਂ ਆਦਿ ਪਸ਼ੂ ਇਸੇ ਘਾਹ ਨੂੰ ਚਰ ਕੇ ਆਪਣਾ ਢਿੱਡ ਭਰਦੇ ਸਨ। ਤਦ ਦੁੱਧ ਉਪਜਦਾ ਸੀ ਤੇ ਘਰ ਵਿੱਚੋਂ ਮਧਾਣੀ ਦੀ ਕੂਕਰ ਸੁਣਾਈ ਦਿੰਦੀ ਸੀ। ਠੀਕ ਸਮੇਂ 'ਤੇ ਯੋਗ ਮਾਤਰਾ ਵਿਚ ਮੀਂਹ ਪੈ ਜਾਵੇ ਤਾਂ ਅੰਨ ਦੇ ਭੰਡਾਰ ਭਰ ਜਾਂਦੇ ਸਨ, ਨਹੀਂ ਤਾਂ ਕਾਲ਼ ਪੈਣ ਦਾ ਖ਼ਤਰਾ ਰਹਿੰਦਾ ਸੀ। ਸਤਿਗੁਰੂ ਜੀ ਦੁਆਰਾ ਲੋਕਾਈ ਦੀ ਭਲਾਈ ਲਈ ਕਰਤੇ ਦੇ ਦਰ ਵਰਖਾ ਵਾਸਤੇ ਅਰਦਾਸ ਕਰਨ ਦੇ ਕਈ ਉਲੇਖ ਮਿਲਦੇ ਹਨ।

ਮਹਿੰਦੀ ਨੂੰ ਪੀਹ ਕੇ ਹੱਥਾਂ 'ਤੇ ਲਗਾਇਆ ਜਾਂਦਾ ਸੀ। ਸਰ੍ਹੋ ਦੇ ਤੇਲ ਦੇ ਨਾਲ-ਨਾਲ ਇਸ ਦੇ ਬੀਜਾਂ ਦੀ ਫੋਕਟ ਤੋਂ ਤਿਆਰ ਖਲ਼ ਵੀ ਪ੍ਰਚੱਲਤ ਸੀ। ਚੂਹਾ ਫ਼ਸਲ ਬਰਬਾਦ ਕਰਦਾ ਸੀ, ਜਿਸਦਾ ਯੋਗ ਸਮਾਧਾਨ ਕਰਨਾ ਕਿਸਾਨ ਲਈ ਬੜਾ ਜ਼ਰੂਰੀ ਸੀ। ਫ਼ਸਲ ਦੀ ਪੂਰੀ ਉਪਜ ਪ੍ਰਾਪਤ ਕਰਨ ਲਈ ਮਿਹਨਤ ਬੜੀ ਜ਼ਰੂਰੀ ਸੀ। ਸਮੇਂ ਸਿਰ ਖੇਤ ਦੀ ਸਿੰਚਾਈ ਅਤੇ ਗੁਡਾਈ ਕਰ ਕੇ, ਲੋੜ ਸਮੇਂ ਫ਼ਸਲ ਦੀ ਰਾਖੀ ਕਰ ਕੇ, ਸਹੀ ਉਪਜ ਪ੍ਰਾਪਤ ਕੀਤੀ ਜਾ ਸਕਦੀ ਸੀ। ਇਸ ਵਿਚ ਕੁਦਰਤ ਦੀ ਸਾਵੀਂ ਨਜ਼ਰ ਦਾ ਵੀ ਬੜਾ ਮਹੱਤਵ ਹੁੰਦਾ ਸੀ। ਹਨੇਰੀਆਂ ਅਤੇ ਹੋਰ ਕੁਦਰਤੀ ਮਾਰਾਂ ਪੱਕੀ ਹੋਈ ਫ਼ਸਲ ਨੂੰ ਵੀ ਤਬਾਹ ਕਰਨ ਦੀ ਸਮਰੱਥਾ ਰੱਖਦੀਆਂ ਸਨ। ਜੀਵਨ-ਰੂਪੀ ਖੇਤੀ ਨੂੰ ਸੰਭਾਲਣ ਦੀ ਪ੍ਰੇਰਨਾ ਹੈ ਤਾਂ ਜੋ ਚੰਗੀ ਉਪਜ (ਪਰਉਪਕਾਰ) ਦੀ ਪ੍ਰਾਪਤੀ ਹੋ ਸਕੇ।

ਸਲੋਕ ਬਾਣੀ-ਰੂਪ ਵਿਚ ਕਾਂ ਬਿਰਤੀ ਤੋਂ ਲੈ ਕੇ ਹੰਸ ਬਿਰਤੀ ਤੱਕ, ਅਪੂਰਨਤਾ ਤੋਂ ਪੂਰਨਤਾ ਤੱਕ ਦਾ ਮਾੱਡਲ ਦਰਸਾਇਆ ਗਿਆ ਹੈ। ਬਗਲੇ ਅਤੇ ਕਾਂ ਆਦਿ ਦੀ ਕੁਦਰਤੀ ਮਾਨਸਕਿਤਾ ਜੂਨਾਂ ਦੇ ਸ਼ਿਰੋਮਣੀ ਮਨੁੱਖ ਨੂੰ ਜੀਵਨ-ਜਾਚ ਸਮਝਾਉਣ ਲਈ ਦਰਸਾਈ ਗਈ ਹੈ। ਸਲੋਕ ਬਾਣੀ-ਰੂਪ ਵਿਚ ਵਿਭਿੰਨ ਪੰਛੀਆਂ/ਜਾਨਵਰਾਂ ਬਾਰੇ ਉਲੇਖ ਮਿਲਦੇ ਹਨ ਅਤੇ ਉਨ੍ਹਾਂ ਦੀਆਂ ਆਦਤਾਂ ਬਾਰੇ ਵੀ ਯਥਾਯੋਗ ਚਰਚਾ ਹੈ। ਸਲੋਕ ਬਾਣੀ-ਰੂਪ ਵਿਚ ਰੁੱਤਾਂ ਅਤੇ ਮੌਸਮਾਂ ਸਬੰਧੀ ਵੀ ਜ਼ਿਕਰ ਮਿਲਦਾ ਹੈ। ਜੀਵਨ ਨੂੰ ਫਿਰ ਬੜੇ ਚਿਰ ਬਾਅਦ ਮਿਲਣ ਵਾਲੀ ਰੁੱਤ ਆਖਿਆ ਗਿਆ ਹੈ। ਕਿਸੇ ਮਨੁੱਖ ਨੂੰ ਕੋਈ ਤੇ ਕਿਸੇ ਨੂੰ ਕੋਈ ਰੁੱਤ ਪਸੰਦ ਹੁੰਦੀ ਸੀ। ਜੀਵਨ ਨੂੰ ਬਿਜਲੀ ਦੇ ਚਮਕਾਰੇ ਨਾਲ ਵੀ ਤੁਲਨਾਇਆ ਗਿਆ ਹੈ।

ਤਤਕਾਲੀ ਦੌਰ ਵਿਚ ਵੱਡੇ-ਛੋਟੇ ਨਗਰ ਹੋਂਦ ਵਿੱਚ ਸਨ। ਸਰੀਰ ਨੂੰ ਨਗਰੀ ਵਜੋਂ ਬਿਆਨਿਆ ਗਿਆ ਹੈ। ਸ਼ਹਿਰ ਚਹਿਲ-ਕਦਮੀ ਦਾ ਕੇਂਦਰ ਹੁੰਦੇ ਸਨ। ਭਰਵੀਂ ਵਸੋਂ ਵਿਚ ਠਗੀ ਆਦਿ ਦਾ ਡਰ ਘੱਟ ਹੁੰਦਾ ਸੀ। ਸਰਬ-ਸਮਰੱਥ (ਜਿਹੜਾ ਹਰ ਵੇਲ਼ੇ ਅੰਗ-ਸੰਗ ਹੈ) ਪ੍ਰਭੂ ਦੀ ਓਟ ਲੈਣ ਨਾਲ ਕੋਈ ਭੈਅ ਨਹੀਂ ਰਹਿੰਦਾ। ਸਲੋਕ ਬਾਣੀ-ਰੂਪ ਵਿਚ ਕਈ ਪ੍ਰਕਾਰ ਦੇ ਰੋਗਾਂ, ਉਨ੍ਹਾਂ ਰੋਗਾਂ ਦੇ ਲੱਛਣਾਂ ਅਤੇ ਇਲਾਜ ਕਰਨ ਵਾਲੇ (ਵੈਦ) ਬਾਰੇ ਉਲੇਖ ਮਿਲਦੇ ਹਨ। ਲੋੜ ਤੋਂ ਵੱਧ ਜੀਭ ਦੇ ਸੁਆਦ ਰਸ ਨੂੰ ਭੋਗਣਾ ਰੋਗਾਂ ਦਾ ਜਨਕ ਦੱਸਿਆ ਗਿਆ ਹੈ। ਰੋਗਾਂ ਦੇ ਇਲਾਜ ਲਈ ਦਵਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਇੱਕ ਤਰ੍ਹਾਂ ਦੀ ਦਵਾਈ ਤੋਂ ਆਰਾਮ ਨਾ ਮਿਲੇ ਤਾਂ ਦਵਾਈ ਬਦਲ ਲਈ ਜਾਂਦੀ ਸੀ। ਜ਼ਖਮ ਨੂੰ ਧੋ ਕੇ ਸਾਫ਼ ਕੀਤਾ ਜਾਂਦਾ ਸੀ। ਕੁਝ ਰੋਗਾਂ ਦਾ ਇਲਾਜ ਸੰਭਵ ਨਹੀਂ ਸੀ, ਜਿਨ੍ਹਾਂ ਨੂੰ 'ਅਸਾਧ' ਰੋਗ ਆਖਿਆ ਗਿਆ ਹੈ। ਰਸਾਇਣਾਂ ਦੇ ਮਾਰੂ ਪ੍ਰਭਾਵ ਨੂੰ ਖ਼ਤਮ ਕਰਕੇ ਉਨ੍ਹਾਂ ਦਾ ਕੁਸ਼ਤਾ ਕਰ ਲਿਆ ਜਾਂਦਾ ਸੀ, ਜਿਸਨੂੰ ਦਵਾਈ ਵਜੋਂ ਵਰਤਿਆ ਜਾਂਦਾ ਸੀ। ਅੱਖਾਂ ਵਿਚ ਜਾਲ਼ਾ ਉੱਤਰ ਆਉਣ, ਮੂੰਹ 'ਚੋਂ ਬਦਬੂ ਆਉਣ, ਕੋਹੜ ਅਤੇ ਪੇਟ ਦੇ ਫੋੜੇ ਆਦਿ ਕਈ ਰੋਗਾਂ ਦਾ ਉਲੇਖ ਸਲੋਕਾਂ ਵਿਚ ਮਿਲਦਾ ਹੈ। ਸਮਾਜ ਵਿਚਵੈਦ ਦੀ ਇੱਜ਼ਤ ਹੁੰਦੀ ਸੀ। ਉਸਨੂੰ ਵੀ ਆਪਣੇ ਗਿਆਨ ਉੱਪਰ ਬੜਾ ਮਾਣ ਹੁੰਦਾ ਸੀ। ਉਹ ਸੋਚਦਾ ਸੀ ਕਿ ਕਿਸੇ ਨੂੰ ਆਰਾਮ ਦੇਣਾ (ਤੰਦਰੁਸਤ ਕਰਨਾ) ਉਸਦੇ ਹੱਥ ਵਿਚ ਹੀ ਹੈ। ਵਧੀਆ

ਵੈਦ ਉਸਨੂੰ ਮੰਨਿਆ ਜਾਂਦਾ ਸੀ, ਜਿਹੜਾ ਰੋਗ ਦੇ ਲੱਛਣਾਂ ਦੇ ਆਧਾਰ 'ਤੇ ਪਹਿਲਾਂ ਰੋਗ ਦੀ ਪਛਾਣ ਕਰੇ ਅਤੇ ਫਿਰ ਉਸਦਾ ਇਲਾਜ ਕਰੇ।

ਤਤਕਾਲੀ ਮਨੁੱਖ ਆਪਣੇ ਕੁਲ ਪ੍ਰਤਿ ਲਗਾਅ ਵਾਲਾ ਰਵੱਈਆ ਰੱਖਦਾ ਸੀ। ਉਹ ਸਮਾਜ ਨਾਲੋਂ ਆਪਣੀ ਕੁਲ ਵਿਸ਼ੇਸ਼ ਨੂੰ ਪਹਿਲ ਦਿੰਦਾ ਸੀ। ਅਜਿਹੀ ਭਾਵਨਾ ਅਖੌਤੀ ਉੱਚੀ ਕੁਲ ਵਾਲਿਆਂ ਅੰਦਰ ਵਧੇਰੇ ਹੁੰਦੀ ਸੀ। ਮਨੁੱਖ ਦਾ ਇਹ ਪ੍ਰੇਮ ਉਸ ਲਈ ਚਿੰਤਾ ਦਾ ਕਾਰਨ ਵੀ ਬਣਦਾ ਸੀ। ਮਨੁੱਖ ਦਾ ਆਪਣੇ ਪੁਰਖਿਆਂ ਦੇ ਚੰਗੇ ਸੰਸਕਾਰਾਂ ਅਨੁਸਾਰ ਵਿਚਰਨਾ ਤਾਂ ਚੰਗਾ ਹੈ ਪਰ ਹਰ ਚੰਗੇ-ਮਾੜੇ ਵਿਵਹਾਰ ਦੀ ਨਕਲ ਕਰਦੇ ਜਾਣਾ ਚੰਗਾ ਨਹੀਂ। ਕਈ ਵਾਰ ਮਨੁੱਖ ਦਾ ਅਜਿਹਾ ਵਿਵਹਾਰ ਉਸਦੀ ਹਾਨੀ ਵੀ ਕਰਵਾਉਂਦਾ ਹੈ। ਬਾਣੀਕਾਰਾਂ ਨੇ ਇਨ੍ਹਾਂ ਵਿਸ਼ਵਾਸਾਂ ਨੂੰ ਫੋਕੇ ਦੱਸਿਆ ਹੈ ਅਤੇ ਸਮੁੱਚੀ ਮਨੁੱਖਤਾ ਪ੍ਰਤਿ ਪਿਆਰ-ਭਾਵਨਾ ਵਾਲਾ ਰਵੱਈਆ ਰੱਖਣ ਦਾ ਸੰਦੇਸ਼ ਦਿੱਤਾ ਹੈ।

ਸਾਧਾਰਣ ਮਨੁੱਖ ਆਲਸੀ ਵੀ ਸੀ। ਬਾਣੀਕਾਰਾਂ ਨੇ ਥਾਂ-ਪੁਰ-ਥਾਂ ਮਨੁੱਖ ਨੂੰ ਉੱਦਮੀ ਬਣਨ ਦੀ ਪ੍ਰੇਰਨਾ ਦਿੱਤੀ ਹੈ। ਬਾਣੀਕਾਰਾਂ ਨੇ ਮਨੁੱਖ ਨੂੰ ਆਪਣਾ ਫ਼ਰਜ਼ ਠੀਕ ਢੰਗ ਨਾਲ ਨਿਭਾਉਣ ਦੀ ਪ੍ਰੇਰਨਾ ਦਿੱਤੀ ਹੈ। ਖ਼ੁਸ਼ਾਮਦੀ ਲੋਕ ਹੰਕਾਰੀ ਮਨੁੱਖ ਦੀ ਹੈਂਕੜ ਨੂੰ ਪੱਠੇ ਪਾ ਕੇ ਉਸ ਪਾਸੋਂ ਆਪਣਾ ਮਤਲਬ ਕੱਢਦੇ ਸਨ। ਬਾਣੀਕਾਰਾਂ ਨੇ ਵਿਵੇਕ ਧਾਰਨ ਕਰਨ ਲਈ ਆਖਿਆ।

ਹੰਕਾਰੀ ਮਨੁੱਖ ਕਿਸੇ ਸਮਾਜਿਕ ਵਰਜਨਾ ਦੀ ਵੀ ਪਰਵਾਹ ਨਹੀਂ ਕਰਦਾ। ਉਹ ਨਹੀਂ ਸੋਚਦਾ ਕਿ ਉਸਦੇ ਬੋਲ ਕਿਸੇ ਦੇ ਹਿਰਦੇ ਨੂੰ ਠੇਸ ਪਹੁੰਚਾਉਂਦੇ ਹਨ। ਉਹ ਗੁਣਵਾਨਾਂ ਦੇ ਨਜ਼ਦੀਕ ਰਹਿੰਦਾ ਹੋਇਆ ਵੀ ਗੁਣਾਂ ਦਾ ਸੰਯੋਜਨ ਨਹੀਂ ਕਰ ਪਾਉਂਦਾ। ਕਈ ਤਤਕਾਲੀ ਮਨੁੱਖ ਲੋਚਦੇ ਸਨ ਕਿ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਕੇ ਆਪਣੇ ਨਾਮ ਦਾ ਸਿੱਕਾ ਹਰ ਪਾਸੇ ਚਲਾਇਆ ਜਾਵੇ। ਆਪਣੇ-ਆਪ ਨੂੰ ਚਤੁਰ ਸਮਝਣ ਵਾਲੇ ਤਾਂ ਸਤਿ-ਪੁਰਖਾਂ ਦੇ ਬਚਨਾਂ 'ਤੇ ਵੀ ਉਂਗਲ ਉਠਾਉਂਦੇ ਸਨ ਤਾਂ ਜੋ ਲੋਕ ਉਨ੍ਹਾਂ ਨੂੰ ਮਹਾਂ-ਵਿਦਵਾਨ ਸਮਝਣ। ਸੋਹਣੇ ਅਤੇ ਤਕੜੇ ਤਨ ਵਾਲਿਆਂ ਨੂੰ ਆਪਣੇ-ਆਪ 'ਤੇ ਬੜਾ ਮਾਣ ਹੁੰਦਾ ਸੀ। ਜਵਾਨੀ ਵਿਚ ਮਸਤ ਆਦਮੀ ਨੂੰ ਮਾਣ ਹੁੰਦਾ ਸੀ ਕਿ ਉਹ ਕਿਸੇ ਔਰਤ ਨਾਲ ਧੱਕਾ ਕਰ ਸਕਦਾ ਹੈ। ਕੁਝ ਮਨੁੱਖ ਅਜਿਹੇ ਵੀ ਸਨ, ਜਿਹੜੇ ਬਹੁਤੇ ਤੀਰਥਾਂ 'ਤੇ ਘੁੰਮ ਆਉਣ ਕਾਰਨ ਹੰਕਾਰ ਗ੍ਰਸਤ ਹੋ ਜਾਂਦੇ ਸਨ। ਕਈਆਂ ਨੂੰ ਕੀਤੀ ਹੋਈ ਸੇਵਾ ਦਾ ਮਾਣ ਹੋ ਜਾਂਦਾ ਸੀ। ਕਈਆਂ ਨੂੰ ਕੋਲ ਪਈ ਅਮਾਨਤ (ਜਿਹੜੀ ਕਿਸੇ ਨੇ ਸੰਭਾਲਣ ਲਈ ਦਿੱਤੀ ਹੋਈ ਹੋਵੇ) ਦਾ ਹੀ ਹੰਕਾਰ ਹੋ ਜਾਂਦਾ ਸੀ। ਕੁਝ ਐਸੇ ਵੀ ਸਨ, ਜਿਨ੍ਹਾਂ ਵਿਚ ਗੁਣ ਤਾਂ ਕੋਈ ਨਹੀਂ ਸੀ ਹੁੰਦਾ ਪਰ ਉਹ ਫਿਰ ਵੀ ਆਪਣੇ ਗੁਣਾਂ ਦਾ ਹੰਕਾਰ ਕਰਦੇ ਸਨ। ਗੁਰੂ ਸਾਹਿਬ ਅਜਿਹੇ ਮਨੁੱਖਾਂ ਨੂੰ 'ਅਸਲੀ ਖੋਤੇ' ਆਖਦੇ ਹਨ। ਕੁਝ ਮਨੁੱਖ ਐਸੇ ਸਨ, ਜਿਨ੍ਹਾਂ ਨੂੰ ਆਪਣੇ ਤਿਆਗ ਉੱਪਰ ਬੜਾ ਮਾਣ ਹੁੰਦਾ ਸੀ। ਬਾਣੀਕਾਰਾਂ ਨੇ ਸਭ ਪ੍ਰਕਾਰ ਦੇ ਹੰਕਾਰ ਤੋਂ ਬਚਣ ਦੀ ਪ੍ਰੇਰਨਾ ਦਿੱਤੀ ਹੈ।

ਮੋਹ (ਅਨੁਚਿਤ ਲਗਾਉ) ਵੀ ਤਤਕਾਲੀ ਮਨੁੱਖ ਦੀ ਇੱਕ ਪ੍ਰਵਿਰਤੀ ਸੀ। ਮਨੁੱਖ ਨੂੰ ਆਪਣੇ ਘਰ, ਪਤਨੀ, ਪੁੱਤਰ, ਤਨ ਅਤੇ ਧਨ ਨਾਲ ਬੜਾ ਮੋਹ ਹੁੰਦਾ ਸੀ। ਗੁਰਬਾਣੀ ਰਚਨਾ-ਕਾਲ ਦਾ ਮਨੁੱਖ ਵੀ ਚਿੰਤਾ ਤੋਂ ਸੱਖਣਾ ਨਹੀਂ ਸੀ। ਭਵਿੱਖ ਵਿਚ ਕਿਤੇ ਕੁਝ ਮਾੜਾ ਨਾ ਹੋ ਜਾਵੇ, ਇਸ ਗੱਲ ਦਾ ਫ਼ਿਕਰ, ਉਸ ਨੂੰ ਵੀ ਲੱਗਾ ਰਹਿੰਦਾ ਸੀ। ਤਤਕਾਲੀ ਦੌਰ ਵਿਚ ਜਵਾਨੀ ਭੋਗਦੇ ਮਨੁੱਖ ਨੂੰ ਬੁਢਾਪੇ

ਦੇ ਆਉਣ ਦਾ ਬੜਾ ਡਰ ਹੁੰਦਾ ਸੀ। ਉਹ ਇਸ ਗੱਲੋਂ ਵੀ ਡਰਦਾ ਸੀ ਕਿ ਸਮਾਜ ਵਿਚ ਕਿਤੇ ਉਸਦੀ ਹਾਨੀ ਨਾ ਹੋ ਜਾਵੇ। ਬਾਣੀਕਾਰਾਂ ਨੇ ਪ੍ਰਭੂ ਨਾਲ ਪ੍ਰੀਤ ਪਾ ਕੇ ਸਾਰੇ ਡਰ ਦੂਰ ਕਰਨ ਦਾ ਉਪਦੇਸ਼ ਦਿੱਤਾ।

ਨਿੰਦਾ ਤਤਕਾਲੀ ਮਨੁੱਖ ਦੀ ਇੱਕ ਹੋਰ ਪ੍ਰਵਿਰਤੀ ਸੀ। ਨਿੰਦਾ ਕਰਨ ਵਾਲੇ ਮਨੁੱਖ ਦੂਜੇ ਨੂੰ ਮਾੜਾ ਦੱਸ ਕੇ ਆਪ ਚੰਗੇ ਬਣਨ ਦੀ ਕੋਸ਼ਿਸ਼ ਕਰਦੇ ਸਨ। ਨਿੰਦਕ ਮਨੁੱਖਾਂ ਕੋਲੋਂ ਕਿਸੇ ਹੋਰ ਦੀ ਵਡਿਆਈ ਝੱਲੀ ਨਹੀਂ ਸੀ ਜਾਂਦੀ। ਸੱਚਿਆਂ ਦੀ ਨਿੰਦਾ ਕਰਨ ਵਾਲੇ ਅਖ਼ੀਰ ਦੁਨੀਆ ਦੇ ਸਾਹਵੇਂ ਸ਼ਰਮਿੰਦੇ ਹੀ ਹੁੰਦੇ ਸਨ। ਗੁਰੂ ਸਾਹਿਬ ਨਤੀਜਾ ਸਾਹਮਣੇ ਰੱਖਦੇ ਹੋਏ ਮਨੁੱਖ ਨੂੰ ਨਿੰਦਾ ਕਰਨ ਤੋਂ ਵਰਜਦੇ ਹਨ। ਲਾਲਚੀ ਮਨੁੱਖ ਨੂੰ ਕਿਤੇ ਵੀ ਟਿਕਾਅ ਨਹੀਂ ਮਿਲਦਾ ਤੇ ਉਹ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਹਮੇਸ਼ਾ ਦੌੜਾ-ਭੱਜਾ ਫਿਰਦਾ ਰਹਿੰਦਾ ਹੈ। ਬਾਣੀਕਾਰ ਸਮਝਾਉਂਦੇ ਹਨ ਕਿ ਮੱਖੀ ਮਿੱਠੇ ਦੇ ਲਾਲਚ ਵਿਚ ਹੀ ਆਪਣੀ ਜਾਨ ਗੁਆ ਬਹਿੰਦੀ ਹੈ। ਕ੍ਰੋਧ ਨੂੰ ਅਗਨੀ ਨਾਲ ਤੁਲਨਾ ਦਿੱਤੀ ਗਈ ਹੈ। ਇਹ ਅਗਨੀ ਦੋਹਾਂ ਧਿਰਾਂ ਨੂੰ ਸਾੜਦੀ ਹੈ। ਗੁਰੂ ਸਾਹਿਬ ਕਥਨ ਕਰਦੇ ਹਨ ਕਿ ਕ੍ਰੋਧ ਝਗੜਿਆਂ ਦਾ ਮੂਲ ਹੈ। ਇਸ ਲਈ ਇਸ ਤੋਂ ਬਚਣਾ ਚਾਹੀਦਾ ਹੈ।

ਸਰੀਰਕ ਭੋਗ ਦੀ ਰੁਚੀ ਕਾਮ ਹੈ। ਇਹ ਰੂਪ ਅਥਵਾ ਸੁੰਦਰਤਾ ਨਾਲ ਜੁੜਿਆ ਹੋਇਆ ਦੱਸਿਆ ਗਿਆ ਹੈ ਭਾਵ ਰੂਪ ਦਾ ਸੁਹੱਪਣ ਇਸ ਰੁਚੀ ਨੂੰ ਬਲਵਾਨ ਕਰਦਾ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਇਹ ਵਿਵੇਕ ਨੂੰ ਹਰਨ ਵਾਲਾ, ਚਿੱਤ ਨੂੰ ਚੰਚਲ ਬਣਾਉਣ ਵਾਲਾ ਅਤੇ ਜਪ-ਤਪ ਤੇ ਸੰਜਮ ਨੂੰ ਸਮਾਪਤ ਕਰਨ ਵਾਲਾ ਹੈ। ਕਾਮ ਦੇ ਪ੍ਰਭਾਵ ਅਧੀਨ ਮਨੁੱਖ ਥਾਂ-ਕੁਥਾਂ ਨਹੀਂ ਦੇਖਦਾ ਅਤੇ ਚਿਤ ਅੰਦਰ ਵਿਕਾਰ ਹੀ ਚਿਤਵਦਾ ਹੈ। ਈਰਖਾ ਦੇ ਵੱਸ ਪਿਆ ਮਨੁੱਖ ਦੂਜਿਆਂ ਦੇ ਰਾਹ ਵਿਚ ਰੋੜੇ ਅਟਕਾਉਂਦਾ ਹੈ ਪਰ ਸੱਚਾਈ ਨੂੰ ਅੱਗੇ ਆਉਣ ਤੋਂ ਕੌਣ ਰੋਕ ਸਕਦਾ ਹੈ? ਗੁਰੂ ਜੀ ਦੱਸਦੇ ਹਨ ਕਿ ਜਿਸ ਮਨੁੱਖ ਦੇ ਅੰਦਰ ਦੂਜਿਆਂ ਪ੍ਰਤਿ ਈਰਖਾ ਹੋਵੇ, ਉਸ ਦਾ ਭਲਾ ਕਦੇ ਨਹੀਂ ਹੁੰਦਾ।

ਦੁਸ਼ਮਣ ਦੁੱਖ ਦੇਣ ਵਾਲਾ ਹੁੰਦਾ ਹੈ। ਕਈ ਵਾਰ ਵੈਰ ਕੱਢਣ ਲਈ ਦੁਸ਼ਮਣ ਮਿੱਠ-ਬੋਲੜਾ ਵੀ ਬਣਦਾ ਹੈ ਅਤੇ ਨਿਮਰਤਾ ਦਾ ਢੌਂਗ ਰਚਦਾ ਹੈ ਪਰ ਭਲੇ (ਵਿਵੇਕੀ) ਪੁਰਖ ਵੈਰੀ ਦੀ ਨੀਅਤ ਜਾਣ ਜਾਂਦੇ ਹਨ। ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਤਤਕਾਲੀ ਮਨੁੱਖ ਦੀ ਪਰ-ਇਸਤਰੀ/ਪਰ-ਪੁਰਖ ਗਮਨ ਦੀ ਪ੍ਰਵਿਰਤੀ ਦਾ ਅਹਿਸਾਸ ਵੀ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਪਰਾਈ ਇਸਤਰੀ, ਧਨ ਅਤੇ ਰੂਪ ਦੇ ਤੱਕਣ ਨੂੰ ਅੱਖਾਂ ਦਾ ਸੂਤਕ (ਭ੍ਰਿਸ਼ਟਣ) ਖ਼ਿਆਲ ਕਰਦੇ ਹਨ। ਤਤਕਾਲੀ ਦੌਰ ਵਿਚ ਮਿੱਤਰਤਾ ਦਾ ਬੜਾ ਮਹੱਤਵ ਸੀ। ਇਹ ਸਬੰਧ ਏਨਾ ਨੇੜੇ ਦਾ ਅਤੇ ਦਿਲ ਨਾਲ ਜੁੜਿਆ ਹੋਇਆ ਸੀ ਕਿ ਬਾਣੀਕਾਰਾਂ ਨੇ ਪ੍ਰਭੂ ਨਾਲ ਮਿੱਤਰ ਵਜੋਂ ਸਬੰਧ ਜੋੜੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਕੁਝ ਉਲੇਖ ਤਤਕਾਲੀ ਖਾਣ-ਪੀਣ ਦੇ ਸ਼ੌਕ ਵੱਲ ਇਸ਼ਾਰਾ ਕਰਦੇ ਹਨ। ਗੁਰੂ ਨਾਨਕ ਦੇਵ ਜੀ ਮਨੁੱਖ ਦੀ ਸਿਰਫ਼ ਖਾਣ ਤੱਕ ਸੀਮਤ ਰਹਿ ਕੇ ਪੇਟ ਵਧਾਉਣ ਦੀ ਪ੍ਰਵਿਰਤੀ ਨੂੰ ਨਿੰਦਦੇ ਹਨ।

ਤਤਕਾਲੀ ਮਨੁੱਖ ਅੰਦਰ ਮੌਤ ਦਾ ਬੜਾ ਖ਼ੌਫ਼ ਸੀ ਅਤੇ ਜਿਊਣ ਪ੍ਰਤਿ ਬੜਾ ਮੋਹ ਸੀ। ਮਨੁੱਖ ਧਰਤੀ ਉੱਪਰ ਸਦੀਵੀ ਤੌਰ 'ਤੇ ਰਹਿਣ ਲਈ ਬੜੇ ਯਤਨ ਕਰਦਾ ਸੀ। ਸਲੋਕ ਬਾਣੀ-ਰੂਪ ਵਿਚ ਤਤਕਾਲੀ ਮਨੁੱਖ ਦੀ ਇਸਤਰੀ ਸੁੰਦਰਤਾ ਪ੍ਰਤਿ ਆਕਰਸ਼ਣ ਭਾਵ ਦੀ ਪ੍ਰਵਿਰਤੀ ਦਾ ਵੀ ਉਲੇਖ ਹੈ। ਤਤਕਾਲੀ ਮਨੁੱਖ ਸੁੱਖ ਦੀ ਸੇਜ ਭੋਗਣਾ ਚਾਹੁੰਦਾ ਸੀ। ਤਤਕਾਲੀ ਮਨੁੱਖ ਲਈ ਸੁੱਖ ਦੀ ਨੀਂਦ (ਸਾਰੇ ਫ਼ਿਕਰਾਂ ਦਾ ਅੰਤ) ਦੁਨੀਆ ਜਿੱਤ ਲੈਣ ਦੇ ਬਰਾਬਰ ਸੀ। ਕਿਸੇ ਅਸਾਧ ਰੋਗ ਦੇ ਲੱਗ ਜਾਣ ਕਾਰਨ ਜਦੋਂ ਕਿਸੇ ਨੂੰ ਅਨੁਮਾਨ ਹੋ

ਜਾਂਦਾ ਸੀ ਕਿ ਉਹ ਹੁਣ ਬਹੁਤੀ ਦੇਰ ਸੰਸਾਰ ਵਿਚ ਨਹੀਂ ਰਹੇਗਾ ਤਾਂ ਉਹ ਮਨੁੱਖ ਬੜਾ ਦੁਖੀ ਰਹਿੰਦਾ ਸੀ। ਤਤਕਾਲੀ ਸਮੇਂ ਦੌਰਾਨ ਕਿਸੇ ਵਿਸ਼ੇ ਬਾਰੇ ਬੈਠ ਕੇ ਵਿਚਾਰ-ਚਰਚਾ ਕੀਤੀ ਜਾਂਦੀ ਸੀ। ਕਈ ਪੜ੍ਹੇ ਹੋਏ ਮਨੁੱਖ ਆਪਣੀ ਅਕਲ ਦਾ ਇਸਤੇਮਾਲ ਵਾਦ-ਵਿਵਾਦ ਕਰਨ ਹਿੱਤ ਵੀ ਕਰਦੇ ਸਨ ਤਾਂ ਜੋ ਆਪਣੇ ਆਪ ਨੂੰ ਵੱਡਾ ਵਿਦਵਾਨ ਸਿੱਧ ਕਰ ਸਕਣ। ਵਿਦਵਾਨ ਲੋਕ ਮਾਇਆ ਦੀ ਖ਼ਾਤਰ ਧਰਮ-ਪੁਸਤਕਾਂ ਦੀ ਚਰਚਾ ਕਰਦੇ ਸਨ। ਦੁਨਿਆਵੀ ਤੌਰ 'ਤੇ ਮਨੁੱਖ ਜਾਤੀ ਹੈਂਕੜ ਨਾਲ ਆਪਣੀ ਹਉਂ ਪਾਲਦਾ ਸੀ ਤੇ ਦੂਜਿਆਂ ਨਾਲ ਧੱਕੇਸ਼ਾਹੀ ਵੀ ਕਰਦਾ ਸੀ। ਤਤਕਾਲੀ ਦੌਰ ਦਾ ਮਨੁੱਖ ਸੱਤਾ ਤੋਂ ਪ੍ਰਭਾਵਿਤ ਹੋ ਕੇ ਆਪਣਾ ਸੱਭਿਆਚਾਰਕ ਅਮਲ ਬਦਲਦਾ ਸੀ।

ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਨਸ਼ਾਖੋਰੀ ਦੀ ਤਤਕਾਲੀ ਪ੍ਰਵਿਰਤੀ ਦਾ ਵੀ ਗਿਆਨ ਹੁੰਦਾ ਹੈ। ਗੁਰੂ ਸਾਹਿਬ ਆਖਦੇ ਹਨ ਕਿ ਨਸ਼ਾਖੋਰੀ ਕਰਨ ਵਾਲੇ ਮਨੁੱਖ ਦੀ ਮੱਤ ਮਾਰੀ ਜਾਂਦੀ ਹੈ ਤੇ ਉਹ ਝੱਲ ਪਾਉਂਦਾ ਫਿਰਦਾ ਹੈ। ਉਸਨੂੰ ਆਪਣੇ-ਪਰਾਏ ਦੀ ਕੋਈ ਸੋਝੀ ਨਹੀਂ ਰਹਿੰਦੀ। ਸਭ ਤਰ੍ਹਾਂ ਦੇ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਸਲੋਕ ਬਾਣੀ-ਰੂਪ ਦੇ ਕੁਝ ਉਲੇਖ ਦੇਖਾ-ਦੇਖੀ (ਨਕਲ ਕਰਨ) ਦੀ ਪ੍ਰਵਿਰਤੀ ਬਾਰੇ ਜਾਣਕਾਰੀ ਦਿੰਦੇ ਹਨ। ਭਗਤ ਕਬੀਰ ਜੀ ਆਖਦੇ ਹਨ ਕਿ ਲੋਕ ਦੇਖਾ-ਦੇਖੀ ਦੀ ਪ੍ਰਵਿਰਤੀ ਕਾਰਨ ਠਾਕੁਰ ਮੁੱਲ ਖ਼ਰੀਦ ਕੇ ਉਸਦਾ ਪੂਜਨ ਕਰਦੇ ਹਨ ਅਤੇ ਮਨ ਦੇ ਹਠ ਕਾਰਨ ਤੀਰਥਾਂ 'ਤੇ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਵਿਭਿੰਨ ਤਤਕਾਲੀ ਚਰਿੱਤਰਾਂ ਅਤੇ ਉਨ੍ਹਾਂ ਦੀਆਂ ਪ੍ਰਵਿਰਤੀਆਂ ਬਾਰੇ ਵੀ ਉਲੇਖ ਮਿਲਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਵਿਸ਼ੇਸ਼ ਢੰਗ ਨਾਲ ਯੋਗਤਾ (ਅੰਗਹੀਣਤਾ) ਬਾਰੇ ਵੀ ਜ਼ਿਕਰ ਮਿਲਦਾ ਹੈ। ਬਾਣੀਕਾਰਾਂ ਦੀ ਨਜ਼ਰ ਵਿਚ ਅੰਗਹੀਣ ਸਿਰਫ਼ ਉਹ ਹੀ ਨਹੀਂ, ਜਿਹੜੇ ਕੁਦਰਤੀ ਤੌਰ 'ਤੇ (ਜਨਮ, ਬਚਪਨ ਜਾਂ ਕਿਸੇ ਦੁਰਘਟਨਾ ਕਾਰਨ) ਇਸ ਸਥਿਤੀ ਵਿਚ ਪੁੱਜੇ ਹਨ ਸਗੋਂ ਇਹ ਕਈ ਆਧਾਰਾਂ 'ਤੇ ਵੰਡੇ ਜਾ ਸਕਦੇ ਹਨ। ਗੁਰੂ ਨਾਨਕ ਦੇਵ ਜੀ ਕ੍ਰਿਤ ਇੱਕ ਪੰਕਤੀ ਵਿੱਚ ਤਤਕਾਲੀ ਸਮਾਜਿਕ ਪਾਤਰ 'ਖੁਸਰੇ' ਦਾ ਉਲੇਖ ਮਿਲਦਾ ਹੈ। ਮੂਰਖ ਦੇ ਲੱਛਣਾਂ ਦਾ ਜ਼ਿਕਰ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਮੂਰਖ, ਉਸਦੀਆਂ ਕੀਤੀਆਂ, ਬੇਅਰਥ ਗੱਲਾਂ ਤੋਂ ਪਛਾਣਿਆ ਜਾਂਦਾ ਹੈ । ਧਾੜਵੀ ਲੁਟੇਰੇ ਤੁਰੇ ਜਾ ਰਹੇ ਕਾਫ਼ਲਿਆਂ ਉੱਪਰ ਹਮਲਾ ਕਰ ਕੇ ਉਨ੍ਹਾਂ ਨੂੰ ਲੁੱਟਦੇ ਸਨ। ਭਗਤ ਕਬੀਰ ਜੀ ਹੋਰ-ਹੋਰ ਲੁੱਟਾਂ ਛੱਡ ਕੇ ਰਾਮ-ਨਾਮ ਦਾ ਖ਼ਜ਼ਾਨਾ ਲੁੱਟਣ ਦਾ ਸੰਦੇਸ਼ ਦਿੰਦੇ ਹਨ।

ਜੂਏ ਵਿਚ ਮਾਲ-ਧਨ ਹਾਰਨ ਦਾ ਜ਼ਿਕਰ ਹੈ, ਜਿਸ ਤੋਂ ਜੂਏ ਦੇ ਤਤਕਾਲੀ ਪ੍ਰਚਲਨ ਦਾ ਗਿਆਨ ਹੁੰਦਾ ਹੈ। ਸਲੋਕ ਬਾਣੀ-ਰੂਪ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਠਗਾਂ ਬਾਰੇ ਉਲੇਖ ਮਿਲਦੇ ਹਨ, ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਗੁਰਬਾਣੀ ਰਚਨਾ-ਕਾਲ ਵਿਚ ਠਗ ਸਰਗਰਮ ਸਨ। ਕਈ ਵਾਰ ਚੋਰ ਘਰ ਦੀ ਕੰਧ ਪਾੜ ਕੇ ਚੋਰੀ ਕਰਦੇ ਸਨ, ਜਿਸ ਨੂੰ 'ਸੰਨ੍ਹ ਲਾਉਣਾ' ਕਿਹਾ ਜਾਂਦਾ ਸੀ। ਤਤਕਾਲੀ ਦੌਰ ਵਿਚ ਪਰਿਵਾਰ ਇੱਕ ਸੰਗਠਨ ਵਜੋਂ ਹੋਂਦ ਵਿਚ ਸੀ, ਜਿਸ ਵਿਚ ਕਈ ਜੀਅ ਹੋਇਆ ਕਰਦੇ ਸਨ। ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਪਰਿਵਾਰ ਦੇ ਉਨ੍ਹਾਂ ਮੈਂਬਰਾਂ ਦੇ ਆਪਸੀ ਸਬੰਧਾਂ ਬਾਰੇ ਵੀ ਯਥਾਯੋਗ ਜਾਣਕਾਰੀ ਮਿਲਦੀ ਹੈ। ਪ੍ਰਭੂ ਨੂੰ ਆਪਣਾ ਸਭ ਤੋਂ ਪਿਆਰਾ ਸਬੰਧੀ ਦਰਸਾਇਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ  ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਬਹੁਤ ਸਾਰੇ ਤਤਕਾਲੀ ਕਿੱਤਿਆਂ ਦੀ ਜਾਣਕਾਰੀ ਮਿਲਦੀ ਹੈ ਤੇ ਉਨ੍ਹਾਂ ਕਿੱਤਿਆਂ ਦੇ ਨਾਲ ਸਬੰਧਤ ਹੋਰ ਕਈ ਉਲੇਖ ਮਿਲਦੇ ਹਨ। ਗੁਰਬਾਣੀ ਰਚਨਾ-ਕਾਲ ਵਿਚ ਕਈ ਤਰ੍ਹਾਂ ਦੇ ਕਿੱਤੇ ਪ੍ਰਚੱਲਤ ਸਨ, ਜਿਨ੍ਹਾਂ ਤੋਂ ਤਤਕਾਲੀ ਮਨੁੱਖ ਆਪਣੀ ਉਪਜੀਵਕਾ ਦਾ ਪ੍ਰਬੰਧ ਕਰਦਾ ਸੀ। ਇਨ੍ਹਾਂ ਵਿੱਚੋਂ ਬਹੁਤੇ ਹੱਥਾਂ ਦੀ ਕਿਰਤ ਹੀ ਸਨ। ਸਲੋਕ ਬਾਣੀ-ਰੂਪ ਦੀਆਂ ਕਈ ਪੰਕਤੀਆਂ ਵਿਚ ਇਨ੍ਹਾਂ ਕਿੱਤਿਆਂ ਨੂੰ ਕਰਨ ਦੇ ਢੰਗ ਬਾਰੇ ਵੀ ਕੁਝ ਕੁ ਉਲੇਖ ਮਿਲਦੇ ਹੈ।

ਸਲੋਕ ਬਾਣੀ-ਰੂਪ ਵਿਚਲੇ ਵਿਭਿੰਨ ਹਵਾਲੇ ਦੱਸਦੇ ਹਨ ਕਿ ਗੁਰਬਾਣੀ ਕਾਲ ਦਾ ਮਨੁੱਖ ਗਿਣਤੀ-ਮਿਣਤੀ ਬਾਰੇ ਚੋਖੀ ਸੋਝੀ ਰੱਖਦਾ ਸੀ। ਉਹ ਲਿਖਣ ਵਾਸਤੇ ਕਾਗਜ਼, ਸਿਆਹੀ, ਦਵਾਤ ਅਤੇ ਕਲਮ ਦੀ ਵਰਤੋਂ ਕਰਦਾ ਸੀ। ਉਹ ਪ੍ਰਕਿਰਤੀ ਦੇ ਸਬੰਧ ਵਿਚ ਕਈ ਤਰ੍ਹਾਂ ਦੇ ਅੰਦਾਜ਼ੇ ਲਗਾਉਂਦਾ ਸੀ ਜੋ ਬੇਸ਼ੱਕ, ਉਸਦੇ ਤਜਰਬੇ ਅਤੇ ਲੰਮੇ ਕਾਲ ਦੇ ਅਵਲੋਕਨ 'ਤੇ ਆਧਾਰਿਤ ਹੋਣਗੇ। ਉਹ ਸੰਚਾਰ ਦੀਆਂ ਕਈ ਜੁਗਤਾਂ ਦੀ ਵਰਤੋਂ ਕਰਦਾ ਸੀ। ਗੁਰਬਾਣੀ ਕਾਲ ਦਾ ਮਨੁੱਖ ਵਸਤੂਆਂ ਦੀ ਗਿਣਤੀ ਅਤੇ ਮਿਣਤੀ  (ਮਾਪ) ਸਬੰਧੀ ਚੰਗਾ ਵਾਕਫ਼ ਸੀ। ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਉਸਨੂੰ 'ਗੁਣਾ' ਦੇ ਸੰਕਲਪ ਬਾਰੇ ਜਾਣਕਾਰੀ ਹੋਣ ਦਾ ਪਤਾ ਲੱਗਦਾ ਹੈ। ਪੂਰਨ ਸੰਖਿਆਵਾਂ ਨੇ ਨਾਲ-ਨਾਲ ਅੰਸ਼ਿਕ ਸੰਖਿਆਵਾਂ ਦੀ ਵਰਤੋਂ ਦਾ ਜ਼ਿਕਰ ਵੀ ਮਿਲਦਾ ਹੈ ਜਿਵੇਂ ਅੱਧਾ, ਅੱਧੇ ਤੋਂ ਅੱਧਾ ਆਦਿ। ਅੰਸ਼ਿਕ ਸੰਖਿਆ  (ਭਿੰਨ) 'ਸਵਾ' ਦਾ ਜ਼ਿਕਰ ਕੀਤਾ ਹੋਇਆ ਵੀ ਮਿਲਦਾ ਹੈ। ਕਿਸੇ ਕੰਮ ਦੇ 'ਦੁਹਰਾਅ' ਸਬੰਧੀ ਉਲੇਖ ਮਿਲਦਾ ਹੈ। ਕ੍ਰਮਵਾਰਤਾ  (ਪਹਿਲਾ, ਦੂਜਾ) ਦਾ ਜ਼ਿਕਰ ਵੀ ਮਿਲਦਾ ਹੈ। ਸੰਖਿਆਵਾਂ ਦੀ 'ਭਾਗ' ਬਾਰੇ ਉਲੇਖ ਵੀ ਪ੍ਰਾਪਤ ਹੁੰਦਾ ਹੈ, ਜਿਵੇਂ ਚਾਰ ਹਿੱਸੇ, ਬਾਰਾਂ ਹਿੱਸੇ ਆਦਿ। ਲੇਖਕਾਂ, ਧਾਗੇ-ਤਵੀਤ ਦੇਣ ਵਾਲਿਆਂ ਅਤੇ ਰਾਜਿਆਂ ਦੇ ਦਰਬਾਰ ਨਾਲ ਲਿਖਣ ਸਮੱਗਰੀ ਦਾ ਡੂੰਘਾ ਸਬੰਧ ਹੁੰਦਾ ਸੀ। ਬਾਣੀਕਾਰਾਂ ਨਾਲ ਵੀ ਲਿਖਣ ਸਮੱਗਰੀ ਦਾ ਬੜਾ ਨੇੜੇ ਦਾ ਸਬੰਧ ਰਿਹਾ ਹੈ। ਸਲੋਕ ਬਾਣੀ-ਰੂਪ ਸਪਸ਼ਟ ਕਰਦਾ ਹੈ ਕਿ ਕਾਗਜ਼ ਦੀ ਵਰਤੋਂ ਫਰੀਦ ਜੀ ਦੇ ਸਮੇਂ ਵੀ ਹੁੰਦੀ ਸੀ। ਪਾਂਧੇ ਵੀ ਸਿਆਹੀ ਦੀ ਵਰਤੋਂ ਕਰਿਆ ਕਰਦੇ ਸਨ। ਰਾਜਿਆਂ ਦੇ ਦਰਬਾਰਾਂ ਵਿਚ ਜਨਤਾ ਦੀਆਂ ਗਤੀਵਿਧੀਆਂ ਦਾ ਵੇਰਵਾ ਲਿਖਿਆ ਜਾਂਦਾ ਸੀ। ਗੱਲ ਕਹਿਣ ਦੇ ਦੋ ਢੰਗ, ਲਿਖਤੀ ਅਤੇ ਜ਼ੁਬਾਨੀ ਸਨ।

ਪੜ੍ਹੇ-ਲਿਖੇ ਲੋਕ ਆਪਣੇ ਦੇਸ਼ ਦੇ ਲੋਕਾਂ ਨੂੰ ਹੀ ਗ਼ੁਲਾਮ ਦੇਖ ਕੇ ਖ਼ੁਸ਼ ਸਨ। ਪੜ੍ਹ-ਪੜ੍ਹ ਕੇ ਕਿਤਾਬਾਂ ਦੇ ਵੱਡੇ ਢੇਰ ਲਾਈ ਜਾਣਾ ਵਿਦਵਾਨਾਂ ਦਾ ਕਿੱਤਾ ਸੀ ਭਾਵੇਂ ਉਹ ਮਗਰੋਂ ਮਾਨਸਿਕ ਭਾਰ ਦਾ ਹੀ ਕਾਰਨ ਬਣ ਜਾਣ। ਤਤਕਾਲੀ ਹਾਲਾਤਾਂ ਦਾ ਡੂੰਘਾ ਅਵਲੋਕਨ ਕਰਨ ਵਾਲੇ ਬਾਣੀਕਾਰਾਂ ਕੋਲੋਂ ਦੇਸ਼-ਕਾਲ ਦੇ ਇਹ ਹਾਲਾਤ ਜਰੇ ਨਾ ਗਏ ਤੇ ਉਨ੍ਹਾਂ ਨੇ ਕਦੇ ਕਟਾਖ਼ਸ਼ ਰਾਹੀਂ ਅਤੇ ਕਿਤੇ ਪ੍ਰੇਰਨਾ ਰਾਹੀਂ ਪੜ੍ਹਿਆਂ-ਗੁੜ੍ਹਿਆਂ ਨੂੰ ਲੋਕਾਈ ਦਾ ਹਿੱਤ ਮੁੱਖ ਰੱਖਣ ਦਾ ਸੰਦੇਸ਼ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ  ਵਿਚ ਸੰਕਲਿਤ ਸਲੋਕ ਬਾਣੀ-ਰੂਪ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਤਤਕਾਲੀ ਸਮਾਜ ਵਿਚ ਕੁਝ ਵਿਵਹਾਰ ਅਜਿਹੇ ਸਨ, ਜਿਹੜੇ ਉਸ ਸਮਾਜ ਦੇ ਮਨੁੱਖ ਲਈ ਬੜੇ ਸਹਿਜ ਸਨ ਭਾਵ ਉਨ੍ਹਾਂ ਨੂੰ ਉਹ ਸੁੱਤੇ-ਸਿੱਧ ਹੀ ਨਿਭਾਉਂਦਾ ਸੀ। ਗੁਰੂ ਸਾਹਿਬ ਤਵੀਤ ਅਤੇ ਜੰਤਰ-ਮੰਤਰ ਦੀ ਸ਼ਕਲ ਵਿਚ ਵਿੱਦਿਆ ਦਾ ਵਪਾਰ ਕਰਨ ਵਾਲਿਆਂ ਨੂੰ ਫਿਟਕਾਰ ਲਗਾਉਂਦੇ ਹਨ। ਗਰੁੜ-ਮੰਤਰ ਜਾਨਣ ਵਾਲੇ ਸੱਪ ਨੂੰ ਜ਼ਹਿਰ-ਹੀਣ ਕਰ ਦੇਣ ਵਾਲੇ ਮੰਨੇ ਜਾਂਦੇ ਸਨ ਅਤੇ ਇਹ ਵੀ ਖ਼ਿਆਲ ਕੀਤਾ ਜਾਂਦਾ ਸੀ ਕਿ ਉਹ ਮੰਤਰ ਨਾਲ ਸੱਪ ਦੀ ਜ਼ਹਿਰ ਨੂੰ ਮਨੁੱਖ ਦੀ ਦੇਹ ਵਿੱਚੋਂ ਖ਼ਤਮ ਕਰ ਦਿੰਦੇ ਸਨ। ਭਗਤ ਕਬੀਰ ਜੀ ਰਾਤ ਸਮੇਂ ਮਸਾਣ ਜਗਾਉਣ ਜਾਂਦੀ ਔਰਤ ਦਾ ਉਲੇਖ ਕਰਦੇ ਹਨ। ਮੰਤਰਾਂ ਦੇ ਜਪਣ-ਰਟਣ ਰਾਹੀਂ ਦੁੱਖਾਂ ਤੋਂ ਨਿਜਾਤ ਪਾਉਣ ਲਈ ਭਟਕ ਰਹੇ ਲੋਕਾਂ ਨੂੰ ਗੁਰੂ

ਸਾਹਿਬ ਗੁਰੂ-ਮੰਤਰ ਨੂੰ ਯਾਦ ਰੱਖਣ ਲਈ ਆਖਦੇ ਹਨ। ਇਸ਼ਨਾਨ ਦੀ ਆਪਣੀ ਹੀ ਮਹੱਤਤਾ ਸੀ। ਸਰੀਰਕ ਇਸ਼ਨਾਨ ਨਾਲ ਦੇਹ ਪਵਿੱਤਰ ਹੋ ਗਈ ਖ਼ਿਆਲ ਕੀਤੀ ਜਾਂਦੀ ਸੀ। ਤੀਰਥਾਂ 'ਪੁਰ ਕੀਤੇ ਇਸ਼ਨਾਨ ਦੇ ਵੱਡੇ ਫਲ਼ ਦੱਸੇ ਜਾਂਦੇ ਸਨ। ਇਨ੍ਹਾਂ ਸਭ ਮਾਨਤਾਵਾਂ ਦੇ ਸਨਮੁਖ ਗੁਰੂ ਸਾਹਿਬ ਨੇ ਪ੍ਰਭੂ ਦੇ ਨਾਮ-ਸਿਮਰਨ ਨੂੰ ਸੱਚਾ ਇਸ਼ਨਾਨ ਦੱਸਿਆ।

ਪੁੱਤਰ ਨੂੰ ਧੀ ਦੇ ਮੁਕਾਬਲੇ ਸ੍ਰੇਸ਼ਟਤਾ ਪ੍ਰਾਪਤ ਸੀ। ਮਨੁੱਖ ਦੀਆਂ ਵੱਡੀਆਂ-ਵੱਡੀਆਂ ਉਮੰਗਾਂ ਵਿਚ ਪੁੱਤਰ ਪ੍ਰਾਪਤੀ ਵੀ ਸ਼ਾਮਲ ਸੀ। ਪੁੱਤਰ ਸੰਸਾਰ ਵਿਚ ਰਿਸ਼ਤੇ ਗੰਢਣ ਵਾਲੀ ਜੜ੍ਹ ਮੰਨਿਆ ਜਾਂਦਾ ਸੀ। ਗੁਣਵਾਨ ਪੁੱਤਰ ਕੁਲ ਨੂੰ ਲੱਗਾ ਦਾਗ਼ ਧੋਣ ਦੀ ਸਮਰੱਥਾ ਦਾ ਧਾਰਨੀ ਮੰਨਿਆ ਜਾਂਦਾ ਸੀ। ਪਤੀ ਦੇ ਮਰ ਜਾਣ 'ਤੇ ਔਰਤ ਜਲ਼ ਕੇ ਸਤੀ ਹੁੰਦੀ ਸੀ। ਇਹ ਵੀ ਇੱਕ ਕਾਰਨ ਸੀ ਕਿ ਸਮਾਜ ਵਿਚ ਮਰਦ (ਪੁੱਤਰ) ਨੂੰ ਵਧੇਰੇ ਤਰਜੀਹ ਪ੍ਰਾਪਤ ਸੀ। ਇਸਦੇ ਉਲਟ ਪਤਨੀ ਮਰ ਜਾਵੇ ਤਾਂ ਉਸਦੇ ਮਰਦ ਦੇ ਸਤੀ ਹੋ ਜਾਣ ਦਾ ਕੋਈ ਉਲੇਖ ਨਹੀਂ ਮਿਲਦਾ, ਸਗੋਂ ਉਹ ਤਾਂ ਪਤਨੀ ਦੇ ਮਰਨ ਮਗਰੋਂ ਦੂਜਾ ਵਿਆਹ ਕਰਵਾ ਲੈਂਦਾ ਸੀ। ਸਲੋਕ ਬਾਣੀ-ਰੂਪ ਵਿਚ ਕੁਝ ਹਵਾਲੇ ਐਸੇ ਮਿਲਦੇ ਹਨ ਜਿਸ ਤੋਂ ਉਸ ਸਮੇਂ ਦੌਰਾਨ ਪਰਾਈ ਅਮਾਨਤ ਸੰਭਾਲੇ ਜਾਣ ਦਾ ਪਤਾ ਲੱਗਦਾ ਹੈ। ਜਿਸ ਕੋਲ ਇਹ ਵਸਤੂ ਪਈ ਹੁੰਦੀ ਸੀ, ਉਹ ਉਸ ਵਸਤੂ ਨੂੰ ਵਾਪਸ ਕਰ ਕੇ ਹੀ ਸੁਰਖ਼ਰੂ ਹੁੰਦਾ ਸੀ। ਕੁਝ ਐਸੇ ਵੀ ਸਨ, ਜਿਹੜੇ ਕੋਲ ਪਈ ਅਮਾਨਤ ਦਾ ਹੰਕਾਰ ਕਰਦੇ ਸਨ। ਅਜਿਹੇ ਮਨੁੱਖਾਂ ਨੂੰ ਅੰਤ ਖ਼ੁਆਰ ਹੀ ਹੋਣਾ ਪੈਂਦਾ ਸੀ।

ਤਤਕਾਲੀ ਲੋਕ ਅਣਖ ਪਾਲਣ ਵਾਲੇ ਸਨ। ਗੁਰੂ ਸਾਹਿਬ ਅਜਿਹੇ ਅਣਖੀਲੇ ਲੋਕਾਂ ਨੂੰ, ਜਦੋਂ ਉਹ ਕੋਈ ਬੁਰਾ ਕਰਮ ਕਰਦੇ ਹਨ, ਉਨ੍ਹਾਂ ਦੀ ਅਣਖ ਦਾ ਹਵਾਲਾ ਦੇ ਕੇ ਬੁਰੇ ਕੰਮ ਤੋਂ ਰੋਕਦੇ ਹਨ, ਕਿ ਘੱਟੋ-ਘੱਟ ਤੁਹਾਨੂੰ ਇਹ ਕੰਮ ਸ਼ੋਭਾ ਨਹੀਂ ਦਿੰਦਾ। ਕੰਨ ਪੜਵਾ ਕੇ ਹੱਡ-ਹਰਾਮੀ ਹੋ ਗਏ ਨੂੰ ਵੀ ਗੁਰੂ ਸਾਹਿਬ, ਉਸਦੀ ਅਣਖ ਦਾ ਵਾਸਤਾ ਦੇ ਕੇ, ਜ਼ਿੰਮੇਵਾਰੀ ਵਾਲਾ ਜੀਵਨ ਜਿਉਣ ਲਈ ਪ੍ਰੇਰਿਤ ਕਰਦੇ ਹਨ (ਪੰਨਾ-185)। ਤਤਕਾਲੀ ਲੋਕ ਦਿੱਤੇ ਹੋਏ ਵਚਨ ਦੀ ਲਾਜ ਰੱਖਦੇ ਸਨ। ਗੁਰੂ ਸਾਹਿਬ ਆਪਣੇ ਕਹੇ ਦੀ ਲਾਜ ਨਾ ਰੱਖਣ ਵਾਲੇ ਨੂੰ ਮਹਾਂ-ਮੂਰਖ ਦੱਸਦੇ ਹਨ। ਤਤਕਾਲੀ ਲੋਕਾਂ ਦਾ ਖ਼ਿਆਲ ਸੀ ਕਿ ਕੁਝ ਗੱਲਾਂ ਭੇਤ ਦੀਆਂ ਹੁੰਦੀਆਂ ਹਨ, ਜਿਹੜੀਆਂ ਹਰ ਕਿਸੇ ਨੂੰ ਪਤਾ ਨਹੀਂ ਹੁੰਦੀਆਂ ਜਾਂ ਹਰ ਕਿਸੇ ਨੂੰ ਦੱਸੀਆਂ ਨਹੀਂ ਜਾ ਸਕਦੀਆਂ।

ਤਤਕਾਲੀ ਲੋਕਾਂ ਦੀ ਮਾਨਤਾ ਸੀ ਕਿ ਉੱਦਮ ਕੀਤਿਆਂ ਮੁਸ਼ਕਿਲਾਂ ਦਾ ਹੱਲ ਹੁੰਦਾ ਹੈ ਅਤੇ ਆਪਣੇ ਚੰਗੇ ਲਈ ਉਪਾਉ ਜਾਂ ਯਤਨ ਕੀਤੇ ਜਾ ਸਕਦੇ ਹਨ। ਕਿਸੇ ਵਸਤੂ ਦੀ ਅਥਵਾ ਲਕਸ਼ ਦੀ ਪ੍ਰਾਪਤੀ ਲਈ ਵੀ ਉਪਾਉ ਕੀਤੇ ਜਾਂਦੇ ਸਨ। ਕਈ ਲੋਕ ਕਿਸੇ ਕੰਮ ਨੂੰ ਦਿਲ ਤੋਂ ਤਾਂ ਨਹੀਂ ਸਨ ਕਰਨਾ ਚਾਹੁੰਦੇ ਪਰ ਪਰੰਪਰਾ ਜਾਂ ਧਰਮ ਦੁਆਰਾ ਦੱਸਿਆ ਹੋਇਆ ਹੋਣ ਕਾਰਨ, ਜ਼ਰੂਰਤ ਮਹਿਸੂਸ ਕਰਦੇ ਹੋਏ, ਉਸ ਕੰਮ ਨੂੰ ਕਰਦੇ ਸਨ।

ਕਿਸੇ ਕੰਮ ਨੂੰ ਕਰਨ ਦੀ ਵਿਉਂਤ ਬਣਾਈ, ਉਸ ਕੰਮ ਨੂੰ ਕਰਦਿਆਂ ਕੋਈ ਵਿਘਨ ਨਾ ਪਿਆ, ਤਾਂ ਕਾਰਜ ਸਿੱਧ ਹੋ ਗਿਆ ਸਮਝਿਆ ਜਾਂਦਾ ਸੀ। ਮਨੁੱਖ ਸੰਸਾਰ ਵਿਚ ਆਇਆ, ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਪਾਉਣ ਲਈ, ਪਰ ਮੁੱਖ ਮੰਤਵ ਨੂੰ ਛੱਡ ਕੇ ਜੀਵਨ ਹੋਰ-ਹੋਰ ਕੰਮਾਂ ਵਿਚ ਲੰਘ ਗਿਆ, ਇਸ ਵਿਵਹਾਰ ਨੂੰ 'ਕਾਰਜ ਸਿੱਧ ਨਾ ਹੋਣ' ਦੀ ਦ੍ਰਿਸ਼ਟੀ ਤੋਂ ਬਿਆਨਿਆ ਗਿਆ ਹੈ। ਤਤਕਾਲੀ ਲੋਕ ਸਹਿਜ-ਸੁਭਾ ਹੀ ਇੱਕ ਸਮਾਜਿਕ ਜ਼ਾਬਤੇ ਅਧੀਨ ਵਿਚਰਦੇ ਸਨ। ਸਮਾਜ ਵਿਚ ਵਿਚਰਦਿਆਂ ਉਹ ਖ਼ਾਸ ਜ਼ਾਬਤੇ ਦੀ ਪਾਲਣਾ ਕਰਦੇ ਪ੍ਰਤੀਤ ਹੁੰਦੇ ਹਨ। ਉਸ ਜ਼ਾਬਤੇ ਤੋਂ ਬਾਹਰ ਵਿਚਰਨ ਵਾਲਿਆਂ ਨੂੰ ਬਹੁਤਾ ਚੰਗਾ ਨਹੀਂ ਸੀ ਸਮਝਿਆ ਜਾਂਦਾ ਸੀ।

ਮਨੁੱਖ ਜਿਸ ਤਰ੍ਹਾਂ ਦੀ ਕਰਨੀ ਕਰਦਾ ਸੀ, ਉਹੋ ਜਿਹਾ ਹੀ ਮਸ਼ਹੂਰ ਹੋ ਜਾਂਦਾ ਸੀ। ਗੁਰੂ ਅੰਗਦ ਦੇਵ ਜੀ ਇਸ ਗੱਲ ਨੂੰ ਕਿਸੇ ਦੇ ਵੀ ਵੱਸ ਤੋਂ ਬਾਹਰ ਦਾ, ਭਾਵ ਕੁਦਰਤੀ ਨਿਯਮ ਦੱਸਦੇ ਹਨ। ਜਿਸ ਤਰ੍ਹਾਂ ਲਸਣ ਦੀ ਪੋਥੀ ਆਪਣੀ ਮਹਿਕ ਸਦਕਾ ਗੁੱਝੀ ਨਹੀਂ ਰਹਿ ਪਾਉਂਦੀ, ਉਸੇ ਤਰ੍ਹਾਂ ਆਪ-ਹੁਦਰਾ ਆਦਮੀ ਵੀ ਆਪਣੀ ਕਰਨੀ ਸਦਕਾ ਗੁੱਝਾ ਨਹੀਂ ਰਹਿ ਪਾਉਂਦਾ। ਤਤਕਾਲੀ ਮਨੁੱਖ ਆਪਣੇ ਜਿਹੇ ਵਿਵਹਾਰ ਵਾਲੇ ਨੂੰ ਲੱਭ ਲੈਂਦਾ ਸੀ ਅਤੇ ਉਸੇ ਦੀ ਸੰਗਤ ਵਿਚ ਹੀ ਤਸੱਲੀ ਮਹਿਸੂਸ ਕਰਦਾ ਸੀ। ਮਨੁੱਖ ਜਿਹੋ ਜਿਹੇ ਮਾਹੌਲ ਵਿਚ ਵਿਚਰਦਾ ਸੀ, ਉਹੋ ਜਿਹਾ ਹੀ ਸੋਚਣ ਲੱਗ ਪੈਂਦਾ ਸੀ ਅਤੇ ਉਹੋ ਜਿਹਾ ਹੀ ਉਸਦਾ ਵਿਵਹਾਰ ਹੋ ਜਾਂਦਾ ਸੀ। ਮਨੁੱਖ ਦਾ ਆਲ਼ਾ-ਦੁਆਲ਼ਾ ਉਸਦੇ ਨਜ਼ਰੀਏ ਨੂੰ ਵਿਕਸਿਤ ਕਰਨ ਵਿਚਵੱਡਾ ਯੋਗਦਾਨ ਪਾਉਂਦਾ ਹੈ।

ਕਿਸੇ ਕਾਲ ਵਿਸ਼ੇਸ਼ ਦੀ ਰਚਨਾ ਵਿਚ ਉਸ ਕਾਲ ਦੇ ਸਾਹਿਤ ਦੀਆਂ ਕਈ ਜੁਗਤਾਂ ਦਾ ਬਿਓਰਾ ਮਿਲ ਜਾਂਦਾ ਹੈ। ਕਿਸੇ ਗ੍ਰੰਥ ਦੇ ਅਧਿਐਨ ਤੋਂ ਤਤਕਾਲੀ ਸਮਾਜ ਵਿਚ ਗ੍ਰੰਥ ਦੀ ਪ੍ਰਾਰੰਭਤਾ, ਸਮਾਪਤੀ, ਛੰਦ ਦੀ ਵੰਨਗੀ ਦਾ ਸਮਾਜਿਕ-ਸੱਭਿਆਚਾਰਕ ਆਧਾਰ, ਸੰਬੋਧਨੀ ਸ਼ੈਲੀ, ਪ੍ਰਸ਼ਨ-ਉੱਤਰ ਵਿਧੀ, ਸ਼ਬਦ-ਚੋਣ, ਤਤਕਾਲੀ ਭਾਸ਼ਾ ਅਤੇ ਲਿੱਪੀ ਤੇ ਭਾਸ਼ਾ ਨੂੰ ਲਿਖਣ ਦੇ ਢੰਗ ਆਦਿ ਰਾਹੀਂ ਉਸ ਕਾਲ ਦੀ ਸਾਹਿਤ ਸਿਰਜਣਾ ਦੀਆਂ ਜੁਗਤਾਂ ਦਾ ਗਿਆਨ ਹੁੰਦਾ ਹੈ। ਜਿਵੇਂ ਕਿ ਮੰਗਲਾਚਰਨ ਅਤੇ ਰਚਨਾ ਦੇ ਅੰਤ 'ਤੇ ਸਿਧਾਂਤ ਨਿਰੂਪਣ, ਤਤਕਾਲੀ ਬੋਲੀ ਬਾਰੇ ਗਿਆਨ, ਸ਼ਬਦ ਨੂੰ ਛੋਟੇ ਰੂਪ ਵਿਚ ਨਿਰੂਪਤ ਕਰਨਾ, ਅੱਖਰ ਦੇ ਪੈਰ ਬਿੰਦੀ ਸਮੇਤ ਉੱਚਾਰਨ ਪ੍ਰਚੱਲਤ ਨਹੀਂ ਸੀ, ਅੱਧਕ ਦੀ ਵਰਤੋਂ ਪ੍ਰਚੱਲਤ ਨਹੀਂ ਸੀ, ਇੱਕ ਸ਼ਬਦ ਦਾ ਕਈ ਅਰਥਾਂ ਵਜੋਂ ਪ੍ਰਯੋਗ, ਪੈਰ 'ਹ' ਦਾ ਪੂਰਕ, ਪੂਰੀ ਪੈਂਤੀ ਅੱਖਰੀ ਦਾ ਪ੍ਰਯੋਗ ਅਤੇ ਬਿਹਾਰੀ ਤੋਂ ਪਹਿਲਾਂ ਬਿੰਦੀ ਦਾ ਪ੍ਰਯੋਗ ਆਦਿ।

### ਤਤਕਾਲੀ ਧਾਰਮਿਕ ਪ੍ਰਸਥਿਤੀਆਂ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਧਾਰਮਿਕ ਹਾਲਾਤਾਂ ਸਬੰਧੀ ਚੋਖੀ ਜਾਣਕਾਰੀ ਮਿਲਦੀ ਹੈ। ਇਸ ਬਾਣੀ-ਰੂਪ ਵਿਚ ਤਤਕਾਲੀ ਧਾਰਮਿਕ ਭੇਖਾਂ, ਧਾਰਮਿਕ ਸ਼ਖ਼ਸੀਅਤਾਂ ਦੇ ਜੀਵਨ ਢੰਗ ਅਤੇ ਕਰਮ-ਕਾਂਡ ਬਾਰੇ ਸੂਚਨਾ ਮਿਲਦੀ ਹੈ। ਵਰਤ, ਤੀਰਥ-ਰਟਨ ਤੇ ਇਸ਼ਨਾਨ, ਦੇਵਤੇ, ਜਪਮਾਲੀ, ਧੋਤੀ, ਚਉਕਾ ਅਤੇ ਤਿਲਕ ਦਾ ਪੰਡਿਤ ਦੇ ਜੀਵਨ-ਵਿਹਾਰ ਵਿਚ ਬੜਾ ਮਹੱਤਵ ਸੀ। ਗੁਰੂ ਸਾਹਿਬ ਆਦਰਸ਼ ਪੰਡਿਤ ਦੇ ਗੁਣ ਬਿਆਨ ਕਰਦੇ ਹੋਏ ਆਖਦੇ ਹਨ ਕਿ ਉਹ ਹੋਰਾਂ ਦੀਆਂ ਪੱਤਰੀਆਂ ਦੇਖਣ ਦੀ ਥਾਂ ਆਪਣੇ ਮਨ ਦੀ ਪੜਚੋਲ ਕਰਦਾ ਹੈ (ਭਾਵ ਆਪਣੇ ਮਨ ਦੇ ਵਿਕਾਰਾਂ ਦੀ ਪਛਾਣ ਕਰੇ ਤੇ ਉਨ੍ਹਾਂ ਨੂੰ ਦੂਰ ਕਰੇ) ਜਿਸ ਨਾਲ ਉਸਨੂੰ ਪਰਮ-ਸੁੱਖ ਦੀ ਪ੍ਰਾਪਤੀ ਹੁੰਦੀ ਹੈ।

ਤਤਕਾਲੀ ਦੌਰ ਵਿਚ ਮੁੱਲਾ ਦਾ ਕੰਮ ਬਾਂਗ ਦੇਣਾ (ਨਮਾਜ਼ ਲਈ ਪੁਕਾਰ ਕਰਨਾ) ਲਿਖਿਆ ਹੈ। ਗੁਰੂ ਸਾਹਿਬ ਆਖਦੇ ਹਨ ਕਿ ਮੁੱਲਾ ਬਾਂਗ (ਅਜਾਨ) ਦੇ ਕੇ ਆਪਣੀ ਰੋਜ਼ੀ ਦਾ ਪ੍ਰਬੰਧ ਕਰਦਾ ਹੈ। ਕਈ ਲੋਕ ਬਾਹਰੀ ਤੌਰ 'ਤੇ ਧਾਰਮਿਕ ਭੇਖ ਬਣਾ ਕੇ, ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹੋਏ, ਆਪਣੀ ਰੋਜ਼ੀ-ਰੋਟੀ ਦਾ ਪ੍ਰਬੰਧ ਕਰਦੇ ਸਨ। ਲੋਕ ਉਸ ਮਨੁੱਖ ਦਾ ਸਤਿਕਾਰ ਕਰਦੇ ਸਨ, ਜਿਸ ਨੇ ਆਪਣੇ ਸਰੀਰ 'ਤੇ ਧਾਰਮਿਕ ਚਿੰਨ੍ਹ ਬਣਾਏ (ਪਹਿਨੇ) ਹੋਏ ਹੋਣ।

ਇਸ ਬਾਣੀ-ਰੂਪ ਵਿਚ ਵੱਖ-ਵੱਖ ਧਰਮਾਂ ਨਾਲ ਸਬੰਧਿਤ ਧਰਮ-ਗ੍ਰੰਥਾਂ ਦਾ ਜ਼ਿਕਰ ਮਿਲਦਾ ਹੈ। ਵੇਦ ਹਿੰਦੂ ਧਰਮ ਨਾਲ ਸਬੰਧਿਤ ਹਨ ਅਤੇ ਇਨ੍ਹਾਂ ਦੀ ਗਿਣਤੀ ਚਾਰ ਹੈ। ਇਨ੍ਹਾਂ ਧਰਮ-ਪੁਸਤਕਾਂ ਦੇ ਰੰਗਾਂ ਦਾ ਉਲੇਖ ਹੈ। ਸਮੇਂ-ਸਮੇਂ ਸਿਰ ਇਹ ਚਾਰੇ ਵੇਦ ਸੱਚੇ ਰਹੇ ਹਨ (ਪ੍ਰਵਾਨਤ ਰਹੇ ਹਨ) ਅਤੇ ਲੋਕਾਈ ਇਨ੍ਹਾਂ ਤੋਂ ਜੀਵਨ-ਜਾਚ ਪ੍ਰਾਪਤ ਕਰਦੀ ਰਹੀ ਹੈ ਪਰ ਹੁਣ ਤਾਂ (ਅਸਲ) ਸਥਿਤੀ ਇਹ ਹੈ ਕਿ ਪ੍ਰਭੂ ਪ੍ਰਤਿ ਪ੍ਰੇਮਾ-ਭਗਤੀ ਹੋਵੇ ਅਤੇ ਨਿਮਰਤਾ ਦਾ ਧਾਰਨੀ ਹੋਇਆ ਜਾਵੇ,ਅਜਿਹਾ ਮਨੁੱਖ ਹੀ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਸ਼ਾਸਤਰਾਂ ਦਾ ਜ਼ਿਕਰ ਕਈ ਥਾਈਂ ਆਉਂਦਾ ਹੈ। ਸਲੋਕ ਬਾਣੀ ਵਿਚ ਸਿਮਰਿਤੀਆਂ ਸਮੇਤ ਸ਼ਾਸਤਰਾਂ ਦੇ ਡੂੰਘੇ ਅਧਿਐਨ ਦਾ ਜ਼ਿਕਰ ਹੈ। ਸ਼ਾਸਤਰ (ਗਿਣਤੀ ਪੱਖੋਂ) ਛੇ ਦੱਸੇ ਗਏ ਹਨ ਤੇ ਜ਼ਿਕਰ ਕੀਤਾ ਗਿਆ ਹੈ ਕਿ ਇਨ੍ਹਾਂ ਛੇਆਂ ਸ਼ਾਸਤਰਾਂ ਵਿਚ ਪ੍ਰਭੂ ਦੀ ਬੇਅੰਤਤਾ ਦਾ ਵਿਸਤਾਰ (ਚਰਚਾ) ਹੈ। ਸ਼ਾਸਤਰ ਲਈ ਗੁਰਬਾਣੀ ਵਿਚ 'ਆਗਮ' ਸ਼ਬਦ ਦਾ ਇਸਤੇਮਾਲ ਕੀਤਾ ਗਿਆ ਹੈ ਜਦਕਿ ਵੇਦ ਲਈ 'ਨਿਗਮ' ਸ਼ਬਦ ਦਾ। ਤਤਕਾਲੀ ਹਾਲਾਤ ਨੂੰ ਬਿਆਨ ਕਰਦੇ ਹੋਏ ਗੁਰੂ ਸਾਹਿਬ ਆਖਦੇ ਹਨ ਕਿ ਸ਼ਾਸਤਰ ਅਤੇ ਵੇਦ ਦਾ ਆਖਿਆ ਕੋਈ ਨਹੀਂ ਮੰਨ ਰਿਹਾ। ਲੋਕਾਂ ਨੇ ਆਪੋ-ਆਪਣੀ ਮਰਜ਼ੀ ਨਾਲ (ਆਪੋ-ਆਪਣੀ ਗਰਜ਼ ਮੁਤਾਬਿਕ) ਧਰਮ-ਪੁਸਤਕਾਂ ਦੇ ਅਰਥ ਕੱਢ ਲਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿੱਚੋਂ ਤਤਕਾਲੀ ਦੌਰ ਦੇ ਵੱਖ-ਵੱਖ ਧਾਰਮਿਕ ਫਿਰਕਿਆਂ ਦਾ ਉਲੇਖ ਮਿਲਦਾ ਹੈ ਅਤੇ ਉਨ੍ਹਾਂ ਫਿਰਕਿਆਂ ਵਿਚ ਪ੍ਰਚੱਲਤ ਭਗਤੀ ਅਥਵਾ ਪੂਜਾ-ਵਿਧੀਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਭਗਉਤੀ ਦਾ ਉਲੇਖ ਮਿਲਦਾ ਹੈ। ਗੁਰੂ ਸਾਹਿਬ ਭਗਉਤੀ ਵਾਲੇ ਚਿਹਨ-ਚੱਕਰ ਬਣਾ ਕੇ ਸੰਸਾਰ ਨੂੰ ਧੋਖਾ ਦੇ ਰਹੇ ਮਨੁੱਖ (ਕਿਉਂਕਿ ਉਸਦੇ ਮਨ ਵਿਚ ਧੋਖਾ ਹੈ) ਨੂੰ ਤਾੜਨਾ ਕਰਦੇ ਹਨ।

ਸਰੀਰ 'ਤੇ ਸੁਆਹ ਮਲ ਕੇ ਫਿਰਨ ਵਾਲੇ ਅਉਧੂਤ ਭਿੱਖਿਆ ਮੰਗ ਕੇ ਭੋਜਨ ਦਾ ਜੁਗਾੜ ਕਰਦੇ ਸਨ। ਕਾਪੜੀਏ ਅਖਵਾਏ ਜਾਣ ਵਾਲੇ ਮਨੁੱਖ ਆਪਣੇ ਪੂਰੇ ਸਰੀਰ ਨੂੰ ਲੀਰਾਂ ਤੋਂ ਬਣੀ ਹੋਈ ਗੋਦੜੀ ਨਾਲ ਢਕ ਕੇ ਰੱਖਦੇ ਸਨ। ਸਲੋਕ ਬਾਣੀ ਵਿਚ ਜੰਗਮ ਫਿਰਕੇ ਦਾ ਉਲੇਖ ਵੀ ਹੈ, ਜਿਹੜੇ ਸ਼ਿਵ ਨੂੰ ਮੰਨਦੇ ਸਨ ਅਤੇ ਟੱਲੀਆਂ ਖੜਕਾਅ ਕੇ, ਫਿਰ-ਤੁਰ ਕੇ, ਮੰਗਦੇ ਸਨ। ਭੋਜਨ ਦੇ ਤਿਆਗੀ ਮਨੁੱਖਾਂ ਬਾਰੇ ਵੀ ਜ਼ਿਕਰ ਮਿਲਦੇ ਹਨ। ।

ਗੁਰੂ ਨਾਨਕ ਦੇਵ ਜੀ ਨੇ ਜਤੀ ਅਖਵਾਏ ਜਾਣ ਵਾਲੇ ਮਨੁੱਖ ਦੁਆਰਾ ਘਰ-ਬਾਰ ਤਿਆਗ ਦਿੱਤੇ ਜਾਣ ਦਾ ਜ਼ਿਕਰ ਕੀਤਾ ਹੈ। ਆਪ ਜੀ ਦਾ ਕਹਿਣਾ ਹੈ ਕਿ ਉਹ ਗ੍ਰਿਹਸਥੀ ਵਿਚ ਰਹਿੰਦਿਆਂ ਇੰਦ੍ਰਿਆਈ ਸੰਜਮ ਰੱਖਣ ਦੀ ਬਜਾਇ ਘਰ-ਗ੍ਰਿਹਸਥੀ ਦਾ ਤਿਆਗ ਹੀ ਕਰ ਬੈਠਦਾ ਹੈ। ਇਸ ਤਰ੍ਹਾਂ ਕਰਕੇ ਉਹ ਜਤ ਦੀ ਜੁਗਤੀ ਨੂੰ ਜਾਨਣ ਤੋਂ ਅਸਮਰੱਥ ਪ੍ਰਤੀਤ ਹੁੰਦਾ ਹੈ ਕਿਉਂਕਿ ਜੇਕਰ ਉਹ ਇਸ ਜੁਗਤ ਨੂੰ ਸਮਝਦਾ ਹੁੰਦਾ ਤਾਂ ਉਹ ਗ੍ਰਿਹਸਥੀ ਵਿਚ ਰਹਿੰਦਿਆਂ ਸੰਜਮ ਪੂਰਵਕ ਜੀਵਨ ਜਿਊਂਦਾ ਤੇ ਆਪਣੀਆਂ ਗ੍ਰਿਹਸਥੀ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨੇਪਰੇ ਚਾੜ੍ਹਦਾ। ਸਲੋਕ ਬਾਣੀ ਵਿਚ ਉਨ੍ਹਾਂ ਮਨੁੱਖਾਂ ਬਾਰੇ ਜ਼ਿਕਰ ਹੈ, ਜਿਹੜੇ ਕੱਪੜੇ ਨਹੀਂ ਪਹਿਨਦੇ ਅਤੇ ਸਰੀਰ ਨੂੰ ਵਿਅਰਥ ਹੀ ਕਸ਼ਟ ਦਿੰਦੇ ਹਨ। ਉਹ ਨੰਗੇ ਰਹਿੰਦੇ ਹਨ ਤੇ ਉਨ੍ਹਾਂ ਦੀ ਦੇਹ ਦਿਨ-ਰਾਤ ਦੁੱਖ ਸਹਿੰਦੀ ਹੈ। ਇਹ ਲੋਕ ਨਗਨ ਅਵਸਥਾ ਵਿਚ ਤੀਰਥਾਂ ਉੱਪਰ ਵੀ ਵਿਚਰਦੇ ਸਨ।

ਮੌਨ ਧਾਰੀ ਬੋਲਦੇ ਨਹੀਂ ਸਨ। ਗੁਰੂ ਸਾਹਿਬ ਨੇ ਇਸ ਫਿਰਕੇ ਸਬੰਧੀ ਟਿੱਪਣੀ ਕਰਦਿਆਂ ਆਖਿਆ ਹੈ ਕਿ ਇਹ ਰਸਤੇ ਤੋਂ ਭਟਕ ਗਏ ਹਨ। ਭਲਾ ਵਿਸ਼ਿਆਂ-ਵਿਕਾਰਾਂ ਦੀ ਨੀਂਦ ਵਿਚ ਸੁੱਤਾ ਹੋਇਆ ਮਨੁੱਖ ਗੁਰੂ ਤੋਂ ਬਿਨਾ ਚੇਤਨਤਾ ਕਿਵੇਂ ਪ੍ਰਾਪਤ ਕਰ ਸਕਦਾ ਹੈ? ਗੁਰੂ ਸਾਹਿਬ ਆਖਦੇ ਹਨ ਕਿ ਪੰਡਿਤ ਲੋਕਾਂ ਦੀ ਤਰ੍ਹਾਂ ਮੋਨੀ ਵੀ ਧਾਰਮਿਕ ਪੁਸਤਕਾਂ ਦੇ ਕੇਵਲ ਪਠਨ ਤੱਕ ਹੀ ਸੀਮਤ ਹਨ ਅਤੇ ਇਨ੍ਹਾਂ ਦਾ ਇਹ ਕਰਮ ਵੀ ਸਿਰਫ਼ ਧਨ-ਪਦਾਰਥਾਂ ਦੀ ਪ੍ਰਾਪਤੀ ਤੱਕ ਹੀ ਸੀਮਿਤ ਹੋ ਗਿਆ ਹੈ। ਪੈਰੋਂ ਨੰਗੇ ਰਹਿ ਕੇ ਫਿਰਨ ਵਾਲੇ ਆਪਣੀ ਕੀਤੀ ਇਸ ਭੁੱਲ ਦਾ ਦੁੱਖ ਸਹਿ ਰਹੇ ਹਨ ਭਾਵ ਨੰਗੇ ਪੈਰਾਂ ਕਾਰਨ ਦੁੱਖ ਸਹਿ ਕੇ ਸਾਰੇ ਸਰੀਰ ਨੂੰ ਕਸ਼ਟ ਦੇ ਰਹੇ ਸਨ।

ਗੁਰੂ ਨਾਨਕ ਦੇਵ ਜੀ ਅਜਿਹੇ ਮਨੁੱਖਾਂ ਬਾਰੇ ਉਲੇਖ ਕਰਦੇ ਹਨ ਜਿਹੜੇ ਬੀਆਬਾਨ ਜਗ੍ਹਾਂ ਅਤੇ ਮੁਰਦਾਘਾਟਾਂ 'ਤੇ ਵਾਸ ਕਰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਮਨ ਨੂੰ ਮਾਰਨ ਹਿੱਤ ਜਿਹੜੇ ਮਨੁੱਖ ਮਾਰੂਥਲਾਂ (ਬੀਆਬਾਨ ਥਾਵਾਂ 'ਤੇ) ਘੁੰਮੇ ਉਹ ਕਮਲੇ ਲੋਕ (ਉਨ੍ਹਾਂ ਥਾਵਾਂ 'ਤੇ ਰਹਿ ਕੇ) ਅਜਿਹਾ ਕਰਕੇ ਇਹ ਟੀਚਾ ਪ੍ਰਾਪਤ ਨਾ ਕਰ ਸਕੇ। ਆਪ ਦਾ ਕਹਿਣਾ ਹੈ ਕਿ ਘਰੋਂ ਬਾਹਰ ਸੁੰਨੀਆਂ ਥਾਵਾਂ 'ਤੇ ਬੈਠ ਕੇ ਜੇਕਰ ਕੋਈ ਸੋਚੇ ਕਿ ਮੈਨੂੰ ਪ੍ਰਭੂ ਦੀ ਮਿਹਰ ਪ੍ਰਾਪਤ ਹੋ ਜਾਵੇਗੀ ਤਾਂ ਇਹ ਉਸਦੀ ਭੁੱਲ ਹੈ।

ਗੁਰੂ ਨਾਨਕ ਦੇਵ ਜੀ ਜੈਨੀ ਸਾਧੂਆਂ ਦੀ ਤਤਕਾਲੀ ਜੀਵਨ-ਜਾਚ ਉੱਪਰ ਦੀਰਘ ਅਤੇ ਤਲਖ਼ ਟਿੱਪਣੀ ਕਰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ, ਇੰਨੇ ਕਰੜੇ ਨਿਯਮਾਂ ਦੀ ਪਾਲਣਾ ਕਰਨ ਕਰ ਕੇ (ਜਦੋਂ ਕਿ ਪ੍ਰਭੂ ਦਾ ਚਿੰਤਨ ਕਿਤੇ ਵੀ ਨਹੀਂ), ਇਹ ਲੋਕ ਰੱਬ ਦੇ ਮਾਰੇ ਹੋਏ ਹਨ ਤੇ ਉਸਦੇ ਫਿਟਕਾਰੇ ਹੋਏ ਥਾਂ-ਪੁਰ-ਥਾਂ ਫਿਰਦੇ ਹਨ।

ਜਿਹੜੀ ਵਿਸ਼ੇਸ਼ਤਾ ਹਿੰਦੂ ਮਤ ਵਿਚ ਗੁਰੂ ਦੀ ਸੀ, ਉਹੀ ਮਹੱਤਤਾ ਇਸਲਾਮ ਵਿਚ ਪੀਰ ਦੀ ਸੀ। ਤਤਕਾਲੀ ਦੌਰ ਵਿਚ ਸਿੱਧਾਂ ਅਤੇ ਸਾਧਕਾਂ ਦੀ ਤਕੜੀ ਹੋਂਦ ਸੀ। ਤਤਕਾਲੀ ਦੌਰ ਦੇ ਜੋਗੀਆਂ ਦੇ ਜੀਵਨ ਸਬੰਧੀ ਟਿੱਪਣੀ ਕਰਦੇ ਹੋਏ ਗੁਰੂ ਸਾਹਿਬ ਆਖਦੇ ਹਨ ਕਿ ਜੰਗਮਾਂ, ਸੰਨਿਆਸੀਆਂ ਵਾਂਗ ਜੋਗੀ ਲੋਕ ਵੀ (ਘਰ-ਬਾਰ ਦੇ) ਤਿਆਗ ਦੇ ਮਾਣ ਕਾਰਨ ਬੜੇ ਹੰਕਾਰ ਗ੍ਰਸਤ ਹਨ। ਅਕੀਦੇ ਦੇ ਉਲਟ ਚੱਲ ਰਹੇ ਜੋਗੀਆਂ 'ਤੇ ਟਿੱਪਣੀ ਕਰਦੇ ਹੋਏ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਜਟਾਵਾਂ ਰੱਖੀ ਅਤੇ ਪਿੰਡੇ ਤੇ ਸੁਆਹ ਮਲ਼ੀ ਫਿਰਦੇ ਇਹ ਜੋਗੀ (ਮਤ ਦੇ ਉਲਟ) ਗ੍ਰਿਹਸਥੀ ਹੋ ਗਏ ਹਨ। ਅਜਿਹੇ ਹਾਲਾਤਾਂ ਵਿਚ ਇਨ੍ਹਾਂ ਨੇ ਜੀਵਨ-ਮਾਰਗ ਤਾਂ ਕੀ ਪਾਉਣਾ ਸੀ, ਸਗੋਂ ਇਨ੍ਹਾਂ ਨੇ ਤਾਂ ਮਤ ਨੂੰ ਵੀ ਬਦਨਾਮ ਕੀਤਾ। ਗੁਰੂ ਸਾਹਿਬ ਮਨੁੱਖ ਨੂੰ ਗ੍ਰਿਹਿਸਤ ਵਿਚ ਰਹਿੰਦਿਆਂ ਹੀ (ਗੁਰੂ ਦੇ ਆਖੇ ਅਨੁਸਾਰ) ਮਾਇਆ ਤੋਂ ਉਪਰਾਮ ਰਹਿਣ ਦਾ ਉਪਦੇਸ਼ ਦਿੰਦੇ ਹਨ।

ਭਗਤ ਕਬੀਰ ਜੀ ਤਤਕਾਲੀ ਦੌਰ ਦੇ ਸੰਨਿਆਸੀਆਂ ਬਾਰੇ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ ਇਨ੍ਹਾਂ ਲੋਕਾਂ ਨੇ ਮਾਇਆ ਦਾ ਤਿਆਗ ਕਰਨ ਦਾ ਭਰਮ ਪਾਲ ਕੇ ਆਪਣੀ ਹਉਮੈ ਨੂੰ ਹਵਾ ਦੇ ਰੱਖੀ ਹੈ। ਐਸੇ ਤਿਆਗ ਦਾ ਕੀ ਲਾਭ ਜਿਸ ਤੋਂ ਮਨ ਵਿਚ ਹੰਕਾਰ ਦੀ ਭਾਵਨਾ ਉਤਪੰਨ ਹੋ ਜਾਵੇ? ਗੁਰੂ ਸਾਹਿਬ ਅਨੁਸਾਰ ਬੈਰਾਗੀ ਉਹ ਨਹੀਂ, ਜਿਹੜੇ ਗ੍ਰਿਹਸਥ ਦਾ ਤਿਆਗ ਕਰ ਜਾਣ। ਬੈਰਾਗੀ ਤਾਂ ਉਹ ਹਨ ਜਿਹੜੇ ਗ੍ਰਿਹਿਸਤ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਉੱਚੀ ਆਤਮਿਕ ਅਵਸਥਾ ਵਿਚ ਵਿਚਰਨ। ਗੁਰੂ ਅਰਜਨ ਦੇਵ ਜੀ ਤਤਕਾਲੀ ਵੈਸ਼ਨੋ ਦੇ ਵਿਹਾਰ 'ਤੇ ਟਿੱਪਣੀ ਕਰਦੇ ਹੋਏ ਆਖਦੇ ਹਨ ਕਿ ਵੈਸ਼ਨੋ ਦੇ ਹਾਲਾਤ ਇਹ ਹਨ ਕਿ ਉਹ ਮਨ ਅਤੇ ਕਰਤੂਤਾਂ ਦੀ ਦ੍ਰਿਸ਼ਟੀ ਤੋਂ ਅੰਨ੍ਹਿਆਂ ਵਾਂਗ ਵਿਹਾਰ ਕਰਦਾ ਹੈ ਅਤੇ ਝੂਠੇ ਮੂੰਹ ਅਤੇ ਮਨ ਨਾਲ ਆਪਣੇ ਇਸ਼ਟ ਦੇ ਗੀਤ (ਭਜਨ)

ਗਾਉਂਦਾ ਹੈ। ਇਨ੍ਹਾਂ ਬਾਹਰੀ ਦਿਖਾਵਿਆਂ ਨਾਲ ਅੰਦਰ ਦੀ ਵਿਕਾਰਾਂ ਦੀ ਮੈਲ ਦੂਰ ਨਹੀਂ ਹੁੰਦੀ ਤੇ ਇਸ ਵਿਵਹਾਰ ਨਾਲ ਆਵਾਗਵਨ ਦਾ ਗੇੜ ਵੀ ਖ਼ਤਮ ਨਹੀਂ ਹੁੰਦਾ।

ਭਗਤ ਕਬੀਰ ਜੀ ਜਟਾਧਾਰੀ ਮਨੁੱਖ ਨੂੰ ਸਨਮੁਖ ਰੱਖਦੇ ਹੋਏ ਟਿੱਪਣੀ ਕਰਦੇ ਹਨ ਕਿ ਪਰਮਾਤਮਾ ਦੀ ਪ੍ਰੀਤ ਸਾਹਮਣੇ ਬਾਹਰੀ ਭੇਖਾਂ ਦੀ ਕੋਈ ਕੀਮਤ ਨਹੀਂ। ਉਸਦੀ ਪ੍ਰੀਤ ਮਨੁੱਖ ਦੇ ਪੱਲੇ ਹੋਵੇ ਤਾਂ ਅਜਿਹੇ ਮਨੁੱਖ ਨੂੰ ਵਾਲ਼ ਵਧਾ ਕੇ (ਸੁਆਹ ਮਲ ਕੇ) ਜਟਾਂ ਰੱਖਣ ਜਾਂ ਰਗੜ ਕੇ ਸਿਰ ਮੁੰਨਵਾਉਣ ਦੀ (ਪਰਮਹੰਸ ਹੋ ਜਾਣ ਦੀ) ਕੋਈ ਜ਼ਰੂਰਤ ਨਹੀਂ। ਮੁਨੀ ਲੋਕਾਂ ਸਬੰਧੀ ਉਲੇਖ ਹੈ ਕਿ ਮੁਨੀ ਲੋਕ, ਇੱਥੋਂ ਤੱਕ ਕਿ ਉਨ੍ਹਾਂ ਦੇ ਮੁਖੀ (ਮੁਨਿਵਰ) ਵੀ ਹੰਕਾਰ ਦੀ ਮਾਰ ਤੋਂ ਬਚ ਨਹੀਂ ਸਕੇ। ਭਗਤ ਕਬੀਰ ਜੀ ਸੂਫ਼ੀਆਂ ਦੇ 'ਹਾਲ' ਖੇਡਣ (ਪ੍ਰੇਮ ਵਿਚ ਮਸਤ ਹੋ ਜਾਣ) ਦਾ ਜ਼ਿਕਰ ਕਰਦੇ ਹਨ। ਆਪ ਆਖਦੇ ਹਨ ਕਿ ਹੇ ਮਨੁੱਖ! ਜੇਕਰ ਤੈਨੂੰ ਪ੍ਰੇਮ ਦੀ ਸਿੱਕ ਹੈ (ਪ੍ਰੇਮ ਦਾ ਸ਼ੌਕ ਹੈ) ਤਾਂ ਆਪਣਾ ਸਭ ਕੁਝ ਅਰਪਣ ਕਰ ਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਤਤਕਾਲੀ ਧਾਰਮਿਕ ਮਨੌਤਾਂ ਦੀ ਯਥਾਯੋਗ ਜਾਣਕਾਰੀ ਮਿਲਦੀ ਹੈ। ਇਨ੍ਹਾਂ ਮਨੌਤਾਂ ਦੇ ਅਨੁਸਾਰੀ ਮਨੁੱਖ ਨੂੰ ਧਰਮੀ ਸਮਝਿਆ ਜਾਂਦਾ ਸੀ। ਤਤਕਾਲੀ ਦੌਰ ਵਿਚ ਪ੍ਰਚੱਲਤ ਜਪ-ਤਪ ਦੀ ਮਾਨਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਫ਼ੋਕੇ ਜਪ-ਤਪ ਦਾ ਨਿਸ਼ੇਧ ਕੀਤਾ ਗਿਆ ਹੈ। ਮੂਰਤੀ-ਪੂਜਾ ਬਾਰੇ ਉਲੇਖ ਹੈ ਕਿ ਲੋਕ ਆਪਣੇ ਚੌਗਿਰਦੇ ਤੋਂ ਪ੍ਰਭਾਵਿਤ ਸਨ। ਉਹ ਦੇਖਾ-ਦੇਖੀ ਉਸ ਮੂਰਤ ਨੂੰ, ਜਿਸਨੂੰ ਉਹ ਭਗਵਾਨ ਮੰਨਦੇ ਸਨ, ਖ਼ਰੀਦ ਕੇ ਉਸਦੀ ਪੂਜਾ ਸ਼ੁਰੂ ਕਰ ਦਿੰਦੇ ਸਨ ਅਤੇ ਤੀਰਥ ਯਾਤਰਾ ਵੀ ਕਰਦੇ ਸਨ। ਸੁੱਚ-ਭਿੱਟ ਬਾਰੇ ਕਈ ਥਾਂ ਜ਼ਿਕਰ ਹੈ। ਲੀਕ (ਕਾਰ) ਦੇ ਅੰਦਰ ਮਰਾਸੀ, ਕਸਾਈ ਅਤੇ ਹੋਰ ਅਖੌਤੀ ਨੀਵੀਆਂ ਜਾਤੀਆਂ ਦੇ ਜਾਣ ਦੀ ਮਨਾਹੀ ਸੀ ਜਾਂ ਇੰਞ ਆਖ ਲਉ ਕਿ ਇਹ ਕਾਰ (ਲੀਕ) ਇਨ੍ਹਾਂ ਦੇ ਪ੍ਰਵੇਸ਼ ਨਿਸ਼ੇਧ ਲਈ ਹੀ ਖਿੱਚੀ ਜਾਂਦੀ ਸੀ।

ਚੁਲੀ ਦਾ ਸੰਕਲਪ ਪ੍ਰਤਿੱਗਿਆ ਨਾਲ ਜੁੜਿਆ ਹੋਇਆ ਸੀ। ਪਿਤਰ-ਪੂਜਾ ਦਾ ਵਿਧਾਨ ਸੀ। ਗੁਰੂ ਸਾਹਿਬ ਆਖਦੇ ਹਨ ਕਿ ਜੇਕਰ ਕੋਈ ਮਨੁੱਖ ਕਿਸੇ ਦੂਜੇ ਦਾ ਘਰ ਲੁੱਟ ਕੇ ਉਸ ਧਨ ਨਾਲ ਆਪਣੇ ਪਿਤਰਾਂ ਦੀ ਯਾਦ ਵਿਚ ਕੁਝ ਦਾਨ ਕਰੇ (ਸ਼ਰਾਧ ਕਰੇ) ਤਾਂ ਉਹ ਆਪਣੇ ਬਜ਼ੁਰਗਾਂ ਨੂੰ ਬਦਨਾਮ ਹੀ ਕਰਦਾ ਹੈ। ਗੁਰੂ ਸਾਹਿਬ ਦਾ ਸੂਤਕ ਪ੍ਰਥਾ ਨੂੰ ਵਿਅਰਥ ਦੱਸਦੇ ਹਨ। ਸਲੋਕ ਬਾਣੀ ਵਿਚ ਨਉਮੀ, ਦਸਮੀ, ਏਕਾਦਸੀ ਅਤੇ ਦੁਆਦਸੀ ਦੇ ਵਰਤ ਦਾ ਉਲੇਖ ਹੈ। ਗੁਰੂ ਸਾਹਿਬ ਵਰਤਾਂ ਦੀ ਮਨੌਤ ਵਿਚ ਨਵੇਂ ਅਰਥ ਭਰਦੇ ਹਨ। ਆਪ ਸੱਚ ਦੇ ਆਤਮਸਾਤ ਨੂੰ ਨਉਮੀ ਦਾ ਵਰਤ, ਬੇਕਾਰ ਦੀ ਭਟਕਣਾ ਤੋਂ ਨਿਜਾਤ ਪਾਉਣ ਨੂੰ ਦਸਮੀ ਦਾ ਵਰਤ, ਸਮਦਰਸ਼ੀ ਵਿਉਹਾਰ ਨੂੰ ਏਕਾਦਸੀ ਦਾ ਵਰਤ ਅਤੇ ਮਹਾਂ-ਵਿਕਾਰਾਂ ਦੇ ਸੰਤੁਲਨ ਨੂੰ ਦੁਆਦਸੀ ਦਾ ਵਰਤ ਖ਼ਿਆਲ ਕਰਦੇ ਹਨ।

ਸਲੋਕ ਬਾਣੀ-ਰੂਪ ਵਿਚ ਤਤਕਾਲੀ ਲੋਕਾਂ ਦੇ ਹੱਜ ਜਾਣ ਦਾ ਜ਼ਿਕਰ ਮਿਲਦਾ ਹੈ। ਇਹ ਯਾਤਰਾ ਇਸਲਾਮ ਧਰਮ ਦੇ ਨਿਯਮਾਂ ਅਨੁਸਾਰ ਮੁਸਲਮਾਨ ਲੋਕਾਂ ਦੁਆਰਾ ਕੀਤੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਪਰਾਇਆ ਹੱਕ ਖਾਣ ਨੂੰ ਹਿੰਦੂ ਅਤੇ ਮੁਸਲਮਾਨ, ਦੋਹਾਂ ਲਈ, ਹਰਾਮ ਦੱਸਦੇ ਹਨ। ਮਿਹਨਤ ਕਰਕੇ ਜਾਇਜ਼ ਢੰਗ ਨਾਲ ਕੀਤੀ ਕਮਾਈ ਮਾਨੋ ਕੁਰਾਨ ਜਿਹੀ ਸੱਚੀ-ਸੁੱਚੀ ਹੈ (ਪੰਨਾ-287)। ਤਤਕਾਲੀ ਦੌਰ ਵਿਚ ਗੁਰੂ-ਚੇਲਾ ਪਰੰਪਰਾ ਪ੍ਰਚੱਲਤ ਸੀ। ਤਤਕਾਲੀ ਲੋਕ ਇਸ ਲੋਕ (ਪ੍ਰਿਥਵੀ ਲੋਕ) ਦੇ ਨਾਲ-ਨਾਲ ਪਰਲੋਕ ਵਿਚ ਵੀ ਵਿਸ਼ਵਾਸ ਰੱਖਦੇ ਸਨ।

ਦਾਨ ਦਾ ਅਰਥ ਜਿੱਥੇ ਪਦਾਰਥ ਪੱਖੋਂ ਕੁਝ ਦੇਣਾ ਹੈ ਓਥੇ ਪੁੰਨ ਦੇ ਅਰਥ ਇਸ ਤੋਂ ਰਤਾ ਕੁ ਭਿੰਨ ਹਨ। ਪੁੰਨ ਦਾ ਅਰਥ ਹੈ, ਸ਼ੁਭ ਕਰਮ, ਪਵਿੱਤਰ ਫਲ ਦੇਣ ਵਾਲਾ ਕਾਰਜ। ਇਸ ਵਿਚਾਰ ਅਨੁਸਾਰ ਦਾਨ ਵੀ ਪੁੰਨ ਦੀ ਸ਼੍ਰੇਣੀ ਵਿਚ ਹੀ ਆ ਜਾਂਦਾ ਹੈ ਪਰ ਦੂਜੇ ਪਾਸੇ ਪੁੰਨ ਦਾ ਸੰਕਲਪ ਦਾਨ ਤੋਂ ਵੱਡਾ ਹੈ। ਤਤਕਾਲੀ ਦੌਰ ਵਿਚ ਦਾਨ ਕਰਨ ਨੂੰ ਚੰਗਾ ਕਰਮ ਮੰਨਿਆ ਜਾਂਦਾ ਸੀ। ਗੁਰੂ ਸਾਹਿਬ ਦੱਸਦੇ ਹਨ ਕਿ ਆਪਣੇ ਆਪ ਨੂੰ ਧਰਮੀ ਮੰਨਣ ਵਾਲੇ (ਪੁੰਨ-ਕਰਮ ਕਰਨ ਵਾਲੇ) ਮਨੁੱਖ ਧਰਮ ਦੇ ਕੰਮ ਕਰਕੇ ਇੱਕ ਤਾਂ ਆਪਣੇ ਆਪ ਨੂੰ ਭਲਾ ਸਦਵਾਉਂਦੇ ਸਨ ਅਤੇ ਦੂਜਾ ਆਪਣੇ ਕੀਤੇ ਕੰਮਾਂ ਬਦਲੇ ਮੁਕਤੀ ਦੀ ਆਸ ਵੀ ਰੱਖਦੇ ਸਨ। ਸ਼ੁੱਧ ਭਾਵ ਨਾਲ ਕਿਸੇ ਦੀ ਸਹਾਇਤਾ ਕਰੋ।

ਹੇਠ ਲਿਖੀਆਂ ਪੰਕਤੀਆਂ ਵਿਚ ਗੁਰੂ ਸਾਹਿਬ ਕਰਤੇ ਦੇ ਹਜ਼ੂਰ ਅਰਦਾਸ ਕਰਦੇ ਹਨ ਕਿ ਉਹ ਆਪਣੇ ਪੈਦਾ ਕੀਤੇ ਹੋਏ ਜੀਵਾਂ ਦੀ ਸੰਭਾਲ ਕਰ, ਭੋਜਨ ਪਦਾਰਥਾਂ ਅਤੇ ਪੀਣ-ਯੋਗ ਪਾਣੀ ਦੀ ਬਹੁਤਾਤ ਹੋਵੇ ਤਾਂ ਜੋ ਸੰਸਾਰ ਵਿਚ ਦੁੱਖਾਂ ਅਤੇ ਗ਼ਰੀਬੀ ਦਾ ਅੰਤ ਹੋਵੇ। ਇਨ੍ਹਾਂ ਪੰਕਤੀਆਂ ਵਿਚ ਤਤਕਾਲੀ ਅਰਦਾਸ ਦਾ ਮਹੱਤਵ ਸਮਝ ਆਉਂਦਾ ਹੈ।

ਅਜੋਕੇ ਮਨੁੱਖ ਦੀ ਤਰ੍ਹਾਂ ਗੁਰਬਾਣੀ ਕਾਲ ਦਾ ਮਨੁੱਖ ਵੀ ਕਈ ਤਰ੍ਹਾਂ ਦੇ ਵਿਸ਼ਵਾਸਾਂ/ਮਾਨਤਾਵਾਂ ਦਾ ਧਾਰਨੀ ਦਿਖਾਈ ਦਿੰਦਾ ਹੈ। ਇਹ ਵਿਸ਼ਵਾਸ/ਮਾਨਤਾਵਾਂ ਉਸਦੇ ਜੀਵਨ ਦਾ ਬੜਾ ਸਹਿਜ ਅੰਗ ਸਨ। ਬਾਣੀਕਾਰਾਂ ਨੇ ਲੋਕ-ਮਨ ਦੇ ਇਨ੍ਹਾਂ ਵਿਸ਼ਵਾਸਾਂ/ਮਾਨਤਾਵਾਂ ਨੂੰ ਆਪਣੇ ਹਿੱਤ ਦੀ ਸਿੱਧੀ ਵਾਸਤੇ ਵਰਤੋਂ ਵਿਚ ਲਿਆਂਦਾ। ਬਾਣੀਕਾਰਾਂ ਨੇ ਇਨ੍ਹਾਂ ਵਿਸ਼ਵਾਸਾਂ/ਮਾਨਤਾਵਾਂ ਦੇ ਮਨੁੱਖੀ ਮਨ ਉੱਪਰ ਪਏ ਅਮਿਟ ਪ੍ਰਭਾਵ ਨੂੰ ਸਮਝਿਆ ਅਤੇ ਏਸੇ ਪ੍ਰਭਾਵ ਵਿਸ਼ੇਸ਼ ਨੂੰ ਲੈ ਕੇ ਉਹ ਮਨੁੱਖ ਨੂੰ ਸੰਬੋਧਤ ਹੋਏ। ਇਸ ਢੰਗ ਨਾਲ ਉਹ ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਹਿਣ ਵਿਚ ਸਫ਼ਲ ਹੋ ਸਕੇ। ਇਨ੍ਹਾਂ ਵਿਸ਼ਵਾਸਾਂ/ਮਾਨਤਾਵਾਂ ਦੇ ਮਨੁੱਖੀ ਮਨ ਉੱਪਰ ਪ੍ਰਭਾਵ ਵਿਭਿੰਨ ਪ੍ਰਕਾਰ ਦੇ ਸਨ। ਇਨ੍ਹਾਂ ਵਿੱਚੋਂ ਕਈ ਮਨੁੱਖੀ ਮਨ ਅੰਦਰ ਡਰ ਦੀ ਭਾਵਨਾ ਪੈਦਾ ਕਰਨ ਵਾਲੇ ਅਤੇ ਕਈ ਉਸਨੂੰ ਸਕੂਨ ਦੇਣ ਵਾਲੇ ਸਨ। ਉਸਦੀ ਮਾਨਸਿਕਤਾ ਸਹਿਜ ਰੂਪ ਵਿਚ ਇਨ੍ਹਾਂ ਵਿਸ਼ਵਾਸਾਂ/ਮਾਨਤਾਵਾਂ ਦੇ ਪ੍ਰਭਾਵ ਹੇਠ ਸੀ। ਇਨ੍ਹਾਂ ਵਿਚ ਧਰਮ ਰਾਜ, ਸ਼ੈਤਾਨ, ਮਲਕ-ਉਲ-ਮੌਤ, ਦਾਨਵ, ਚਾਰ ਯੁੱਗ, ਚੁਰਾਸੀ ਲੱਖ ਜੂਨ, ਸਵਰਗ, ਨਰਕ, ਮੋਕਸ਼, ਚਾਰ ਪਦਾਰਥ, ਤ੍ਰਿਭਵਨ, ਪੁਰੀਆਂ, ਨੌਂ ਖੰਡ, ਸੱਤ ਦੀਪ, ਸੱਤ ਸਮੁੰਦਰ, ਗਾਂ ਤੇ ਸੂਰ, ਚੁਰਾਸੀ ਸਿੱਧ, ਰਾਹੂ-ਕੇਤੂ, ਗਜ, ਗੰਧਰਵ, ਮਹੂਰਤ, ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਜੀ, ਬ੍ਰਹਮਾ, ਇੰਦਰ ਤੇ ਨਾਰਦ ਪ੍ਰਮੁੱਖ ਹਨ।

## ਤਤਕਾਲੀ ਰਾਜਨੀਤਕ ਪ੍ਰਸਥਿਤੀਆਂ:

ਤਤਕਾਲੀ ਰਾਜਨੀਤਕ ਹਾਲਾਤ ਬੜੇ ਨਾਜ਼ੁਕ ਸਨ। ਰਾਜੇ ਅਤੇ ਉਨ੍ਹਾਂ ਦੇ ਸਹਾਇਕ ਰਲ਼ ਕੇ ਪਰਜਾ ਦਾ ਲਹੂ ਡੀਕ ਰਹੇ ਸਨ ਤੇ ਪਰਜਾ ਮੁਰਦਿਆਂ ਵਾਂਗ ਚੁੱਪ-ਚਾਪ ਇਹ ਸਾਰਾ ਸਹਿਨ ਕਰ ਰਹੀ ਸੀ। ਕਾਜ਼ੀ ਲੋਕਾਂ ਦਾ ਕੰਮ ਨਿਆਂਕਰਤਾ ਦਾ ਸਨ। ਉਹ ਬਾਹਰੀ ਤੌਰ 'ਤੇ, ਧਾਰਮਿਕ ਚਿੰਨ੍ਹਾਂ ਦੇ ਧਾਰਨੀ ਹੋਣ ਕਾਰਨ, ਬੜੇ ਧਾਰਮਿਕ ਦਿਖਾਈ ਦਿੰਦੇ ਸਨ। ਉਹ ਤਸਬੀ ਫੇਰਦੇ ਹੋਏ ਖ਼ੁਦਾ ਦਾ ਨਾਂ ਲੈਂਦੇ ਸਨ ਜਿਸ ਤੋਂ ਉਨ੍ਹਾਂ ਦੇ ਵੱਡੇ ਧਰਮੀ ਹੋਣ ਦਾ ਭੁਲੇਖਾ ਪੈਂਦਾ ਸੀ ਪਰ ਅਸਲੀਅਤ ਇਸਦੇ ਐਨ ਉਲਟ ਸੀ। ਉਹ ਵੱਢੀ ਲੈ ਕੇ ਝੂਠੇ ਪੱਖ ਦੇ ਹੱਕ ਵਿਚ ਫ਼ੈਸਲੇ ਕਰਦੇ ਸਨ। ਹਿੰਦੂ ਆਗੂਆਂ ਦੇ ਹਾਲਾਤ ਇਹ ਸਨ ਕਿ ਇਹ ਤੁਰਕ ਹਾਕਮਾਂ ਦੀ ਚਾਪਲੂਸੀ ਕਰਦੇ ਸਨ। ਉਹ ਆਪਣੇ ਦੇਸ਼-ਵਾਸੀਆਂ ਦੇ ਵਿਰੁੱਧ ਉਨ੍ਹਾਂ ਦੇ ਕੰਨ ਭਰਦੇ ਸਨ ਅਤੇ ਉਨ੍ਹਾਂ ਦੇ ਮਨਾਂ ਵਿਚ ਨਫ਼ਰਤ ਪੈਦਾ ਕਰਦੇ ਸਨ।

ਸਰਕਾਰੀ (ਭਾਰਤੀ) ਅਹਿਲਕਾਰ ਵੀ ਅਜਿਹੇ ਸਨ ਕਿ ਉਹ ਹਿਰਨਾਂ ਅਤੇ ਬਾਜਾਂ ਵਾਂਗ (ਜਿਹੜੇ ਸਿੱਖੇ ਹੋਏ ਹੁੰਦੇ ਹਨ) ਆਪਣੇ ਹੀ ਹਮ-ਨਸਲਾਂ ਨੂੰ ਫਾਹੀ ਵਿਚ ਫਸਾਉਂਦੇ ਸਨ (ਭਾਵ ਹਾਕਮਾਂ ਦੇ ਸ਼ਿਕਾਰ ਬਣਾਉਂਦੇ ਸਨ)।

ਰਾਜਿਆਂ ਦਾ ਜੀਵਨ ਪੂਰਨ ਸੁਵਿਧਾਮਈ ਅਤੇ ਐਸ਼-ਪ੍ਰਸਤੀ ਵਾਲਾ ਹੁੰਦਾ ਸੀ। ਰਾਜ ਪਰਿਵਾਰਾਂ ਦਾ ਰਹਿਣ-ਸਹਿਣ ਉੱਚੇ ਪੱਧਰ ਦਾ ਸੀ ਤੇ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਸੁਵਿਧਾ ਪ੍ਰਾਪਤ ਸੀ। ਉਹ ਸ਼ਾਹੀ ਮਹੱਲਾਂ ਵਿਚ ਰਹਿੰਦੇ ਸਨ। ਰਾਜੇ ਸੈਨਾ ਦੇ ਸੁਆਮੀ ਹੁੰਦੇ ਸਨ ਅਤੇ ਉਨ੍ਹਾਂ ਦੇ ਕਈ-ਕਈ ਸਹਾਇਕ ਹੁੰਦੇ ਸਨ। ਸ਼ਾਹੀ ਨੌਕਰ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਫ਼ੌਜਾਂ ਦੀ ਦੇਖ-ਰੇਖ ਅਤੇ ਅਗਵਾਈ ਕਰਨ ਲਈ ਫ਼ੌਜਾਂ ਦੇ ਮੁਖੀ ਹੁੰਦੇ ਸਨ। ਗੁਰੂ ਸਾਹਿਬ ਰਾਜ-ਪਰਿਵਾਰਾਂ ਦੀਆਂ ਇਹ ਸਾਰੀਆਂ ਸਹੂਲਤਾਂ ਦੀ ਗਿਣਤੀ ਕਰਵਾ ਕੇ ਅਖ਼ੀਰ 'ਤੇ ਦੱਸਦੇ ਹਨ ਕਿ ਪ੍ਰਭੂ ਦੇ ਨਾਮ ਤੋਂ ਬਿਨਾ ਸਭ ਕੁਝ ਵਿਅਰਥ ਹੈ।

ਹਰੇਕ ਨਾਗਰਿਕ ਦੀ ਸਾਹੀ ਮਹੱਲਾਂ ਤੱਕ ਰਸਾਈ (ਪਹੁੰਚ) ਨਹੀਂ ਸੀ ਹੁੰਦੀ। ਕਿਸੇ ਅਨਜਾਣ ਨੂੰ ਪੁੱਛ-ਪੜਤਾਲ ਤੋਂ ਉਪਰੰਤ ਹੀ ਮਹੱਲਾਂ ਵਿਚ ਵੜਨ ਦਿੱਤਾ ਜਾਂਦਾ ਸੀ। ਖ਼ਜ਼ਾਨਚੀ ਵੀ ਰਾਜੇ ਦਾ ਸ਼ੁਭ-ਚਿੰਤਕ ਹੀ ਹੋ ਸਕਦਾ ਸੀ ਜਿਸ ਉੱਪਰ ਰਾਜੇ ਨੂੰ ਪੂਰਨ ਵਿਸ਼ਵਾਸ ਹੋਵੇ। ਰਾਜੇ ਦੀ ਕਚਹਿਰੀ (ਦੀਬਾਣੁ) ਪਰਜਾ ਨੂੰ ਨਿਆਂ ਦੇਣ ਲਈ ਹੁੰਦੀ ਸੀ। ਓਥੇ ਰਾਜੇ ਦੇ ਹੁਕਮ ਅਨੁਸਾਰ (ਜਿਹੜਾ ਉਸ ਵੱਲੋਂ ਕਿਸੇ ਮਾਮਲੇ ਦੇ ਸਬੰਧ ਵਿਚ ਫ਼ੈਸਲਾ ਦਿੱਤਾ ਜਾਂਦਾ ਸੀ) ਕਲਮ ਵਹਿੰਦੀ ਸੀ। ਭਾਵੇਂ ਤਤਕਾਲੀ ਹਾਲਾਤ ਇਸ ਦੇ ਉਲਟ ਸਨ ਕਿ ਰਿਸ਼ਵਤ ਲੈ ਕੇ ਗ਼ਲਤ ਪੱਖ ਦੇ ਹੱਕ ਵਿਚ ਫ਼ੈਸਲੇ ਭੁਗਤਾਏ ਜਾਂਦੇ ਸਨ। ਇਸੇ ਕਰ ਕੇ ਬਾਣੀਕਾਰਾਂ ਨੇ ਇਸ ਝੂਠੀ ਕਚਹਿਰੀ ਦੇ ਸਨਮੁਖ ਸੱਚੀ ਕਚਹਿਰੀ (ਪਰਮਾਤਮਾ ਦੇ ਦਰਬਾਰ) ਦਾ ਸੰਕਲਪ ਸਿਰਜਿਆ ਸੀ। ਤਤਕਾਲੀ ਦੌਰ ਵਿਚ ਜਦੋਂ ਕਿਸੇ ਨੇ ਰਾਜੇ ਪਾਸ ਆਪਣੀ ਫ਼ਰਿਆਦ ਜਾਂ ਕਿਸੇ ਦੀ ਸ਼ਿਕਾਇਤ ਲੈ ਕੇ ਜਾਣਾ ਹੁੰਦਾ ਸੀ ਤਾਂ ਉਸਨੂੰ ਸ਼ਾਹੀ ਮੁਲਾਜ਼ਮਾਂ ਵੱਲੋਂ ਵਿਸ਼ੇਸ਼ ਰੰਗ ਦਾ ਚੋਲ਼ਾ ਪਹਿਨਾਇਆ ਜਾਂਦਾ ਸੀ, ਜਿਸ ਨੂੰ ਦੇਖ ਕੇ ਰਾਜਾ ਆਏ ਹੋਏ ਦਾ ਭਾਵ ਸਮਝ ਜਾਂਦਾ ਸੀ।

ਰਾਜੇ ਜੰਗਾਂ-ਯੁੱਧਾਂ ਵਿਚ ਭਾਗ ਲੈਂਦੇ ਸਨ। ਇਨ੍ਹਾਂ ਯੁੱਧਾਂ ਵਿਚ ਤਲਵਾਰ ਅਤੇ ਹੋਰ ਯੁੱਧ-ਸਮੱਗਰੀ ਨਾਲ ਵਿਰੋਧੀ ਧਿਰ ਦਾ ਮੁਕਾਬਲਾ ਕੀਤਾ ਜਾਂਦਾ ਸੀ ਤੇ ਇੱਕ-ਦੂਜੇ ਦੇ ਸਿਰ ਲਾਹੇ ਜਾਂਦੇ ਸਨ ਭਾਵ ਅੰਤ ਕੀਤਾ ਜਾਂਦਾ ਸੀ। ਜਿਹੜਾ ਪੱਖ ਭਾਰੀ ਰਹਿੰਦਾ ਸੀ, ਉਸਨੂੰ ਫ਼ਤਿਹ (ਜਿੱਤ) ਮਿਲਦੀ ਸੀ। ਸਲੋਕ ਬਾਣੀ ਵਿਚ ਦੁਸ਼ਮਣ ਉੱਪਰ ਧਾਵਾ ਬੋਲਣ ਅਤੇ ਜਿੱਤ ਪ੍ਰਾਪਤ ਕਰਨ ਦਾ ਪੂਰਾ ਨਕਸ਼ਾ ਦਿੱਤਾ ਗਿਆ ਹੈ। ਇੱਥੇਅਧਿਆਤਮਿਕ ਲੜਾਈ ਦਾ ਚਿੱਤਰ ਹੈ ਜਿਸ ਵਿਚ ਪੰਜ ਵੈਰੀਆਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਉੱਪਰ ਜਿੱਤ ਦੀ ਪ੍ਰਾਪਤੀ ਦਾ ਉਲੇਖ ਹੈ। ਯੁੱਧ ਦੀ ਤਿਆਰੀ, ਢੰਗ ਅਤੇ ਯੁੱਧ ਦਾ ਸੰਚਾਲਨ ਦੁਨਿਆਵੀ ਯੁੱਧ ਦੇ ਅਰਥਾਂ ਵਿਚ ਹੀ ਹੈ।

ਤਤਕਾਲੀ ਦੌਰ ਵਿਚ ਮਾਮਲਾ ਉਗਰਾਹੁਣ ਵਾਲੇ ਅਧਿਕਾਰੀ ਨੂੰ ਮੁਕੱਦਮ ਆਖਿਆ ਜਾਂਦਾ ਸੀ। ਰਾਜ-ਪ੍ਰਬੰਧ ਦੁਆਰਾ ਪਰਜਾ ਨੂੰ ਕਈ ਤਰ੍ਹਾਂ ਦੇ ਮਾਮਲੇ (ਕਰ) ਲਗਾਏ ਗਏ ਹੁੰਦੇ ਸਨ ਅਤੇ ਉਨ੍ਹਾਂ ਮਾਮਲਿਆਂ ਨੂੰ ਸਮੇਂ ਸਿਰ ਅਦਾ ਕਰਨ ਵਾਲਾ ਰਾਜ-ਪ੍ਰਬੰਧ ਦੇ ਰੋਹ ਦਾ ਸ਼ਿਕਾਰ ਨਹੀਂ ਸੀ ਹੁੰਦਾ ਭਾਵ ਉਸ ਪ੍ਰਤਿ ਰਾਜ-ਪ੍ਰਬੰਧ ਦਾ ਰਵੱਈਆ ਨਰਮ ਰਹਿੰਦਾ ਸੀ। ਜ਼ਕਾਤ ਦਾ ਪ੍ਰਚਲਨ ਵੀ ਸੀ। ਤਤਕਾਲੀ ਦੌਰ ਵਿਚ ਦੋਸ਼ੀ ਲਈ ਸਜ਼ਾ ਦੀ ਵਿਵਸਥਾ ਸੀ। ਚੋਰ ਨੂੰ ਸੂਲੀ ਦੀ ਸਜ਼ਾ ਦਿੱਤੀ ਜਾਂਦੀ ਸੀ, ਜੋ ਅਸਹਿ ਪੀੜਾ ਦੇਣ ਵਾਲੀ ਸਜ਼ਾ ਸੀ। ਚੋਰੀ ਕਰਦਾ ਹੋਇਆ ਚੋਰ ਫੜਿਆ ਜਾਂਦਾ ਸੀ ਤਾਂ ਉਸਨੂੰ ਬੜੀ ਮਾਰ (ਉਸੇ ਥਾਂ) ਪੈਂਦੀ ਸੀ। ਵਸ ਪਏ ਹੋਏ ਵੈਰੀ ਲਈ ਬੜੀ ਕਰੜੀ ਸਜ਼ਾ ਸੀ। ਸਲੋਕ ਬਾਣੀ-ਰੂਪ ਵਿਚ ਗ਼ੁਲਾਮਗਿਰੀ ਪ੍ਰਥਾ ਸਬੰਧੀ ਕਈ ਅਸਿੱਧੇ ਉਲੇਖ ਆਏ ਹਨ। ਗ਼ੁਲਾਮ ਨੂੰ

ਜਿਹੜਾ ਹੁਕਮ ਉਸਦੇ ਮਾਲਕ ਵੱਲੋਂ ਪ੍ਰਾਪਤ ਹੁੰਦਾ ਸੀ, ਉਹ ਉਸ ਹੁਕਮ ਦੀ ਇੰਨ-ਬਿੰਨ ਪਾਲਣਾ ਕਰਦਾ ਸੀ। ਉਸਨੂੰ ਕੋਈ ਵੀ ਅਧਿਕਾਰ ਪ੍ਰਾਪਤ ਨਹੀਂ ਸੀ ਹੁੰਦਾ। ਉਹ ਤਾਂ ਆਪਣੇ ਮਾਲਕ ਦੀ ਦਇਆ 'ਤੇ ਹੀ ਨਿਰਭਰ ਹੁੰਦਾ ਸੀ। ਰਾਹਦਾਰੀ ਦੇ ਪੱਤਰ ਰਾਹੀਂ ਰਸਤੇ ਰਾਹੀਂ ਬਿਨਾ ਕਿਸੇ ਰੋਕ-ਟੋਕ ਦੇ ਲੰਘਿਆ ਜਾ ਸਕਦਾ ਸੀ।

## ਸਲੋਕ ਬਾਣੀ-ਰੂਪ ਵਿਚ ਵਾਤਾਵਰਨ ਚੇਤਨਾ:

ਸਲੋਕ ਬਾਣੀ-ਰੂਪ ਦਾ ਅਧਿਐਨ ਕਰਦਿਆਂ ਪਤਾ ਲੱਗਦਾ ਹੈ ਕਿ ਇਹ ਬਾਣੀ ਵਾਤਾਵਰਨ ਸੰਭਾਲ ਪ੍ਰਤਿ ਵੀ ਚੇਤਨਤਾ ਪੈਦਾ ਕਰਦੀ ਹੈ। ਬਾਣੀਕਾਰ ਜਿੱਥੇ ਮਨੁੱਖ ਦੇ ਸਾਵੇਂ-ਸੁਖਾਵੇਂ ਜੀਵਨ ਦੀ ਕਾਮਨਾ ਕਰਦੇ ਹਨ ਓਥੇ ਉਸਨੂੰ ਵਾਤਾਵਰਨ ਸੰਭਾਲ ਪ੍ਰਤਿ ਵੀ ਜਾਗਰੁਕ ਹੋਣ ਦਾ ਸੰਦੇਸ਼ ਦਿੰਦੇ ਹਨ ਤਾਂ ਜੋ ਇਸ ਪੱਖ ਤੋਂ ਵੀ ਉਸਦਾ ਜੀਵਨ ਪੂਰਾ ਹੋਵੇ ਭਾਵ ਉਸਦੇ ਜੀਵਨ ਦਾ ਇਹ ਆਧਾਰਕ ਪੱਖ ਵੀ ਮੁਕੰਮਲ ਹੋਵੇ। "ਪਵਣੁ ਗੁਰੂ" ਆਖ ਕੇ ਗੁਰੂ ਨਾਨਕ ਦੇਵ ਜੀ ਨੇ ਹਵਾ ਨੂੰ, ਮਨੁੱਖੀ ਜੀਵਨ ਦੇ ਸੰਦਰਭ ਵਿਚ, ਗੁਰੂ ਦੀ ਪਦਵੀ ਨਾਲ ਤੁਲਨਾਇਆ ਹੈ। ਗੁਰੂ ਸਾਹਿਬ ਦੇ ਕਹਿਣ ਦਾ ਭਾਵ ਇਹ ਹੈ ਕਿ ਜਿਵੇਂ ਤੁਸੀਂ ਆਪਣੇ ਰਹਿਬਰ (ਗੁਰੂ) ਦੀ ਸੇਵਾ-ਸੰਭਾਲ ਕਰਦੇ ਹੋ ਇਸੇ ਤਰ੍ਹਾਂ ਹੀ ਹਵਾ ਦੀ ਸੰਭਾਲ ਕਰੋ। ਗੁਰੂ ਨਾਨਕ ਦੇਵ ਜੀ ਨੇ ਪਾਣੀ ਨੂੰ ਪਿਤਾ ਆਖਿਆ ਹੈ। ਸੰਤਾਨ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਪਿਤਾ ਦਾ ਸਤਿਕਾਰ ਕਰੇ ਇਸੇ ਸੰਦਰਭ ਵਿਚ ਪਾਣੀ ਦੀ ਸੰਭਾਲ ਦਾ ਸੰਕਲਪ ਉਜਾਗਰ ਹੁੰਦਾ ਹੈ। ਇਸ ਸਤਿਕਾਰ ਦਾ ਅਰਥ ਉਸਨੂੰ ਅਜਾਈਂ ਅਤੇ ਫ਼ਜ਼ੂਲ ਵਗਣ ਤੋਂ ਰੋਕਣਾ ਹੈ ਅਤੇ ਉਸਦੀ ਯੋਗ ਵਰਤੋਂ ਕਰਨੀ ਹੈ।

"ਮਾਤਾ ਧਰਤਿ ਮਹਤੁ" ਸ਼ਬਦਾਂ ਰਾਹੀਂ ਗੁਰੂ ਸਾਹਿਬ ਨੇ ਧਰਤੀ ਦਾ ਮਹੱਤਵ ਮਾਂ ਜਿਹਾ ਦੱਸਿਆ ਹੈ। ਉਹ ਮਨੁੱਖ ਨੂੰ ਜਨਮ ਦਿੰਦੀ ਹੈ, ਉਸਦਾ ਪਾਲਣ-ਪੋਸ਼ਣ ਕਰਦੀ ਹੈ ਤੇ ਆਪ ਦੁੱਖ ਸਹਿੰਦੀ ਹੋਈ, ਸਾਰੀ ਉਮਰ, ਉਸ 'ਤੇ ਕੋਈ ਕਸ਼ਟ ਨਹੀਂ ਆਉਣ ਦਿੰਦੀ। ਮਨੁੱਖ ਦਾ ਵੀ ਫ਼ਰਜ਼ ਬਣ ਜਾਂਦਾ ਹੈ ਕਿ ਜਿਹੜੀ ਮਾਂ (ਧਰਤੀ) ਉਸਦੀ ਖ਼ੁਸ਼ਹਾਲੀ ਦਾ ਆਧਾਰ ਹੈ, ਉਹ (ਮਨੁੱਖ) ਉਸਦੀ ਸੰਭਾਲ ਕਰੇ (ਪੰਨਾ-370)। ਰੁੱਖ ਧਰਤੀ ਦਾ ਸ਼ਿੰਗਾਰ ਹਨ। ਗੁਰਬਾਣੀ ਵਿਚ ਗਾਹੇ-ਬਗਾਹੇ ਰੁੱਖਾਂ ਨੂੰ ਵਡਿਆਇਆ ਗਿਆ ਹੈ। ਧਰਮ (ਜੀਵਨ ਜਿਊਣ ਦੇ ਢੰਗ) ਨੂੰ ਵੀ ਰੁੱਖ ਨਾਲ ਤੁਲਨਾ ਦਿੱਤੀ ਗਈ ਹੈ ਜਦਕਿ ਗਿਆਨ ਨੂੰ ਇਸ ਰੁੱਖ ਦੇ ਫੁੱਲ ਤੇ ਫਲ਼ ਆਖਿਆ ਗਿਆ ਹੈ। ਗੁਰੂ ਸਾਹਿਬ ਨੇ ਪ੍ਰਭੂ ਨੂੰ ਵੀ ਬਿਰਖ-ਰੂਪ ਆਖਿਆ ਹੈ। ਇਹ ਰੁੱਖਾਂ ਦੇ ਗੁਣ ਹੀ ਹਨ ਕਿ ਬਾਬਾ ਫਰੀਦ ਜੀ ਫ਼ਕੀਰਾਂ ਨੂੰ ਰੁੱਖਾਂ ਜਿਹਾ ਜਿਗਰਾ ਰੱਖਣ ਦੀ ਸਲਾਹ ਦਿੰਦੇ ਹਨ (ਪੰਨਾ-373)। ਇਸ ਤਰ੍ਹਾਂ ਬਾਣੀਕਾਰ ਪ੍ਰਕਿਰਤੀ ਦਾ ਮਹੱਤਵ ਦਰਸਾਅ ਕੇ, ਮਨੁੱਖ ਅੰਦਰ ਉਸਦੀ ਸੰਭਾਲ ਦੀ ਚੇਤਨਾ ਜਗਾਉਂਦੇ ਹਨ।

## ਉਪਰੋਕਤ ਪ੍ਰਸਤੁਤ ਪ੍ਰਸਥਿਤੀਆਂ ਦੀ ਵਰਤਮਾਨ-ਕਾਲੀ ਸਮਾਜਿਕ, ਧਾਰਮਕ, ਰਾਜਨੀਤਕ ਅਤੇ ਸੱਭਿਆਚਾਰਕ ਪ੍ਰਸਥਿਤੀਆਂ ਨਾਲ ਤੁਲਨਾ

ਸਬੰਧਤ ਖੋਜ-ਕਾਰਜ ਵਿਚ ਜਿੱਥੇ-ਜਿੱਥੇ ਵਿਭਿੰਨ ਤਤਕਾਲੀ ਪ੍ਰਸਥਿਤੀਆਂ ਨੂੰ ਉਘਾੜਿਆ ਗਿਆ ਹੈ, ਓਥੇ ਨਾਲ ਦੀ ਨਾਲ ਉਨ੍ਹਾਂ ਦੀ ਤੁਲਨਾ ਵਰਤਮਾਨ ਪ੍ਰਸਥਿਤੀਆਂ ਨਾਲ ਕੀਤੀ ਗਈ ਹੈ। ਅਜੋਕੇ ਸਮੇਂ ਵਿਚ ਵੀ ਜਾਤ-ਪਾਤ ਸਮਾਜ ਵਿਚ ਕਾਇਮ ਹੈ ਭਾਵੇਂ

ਇਸਦਾ ਸਰੂਪ ਕੁਝ ਕੁ ਬਦਲਿਆ ਹੈ। ਸ਼ਾਦੀਆਂ ਸਮੇਂ ਅੱਜ ਵੀ ਆਪਣੀ ਜਾਤ-ਬਿਰਾਦਰੀ ਦਾ ਮੁੰਡਾ-ਕੁੜੀ ਦੇਖਿਆ ਜਾਂਦਾ ਹੈ। ਗ਼ੈਰ-ਬਿਰਾਦਰੀਆਂ ਵਿਚ ਵਿਆਹ ਕਰਵਾਉਣ ਵਾਲੇ ਮੁੰਡੇ-ਕੁੜੀਆਂ, ਅਣਖ ਦੇ ਨਾਂ 'ਤੇ, ਬੇਰਹਿਮੀ ਨਾਲ ਕਤਲ ਕਰ ਦਿੱਤੇ ਜਾਂਦੇ ਹਨ। ਅਜੋਕੇ ਦੌਰ ਦੀ ਔਰਤ ਮਰਦ ਦੇ ਬਰਾਬਰ ਖੜ੍ਹੀ ਹੋਣ ਲਈ ਸੰਘਰਸ਼ ਕਰ ਰਹੀ ਹੈ ਪਰ ਅਜੇ ਵੀ ਹਾਲਾਤ ਬਹੁਤੇ ਸੁਖਾਵੇਂ ਨਹੀਂ। ਬੇਟੀਆਂ ਗਰਭ ਵਿਚ ਹੀ ਕਤਲ ਕਰ ਦਿੱਤੀਆਂ ਜਾਂਦੀਆਂ ਹਨ ਤੇ ਪੰਜ ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੀ ਮੌਤ ਇਸੇ ਵਰਗ ਦੇ ਮੁੰਡਿਆਂ ਦੀ ਮੌਤ-ਦਰ ਤੋਂ ਵੱਧ ਹੈ। ਭਾਰਤ ਦੀ ਸਰਵਉੱਚ ਅਦਾਲਤ ਵੀ ਔਰਤ ਦੇ ਦੁਖਾਂਤ ਦੀ ਹਾਮੀ ਭਰਦੀ ਹੈ। ਮੌਤ ਤੋਂ ਬਾਅਦ ਕੀਤੇ ਜਾਂਦੇ ਕਰਮ-ਕਾਂਡ ਅਤੇ ਰਸਮਾਂ ਹੁਣ ਵੀ ਤਤਕਾਲੀ ਦੌਰ ਜਿਹੀਆਂ ਹੀ ਹਨ। ਮਰਨ ਵਾਲੇ ਦੇ ਮਗਰੋਂ ਕੁਝ ਦਿਨ ਸੋਗ ਮਨਾਇਆ ਜਾਂਦਾ ਹੈ। ਸ਼ਰਾਧਾਂ ਦੀ ਪ੍ਰਥਾ ਹੁਣ ਵੀ ਪ੍ਰਚੱਲਤ ਹੈ।

ਤਤਕਾਲੀ ਦੌਰ ਦੇ ਅਨੇਕ ਖਾਧ ਪਦਾਰਥ ਹੁਣ ਵੀ ਪ੍ਰਚੱਲਤ ਹਨ। ਅਜੋਕੇ ਦੌਰ ਦੇ ਲੋਕ ਖ਼ੁਰਾਕ ਵਿਸ਼ੇਸ਼ੱਗਾਂ ਦੀ ਰਾਇ ਤੋਂ ਮੂੰਹ ਪਰ੍ਹਾਂ ਕਰਦੇ ਹੋਏ ਖਾਣ-ਪੀਣ ਨੂੰ ਤਰਜੀਹ ਦਿੰਦੇ ਹਨ। ਖੇਡਾਂ ਅਤੇ ਮਨੋਰੰਜਨ ਦੇ ਸਾਧਨ ਹੁਣ ਮੱਧਕਾਲੀ ਸਾਧਨਾਂ ਤੋਂ ਵੱਖਰੇ ਹਨ। ਮਨੁੱਖ ਦੀ ਮਨੋਰੰਜਨ ਦੀ ਰੁਚੀ ਹੁਣ ਵੀ ਸਬਲ ਹੈ, ਜਿਸਦੀ ਪੂਰਤੀ ਦੇ ਹੁਣ ਉਸ ਕੋਲ ਬੜੇ ਸਾਧਨ ਹਨ। ਅਜੋਕੇ ਦੌਰ ਵਿਚ ਕਪਾਹ ਅਤੇ ਰੂੰ ਦੀ ਵਰਤੋਂ ਦੁਆਰਾ ਕੱਪੜੇ ਤਿਆਰ ਕਰਨ ਦੇ ਨਾਲ-ਨਾਲ ਕਈ ਹੋਰ ਸ਼ੰਸ਼ਲਿਸ਼ਟ ਰੇਸ਼ਿਆਂ ਦੀ ਵਰਤੋਂ ਕਰ ਕੇ, ਮਸ਼ੀਨਾਂ ਦੁਆਰਾ, ਕੱਪੜੇ ਤਿਆਰ ਕੀਤੇ ਜਾਂਦੇ ਹਨ। ਗਹਿਣੇ ਕਈ ਤਰ੍ਹਾਂ ਦੇ ਆ ਗਏ ਹਨ। ਹੁਣ ਮਕਾਨ, ਆਮ ਤੌਰ 'ਤੇ, ਇੱਟਾਂ, ਸੀਮੈਂਟ, ਬੱਜਰੀ, ਸੀਮੈਂਟ, ਰੇਤ ਅਤੇ ਸਰੀਆ ਆਦਿ ਸਮੱਗਰੀ ਦੀ ਵਰਤੋਂ ਕਰਕੇ ਬਣਾਏ ਜਾਂਦੇ ਹਨ ਅਤੇ ਇਨ੍ਹਾਂ (ਮਕਾਨਾਂ) ਨੂੰ ਵੱਧ ਤੋਂ ਵੱਧ ਪੁਖ਼ਤਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਇਹ ਲੰਮਾ ਸਮਾਂ ਟਿਕੇ ਰਹਿਣ। ਆਰਥਿਕ ਹੈਸੀਅਤ ਮੁਤਾਬਕ ਮਕਾਨ ਵੱਡੇ-ਛੋਟੇ (ਪੱਕੇ ਅਤੇ ਕੱਚੇ) ਹੁੰਦੇ ਹਨ। ਅਜੋਕੇ ਸਮੇਂ ਦੌਰਾਨ ਮਿੱਟੀ ਦੇ ਬਰਤਨਾਂ ਦੀ ਵਰਤੋਂ ਘਟ ਗਈ ਹੈ। ਵੱਖ-ਵੱਖ ਧਾਤਾਂ ਤੋਂ ਬਣੇ ਹੋਏ ਬਰਤਨ ਪ੍ਰਯੋਗ ਕੀਤੇ ਜਾਣ ਲੱਗੇ ਹਨ। ਪੁਰਾਣੇ ਸਮੇਂ ਵਿਚ ਹਰ ਵਸਤੂ ਮਿੱਟੀ ਦੇ ਭਾਂਡਿਆਂ ਵਿਚ ਹੀ ਰੱਖੀ ਤੇ ਪਕਾਈ ਜਾਂਦੀ ਸੀ।

ਅਜੋਕੇ ਦੌਰ ਵਿਚ ਪੰਜਾਬ ਵਿੱਚੋਂ ਛੱਪੜ, ਸੂਏ ਅਤੇ ਟੋਭੇ ਖ਼ਤਮ ਹੋ ਰਹੇ ਹਨ ਜਿਸ ਕਾਰਨ ਧਰਤੀ ਹੇਠਲੇ ਪਾਣੀ ਦੀ ਮਾਤਰਾ ਦੀ ਮਾਤਰਾ 'ਤੇ ਅਸਰ ਪੈ ਰਿਹਾ ਹੈ। ਬਰਸਾਤੀ ਪਾਣੀ ਨੂੰ ਧਰਤੀ ਵਿਚ ਸਮਾਉਣ ਲਈ ਛੱਪੜਾਂ ਦਾ ਹੋਣਾ ਲਾਜ਼ਮੀ ਹੈ (ਪੰਨਾ-90)। ਅਜੋਕੇ ਦੌਰ ਵਿਚ ਮੁੱਖ ਰਸਤੇ ਪੱਕੇ ਹਨ ਤੇ ਗਿਣਤੀ ਪੱਖੋਂ ਕਾਫ਼ੀ ਹਨ। ਗਲੀਆਂ ਵੀ ਕਾਫ਼ੀ ਗਿਣਤੀ ਵਿਚ ਪੱਕੀਆਂ ਹੀ ਹਨ। ਕੱਚੇ ਰਸਤੇ ਹੁਣ ਵੀ ਹਨ। ਸਲੋਕ ਬਾਣੀ-ਰੂਪ ਵਿਚ ਉਲੇਖਿਤ ਸਾਰੀ ਬਨਸਪਤੀ ਹੁਣ ਵੀ ਹੋਂਦ ਵਿਚ ਹੈ। ਖੇਤੀ ਦੇ ਢੰਗ ਸਾਦ-ਮੁਰਾਦੇ ਨਾ ਰਹਿ ਕੇ ਮਸ਼ੀਨੀਕਰਨ 'ਤੇ ਆਧਾਰਤ ਹਨ। ਅਜੋਕੇ ਦੌਰ ਵਿਚ ਵੀ ਸਲੋਕ ਬਾਣੀ-ਰੂਪ ਵਿਚ ਵਰਣਿਤ ਪੰਛੀਆਂ ਅਤੇ ਜਾਨਵਰਾਂ ਦੇ ਸੁਭਾਅ/ਪ੍ਰਵਿਰਤੀਆਂ ਓਹੋ ਜਿਹੀਆਂ ਹੀ ਹਨ।

ਰੁੱਤਾਂ ਦੇ ਨਾਮ ਤਾਂ ਅਜੋਕੇ ਦੌਰ ਵਿਚ ਵੀ ਪ੍ਰਚੱਲਤ ਹਨ ਪਰ ਮੁੱਖ ਤੌਰ 'ਤੇ ਅੰਗਰੇਜ਼ੀ ਮਹੀਨੇ ਹੀ ਜੀਵਨ ਦੇ ਹਰ ਪੱਖ ਵਿਚ ਪ੍ਰਚੱਲਤ ਅਤੇ ਪ੍ਰਵਾਨਿਤ ਹਨ। ਕਈ ਭੂਗੋਲਿਕ ਕਾਰਨਾਂ ਕਰਕੇ ਮੌਸਮ ਅਤੇ ਰੁੱਤਾਂ ਦਾ ਚੱਕਰ ਵੀ ਪ੍ਰਭਾਵਿਤ ਹੋਇਆ ਹੈ। ਅਜੋਕੇ ਦੌਰ ਵਿਚ ਵੱਡੇ-ਛੋਟੇ ਸ਼ਹਿਰ ਅਤੇ ਪਿੰਡ ਹੋਂਦ ਵਿਚ ਹਨ। ਅਜੋਕੇ ਦੌਰ ਵਿਚ ਵੈਦ ਦੀ ਥਾਂ ਡਾਕਟਰਾਂ ਨੇ ਲੈ ਲਈ ਹੈ। ਰੋਗ ਦੀ ਨਵਿਰਤੀ

ਲਈ ਲੋਕ, ਵਿੱਤ ਅਨੁਸਾਰ, ਚੰਗੇ ਡਾਕਟਰ ਦੀ ਭਾਲ ਕਰਦੇ ਹਨ, ਜਿਹੜਾ ਰੋਗ ਦੀ ਪਛਾਣ ਕਰ ਕੇ ਉਸਦਾ ਇਲਾਜ ਕਰੇ। ਨਬਜ਼ ਟਟੋਲਣ ਦੀ ਥਾਂ ਹੁਣ ਤਰ੍ਹਾਂ-ਤਰ੍ਹਾਂ ਦੇ ਟੈਸਟ ਕਰ ਕੇ ਰੋਗ ਦੀ ਜੜ੍ਹ ਦਾ ਪਤਾ ਲਗਾਇਆ ਜਾਂਦਾ ਹੈ। ਵਰਤਮਾਨ ਵਿਚ ਇਹ ਆਲਸ ਦੀ ਹੀ ਨਿਸ਼ਾਨੀ ਹੈ ਕਿ ਪੰਜਾਬ ਦੇ 32.5% ਲੋਕ ਨਾਂ-ਮਾਤਰ ਵੀ ਕਸਰਤ ਨਹੀਂ ਕਰਦੇ। ਅਜਿਹੀ ਸਥਿਤੀ ਵਿਚ ਜਿੱਥੇ ਅਜੋਕਾ ਮਨੁੱਖ ਮੋਟਾਪੇ ਦਾ ਸ਼ਿਕਾਰ ਹੋ ਰਿਹਾ ਹੈ ਉਥੇ ਨਾਲ ਦੀ ਨਾਲ ਬੀਮਾਰੀਆਂ ਤੋਂ ਵੀ ਗ੍ਰਸਤ ਹੁੰਦਾ ਜਾ ਰਿਹਾ ਹੈ। ਅਜੋਕੇ ਦੌਰ ਵਿਚ ਵੀ ਮਨੁੱਖ ਆਪਣਾ ਕੰਮ ਕੱਢਣ ਲਈ ਦੂਜੇ ਮਨੁੱਖ (ਜਿਸ ਤੋਂ ਉਸਦਾ ਕੰਮ ਸਿੱਧ ਹੋਣਾ ਹੁੰਦਾ ਹੈ) ਦੀ ਸੱਚੀ-ਝੂਠੀ ਪ੍ਰਸ਼ੰਸਾ ਕਰਦਾ ਹੈ। ਉਹ ਤਾਂ ਸੱਚ-ਝੂਠ ਬੋਲ ਕੇ, ਦੂਜੇ ਨੂੰ ਖ਼ੁਸ਼ ਕਰਕੇ, ਆਪਣਾ ਕਾਰਜ ਸਿੱਧ ਕਰਨਾ ਚਾਹੁੰਦਾ ਹੈ। ਅਜੋਕੇ ਦੌਰ ਵਿਚ ਵੀ ਮਨੁੱਖ ਹੰਕਾਰ ਤੋਂ ਗ੍ਰਸਤ ਹੈ। ਅਜੋਕੇ ਮਨੁੱਖ ਅੰਦਰ ਆਪਣੀ ਵਿੱਦਿਆ, ਧਨ-ਦੌਲਤ, ਸੁੰਦਰਤਾ, ਧਾਰਮਿਕ ਪਰਵੀਨਤਾ ਦਾ, ਪੁੱਤਰਾਂ ਦਾ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਹੰਕਾਰ ਹਨ।

ਅਜੋਕਾ ਮਨੁੱਖ ਵੀ ਮੋਹ ਦੇ ਬੰਧਨਾਂ ਵਿਚ ਫਸਿਆ ਹੋਇਆ ਹੈ। ਉਹ ਆਪਣੇ ਤਨ, ਪਰਿਵਾਰ, ਧਨ, ਘਰ ਆਦਿ ਦੇ ਮੋਹ ਵਿਚ ਫਸ ਕੇ ਕਈ ਪਰਕਾਰ ਦੇ ਉਚਿਤ-ਅਨੁਚਿਤ ਕੰਮਾਂ ਨੂੰ ਅੰਜਾਮ ਦਿੰਦਾ ਹੈ। ਇਹ ਔਲਾਦ ਦਾ ਮੋਹ ਹੀ ਤਾਂ ਹੈ, ਜਿਸ ਕਾਰਨ ਅਜੋਕਾ ਮਨੁੱਖ ਦੂਜਿਆਂ ਦੇ ਬੱਚਿਆਂ ਦੀ ਬਲੀ ਦੇਣ ਤੋਂ ਵੀ ਬਾਜ਼ ਨਹੀਂ ਆਉਂਦਾ। ਅਜੋਕੇ ਦੌਰ ਦੇ ਮਨੁੱਖ ਨੂੰ ਚਿੰਤਾ-ਰੂਪੀ ਰੋਗ ਬੁਰੀ ਤਰ੍ਹਾਂ ਨਾਲ ਚਿੰਬੜਿਆ ਹੋਇਆ ਹੈ ਤੇ ਇਸ ਚਿੰਤਾ-ਰੂਪੀ ਰੋਗ ਕਾਰਨ ਮਨੁੱਖ ਨੂੰ ਕਈ ਹੋਰ ਬੀਮਾਰੀਆਂ ਨੇ ਘੇਰਿਆ ਹੋਇਆ ਹੈ। ਪੱਛਮੀ ਸਿਹਤ ਮਾਹਰ ਚਿੰਤਾ ਨੂੰ ਹੀ ਸਾਰੀਆਂ ਬੀਮਾਰੀਆਂ ਦਾ ਮੂਲ ਮੰਨਦੇ ਹਨ। ਉਨੀਂਦਰਾ, ਹਾਈਪੋ-ਟੈਂਸ਼ਨ, ਹਾਈਪਰ-ਟੈਂਸ਼ਨ, ਉੱਚ ਲਹੂ-ਦਬਾਅ ਆਦਿ ਅਨੇਕ ਪਰੇਸ਼ਾਨੀਆਂ ਮਗਰੋਂ ਗੰਭੀਰ ਰੋਗਾਂ ਦਾ ਕਾਰਨ ਬਣਦੀਆਂ ਹਨ ਜਿਨ੍ਹਾਂ ਦਾ ਮੂਲ ਚਿੰਤਾ ਹੀ ਹੈ।

ਅਜੋਕੇ ਦੌਰ ਦੇ ਮਨੁੱਖ ਦੇ ਅੰਦਰ ਤਰ੍ਹਾਂ-ਤਰ੍ਹਾਂ ਦੇ ਡਰ ਵਿੱਦਮਾਨ ਹਨ, ਜਿਨ੍ਹਾਂ ਕਾਰਨ ਉਹ ਹਰ ਵੇਲ਼ੇ ਚਿੰਤਾਤੁਰ ਰਹਿੰਦਾ ਹੈ। ਇੱਕ ਆਦਮੀ ਨੂੰ ਦੂਜੇ ਦਾ ਯਕੀਨ ਨਹੀਂ ਹੈ ਭਾਵੇਂ ਉਹ ਉਸ ਨਾਲ ਮਿਲ-ਵਰਤ ਵੀ ਰਿਹਾ ਹੈ। ਧਰਮ ਦੇ ਖੇਤਰ ਵਿਚ 'ਪਾਪ' ਆਖਿਆ ਜਾਣ ਵਾਲਾ ਕਰਮ ਸਮਾਜਿਕ ਜੀਵਨ ਵਿਚ 'ਜੁਰਮ' ਅਖਵਾਉਂਦਾ ਹੈ ਤਾਂ ਅਜੋਕੇ ਮਨੁੱਖੀ ਜੀਵਨ ਦਾ ਪੰਨਾ-ਪੰਨਾ ਜੁਰਮਾਂ-ਰੂਪੀ ਇਬਾਰਤਾਂ ਨਾਲ ਭਰਿਆ ਹੋਇਆ ਹੈ। ਅਜੋਕੇ ਦੌਰ ਦਾ ਮਨੁੱਖ ਵੀ ਨਿੰਦਾ ਤੋਂ ਸੱਖਣਾ ਨਹੀਂ। ਅਜੋਕੇ ਮਨੁੱਖ ਦੇ ਮੂੰਹ ਤੋਂ ਕਿਸੇ ਦੀ ਸਿਫ਼ਤ ਵਿਚ ਦੋ ਸ਼ਬਦ ਕਿਸੇ ਮਜਬੂਰੀ ਜਾਂ ਲਾਲਚ ਵੱਸ ਤਾਂ ਭਾਵੇਂ ਨਿੱਕਲ ਆਉਣ ਪਰ ਪ੍ਰਸੰਨ ਚਿੱਤ ਹੋ ਕੇ ਉਹ ਕਿਸੇ ਦੀ ਤਾਰੀਫ਼ ਕਰ ਦੇਵੇ, ਇਹ ਮੁਸ਼ਕਿਲ ਹੀ ਹੈ।

ਅਜੋਕੇ ਦੌਰ ਦਾ ਮਨੁੱਖ ਬੁਰੀ ਤਰ੍ਹਾਂ ਲਾਲਚ ਦਾ ਸ਼ਿਕਾਰ ਹੈ। ਉਹ ਵੱਧ ਤੋਂ ਵੱਧ ਪਾਉਣਾ ਚਾਹੁੰਦਾ ਹੈ। ਮਨੁੱਖ ਦੀ ਇਸੇ ਲਾਲਚੀ ਪ੍ਰਵਿਰਤੀ ਨੇ ਉਸਦੇ ਰਿਸ਼ਤੇ ਵੀ ਵਿਕਾਊ ਬਣਾ ਦਿੱਤੇ ਹਨ। ਅਜੋਕਾ ਮਨੁੱਖ ਲਾਲਚ ਵੱਸ ਹੋਇਆ ਹੋਇਆ ਰਿਸ਼ਤਿਆਂ ਦਾ ਵੀ ਮੁੱਲ ਵੱਟਦਾ ਹੈ। ਉਹ ਉਥੇ ਹੀ ਸਬੰਧ ਬਣਾਉਂਦਾ ਤੇ ਨਿਭਾਉਂਦਾ ਹੈ ਜਿੱਥੋਂ ਉਸਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਰਹਿਣ ਜਾਂ ਹੋ ਸਕਣ। ਅਜੋਕੇ ਦੌਰ ਵਿਚ ਤਾਂ ਗੁੱਸੇ ਦੇ ਭਾਂਬੜ ਹਰ ਪਾਸੇ ਬਲ਼ ਰਹੇ ਹਨ। ਬਾਹਰੋਂ ਨਿਮਰ ਭਾਵ ਵਾਲੇ ਦਿਖਾਈ ਦਿੰਦੇ ਸਰੀਰ ਵੀ ਆਪਣੀ ਹਉਂ ਨੂੰ ਪੁੱਜਦੀ ਮਾੜੀ ਜਿਹੀ ਠੇਸ ਨੂੰ ਵੀ ਸਹਾਰ ਨਹੀਂ ਪਾਉਂਦੇ ਅਤੇ ਅੱਗ-ਬਬੂਲਾ ਹੋ ਜਾਂਦੇ ਹਨ। ਅਜੋਕੇ ਦੌਰ ਵਿਚ ਮਨੁੱਖ

ਦੀ ਕਾਮੀ ਪ੍ਰਵਿਰਤੀ ਬੜੀ ਸਬਲ ਹੈ। ਇਸ ਪ੍ਰਵਿਰਤੀ ਅਧੀਨ ਹੋ ਕੇ ਮਾਸੂਮ ਬੱਚਿਆਂ ਅਤੇ ਬੁੱਢੇ-ਬਜ਼ੁਰਗਾਂ ਨੂੰ ਵੀ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਣਾ ਇਸ ਪ੍ਰਵਿਰਤੀ ਦੀਆਂ ਸਿਖ਼ਰਾਂ ਹੀ ਤਾਂ ਹਨ।

ਅਜੋਕਾ ਮਨੁੱਖ ਵੀ ਈਰਖਾ-ਰੂਪੀ ਸਾੜੇ ਦੀ ਅੱਗ ਵਿਚ ਝੁਲਸਦਾ ਹੋਇਆ ਦਿਖਾਈ ਦਿੰਦਾ ਹੈ। ਆਪਣੇ ਮਕਾਨ ਬਣਾਉਣ ਲੱਗਿਆਂ ਇਸਦੀ ਛੱਤ ਗੁਆਂਢੀ ਦੇ ਮਕਾਨ (ਜਿਹੜਾ ਪਹਿਲਾਂ ਬਣਿਆ ਹੋਇਆ ਹੈ) ਤੋਂ ਉੱਚੀ ਰੱਖੀ ਜਾਂਦੀ ਹੈ। ਅਜੋਕੇ ਦੌਰ ਵਿਚ ਝੂਠ ਜੀਵਨ ਦੇ ਹਰ ਪਹਿਲੂ ਵਿਚ ਪ੍ਰਧਾਨ ਹੈ। ਮਨੁੱਖ ਦਾ ਮਕਸਦ ਤਾਂ ਆਪਣੇ ਟੀਚੇ ਨੂੰ ਪ੍ਰਾਪਤ ਕਰਨਾ ਹੋ ਗਿਆ ਹੈ, ਉਸ ਲਈ ਭਾਵੇਂ ਉਹ ਸੱਚ ਦਾ ਸਹਾਰਾ ਲਈਏ ਭਾਵੇਂ ਝੂਠ ਦਾ, ਕੋਈ ਫ਼ਰਕ ਨਹੀਂ ਰਹਿ ਗਿਆ। ਅਜੋਕੇ ਦੌਰ ਵਿਚ ਵੀ ਕਿਸੇ ਮਨੁੱਖ ਦੀ ਆਪਣੇ ਵੈਰੀ ਬਾਰੇ ਮਨੋ-ਸਥਿਤੀ ਕਠੋਰ ਹੀ ਹੈ। ਉਹ ਆਪਣੇ ਵੈਰੀ ਨੂੰ ਕਿਸੇ ਵੀ ਮੌਕੇ ਸਬਕ ਸਿਖਾਉਣਾ ਚਾਹੁੰਦਾ ਹੈ। ਵੈਰ-ਵਿਰੋਧ ਦੇ ਭਾਵ ਪੀੜ੍ਹੀ-ਦਰ-ਪੀੜ੍ਹੀ ਤੁਰਦੇ ਜਾਂਦੇ ਹਨ।

ਅਜੋਕੇ ਦੌਰ ਵਿਚ ਵੀ ਪਰ-ਪੁਰਖ/ਪਰ-ਇਸਤਰੀ ਗਮਨ ਪ੍ਰਚੱਲਤ ਹੈ। ਪਰ-ਪੁਰਖ/ਪਰ-ਇਸਤਰੀ ਪਿੱਛੇ ਆਪਣੇ ਬੱਚੇ ਅਤੇ ਬਾਕੀ ਪਰਿਵਾਰ ਤਿਆਗ ਦਿੱਤੇ ਜਾਣ ਦੀਆਂ ਖ਼ਬਰਾਂ ਅਕਸਰ ਸੁਣੀਂਦੀਆਂ ਹਨ। ਅਜੋਕੇ ਸਮੇਂ ਵਿਚ ਸੱਚੇ ਮਿੱਤਰ ਦਾ ਮਿਲ ਪਾਉਣਾ ਅਸੰਭਵ ਜਿਹਾ ਹੋ ਗਿਆ ਹੈ। ਗੱਲਾਂ ਵਾਲੇ ਮਿੱਤਰ ਅਣ-ਗਿਣਤ ਹਨ ਪਰ ਸੱਚਾ ਮਿੱਤਰ ਦੁਰਲੱਭ ਹੋ ਗਿਆ ਹੈ। ਅਜੋਕੇ ਦੌਰ ਵਿਚ ਵੀ ਖਾਣ ਦੀ ਰੁਚੀ ਪ੍ਰਬਲ ਹੈ। ਡਾਕਟਰ ਅਤੇ ਸਿਹਤ ਮਾਹਰ ਤਲ਼ੇ ਹੋਏ, ਮਸਾਲੇਦਾਰ, ਮੈਦੇ ਤੋਂ ਬਣੇ ਖਾਧ-ਪਦਾਰਥਾਂ ਅਤੇ ਜੰਕ-ਫ਼ੂਡ ਦੇ ਖ਼ਤਰਿਆਂ ਤੋਂ ਲੋਕਾਂ ਨੂੰ ਵਾਰ-ਵਾਰ ਜਾਗਰੂਕ ਕਰਦੇ ਰਹਿੰਦੇ ਹਨ। ਬਾਵਜੂਦ ਇਸਦੇ ਅਜੋਕਾ ਮਨੁੱਖ ਇਨ੍ਹਾਂ ਪਦਾਰਥਾਂ ਦਾ ਸੇਵਨ ਕਰਕੇ ਸਿਹਤ ਸਬੰਧੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ।

ਅਜੋਕਾ ਮਨੁੱਖ ਸਦਾ ਜਵਾਨ ਦਿਸਣਾ ਅਤੇ ਰਹਿਣਾ ਚਾਹੁੰਦਾ ਹੈ। ਉਹ ਨਾ ਤਾਂ ਬੁੱਢਾ ਹੋਣਾ ਚਾਹੁੰਦਾ ਹੈ ਅਤੇ ਨਾ ਹੀ 'ਬੁੱਢਾ' ਅਖਵਾਉਣਾ ਚਾਹੁੰਦਾ ਹੈ। ਇਸ ਲਈ ਉਹ ਜਵਾਨ ਰਹਿਣ ਦੇ ਲਈ ਕਈ ਪ੍ਰਕਾਰ ਦੇ ਯਤਨ ਕਰਦਾ ਹੈ। ਕਾਰਨ ਇਹ ਹੈ ਕਿ ਬੁਢਾਪੇ ਤੋਂ ਅਗਲਾ ਪ੍ਰਕਰਣ ਮੌਤ ਦਾ ਹੈ, ਤੇ ਉਹ ਮਰਨਾ ਨਹੀਂ ਚਾਹੁੰਦਾ। ਅਜੋਕੇ ਦੌਰ ਦਾ ਮਨੁੱਖ ਸੁੰਦਰਤਾ ਦਾ ਮੁਰੀਦ ਹੈ। ਅਜੋਕੇ ਸਾਹਿਤ ਦਾ ਵੱਡਾ ਭਾਗ ਇਸਤਰੀ ਦੀ ਸੁੰਦਰਤਾ ਨੂੰ ਹੀ ਤਾਂ ਕਦੇ ਕਿਸੇ, ਕਦੇ ਕਿਸੇ ਵਸਤੂ ਨਾਲ ਤੁਲਨਾਉਂਦਾ ਹੈ। ਅਜੋਕਾ ਮਨੁੱਖ ਸੁੰਦਰ ਸੋਹਣੇ ਪਹਿਰਾਵੇ ਨੂੰ ਤਰਜੀਹ ਦਿੰਦਾ ਹੈ। ਵੱਖ-ਵੱਖ ਕੱਪੜਿਆਂ ਨੂੰ ਵਿਭਿੰਨ ਢੰਗਾਂ ਨਾਲ ਸ਼ਿੰਗਾਰ ਕੇ ਉਨ੍ਹਾਂ ਦੀ ਦਿੱਖ ਅਤਿ-ਸੁੰਦਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਸ ਪਿੱਛੇ ਉਕਤ ਪ੍ਰਵਿਰਤੀ ਹੀ ਛੁਪੀ ਹੋਈ ਹੈ।

ਝਮੇਲਿਆਂ ਦਾ ਝੰਬਿਆਂ ਹੋਇਆ ਅਜੋਕੇ ਦੌਰ ਦਾ ਮਨੁੱਖ ਵੀ ਸੁੱਖ ਦੀ ਨੀਂਦ ਸੌਣਾ ਲੋਚਦਾ ਹੈ। ਦੁਨਿਆਵੀ ਸੁੱਖਾਂ ਦੀ ਨੱਠ-ਭੱਜ ਉਸਨੂੰ, ਸੁੱਤੇ ਹੋਏ ਨੂੰ ਵੀ, ਦੌੜਾਈ ਫਿਰਦੀ ਹੈ ਜਿਸ ਕਾਰਨ ਉਹ ਸੁੱਖ ਦੀ ਨੀਂਦ ਦਾ ਪੂਰਨ ਅਨੁਭਵ ਨਹੀਂ ਕਰ ਪਾਉਂਦਾ ਤੇ ਉਸ ਲਈ ਤਰਸਦਾ ਹੈ। ਅਜੋਕਾ ਮਨੁੱਖ ਵੀ ਨਿਰੋਗ ਲੰਮਾ ਜੀਵਨ ਭੋਗਣਾ ਚਾਹੁੰਦਾ ਹੈ। ਉਹ ਆਪਣੇ ਬੁਢਾਪੇ ਨੂੰ ਸੁਨਿਹਰੀ ਸ਼ਾਮ ਦੀ ਤਰ੍ਹਾਂ ਮਾਨਣਾ ਲੋਚਦਾ ਹੈ। ਮਨੁੱਖ ਦੀ ਇਸੇ ਇੱਛਾ ਦੇ ਮੱਦੇ-ਨਜ਼ਰ ਬੀਮਾ ਕੰਪਨੀਆਂ, ਬੁਢਾਪੇ ਵਿਚ ਨਿਸ਼ਚਿਤ ਆਮਦਨ ਦੇ ਉਤਪਾਦਨ ਨੂੰ ਮੁੱਖ ਰੱਖ ਕੇ, ਕਈ ਬੀਮਾ ਪਾਲਿਸੀਆਂ ਬਾਜ਼ਾਰ ਵਿਚ ਉਤਾਰਦੀਆਂ ਹਨ। ਅਜੋਕੇ ਦੌਰ ਵਿਚ ਵੀ ਕਿਸੇ ਮੁੱਦੇ ਉੱਪਰ ਚਰਚਾ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਇਕੱਠ ਹੁੰਦੇ ਹਨ। ਇਨ੍ਹਾਂ (ਇਕੱਠਾਂ) ਵਿਚ ਤੇ ਆਮ ਗੱਲ-ਬਾਤ ਵਿਚ (ਜਿੱਥੇ ਚਾਰ ਆਦਮੀ ਜੁੜੇ ਹੋਏ ਹੋਣ)

ਆਪਣੀ ਅਕਲ ਅਤੇ ਵਿਦਵਤਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਤੇ ਆਪਣੇ-ਆਪ ਨੂੰ ਲਖਾਇਆ ਜਾਂਦਾ ਹੈ। ਜੁੜੇ ਹੋਏ ਇਕੱਠਾਂ (ਸੰਗਤ) ਵਿਚਕਥਾ-ਵਾਰਤਾ ਵੀ ਹੁੰਦੀ ਹੈ। ਅਜੋਕੇ ਦੌਰ ਵਿਚ ਵੀ ਧੱਕੇਸ਼ਾਹੀ ਪ੍ਰਧਾਨ ਹੈ। ਤਕੜੇ ਦਾ 'ਸੱਤੀ ਵੀਹੀਂ ਸੌ' ਹੈ ਤੇ ਮੱਝ ਦਾ ਮਾਲਕ ਉਹੀ ਹੈ, ਜਿਸ ਦੇ ਹੱਥ ਵਿਚ ਲਾਠੀ ਹੈ।

ਅਜੋਕੇ ਦੌਰ ਦਾ ਮਨੁੱਖ ਵੀ ਸੱਤਾ ਤੋਂ ਪ੍ਰਭਾਵਿਤ ਹੋ ਕੇ ਆਪਣਾ ਸੱਭਿਆਚਾਰਕ ਅਮਲ ਬਦਲਦਾ ਹੈ ਭਾਵੇਂ ਉਪਰੇ ਤੌਰ 'ਤੇ ਅਤੇ ਥੋੜ੍ਹੇ ਚਿਰ ਲਈ ਹੀ ਸਹੀ। ਸੱਤਾ ਤਬਦੀਲ ਹੋਣ ਨਾਲ ਲੋਕਾਂ ਦਾ ਉਪਰਾ ਦਿਖਾਵਾ ਕੁਝ-ਕੁਝ ਬਦਲ ਜਾਂਦਾ ਹੈ ਤੇ ਓਹੋ ਜਿਹਾ ਵਟ ਜਾਂਦਾ ਹੈ ਜਿਹੋ ਜਿਹੇ ਨੂੰ ਸੱਤਾ ਪ੍ਰਾਥਮਿਕਤਾ ਦਿੰਦੀ ਹੈ। ਅਜੋਕੇ ਦੌਰ ਵਿਚ ਨਸ਼ਿਆਂ ਦਾ ਵਿਕਰਾਲ-ਰੂਪ ਸਾਹਮਣੇ ਹੈ। ਵੱਖ-ਵੱਖ ਤਰ੍ਹਾਂ ਦੇ ਨਸ਼ੇ ਪ੍ਰਚਲਨਵਿਚ ਹਨ ਜੋ ਜਵਾਨੀ ਨੂੰ ਖੋਰਾ ਲਾ ਕੇ ਦੇਸ਼ ਨੂੰ ਬਰਬਾਦ ਕਰ ਰਹੇ ਹਨ। ਅਜੋਕੇ ਦੌਰ ਵਿਚ ਵੀ ਆਪ ਸਫ਼ਲਤਾ ਹਾਸਲ ਕਰਨ ਹਿੱਤ ਦੂਜੇ ਦੇ ਰਾਹ ਵਿਚ ਅਨੇਕਾਂ ਤਰ੍ਹਾਂ ਦੀਆਂ ਔਂਕੜਾਂ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ। ਚੁਗਲੀ ਦਾ ਸਹਾਰਾ ਲਿਆ ਜਾਂਦਾ ਹੈ ਅਤੇ ਕਈ ਤਰ੍ਹਾਂ ਦੇ ਹੋਰ ਛੜਯੰਤਰ ਰਚੇ ਜਾਂਦੇ ਹਨ।

ਅਜੋਕੇ ਦੌਰ ਵਿਚ ਵੀ ਦੇਖਾ-ਦੇਖੀ (ਨਕਲ ਕਰਨ) ਦੀ ਪ੍ਰਵਿਰਤੀ ਬਲਵਾਨ ਹੈ। ਬਹੁਤੀਆਂ ਰੀਤਾਂ-ਰਸਮਾਂ ਇਸੇ ਕਾਰਨ ਹੀ ਨਿਭਾਈਆਂ ਜਾਂਦੀਆਂ ਹਨ ਕਿ ਮਨੁੱਖ ਦੇ ਪੁਰਖੇ ਉਨ੍ਹਾਂ ਦੀ ਪਾਲਣਾ ਕਰਦੇ ਸਨ। ਅਜੋਕੇ ਦੌਰ ਵਿਚ ਵੀ ਸਮਾਜ ਵਿਚ ਸਤਿਕਾਰ ਪ੍ਰਾਪਤ ਮਨੁੱਖ ਦੂਜਿਆਂ ਦੇ ਮਸਲੇ ਹੱਲ ਕਰਦੇ ਹਨ। ਕਈ ਮਨੁੱਖ (ਅਖੌਤੀ ਪ੍ਰਧਾਨ) ਗੁਣਾਂ ਦੇ ਮੁਜੱਸਮੇ ਵੀ ਨਹੀਂ ਹੁੰਦੇ, ਕਈ ਤਾਂ ਘੜੰਮ ਚੌਧਰੀ ਵੀ ਹੁੰਦੇ ਹਨ, ਜਿਨ੍ਹਾਂ ਦਾ ਪ੍ਰਭਾਵ ਗੁਣਾਂ ਦੀ ਬਜਾਇ ਕਿਸੇ ਹੋਰ ਤਾਕਤ ਕਾਰਨ ਬਣਿਆ ਹੁੰਦਾ ਹੈ। ਅਜੋਕੇ ਦੌਰ ਵਿਚ ਵਿਸ਼ੇਸ਼ ਢੰਗ ਨਾਲ ਯੋਗ (ਅੰਗਹੀਣ) ਮਨੁੱਖ, ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਕਈ ਸਹੂਲਤਾਂ (ਇਲਾਜਾਂ) ਦੇ ਬਾਵਜੂਦ, ਸਮਾਜ ਵਿਚ ਦੇਖੇ ਜਾਂਦੇ ਹਨ।

ਅਜੋਕੇ ਦੌਰ ਵਿਚ ਵੀ ਖੁਸਰੇ ਸਮਾਜ ਦਾ ਇੱਕ ਮਹੱਤਵਪੂਰਨ ਅੰਗ ਹਨ। ਸਰਕਾਰ ਵੱਲੋਂ ਇਨ੍ਹਾਂ ਨੂੰ ਤੀਜੇ ਲਿੰਗ ਵਜੋਂ ਮਾਨਤਾ ਦਿੱਤੀ ਗਈ ਹੈ। ਅਜੋਕੇ ਦੌਰ ਵਿਚ ਵੀ ਸਮਾਜ ਵਿਚ ਮੂਰਖ ਲੋਕ ਦੇਖੇ ਜਾਂਦੇ ਹਨ। ਉਨ੍ਹਾਂ ਦੀ ਬੋਲੀ ਅਤੇ ਵਿਹਾਰ ਉਨ੍ਹਾਂ ਦਾ ਖ਼ਾਸਾ ਪਰਗਟ ਕਰ ਦਿੰਦੇ ਹਨ। ਅਜੋਕੇ ਦੌਰ ਵਿਚ ਮਾਂ-ਬਾਪ ਦੀ ਕਮਾਈ 'ਤੇ ਐਸ਼ ਕਰਨ ਵਾਲਿਆਂ ਦੀ ਗਿਣਤੀ ਕਾਫ਼ੀ ਹੈ। ਕਈ ਲੋਕ ਹੱਡ-ਹਰਾਮੀ ਹੋ ਕੇ ਧਾਰਮਿਕ ਸਥਾਨਾਂ ਦੀ ਟੇਕ ਲੈ ਕੇ ਬੈਠੇ ਹੋਏ ਵੀ ਮਿਲ ਜਾਂਦੇ ਹਨ। ਅਜੋਕੇ ਦੌਰ ਵਿਚ ਭਾਰਤ ਵਿਚ ਗ਼ਰੀਬ ਲੋਕਾਂ ਦੀ ਗਿਣਤੀ ਬਹੁਤ ਹੈ। ਕਰੋੜਾਂ ਲੋਕ ਹਨ ਜਿਨ੍ਹਾਂ ਨੂੰ ਭਰ ਪੇਟ ਭੋਜਨ ਨਹੀਂ ਮਿਲ ਰਿਹਾ। ਮੌਸਮ ਦੀਆਂ ਕਰੋਪੀਆਂ ਦਾ ਸਭ ਤੋਂ ਵੱਧ ਖ਼ਾਮਿਆਜ਼ਾ ਇਨ੍ਹਾਂ ਗ਼ਰੀਬ ਲੋਕਾਂ ਨੂੰ ਹੀ ਭੁਗਤਣਾ ਪੈਂਦਾ ਹੈ। ਗ਼ਰੀਬੀ ਕਾਰਨ ਭਰ ਪੇਟ ਭੋਜਨ ਨਾ ਮਿਲਣ ਕਰਕੇ ਇਨ੍ਹਾਂ ਲੋਕਾਂ ਨੂੰ ਕਈ ਪ੍ਰਕਾਰ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਅਖ਼ਬਾਰਾਂ ਵਿਚ ਜੂਆ ਖੇਡਦੇ ਜੁਆਰੀਆਂ ਨੂੰ ਰੰਗੇ ਹੱਥੀਂ ਫੜੇ ਜਾਣ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਹਨ, ਜਿਨ੍ਹਾਂ ਤੋਂ ਅਜੋਕੇ ਦੌਰ ਵਿਚ ਜੂਏ ਦੇ ਪ੍ਰਚਲਨ ਬਾਰੇ ਪਤਾ ਲੱਗਦਾ ਹੈ। ਅਜੋਕੇ ਦੌਰ ਵਿਚ ਵੀ ਠਗ ਸਰਗਰਮ ਹਨ। ਵੱਖ-ਵੱਖ ਸਕੀਮਾਂ ਰਾਹੀਂ ਸਬਜ਼ਬਾਗ ਦਿਖਾ ਕੇ ਕਈ ਲੋਕ ਹੋਰਾਂ ਨੂੰ ਠਗੀ ਦਾ ਸ਼ਿਕਾਰ ਬਣਾਉਂਦੇ ਦੇਖੀਦੇ ਹਨ। ਅਜੋਕੇ ਸਮਿਆਂ ਵਿਚ ਵੀ ਚੋਰ ਸਰਗਰਮ ਹਨ। ਚੋਰੀ ਦੀਆਂ ਘਟਨਾਵਾਂ ਸਮਾਜ ਵਿਚ ਅਕਸਰ ਹੁੰਦੀਆਂ ਰਹਿੰਦੀਆਂ ਹਨ।

ਅਜੋਕੇ ਦੌਰ ਵਿਚ ਵੀ ਸਮਾਜ ਦੀ ਇਕਾਈ ਪਰਿਵਾਰ ਹੈ। ਮਾਤਾ-ਪਿਤਾ ਬੱਚੇ ਨੂੰ ਪਾਲਦੇ ਅਤੇ ਵੱਡਾ ਕਰਦੇ ਹਨ। ਮਗਰੋਂ ਉਸਦੀ ਸ਼ਾਦੀ ਕੀਤੀ ਜਾਂਦੀ ਹੈ ਤੇ ਉਸਦਾ ਗ੍ਰਿਹਸਥੀ ਜੀਵਨ ਸ਼ੁਰੂ ਹੁੰਦਾ ਹੈ। ਪਰਸਪਰ ਸਬੰਧ ਚੰਗੇ ਨਾ ਰਹਿਣ ਦੀ ਸੂਰਤ ਵਿਚ ਅਕਸਰ ਤਲਾਕ ਹੋ ਜਾਂਦੇ ਹਨ।

ਅਜੋਕੇ ਦੌਰ ਵਿਚ ਵੀ ਵਪਾਰ ਦਾ ਧੰਦਾ ਚੰਗੇ ਧੰਦਿਆਂ ਵਿਚ ਗਿਣਿਆ ਜਾਂਦਾ ਹੈ। ਹੁਣ ਇਸ ਧੰਦੇ ਦਾ ਵਿਸਤਾਰ ਵੱਡੇ ਪੱਧਰ 'ਤੇ ਹੋ ਗਿਆ ਹੈ। ਅਜੋਕੇ ਦੌਰ ਵਿਚ ਵੀ ਸੁਨਿਆਰੇ ਸੋਨੇ ਦੇ ਗਹਿਣੇ ਬਣਾਉਂਦੇ ਹਨ ਤੇ ਉਨ੍ਹਾਂ ਦਾ ਵਪਾਰ ਕਰਦੇ ਹਨ। ਉਹ ਕਸੌਟੀ ਦੀ ਵਰਤੋਂ ਕਰਕੇ ਸੋਨੇ ਦੀ ਸ਼ੁੱਧਤਾ ਬਾਰੇ ਨਿਰਣਾ ਕਰ ਲੈਂਦੇ ਹਨ। ਅਜੋਕੇ ਦੌਰ ਵਿਚ ਵੈਦ ਦੀ ਥਾਂ ਡਾਕਟਰਾਂ ਨੇ ਲੈ ਲਈ ਹੈ। ਉਹ ਪਹਿਲਾਂ ਰੋਗ ਦੀ ਪਛਾਣ ਕਰਦੇ ਹਨ ਤੇ ਮਗਰੋਂ ਉਸਦਾ ਇਲਾਜ ਕਰਦੇ ਹਨ। ਕਿਤੇ-ਕਿਤੇ ਵੈਦ ਵੀ ਹਨ। ਅਜੋਕੇ ਦੌਰ ਵਿਚ ਵੀ ਜੌਹਰੀ ਲੋਕ ਰਤਨਾਂ ਦੇ ਵਪਾਰ ਨਾਲ ਸਬੰਧਤ ਹਨ। ਅਜੋਕੇ ਦੌਰ ਵਿਚ ਵੀ ਖੇਤੀ ਦਾ ਕੰਮ ਇੱਕ ਕਿੱਤੇ ਵਜੋਂ ਕੀਤਾ ਜਾਂਦਾ ਹੈ। ਇਹ ਕਿੱਤਾ ਮਿਹਨਤ ਦੀ ਮੰਗ ਕਰਦਾ ਹੈ। ਆਖਿਆ ਵੀ ਜਾਂਦਾ ਹੈ, "ਖੇਤੀ ਖਸਮਾਂ ਸੇਤੀ"। ਅਜੋਕੇ ਦੌਰ ਵਿਚ ਵੀ ਦੁਕਾਨਦਾਰ ਲੋਕ ਦੁਕਾਨਾਂ ਸਜਾ ਕੇ ਵੱਖ-ਵੱਖ ਸਮਾਨ ਵੇਚਦੇ ਹਨ। ਗਾਹਕਾਂ ਨੂੰ ਲੁਭਾਉਣ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਬਾਜ਼ਾਰ ਵਿਚ ਲਿਆਂਦੀਆਂ ਜਾਂਦੀਆਂ ਹਨ।

ਅਜੋਕੇ ਦੌਰ ਵਿਚ ਕੱਤਣ ਤੇ ਬੁਣਨ ਦਾ ਕੰਮ ਵਧੇਰੇ ਕਰਕੇ ਮਸ਼ੀਨਾਂ ਰਾਹੀਂ ਹੁੰਦਾ ਹੈ। ਕੱਪੜੇ ਦੀ ਦਿੱਖ ਨੂੰ ਆਕਰਸ਼ਕ ਬਣਾਉਣ ਲਈ ਉਸਨੂੰ ਕਈ ਪ੍ਰਕਾਰ ਦੇ ਰੰਗ ਅਤੇ ਡਿਜ਼ਾਇਨ ਦਿੱਤੇ ਜਾਂਦੇ ਹਨ। ਦਰਜ਼ੀ ਕੱਪੜੇ ਦੀ ਕਟਾਈ ਤੇ ਸਿਲਾਈ ਕਰਦਾ ਹੈ। ਅਜੋਕੇ ਦੌਰ ਵਿਚ ਲੁਹਾਰ ਦੇ ਕੰਮ ਦਾ ਵੀ ਵਧੇਰੇ ਕਰਕੇ ਮਸ਼ੀਨੀਕਰਨ ਹੋ ਗਿਆ ਹੈ। ਅਜੋਕੇ ਦੌਰ ਵਿਚ ਬੀਜਾਂ ਵਿੱਚੋਂ ਤੇਲ ਕੱਢਣ ਦਾ ਕੰਮ ਵਧੇਰੇ ਕਰਕੇ ਬਿਜਲਈ ਮਸ਼ੀਨਾਂ ਰਾਹੀਂ ਹੀ ਕੀਤਾ ਜਾਂਦਾ ਹੈ। ਅਜੋਕੇ ਦੌਰ ਵਿਚ ਰਾਸਧਾਰੀਏ ਘੱਟ ਹੀ ਦਿਖਾਈ ਦਿੰਦੇ ਹਨ ਪਰ ਖ਼ਾਸ ਮੌਕਿਆਂ 'ਤੇ (ਅਵਤਾਰਾਂ ਦੇ ਪੁਰਬਾਂ 'ਤੇ) ਇਨ੍ਹਾਂ ਨੂੰ ਦੇਖਿਆ ਜਾ ਸਕਦਾ ਹੈ। ਕਈ ਖੇਤਰਾਂ ਵਿਚ ਮਲਾਹ ਲੋਕ ਬੇੜੀ ਨੂੰ ਚਲਾ ਕੇ ਅੱਜ ਵੀ ਨਦੀ ਪਾਰ ਕਰਵਾਉਂਦੇ ਹਨ।

ਘੁਮਿਆਰਾਂ ਦੇ ਬਣਾਏ ਬਰਤਨ ਘੱਟ ਹੀ ਪ੍ਰਚੱਲਤ ਹਨ। ਇੱਟਾਂ ਭੱਠਿਆਂ ਵਿਚ ਪਕਾਈਆਂ ਜਾਂਦੀਆਂ ਹਨ। ਦੂਜੇ ਦੇਸ਼ਾਂ ਵਿਚ ਆਪਣੇ ਦੇਸ਼ ਦੀ ਪ੍ਰਤੀਨਿਧਤਾ ਕਰਨ ਵਾਲੇ ਰਾਜਦੂਤ ਅਖਵਾਉਂਦੇ ਹਨ। ਅਦਾਲਤਾਂ ਵਿਚ ਆਪਣੇ ਮੁਵੱਕਿਲ ਦੀ ਪੈਰਵੀ ਕਰਨ ਵਾਲੇ ਨੂੰ ਵਕੀਲ ਆਖਿਆ ਜਾਂਦਾ ਹੈ। ਕਸਾਈ ਲੋਕ ਵੱਖ-ਵੱਖ ਤਿੱਖੇ ਅਸਤਰਾਂ ਨਾਲ ਵਿਭਿੰਨ ਜਾਨਵਰਾਂ ਨੂੰ ਵੱਢ ਕੇ ਵੇਚਦੇ ਹਨ। ਜੰਗਲੀ ਜੀਵਾਂ ਨੂੰ ਪਕੜਨ ਅਤੇ ਇਨ੍ਹਾਂ ਦੇ ਸ਼ਿਕਾਰ 'ਤੇ ਸਰਕਾਰੀ ਤੌਰ 'ਤੇ ਪਾਬੰਦੀ ਹੈ। ਮਛੇਰੇ ਮੱਛੀਆਂ ਫੜਦੇ ਹਨ ਤੇ ਬਾਜ਼ਾਰ ਵਿਚ ਇਨ੍ਹਾਂ ਦੀ ਸਪਲਾਈ ਕੀਤੀ ਜਾਂਦੀ ਹੈ। ਅਜੋਕੇ ਦੌਰ ਵਿਚ ਵੀਵੱਖ-ਵੱਖ ਕਾਰਨਾਂ ਕਰਕੇ ਦੂਜੇ ਦੇਸ਼ਾਂ ਦਾ ਰਟਨ ਕੀਤਾ ਜਾਂਦਾ ਹੈ। ਸਲੋਕ ਬਾਣੀ-ਰੂਪ ਵਿਚ ਵੇਲਣਾ, ਕੋਹਲੂ, ਮਧਾਣੀ ਤੇ ਚਾਟੀ, ਹਲਟ, ਕੁਹਾੜਾ, ਮੇਖਾਂ, ਫਲ੍ਹੇ, ਰੱਸੀ, ਛੱਜ, ਛੁਰੀ ਆਦਿ ਸੰਦਾਂ ਦਾ ਜ਼ਿਕਰ ਮਿਲਦਾ ਹੈ। ਇਹ ਸੰਦ ਕਿਸੇ ਨਾ ਕਿਸੇ ਰੂਪ ਵਿਚ ਹੁਣ ਵੀ ਪ੍ਰਚੱਲਤ ਹਨ।

ਅਜੋਕੇ ਦੌਰ ਵਿਚ ਸਕਿੰਟ, ਮਿੰਟ, ਘੰਟੇ ਆਦਿ ਸਮੇਂ ਦੀਆਂ ਇਕਾਈਆਂ ਪ੍ਰਚੱਲਤ ਹਨ। ਅੰਗਰੇਜ਼ੀ ਮਹੀਨਿਆਂ ਦੇ ਨਾਮ ਬਹੁਤੇ ਪ੍ਰਚੱਲਤ ਹਨ। ਅਜੋਕੇ ਦੌਰ ਵਿਚ ਸੰਖਿਆਵਾਂ ਉੱਪਰ ਕਈ ਪ੍ਰਕਾਰ ਦੀਆਂ ਕਿਰਿਆਵਾਂ ਦਾ ਪ੍ਰਚਲਨ ਹੈ। ਅਜੋਕੇ ਦੌਰ ਵਿਚ

ਦੂਰੀ ਦੀਆਂ ਪ੍ਰਚੱਲਤ ਇਕਾਈਆਂ ਸੈਂਟੀਮੀਟਰ, ਮੀਟਰ ਅਤੇ ਕਿਲੋਮੀਟਰ ਆਦਿ ਹਨ। ਉੱਤਰ, ਦੱਖਣ, ਪੂਰਬ ਅਤੇ ਪੱਛਮ ਚਾਰ ਦਿਸ਼ਾਵਾਂ ਮੰਨੀਆਂ ਜਾਂਦੀਆਂ ਹਨ। ਅਜੋਕੇ ਦੌਰ ਵਿਚ ਵੀ ਵਸਤੂਆਂ ਦੀ ਮਿਣਤੀ, ਤੋਲ ਅਤੇ ਕੀਮਤ ਦਾ ਪ੍ਰਚਲਨ ਹੈ। ਵਸਤੂ ਦੇ ਗੁਣਾਂ, ਪ੍ਰਾਪਤੀ ਅਤੇ ਮੰਗ ਆਦਿ ਦੇ ਆਧਾਰ ਤੇ ਵਸਤੂ ਦੀ ਕੀਮਤ ਨਿਸ਼ਚਿਤ ਕੀਤੀ ਜਾਂਦੀ ਹੈ। ਭਾਰ ਦੀਆਂ ਮੁੱਖ ਇਕਾਈਆਂ ਗ੍ਰਾਮ, ਕਿਲੋਗ੍ਰਾਮ ਅਤੇ ਟਨ ਆਦਿ ਪ੍ਰਚੱਲਤ ਹਨ। ਅਜੋਕੇ ਦੌਰ ਵਿਚ ਲਿਖਣ ਸਮੱਗਰੀ ਵਜੋਂ ਕਈ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਖੇਤਰ ਵਿਚ ਕਾਫ਼ੀ ਤਰੱਕੀ ਹੋਈ ਹੈ। ਅਜੋਕੇ ਦੌਰ ਵਿਚ ਸੰਚਾਰ ਦੇ ਅਨੇਕ, ਪ੍ਰਿੰਟਿੰਗ ਅਤੇ ਇਲੈਕਟ੍ਰਾੱਨਿਕ ਸਾਧਨ ਪ੍ਰਚੱਲਤ ਹਨ। ਅਜੋਕੇ ਦੌਰ ਵਿਚ ਵਿਗਿਆਨ ਦਾ ਖੇਤਰ ਬੜਾ ਵਿਸ਼ਾਲ ਹੋ ਗਿਆ ਹੈ। ਹੁਣ ਅਨੇਕ ਵੱਡੇ ਤੇ ਛੋਟੇ ਵਿਗਿਆਨਕ ਉਪਕਰਣ ਕਾਰਜਸ਼ੀਲ ਹਨ, ਜੋ ਪ੍ਰਕਿਰਤੀ ਸਬੰਧੀ ਪੂਰਵ-ਅਨੁਮਾਨ ਲਗਾਉਂਦੇ ਹਨ।

ਬਹੁਤੇ ਲੋਕ ਹੁਣ ਵੀ ਟੂਣਿਆਂ, ਧਾਗਿਆਂ, ਤਵੀਤਾਂ ਆਦਿ ਵਿਚ ਯਕੀਨ ਰੱਖਦੇ ਹਨ। ਚੁਰਸਤਿਆਂ ਵਿਚ ਕਈ ਵਾਰ ਟੂਣੇ ਕੀਤੇ ਹੋਏ ਮਿਲ ਜਾਂਦੇ ਹਨ। ਬੱਚਿਆਂ ਦੇ ਗਲਾਂ ਵਿਚ ਧਾਗੇ ਅਤੇ ਤਵੀਤ ਆਮ ਹੀ ਦੇਖੇ ਜਾ ਸਕਦੇ ਹਨ। ਅਖ਼ਬਾਰਾਂ ਅਤੇ ਹੋਰ ਸੰਚਾਰ ਮੀਡੀਆ 'ਤੇ ਤਾਂਤਰਿਕ ਲੋਕਾਂ ਦਾ ਮਸ਼ਹੂਰੀ ਪ੍ਰਚਾਰ ਆਮ ਵੇਖਿਆ ਜਾ ਸਕਦਾ ਹੈ। ਇਸ਼ਨਾਨ ਨੂੰ ਦੇਹ ਦੀ ਸਫ਼ਾਈ ਦਾ ਆਧਾਰ ਮੰਨਿਆ ਜਾਂਦਾ ਹੈ। ਤੀਰਥਾਂ 'ਤੇ ਵੱਖ-ਵੱਖ ਦਿਨਾਂ 'ਤੇ ਕੀਤੇ ਗਏ ਇਸ਼ਨਾਨ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ। ਅਜੋਕੇ ਦੌਰ ਵਿਚ ਵੀ ਪੁੱਤਰ ਨੂੰ ਧੀ ਨਾਲੋਂ ਵੱਧ ਸਮਝਿਆ ਜਾਂਦਾ ਹੈ। ਭਾਵੇਂ ਧੀ-ਪੁੱਤ ਦੀ ਬਰਾਬਰੀ ਦੇ ਨਾਅਰੇ ਲਗਾਏ ਜਾਂਦੇ ਹਨ ਪਰ ਜ਼ਮੀਨੀ ਹਕੀਕਤਾਂ ਦੱਸਦੀਆਂ ਹਨ ਕਿ ਪੁੱਤਰ ਪ੍ਰਾਪਤੀ ਦੀ ਇੱਛਾ ਵਿਚ ਧੀਆਂ ਨੂੰ ਕੁੱਖ ਵਿਚ ਹੀ ਕਤਲ ਕਰ ਦਿੱਤਾ ਜਾਂਦਾ ਹੈ।

ਅਜੋਕੇ ਦੌਰ ਦਾ ਮਨੁੱਖ ਆਪਣੀ ਕੀਮਤੀ ਵਸਤੂ ਕਿਸੇ ਕੋਲ ਸੰਭਾਲਣ ਲੱਗੇ ਕਈ ਵਾਰ ਸੋਚਦਾ ਹੈ। ਅਜਿਹੀ ਸਥਿਤੀ ਵਿਚ ਉਹ, ਵਸਤੂ ਦੇ ਹੱਥੋਂ ਚਲੇ ਜਾਣ ਦੇ ਡਰੋਂ, ਕੋਈ ਹੋਰ ਰਾਹ ਅਪਨਾਉਣ ਨੂੰ ਤਰਜੀਹ ਦਿੰਦਾ ਹੈ। ਅਜੋਕੇ ਦੌਰ ਦਾ ਮਨੁੱਖ ਲਾਲਚ ਵੱਸ ਹੋ ਕੇ, ਕਿਸੇ ਹੱਦ ਤੱਕ, ਅਣਖ ਨਾਲ ਸਮਝੌਤਾ ਕਰ ਲੈਂਦਾ ਹੈ। ਅਜੋਕੇ ਦੌਰ ਵਿਚ ਨਿੱਜੀ ਹਿੱਤਾਂ ਦੇ ਚਲਦੇ ਕੀਤੇ ਹੋਏ ਵਾਅਦੇ ਪਲਾਂ ਵਿਚ ਹੀ ਟੁੱਟ ਜਾਂਦੇ ਹਨ। ਅਜੋਕੇ ਸਮੇਂ ਵਿਚ ਵੀ 'ਭੇਤ' ਦਾ ਆਪਣਾ ਹੀ ਮਹੱਤਵ ਹੈ। ਨਿੱਜੀ ਅਤੇ ਮਹੱਤਵਪੂਰਨ ਗੱਲਾਂ ਨੂੰ ਗੁਪਤ ਰੱਖਣ ਦਾ ਹੀ ਯਤਨ ਕੀਤਾ ਜਾਂਦਾ ਹੈ।

ਅਜੋਕੇ ਦੌਰ ਵਿਚ ਮਨੁੱਖ ਦਿਲੀ ਸਾਂਝ ਦੀ ਥਾਂ ਔਪਚਾਰਿਕਤਾ ਨੂੰ ਹੀ ਪਹਿਲ ਦਿੰਦਾ ਹੈ। ਧਰਮ ਦੇ ਕੰਮ ਵੀ ਉਹ, ਵਧੇਰੇ ਕਰਕੇ, ਔਪਚਾਰਿਕਤਾ ਹਿੱਤ ਹੀ ਕਰਦਾ ਹੈ। ਅਜੋਕੇ ਦੌਰ ਵਿਚ ਵੀ ਮਨੁੱਖ ਆਪਣਾ ਕਾਰਜ ਸਿੱਧ ਕਰਨ ਲਈ ਕਈ ਵਿਉਂਤਾਂ ਬਣਾਉਂਦਾ ਹੈ। ਅਜੋਕਾ ਮਨੁੱਖ ਸਮਾਜਿਕ ਜ਼ਾਬਤੇ ਦੀ ਪਰਵਾਹ ਘੱਟ ਹੀ ਕਰਦਾ ਹੈ। ਉਹ ਇਸਨੂੰ ਬੇਲੋੜੀ ਪਰੰਪਰਾ ਜਾਣਦਾ ਹੋਇਆ, ਇਸ ਤੋਂ ਆਜ਼ਾਦੀ ਪਾਉਣ ਲਈ ਸੰਘਰਸ਼ ਕਰ ਰਿਹਾ ਹੈ। ਅਜੋਕੇ ਦੌਰ ਵਿਚ ਵੀ ਦੇਰ-ਸਵੇਰ ਸੱਚ ਸਾਹਮਣੇ ਆ ਹੀ ਜਾਂਦਾ ਹੈ। ਅਜੋਕੇ ਦੌਰ ਦਾ ਮਨੁੱਖ ਵੀ ਆਪਣੇ ਜਿਹੇ ਵਿਚਾਰਾਂ ਵਾਲੇ ਮਨੁੱਖ ਦੀ ਸੰਗਤ ਵਿਚ ਹੀ ਆਪਣੇ-ਆਪ ਨੂੰ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਮਨੁੱਖ ਦਾ ਆਲ਼ਾ-ਦੁਆਲ਼ਾ ਉਸਦੇ ਨਜ਼ਰੀਏ ਨੂੰ ਵਿਕਸਿਤ ਕਰਨ ਵਿਚ ਵੱਡਾ ਯੋਗਦਾਨ ਪਾਉਂਦਾ ਹੈ। ਅਜੋਕੇ ਦੌਰ ਦਾ ਮਨੁੱਖ ਵੀ ਕਿਸੇ ਵਰਤਾਰੇ ਨੂੰ ਆਪਣੇ ਇਸੇ ਨਜ਼ਰੀਏ ਦੇ ਆਧਾਰ 'ਤੇ ਹੀ ਸਮਝਦਾ ਅਤੇ ਬਿਆਨਦਾ ਹੈ।

ਅਜੋਕੇ ਦੌਰ ਵਿਚ ਵੀ ਕਈ ਲੋਕ ਵੱਖ-ਵੱਖ ਧਾਰਮਿਕ ਚਿੰਨ੍ਹ ਬਣਾ ਕੇ ਲੋਕਾਂ ਤੋਂ ਵਸੂਲੀ ਕਰਦੇ ਹੋਏ ਦੇਖੇ ਜਾਂਦੇ ਹਨ। ਧਾਰਮਿਕ ਚਿੰਨ੍ਹ ਬਣਾ ਕੇ ਉਹ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕਰਦੇ ਹਨ। ਜਦੋਂ ਕੋਈ ਉਨ੍ਹਾਂ ਨੂੰ ਨਾਂਹ ਕਰ ਬੈਠੇ ਜਾਂ ਉੱਚਾ ਬੋਲ ਬੈਠੇ ਤਾਂ ਉਹ ਉਸ ਵਿਅਕਤੀ ਨੂੰ ਸਰਾਪ ਦੇਣ ਤੱਕ ਜਾਂਦੇ ਹਨ, ਜਿਵੇਂ ਕਿ ਉਨ੍ਹਾਂ ਦਾ ਦਿੱਤਾ ਸਰਾਪ ਫਲੀਭੂਤ ਹੋ ਹੀ ਜਾਣਾ ਹੁੰਦਾ ਹੈ।

ਅਜੋਕੇ ਦੌਰ ਵਿਚ ਵੀ ਮੱਧਕਾਲ ਵਿਚ ਪ੍ਰਚੱਲਤ ਧਰਮ-ਪੁਸਤਕਾਂ ਲੋਕਾਈ ਦੀਆਂ ਮਾਰਗ-ਦਰਸ਼ਕ ਹਨ। ਅਜੋਕੇ ਦੌਰ ਵਿਚ ਵੀ ਅਨੇਕ ਧਾਰਮਿਕ ਫਿਰਕੇ ਪ੍ਰਚੱਲਤ ਹਨ। ਇਨ੍ਹਾਂ ਫਿਰਕਿਆਂ ਨਾਲ ਸਬੰਧਤ ਸਾਧੂ ਉਕਤ ਵਰਣਿਤ ਜੀਵਨ ਜਾਚ ਨੂੰ ਆਪਣੇ ਫਿਰਕੇ ਦੇ ਆਧਾਰ ਅਸੂਲ ਜਾਣਦੇ ਹੋਏ, ਇਨ੍ਹਾਂ ਦੀ ਪਾਲਣਾ ਕਰ ਰਹੇ ਹਨ।

ਅਜੋਕੇ ਦੌਰ ਵਿਚ ਵੀ ਕਈ ਧਾਰਮਿਕ ਫਿਰਕਿਆਂ ਵਿਚ ਜਪ-ਤਪ ਰਾਹੀਂ ਸਰੀਰ ਨੂੰ ਵਿਭਿੰਨ ਪ੍ਰਕਾਰ ਦੇ ਕਸ਼ਟ ਦਿੱਤੇ ਜਾਂਦੇ ਹਨ। ਮੂਰਤੀ-ਪੂਜਾ ਦਾ ਪ੍ਰਚਲਨ ਹੁਣ ਵੀ ਹੈ। ਅਜੋਕੇ ਦੌਰ ਵਿਚ ਵੀ ਚੌਂਕਾ-ਕਾਰ ਦਾ ਪ੍ਰਚਲਨ ਹੈ। ਕਈ ਮੰਦਰਾਂ ਵਿਚ ਸ਼ੂਦਰਾਂ ਦੇ ਪ੍ਰਵੇਸ਼ ਦੀ ਮਨਾਹੀ ਹੈ। ਅਜੋਕੇ ਦੌਰ ਵਿਚ ਵੀ ਪਿਤਰਾਂ ਦੀ ਯਾਦ ਵਿਚ ਸ਼ਰਾਧ ਕੀਤੇ ਜਾਂਦੇ ਹਨ। ਨਵ-ਜਨਮੇ ਬੱਚੇ ਵਾਲੇ ਘਰ ਵਿਚ ਹੁਣ ਵੀ ਸੂਤਕ ਮੰਨਿਆ ਜਾਂਦਾ ਹੈ। ਅਜੋਕੇ ਦੌਰ ਵਿਚ ਵੀ ਵਿਭਿੰਨ ਵਰਤਾਂ ਦਾ ਪ੍ਰਚਲਨ ਹੈ। ਵੱਖ-ਵੱਖ ਥਿੱਤਾਂ, ਵਾਰਾਂ ਅਤੇ ਤਿਉਹਾਰਾਂ ਤੇ ਵਰਤ ਰੱਖੇ ਜਾਂਦੇ ਹਨ। ਇਸਲਾਮ ਅਨੁਸਾਰ ਮੁਸਲਮਾਨ ਲਈ ਹੱਜ ਜ਼ਰੂਰੀ ਖ਼ਿਆਲ ਕੀਤਾ ਜਾਂਦਾ ਹੈ। ਇਸਲਾਮ ਵਿਚ ਹਰਾਮ ਅਤੇ ਹਲਾਲ ਦੀ ਧਾਰਮਿਕ ਮਨੌਤ ਅੱਜ ਵੀ ਹੈ। ਜੀਵਨ ਦੇ ਲਗਭਗ ਹਰ ਖੇਤਰ ਵਿਚ ਉਸਤਾਦ-ਸ਼ਾਗਿਰਦ ਪਰੰਪਰਾ ਦਾ ਪ੍ਰਚਲਨ ਹੈ। ਅਜੋਕੇ ਦੌਰ ਵਿਚ ਵੀਲੋਕ-ਪਰਲੋਕ ਦੀ ਮਨੌਤ ਵਿਚ ਯਕੀਨ ਕੀਤਾ ਜਾਂਦਾ ਹੈ।

ਅਜੋਕੇ ਦੌਰ ਵਿਚ ਵੀ ਜੰਮਣ-ਮਰਨ ਦੇ ਫੇਰ ਦੀ ਮਨੌਤ ਵਿਚ ਯਕੀਨ ਕੀਤਾ ਜਾਂਦਾ ਹੈ। ਅਜੋਕੇ ਦੌਰ ਵਿਚ ਵੀ ਪੁੰਨ-ਦਾਨ ਕਰਨ ਵਾਲੇ ਮਨੁੱਖ ਨੂੰ ਸਤਿਕਾਰ ਮਿਲਦਾ ਹੈ। ਕਈ ਲੋਕ ਸਤਿਕਾਰ ਦੀ ਖ਼ਾਤਰ ਹੀ ਪੁੰਨ-ਦਾਨ ਕਰਦੇ ਹਨ ਜਿਸਦਾ ਜਿਉਂਦਾ-ਜਾਗਦਾ ਸਬੂਤ ਧਾਰਮਿਕ ਸਥਾਨਾਂ 'ਤੇ ਦਿਸਦੀਆਂ ਨਿੱਕੀਆਂ-ਮੋਟੀਆਂ ਚੀਜ਼ਾਂ ਉੱਪਰ ਮੋਟੇ ਅੱਖਰਾਂ ਵਿਚਲਿਖੇ ਦਾਨੀਆਂ ਦੇ ਨਾਂ ਹਨ। ਅਜੋਕਾਮਨੁੱਖ ਮੰਨਦਾ ਹੈ ਕਿ ਉਸਦੀ ਇੱਛਾ ਜਾਂ ਸ਼ੁਕਰਾਨਾ ਅਰਦਾਸ ਰਾਹੀਂ ਪ੍ਰਭੂ ਪਾਸ ਪਹੁੰਚ ਜਾਂਦਾ ਹੈ। ਧਰਮ ਨਾਲ ਸਬੰਧਤ ਹੋਣ ਕਾਰਨ ਮੁਸਲਮਾਨ ਲੋਕ ਅੱਜ ਵੀ ਇਸ ਮਨੌਤ ਵਿਚ ਵਿਸ਼ਵਾਸ ਰੱਖਦੇ ਹਨ।

ਅਜੋਕੇ ਦੌਰ ਦਾ ਰਾਜਨੀਤਕ ਤਾਣਾ-ਬਾਣਾ ਵੀ ਆਮ ਸ਼ਹਿਰੀ ਦਾ ਜੀਵਨ ਸੁਖੀ ਨਹੀਂ ਬਣਾ ਸਕਿਆ। ਆਮ ਸ਼ਹਿਰੀ ਅੱਜ ਵੀ ਆਪਣੀਆਂ ਮੂਲ ਲੋੜਾਂ ਦੀ ਪੂਰਤੀ ਲਈ ਸੰਘਰਸ਼ ਕਰ ਰਿਹਾ ਹੈ। ਅਮੀਰ ਤੇ ਗ਼ਰੀਬ ਦਾ ਪਾੜਾ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਮਹਿੰਗਾਈ ਅਤੇ ਗ਼ਰੀਬੀ ਦਾ ਗ੍ਰਾਫ਼ ਉੱਚਾ ਹੁੰਦਾ ਜਾ ਰਿਹਾ ਹੈ। ਅਜੋਕੇ ਲੋਕਤੰਤਰੀ ਯੁੱਗ ਵਿਚ ਵੀ ਜਨਤਾ ਆਪਣੀ ਹੋਣੀ ਦਾ ਰੋਣਾ ਰੋ ਰਹੀ ਹੈ। ਸਿਆਸਤ ਵਿਚ ਪਰਿਵਾਰਵਾਦ ਭਾਰੂ ਹੈ, ਜਿਹੜਾ ਮੱਧਕਾਲ ਦੇ ਰਾਜਾਸ਼ਾਹੀ ਯੁੱਗ ਦੀ ਯਾਦ ਦੁਆਉਂਦਾ ਹੈ। ਸੱਤਾ ਦੇ ਹੰਕਾਰ ਵਿਚ ਸੱਤਾਧਾਰੀ ਲੋਕ ਕਈ ਵਾਰ ਬੇਹੁਦਗੀਆਂ ਕਰ ਬੈਠਦੇ ਹਨ।

ਅਜੋਕੇ ਦੌਰ ਵਿਚ ਰਾਜਾਸ਼ਾਹੀ ਤਾਂ ਨਹੀਂ ਪਰ ਲੋਕਤੰਤਰੀ ਨਿਜ਼ਾਮ ਵਿਚ ਸੱਤਾਧਾਰੀਆਂ ਦਾ ਜੀਵਨ ਰਾਜਿਆਂ ਵਾਂਗ ਹੀ ਐਸ਼-ਪ੍ਰਸਤੀ ਵਾਲਾ ਹੈ। ਉਹ ਮਹਿਲ-ਨੁਮਾ ਮਕਾਨਾਂ (ਕੋਠੀਆਂ) ਵਿਚ ਰਹਿੰਦੇ ਹਨ ਤੇ ਉਨ੍ਹਾਂ ਦੀ ਸੇਵਾ ਵਿਚ ਵੱਡੀ ਗਿਣਤੀ ਵਿਚ ਕਰਮਚਾਰੀ ਤਾਇਨਾਤ ਰਹਿੰਦੇ ਹਨ। ਉਹ ਕਈ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਦਾ ਲਾਭ ਉਠਾਉਂਦੇ ਹਨ। ਵੱਡੇ-ਵੱਡੇ ਅਧਿਕਾਰੀ ਉਨ੍ਹਾਂ ਦੀ ਸਹਾਇਤਾ ਲਈ ਮੌਜੂਦ ਰਹਿੰਦੇ ਹਨ। ਵੱਖ-ਵੱਖ ਕੰਮਾਂ ਨੂੰ ਵਿਭਿੰਨ ਵਿਭਾਗਾਂ ਵੱਚ ਵੰਡ ਕੇ ਉਨ੍ਹਾਂ ਵਿਭਾਗਾਂ ਦੀਆਂ ਜ਼ਿੰਮੇਵਾਰੀਆਂ ਦੀ ਵੰਡ ਦੂਜੇ ਮੰਤਰੀਆਂ ਨੂੰ ਕੀਤੀ ਜਾਂਦੀ ਹੈ।

ਅਜੋਕੇ ਲੋਕਤੰਤਰੀ ਯੁੱਗ ਵਿਚ ਸੱਤਾ ਹਾਸਲ ਕਰਨ ਲਈ ਵਿਰੋਧੀਆਂ ਨੂੰ ਚਿੱਤ ਕਰਨ ਦੇ ਭਰਪੂਰ ਯਤਨ ਕੀਤੇ ਜਾਂਦੇ ਹਨ। ਇਹ ਰਣ ਤੱਤੇ ਦੀ ਥਾਂ ਮਾਨਸਿਕ ਪੱਧਰ 'ਤੇ ਲੜੇ ਜਾਂਦੇ ਹਨ। ਵਿਰੋਧੀਆਂ ਨੂੰ ਧੂੜ ਚਟਾਉਣ ਲਈ ਕਈ ਤਰ੍ਹਾਂ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ ਬਦਨਾਮ ਕਰਕੇ ਖ਼ੁਦ ਸੱਤਾ ਪ੍ਰਾਪਤ ਕਰਨ ਦੇ ਯਤਨ ਕੀਤੇ ਜਾਂਦੇ ਹਨ। ਆਪਣੀ ਪ੍ਰਭੂਸੱਤਾ ਨੂੰ ਖ਼ਤਰਾ ਦੇਖ ਕੇ ਕਈ ਵਾਰ ਦੂਜੇ ਦੇਸ਼ਾਂ ਨਾਲ ਵੀ ਲੜਾਈ ਕਰਨ ਦੀ ਨੌਬਤ ਵੀਆ ਜਾਂਦੀ ਹੈ। ਅਜੋਕੇ ਦੌਰ ਵਿਚ ਸੱਤਾ-ਪ੍ਰਬੰਧ ਦੁਆਰਾ ਜਨਤਾ ਉੱਪਰ ਆਮਦਨ ਕਰ ਅਤੇ ਹੋਰ ਕਈ ਤਰ੍ਹਾਂ ਦੇ ਟੈਕਸ (ਸੈੱਸ) ਲਗਾਏ ਜਾਂਦੇ ਹਨ।

ਅਜੋਕੇ ਦੌਰ ਵਿਚ ਦੋਸ਼ੀ ਮਨੁੱਖ ਨੂੰ ਸਜ਼ਾ ਦੇਣ ਲਈ ਨਿਆਂ-ਵਿਵਸਥਾ ਦਾ ਪ੍ਰਬੰਧ ਹੈ, ਜਿਹੜੀ ਸੱਤਾ ਦੇ ਕੰਟ੍ਰੋਲ ਤੋਂ ਸੁਤੰਤਰ ਵਿਵਹਾਰ ਕਰਦੀ ਹੈ। ਅਜੋਕੇ ਦੌਰ ਵਿਚ ਵੀ ਕਈ ਥਾਈਂ ਸੀਰੀ-ਪ੍ਰਥਾ ਦਾ ਪ੍ਰਚਲਨ ਹੈ, ਜਿੱਥੇ ਪੀੜ੍ਹੀ-ਦਰ-ਪੀੜ੍ਹੀ ਸੀਰੀ ਲੋਕ ਆਪਣੇ ਮਾਲਕਾਂ ਦੀ ਗ਼ੁਲਾਮੀ ਕਰਦੇ ਹਨ। ਅਜੋਕੇ ਦੌਰ ਵਿਚ ਵੀ ਰਸਤਿਆਂ (ਸੜਕਾਂ) ਤੋਂ ਗੁਜ਼ਰਨ ਲਈ ਨਿਸ਼ਚਿਤ ਫ਼ੀਸ ਅਦਾ ਕਰਨੀ ਹੁੰਦੀ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਪ੍ਰਸਤੁਤ ਵਿਚਾਰਧਾਰਾ ਦੀ ਵਰਤਮਾਨ ਕਾਲ ਵਿਚ ਪ੍ਰਸੰਗਕਤਾ

ਸਬੰਧਤ ਖੋਜ-ਕਾਰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਪ੍ਰਸਤੁਤ ਵਿਚਾਰਧਾਰਾ ਦੀ ਵਰਤਮਾਨ ਪ੍ਰਸੰਗਿਕਤਾ ਦਾ ਅਧਿਐਨ ਕੀਤਾ ਗਿਆ ਹੈ। ਸਿੱਧ ਹੁੰਦਾ ਹੈ ਕਿ ਇਹ ਵਿਚਾਰਧਾਰ ਤਤਕਾਲੀ ਦੌਰ ਵਿਚ ਜਿੰਨੀ ਮਹੱਤਵਪੂਰਨ ਸੀ, ਓਨੀ ਹੀ ਅੱਜ ਵੀ ਮਾਨਵ-ਕਲਿਆਣਕਾਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸਲੋਕ ਬਾਣੀ-ਰੂਪ ਵਿਚ ਪ੍ਰਸਤੁਤ ਵਿਚਾਰਧਾਰਾ ਵਰਤਮਾਨ ਯੁੱਗ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਦੇ ਸਰਬ-ਸਮਰੱਥ ਹੈ। ਜਦੋਂ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਗੁਰਬਾਣੀ, ਜਿੱਥੇ ਕਿਸੇ ਸਮੱਸਿਆ ਦਾ ਸਰੂਪ ਬਿਆਨ ਕਰਦੀ ਹੈ, ਓਥੇ ਉਸ ਸਮੱਸਿਆ ਦਾ ਵਾਜਬ ਅਤੇ ਸਟੀਕ ਹੱਲ ਵੀ ਦੱਸਦੀ ਹੈ। ਅਸਲ ਵਿਚ ਮਨੁੱਖ ਦੀਆਂ ਸਮੱਸਿਆਵਾਂ ਦੀ ਜੜ੍ਹ ਉਸਦੀਆਂ ਮੂਲ ਵਿਕਾਰੀ ਪ੍ਰਵਿਰਤੀਆਂ ਵਿਚ ਪਈ ਹੋਈ ਹੈ। ਅਜੋਕੇ ਮਨੁੱਖ ਨੂੰ ਦਰਪੇਸ਼ ਆਉਂਦੀਆਂ ਸਮੱਸਿਆਵਾਂ ਉਸਦੇ ਮੂਲ ਵਿਕਾਰਾਂ ਵਿੱਚੋਂ ਹੀ ਉਪਜੀਆਂ ਹਨ। ਗੁਰਮਤਿ ਦਾ ਫ਼ਲਸਫਾ ਮਨੁੱਖ ਨੂੰ ਚੰਗੇ ਗੁਣ ਧਾਰਨ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਬੌਧਿਕ

ਪੱਧਰ 'ਤੇ ਉਸਨੂੰ ਇੱਕ ਜ਼ਿੰਮੇਵਾਰ ਵਿਸ਼ਵ ਨਾਗਰਿਕ ਵਜੋਂ ਤਿਆਰ ਕਰਨਾ ਚਾਹੁੰਦਾ ਹੈ। ਅਜੋਕਾ ਮਨੁੱਖ ਜੇਕਰ ਗੁਰਮਤਿ ਦੇ ਇਸ ਆਸ਼ੇ ਨੂੰ ਆਪਣੇ ਜੀਵਨ ਵਿਚ ਢਾਲ ਲਵੇ ਤਾਂ ਇਹ ਸੰਸਾਰ ਸੁੱਖਾਂ ਦੀ ਨਗਰੀ ਬਣ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸਰਬ-ਕਲਿਆਣਕਾਰੀ ਹੈ ਅਤੇ ਜੇਕਰ ਮਨੁੱਖ ਇਸ ਵਿਚਾਰਧਾਰਾ ਨੂੰ ਆਤਮਸਾਤ ਕਰ ਲਵੇ ਤਾਂ ਸੰਸਾਰ ਦੇ ਹਾਲਾਤ ਬਦਲ ਸਕਦੇ ਹਨ ਅਤੇ ਇਹ ਸੰਸਾਰ ਸੁੱਖਾਂ ਦੀ ਨਗਰੀ ਬਣ ਸਕਦਾ ਹੈ।

ਗੁਰੂ ਸਾਹਿਬ ਨੇ ਨਾ ਸਿਰਫ਼ ਤਤਕਾਲੀ ਭ੍ਰਿਸ਼ਟ ਰਾਜਨੀਤਕ ਵਿਵਸਥਾ ਦਾ ਪਾਜ ਹੀ ਉਘਾੜਿਆ ਸਗੋਂ ਇਸ ਭ੍ਰਿਸ਼ਟ ਵਿਵਸਥਾ ਦਾ ਸੁਹਿਰਦ ਬਦਲ ਵੀ ਪੇਸ਼ ਕੀਤਾ। ਗੁਰੂ ਸਾਹਿਬ ਚਾਹੁੰਦੇ ਸਨ ਕਿ ਰਾਜ-ਵਿਵਸਥਾ ਇਹੋ ਜਿਹੀ ਹੋਵੇ ਜਿੱਥੇ ਲੋਕਾਈ ਸੁਖੀ ਵਸ ਸਕੇ। ਇਹ ਤਦ ਹੀ ਹੋ ਸਕਦਾ ਸੀ ਜੇਕਰ ਸ਼ਾਸਕ-ਪ੍ਰਸ਼ਾਸਕ ਲੋਕ ਆਪਣੀ ਜ਼ਿੰਮੇਵਾਰੀ ਨੂੰ ਠੀਕ ਰੂਪ ਵਿਚ ਸਮਝਣ ਅਤੇ ਉਸਨੂੰ ਲਾਗੂ ਕਰਨ। ਇਹ ਨਿਰਦੇਸ਼ ਜਾਰੀ ਕਰਦਿਆਂ ਮੁਖ ਸੁਰ ਭਾਵੇਂ ਅਧਿਆਤਮਿਕ ਹੀ ਹੈ ਪਰ ਗਹੁ ਨਾਲ ਦੇਖਿਆ ਪਤਾ ਲੱਗਦਾ ਹੈ ਕਿ ਇਹ ਦਿਸ਼ਾ-ਨਿਰਦੇਸ਼ ਸੱਤਾ ਪੱਖ ਨੂੰ ਹਨ। ਦੁਨਿਆਵੀ ਰਾਜ-ਵਿਵਸਥਾ ਦੇ ਸਨਮੁਖ ਪ੍ਰਭੂ ਦੇ ਰਾਜ ਦੀ ਗੱਲ ਕਰਨਾ ਵੀ ਇੱਕ ਆਦਰਸ਼ ਰਾਜ ਦੀ ਸਥਾਪਨਾ ਵੱਲ ਇਸ਼ਾਰਾ ਕਿਹਾ ਜਾ ਸਕਦਾ ਹੈ। ਗੁਰੂ ਸਾਹਿਬ ਇਸ ਸਿਧਾਂਤ ਰਾਹੀਂ ਇੱਕ ਆਦਰਸ਼ ਸ਼ਾਸਨ ਦੀ ਰੂਪ-ਰੇਖਾ ਤਿਆਰ ਕਰਦੇ ਹਨ। ਗੁਰੂ ਸਾਹਿਬ ਆਖਦੇ ਹਨ ਕਿ ਉਸ ਰਾਜੇ ਦੀ ਵਡਿਆਈ (ਸ਼ੋਭਾ) ਅਸਲੀਅਤ ਵਿਚ ਹੁੰਦੀ ਹੈ (ਪਰਜਾ ਅੰਦਰ ਪਏ ਹੋਏ ਕੇਵਲ ਡਰ ਕਾਰਨ ਨਹੀਂ) ਜਿਹੜਾ ਸੱਚ ਦਾ ਨਿਆਂ ਕਰੇ ਭਾਵ ਨਿਆਂਕਾਰੀ ਹੋਵੇ (ਸਪਸ਼ਟ ਹੈ ਕਿ ਇਹ ਵਿਵਸਥਾ ਤਤਕਾਲੀ ਰੱਤ-ਪੀਣੇ ਰਾਜਿਆਂ ਨੂੰ ਮੁੱਖ ਰੱਖ ਕੇ ਹੀ ਸੀ) ਅਤੇ ਉਹ ਕਿਸੇ ਡਰ ਜਾਂ ਲਿਹਾਜ਼ ਕਾਰਨ ਆਪਣਾ ਫ਼ੈਸਲਾ ਨਾ ਬਦਲੇ ਭਾਵ ਇਨ੍ਹਾਂ ਗੱਲਾਂ ਤੋਂ ਉੱਪਰ ਉੱਠ ਕੇ ਪਰਜਾ ਦੇ ਹੱਕ ਦੀ ਗੱਲ ਕਰੇ (ਪਰਜਾ ਦੇ ਹਿੱਤ ਨੂੰ ਮੁੱਖ ਰੱਖੇ) ਜਦਕਿ ਰਾਜੇ ਦੇਸੀ ਆਗੂਆਂ ਦੀ ਚਾਪਲੂਸੀ ਵਿਚ ਅਥਵਾ ਬਹਿਕਾਵੇ ਵਿਚ ਆ ਕੇ ਪਰਜਾ ਨੂੰ ਲੁੱਟ ਰਹੇ ਸਨ। ਰਾਜਾ ਅਜਿਹਾ ਹੋਵੇ ਜੋ ਕਿਸੇ ਦੇ ਦਰਦ ਨੂੰ ਸਮਝ ਸਕਦਾ ਹੋਵੇ। ਉਹ ਸਭ ਦੇ ਦਿਲ ਦੀ ਬੁੱਝ ਲੈਂਦਾ ਹੋਵੇ ਭਾਵ ਲੋਕ-ਰਾਇ ਨੂੰ ਜਾਣ ਕੇ ਉਸ ਅਨੁਸਾਰ ਨੀਤੀਆਂ ਬਣਾਵੇ ਤਾਂ ਜੋ ਪਰਜਾ ਦਾ ਹਿੱਤ ਹੋ ਸਕੇ। ਉਹ ਕਿਸੇ ਨੂੰ ਪੁੱਛ ਕੇ (ਕਿਸੇ ਦੇ ਦਬਾਅ ਅਧੀਨ ਹੋ ਕੇ) ਕਿਸੇ ਨੂੰ ਦਾਤ ਨਾ ਦਿੰਦਾ ਹੋਵੇ ਭਾਵ ਉਹ ਦਾਤ ਦਾ ਆਧਾਰ ਅਗਲੇ ਦੀ ਯੋਗਤਾ ਹੋਵੇ। ਉਹ ਅਸੂਲਾਂ ਦੇ ਆਧਾਰ ਤੇ ਸ਼ਾਸਨ ਚਲਾਵੇ ਅਤੇ ਜੋ ਕੁਝ ਕਰਨਾ ਹੈ ਸੋਚ-ਸਮਝ ਕੇ ਕਰੇ।

ਸ਼ਾਸਕ ਅਜਿਹਾ ਨਹੀਂ ਹੋਣਾ ਚਾਹੀਦਾ ਜਿਹੜਾ ਜੰਗਾਂ-ਯੁੱਧਾਂ ਨੂੰ ਤਰਜੀਹ ਦੇਵੇ ਸਗੋਂ ਉਹ ਤਾਂ ਸ਼ਾਂਤੀ ਵਰਤਾਉਣ ਵਾਲਾ ਹੋਣਾ ਚਾਹੀਦਾ ਹੈ ਤਾਂ ਜੋ ਪਰਜਾ ਸ਼ਾਂਤਮਈ ਜੀਵਨ ਬਤੀਤ ਕਰਦੀ ਹੋਈ ਸਮੁੱਚੇ ਖੇਤਰ ਦੇ ਵਿਕਾਸ ਵਿਚ ਯੋਗਦਾਨ ਦੇ ਸਕੇ। ਰਾਜੇ ਦਾ ਆਧਾਰ-ਭੂਤ ਗੁਣ ਪਰਜਾ ਨਾਲ ਨਿਆਂ ਕਰਨਾ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਪ੍ਰਭੂ ਦੇ ਦਰਬਾਰ ਵਿਚ ਮਨੁੱਖ ਦੇ ਕਰਮਾਂ (ਕੀਤੇ ਹੋਏ ਕੰਮਾਂ) ਅਨੁਸਾਰ ਫਲ਼ ਦਿੱਤੇ ਜਾਂਦੇ ਹਨ ਉਸੇ ਤਰ੍ਹਾਂ ਹੀ ਸ਼ਾਸਕ ਦੀ ਨਿਆਂ ਪ੍ਰਣਾਲੀ ਵਿਚ ਵੀ ਮਨੁੱਖ ਦੇ ਗੁਣਾਂ-ਦੋਸ਼ਾਂ ਦੇ ਆਧਾਰ 'ਤੇ ਹੀ ਨਿਆਂ ਹੋਣਾ ਚਾਹੀਦਾ ਹੈ।

ਜਦੋਂ ਬਾਣੀਕਾਰਾਂ ਦੁਆਰਾ ਉੱਪਰ ਦਿੱਤੇ ਗਏ ਰਾਜਨੀਤਕ ਮਾਡਲ ਦੇ ਸਰੂਪ ਵੱਲ ਨਜ਼ਰ ਮਾਰੀ ਜਾਂਦੀ ਹੈ ਤਾਂ ਇੱਕ ਪਾਸੇ ਤਾਂ ਵਰਤਮਾਨ ਦੌਰ ਦੀਆਂ ਰਾਜਨੀਤਕ ਪਰਿਪਾਟੀਆਂ ਵੱਲ ਦੇਖ ਕੇ ਦੁੱਖ ਹੁੰਦਾ ਹੈ ਤੇ ਦੂਸਰਾ ਬਾਣੀਕਾਰਾਂ ਦੁਆਰਾ ਦਰਸਾਏ ਗਏ ਉਕਤ

ਮਾਡਲ ਵਿਚ ਸਮਾਜ ਲਈ ਇੱਕ ਰੋਸ਼ਨੀ ਦੀ ਕਿਰਨ ਦਿਖਾਈ ਦਿੰਦੀ ਹੈ। ਸਚੁਮੱਚ ਹੀ ਇਹ ਰਾਜਨੀਤਕ ਮਾਡਲ ਸਮਾਜ ਲਈ ਆਦਰਸ਼ ਰਾਜਨੀਤਕ ਮਾਡਲ ਦਿਖਾਈ ਪੈਂਦਾ ਹੈ।

## ਅਜਿਹੇ ਮਨੁੱਖਤਾਵਾਦੀ ਦਰਸ਼ਨ ਦੇ ਹੁੰਦਿਆਂ-ਸੁੰਦਿਆਂ ਅਜੋਕੇ ਮਾਨਵ ਦਾ ਕਸ਼ਟਾਂ ਵਿਚ ਭਰਪੂਰ ਗ੍ਰਸੇ ਹੋਣ ਦੇ ਕਾਰਨ ਅਤੇ ਇਸ ਮਨੁੱਖ-ਕਲਿਆਣਕਾਰੀ ਵਿਚਾਰਧਾਰਾ ਦੇ ਅਜੋਕੇ ਮਾਨਵ ਦੀ ਸਹਿਜ ਪਹੁੰਚ ਵਿਚ ਹੁੰਦਿਆਂ ਹੋਇਆਂ ਵੀ ਇਸ ਤੋਂ ਦੂਰ ਹੋਣ ਦੇ ਕਾਰਕਾਂ ਦੀ ਨਿਸ਼ਾਨਦੇਹੀ

ਉਕਤ ਪ੍ਰਸ਼ਨ ਦੇ ਉੱਤਰ ਦੀ ਭਾਲ ਵਿਚ ਪਾਠ-ਅਧਿਐਨ ਦੇ ਨਾਲ-ਨਾਲ ਖੇਤਰੀ ਕਾਰਜ ਵੀ ਕੀਤਾ ਗਿਆ। ਖੇਤਰੀ ਕਾਰਜ ਦੌਰਾਨ ਸਮਾਜ ਦੀਆਂ ਕਈ ਸਰਬ-ਪ੍ਰਵਾਨਿਤ ਸ਼ਖ਼ਸੀਅਤਾਂ, ਧਾਰਮਿਕ ਮੁਖੀਆਂ, ਪ੍ਰਸਿੱਧ ਵਿਸ਼ੇਸ਼ੱਗਾਂ ਅਤੇ ਸੰਸਥਾਵਾਂ ਦੇ ਮੁਖੀਆਂ ਨਾਲ ਵਾਰਤਾਲਾਪ ਕੀਤਾ ਗਿਆ, ਜਿਸਦੇ ਆਧਾਰ 'ਤੇ ਸਿੱਟੇ ਕੱਢੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਸਰਬ-ਕਲਿਆਣਕਾਰੀ ਹੈ ਅਤੇ ਜੇਕਰ ਮਨੁੱਖ ਇਸ ਵਿਚਾਰਧਾਰਾ ਨੂੰ ਆਤਮਸਾਤ ਕਰ ਲਵੇ ਤਾਂ ਸੰਸਾਰ ਦੇ ਹਾਲਾਤ ਬਦਲ ਸਕਦੇ ਹਨ ਅਤੇ ਇਹ ਸੰਸਾਰ ਸੁੱਖਾਂ ਦੀ ਨਗਰੀ ਬਣ ਸਕਦਾ ਹੈ ਪਰ ਹਾਲਾਤ ਇਸ ਗੱਲ ਦੇ ਉਲਟ ਹਨ। ਮਨੁੱਖ ਨੇ ਇਸ ਵਿਚਾਰਧਾਰਾ ਤੋਂ ਅਜੇ ਤੱਕ ਵੀ ਦੂਰੀ ਬਣਾ ਰੱਖੀ ਹੈ। ਉਨ੍ਹਾਂ ਕਾਰਕਾਂ ਦੀ ਨਿਸ਼ਾਨਦੇੇਹੀ ਕਰਨ ਦਾ ਯਤਨ ਕੀਤਾ ਗਿਆ ਹੈ ਜਿਨ੍ਹਾਂ ਕਾਰਨ ਮਨੁੱਖ ਇਸ ਵਿਚਾਰਧਾਰਾ ਤੋਂ ਦੂਰ ਹੈ।

ਪਹਿਲਾ ਕਾਰਨ ਹੈ ਕਿ ਗੁਰਮਤਿ ਦੀ ਵਿਚਾਰਧਾਰਾ ਦੇ ਪ੍ਰਸਾਰ ਲਈ ਵੱਡੇ ਪੱਧਰ 'ਤੇ ਯਤਨ ਕਰਨ ਦੀ ਲੋੜ ਹੈ। ਆਪਣੀ ਸੋਚਣੀ ਨੂੰ ਵਿਸ਼ਾਲ ਬਣਾ ਕੇ ਸਮੁੱਚੇ ਵਿਸ਼ਵ ਦੇ ਭਾਈਚਾਰਿਆਂ ਦੇ ਲੋਕਾਂ ਨੂੰ ਗਲਵੱਕੜੀ ਵਿਚ ਲੈਣ ਦੀ ਲੋੜ ਹੈ। ਧਰਮ-ਸਥਾਨਾਂ ਦੀ ਯੋਗ ਸੰਭਾਲ ਕੀਤੀ ਜਾਣੀ ਚਾਹੀਦੀ ਹੈ। ਗ੍ਰੰਥੀ ਲੋਕ ਵਿਦਵਾਨ ਅਤੇ ਧਰਮ ਨੂੰ ਸਮਰਪਿਤ ਹੋਣੇ ਚਾਹੀਦੇ ਹਨ। ਉਕਤ ਪ੍ਰਸ਼ਨ ਦੇ ਉੱਤਰ ਦੀ ਭਾਲ਼ ਵਿਚ ਵੱਖ-ਵੱਖ ਵਿਦਵਾਨਾਂ ਅਤੇ ਸਨਮਾਨਿਤ ਸ਼ਖ਼ਸੀਅਤਾਂ ਨਾਲ ਮੁਲਾਕਾਤ ਕੀਤੀ ਗਈ ਜਿਸ ਵਿਚ ਕਈ ਨੁਕਤੇ ਸਾਹਮਣੇ ਆਏ। ਸੰਸਾਰਕ ਲੋਭ-ਲਾਲਚ ਦੀ ਪ੍ਰਵਿਰਤੀ ਇਸ ਮਾਨਵਵਾਦੀ ਫ਼ਲਸਫ਼ੇ ਤੋਂ ਦੂਰ ਰੱਖਣ ਵਿਚ ਆਪਣਾ ਰੋਲ ਨਿਭਾ ਰਹੀ ਹੈ। ਮਨੁੱਖ ਦੂਜਿਆਂ ਨੂੰ ਤਾਂ ਉਪਦੇਸ਼ ਦਿੰਦਾ ਹੈ ਪਰ ਉਸ ਉਪਦੇਸ਼ 'ਤੇ ਆਪ ਪਹਿਰਾ ਨਹੀਂ ਦਿੰਦਾ। ਜਿਨ੍ਹਾਂ ਦੀ ਸਿੱਖਿਆ 'ਤੇ ਸੰਸਾਰ ਅਮਲ ਕਰਦਾ ਹੈ (ਜਿਹੜੇ ਆਪ ਸਤਿਗੁਰੂ ਦਾ ਬਚਨ ਕਮਾਉਂਦੇ ਹਨ) ਉਨ੍ਹਾਂ ਨੂੰ ਭੇਖੀ ਆਖ ਕੇ ਨਿੰਦਿਆ ਜਾਂਦਾ ਹੈ।

ਸੰਸਾਰ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ, ਸਰਲ ਢੰਗ ਨਾਲ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਫ਼ਿਲਾਸਫ਼ੀ ਦਾ ਪਰਚਾਰ ਹੋਣਾ ਜ਼ਰੂਰੀ ਹੈ ਤਾਂ ਜੋ ਸਮੁੱਚਾ ਵਿਸ਼ਵ ਇਸ ਵਿਚਾਰਧਾਰਾ ਦਾ ਮਹੱਤਵ ਸਮਝ ਸਕੇ। ਇਹ ਕੰਮ ਨਿਰੋਲ ਗੁਰਮਤਿ ਦੇ ਸਿੱਧਾਂਤਾਂ ਉੱਪਰ ਆਧਾਰਿਤ ਹੋਣਾ ਚਾਹੀਦਾ ਹੈ ਅਤੇ ਵਿਸ਼ਾਲ ਗਿਆਨ ਦੇ ਧਾਰਨੀਆਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਸ ਵਿਚ ਕੋਈ ਮਿਲਾਵਟ ਨਾ ਹੋ ਸਕੇ। ਵਿਦਵਾਨਾਂ, ਪਰਚਾਰਕਾਂ ਅਤੇ ਵਿਆਖਿਆਕਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ ਅਜੋਕੇ ਪ੍ਰਸੰਗ ਵਿਚ ਦ੍ਰਿੜ੍ਹ ਕਰਵਾਉਣਾ ਚਾਹੀਦਾ ਹੈ। ਬੌਧਿਕ ਤਬਕੇ ਨੂੰ ਆਪਣੀ ਜ਼ਿੰਮੇਵਾਰੀ ਸੁਹਿਰਦ ਢੰਗ ਨਾਲ ਨਿਭਾਉਣੀ ਚਾਹੀਦੀ ਹੈ। ਬਹੁਤੀ

ਵਾਰ ਧਾਰਮਿਕ ਆਗੂ ਵੀ ਗੁਰਮਤਿ ਦੇ ਮੂਲ ਸਿੱਧਾਂਤਾਂ ਨੂੰ ਸਮਝ ਅਤੇ ਅਪਣਾਅ ਨਹੀਂ ਪਾਉਂਦੇ ਜਿਸ ਉੱਪਰ ਵਿਚਾਰ ਹੋਣੀ ਚਾਹੀਦੀ ਹੈ।

ਬਾਣੀਕਾਰਾਂ ਦੁਆਰਾ ਦਰਸਾਇਆ ਗਿਆ ਰਾਜਨੀਤਕ ਮਾੱਡਲ ਸਾਡੀ ਰਾਜਨੀਤਕ ਵਿਵਸਥਾ ਵਿਚ ਲਾਗੂ ਕਿਉਂ ਨਹੀਂ ਹੋਪਾਇਆ? ਇਸ ਪ੍ਰਸ਼ਨ ਦੇ ਹੱਲ ਲਈ ਵੱਖ-ਵੱਖ ਵਿਦਵਾਨਾਂ ਅਤੇ ਸਨਮਾਨਿਤ ਸ਼ਖ਼ਸੀਅਤਾਂ ਨਾਲ ਵਿਚਾਰ-ਚਰਚਾ ਕੀਤੀ ਗਈ। ਜਿਸ ਵਿਚ ਅੱਗੇ ਲਿਖੇ ਨੁਕਤੇ ਸਾਹਮਣੇ ਆਏ।

ਅਜੋਕੇ ਸੱਤਾਧਾਰੀ ਲੋਕ ਹਉਮੈ ਭਾਵ ਤੋਂ ਪੀੜਤ ਹਨ। ਉਹ ਸੱਤਾ ਪ੍ਰਾਪਤ ਕਰਨ ਤੋਂ ਬਾਅਦ ਆਪਣਾ ਹੁਕਮ ਚਲਾਉਣਾ ਚਾਹੁੰਦੇ ਹਨ ਜਦਕਿ ਗੁਰਬਾਣੀ ਦਾ ਆਸ਼ਾ ਲੋਕ-ਕਲਿਆਣ ਹੈ। ਸੱਤਾ ਦਾ ਨਸ਼ਾ ਮਨੁੱਖ ਨੂੰ ਆਪ ਹੁਦਰਾ ਕਰ ਦਿੰਦਾ ਹੈ ਅਤੇ ਉਹ ਜਨਤਾ ਨਾਲੋਂ ਆਪਣੇ ਹਿੱਤਾਂ ਨੂੰ ਵਧੇਰੇ ਪਹਿਲ ਦਿੰਦਾ ਹੈ। ਤਦ ਲੋਕ ਕਲਿਆਣ ਕਿਤੇ ਦੂਰ ਹੀ ਰਹਿ ਜਾਂਦਾ ਹੈ।

ਸੱਤਾਧਾਰੀ ਲੋਕ ਧਰਮ (ਜੀਵਨ ਮਾਰਗ) ਅਤੇ ਦੇਸ਼-ਭਗਤੀ ਦੀ ਭਾਵਨਾ ਤੋਂ ਦੂਰ ਹਨ। ਜਦੋਂ ਤੱਕ ਉਨ੍ਹਾਂ ਅੰਦਰ ਚੰਗੇ ਗੁਣ ਨਹੀਂ ਹੋਣਗੇ ਜਾਂ ਸਮਾਜ ਚੰਗੇ ਗੁਣਾਂ ਵਾਲੇ ਮਨੁੱਖਾਂ ਨੂੰ ਅੱਗੇ ਨਹੀਂ ਲੈ ਕੇ ਆਵੇਗਾ, ਤਦ ਤੱਕ ਗੁਰੂ ਸਾਹਿਬਾਨ ਦਾ ਦਰਸਾਇਆ ਮਾੱਡਲ ਲਾਗੂ ਹੋਣਾ ਕਠਿਨ ਹੈ।

ਸੱਤਾਧਾਰੀ ਲੋਕ ਹਰ ਕਾਨੂੰਨ ਦਾ ਮਤਲਬ ਆਪਣੇ ਹਿੱਤ ਅਨੁਸਾਰ ਕੱਢ ਲੈਂਦੇ ਹਨ। ਇਸ ਲਈ ਉਹੀ ਮਨੁੱਖ ਅੱਗੇ ਆਉਣੇ ਚਾਹੀਦੇ ਹਨ ਜੋ ਆਪਣੀ ਥਾਂ ਲੋਕ-ਹਿੱਤ ਨੂੰ ਪਹਿਲ ਦੇਣ। ਸੱਤਾਧਾਰੀ ਲੋਕ ਵੈਰ-ਵਿਰੋਧ ਅਤੇ ਹੰਕਾਰ ਨਾਲ ਭਰੇ ਹੋਏ ਹਨ। ਉਹ ਦੂਜਿਆਂ ਦਾ ਬੁਰਾ ਸੋਚਦੇ ਹਨ ਅਤੇ ਦੂਜਿਆਂ ਨੂੰ ਦਬਾਉਣਾ ਚਾਹੁੰਦੇ ਹਨ। ਇਸ ਕਰਕੇ ਗੁਰਬਾਣੀ ਵਿਚ ਦਰਸਾਇਆ ਗਿਆ ਮਾੱਡਲ ਲਾਗੂ ਨਹੀਂ ਹੋ ਸਕਿਆ।

ਗੁਰਬਾਣੀ ਵਿਚ ਜਿਹੜੇ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ ਉਨ੍ਹਾਂ ਦੀ ਅਜੋਕੀ ਪ੍ਰਸੰਗਿਕਤਾ ਨੂੰ ਸਿੱਧ ਕਰਦੇ ਹੋਏ, ਉਨ੍ਹਾਂ ਦਾ ਸਰਲ ਭਾਸ਼ਾ ਵਿਚ ਪਰਚਾਰ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਬਾਣੀਕਾਰਾਂ ਦੀ ਕਹੀ ਹੋਈ ਗੱਲ ਹਰ ਮਨੁੱਖ ਦੇ ਪੱਲੇ ਪੈ ਸਕੇ ਅਤੇ ਉਹ ਉਸ ਵਿਚਾਰਧਾਰਾ ਨੂੰ ਅਪਨਾਉਣ ਦਾ ਯਤਨ ਕਰ ਸਕੇ। ਅਕਾਦਮਿਕ ਪੱਧਰ 'ਤੇ ਇਸ ਵਿਚਾਰਧਾਰਾ ਦੀ ਅਜੋਕੀ ਪ੍ਰਸੰਗਿਕਤਾ ਉੱਪਰ ਵੱਡੇ ਪੱਧਰ 'ਤੇ ਚਿੰਤਨ ਹੋਣਾ ਚਾਹੀਦਾ ਹੈ।

ਸੋ, ਕਿਹਾ ਜਾ ਸਕਦਾ ਹੈ ਕਿ ਯੋਗ ਆਗੂਆਂ ਦੀ ਚੋਣ ਹੀ ਬਾਣੀਕਾਰਾਂ ਦੁਆਰਾ ਦਰਸਾਏ ਗਏ ਮਾੱਡਲ ਨੂੰ ਲਾਗੂ ਕੀਤੇ ਜਾਣ ਵਿਚ ਕਾਰਗਰ ਹੋ ਸਕਦੀ ਹੈ।

# ਪੁਸਤਕ-ਸੂਚੀ

**ਪੰਜਾਬੀ:**


- ਉੱਪਲ, ਸਵਿੰਦਰ ਸਿੰਘ. *ਗੁਰੂ ਦਰਸ਼ਨ.* ਦਿੱਲੀ: ਨੈਸ਼ਨਲ ਬੁਕ ਸ਼ਾਪ, 2004. ਪ੍ਰਿੰਟ
- ਅਜਾਇਬ ਸਿੰਘ. *ਗਿਆਨ ਦਾ ਸਾਗਰ.* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2011. ਪ੍ਰਿੰਟ
- ਅਮਨਜੋਤ ਕੌਰ.*ਸ੍ਰੀ ਗੁਰੂ ਗ੍ਰੰਥ ਸਾਹਿਬ: ਪ੍ਰਾਚੀਨ ਅਤੇ ਆਧੁਨਿਕ ਪ੍ਰਾਸੰਗਿਕਤਾ.* ਪਟਿਆਲਾ: ਅਮਰਜੀਤ ਸਾਹਿਤ ਪ੍ਰਕਾਸ਼ਨ, 2005. ਪ੍ਰਿੰਟ
- ਅਮੋਲ, ਸ. ਸ.. *ਪੰਜਾਬੀ ਸਭਿਆਚਾਰ ਦੀ ਰੂਪ ਰੇਖਾ.* ਦਿੱਲੀ: ਧਨਪਤ ਰਾਏ ਐਂਡ ਸਨਜ਼, 1968. ਪ੍ਰਿੰਟ
- ਅਲੱਗ, ਸਰੂਪ ਸਿੰਘ. *ਪ੍ਰੀਚੈ ਸ੍ਰੀ ਗੁਰੂ ਗ੍ਰੰਥ ਸਾਹਿਬ.* ਲੁਧਿਆਣਾ: ਪ੍ਰਕਾਸ਼ਕ ਖ਼ੁਦ, 2016. ਪ੍ਰਿੰਟ
- *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ.* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ. ਪ੍ਰਿੰਟ
- *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਫਰੀਦਕੋਟ ਵਾਲਾ ਟੀਕਾ).* ਪਟਿਆਲਾ, ਭਾਸ਼ਾ ਵਿਭਾਗ ਪੰਜਾਬ, 1992. ਪ੍ਰਿੰਟ
- ਆਜ਼ਾਦ, ਪ੍ਰਿਥਵੀ ਸਿੰਘ. *ਗੁਰੂ ਰਵਿਦਾਸ* (ਪੰਜਾਬੀ ਅਨੁਵਾਦ ਰਵੀ ਕੁਮਾਰ ਅਨੂ). ਨਵੀਂ ਦਿੱਲੀ: ਨੈਸ਼ਨਲ ਬੁਕ ਟ੍ਰਸਟ, 1986. ਪ੍ਰਿੰਟ
- ਇੰਦਰਜੀਤ ਕੌਰ (ਸੰਪਾ). *ਹਰ ਪ੍ਰਾਣੀ ਦਾ ਬੁਨਿਆਦੀ ਅਧਿਕਾਰ ਹੈ ਪਾਣੀ.* ਸ੍ਰੀ ਅੰਮ੍ਰਿਤਸਰ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), 2015. ਪ੍ਰਿੰਟ
- ਇੰਦਰਜੀਤ ਕੌਰ (ਸੰਪਾ). *ਮਨੁੱਖੀ ਸਿਹਤ ਤੇ ਵਾਤਾਵਰਨ ਲਈ ਘਾਤਕ ਹੋਣਗੀਆਂ ਬੀ.ਟੀ. ਫ਼ਸਲਾਂ.* ਸ੍ਰੀ ਅੰਮ੍ਰਿਤਸਰ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), 2015. ਪ੍ਰਿੰਟ
- ਇੰਦੂਭੂਸ਼ਨ ਬੈਨਰਜੀ. *ਖਾਲਸੇ ਦੀ ਉਤਪਤੀ* (ਜਿਲਦ ਪਹਿਲੀ). ਪੰਜਾਬੀ ਅਨੁਵਾਦ ਪ੍ਰੀਤਪਾਲ ਸਿੰਘ, ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਟਿਆਲਾ, 1989. ਪ੍ਰਿੰਟ
- ਸਰਬਜਿੰਦਰ ਸਿੰਘ. *ਧੁਰ ਕੀ ਬਾਣੀ - ਸੰਪਾਦਨ ਜੁਗਤ.* ਨਵੀਂ ਦਿੱਲੀ: ਸਿੱਖ ਫਾਉਂਡੇਸ਼ਨ, ਮਿਤੀਹੀਣ. ਪ੍ਰਿੰਟ
- ਸਾਹਿਬ ਸਿੰਘ. *ਸਲੋਕ ਭਗਤ ਕਬੀਰ ਜੀ ਸਟੀਕ.* ਸ੍ਰੀ ਅੰਮ੍ਰਿਤਸਰ: ਸਿੰਘ ਬ੍ਰਦਰਜ਼, 2014. ਪ੍ਰਿੰਟ
- ਸਾਹਿਬ ਸਿੰਘ. *ਸਲੋਕ ਤੇ ਸ਼ਬਦ ਫ਼ਰੀਦ ਜੀ ਸਟੀਕ.* ਸ੍ਰੀ ਅੰਮ੍ਰਿਤਸਰ: ਸਿੰਘ ਬ੍ਰਦਰਜ਼, 1993. ਪ੍ਰਿੰਟ
- ਸਾਹਿਬ ਸਿੰਘ. *ਸਿਧ ਗੋਸਟਿ ਸਟੀਕ.* ਸ੍ਰੀ ਅੰਮ੍ਰਿਤਸਰ: ਸਿੰਘ ਬ੍ਰਦਰਜ਼, 2002. ਪ੍ਰਿੰਟ
- ਸਾਹਿਬ ਸਿੰਘ. *ਸੁਖਮਨੀ ਸਾਹਿਬ ਸਟੀਕ.* ਸ੍ਰੀ ਅੰਮ੍ਰਿਤਸਰ: ਸਿੰਘ ਬ੍ਰਦਰਜ਼, 2003. ਪ੍ਰਿੰਟ
- ਸਾਹਿਬ ਸਿੰਘ. *ਗੁਰਬਾਣੀ ਵਿਆਕਰਨ.* ਸ੍ਰੀ ਅੰਮ੍ਰਿਤਸਰ: ਸਿੰਘ ਬ੍ਰਦਰਜ਼, 2011. ਪ੍ਰਿੰਟ
- ਸਾਹਿਬ ਸਿੰਘ. *ਗੁਰੂ ਗ੍ਰੰਥ ਸਾਹਿਬ ਦਰਪਣ* .ਸੱਫ਼ਟ ਕੱਪੀ
- ਸਾਹਿਬ ਸਿੰਘ. *ਬਾਣੀ ਮਹਲਾ ੯ ਸਟੀਕ.* ਸ੍ਰੀ ਅੰਮ੍ਰਿਤਸਰ: ਸਿੰਘ ਬ੍ਰਦਰਜ਼, 2014. ਪ੍ਰਿੰਟ
- ਸਾਹਿਬ ਸਿੰਘ. *ਭਗਤ ਬਾਣੀ ਸਟੀਕ* (ਹਿੱਸਾ ਪਹਿਲਾ). ਸ੍ਰੀ ਅੰਮ੍ਰਿਤਸਰ: ਸਿੰਘ ਬ੍ਰਦਰਜ਼, 2013. ਪ੍ਰਿੰਟ

- *ਸਿੱਖੀ ਤੇ ਸਮਾਜਵਾਦ.* ਲੁਧਿਆਣਾ: ਸਿੱਖ ਮਿਸ਼ਨਰੀ ਕਾਲਜ, 2001. ਪ੍ਰਿੰਟ
- ਸੀਤਲ ਸਿੰਘ. *ਗੁਰੂ ਰਵਿਦਾਸ ਬਾਣੀ: ਇਕ ਅਧਿਐਨ.* ਜਲੰਧਰ: ਦੀਪਕ ਪਬਲਿਸ਼ਰਜ਼, 2008. ਪ੍ਰਿੰਟ
- ਸੁਖਦੇਵ ਸਿੰਘ. *ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਲੋਕ: ਬਹੁਪੱਖੀ ਅਧਿਐਨ.* ਸ੍ਰੀ ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ, 2013. ਪ੍ਰਿੰਟ
- ਸੁਰਿੰਦਰ ਮੰਡ. *ਜੀਵਨ ਦੇ ਰੰਗ ਢੰਗ.* ਸ੍ਰੀ ਅੰਮ੍ਰਿਤਸਰ: ਵਾਰਿਸ ਸ਼ਾਹ ਫਾਊਂਡੇਸ਼ਨ, 2005. ਪ੍ਰਿੰਟ
- ਸੇਠੀ, ਸ਼ਾਂਤੀ. *ਸੰਤ ਕਬੀਰ.* ਸ੍ਰੀ ਅੰਮ੍ਰਿਤਸਰ: ਰਾਧਾਸੁਆਮੀ ਸਤਿਸੰਗ ਬਿਆਸ, 1998. ਪ੍ਰਿੰਟ
- ਸੋਢੀ, ਹਿੰਮਤ ਸਿੰਘ. *ਗੁਰੂ ਰਾਮ ਦਾਸ: ਜੀਵਨ ਤੇ ਰਚਨਾ.* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਟਿਆਲਾ, 1995. ਪ੍ਰਿੰਟ
- ਸੋਢੀ, ਹਿੰਮਤ ਸਿੰਘ. *ਗੁਰੂ ਪੰਥ ਤੇ ਭਾਰਤੀ ਪ੍ਰਸੰਗ.* ਸਰਹਿੰਦ: ਲੋਕਗੀਤ ਪ੍ਰਕਾਸ਼ਨ, 1990. ਪ੍ਰਿੰਟ
- ਸੋਢੀ, ਪਰਮਿੰਦਰ (ਅਨੁ: ਤੇ ਸੰਪਾ). *ਸੰਸਾਰ ਪ੍ਰਸਿੱਧ ਕਥਨ.* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2015. ਪ੍ਰਿੰਟ
- ਸੋਢੀ, ਪਰਮਿੰਦਰ (ਚੋਣ ਤੇ ਸੰਪਾ). *ਚੀਨੀ ਦਰਸ਼ਨ: ਤਾਓਵਾਦ.* ਭਾਰਤ: ਏਸ਼ੀਆ ਵਿਜ਼ਨ, 2013. ਪ੍ਰਿੰਟ
- ਸੰਧਾ, ਬਲਬੀਰ. *ਸਲੋਕ ਭਗਤ ਫ਼ਰੀਦ ਸਟੀਕ.* ਜਲੰਧਰ: ਡਿਲਾਈਟ ਪਬਲਿਸ਼ਰਜ਼, ਮਿਤੀਹੀਣ. ਪ੍ਰਿੰਟ
- ਹਰਚੰਦ ਸਿੰਘ. *ਮੂਰਤੀ ਪੂਜਾ.* ਲੁਧਿਆਣਾ: ਸਿੱਖ ਮਿਸ਼ਨਰੀ ਕਾਲਜ, 2000. ਪ੍ਰਿੰਟ
- ਹਰਮਿੰਦਰ ਸਿੰਘ. *ਮਨੁੱਖ ਅਤੇ ਉਸਦਾ ਭਾਈਚਾਰਾ.* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਟਿਆਲਾ, 1967. ਪ੍ਰਿੰਟ
- ਹਰੀਸ਼ ਮਲਹੋਤਰਾ. *ਨੈਤਿਕਤਾ ਅਤੇ ਤਰਕਸ਼ੀਲਤਾ.* ਸ੍ਰੀ ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ, 1996. ਪ੍ਰਿੰਟ
- *ਹੱਕ ਹਲਾਲ ਦੀ ਕਮਾਈ.* ਸ੍ਰੀ ਅੰਮ੍ਰਿਤਸਰ: ਰਾਧਾ ਸੁਆਮੀ ਸਤਿਸੰਗ ਬਿਆਸ, 2001. ਪ੍ਰਿੰਟ
- ਕਰਮ ਸਿੰਘ ਹਿਸਟੋਰੀਅਨ. *ਇਤਿਹਾਸਕ ਖੋਜ (ਸਿੱਖ ਰਾਜ ਦਾ ਪੂਰਬਲਾ ਸਮਾਂ)* ਭਾਗ ਤੀਜਾ. ਸ੍ਰੀ ਅੰਮ੍ਰਿਤਸਰ: ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2014. ਪ੍ਰਿੰਟ
- ਕਰਮ ਸਿੰਘ ਹਿਸਟੋਰੀਅਨ. *ਕੱਤਕ ਕਿ ਵਿਸਾਖ?*. ਲੁਧਿਆਣਾ: ਲਾਹੌਰ ਬੁਕ ਸ਼ਾਪ, 1979. ਪ੍ਰਿੰਟ
- ਕਰਾਪੀਵਿਨ, ਵੀ. *ਮਾਰਕਸਵਾਦ ਲੈਨਿਨਵਾਦ ਦਾ ਅਧਿਅਨ ਕਿਵੇਂ ਕਰੀਏ* (ਪੰਜਾਬੀ ਅਨੁਵਾਦ). ਦਿੱਲੀ: ਨਵਯੁਗ ਪ੍ਰੈਸ, 1984. ਪ੍ਰਿੰਟ
- ਕਾਰਨੇਗੀ, ਡੇਲ. *ਹਾਊ ਟੂ ਵਿਨ ਫ਼੍ਰੈਂਡਜ਼ ਐਂਡ ਇੰਫ਼ਲੂਯੰਸ ਪੀਪਲ (ਪੰਜਾਬੀ ਅਨੁਵਾਦ).* ਚੰਡੀਗੜ੍ਹ: ਆਰ.ਐਸ. ਪ੍ਰਕਾਸ਼ਨ, 2014. ਪ੍ਰਿੰਟ
- ਕਾਰਨੇਗੀ, ਡੇਲ. *ਚਿੰਤਾ ਛੱਡੋ ਸੁੱਖ ਨਾਲ ਜੀਓ (ਪੰਜਾਬੀ ਅਨੁਵਾਦ).* ਚੰਡੀਗੜ੍ਹ: ਆਰ.ਐਸ. ਪ੍ਰਕਾਸ਼ਨ, 2014. ਪ੍ਰਿੰਟ
- ਕਿਸ਼ਨ ਸਿੰਘ. *ਸਾਹਿਤ ਦੀ ਸਮਝ.* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2013. ਪ੍ਰਿੰਟ
- ਕੁਲਦੀਪ ਕੌਰ. *ਜਗਤਾਰ ਦੀ ਕਵਿਤਾ ਦਾ ਵਿਚਾਰਧਾਰਕ ਪਰਿਪੇਖ.* ਦਿੱਲੀ: ਆਰਸੀ ਪਬਲਿਸ਼ਰਜ਼, 1999. ਪ੍ਰਿੰਟ
- ਕੇਸਰ, ਕੇਸਰ ਸਿੰਘ. *ਖੋਜ ਚਿੰਤਨ* (ਸੰਪਾ: ਡਾ. ਜਸਬੀਰ ਕੇਸਰ). ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2013. ਪ੍ਰਿੰਟ
- ਖੀਵਾ, ਲਾਭ ਸਿੰਘ (ਸੰਪਾ:). *ਪੰਜਾਬੀ ਅਧਿਐਨ, ਅਧਿਆਪਨ ਅਤੇ ਖੋਜ.* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2008. ਪ੍ਰਿੰਟ
- ਗਰਗ, ਬੂਟੀ ਰਾਮ. *ਸ੍ਰੀਮਦ ਭਗਵਤ ਗੀਤਾ* (ਪੰਜਾਬੀ ਕਾਵਿ-ਅਨੁਵਾਦ). ਬਰਨਾਲਾ: ਅਮਨ ਪ੍ਰਕਾਸ਼ਨ, 2015. ਪ੍ਰਿੰਟ

- ਗਿਆਨ ਸਿੰਘ. *ਤਵਾਰੀਖ਼ ਗੁਰੂ ਖ਼ਾਲਸਾ-ਭਾਗ ਦੂਜਾ.* ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1999. ਪ੍ਰਿੰਟ
- ਗਿੱਲ, ਹਰਬੰਸ ਕੌਰ.*ਜਨਮ-ਸਾਖੀਆਂ ਦਾ ਲੋਕ ਤਾਤਵਿਕ ਅਧਿਐਨ.* ਚੰਡੀਗੜ੍ਹ: ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਸੈਂਟਰ, 1992. ਪ੍ਰਿੰਟ
- *ਗੁਰੂ ਨਾਨਕ ਸੰਬੰਧੀ ਤਿੰਨ ਖੋਜ-ਪੱਤਰ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਮਿਤੀਹੀਣ (ਗੁਰੂ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ 'ਤੇ ਉਚੇਚੇ ਲਿਖਵਾਏ ਗਏ ਸਨ). ਪ੍ਰਿੰਟ
- *ਗੁਰਮਤਿ ਅਤੇ ਇਸਲਾਮ.* ਲੁਧਿਆਣਾ: ਸਿੱਖ ਮਿਸ਼ਨਰੀ ਕਾਲਜ, 2003. ਪ੍ਰਿੰਟ
- ਗੋਪਾਲ ਸਿੰਘ.*ਗੁਰੂ ਨਾਨਕ.* ਨਵੀਂ ਦਿੱਲੀ: ਨੈਸ਼ਨਲ ਬੁਕ ਟਰੱਸਟ ਇੰਡੀਆ, 2008. ਪ੍ਰਿੰਟ
- ਗੰਡਾ ਸਿੰਘ (ਸੰਪਾ).*ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ.* ਪਟਿਆਲਾ: ਖ਼ਾਲਸਾ ਕਾਲਜ, 1962. ਪ੍ਰਿੰਟ
- ਗੰਡਾ ਸਿੰਘ (ਸੰਪਾ).*ਭਾਈ ਨੰਦ ਲਾਲ ਗ੍ਰੰਥਾਵਲੀ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, 2000. ਪ੍ਰਿੰਟ
- ਚਰਨਜੀਤ ਸਿੰਘ (ਸੰਤ).*ਨਵੀਨ ਗੁਰਮਤ ਸੰਗੀਤ.* ਸ੍ਰੀ ਅੰਮ੍ਰਿਤਸਰ: ਭਾ. ਚਤਰ ਸਿੰਘ ਜੀਵਨ ਸਿੰਘ, 2002. ਪ੍ਰਿੰਟ
- ਚਾਨਾ, ਸਤਨਾਮ.*ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ.* ਜਲੰਧਰ: ਵਿਚਾਰ ਮੰਚ ਪਬਲੀਕੇਸ਼ਨ, 2011. ਪ੍ਰਿੰਟ
- ਜਗਬੀਰ ਸਿੰਘ.*ਗੁਰਮਤਿ ਕਾਵਿ: ਸਿੱਧਾਂਤ ਤੇ ਵਿਹਾਰ.* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2011. ਪ੍ਰਿੰਟ
- ਜੀ.ਬੀ. ਸਿੰਘ.*ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ.* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਿਤੀਹੀਣ. ਪ੍ਰਿੰਟ
- ਜੋਧ ਸਿੰਘ.*ਜਪੁਜੀ ਸਟੀਕ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1994. ਪ੍ਰਿੰਟ
- ਜੋਧ ਸਿੰਘ.*ਭਗਤ ਰਵਿਦਾਸ: ਜੀਵਨ ਤੇ ਰਚਨਾ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, 2000. ਪ੍ਰਿੰਟ
- ਜੋਸ਼ੀ, ਐੱਮ. ਐੱਲ. ਤੇ ਜੋਧ ਸਿੰਘ.*ਵਿਸ਼ਵ ਧਰਮ ਸੰਗ੍ਰਹਿ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1971. ਪ੍ਰਿੰਟ
- ਜੱਗੀ, ਰਤਨ ਸਿੰਘ (ਸੰਪਾ).*ਭਾਈ ਜੋਧ ਸਿੰਘ ਸਮ੍ਰਿਤੀ ਅੰਕ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1982. ਪ੍ਰਿੰਟ
- ਟਿਵਾਣਾ, ਦਲੀਪ ਕੌਰ.*ਨੰਗੇ ਪੈਰਾਂ ਦਾ ਸਫ਼ਰ (ਸਵੈ-ਜੀਵਨੀ).* ਪਟਿਆਲਾ: ਸੰਗਮ ਪਬਲੀਕੇਸ਼ਨਜ਼, 2014. ਪ੍ਰਿੰਟ
- ਢਿੱਲੋਂ, ਸੁਰਜੀਤ ਸਿੰਘ.*ਸਭਿਆਚਾਰ ਤੇ ਜੀਵਨਜਾਚ.* ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2001. ਪ੍ਰਿੰਟ
- ਤਾਰਨ ਸਿੰਘ.*ਗੁਰੂ ਅੰਗਦ ਦੇਵ ਜੀ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1988. ਪ੍ਰਿੰਟ
- ਤਾਰਾ ਸਿੰਘ.*ਬਾਬਾ ਤੇਗਾ ਸਿੰਘ.* ਸ੍ਰੀ ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2009. ਪ੍ਰਿੰਟ
- ਤਾਰਾ ਸਿੰਘ.*ਮੇਰੀ ਯਾਦ.* ਸ੍ਰੀ ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2010. ਪ੍ਰਿੰਟ
- ਤਾਲਿਬ, ਗੁਰਬਚਨ ਸਿੰਘ.*ਗੁਰੂ ਨਾਨਕ (ਅੰਗਰੇਜ਼ੀ). ਪੰਜਾਬੀ ਅਨੁ: ਸੁਰਜੀਤ ਸਰਨਾ.* ਨਵੀਂ ਦਿੱਲੀ: ਸਾਹਿਤ ਅਕਾਦੇਮੀ, 1996. ਪ੍ਰਿੰਟ
- *ਤਿਬ ਦਾਰੁਲਸ਼ਫਾ.* ਸ੍ਰੀ ਅੰਮ੍ਰਿਤਸਰ: ਭਾਈ ਚਤਰ ਸਿੰਘ ਜੀਵਨ ਸਿੰਘ, 2005. ਪ੍ਰਿੰਟ
- *ਤੁਲਨਾਤਮਿਕ ਧਰਮ ਅਧਿਐਨ.* ਲੁਧਿਆਣਾ: ਸਿੱਖ ਮਿਸ਼ਨਰੀ ਕਾਲਜ, 2002. ਪ੍ਰਿੰਟ
- ਤੇਜਾ ਸਿੰਘ.*ਆਰਸੀ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, 2001. ਪ੍ਰਿੰਟ

- ਤੇਜਾ ਸਿੰਘ.*ਸਿੱਖ ਸੱਭਿਆਚਾਰ ਅਤੇ ਹੋਰ ਧਾਰਮਿਕ ਲੇਖ.* ਸ੍ਰੀ ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2010. ਪ੍ਰਿੰਟ
- ਥਿੰਦ, ਬਲਵਿੰਦਰ ਸਿੰਘ.*ਮੱਧਕਾਲੀ ਪੰਜਾਬੀ ਸਾਹਿਤ ਸਮੀਖਿਆ.* ਚੰਡੀਗੜ੍ਹ: ਸਪਤਰਿਸ਼ੀ ਪਬਲੀਕੇਸ਼ਨਜ਼, 2016. ਪ੍ਰਿੰਟ
- ਦਲਾਵਰੀ, ਭਗਵੰਤ ਸਿੰਘ.*ਸਿੱਖ ਦਾ ਗੁਰੂ ਪਿਆਰ.* ਸ੍ਰੀ ਅੰਮ੍ਰਿਤਸਰ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), 2015. ਪ੍ਰਿੰਟ
- ਧਨਵੰਤ ਕੌਰ (ਸੰਪਾ).*ਸਮਕਾਲੀ ਪੰਜਾਬੀ ਸਮਾਜ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, 2006. ਪ੍ਰਿੰਟ
- ਧਰਮ ਸਿੰਘ. *ਪੰਜਾਬੀ ਖੋਜ ਸੰਦਰਭ.* ਸ੍ਰੀ ਅੰਮ੍ਰਿਤਸਰ: ਰਵੀ ਸਾਹਿਤ ਪ੍ਰਕਾਸ਼ਨ, 2008. ਪ੍ਰਿੰਟ
- ਧਰਮ ਸਿੰਘ.*ਪੰਜਾਬੀ ਖੋਜ ਦਾ ਇਤਿਹਾਸ.* ਦਿੱਲੀ: ਪੰਜਾਬੀ ਅਕਾਦਮੀ, 2004. ਪ੍ਰਿੰਟ
- ਨਾਭਾ, ਕਾਨ੍ਹ ਸਿੰਘ.*ਗੁਰੁਮਤ ਮਾਰਤੰਡ*(ਭਾਗ ਪਹਿਲਾ ਤੇ ਦੂਜਾ). ਸ੍ਰੀ ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2010. ਪ੍ਰਿੰਟ
- ਨਾਭਾ, ਕਾਨ੍ਹ ਸਿੰਘ.*ਸ਼ਰਾਬ ਨਿਸ਼ੇਧ.* ਲਾਹੌਰ: ਮੁਫ਼ੀਦਿ ਆਮ ਪ੍ਰੈਸ, 1907. ਪ੍ਰਿੰਟ
- ਨਾਰੰਗ, ਗੋਪੀਚੰਦ.*ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ.*ਪੰਜਾਬੀ ਅਨੁਵਾਦ ਜਗਬੀਰ ਸਿੰਘ, ਨਵੀਂ ਦਿੱਲੀ: ਸਾਹਿਤ ਅਕਾਦੇਮੀ, 2012. ਪ੍ਰਿੰਟ
- ਪਿਆਰ ਸਿੰਘ (ਸੰਪਾ). *ਆਦਿ ਸਾਖੀਆਂ.* ਲੁਧਿਆਣਾ: ਲਾਹੌਰ ਬੁਕ ਸ਼ਾਪ, 1972. ਪ੍ਰਿੰਟ
- ਪਿਆਰ ਸਿੰਘ. *ਖੋਜ: ਸਿੱਧਾਂਤ ਤੇ ਵਿਵਹਾਰ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995. ਪ੍ਰਿੰਟ
- ਪੂਰਨ ਸਿੰਘ. *ਸਾਇੰਸ ਦਾ ਸੰਸਾਰ.* ਅੰਮ੍ਰਿਤਸਰ: ਸਾਤਵਿਕ ਮੀਡੀਆ ਪ੍ਰਾ. ਲਿਮਟਿਡ, 2005. ਪ੍ਰਿੰਟ
- ਪੂਰਨ ਸਿੰਘ (ਸੰਪਾ). *ਆਦਰਸ਼ਕ ਜੀਵਨ-ਜਾਚ.* ਸ੍ਰੀ ਅੰਮ੍ਰਿਤਸਰ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), 2011. ਪ੍ਰਿੰਟ
- ਪੂਰਨ ਸਿੰਘ. *ਆਦਰਸ਼ਕ ਜੀਵਨ ਲਈ ਸੇਧਾਂ.* ਸ੍ਰੀ ਅੰਮ੍ਰਿਤਸਰ: ਆਲ ਇੰਡੀਆ ਪਿੰਗਲਵਾੜਾ ਸੋਸਾਇਟੀ, 2011. ਪ੍ਰਿੰਟ
- ਪੂਰਨ ਸਿੰਘ. *ਧਰਾਸ ਤੇ ਵਿਕਾਸ.* ਸ੍ਰੀ ਅੰਮ੍ਰਿਤਸਰ: ਆਲ ਇੰਡੀਆ ਪਿੰਗਲਵਾੜਾ ਸੋਸਾਇਟੀ, 2012. ਪ੍ਰਿੰਟ
- ਪ੍ਰਵਾਨਾ, ਜਸਵੰਤ ਸਿੰਘ. *ਬਾਬਾਣੈ ਘਰਿ ਚਾਨਣ ਲਹਿਣਾ.* ਜਲੰਧਰ: ਨਿਊ ਬੁੱਕ ਕੰਪਨੀ, 2004. ਪ੍ਰਿੰਟ
- ਪ੍ਰੀਤਮ ਸਿੰਘ (ਸੰਪਾ).*ਮੇਰੀ ਜੀਵਨ ਕਹਾਣੀ* (ਪ੍ਰੋ. ਸਾਹਿਬ ਸਿੰਘ ਦੀ ਸਵੈ-ਜੀਵਨੀ). ਸ੍ਰੀ ਅੰਮ੍ਰਿਤਸਰ: ਸਿੰਘ ਬ੍ਰਦਰਜ਼, 2008. ਪ੍ਰਿੰਟ
- ਬਲਬੀਰ ਸਿੰਘ.*ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਜੀਵਨ ਛੁਹ.* ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, 2015. ਪ੍ਰਿੰਟ
- ਬਖ਼ਤਾਵਰ ਸਿੰਘ. *ਵਰਤਮਾਨ ਯੁੱਗ ਦੇ ਮਨੁੱਖ ਦੀਆਂ ਸਮੱਸਿਆਵਾਂ ਦਾ ਹੱਲ.* ਸ੍ਰੀ ਅੰਮ੍ਰਿਤਸਰ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), 2015. ਪ੍ਰਿੰਟ
- ਬਾਜਵਾ, ਕੁਲਵਿੰਦਰ ਸਿੰਘ (ਸੰਪਾ).*ਮਹਿਮਾ ਪ੍ਰਕਾਸ਼*(ਵਾਰਤਕ). ਸ੍ਰੀ ਅੰਮ੍ਰਿਤਸਰ: ਸਿੰਘ ਬ੍ਰਦਰਜ਼, 2004. ਪ੍ਰਿੰਟ

- ਬੇਗੋਵਾਲ, ਜਸਵੰਤ. *ਪੰਜਾਬੀ ਪਿੰਗਲ.* ਜਲੰਧਰ: ਬਲਵੰਤ ਪ੍ਰਕਾਸ਼ਨ, ਮਿਤੀਹੀਣ. ਪ੍ਰਿੰਟ
- ਬੇਦੀ, ਕਾਲਾ ਸਿੰਘ. *ਪੰਜਾਬੀ ਭਾਸ਼ਾ ਵਿਗਿਆਨ.* ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1991. ਪ੍ਰਿੰਟ
- ਬੇਦੀ, ਵਣਜਾਰਾ. *ਗਲੀਏ ਚਿੱਕੜੁ ਦੂਰਿ ਘਰੁ.* ਸ੍ਰੀ ਅੰਮ੍ਰਿਤਸਰ-ਜਲੰਧਰ: ਕਸਤੂਰੀ ਲਾਲ ਐਂਡ ਸੰਨਜ਼, 2010. ਪ੍ਰਿੰਟ
- ਬੈਨਰਜੀ, ਇੰਦੂਭੂਸ਼ਨ. *ਖਾਲਸੇ ਦੀ ਉਤਪਤੀ* ਜਿਲਦ ਪਹਿਲੀ (ਪੰਜਾਬੀ ਅਨੁਵਾਦ ਪ੍ਰੀਤਪਾਲ ਸਿੰਘ). ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਟਿਆਲਾ, 1989. ਪ੍ਰਿੰਟ
- ਬ੍ਰਹਮਜਗਦੀਸ਼ ਸਿੰਘ. *ਗੁਰਮਤਿ ਕਾਵਿ: ਇਤਿਹਾਸਕ-ਵਿਚਾਰਧਾਰਕ ਪਰਿਪੇਖ.* ਸ੍ਰੀ ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਂਡੇਸ਼ਨ, 2011. ਪ੍ਰਿੰਟ
- ਬ੍ਰਹਮਜਗਦੀਸ਼ ਸਿੰਘ, *ਰਾਜਬੀਰ ਕੌਰ. ਪੰਜਾਬੀ ਸਾਹਿਤ ਦਾ ਇਤਿਹਾਸ.* ਸ੍ਰੀ ਅੰਮ੍ਰਿਤਸਰ: ਵਾਰਿਸ ਸ਼ਾਹ ਫ਼ਾਉਂਡੇਸ਼ਨ, 2007. ਪ੍ਰਿੰਟ
- ਭੱਟੀ, ਬਲਵਿੰਦਰਜੀਤ ਕੌਰ. *ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਕ ਸਰੋਕਾਰ.* ਲੁਧਿਆਣਾ: ਚੇਤਨਾ ਪ੍ਰਕਾਸ਼ਨ, 2011. ਪ੍ਰਿੰਟ
- ਭੱਠਲ, ਰਵਿੰਦਰ ਸਿੰਘ ਅਤੇ ਸੁਰਜੀਤ ਸਿੰਘ. *ਸ੍ਰੀ ਗੁਰੂ ਗ੍ਰੰਥ ਸਾਹਿਬ : ਵਿਭਿੰਨ ਪਾਸਾਰ.* ਲੁਧਿਆਣਾ: ਪੰਜਾਬੀ ਸਾਹਿੱਤ ਅਕਾਡਮੀ, 2005. ਪ੍ਰਿੰਟ
- ਭੱਲਾ, ਜਸਬੀਰ ਸਿੰਘ. *ਧਰਮ ਤੇ ਸਦਾਚਾਰਕ ਜੀਵਨ.* ਸ੍ਰੀ ਅੰਮ੍ਰਿਤਸਰ: ਨਵੀਨ ਪ੍ਰਕਾਸ਼ਨ, 1979. ਪ੍ਰਿੰਟ
- ਮਹਿੰਦਰ ਪ੍ਰਤਾਪ. *ਜੀਵਨ ਜਾਚ.* ਅੰਮ੍ਰਿਤਸਰ: ਲਿਟਰੇਚਰ ਹਾਊਸ, 2004. ਪ੍ਰਿੰਟ
- ਮਹੀਪਇੰਦਰ ਕੌਰ. *ਗੁਰੂ ਨਾਨਕ ਬਾਣੀ ਦਾ ਲੋਕਧਾਰਾਈ ਅਧਿਐਨ.* ਜਲੰਧਰ: 5 ਆਬ ਪ੍ਰਕਾਸ਼ਨ, 2014. ਪ੍ਰਿੰਟ
- ਮਾਂਗਟ, ਬਲਵੰਤ ਸਿੰਘ. *ਗੁਰਬਾਣੀ ਵਿਗਿਆਨ ਅਤੇ ਮਿੱਥਕ.* ਖੰਨਾ: ਰਿਗੀ ਪਬਲੀਕੇਸ਼ਨ, 2015. ਪ੍ਰਿੰਟ
- *ਯੋਗ ਦਰਸ਼ਨ ਤੇ ਗੁਰਮਤਿ.* ਲੁਧਿਆਣਾ: ਸਿੱਖ ਮਿਸ਼ਨਰੀ ਕਾਲਜ, 2002. ਪ੍ਰਿੰਟ
- ਰਜਨੀਸ਼, ਓਸ਼ੋ. *ਮਨ ਹੀ ਪੂਜਾ ਮਨ ਹੀ ਧੂਫ* (ਪੰਜਾਬੀ ਅਨੁਵਾਦ ਸੁਆਮੀ ਜੀਵਨ ਰਸਵੰਤ). ਲੁਧਿਆਣਾ: ਜ਼ੋਰਬਾ ਪਬਲੀਕੇਸ਼ਨਜ਼, 1998. ਪ੍ਰਿੰਟ
- ਰਾਮ ਸਿੰਘ. *ਸੁਖਮਨੀ: ਇਕ ਸਰਵ-ਪੱਖੀ ਅਧਿਐਨ.* ਲੁਧਿਆਣਾ: ਪੰਜਾਬੀ ਸਾਹਿਤ ਅਕਾਡਮੀ, 2016. ਪ੍ਰਿੰਟ
- ਰਾਮ ਸਿੰਘ. *ਰੱਬੀ ਰਿਸ਼ਮਾਂ.* ਸ੍ਰੀ ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2013. ਪ੍ਰਿੰਟ
- ਰਾਮ ਮੂਰਤੀ. *ਪੰਜਾਬੀਆਂ ਦੇ ਵਹਿਮ-ਭਰਮ ਅਤੇ ਰਸਮ-ਰਿਵਾਜ਼.* ਪਟਿਆਲਾ: ਚੱਕ ਸਤਾਰਾਂ ਪ੍ਰਕਾਸ਼ਨ, 2016. ਪ੍ਰਿੰਟ
- ਰੰਧਾਵਾ, ਮਹਿੰਦਰ ਸਿੰਘ ਤੇ ਸਤਿਆਰਥੀ, ਦਵਿੰਦਰ. *ਪੰਜਾਬੀ ਲੋਕ ਗੀਤ.* ਨਵੀਂ ਦਿੱਲੀ: ਸਾਹਿਤ ਅਕਾਦੇਮੀ, 1985. ਪ੍ਰਿੰਟ
- ਲਾਂਬਾ, ਗੋਬਿੰਦ ਸਿੰਘ. *ਸ੍ਰੀ ਗੁਰੂ ਅੰਗਦ ਦੇਵ ਜੀ: ਜੀਵਨ ਤੇ ਵਿਚਾਰਧਾਰਾ.* ਜਲੰਧਰ: ਪ੍ਰਕਾਸ਼ਕ ਖ਼ੁਦ, 2005. ਪ੍ਰਿੰਟ
- *ਵਾਰਾਂ ਭਾਈ ਗੁਰਦਾਸ ਜੀ.* ਸ੍ਰੀ ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2008. ਪ੍ਰਿੰਟ
- ਵੀਰ ਸਿੰਘ. *ਸ੍ਰੀ ਅਸ਼ਟ ਗੁਰ ਚਮਤਕਾਰ.* ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, 2000
- ਵੀਰ ਸਿੰਘ. *ਆਵਾਜ਼ ਆਈ.* ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, 1998. ਪ੍ਰਿੰਟ
- ਵੀਰ ਸਿੰਘ. *ਸਿੱਕਾਂ ਸੱਧਰਾਂ (ਬਿਰਹੇ ਤੇ ਜੋਦੜੀਆਂ).* ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, 1999. ਪ੍ਰਿੰਟ

- ਵੀਰ ਸਿੰਘ. *ਗੁਰ ਬਾਲਮ ਸਾਖੀਆਂ.* ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, 2015. ਪ੍ਰਿੰਟ
- ਵੀਰ ਸਿੰਘ. *ਗੁਰਮੁਖ ਸਿਖਿਆ* (ਸੰਗ੍ਰਹਿ ਕਰਤਾ ਡਾ. ਗੁਰਦਿੱਤ ਸਿੰਘ ਮੱਲ੍ਹਣ). ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, 2003. ਪ੍ਰਿੰਟ
- ਵੀਰ ਸਿੰਘ (ਸੰਪਾ). *ਪ੍ਰਾਚੀਨ ਪੰਥ ਪ੍ਰਕਾਸ਼.* ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, 1998. ਪ੍ਰਿੰਟ
- ਵੀਰ ਸਿੰਘ. *ਬਿਜਲੀਆਂ ਦੇ ਹਾਰ.* ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, 1998. ਪ੍ਰਿੰਟ
- ਵੀਰ ਸਿੰਘ. *ਭਾਈ ਮਰਦਾਨਾ.* ਨਵੀਂ ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, 2015. ਪ੍ਰਿੰਟ
- ਵੰਸ਼ੀ, ਬਲਦੇਵ. *ਸੱਤ ਭਾਰਤੀ ਸੰਤ ਜੀਵਨ-ਦਰਸ਼ਨ ਅਤੇ ਸੰਦੇਸ਼* (ਪੰਜਾਬੀ ਅਨੁਵਾਦ ਡਾ. ਨਰੇਸ਼).ਨਵੀਂ ਦਿੱਲੀ: ਨੈਸ਼ਨਲ ਬੁਕ ਟ੍ਰਸਟ ਇੰਡੀਆ, 2011. ਪ੍ਰਿੰਟ
- *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ* (ਪੋਥੀ- ਪਹਿਲੀ, ਦੂਜੀ, ਤੀਜੀ ਅਤੇ ਚੌਥੀ). ਸ੍ਰੀ ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2005. ਪ੍ਰਿੰਟ
- ਸ਼ਰਮਾ, ਜੀ.ਐੱਲ. *ਸ਼ੇਖ ਫਰੀਦ: ਚਿੰਤਨ ਤੇ ਕਲਾ.* ਜਲੰਧਰ: ਨਿਊ ਬੁੱਕ ਕੰਪਨੀ, 2000. ਪ੍ਰਿੰਟ
- ਸ਼ੁਕਲਾ, ਰਾਮ ਨਾਥ. *ਮਰਨ ਕਿਨਾਰੇ ਆਦਮੀ ਦੀ ਆਤਮ ਕਥਾ.* ਪਟਿਆਲਾ: ਲੋਕ ਹਿਤੂ ਪ੍ਰਕਾਸ਼ਨ, 2011. ਪ੍ਰਿੰਟ
- ਸ਼ੇਰ ਸਿੰਘ. *ਗੁਰਮਤਿ ਦਰਸ਼ਨ.* ਸ੍ਰੀ ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2010. ਪ੍ਰਿੰਟ
- ਸ਼ੰਗਾਰੀ, ਟੀ.ਆਰ. *ਨਿਤਨੇਮ ਦੀਆਂ ਬਾਣੀਆਂ ਅਤੇ ਸਲੋਕ ਮਹਲਾ ੯.* ਸ੍ਰੀ ਅੰਮ੍ਰਿਤਸਰ: ਰਾਧਾ ਸੁਆਮੀ ਸਤਿਸੰਗ ਬਿਆਸ, 2009. ਪ੍ਰਿੰਟ
- ਫ਼ਰਾਇਡ ਸਿਗਮੰਡ. *ਸਭਿਅਤਾ ਵਰ ਕਿ ਸਰਾਪ* (ਪੰਜਾਬੀ ਅਨੁਵਾਦ ਹਰਜੀਤ ਸਿੰਘ ਮਾਂਗਟ). ਬਰਨਾਲਾ: ਤਰਕਭਾਰਤੀ ਪ੍ਰਕਾਸ਼ਨ, 2002. ਪ੍ਰਿੰਟ
- **ਪਤ੍ਰਿਕਾਵਾਂ:**
- *ਸਭਿਆਚਾਰ ਪਤ੍ਰਿਕਾ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਜਨਵਰੀ 2004. ਪ੍ਰਿੰਟ
- *ਖੋਜ ਪਤ੍ਰਿਕਾ ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਸਤੰਬਰ 2003. ਪ੍ਰਿੰਟ
- *ਖੋਜ ਪਤ੍ਰਿਕਾ ਬਾਬਾ ਸ਼ੇਖ਼ ਫ਼ਰੀਦ ਵਿਸ਼ੇਸ਼ ਅੰਕ.* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪਟਿਆਲਾ, 2015. ਪ੍ਰਿੰਟ
- *ਖੋਜ ਪਤ੍ਰਿਕਾ ਜਰਨਲ ਅੰਕ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਸਤੰਬਰ 2014. ਪ੍ਰਿੰਟ
- *ਖੋਜ ਪਤ੍ਰਿਕਾ ਸਾਹਿੱਤਿਕ ਵਾਦ ਅੰਕ (ਭਾਗ ਪਹਿਲਾ).* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਮਾਰਚ 1988. ਪ੍ਰਿੰਟ
- *ਖੋਜ ਪਤ੍ਰਿਕਾ ਗੁਰਮਤਿ ਕਾਵਿ ਅੰਕ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਸਤੰਬਰ 1985. ਪ੍ਰਿੰਟ
- *ਖੋਜ ਪਤ੍ਰਿਕਾ ਭਾਈ ਜੋਧ ਸਿੰਘ ਸਮ੍ਰਿਤੀ ਅੰਕ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਸਤੰਬਰ 1982. ਪ੍ਰਿੰਟ
- *ਗੁਰਮਤਿ ਪ੍ਰਕਾਸ਼.* ਸ੍ਰੀ ਅੰਮ੍ਰਿਤਸਰ: ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਨਵਰੀ 2000. ਪ੍ਰਿੰਟ
- *ਗੁਰਮਤਿ ਪ੍ਰਕਾਸ਼.* ਸ੍ਰੀ ਅੰਮ੍ਰਿਤਸਰ:ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਾਰਚ 2005. ਪ੍ਰਿੰਟ

- *ਗੁਰਮਤਿ ਪ੍ਰਕਾਸ਼.* ਸ੍ਰੀ ਅੰਮ੍ਰਿਤਸਰ:ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਗਸਤ 2016. ਪ੍ਰਿੰਟ
- *ਨਾਨਕ ਪ੍ਰਕਾਸ਼ ਪਤ੍ਰਿਕਾ ਗੁਰੂ ਅੰਗਦ ਦੇਵ ਵਿਸ਼ੇਸ਼ ਅੰਕ.* ਚੰਡੀਗੜ੍ਹ: ਪੰਜਾਬੀ ਯੂਨੀਵਰਸਿਟੀ, ਜੂਨ 2003. ਪ੍ਰਿੰਟ
- *ਨਾਨਕ ਪ੍ਰਕਾਸ਼ ਪਤ੍ਰਿਕਾ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਜੂਨ 1974. ਪ੍ਰਿੰਟ
- *ਨਾਨਕ ਪ੍ਰਕਾਸ਼ ਪਤ੍ਰਿਕਾ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਜੂਨ 1980. ਪ੍ਰਿੰਟ
- *ਨਾਨਕ ਪ੍ਰਕਾਸ਼ ਪਤ੍ਰਿਕਾ.* ਪਟਿਆਲਾ: ਪੰਜਾਬੀ ਯੂਨੀਵਰਸਿਟੀ, ਜੂਨ 2003. ਪ੍ਰਿੰਟ
- *ਨਾਨਕ ਪ੍ਰਕਾਸ਼ ਪਤ੍ਰਿਕਾਭਗਤ ਕਬੀਰ ਵਿਸ਼ੇਸ਼ ਅੰਕ.* ਪਟਿਆਲਾ, ਪੰਜਾਬੀ ਯੂਨੀਵਰਸਿਟੀ, ਜੂਨ 2011. ਪ੍ਰਿੰਟ
- *ਲੋਕ ਵਾਣੀ.* ਜੰਮੂ: ਪੰਜਾਬੀ ਅਦਬੀ ਸੰਗਤ, ਜਨਵਰੀ 2014. ਪ੍ਰਿੰਟ

- **ਪੰਫ਼ਲੈੱਟ:**
- ਕੰਗ, ਮਨਜੀਤ ਸਿੰਘ. *ਵਾਤਾਵਰਨ ਬਚਾਓ, ਮਨੁੱਖਤਾ ਬਚਾਓ.* ਸ੍ਰੀ ਅੰਮ੍ਰਿਤਸਰ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, 2014. ਪ੍ਰਿੰਟ
- ਸੰਧਾਵਾਲੀਆ, ਸਰਬਜੀਤ ਕੌਰ. *ਰੁੱਖ: ਆਪ ਸਹਿੰਦੇ ਦੁੱਖ, ਜਗ ਵਰੋਸਾਇਆ.* ਸ੍ਰੀ ਅੰਮ੍ਰਿਤਸਰ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, 2014. ਪ੍ਰਿੰਟ

- **ਹਿੰਦੀ:**
- ਆਜ਼ਾਦ, ਪ੍ਰਿਥਵੀ ਸਿੰਘ. *ਰਵਿਦਾਸ ਦਰਸ਼ਨ.* ਚੰਡੀਗੜ੍ਹ: ਸ੍ਰੀ ਗੁਰੂ ਰਵਿਦਾਸ ਸੰਸਥਾਨ, 1973. ਪ੍ਰਿੰਟ
- ਇੰਦਰਜੀਤ ਕੌਰ (ਸੰਪਾ). *ਕਹਾਨੀ ਰਹ ਜਾਏਗੀ ਭਕਤ ਪੂਰਣ ਸਿੰਹ ਕੀ.* ਸ੍ਰੀ ਅੰਮ੍ਰਿਤਸਰ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), 2009. ਪ੍ਰਿੰਟ
- ਸਾਂਕ੍ਰਿਤਯਾਯਨ, ਰਾਹੁਲ. *ਰਾਹੁਲ ਨਿਬੰਧਾਵਲੀ.* ਲਖਨਊ: ਰਾਹੁਲ ਫਾਉਂਡੇਸ਼ਨ, 2006. ਪ੍ਰਿੰਟ
- ਕਾਸ਼ਯਪ, ਜਗਦੀਸ਼. *ਮਿਲਿੰਦਪੰਹ.* ਨਈ ਦਿੱਲੀ: ਸਮਯਕ ਪ੍ਰਕਾਸ਼ਨ, 2011. ਪ੍ਰਿੰਟ
- ਪ੍ਰੇਮੀ, ਗੰਗਾਸਹਾਯ. *ਗੁਰੂ ਸ੍ਰੀ ਤੇਗਬਹਾਦੁਰ ਜੀ ਕੀ ਵਾਣੀ ਕਾ ਵਿਸ਼ੇਸ਼ ਅਧਿਅਯਨ.* ਆਗਰਾ: ਵਿਸ਼ਵਵਿਦਿਆਲਯ ਪ੍ਰਕਾਸ਼ਨ, ਮਿਤੀਹੀਣ. ਪ੍ਰਿੰਟ
- ਬਰਨ, ਰਾਂਡਾ. *ਰਹੱਸਯ* ('ਦ ਸੀਕ੍ਰੇਟ' ਦਾ ਹਿੰਦੀ ਅਨੁਵਾਦ). ਦਿੱਲੀ: ਮੰਜੁਲ ਪਬਲਿਸ਼ਿੰਗ ਹਾਊਸ, 2015. ਪ੍ਰਿੰਟ

- **ਅੰਗਰੇਜ਼ੀ:**
- Benny Joseph (Ed). *Stream of Wisdom*. Kerela: Vimal Jyoti Publications Erankulam, Not given. Print
- Chatterji, Suniti Kumar. Guru Gobind Singh. Chandigarh: Panjab University, 1967. Print

- Chawla Rajan, Leena. *Empower Women*. Sri Amritsar: Radha Soami Satsang Beas, , 2010. Print
- Eagleton, Terry. *Criticism and Ideology*. London: Verso Editions 7 Carlisle Street, 1976. Print
- Elliott, A. C. *The Chronicles of Gujarat*. Patiala: Languages Department Punjab, 1970. Print
- Fauja Singh & Rattan Singh Jaggi (Ed).*Perspectives on Guru Amar Das*. Patiala: Punjabi University, 1997. Print
- Grewal, J.S. *Guru Nanak in History*. Chandigarh: Panjab University Chandigarh, 1998. Print
- Gupta, M.K. *How to Remain Ever Happy*. Delhi: Pustak Mahal, 2002. Print
- Hans, Surjit.*A Reconstruction of Sikh History from Sikh Literature*. Jalandhar: ABS Publications, 1988. Print
- Inderjit Kaur (Ed).*Tips On Mental and Physical Health*. Sri Amritsar: All India Pingalwara Charitable Society, 2011. Print
- Jatinder Singh.*Women's Position & Rights in India*. Jalandhar: Hazooria Brothers, Not given. Print
- Jodh Singh. *Kabir*. Patiala: Punjabi University, 1971. Print
- Kartar Singh.*Guru Nanak Dev: Life and Teachings*. Ludhiana: Lahore Book Shop, 2001. Print
- Khazan Singh. *History of The Sikh Religion*. Patiala: Language Department Punjab, 1988. Print
- Khushwant Singh. *Jupji: The Sikh Morning Prayer*. London: Royal India, Pakistan and Ceylon Society, Year-Not mentioned. Print
- Kohli, Surinder Singh. *Philosophy of Guru Nanak*. Chandigarh: Panjab University, 1998. Print
- Kothari, C.R. *Research Methodology*. New Delhi: New Age International (p) Limited Publishers, 2011. Print

- Mansukhani, Gobind Singh. *The Quitessence of Sikhism*. Sri Amritsar: Shiromani Gurdwara Parbandhak Committee, 2003. Print
- Malik, Vimla.*Socio-Cultural Freedom and Education*. Ambala Cantt: The Indian Publications, Year-Not mentioned. Print
- Sewa Ram Singh (Ed. Prithipal Singh Kapur). *The Divine Master*. Jalandhar: ABS Publications, 1988. Print
- Sharma, I.C. *Ethical Philosophies of India*. U.S.A: Johnsen Publishing Company, 1991. Print
- Teja Singh. *Essays in Sikhism*. Patiala: Bhasha Vibhag Punjab, 1988. Print
- Trilochan Singh. *Life of Guru Hari Krishan*. Delhi: Delhi Sikh Gurdwara Management Committee, 1981. Print
- Wazir Singh.*Aspects of Guru Nanak's Philosophy*. Ludhiana: Lahore Book Shop, 1969. Print

- **Journals:**
- Ganda Singh (Ed).*The Punjab Past and Present: Baba Farid Ganj-I-Shakar*. Patiala, Punjabi University, October 1973. Print
- *NBT Newsletter*. New Delhi: National Book Trust India, October 2016. Print
- *Sikh Religion & Enviroment Conservation*. Seechewal (Jalandhar): Nirmal Kuteya (Sant Balbir Singh Ji Seechewal) . Print

- **ਕੋਸ਼:**
- *ਹਿੰਦੀ ਪੰਜਾਬੀ ਕੋਸ਼.* ਦਿੱਲੀ: ਨੈਸ਼ਨਲ ਬੁਕ ਸ਼ਾਪ, 1999. Print
- ਨਾਭਾ, ਕਾਨ੍ਹ ਸਿੰਘ. *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼.* ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1999. Print
- *ਪੰਜਾਬੀ ਹਿੰਦੀ ਕੋਸ਼.* ਪਟਿਆਲਾ: ਭਾਸ਼ਾ ਵਿਭਾਗ ਪੰਜਾਬ, 1992. Print
- *Encyclopedia Britannica.* Soft copy
- *Encyclopedia International Lexicon Publications.* Soft copy
- *New Lexicon Webster's Dictionary of English Language*. Soft copy

- *Oxford English Mini Dictionary*. London: Oxford University Press, 2005. Print
- *Suman's Oxford Illustrated Dictionary*. Delhi: Puneet Parshant Parkashan, Not mentioned. Print
- **ਅਖ਼ਬਾਰਾਂ:**
- *ਅਜੀਤ* ਰੋਜ਼ਾਨਾ. Print
- *ਜਗ ਬਾਣੀ* ਰੋਜ਼ਾਨਾ. Print
- *ਦੈਨਿਕ ਭਾਸਕਰ* (ਹਿੰਦੀ) ਰੋਜ਼ਾਨਾ. Print
- *ਪੰਜਾਬੀ ਜਾਗਰਣ* ਰੋਜ਼ਾਨਾ. Print
- *The Indian Express* Daily. Print
- *The Times of India* Daily. Print
- *The Tribune* Daily. Print